ਗੁਰਮੁਖ ਜੀਵਨ

ਲਹਿਣਾ ਸਿੰਘ

ਸਭ ਹੱਕ ਆਤਮ ਸਾਇੰਸ ਟ੍ਰਸਟ ਦੇ ਰਾਖਵੇਂ ਹਨ

ਪ੍ਰਕਾਸ਼ਕ :
ਆਤਮ ਸਾਇੰਸ ਟ੍ਰਸਟ
A/1, ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065

ATAM-SCIENCE TRUST
A/1, Kalindi Colony, New Delhi-110065

ਪਹਿਲੀ ਵਾਰ	:	1960
ਦੂਜੀ ਵਾਰ	:	1980
ਤੀਜੀ ਵਾਰ	:	1991
ਚੌਥੀ ਵਾਰ	:	2001

Rs. 130

ਟਾਈਪਸੈਟਰ ਤੇ ਪ੍ਰਿੰਟਰ :
ਨੈਸ਼ਨਲ ਬੁਕ ਸ਼ਾਪ
32-ਬੀ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006
ਫ਼ੋਨ : 327 8392

ਤਤਕਰਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਭੂਮਿਕਾ

ਆਤਮ-ਸਾਇੰਸ ਲਹਿਰ ਦੇ ਬੇਅੰਤ ਪਰੇਮੀ ਅਤੇ ਸਿਖ ਦੁਨੀਆਂ ਦੇ ਅਨੇਕ ਗੁਰਮੁਖ, ਗੁਰਸਿਖ, ਨਾਮ-ਅਭਿਆਸੀ ਮੈਥੋਂ ਆਸ ਕਰਨਗੇ ਕਿ ਉਹਨਾਂ ਨੂੰ ਮੈਂ ਉਸ ਮਹਾਂਪੁਰਖ ਬਾਬਤ ਕੁਝ ਦਸਾਂ ਜਿਸ ਨੇ ਕਿ ੧੩ ਜੂਨ ੧੯੫੯ ਵਾਲੇ ਦਿਨ ਕਪੂਰਥਲੇ ਵਿਖੇ ਆਪਣਾ ਪੰਜ ਭੂਤਕ ਸਰੀਰ ਉਸੇ ਤਰ੍ਹਾਂ ਖੁਸ਼ੀ ਨਾਲ ਤਿਆਗਿਆ ਜਿਵੇਂ ਪੁਰਾਣੇ ਕਪੜੇ ਨੂੰ ਬੇਲੋੜਾ ਸਮਝ ਕੇ ਖੁਸ਼ੀ ਨਾਲ ਤਿਆਗਿਆ ਜਾਂਦਾ ਹੈ।

ਇਸ ਮਹਾਂਪੁਰਖ ਨੂੰ ਆਤਮ-ਮਾਰਗ ਦਾ ਸ਼ੌਕ ਪਚਵਿੰਜਾ ਸਾਲ ਦੀ ਆਯੂ ਤੋਂ ਮਗਰੋਂ ਰੇਲਵੇ ਦੀ ਨੌਕਰੀ ਤੋਂ ਰੀਟਾਇਰ ਹੋ ਕੇ ਲੱਗਾ। ਇਸ ਦਾ ਕਾਰਨ ਸੀ ਕਿ ਆਪ ਦੇ ਸਰੀਰ ਨੂੰ ਜੋੜਾਂ ਦੀਆਂ ਦਰਦਾਂ (ਗੰਠੀਆ) ਬਹੁਤ ਤੰਗ ਕਰਦੀਆਂ ਹੁੰਦੀਆਂ ਸਨ। ਇਸ ਤੋਂ ਪਹਿਲੇ ਜੀਵਨ ਵਿਚ ਭਾਵੇਂ ਆਪ ਦਾ ਆਚਰਨ ਬਹੁਤ ਉੱਚਾ ਸੀ, ਆਪ ਨੂੰ ਗੁਰਮਤਿ ਦੇ ਮਾਰਗ ਦਾ ਕੋਈ ਖ਼ਾਸ ਪਤਾ ਨਹੀਂ ਸੀ। ਆਪ ਇਖਲਾਕੀ ਚੰਗੇ ਜੀਵਨ ਨੂੰ ਹੀ ਸਭ ਤੋਂ ਉੱਚਾ ਜੀਵਨ ਸਮਝਦੇ ਸੀ। ਜਦ ਮੈਂ ਇਹਨਾਂ ਨੂੰ ਕਦੀ ਕੋਈ ਗੁਰਬਾਣੀ ਵਿਚੋਂ ਸ਼ਬਦ ਸੁਣਾਂਦਾ ਤਾਂ ਬੜੇ ਗਹੁ ਤੇ ਧਿਆਨ ਨਾਲ ਸੁਣਦੇ ਪਰ ਅਖ਼ੀਰ ਆਖ ਦਿੰਦੇ ਕਿ ਮੈਨੂੰ ਕੁਝ ਸਮਝ ਨਹੀਂ ਆਈ। ਇਕ ਵਾਰੀ ਮੈਂ ਇਨ੍ਹਾਂ ਦੇ ਹੱਥ ਵਿਚ ਗੁਰਬਾਣੀ ਦਾ ਗੁਟਕਾ ਫੜਾਇਆ ਅਤੇ ਬੇਨਤੀ ਕੀਤੀ ਕਿ ਇਸ ਨੂੰ ਪੜ੍ਹੋ ਤਾਂ ਆਪ ਨੇ ਦਸ-ਪੰਦਰਾਂ ਮਿੰਟ ਗੁਰਬਾਣੀ ਪੜ੍ਹਨ ਮਗਰੋਂ ਗੁਟਕਾ ਮੈਨੂੰ ਵਾਪਸ ਕਰਦਿਆਂ ਹੋਇਆਂ ਆਖਿਆ ਕਿ ਇਸ ਵਿਚ ਜੋ ਕੁਝ ਲਿਖਿਆ ਹੋਇਆ ਹੈ ਉਹ ਮੇਰੇ ਲਈ ਨਹੀਂ, ਕਿਉਂਕਿ ਮੈਨੂੰ ਕੁਝ ਸਮਝ ਨਹੀਂ ਆਉਂਦੀ। ਮੈਂ ਹੈਰਾਨ ਹੁੰਦਾ ਸੀ ਕਿ ਪੰਜਾਬੀ ਜ਼ਬਾਨ ਵਿਚ ਲਿਖੀ ਆਮ ਗੁਰਬਾਣੀ ਦੀ ਇਨ੍ਹਾਂ ਨੂੰ ਕਿਉਂ ਸਮਝ ਨਹੀਂ ਆਉਂਦੀ ? ਇਨ੍ਹਾਂ ਦਾ ਸਾਦਾ, ਪਵਿਤਰ ਤੇ ਨਿਰਛਲ ਜੀਵਨ ਵੇਖ ਕੇ ਮੈਂ ਅਰਦਾਸ ਕਰਦਾ ਹੁੰਦਾ ਸੀ ਕਿ ਵਾਹਿਗੁਰੂ ਸਚੇ ਪਾਤਸ਼ਾਹ ਇਨ੍ਹਾਂ ਨੂੰ ਗੁਰਬਾਣੀ ਤੇ ਗੁਰਮਤਿ ਦੀ

ਸਮਝ ਬਖਸ਼ਣ ਅਤੇ ਆਪਣਾ ਸਿਖ ਬਣਾ ਲੈਣ। ਇਹ ਅਰਦਾਸ ਮੈਨੂੰ ਆਪਣੇ ਦੁਨੀਆਵੀ ਪਿਤਾ ਜੀ ਵਾਸਤੇ ਸਬਰ-ਸੰਤੋਖ ਕਾਇਮ ਰਖ ਕੇ ਕਈ ਸਾਲ ਕਰਨੀ ਪਈ। ਅਖ਼ੀਰ ਮੇਰੀ ਇਹ ਅਰਦਾਸ ਵਾਹਿਗੁਰੂ ਜੀ ਨੇ ਮੇਰੀ ਆਸ-ਉਮੀਦ ਤੋਂ ਕਿਤਨੀ ਵਧੇਰੇ ਪੂਰੀ ਕੀਤੀ, ਉਹ 'ਆਤਮ-ਸਾਇੰਸ' ਦੇ ਪਾਠਕ ਭਲੀ ਪ੍ਰਕਾਰ ਜਾਣਦੇ ਹਨ।

ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਸ੍ਰੀਮਾਨ ਜੀ ਨੇ ਜੋੜਾਂ ਦੀਆਂ ਦਰਦਾਂ ਤੋਂ ਤੰਗ ਆ ਕੇ ਵਾਹਿਗੁਰੂ ਜੀ ਦਾ ਦਰਵਾਜ਼ਾ ਡਾਹਡੇ ਸਚੇ ਦਿਲ ਨਾਲ ਖੜਕਾਣਾ ਸ਼ੁਰੂ ਕੀਤਾ।

ਕ੍ਰਿਸਚਿਅਨ ਸਾਇੰਸ ਸੁਸਾਇਟੀ ਲਾਹੌਰ ਵਿਖੇ ਸ੍ਰੀਮਾਨ ਜੀ ਪਹਿਲੇ ਪਹਿਲ ਇਸ ਵਾਸਤੇ ਜਾਣ ਲਗੇ ਕਿ ਉਸ ਸੁਸਾਇਟੀ ਦਾ ਦਾਅਵਾ ਹੈ ਕਿ ਵਾਹਿਗੁਰੂ ਜੀ ਸਭ ਵਿੱਚ ਸਭ (All in All) ਹਨ। ਇਸ ਕਰਕੇ ਬਿਮਾਰੀ, ਦੁਖ, ਮੌਤ (ਬਦੀ) ਕੋਈ ਹਸਤੀ ਨਹੀਂ ਰਖਦੀਆਂ। ਵਾਹਿਗੁਰੂ ਜੀ ਅਤਿਅੰਤ ਚੰਗੇ ਹਨ ਅਤੇ ਚੰਗਿਆਈ ਤੋਂ ਬੁਰਿਆਈ ਪੈਦਾ ਨਹੀਂ ਹੋ ਸਕਦੀ, ਜਿਸ ਵਾਸਤੇ ਬਦੀ, ਜੋ ਵਾਹਿਗੁਰੂ ਜੀ ਦੇ ਉਲਟ ਹੈ, ਵਾਸਤਵ ਵਿਚ ਕੁਝ ਨਹੀਂ। ਅਗਿਆਨੀ ਮਨ ਵਿਚ ਜੋ ਹਰ ਵੇਲੇ ਵਾਹਿਗੁਰੂ ਜੀ ਨੂੰ ਗੈਰ-ਹਾਜ਼ਰ ਸਮਝਦਾ ਹੈ, ਬਦੀ, ਪਾਪ, ਦੁਖ, ਬਿਮਾਰੀ, ਮੌਤ ਦੀ ਸ਼ਕਲ ਵਿਚ ਪੈਦਾ ਹੋ ਕੇ ਉਸ ਨੂੰ ਡਰਾਂਦੀ ਹੈ। ਜਦ ਅਗਿਆਨੀ ਮਨ ਨੂੰ ਵਾਹਿਗੁਰੂ ਜੀ ਦੀ ਸਰਬ-ਵਿਆਪਕਤਾ ਦਾ ਗਿਆਨ ਹੋ ਜਾਵੇ, ਤਾਂ ਬਦੀ ਉਥੋਂ ਉਸੇ ਤਰ੍ਹਾਂ ਅਲੋਪ ਹੋ ਜਾਂਦੀ ਹੈ, ਜਿਵੇਂ ਚਾਨਣ ਦੇ ਆਉਣ ਨਾਲ ਅੰਧੇਰਾ ਅਲੋਪ ਹੋ ਜਾਂਦਾ ਹੈ।

ਇਸ ਸੁਸਾਇਟੀ ਵਿਚ ਵੀ ਆਪ ਜਾਂਦੇ ਰਹੇ ਅਤੇ ਨਾਲ ਨਾਲ ਗੁਰਬਾਣੀ ਨੂੰ ਵੀ ਡਾਹਡੇ ਪਿਆਰ ਤੇ ਸਤਿਕਾਰ ਨਾਲ, ਹੌਲੀ ਹੌਲੀ, ਸਮਝ ਕੇ ਪੜ੍ਹਦੇ ਰਹੇ। ਜਦ ਗੁਰਬਾਣੀ ਵਿਚ ਵੀ ਉਹਨਾਂ ਨੇ ਏਹੋ ਦਾਅਵਾ ਦੇਖਿਆ—ਵਾਹਿਗੁਰੂ ਜੀ ਦਾ ਨਾਮ ਸਰਬ ਪ੍ਰਕਾਰ ਦੇ ਤਨ ਤੇ ਮਨ ਦੇ ਰੋਗਾਂ ਨੂੰ ਨਸ਼ਟ ਕਰ ਦਿੰਦਾ ਏ ਅਤੇ ਵਾਹਿਗੁਰੂ ਜੀ ਦੀ ਸ਼ਰਨ ਆ ਕੇ 'ਤਤੀ ਵਾਉ' ਨਹੀਂ ਲਗ ਸਕਦੀ, ਤਾਂ ਆਪ ਨੂੰ ਨਾਮ ਦੇ ਜ਼ਰੀਏ ਆਪਣੇ ਜੋੜਾਂ ਦੀਆਂ ਦਰਦਾਂ ਨੂੰ ਰਾਜ਼ੀ ਕਰਨ ਦਾ ਚਾਓ ਉਪਜਿਆ। ਕਿਉਂਕਿ ਆਪ ਬੜੇ ਅਮਲੀ ਜੀਵਨ ਵਾਲੇ ਅਤੇ ਬੜੇ ਦਰਿੜ ਵਿਸ਼ਵਾਸੀ ਸਨ, ਆਪ ਨੇ ਗੁਰਬਾਣੀ ਦੇ 'ਸਰਬ ਰੋਗ ਕਾ ਅਉਖਧੁ ਨਾਮ' ਦੇ ਸਿਧਾਂਤ ਨੂੰ ਰੋਜ਼ਾਨਾ ਜੀਵਨ ਵਿਚ ਲਿਆ ਕੇ ਅਜ਼ਮਾਣਾ ਸ਼ੁਰੂ ਕਰ ਦਿਤਾ। ਆਪ ਨੇ ਵਾਹਿਗੁਰੂ ਜੀ ਦੀ ਹਜ਼ੂਰੀ ਵਿਚ ਇਹ ਪ੍ਰਣ ਕੀਤਾ ਕਿ ਸਰੀਰਕ ਤੇ ਮਨ ਦੇ ਸਭ ਰੋਗਾਂ ਨੂੰ ਵਾਹਿਗੁਰੂ ਜੀ ਦੇ ਨਾਮ ਅਤੇ ਆਤਮਕ ਸ਼ਕਤੀ ਨਾਲ

ਰਾਜ਼ੀ ਕਰਨਾ ਹੈ। ਇਸ ਪ੍ਰਣ ਤੋਂ ਮਗਰੋਂ ਸ੍ਰੀਮਾਨ ਜੀ ਨੇ ਆਪਣੇ ਸਰੀਰ ਤਿਆਗਣ ਦੇ ਸਮੇਂ ਤਕ, ਸੁਫਨੇ ਵਿਚ ਵੀ, ਕਦੀ ਦਵਾਈ ਨਹੀਂ ਖਾਧੀ ਅਤੇ ਕਿਸੇ ਡਾਕਟਰ ਨਾਲ ਸਰੀਰ ਤੇ ਸੇਹਤ ਸਬੰਧੀ ਕਦੀ ਮਸ਼ਵਰਾ ਨਹੀਂ ਕੀਤਾ।

ਨਾਮ ਅਤੇ ਵਾਹਿਗੁਰੂ ਜੀ ਦੀ ਆਤਮਕ ਸ਼ਕਤੀ ਦੇ ਜ਼ਰੀਏ ਸਰੀਰਕ ਅਤੇ ਮਨ ਦੇ ਰੋਗਾਂ ਨੂੰ ਦੂਰ ਕਰਨ ਵਿਚ ਸ੍ਰੀਮਾਨ ਜੀ ਨੂੰ ਆਪਣੇ ਮਨ ਦੇ ਪੁਰਾਣੇ ਨਿਸ਼ਚਿਆਂ ਨਾਲ ਬੜਾ ਘੋਰ ਯੁੱਧ ਕਰਨਾ ਪਿਆ। ਮਨ ਦੇ ਪੁਰਾਣੇ ਨਿਸਚੇ ਤਿਆਗਣੇ, ਗੁਰਮਤਿ ਦੇ ਸੱਚੇ ਤੇ ਵਿਗਿਆਨਕ ਨਿਸਚੇ ਧਾਰਨ ਕਰਨੇ ਅਤੇ ਉਨ੍ਹਾਂ ਨੂੰ ਨਿਤਾਪ੍ਰਤੀ ਜੀਵਨ ਵਿਚ ਵਰਤਣਾ, ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਤੋਂ ਆਪਣੇ ਸਾਰੇ ਕਾਰਜ ਰਾਸ ਕਰਵਾਣ ਲਈ ਅਤੀ ਜ਼ਰੂਰੀ ਹੈ। ਪਰ ਐਸਾ ਕਰ ਸਕਣਾ ਕੋਈ ਆਸਾਨ ਜਾਂ ਮਾਮੂਲੀ ਕੰਮ ਨਹੀਂ। ਇਹ ਰਸਤਾ ਡਾਹਢਾ ਕਠਨ ਅਤੇ ਕੰਡਿਆਂ ਭਰਿਆ ਹੈ।

ਜਦ ਸਰਦਾਰ ਸਾਹਿਬ ਨੇ ਇਹ ਫੈਸਲਾ ਕੀਤਾ ਕਿ ਕੇਵਲ ਨਾਮ ਤੇ ਗੁਰਮਤਿ ਨਾਲ ਹੀ ਸਰੀਰਕ ਰੋਗ ਦੂਰ ਕਰਨੇ ਹਨ, ਤਦ ਸਭ ਦਵਾਈਆਂ ਛਡ ਦਿਤੀਆਂ ਅਤੇ ਗੁਰਬਾਣੀ ਦੇ ਇਨ੍ਹਾਂ ਮਹਾਂਵਾਕਾਂ ਦਾ ਹਰ ਵੇਲੇ ਪਾਠ ਕਰਨਾ ਸ਼ੁਰੂ ਕੀਤਾ:

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।
ਕਲਿ ਕਲੇਸ ਤਨ ਮਾਹਿ ਮਿਟਾਵਉ ॥"

...

"ਦੂਖ ਭੰਜਨੁ ਤੇਰਾ ਨਾਮੁ ਜੀ ਦੂਖ ਭੰਜਨੁ ਤੇਰਾ ਨਾਮੁ॥"

...

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ।
ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ।
ਗੁਰ ਪੂਰਾ ਆਰਾਧਿਆ ਸਗਲਾ ਦੁਖੁ ਗਇਆ।
ਰਾਖਨਹਾਰੈ ਰਾਖਿਆ ਅਪਨੀ ਕਰ ਮਇਆ।੧ ਰਹਾਉ।
ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ।
ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ।
(ਬਿਲਾਵਲ ਮਹਲਾ ੫)

ਸ਼ੁਰੂ ਸ਼ੁਰੂ ਵਿਚ ਮੈਂ ਦੇਖਦਾ ਹੁੰਦਾ ਸੀ ਕਿ ਜਦ ਸ਼੍ਰੀਮਾਨ ਜੀ ਨੇ ਸਭ ਦਵਾਈਆਂ ਛਡੀਆਂ ਤਾਂ ਦਰਦਾਂ ਦੀ ਬੀਮਾਰੀ ਨੇ ਸਗੋਂ ਜ਼ੋਰ ਪਾ ਦਿਤਾ। ਆਪ ਨੂੰ ਮੰਜੇ ਤੋਂ ਉਠ ਕੇ ਗੁਸਲਖਾਨੇ ਤਕ ਜਾਣ ਵਿਚ ਅਧਾ-ਅਧਾ ਘੰਟਾ ਲਗਦਾ ਸੀ। ਚਲਣ ਫਿਰਨ ਵਿਚ ਸਖਤ ਤਕਲੀਫ ਹੁੰਦੀ ਸੀ। ਆਪ ਤਕਲੀਫ ਨੂੰ ਦੇਖ

ਕੇ ਹਸਦੇ ਅਤੇ ਆਖਦੇ ਹੁੰਦੇ ਸੀ, "ਇਹ ਮਾਇਆ ਦਾ ਛਲ ਹੈ ਜੋ ਮੈਨੂੰ ਧੋਖਾ ਦੇਣ ਅਤੇ ਵਾਹਿਗੁਰੂ ਜੀ ਦੇ ਰਸਤੇ ਤੋਂ ਗੁਮਰਾਹ ਕਰਨ ਆਇਆ ਹੈ, ਮੈਨੂੰ ਵਾਹਿਗੁਰੂ ਜੀ ਦੀ ਸ਼ਕਤੀ ਦਾ ਅਤੇ ਉਸ ਦੇ ਨਾਮ ਦਾ ਆਸਰਾ ਹੈ। ਮਾਇਆ ਦਾ ਇਹ ਛਲ ਆਪੇ ਹੀ ਅਲੋਪ ਹੋ ਜਾਏਗਾ।"

ਹੈਰਾਨੀ ਨਾਲ ਵੇਖਿਆ ਗਿਆ, ਕਿ ਦਰਦਾਂ, ਬਗੈਰ ਕਿਸੇ ਦੁਨਿਆਵੀ ਦਵਾ-ਦਾਰੂ ਜਾਂ ਹੋਰ ਉਪਰਾਲੇ ਦੇ ਬਿਲਕੁਲ ਠੀਕ ਹੋ ਗਈਆਂ ਅਤੇ ਸਰਦਾਰ ਸਾਹਿਬ ਇਕ ਨੌਜਵਾਨ ਦੀ ਤਰ੍ਹਾਂ ਨੌ-ਬਰ-ਨੌ ਹੋ ਗਏ। ਆਪ ਦੋਹਾਂ ਹੱਥਾਂ ਵਿਚ ਦੋ ਬਾਲਟੀਆਂ ਪਾਣੀ ਦੀਆਂ ਭਰੀਆਂ ਹੋਈਆਂ ਫੜ ਕੇ ਪੌੜੀਆਂ ਚੜ੍ਹਦੇ-ਉਤਰਦੇ ਅਤੇ ਆਪਣੇ ਲਾਹੌਰ ਵਾਲੇ ਮਕਾਨ ਵਿਚ ਲਗਾਏ ਫੁਲਾਂ ਨੂੰ ਪਾਣੀ ਦਿੰਦੇ ਹੁੰਦੇ ਸਨ। ਮੈਂ ਸਰਦਾਰ ਸਾਹਿਬ ਵਿਚ ਇਹ ਨਵੀਂ ਸ਼ਕਤੀ ਆਈ ਦੇਖ ਕੇ ਜਦ ਬਹੁਤ ਹੈਰਾਨ ਹੁੰਦਾ ਤਾਂ ਆਪ ਹਸ ਕੇ ਮੈਨੂੰ ਆਖਦੇ, "ਜਿਸ ਨੂੰ ਨਾਮ ਦਾ ਆਧਾਰ ਹੋਵੇ ਉਸ ਵਿਚ ਨਾਮੀ (ਵਾਹਿਗੁਰੂ) ਦੀ ਸ਼ਕਤੀ ਆ ਜਾਂਦੀ ਹੈ—ਉਹ ਸਦਾ ੨੫ ਸਾਲ ਦੀ ਉਮਰ ਦੀ ਜਵਾਨੀ ਵਾਲੀ ਸ਼ਕਤੀ ਰਖੇਗਾ, ਕਦੀ ਬੁਢਾ ਨਹੀਂ ਹੋਏਗਾ ਅਤੇ ਕਦੀ ਨਹੀਂ ਮਰੇਗਾ। ਸਰੀਰ ਤਿਆਗੇਗਾ ਪਰ ਆਪ ਨਹੀਂ ਮਰੇਗਾ, ਜਿਉਂ ਕਾ ਤਿਉਂ ਸਾਹਿਬ ਨਾਲ ਮਿਲੇਗਾ।"

ਦਰਦਾਂ ਦੇ ਬਗੈਰ ਦਵਾਈ ਰਾਜ਼ੀ ਹੋ ਜਾਣ ਨਾਲ ਸਰਦਾਰ ਸਾਹਿਬ ਦਾ ਸ੍ਰੀ ਵਾਹਿਗੁਰੂ ਜੀ ਦੀ ਸ਼ਕਤੀ ਉਤੇ ਹੋਰ ਵੀ ਨਿਸਚਾ ਵਧ ਗਿਆ। ਉਹਨਾਂ ਨੂੰ ਹੁਣ ਇਹ ਖਿਆਲ ਆਇਆ ਕਿ ਵਾਹਿਗੁਰੂ ਜੀ ਸਰਬ-ਵਿਆਪੀ ਹੋਣ ਕਰ ਕੇ, ਹਰ ਵਕਤ ਸਾਡੇ ਨਾਲ ਹਨ, ਸਾਡੇ ਅੰਦਰ ਵਾਹਿਗੁਰੂ ਜੀ ਹੀ ਹਨ ਅਤੇ ਇਹ ਜਗਤ ਰਚਨਾ ਸਭ ਆਤਮ-ਪਸਾਰਾ ਹੈ, ਵਾਹਿਗੁਰੂ ਜੀ ਦਾ ਰੂਪ ਹੈ। ਸਭ ਜੀਅ ਜੰਤ ਵਿਚ ਵਾਹਿਗੁਰੂ ਜੀ ਦਾ ਨਿਵਾਸ ਹੈ। ਵਾਹਿਗੁਰੂ ਜੀ ਕਿਉਂਕਿ ਚੰਗੇ ਹੀ ਚੰਗੇ ਹਨ ਤੇ ਉਹਨਾਂ ਵਿਚ ਬਦੀ ਜਾਂ ਬੁਰਿਆਈ ਦੀ ਅੰਸ਼ ਨਹੀਂ, ਇਸ ਕਰਕੇ ਬਦੀ ਜਾਂ ਬੁਰਿਆਈ, ਜੋ ਵਾਹਿਗੁਰੂ ਜੀ ਦੇ ਉਲਟ ਹੈ, ਉਸ ਆਦਮੀ ਦੇ ਮਨ ਵਿਚ ਨਿਵਾਸ ਕਰਦੀ ਹੈ, ਜਿਥੇ ਵਾਹਿਗੁਰੂ ਜੀ ਦੀ ਯਾਦ ਨਹੀਂ। ਜੋ ਆਦਮੀ ਆਪਣੀ ਅਗਿਆਨਤਾ ਕਰ ਕੇ ਵਾਹਿਗੁਰੂ ਜੀ ਨੂੰ ਗੈਰ-ਹਾਜ਼ਰ ਸਮਝਦੇ ਹਨ ਅਤੇ ਉਹਨਾਂ ਦੀ ਗੈਰ-ਹਾਜ਼ਰੀ ਵਿਚ ਜੀਉਂਦੇ ਹਨ, ਉਹਨਾਂ ਨੂੰ ਬਦੀ, ਪਾਪ, ਦੁਖ, ਬੀਮਾਰੀ, ਮੌਤ ਭਸਦੇ ਤੇ ਤੰਗ ਕਰਦੇ ਹਨ।

ਸ੍ਰੀਮਾਨ ਜੀ ਦੇ ਲਾਹੌਰ (ਭਾਰਤ ਨਗਰ) ਵਾਲੇ ਮਕਾਨ ਵਿਚ ਡੇਮੂਆਂ ਨੇ ਆਪਣੇ ਘਰ ਬਣਾਏ ਹੋਏ ਸਨ ਅਤੇ ਆਉਂਦੇ-ਜਾਂਦੇ ਨੂੰ ਲੜਦੇ ਰਹਿੰਦੇ ਸਨ। ਨੌਕਰਾਂ ਨੇ ਡੇਮੂਆਂ ਦੀਆਂ ਖੱਖਰਾਂ ਨੂੰ ਕਈ ਵਾਰ ਢਾਹ ਦੇਣਾ ਜਾਂ ਜਲਾ

ਦੇਣਾ, ਪਰ ਡੇਮੂ ਫੇਰ ਮਕਾਨ ਦੇ ਕਿਸੇ ਨਾ ਕਿਸੇ ਪਾਸੇ ਆਪਣੀਆਂ ਖੱਖਰਾਂ ਬਣਾ ਲੈਂਦੇ ਸਨ। ਸਰਦਾਰ ਸਾਹਿਬ ਨੂੰ ਜਦ ਇਸ ਗਲ ਦਾ ਪਤਾ ਲਗਾ, ਤਾਂ ਆਪ ਨੇ ਸਭ ਨੌਕਰਾਂ ਤੇ ਪਰਿਵਾਰ ਦੇ ਬੰਦਿਆਂ ਨੂੰ ਬੁਲਾ ਕੇ ਕਿਹਾ ਕਿ ਅਜ ਤੋਂ ਡੇਮੂਆਂ ਨੂੰ ਕਿਸੇ ਨੇ ਨਾ ਤੰਗ ਕਰਨਾ ਹੈ, ਨਾ ਮਾਰਨਾ ਹੈ। ਆਖਣ ਲਗੇ ਕਿ ਮਤ ਸਮਝੋ ਇਹ ਘਰ ਸਿਰਫ ਇਨਸਾਨਾਂ ਦੇ ਰਹਿਣ ਵਾਸਤੇ ਹੀ ਹੈ। ਇਸ ਘਰ ਵਿਚ ਹੋਰ ਵਾਹਿਗੁਰੂ ਜੀ ਦੇ ਜੀਵ ਰਹਿੰਦੇ ਹਨ, ਜੋ ਇਸ ਨੂੰ ਆਦਮੀਆਂ ਵਾਂਗ ਹੀ ਆਪਣਾ ਘਰ ਸਮਝਦੇ ਹਨ। ਕੀੜੇ, ਮਕੌੜੇ, ਕੀੜੀਆਂ, ਚਿੜੀਆਂ, ਕਬੂਤਰ, ਡੇਮੂ ਆਦਿ ਸਭ ਇਸ ਘਰ ਨੂੰ ਆਪਣਾ ਘਰ ਸਮਝਦੇ ਹਨ, ਇਸ ਲਈ ਸਾਡਾ ਇਹ ਆਖਣਾ ਤੇ ਸਮਝਣਾ ਕਿ ਮਕਾਨ ਕੇਵਲ ਸਾਡਾ ਹੈ, ਠੀਕ ਨਹੀਂ, ਸੱਚ ਨਹੀਂ। ਨੌਕਰਾਂ ਨੇ ਅਗੋਂ ਕਿਹਾ ਕਿ ਇਹ ਡੇਮੂ ਆਉਂਦੇ-ਜਾਂਦੇ ਘਰ ਦੇ ਆਦਮੀਆਂ ਨੂੰ ਲੜਦੇ ਹਨ, ਇਸ ਕਰਕੇ ਅਸੀਂ ਇਹਨਾਂ ਨੂੰ ਮਾਰਦੇ ਹਾਂ। ਇਹ ਸੁਣ ਕੇ ਸਰਦਾਰ ਜੀ ਨੇ ਹੱਸ ਕੇ ਜਵਾਬ ਦਿਤਾ ਕਿ ਜੇਕਰ ਤੁਸੀਂ ਇਹਨਾਂ ਨੂੰ ਮਾਰਨਾ ਬੰਦ ਕਰ ਦੇਵੋ ਤਾਂ ਇਹ ਤੁਹਾਨੂੰ ਲੜਨਾ ਛਡ ਦੇਣਗੇ। ਤੁਸੀਂ ਇਹ ਮੰਨੋ ਕਿ ਇਹ ਘਰ ਡੇਮੂਆਂ ਦਾ ਵੀ ਹੈ ਅਤੇ ਇਹ ਇਸ ਘਰ ਵਿਚ ਆਰਾਮ ਨਾਲ ਰਹਿ ਸਕਦੇ ਅਤੇ ਖੱਖਰਾਂ ਬਣਾ ਸਕਦੇ ਹਨ, ਤਦ ਡੇਮੂ ਤੁਹਾਨੂੰ ਨਹੀਂ ਲੜਨਗੇ। ਸਰਦਾਰ ਸਾਹਿਬ ਦੇ ਹੁਕਮ ਨਾਲ ਡੇਮੂਆਂ ਨੂੰ ਮਾਰਨਾ, ਜਲਾਣਾ, ਉਹਨਾਂ ਦੇ ਘਰਾਂ ਨੂੰ ਢਾਹੁਣਾ ਬੰਦ ਕਰ ਦਿਤਾ ਗਿਆ ਅਤੇ ਸਭ ਦੇਖ ਕੇ ਹੈਰਾਨ ਹੋਏ ਕਿ ਡੇਮੂਆਂ ਨੇ ਲੜਨਾ ਜਾਂ ਆਉਂਦੇ-ਜਾਂਦਿਆਂ ਨੂੰ ਤੰਗ ਕਰਨਾ ਛਡ ਦਿੱਤਾ। ਕਈ ਸਾਲ ਮੈਂ ਦੇਖਦਾ ਰਿਹਾ ਕਿ ਆਪਣੇ ਮੌਸਮ ਸਿਰ ਡੇਮੂ ਆ ਕੇ ਆਪਣੀਆਂ ਖੱਖਰਾਂ ਬਣਾਂਦੇ ਅਤੇ ਬੱਚੇ ਦੇਂਦੇ, ਪਰ ਨਾ ਕੋਈ ਉਹਨਾਂ ਨੂੰ ਛੇੜਦਾ ਅਤੇ ਨਾ ਹੀ ਉਹ ਕਿਸੇ ਨੂੰ ਲੜਦੇ। ਏਸ ਤਰ੍ਹਾਂ ਸਰਦਾਰ ਸਾਹਿਬ ਨੇ ਮੱਛਰਾਂ ਨਾਲ ਆਤਮਕ ਸਾਂਝ ਤੇ ਪਿਆਰ ਪਾਇਆ। ਗਰਮੀ ਦੇ ਮੌਸਮ ਵਿਚ ਹੋਰ ਘਰ ਦੇ ਮਛਹਿਰੀਆਂ ਲਗਾ ਕੇ ਕੋਠਿਆਂ ਤੇ ਸੌਂਦੇ ਸਨ ਪਰ ਸਰਦਾਰ ਸਾਹਿਬ ਬਗੈਰ ਮਛਹਿਰੀ ਦੇ ਅਤੇ ਬਗੈਰ ਉਤੇ ਚਾਦਰ ਲੈਣ ਦੇ ਗਰਮੀਆਂ ਵਿਚ ਲਾਹੌਰ ਦੇ ਮਕਾਨ ਉਤੇ ਸੌਂਦੇ ਪਰ ਮੱਛਰ ਉਹਨਾਂ ਨੂੰ ਨਹੀਂ ਸੀ ਕਟਦੇ। ਮੱਛਰਾਂ ਦੇ ਤਜਰਬੇ ਵਿਚ ਆਪ ਨੂੰ ਪਹਿਲੇ-ਪਹਿਲ ਕਾਮਯਾਬੀ ਨਾ ਹੋਈ। ਉਹ ਬਗੈਰ ਮਛਹਿਰੀ ਅਤੇ ਬਗੈਰ ਚਾਦਰ ਦੇ ਜਦ ਰਾਤ ਨੂੰ ਕੋਠੇ ਉਤੇ ਸੌਂਦੇ ਤਾਂ ਸਵੇਰ ਨੂੰ ਉਹਨਾਂ ਦੇ ਬਦਨ ਉਤੇ ਸੈਂਕੜੇ ਮੱਛਰਾਂ ਦੇ ਕਟਣ ਦੇ ਨਿਸ਼ਾਨ ਹੁੰਦੇ ਸਨ, ਪਰ ਉਹ ਹਸ ਕੇ ਆਖਦੇ ਕਿ ਅਜੇ ਮੇਰੇ ਮਨ ਵਿਚ ਮੱਛਰਾਂ ਦੇ ਵਿਰੁਧ ਕੁਝ ਲੁਕੀ ਨਫਰਤ ਮੌਜੂਦ ਹੈ। ਜਿਉਂ-ਜਿਉਂ ਮੈਂ ਇਹਨਾਂ ਵਿਚ ਵਾਹਿਗੁਰੂ ਨੂੰ ਦੇਖਣ ਦਾ ਅਭਿਆਸ ਪੱਕਾ

ਕਰਾਂਗਾ, ਤਿਉਂ ਤਿਉਂ ਇਹਨਾਂ ਅੰਦਰ ਮੇਰੇ ਲਈ ਪਿਆਰ ਪੈਦਾ ਹੋਵੇਗਾ। ਕੁਝ ਅਰਸੇ ਮਗਰੋਂ ਮੱਛਰਾਂ ਨੇ ਸਰਦਾਰ ਸਾਹਿਬ ਨੂੰ ਬਿਲਕੁਲ ਕੱਟਣਾ ਛੱਡ ਦਿੱਤਾ।

ਸ੍ਰੀਮਾਨ ਜੀ ਦਾ ਯਕੀਨ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਅਨੁਸਾਰ ਸਰੀਰ ਵਿਚ ਮਹਿਸੂਸ ਕਰਨ ਦੀ ਸ਼ਕਤੀ ਨਹੀਂ, ਮਹਿਸੂਸ ਕੇਵਲ ਸਾਡਾ ਮਨ ਕਰਦਾ ਹੈ। ਜਦ ਮਨ ਨੂੰ ਕਲੋਰਾਫਾਰਮ ਨਾਲ ਹਸਪਤਾਲਾਂ ਵਿਚ ਬੇਹੋਸ਼ ਕੀਤਾ ਜਾਂਦਾ ਹੈ ਤਾਂ ਸਰੀਰ ਮਿਟੀ ਵਾਂਗ ਮੁਰਦਾ ਹੋ ਜਾਂਦਾ ਹੈ। ਇਸ ਨੂੰ ਕਟੋ, ਚੀਰੋ, ਫਾੜੋ ਇਹ ਮਹਿਸੂਸ ਨਹੀਂ ਕਰਦਾ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਅਨੁਸਾਰ 'ਕਾਇਆ ਮਿਟੀ ਅੰਧ ਹੈ' ਇਹ ਸਰੀਰ ਅੰਨ੍ਹੀ ਮਿਟੀ ਹੈ, ਇਸ ਵਿਚ ਹਿਸ ਜਾਂ ਮਹਿਸੂਸ ਸ਼ਕਤੀ ਨਹੀਂ। ਇਸ ਸਚਾਈ ਨੂੰ ਸਰਦਾਰ ਸਾਹਿਬ ਸਦਾ ਅਜ਼ਮਾ-ਅਜ਼ਮਾ ਕੇ ਦੇਖਦੇ ਅਤੇ ਸਭ ਨੂੰ ਦਸਦੇ ਰਹੇ। ਲਾਹੌਰ ਵਿਚ ਸਾਡੀ ਜ਼ਮੀਨ, ਖੂਹ ਤੇ ਬਾਗ ਸੀ। ਉਹ ਸ਼ਹਿਰੋਂ ਤਿੰਨ-ਚਾਰ ਮੀਲ ਦੇ ਫਾਸਲੇ ਤੇ ਸੀ। ਜਦ ਮੈਂ ਸਰਦਾਰ ਸਾਹਿਬ ਨਾਲ ਬਾਗ ਵਿਚ ਜਾਂਦਾ ਹੁੰਦਾ ਸੀ ਤਾਂ ਉਥੇ ਪੈਦਲ ਘੁੰਮਦੇ ਰਹਿਣ ਕਰ ਕੇ, ਘਰ ਆ ਕੇ ਥਕਾਵਟ ਮਹਿਸੂਸ ਕਰਦਾ ਪਰ ਸਰਦਾਰ ਸਾਹਿਬ ਘਰ ਆ ਕੇ ਬਿਲਕੁਲ ਆਰਾਮ ਨਹੀਂ ਸੀ ਕਰਦੇ। ਜਦ ਅਸੀਂ ਉਹਨਾਂ ਨੂੰ ਪੁਛਦੇ ਕਿ ਤੁਸੀਂ ਵੀ ਥਕ ਗਏ ਹੋਵੋਗੇ, ਥੋੜ੍ਹਾ ਆਰਾਮ ਕਰ ਲਵੋ, ਤਾਂ ਹਸ ਕੇ ਆਖਦੇ ਕਿ ਆਰਾਮ ਕਰਨ ਦੀ ਕਿਸ ਨੂੰ ਲੋੜ ਹੈ ? ਸਰੀਰ ਅੰਧ ਮਿਟੀ ਹੈ ਇਹ ਕਦੀ ਨਹੀਂ ਥਕ ਸਕਦਾ। ਜਿਸ ਤਰ੍ਹਾਂ ਬਾਈਸਿਕਲ ਕਦੀ ਨਹੀਂ ਥਕ ਸਕਦੇ, ਉਸੇ ਤਰ੍ਹਾਂ ਮੇਰਾ ਸਰੀਰ ਬੇਜਾਨ ਹੋਣ ਕਰ ਕੇ, ਕਦੀ ਥਕ ਨਹੀਂ ਸਕਦਾ ਅਤੇ ਮੇਰਾ ਮਨ ਵੀ ਕਦੀ ਨਹੀਂ ਥਕ ਸਕਦਾ, ਕਿਉਂਕਿ ਮਨ ਵਾਹਿਗੁਰੂ ਜੀ ਦੀ ਜੋਤ ਹੈ। ਵਾਹਿਗੁਰੂ ਜੀ ਸਾਰੀ ਜਗਤ ਰਚਨਾ ਨੂੰ ਦਿਨ- ਰਾਤ ਚਲਾ ਰਹੇ ਹਨ ਪਰ ਕਦੀ ਆਰਾਮ ਨਹੀਂ ਲੈਂਦੇ, ਕਦੀ ਥਕਦੇ ਅਕਦੇ ਨਹੀਂ, ਇਸ ਲਈ ਸਾਡਾ ਮਨ ਵਾਹਿਗੁਰੂ ਦੀ ਜੋਤ ਹੋਣ ਕਰ ਕੇ, ਕਦੀ ਥਕ ਨਹੀਂ ਸਕਦਾ। ਆਪ ੮੪ ਸਾਲ ਦੀ ਉਮਰ ਵਿਚ ਵੀ ਹਰ ਰੋਜ਼ ਪੰਜ-ਛੇ ਮੀਲ ਪੈਦਲ ਚਲਦੇ ਹੁੰਦੇ ਸਨ। ਸਰੀਰ ਤਿਆਗਣ ਤੋਂ ਦੋ ਦਿਨ ਪਹਿਲਾਂ ਕਪੂਰਥਲੇ ਵਿਖੇ ਆਪਣੀਆਂ ਜ਼ਮੀਨਾਂ ਦੇਖਣ ਜੂਨ ਦੀ ਗਰਮੀ ਵਿਚ ਬਗੈਰ ਛਤਰੀ ਦੇ ਦੁਪਹਿਰ ਵੇਲੇ ਗਏ ਅਤੇ ਕਈ ਘੰਟਿਆਂ ਮਗਰੋਂ ਘਰ ਵਾਪਸ ਆਏ।

ਸਰੀਰ ਬੇਜਾਨ ਅਤੇ ਅੰਨ੍ਹੀ ਮਿਟੀ ਹੋਣ ਕਰ ਕੇ ਕੁਰਸੀ ਅਤੇ ਮੇਜ਼ ਦੀ ਤਰ੍ਹਾਂ ਕਦੀ ਬੀਮਾਰ ਨਹੀਂ ਹੋ ਸਕਦਾ। ਇਸ ਮਹਾਨ ਸੱਚਾਈ ਨੂੰ ਸਰਦਾਰ ਸਾਹਿਬ ਨੇ ਬਹੁਤ ਵਾਰੀ ਸਾਬਤ ਕਰ ਕੇ ਆਪਣੇ ਸਤਸੰਗੀਆਂ ਨੂੰ ਦਿਖਾਇਆ ਹੈ। ਇਕ ਵਾਰੀ ਪਾਕਿਸਤਾਨ ਬਣਨ ਤੋਂ ਪਹਿਲੇ ਲਾਹੌਰ ਦੀ ਗੱਲ ਹੈ ਕਿ ਸਰਦਾਰ ਸਾਹਿਬ

ਦੇ ਪੈਰ ਦੇ ਹੇਠਲੇ ਤੇ ਉਤਲੇ ਪਾਸੇ ਫੋੜੇ ਨਿਕਲ ਆਏ। ਦੋਸਤਾਂ ਮਿੱਤਰਾਂ ਅਤੇ ਘਰ ਦੇ ਬੰਦਿਆਂ ਨੇ ਬਥੇਰੀ ਬੇਨਤੀ ਕੀਤੀ ਕਿ ਇਸ ਤਰ੍ਹਾਂ ਜ਼ਖ਼ਮੀ ਪੈਰ ਨਾਲ ਆਪ ਤੁਰਨਾ ਫਿਰਨਾ ਅਤੇ ਸਾਈਕਲ ਚਲਾਣਾ ਛਡ ਦੇਵੇ ਅਤੇ ਘਰ 'ਚ ਕੁਝ ਦਿਨ ਆਰਾਮ ਕਰੇ ਤੇ ਕੋਈ ਦਵਾਈ ਪੈਰਾਂ ਤੇ ਲਗਾਵੇ। ਇਕ ਡਾਕਟਰ, ਜੋ ਸਰਦਾਰ ਸਾਹਿਬ ਦਾ ਦੋਸਤ ਤੇ ਸਤਸੰਗੀ ਸੀ, ਆਖਣ ਲਗਾ ਕਿ ਜੇਕਰ ਤੁਸੀਂ ਏਸੇ ਤਰ੍ਹਾਂ ਬੇਪਰਵਾਹੀ ਕੀਤੀ ਤਾਂ ਜ਼ਖ਼ਮ ਮਿਟੀ ਪੈ ਪੈ ਕੇ ਖ਼ਰਾਬ ਹੋ ਜਾਣਗੇ ਅਤੇ ਤੁਹਾਡਾ ਪੈਰ ਕੱਟਣਾ ਪਵੇਗਾ। ਸਰਦਾਰ ਸਾਹਿਬ ਨੇ ਹਸ ਕੇ ਉੱਤਰ ਦਿੱਤਾ ਕਿ, "ਹਛਾ ਡਾਕਟਰ ਸਾਹਿਬ, ਕੱਲ੍ਹ ਤੋਂ ਮੈਂ ਪੈਰ ਦਾ ਇਲਾਜ ਸ਼ੁਰੂ ਕਰਾਂਗਾ।" ਅਗਲੇ ਦਿਨ ਸਵੇਰੇ ਇਸ਼ਨਾਨ ਕਰਨ ਵੇਲੇ ਆਪ ਨੇ ਆਪਣੇ ਜ਼ਖ਼ਮੀ ਪੈਰ ਉੱਤੇ ਦੋ ਬਾਲਟੀਆਂ ਪ੍ਰਾਣੀ ਦੀਆਂ ਪਾਈਆਂ ਅਤੇ ਫੇਰ ਸਰੀਰ ਨੂੰ ਇਸ਼ਨਾਨ ਕਰਵਾਇਆ। ਅਸੀਂ ਸਭ ਬੜੇ ਹੈਰਾਨ ਹੋਏ ਅਤੇ ਆਖਿਆ, "ਤੁਸੀਂ ਚੰਗਾ ਇਲਾਜ ਸ਼ੁਰੂ ਕੀਤਾ ਹੈ। ਅਗੇ ਪੈਰ ਨੂੰ ਪਾਣੀ ਤੋਂ ਬਚਾ ਕੇ ਰਖਦੇ ਸੀ ਅਤੇ ਅਜ ਬਾਲਟੀਆਂ ਭਰ ਕੇ ਪੈਰ ਤੇ ਪਾਣੀ ਪਾ ਦਿੱਤਾ ਹੈ।" ਅਗੋਂ ਆਪ ਹੱਸਦੇ-ਹੱਸਦੇ ਆਖਣ ਲਗੇ ਕਿ ਅਜ ਤੋਂ ਮੈਂ ਆਪਣੇ ਮਨ ਦੇ ਇਸ ਗਲਤ ਨਿਸਚੇ ਦਾ ਇਲਾਜ ਸ਼ੁਰੂ ਕੀਤਾ ਹੈ, ਜੋ ਅਜੇ ਵੀ ਤੁਹਾਡੀਆਂ ਗੱਲਾਂ ਸੁਣ-ਸੁਣ ਕੇ ਕਦੀ-ਕਦੀ ਸਰੀਰ ਨੂੰ ਤੇ ਪੈਰਾਂ ਨੂੰ ਜਾਨ ਵਾਲੀ, ਮਹਿਸੂਸ ਕਰਨ ਵਾਲੀ ਅਤੇ ਬਿਮਾਰ ਹੋ ਸਕਣ ਵਾਲੀ ਚੀਜ਼ ਸਮਝਦਾ ਸੀ। ਪੈਰ ਤੇ ਪਾਣੀ ਪਾਣ ਨਾਲ ਮੇਰਾ ਇਹ ਨਿਸਚਾ ਕਿ ਪੈਰ ਜਾਂ ਸਰੀਰ ਕੇਵਲ ਬੇਜਾਨ ਮਿੱਟੀ ਹਨ, ਪੱਕਾ ਹੋਵੇਗਾ ਅਤੇ ਪੈਰ ਛੇਤੀ ਰਾਜ਼ੀ ਹੋਵੇਗਾ। ਆਪ ਨੇ ਕੋਈ ਇਕ ਮਹੀਨੇ ਪੈਰ ਤੇ ਸਵੇਰੇ ਪਾਣੀ ਦੀ ਬਾਲਟੀ ਪਾਣ ਦਾ ਕੰਮ ਜਾਰੀ ਰਖਿਆ। ਅਸੀਂ ਤੇ ਡਾਕਟਰ ਇਹ ਵੇਖ ਕੇ ਬੜੇ ਹੈਰਾਨ ਹੁੰਦੇ ਸੀ ਕਿ ਪੈਰ ਦੇ ਜ਼ਖ਼ਮਾਂ ਦੀ ਸਰਦਾਰ ਸਾਹਿਬ ਨੂੰ ਪੀੜ ਨਹੀਂ ਸੀ ਹੁੰਦੀ ਅਤੇ ਬਗੈਰ ਕਿਸੇ ਦਵਾਈ ਦੇ ਪੈਰ ਦੇ ਜ਼ਖ਼ਮਾਂ ਨੂੰ ਅੰਗੂਰ ਆਉਣ ਲਗ ਪਏ ਅਤੇ ਮਹੀਨੇ ਸਵਾ-ਮਹੀਨੇ ਪਿਛੋਂ ਪੈਰ ਬਿਲਕੁਲ ਰਾਜ਼ੀ ਹੋ ਗਿਆ। ਆਪ ਆਖਦੇ ਹੁੰਦੇ ਸੀ ਕਿ ਬੀਮਾਰੀ ਸਾਡੇ ਮਨ ਦੇ ਗਲਤ ਨਿਸਚਿਆਂ ਦਾ ਨਤੀਜਾ ਹੁੰਦੀ ਹੈ। ਮਨ ਦੇ ਗਲਤ ਨਿਸਚਿਆਂ ਨੂੰ ਗੁਰਮਤਿ ਦੇ ਠੀਕ ਤੇ ਵਿਗਿਆਨਕ ਨਿਸਚਿਆਂ ਵਿਚ ਤਬਦੀਲ ਕਰ ਦੇਵੇ ਤਾਂ ਬੀਮਾਰੀ ਆਪਣੇ ਆਪ ਹਟ ਜਾਵੇਗੀ।

ਸ੍ਰੀਮਾਨ ਸਰਦਾਰ ਸਾਹਿਬ ਜੀ ਗੁਰਬਾਣੀ ਦੇ ਨਿਰੇ ਪਾਠ ਨੂੰ ਗੁਰਸਿਖੀ ਨਹੀਂ ਮੰਨਦੇ ਸੀ, ਗੁਰਬਾਣੀ ਵਿਚ ਦਿਤੇ ਉਪਦੇਸ਼ ਦੀ ਕਮਾਈ ਨੂੰ ਗੁਰਸਿਖੀ ਮੰਨਦੇ ਸੀ। ਆਪ ਆਖਦੇ ਹੁੰਦੇ ਸੀ ਕਿ ਜਿਸ ਨਿਸਬਤ ਵਿਚ ਗੁਰਬਾਣੀ ਦੇ

ਉਪਦੇਸ਼ ਸਾਡੇ ਰੋਜ਼ਾਨਾ ਅਮਲੀ ਜੀਵਨ ਵਿਚ ਵਰਤੇ ਜਾਣ, ਉਸੇ ਨਿਸਬਤ ਵਿਚ ਅਸੀਂ ਸਿਖ ਹਾਂ। ਆਪ ਦਾ ਜ਼ਿਆਦਾ ਕਰ ਕੇ ਗੁਰਬਾਣੀ ਨਾਲ ਤਨ ਤੇ ਮਨ ਦੇ ਰੋਗ ਦੂਰ ਕਰਨ ਵਲ ਧਿਆਨ ਲਗਦਾ ਸੀ। ਆਪ ਦੇ ਖਿਆਲ ਵਿਚ ਜੇਕਰ 'ਸਰਬ ਰੋਗ ਕਾ ਅਉਖਧੁ ਨਾਮ' ਦੀ ਕਮਾਈ ਕੀਤੀ ਜਾਵੇ ਤਾਂ ਤਨ ਮਨ ਦੇ ਸਭ ਰੋਗ ਦੂਰ ਹੋ ਸਕਦੇ ਹਨ ਅਤੇ ਸਾਡਾ ਵਾਹਿਗੁਰੂ ਜੀ ਵਿਚ ਦਰਿੜ੍ਹ ਤੇ ਡੂੰਘਾ ਵਿਸ਼ਵਾਸ ਪੈਦਾ ਹੋ ਸਕਦਾ ਹੈ। ਇਹ ਵੀ ਆਖਦੇ ਹੁੰਦੇ ਸਨ 'ਕਦੀ ਨਾਮ ਨੂੰ ਵੀ ਬੁਖ਼ਾਰ ਚੜ੍ਹ ਸਕਦਾ ਹੈ ? ਮੇਰੇ ਅੰਦਰ ਨਾਮ ਦਾ ਨਿਵਾਸ ਹੈ, ਮੈਨੂੰ ਬੁਖ਼ਾਰ ਨਹੀਂ ਚੜ੍ਹ ਸਕਦਾ।' ਇਕ ਵਾਰੀ ਕਪੂਰਥਲੇ ਤੋਂ ਸਰਦਾਰ ਸਾਹਿਬ ਦੇ ਗਵਾਂਢੀ ਮਿੱਤਰ ਨੇ ਸਰਦਾਰ ਸਾਹਿਬ ਦੀਆਂ ਲੜਕੀਆਂ ਨੂੰ ਚਿਠੀਆਂ ਪਾਈਆਂ ਕਿ ਤੁਸੀਂ ਜਲਦੀ ਆਵੋ, ਸਰਦਾਰ ਸਾਹਿਬ ਭਾਵੇਂ ਦਸਦੇ ਨਹੀਂ, ਪਰ ਹਥ ਲਾਇਆਂ ਆਪ ਦਾ ਜਿਸਮ ਬੜਾ ਗਰਮ ਮਾਲੂਮ ਹੁੰਦਾ ਹੈ। ਇਹ ਖ਼ਬਰ ਸੁਣ ਕੇ ਸਰਦਾਰ ਸਾਹਿਬ ਦੀਆਂ ਦੋ ਲੜਕੀਆਂ ਕਪੂਰਥਲੇ ਪਹੁੰਚ ਗਈਆਂ। ਜਦ ਸਰਦਾਰ ਸਾਹਿਬ ਨੂੰ ਪਤਾ ਲਗਾ ਕਿ ਇਹ ਲੜਕੀਆਂ ਉਨ੍ਹਾਂ ਦੀ ਬੀਮਾਰੀ ਦੀ ਖ਼ਬਰ ਸੁਣ ਕੇ ਆਈਆਂ ਹਨ ਤਾਂ ਬੜੇ ਨਾਰਾਜ਼ ਹੋਏ ਕਿ ਤੁਸੀਂ ਕਿਉਂ ਆਈਆਂ ਹੋ ? ਕੀ ਤੁਸੀਂ ਮੈਨੂੰ ਇਕਲਿਆਂ ਸਮਝਿਆ ਸੀ ? ਕੀ ਮੇਰੇ ਨਾਲ ਮੇਰੇ ਵਾਹਿਗੁਰੂ ਜੀ ਨਹੀਂ ਸਨ ? ਕੀ ਤੁਸੀਂ ਡਾਕਟਰ ਹੋ ? ਮੇਰੇ ਪਾਸ ਡਾਕਟਰਾਂ ਦਾ ਡਾਕਟਰ ਵਾਹਿਗੁਰੂ ਹਰ ਵਕਤ ਮੌਜੂਦ ਹੈ। ਆਖਣ ਲਗੇ ਮੈਂ ਤੇ ਖ਼ੁਸ਼ ਹਾਂ ਕਿ ਮੈਨੂੰ ਬੁਖ਼ਾਰ ਚੜ੍ਹਿਆ ਹੈ, ਕਿਉਂਕਿ ਮੈਨੂੰ ਹੁਣ ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਨੂੰ ਵਰਤਣ ਤੇ ਅਜ਼ਮਾਣ ਦਾ ਅਦੁੱਤੀ ਮੌਕਾ ਮਿਲਿਆ। ਆਪ ਨੂੰ ਟਾਈਫਾਈਡ (ਮੁਨਯਾਦੀ) ਬੁਖ਼ਾਰ ਸੀ, ਜੋ ਗਿਆਰਾਂ ਦਿਨ ਮੁਤਵਾਤਰ ਚੜ੍ਹਿਆ ਪਰ ਇਸ ਅਰਸੇ ਵਿਚ ਸਰਦਾਰ ਸਾਹਿਬ ਰਾਤ ਦੇ ਹਸਬ-ਮਾਮੂਲ ਕੁਝ ਘੰਟੇ ਅਤੇ ਦਿਨੇ (ਦੁਪਹਿਰ ਦਾ ਖਾਣਾ ਖਾ ਕੇ) ਇਕ ਘੰਟਾ ਬਿਸਤਰੇ ਤੇ ਲੇਟਣ ਤੋਂ ਸਿਵਾ, ਬੁਖ਼ਾਰ ਦੀ ਹਾਲਤ ਵਿਚ ਕਦੀ ਲੰਮੇ ਨਹੀਂ ਪਏ। ਸਾਰੀ ਬਿਮਾਰੀ ਵਿਚ ਆਪ ਨੇ ਕੋਈ ਪਰਹੇਜ਼ ਨਹੀਂ ਕੀਤਾ, ਕੋਈ ਦਵਾ ਨਹੀਂ ਖਾਧੀ, ਕਿਸੇ ਡਾਕਟਰ ਦੀ ਸਲਾਹ ਨਹੀਂ ਲਈ। ਆਪ ਸਾਰਾ ਦਿਨ ਗੁਰਬਾਣੀ ਦੇ ਨੋਟ ਅਤੇ ਕਰਿਸਚੀਅਨ ਸਾਇੰਸ ਦੀਆਂ ਪੁਸਤਕਾਂ ਕੁਰਸੀ ਤੇ ਬੈਠ ਕੇ ਪੜ੍ਹਦੇ ਰਹਿੰਦੇ ਜਾਂ ਟਹਿਲਦੇ ਰਹਿੰਦੇ। ਗਿਆਰਾਂ ਦਿਨ ਬਾਅਦ ਪਸੀਨਾ ਆ ਕੇ ਆਪ ਹੀ ਬੁਖ਼ਾਰ ਉਤਰਿਆ। ਆਪ ਲੜਕੀਆਂ ਤੋਂ ਪੁਛਦੇ ਰਹਿੰਦੇ ਕਿ ਤੁਹਾਨੂੰ ਕਿਸ ਨੇ ਲਿਖਿਆ ਸੀ ਕਿ ਮੈਂ ਬੀਮਾਰ ਹਾਂ ਤੇ ਤੁਸੀਂ ਆਓ। ਪਰ ਜਿਸ ਹਮਸਾਏ ਨੇ ਚਿਠੀਆਂ ਪਾਈਆਂ ਸਨ, ਉਸ ਨੇ ਨਾਲ ਹੀ ਲਿਖ ਦਿਤਾ ਸੀ ਕਿ ਮੇਰਾ ਨਾਮ ਸਰਦਾਰ ਸਾਹਿਬ ਨੂੰ ਨਾ ਦੱਸਣਾ,

ਉਹ ਮੇਰੇ ਤੇ ਬਹੁਤ ਨਾਰਾਜ਼ ਹੋਣਗੇ। ਇਸ ਕਰਕੇ ਲੜਕੀਆਂ ਕਿਸੇ ਦਾ ਨਾਮ ਨਾ ਦਸਦੀਆਂ ਅਤੇ ਸਰਦਾਰ ਸਾਹਿਬ ਰੋਜ਼ ਪੁਛਦੇ ਕਿ ਤੁਹਾਨੂੰ ਕਿਸ ਨੇ ਚਿਠੀਆਂ ਪਾਈਆਂ ਸਨ ? ਆਖ਼ਰ ਜਿਸ ਹਮਸਾਏ ਪੰਡਤ ਨੇ ਚਿਠੀਆਂ ਪਾਈਆਂ ਸਨ, ਉਸ ਨੇ ਆਪ ਹੀ ਆ ਕੇ ਸਰਦਾਰ ਸਾਹਿਬ ਤੋਂ ਮੁਆਫੀ ਮੰਗੀ ਕਿ ਮੈਂ ਨਹੀਂ ਜਾਣਦਾ ਸੀ ਕਿ ਤੁਸੀਂ ਮੇਰੀਆਂ ਚਿਠੀਆਂ ਲਿਖਣ ਤੋਂ ਮੇਰੇ ਤੇ ਨਾਰਾਜ਼ ਹੋਵੋਗੇ। ਆਪ ਨੇ ਪੰਡਤ ਜੀ ਨੂੰ ਹਸ ਕੇ ਆਖਿਆ ਕਿ ਪੰਡਤ ਜੀ ਸ਼ਾਸਤਰਾਂ ਵਿਚ ਤਾਂ ਬ੍ਰਹਮ (ਵਾਹਿਗੁਰੂ) ਨੂੰ ਸਰਬ-ਵਿਆਪਕ ਤੇ ਸਰਬ-ਸ਼ਕਤੀਮਾਨ ਲਿਖਿਆ ਹੈ, ਫਿਰ ਤੁਸੀਂ ਮੈਨੂੰ ਇਕਲਿਆਂ ਸਮਝ ਕੇ, ਮੇਰੀਆਂ ਲੜਕੀਆਂ ਨੂੰ ਕਿਉਂ ਬੁਲਾਇਆ ਤੇ ਕਿਉਂ ਇਹਨਾਂ ਨੂੰ ਤਕਲੀਫ ਦਿੱਤੀ ? ਸਰਦਾਰ ਸਾਹਿਬ ਦੀ ਆਯੂ ਦੇ ਪਿਛਲੇ ਵੀਹ ਸਾਲ ਵਿਚ ਇਹ ਇਕੋ ਵਾਰੀ (੧੯੫੭) ਉਹਨਾਂ ਨੂੰ ਬੁਖ਼ਾਰ ਚੜ੍ਹਿਆ, ਜਿਸ ਨੂੰ ਕਿ ਆਪ ਨੇ ਨਾਮ ਦੀ ਸ਼ਕਤੀ ਨਾਲ ਰਾਜ਼ੀ ਕੀਤਾ। ਕਪੂਰਥਲੇ ਵਿਚ ਆਪ ਦੇ ਪਾਸ ਗਲੀ ਮਹਲੇ ਦੇ ਲੋਕੀ ਆਪਣੇ ਬੀਮਾਰ ਬੱਚਿਆਂ ਨੂੰ ਲੈ ਆਉਂਦੇ ਅਤੇ ਆਖਦੇ 'ਜੀ ਇਸ ਬਚੇ ਨੂੰ ਇਹ ਬੀਮਾਰੀ ਹੈ, ਤਾਂ ਸਰਦਾਰ ਸਾਹਿਬ ਬੱਚੇ ਦੇ ਸਿਰ ਤੇ ਹਥ ਫੇਰ ਕੇ ਅਗੋਂ ਆਖਦੇ 'ਨਹੀਂ ਇਸ ਬਚੇ ਵਿਚ ਸਿਵਾਏ ਵਾਹਿਗੁਰੂ ਦੇ ਹੋਰ ਕੁਝ ਨਹੀਂ, ਬੀਮਾਰੀ ਕੋਈ ਚੀਜ਼ ਨਹੀਂ, ਇਹ ਤੇ ਰਾਜ਼ੀ ਹੈ।" ਮਹੱਲੇ ਦੇ ਬਹੁਤ ਬੱਚੇ ਇਸੇ ਤਰ੍ਹਾਂ ਰਾਜ਼ੀ ਹੋ ਜਾਂਦੇ ਸੀ। ਇਕ ਵਾਰੀ ਸਰਦਾਰ ਸਾਹਿਬ ਦੀ ਛੋਟੀ ਲੜਕੀ ਜਬਲਪੁਰ ਵਿਖੇ ਬੁਖ਼ਾਰ ਨਾਲ ਸਖ਼ਤ ਬੀਮਾਰ ਹੋ ਗਈ ਅਤੇ ਆਪ ਨੂੰ ਤਾਰ ਨਾਲ ਬੁਲਾਇਆ ਗਿਆ। ਸ੍ਰੀਮਾਨ ਜੀ ਜਬਲਪੁਰ ਪਹੁੰਚੇ ਅਤੇ ਜਾਂਦਿਆਂ ਸਾਰ ਲੜਕੀ ਨੂੰ ਆਖਣ ਲਗੇ, "ਤੈਨੂੰ, ਮੇਰੀ ਲੜਕੀ ਹੋ ਕੇ ਵੀ ਅਜੇ ਪਤਾ ਨਹੀਂ ਲਗਿਆ ਕਿ ਸਾਡੇ ਅੰਦਰ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੁਝ ਨਹੀਂ। ਜਿਥੇ ਵਾਹਿਗੁਰੂ ਜੀ ਹੀ ਵਾਹਿਗੁਰੂ ਜੀ ਹੋਣ, ਉਥੇ ਵਾਹਿਗੁਰੂ ਜੀ ਦੇ ਉਲਟ ਬੀਮਾਰੀ ਕਿਵੇਂ ਹੋ ਸਕਦੀ ਹੈ ? ਲੜਕੀ ਦਾ ਉਸੇ ਦਿਨ ਬੁਖ਼ਾਰ ਉਤਰ ਗਿਆ ਅਤੇ ਤੀਸਰੇ ਦਿਨ ਉਹ ਸਰਦਾਰ ਸਾਹਿਬ ਨਾਲ ਹੀ ਰੇਲ ਦਾ ਲੰਬਾ ਸਫ਼ਰ ਕਰਕੇ ਕਪੂਰਥਲੇ ਆ ਗਈ।

ਸਰਦਾਰ ਸਾਹਿਬ ਦੀ ਮਹਾਨ ਸ਼ਖ਼ਸੀਅਤ ਦਾ ਪ੍ਰਭਾਵ ਹਰ ਸ਼ਖ਼ਸ ਤੇ ਪੈਂਦਾ ਸੀ ਜੋ ਉਹਨਾਂ ਨੂੰ ਮਿਲਦਾ ਅਤੇ ਇਹ ਪ੍ਰਭਾਵ ਸਦਾ ਲਈ ਅਸਰ ਕਰਦਾ ਸੀ। ਆਪ ਨੂੰ ਆਤਮ-ਸਾਇੰਸ ਲਹਿਰ ਦੇ ਪਾਠਕ ਅਤੇ ਜੀਵਨ ਸਰਪ੍ਰਸਤ ਦੂਰੋਂ-ਦੂਰੋਂ ਭਾਰਤ ਅਤੇ ਬਦੇਸ਼ਾਂ ਤੋਂ ਉਚੇਚਾ ਮਿਲਨ ਆਉਂਦੇ ਸਨ। ਜੋ ਭੀ ਸਰਦਾਰ ਸਾਹਿਬ ਨਾਲ ਗਲਬਾਤ ਕਰਦਾ ਉਸ ਤੇ ਇਕ ਅਜੀਬ ਅਸਰ ਹੁੰਦਾ। ਐਸੇ ਸੈਂਕੜੇ ਗੁਰਸਿਖ ਭੈਣ-ਭਰਾ ਹਨ ਜੋ ਦੁੱਖ ਤਕਲੀਫ, ਪਰੇਸ਼ਾਨੀ ਵਿਚ ਸਰਦਾਰ

ਸਾਹਿਬ ਪਾਸ ਆਏ ਅਤੇ ਉਹਨਾਂ ਦੇ ਚੜ੍ਹਦੀਆਂ ਕਲਾਂ ਦੇ ਬਚਨ ਸੁਣ ਕੇ, ਸ਼ਾਂਤ, ਧੀਰਜਵਾਨ ਅਤੇ ਉਤਸ਼ਾਹ ਭਰਪੂਰ ਹੋ ਕੇ ਗਏ। ਬਹੁਤ ਲੋਕ ਐਸੇ ਹਨ ਜਿਨ੍ਹਾਂ ਨੂੰ ਸਰਦਾਰ ਸਾਹਿਬ ਨੇ ਕੇਵਲ ਚਿਠੀਆਂ ਰਾਹੀਂ ਬਿਮਾਰੀ ਤੋਂ ਰਾਜ਼ੀ ਅਤੇ ਤਕਲੀਫਾਂ, ਮੁਸੀਬਤਾਂ ਤੋਂ ਆਜ਼ਾਦ ਕੀਤਾ। ਆਪ ਹਰ ਰੋਜ਼ ਇਕ ਨੀਅਤ ਵਕਤ ਉਤੇ ਕਿੰਨਾ ਕਿੰਨਾ ਚਿਰ ਬੈਠ ਕੇ ਬੀਮਾਰ, ਪਰੇਸ਼ਾਨ ਤੇ ਦੁਖੀ ਸਤਸੰਗੀਆਂ ਵਾਸਤੇ ਅਰਦਾਸ ਕਰਿਆ ਕਰਦੇ ਸਨ। ਮਾੜੇ ਲੋਕਾਂ ਉਤੇ ਵੀ ਆਪ ਦੀ ਪਵਿਤਰ ਤੇ ਨਿਰਭੈ ਸ਼ਖਸੀਅਤ ਦਾ ਬੜਾ ਪ੍ਰਭਾਵ ਪੈਂਦਾ ਸੀ। ਇਕ ਵਾਰੀ ਕਲਕੱਤੇ ਮੇਰੇ ਪਾਸ ਠਹਿਰੇ ਹੋਏ ਸਨ। ਸਾਡੇ ਨੌਕਰ ਨੇ ਕੁਝ ਸੋਨੇ ਦੇ ਜ਼ੇਵਰ ਚੁਰਾ ਲਏ। ਸਭ ਦਾ ਉਸ ਉਤੇ ਸ਼ੱਕ ਸੀ ਪਰ ਉਹ ਬੜਾ ਪੱਕਾ ਸੀ, ਮੰਨਦਾ ਹੀ ਨਹੀਂ ਸੀ। ਬਥੇਰਾ ਉਸ ਨੂੰ ਅਸੀਂ ਸਮਝਾਇਆ, ਧਮਕਾਇਆ ਅਤੇ ਪੁਲੀਸ ਦਾ ਡਰ ਦਿਤਾ, ਪਰ ਉਹ ਇਕ ਨਾ ਮੰਨਿਆ। ਜਦ ਆਪ ਨੂੰ ਪਤਾ ਲਗਾ ਕਿ ਮਾਮਲਾ ਪੁਲੀਸ ਤਕ ਜਾ ਰਿਹਾ ਹੈ ਤਾਂ ਆਖਣ ਲਗੇ, "ਤੁਸੀਂ ਐਸਾ ਕਰਨ ਤੋਂ ਪਹਿਲੇ ਇਸ ਨੂੰ ਮੇਰੇ ਪਾਸ ਲਿਆਵੋ।" ਅਸੀਂ ਉਸ ਨੌਕਰ ਨੂੰ ਸਰਦਾਰ ਸਾਹਿਬ ਦੇ ਕਮਰੇ ਵਿਚ ਭੇਜਿਆ। ਆਪ ਉਸ ਨਾਲ ਕੋਈ ਅੱਧਾ ਘੰਟਾ ਗੱਲਾਂ ਕਰਦੇ ਰਹੇ। ਉਪਰੰਤ ਦਰਵਾਜ਼ਾ ਖੋਹਲ ਕੇ ਸਾਨੂੰ ਬੁਲਾ ਕੇ ਆਖਣ ਲਗੇ ਕਿ, "ਤੁਹਾਨੂੰ ਇਹ ਜ਼ੇਵਰ ਲਿਆ ਦਿੰਦਾ ਹੈ ਪਰ ਤੁਸੀਂ ਇਸ ਨੂੰ ਨਾ ਤੇ ਨਾਰਾਜ਼ ਹੋਣਾ ਹੈ ਅਤੇ ਨਾ ਹੀ ਨੌਕਰੀ ਤੋਂ ਜਾਵਬ ਦੇਣਾ ਹੈ।" ਅਸੀਂ ਬੜੇ ਹੈਰਾਨ ਹੋਏ, ਜਦ ਉਸ ਨੌਕਰ ਨੇ ਜ਼ੇਵਰ ਲਿਆ ਕੇ ਸਾਡੇ ਹਵਾਲੇ ਕਰ ਦਿਤੇ। ਉਹ ਨੌਕਰ ਸਾਡੇ ਪਾਸ ਪਿਛੋਂ ਕਿਤਨਾ ਚਿਰ ਹੀ ਨੌਕਰੀ ਕਰਦਾ ਰਿਹਾ।

ਖਾਣ-ਪੀਣ ਤੇ ਪਹਿਨਣ ਸਬੰਧੀ ਸਰਦਾਰ ਸਾਹਿਬ, ਗੁਰੂ ਨਾਨਕ ਦੇਵ ਜੀ ਦੇ ਇਹਨਾਂ ਬਚਨਾਂ ਵਿਚ ਪੂਰਨ ਵਿਸ਼ਵਾਸ ਰਖਦੇ ਸੀ ਅਤੇ ਰੋਜ਼ਾਨਾ ਜੀਵਨ ਵਿਚ ਇਹਨਾਂ ਬਚਨਾਂ ਉਤੇ ਪੂਰਾ ਅਮਲ ਕਰਦੇ ਸੀ :-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਤਕਰੀਬਨ ੭੫ ਸਾਲ ਦੀ ਉਮਰ ਤਕ ਸਰਦਾਰ ਸਾਹਿਬ ਹਫਤੇ ਵਿਚ ਇਕ-ਦੋ ਵਾਰੀ ਘਰ ਵਿਚ ਬਣਿਆ ਮਹਾਂਪ੍ਰਸ਼ਾਦ (ਮਾਸ) ਛਕਦੇ ਰਹੇ ਪਰ ਉਪਰੰਤ ਆਪ ਜੀ ਨੇ ਮਾਸ ਖਾਣਾ ਛਡ ਦਿਤਾ। ਆਪ ਦੇ ਖਿਆਲ ਵਿਚ ਭਾਵੇਂ ਜਾਨ ਸਬਜ਼ੀਆਂ, ਫਲਾਂ, ਦਾਲਾਂ, ਚਾਵਲ ਅਤੇ ਪਾਣੀ ਵਿਚ ਵੀ ਹੈ ਪਰ ਮਾਸ ਕੋਈ ਚੰਗੀ ਜਾਂ ਪਵਿੱਤਰ ਖ਼ੁਰਾਕ ਨਹੀਂ। ਇਸ ਕਰਕੇ ਜੀਵਨ ਦੇ ਪਿਛਲੇ ਨੌਂ ਸਾਲ ਆਪ ਨੇ ਮਾਸ ਬਿਲਕੁਲ ਨਹੀਂ ਵਰਤਿਆ।

ਸਰਦਾਰ ਸਾਹਿਬ ਸਾਧਾਰਨ ਖੁਰਾਕ (ਸਬਜ਼ੀਆਂ ਤੇ ਰੋਟੀ) ਦੇ ਹੀ ਸ਼ੌਕੀਨ ਸਨ। ਦੁੱਧ ਤੇ ਫਲ ਘਟ ਵਰਤਦੇ ਸਨ। ਪਰ ਆਪ ਆਪਣੀ ਕਿਸੇ ਆਦਤ ਦੇ ਮਜਬੂਰ ਨਹੀਂ ਸਨ। ਆਪ ਸਾਲ ਵਿਚ ਅੱਠ-ਨੌਂ ਮਹੀਨੇ ਪਹਿਲੇ ਆਪਣੇ ਲਾਹੌਰ ਵਾਲੇ ਅਤੇ ਪਿਛੋਂ ਆਪਣੇ ਕਪੂਰਥਲੇ ਵਾਲੇ ਮਕਾਨ ਵਿਚ ਹੀ ਰਹਿੰਦੇ ਸੀ ਅਤੇ ਦੋ-ਤਿੰਨ ਮਹੀਨੇ ਹਰ ਸਾਲ ਆਪਣੇ ਲੜਕੇ-ਲੜਕੀਆਂ ਨੂੰ ਮਿਲਣ ਚਲੇ ਜਾਂਦੇ ਸੀ। ਆਪ ਜਿਥੇ ਜਾਂਦੇ ਉਥੇ ਖਾਣੇ ਦਾ ਜੋ ਤਰੀਕਾ ਜਾਂ ਸਮਾਂ ਨੀਅਤ ਹੁੰਦਾ, ਆਪ ਉਸ ਅਨੁਸਾਰ ਹੀ ਆਪਣਾ ਪ੍ਰੋਗਰਾਮ ਬਣਾ ਲੈਂਦੇ। ਉਨ੍ਹਾਂ ਨੂੰ ਵਡੀ ਤਸੱਲੀ ਇਹ ਜਾਣ ਕੇ ਹੁੰਦੀ ਸੀ ਕਿ ਜਿਥੇ ਉਹ ਗਏ ਹੋਣ, ਉਸ ਘਰ ਦੇ ਰੋਜ਼ਾਨਾ ਪ੍ਰੋਗਰਾਮ ਵਿਚ ਉਹਨਾਂ ਦੇ ਜਾਣ ਕਰਕੇ ਕੋਈ ਉਚੇੜ ਤਾਂ ਨਹੀਂ ਆ ਰਿਹਾ। ਆਪ ਨੂੰ ਕਪੂਰਥਲੇ ਸਵੇਰੇ ਦਸ ਵਜੇ ਅਤੇ ਰਾਤ ੮ ਵਜੇ ਖਾਣਾ ਖਾਣ ਦੀ ਆਦਤ ਸੀ ਪਰ ਕਲਕੱਤੇ ਆ ਕੇ ਉਹ ਘਰ ਵਾਲਿਆਂ ਨਾਲ, ਜ਼ੋਰ ਦੇ ਕੇ ਵੀ ਲੰਚ (ਦਿਨ ਦਾ ਖਾਣਾ) ਡੇਢ ਵਜੇ ਦਿਨ ਦੇ ਅਤੇ ਰਾਤ ਦਾ ਖਾਣਾ ਸਾਢੇ ੯ ਵਜੇ ਖਾਂਦੇ। ਆਪ ਹਮੇਸ਼ਾਂ ਇਕ ਤਗੜੇ ਜਵਾਨ ਆਦਮੀ ਜਿਤਨਾ ਖਾਣਾ ਖਾਂਦੇ ਸੀ ਅਤੇ ਜਵਾਨਾਂ ਤੋਂ ਵੀ ਵਧ ਆਸਾਨੀ ਨਾਲ ਖਾਣੇ ਨੂੰ ਹਜ਼ਮ ਕਰਦੇ ਸੀ। ਖਾਣਾ ਖਾਣ ਅਤੇ ਹਜ਼ਮ ਕਰਨ ਸਬੰਧੀ ਆਪ ਦਾ ਅਜੀਬ ਨਿਸਚਾ ਸੀ। ਆਪ ਦੇ ਯਕੀਨ ਅਨੁਸਾਰ ਖਾਣੇ ਨੂੰ ਮੇਹਦੇ ਵਿਚ ਅਸੀਂ ਹਜ਼ਮ ਨਹੀਂ ਕਰਦੇ (ਹਜ਼ਮ ਕਰਨ ਵਾਲੀ) ਵਾਹਿਗੁਰੂ ਜੀ ਦੀ ਬੇਅੰਤ ਸ਼ਕਤੀ ਹੁੰਦੀ ਹੈ। ਆਦਮੀ ਕੋਈ ਵੀ ਆਪ ਖਾਣਾ ਹਜ਼ਮ ਕਰਨਾ ਨਹੀਂ ਜਾਣਦਾ—ਹਰ ਆਦਮੀ ਸਿਰਫ਼ ਖਾਣਾ ਹੀ ਜਾਣਦਾ ਹੈ। ਖਾਣ ਮਗਰੋਂ ਖਾਣੇ ਨੂੰ ਹਜ਼ਮ ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਕਰਦੀ ਹੈ। ਇਸ ਨਿਸਚੇ ਅਨੁਸਾਰ ਜੋ ਕੁਝ ਵੀ ਤਿਆਰ ਹੋ ਕੇ ਖਾਣੇ ਦੀ ਮੇਜ਼ ਉਤੇ ਆ ਜਾਂਦਾ ਸਰਦਾਰ ਸਾਹਿਬ ਉਸ ਨੂੰ ਵਾਹਿਗੁਰੂ ਜੀ ਤੋਂ ਆਇਆ ਜਾਣ ਕੇ ਜਿਤਨਾ ਦਿਲ ਕਰਦਾ, ਸਵਾਦ ਲੈ ਲੈ ਕੇ ਖਾਂਦੇ। ਆਪ ਖਾਣੇ ਦੇ ਵਕਤ ਆਮ ਤੌਰ ਤੇ ਇਹ ਸ਼ਬਦ ਪੜ੍ਹਿਆ ਤੇ ਸਾਨੂੰ ਸੁਣਾਇਆ ਕਰਦੇ ਸੀ :-

ਆਪੇ ਧਰਤੀ ਆਪੇ ਹੈ ਰਾਹਕੁ ਆਪ ਜੰਮਾਇ ਪੀਸਾਵੈ॥
ਆਪ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ॥
(ਗੁਰੂ ਅਮਰਦਾਸ ਜੀ)

ਆਪ ਦਾ ਇਹ ਵੀ ਨਿਸਚਾ ਸੀ ਕਿ ਸਚਖੰਡ ਤੋਂ ਖਾਣਾ ਨਾਮ ਅਭਿਆਸੀ ਲਈ ਆਂਦਾ ਹੈ ਤੇ ਉਸ ਵਿਚ ਸਦਾ ਇਹੋ ਜਿਹਾ ਇਲਾਹੀ ਸਵਾਦ ਹੁੰਦਾ ਹੈ। ਆਪ ਆਖਦੇ ਹੁੰਦੇ ਸੀ ਕਿ ਭਾਵੇਂ ਇਕ ਦਾਲ ਨਾਲ ਖਾਣਾ ਹੋਵੇ ਭਾਵੇਂ ਛੱਤੀ

ਪ੍ਰਕਾਰ ਦੇ ਭੋਜਨ ਹੋਣ, ਨਾਮ ਅਭਿਆਸੀ ਨੂੰ ਇਹਨਾਂ ਸਭ ਵਿਚੋਂ ਇਕੋ ਜਿਹਾ ਅੰਮ੍ਰਿਤ ਸਵਾਦ ਆਉਂਦਾ ਹੈ। ਐਸਾ ਖਾਣਾ ਸਦਾ ਗੁਣਕਾਰੀ ਹੁੰਦਾ ਹੈ।

ਆਪ ਦਾ ਖਾਣੇ ਸਬੰਧੀ ਇਕ ਹੋਰ ਵੀ ਨਿਸਚਾ ਸੀ ਕਿ ਤਨ ਤੇ ਮਨ ਦੀਆਂ ਸਭ ਸ਼ਕਤੀਆਂ ਗੁਰਮੁਖ ਨਾਮ ਜਪਣ ਵਾਲੇ ਨੂੰ ਆਪਣੇ ਖਾਣੇ ਵਿਚੋਂ ਨਹੀਂ ਸਗੋਂ ਆਪਣੇ ਅੰਦਰੋਂ ਵਾਹਿਗੁਰੂ ਜੀ ਵਿਚੋਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ। ਆਪ ਖਾਣੇ ਵਿਚ ਕਦੀ ਕਿਸੇ ਕਿਸਮ ਦਾ ਪਰਹੇਜ਼ ਨਹੀਂ ਸੀ ਕਰਦੇ। ਇਨਸਾਨੀ ਨਿਸਚੇ ਅਨੁਸਾਰ ਸਭ ਗਰਮ-ਸਰਦ, ਵਾਈ-ਬਾਦੀ ਆਦਿ ਖਾਣਿਆਂ ਨੂੰ ਸਤਿਨਾਮ ਸ੍ਰੀ ਵਾਹਿਗੁਰੂ ਜੀ ਕਹਿ ਕੇ ਬਗੈਰ ਕਿਸੇ ਭੈ ਜਾਂ ਭਰਮ ਦੇ ਖਾਂਦੇ ਸੀ। ਆਪ ਆਪਣਾ ਖਾਣਾ ਕਿਸੇ ਤਨ ਜਾਂ ਮਨ ਦੀ ਸ਼ਕਤੀ ਪ੍ਰਾਪਤ ਕਰਨ ਵਾਸਤੇ ਨਹੀ ਖਾਂਦੇ, ਸਗੋਂ ਇਲਾਹੀ ਸਵਾਦ ਮਾਨਣ ਵਾਸਤੇ ਵਾਹਿਗੁਰੂ ਜੀ ਦਾ ਸ਼ੁਕਰ ਕਰਨ ਵਾਸਤੇ ਖਾਂਦੇ ਸੀ।

ਸਰਦਾਰ ਸਾਹਿਬ ਦੀ ਸਰੀਰਕ ਸਿਹਤ ਨੌਕਰੀ ਤੋਂ ਰੀਟਾਇਰ ਹੋਣ ਤਕ ਕਾਫੀ ਖ਼ਰਾਬ ਰਹਿੰਦੀ ਸੀ। ਆਪ ਨੂੰ ਜਵਾਨੀ ਵੇਲੇ ਪੇਟ ਦਰਦ ਤੇ ਮਰੋੜਾਂ ਦੀ ਸ਼ਕਾਇਤ ਕਈ ਸਾਲ ਤਕ ਰਹੀ। ਫੇਰ ਆਪ ਨੂੰ ਪਲੂਰੀਸੀ ਦੀ ਬੀਮਾਰੀ ਹੋਈ। ਬਵਾਸੀਰ ਅਤੇ ਜੋੜਾਂ ਦੀਆਂ ਦਰਦਾਂ ਦੀ ਬਿਮਾਰੀ ਤਾਂ ਹਮੇਸ਼ਾਂ ਬੜਾ ਤੰਗ ਕਰਦੀ ਹੁੰਦੀ ਸੀ। ਆਪ ਦਾ ਸਰੀਰ ਹਮੇਸ਼ਾਂ ਲਿਸਾ ਤੇ ਪਤਲਾ ਹੁੰਦਾ ਸੀ। ਨੌਕਰੀ ਤੋਂ ਰਿਟਾਇਰ ਹੋ ਕੇ, ਸਰਦਾਰ ਸਾਹਿਬ ਦੇ ਵਾਹਿਗੁਰੂ ਜੀ ਦੀ ਸ਼ਰਨ ਆਣ ਦਾ ਵੱਡਾ ਕਾਰਨ ਹੀ ਇਹ ਸੀ ਕਿ ਆਪ ਸਰੀਰਕ ਅਰੋਗਤਾ ਤੋਂ ਅਤੇ ਇਨਸਾਨੀ ਇਲਾਜਾਂ ਤੋਂ ਤੰਗ ਆਏ ਹੋਏ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਦਾਅਵਾ ਕਿ "ਸਰਬ ਰੋਗ ਕਾ ਅਉਖਧੁ ਨਾਮ" ਸਰਦਾਰ ਸਾਹਿਬ ਵਾਸਤੇ ਪਹਿਲੇ ਪਹਿਲ ਬੜਾ ਅਜੀਬ ਤੇ ਨਿਰਾਲਾ ਦਾਅਵਾ ਸੀ। ਆਪ ਇਸ ਦਾਅਵੇ ਦੀ ਪੂਰੀ, ਲਗਾਤਾਰ ਅਤੇ ਖਾਸ ਦਿਲਚਸਪੀ ਨਾਲ ਖੋਜ ਕਰਨੀ ਚਾਹੁੰਦੇ ਅਤੇ ਇਸ ਅੰਦਰ ਲੁਕੀ ਵਿਗਿਆਨਕ ਸੱਚਾਈ ਨੂੰ ਪ੍ਰਾਪਤ ਕਰਨਾ ਚਾਹੁੰਦੇ ਸੀ। ਸਰਦਾਰ ਸਾਹਿਬ ਦੀ ਸਰੀਰਕ ਜ਼ਿੰਦਗੀ ਦੇ ਪਿਛਲੇ ਵੀਹ-ਪੰਝੀ ਸਾਲ ਇਸ ਆਤਮਕ ਤਜਰਬੇ ਨੂੰ ਪੂਰੀ ਸਫਲਤਾ ਨਾਲ ਕਰਨ ਵਿਚ ਗੁਜ਼ਰੇ ਅਤੇ ਜੋ ਸਫਲਤਾ ਆਪ ਨੂੰ ਵਾਹਿਗੁਰੂ ਜੀ ਦੀ ਕਿਰਪਾ ਨਾਲ ਪ੍ਰਾਪਤ ਹੋਈ, ਉਹ ਐਸੀ ਸ਼ਾਨਦਾਰ ਹੈ ਕਿ ਇਸ ਵੇਲੇ ਹਜ਼ਾਰਾਂ ਸਿੱਖ ਪਰਿਵਾਰਾਂ ਵਿਚ ਵਾਹਿਗੁਰੂ ਜੀ ਦੇ ਗਿਆਨ ਅਤੇ ਨਾਮ ਨਾਲ ਤਨ ਤੇ ਮਨ ਦੀਆਂ ਬੀਮਾਰੀਆਂ ਨੂੰ ਰਾਜ਼ੀ ਕਰਨ ਦਾ ਰਿਵਾਜ ਪੈ ਗਿਆ ਹੈ।

ਆਪ ਨੂੰ ਛਪੰਜਾ ਸਾਲ ਦੀ ਉਮਰ ਤਕ ਗੁਰਮੁਖੀ ਲਿਖਣੀ ਨਹੀਂ ਸੀ ਆਉਂਦੀ।

ਜਦ ਆਪ ਨੂੰ ਆਤਮਕ ਖੋਜ ਵਿਚ ਦਿਲਚਸਪੀ ਵਧੀ ਤਾਂ ਆਪ ਨੇ ਗੁਰਮੁਖੀ ਲਿਖਣੀ ਸਿਖੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਨੋਟ ਲੈਣੇ ਸ਼ੁਰੂ ਕੀਤੇ। ਹੌਲੀ ਹੌਲੀ ਆਪ ਨੇ ਗੁਰਮੁਖੀ ਵਿਚ ਲੇਖ ਲਿਖਣੇ ਸ਼ੁਰੂ ਕੀਤੇ। ਆਪ ਦੇ ਅੰਗਰੇਜ਼ੀ ਤੇ ਗੁਰਮੁਖੀ ਦੇ ਲੇਖ ੧੯੪੯ ਤੋਂ 'ਆਤਮ-ਸਾਇੰਸ' ਦੇ ਪਰਚਿਆਂ ਵਿਚ ਛੱਪਣੇ ਸ਼ੁਰੂ ਹੋਏ ਅਤੇ ਪੂਰੇ ਦਸ ਸਾਲ ਆਪ ਇਸ ਪਰਚੇ ਵਾਸਤੇ ਹਰ ਮਹੀਨੇ ਇਕ ਜਾਂ ਦੋ ਲੇਖ ਲਿਖਦੇ ਰਹੇ।

ਸਰਦਾਰ ਸਾਹਿਬ ਦਾ ਰੋਜ਼ਾਨਾ ਜੀਵਨ ਬੜਾ ਸਾਦਾ ਤੇ ਬੜਾ ਉੱਚਾ ਸੀ। ਆਪ ਹਰ ਰੋਜ਼ ਸਵੇਰੇ ਤਿੰਨ ਵਜੇ ਦੇ ਕਰੀਬ ਜਾਗਦੇ ਅਤੇ ਪੰਜ ਸਾਢੇ ਪੰਜ ਵਜੇ ਤਕ ਚੁਪ-ਚਾਪ ਸਿਮਰਨ ਅਭਿਆਸ ਅਤੇ ਵਾਹਿਗੁਰੂ ਜੀ ਦੀ ਸਿਫਤ-ਸਲਾਹ ਵਿਚ ਗੁਜ਼ਾਰਦੇ। ਸਾਢੇ ਪੰਜ ਵਜੇ ਸਰੀਰਕ ਕਿਰਿਆ ਸੋਧ ਕੇ ਅਤੇ ਅਸ਼ਨਾਨ ਕਰਕੇ ਤਿਆਰ ਹੋ ਜਾਂਦੇ। ਚਾਹ ਜਾਂ ਦੁੱਧ ਪੀ ਕੇ ਆਪ ਦੋ ਘੰਟੇ ਗੁਰਬਾਣੀ ਦੀ ਵਿਚਾਰ ਆਪਣੇ ਲਿਖੇ ਗੁਰਬਾਣੀ ਦੇ ਨੋਟਾਂ ਦੀ ਕਾਪੀ ਤੋਂ ਕਰਦੇ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਦੇ ਜਾਂ ਚਾਰ ਜਿਲਦਾਂ ਵਾਲੇ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਬਾਣੀ ਪੜ੍ਹਦੇ। ਕਰੀਬਨ ਦਸ ਵਜੇ ਆਪ ਖਾਣਾ ਖਾ ਲੈਂਦੇ ਸੀ ਅਤੇ ਖਾਣਾ ਖਾ ਕੇ ਘਰੋਂ ਬਾਹਰ ਨਿਕਲ ਜਾਂਦੇ ਅਤੇ ਬੈਂਕਾਂ ਦਾ, ਜ਼ਮੀਨਾਂ ਦਾ ਜਾਂ ਹੋਰ ਜੋ ਕੁਝ ਕੰਮ-ਕਾਰ ਕਰਨਾ ਹੋਵੇ, ਕਰਦੇ ਅਤੇ ਕਰੀਬਨ ਦੋ ਵਜੇ ਘਰ ਵਾਪਸ ਆਉਂਦੇ। ਦੋ ਵਜੇ ਤੋਂ ਚਾਰ ਵਜੇ ਤਕ ਉਹ ਆਮ ਤੌਰ ਤੇ ਆਰਾਮ ਕਰਦੇ। ਚਾਰ ਤੋਂ ਅੱਠ ਵਜੇ ਤਕ ਉਹ ਕਰਿਸਚੀਅਨ ਸਾਇੰਸ ਦੀਆਂ ਪੁਸਤਕਾਂ ਪੜ੍ਹਦੇ ਅਤੇ ਮਿਲਣ ਆਏ ਲੋਕਾਂ ਨਾਲ ਗੁਰਬਾਣੀ ਦੀ ਵਿਚਾਰ ਕਰਦੇ, ਨਿਰਾਸ ਲੋਕਾਂ ਦਾ ਵਾਹਿਗੁਰੂ ਜੀ ਦੀਆਂ ਗੱਲਾਂ ਦਸ-ਦਸ ਕੇ ਧੀਰਜ ਬੰਨ੍ਹਾਂਦੇ, ਗਲੀ ਮਹਲੇ ਦੇ ਬੱਚਿਆਂ ਨੂੰ ਮਿਠੀਆਂ ਗੋਲੀਆਂ ਜਾਂ ਹੋਰ ਖਾਣ ਵਾਲੀਆਂ ਚੀਜ਼ਾਂ ਵੰਡਦੇ ਹੁੰਦੇ ਸੀ। ਆਪ ਨੂੰ ਬੜੀ-ਬੜੀ ਦੂਰੋਂ ਗੁਰਸਿਖ ਮਿਲਣ ਆਇਆ ਕਰਦੇ ਸੀ ਅਤੇ ਬਹੁਤ ਗੁਰਸਿਖ ਚਿਠੀਆਂ ਰਾਹੀਂ ਆਪਣੀਆਂ ਬੀਮਾਰੀਆਂ ਅਤੇ ਹੋਰ ਦੁਨਿਆਵੀ ਔਕੜਾਂ, ਤਕਲੀਫਾਂ ਦਸਦੇ ਅਤੇ ਆਪ ਸਭ ਨੂੰ "ਸਰਬ ਰੋਗ ਕਾ ਅਉਖਧੁ ਨਾਮ" ਦਾ ਸੰਦੇਸ਼ ਬੜੇ ਸੁਚੱਜੇ ਤੇ ਵਿਗਿਆਨਕ, ਦਲੀਲਾਂ ਭਰੇ ਤਰੀਕੇ ਨਾਲ ਸਮਝਾਂਦੇ। ਆਪ ਪਾਸ ਜੋ ਬਿਮਾਰ ਜਾਂ ਹੋਰ ਦੁਨਿਆਵੀ ਤਕਲੀਫਾਂ ਵਾਲੇ ਆਦਮੀ ਆਉਂਦੇ ਜਾਂ ਖ਼ਤ ਲਿਖਦੇ ਉਹਨਾਂ ਵਾਸਤੇ ਸਰਦਾਰ ਸਾਹਿਬ ਨੇ ਹਰ ਰੋਜ਼ ਅਰਦਾਸ ਕਰਨ ਦਾ ਖ਼ਾਸ ਸਮਾਂ ਰਖਿਆ ਹੋਇਆ ਸੀ। ਉਸ ਸਮੇਂ ਉਹ ਹਰ ਮਰੀਜ਼ ਜਾਂ ਦੁਖੀ, ਜੋ ਉਹਨਾਂ ਦੇ ਨੋਟਿਸ ਵਿਚ ਆ ਜਾਂਦਾ, ਵਾਸਤੇ ਇਕਾਂਤ ਬੈਠ ਕੇ ਵਾਹਿਗੁਰੂ ਜੀ ਅਗੇ ਅਰਦਾਸ ਕਰਦੇ ਅਤੇ ਬਿਮਾਰਾਂ

ਤੇ ਦੁਖੀਆਂ ਦੀਆਂ ਚਿਠੀਆਂ ਦਾ ਜਵਾਬ ਦਿੰਦੇ। ਕਦੀ ਬਿਮਾਰ ਸਰਦਾਰ ਸਾਹਿਬ ਨੂੰ ਆਪਣੀ ਬਿਮਾਰੀ ਬਾਬਤ ਹਫਤੇਵਾਰੀ ਰੀਪੋਰਟ ਲਿਖ ਕੇ ਭੇਜਦੇ ਸੀ।

ਆਪ ਆਮ ਤੌਰ ਦੇ ਹਰ ਮਹੀਨੇ ਇਕ ਚਿੱਠੀ ਮੈਨੂੰ ਲਿਖਿਆ ਕਰਦੇ ਸੀ। ਇਕ ਵਾਰੀ ਉਹਨਾਂ ਨੇ ਚਿੱਠੀ ਕਿਸੇ ਹੋਰ ਆਦਮੀ ਤੋਂ ਲਿਖਵਾ ਕੇ ਪਾਈ ਅਤੇ ਉਸੇ ਆਦਮੀ ਤੋਂ ਹੇਠਾਂ ਆਪਣੇ ਦਸਖ਼ਤ ਕਰਵਾਏ। ਉਸ ਆਦਮੀ ਵਲੋਂ ਉਸੇ ਚਿੱਠੀ ਵਿਚ ਇਕ ਪਰਚਾ ਲਿਖਿਆ ਹੋਇਆ ਸੀ ਕਿ "ਸਰਦਾਰ ਸਾਹਿਬ ਦੇ ਸੱਜੇ ਹੱਥ ਨੂੰ ਬੜੀ ਸੱਟ ਲੱਗੀ ਹੈ ਅਤੇ ਅੰਗੂਠੇ ਦਾ ਨਹੁੰ ਉਤਰ ਗਿਆ ਹੈ, ਬਹੁਤ ਖ਼ੂਨ ਨਿਕਲਿਆ ਹੈ। ਸਭ ਨੇ ਆਖਿਆ ਹੈ ਕਿ ਡਾਕਟਰ ਨੂੰ ਹੱਥ ਦਿਖਾ ਕੇ ਮਲ੍ਹਮ ਪੱਟੀ ਕਰਵਾਣ, ਪਰ ਸਰਦਾਰ ਸਾਹਿਬ ਕਿਸੇ ਦੀ ਗੱਲ ਨਹੀਂ ਸੁਣਦੇ ਅਤੇ ਕੋਈ ਇਲਾਜ ਨਹੀਂ ਕਰ ਰਹੇ। ਹੱਥ ਉਤੇ ਐਵੇਂ ਇਕ ਰੁਮਾਲ ਬੰਨ੍ਹ ਛਡਿਆ ਹੈ। ਚਿੱਠੀ ਇਹ ਆਪ ਨਹੀਂ ਸੀ ਲਿਖ ਸਕਦੇ, ਇਸ ਵਾਸਤੇ ਮੈਥੋਂ ਲਿਖਵਾਈ ਏ, ਪਰ ਨਾਲ ਹੀ ਆਖਦੇ ਹਨ ਕਿ ਸਾਡੀ ਸੱਟ ਦਾ ਜ਼ਿਕਰ ਚਿੱਠੀ ਵਿਚ ਨਹੀਂ ਕਰਨਾ। ਇਸ ਕਰ ਕੇ ਵਖਰੇ ਕਾਗਜ਼ ਤੇ ਆਪ ਨੂੰ ਸੱਟ ਬਾਬਤ ਲਿਖ ਰਿਹਾ ਹਾਂ।" ਜਦ ਮੈਨੂੰ ਇਹ ਚਿੱਠੀ ਮਿਲੀ ਤਾਂ ਮੈਂ ਸਰਦਾਰ ਸਾਹਿਬ ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ ਕਿ ਉਹ ਸੱਟ ਦੇ ਜ਼ਖ਼ਮਾਂ ਦਾ ਇਲਾਜ ਕਰਨ, ਇਸ ਵਿਚ ਕੀ ਹਰਜ਼ ਹੈ ? ਤਾਂ ਦੋ-ਤਿੰਨ ਦਿਨ ਬਾਅਦ ਮੈਨੂੰ ਸਰਦਾਰ ਸਾਹਿਬ ਦੀ ਆਪਣੇ ਹੱਥ ਨਾਲ ਲਿਖੀ ਚਿੱਠੀ ਆਈ, ਜਿਸ ਵਿਚ ਸਿਰਫ਼ ਇਹ ਲਿਖਿਆ ਸੀ, "ਮੇਰਾ ਹੱਥ ਹੁਣ ਠੀਕ ਹੈ, ਵਾਹਿਗੁਰੂ ਜੀ ਦੀ ਸ਼ਕਤੀ ਆਪਣਾ ਕੰਮ ਕਰ ਰਹੀ ਹੈ।" ਇਸ ਤੋਂ ਚਾਰ-ਪੰਜ ਦਿਨਾਂ ਬਾਅਦ ਆਪ ਦੀ ਦੂਸਰੀ ਚਿੱਠੀ ਤਿੰਨ-ਚਾਰ ਸਫ਼ੇ ਦੀ ਆਪਣੇ ਹੱਥ ਨਾਲ ਲਿਖੀ ਆਈ ਜਿਸ ਦਾ ਭਾਵ ਇਹ ਸੀ ਕਿ ਜਦ ਮੇਰੇ ਹੱਥ ਨੂੰ ਚੋਟ ਆਈ ਅਤੇ ਅੰਗੂਠੇ ਦਾ ਨਹੁੰ ਉਤਰ ਗਿਆ ਅਤੇ ਬਹੁਤ ਖ਼ੂਨ ਵਗਿਆ ਤਾਂ ਮੈਂ ਇਸ ਨੂੰ ਮਾਯਾ ਦਾ ਧੋਖਾ ਸਮਝ ਕੇ ਪ੍ਰਾਰਥਨਾ ਸ਼ੁਰੂ ਕਰ ਦਿਤੀ ਕਿ ਮੇਰੇ ਤਾਂ ਅੰਦਰ-ਬਾਹਰ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੋਈ ਹੈ ਹੀ ਨਹੀਂ। ਜਦ ਵਾਹਿਗੁਰੂ ਜੀ ਸਰਬ-ਵਿਆਪੀ ਹਨ ਅਤੇ ਉਹਨਾਂ ਵਿਚ 'ਸੱਟ, ਜ਼ਖ਼ਮ ਤੇ ਪੀੜ' ਨਹੀਂ, ਇਹ ਤਾਂ ਮੇਰੀਆਂ ਅੱਖਾਂ ਦਾ ਭੁਲੇਖਾ ਹੈ ਜੋ ਇਹ ਸੱਟ, ਜ਼ਖ਼ਮ ਤੇ ਪੀੜ ਦੇਖ ਰਹੀਆਂ ਹਨ। ਦ੍ਰਿੜ੍ਹਤਾ ਨਾਲ ਵਾਹਿਗੁਰੂ ਜੀ ਦੀ ਸਰਬ-ਵਿਆਪਕਤਾ ਦੇ ਯਕੀਨ ਨੂੰ ਦੁਹਰਾਉਣ ਨਾਲ ਪਹਿਲੇ ਪੀੜ ਹੋਣੀ ਬਿਲਕੁਲ ਬੰਦ ਹੋ ਗਈ। ਇਸ ਤੋਂ ਬਾਅਦ ਸਿਰਫ ਹੱਥ ਉਤੇ ਜ਼ਖ਼ਮਾਂ ਦੇ ਨਿਸ਼ਾਨ ਦਿਸਦੇ ਸਨ, ਇਸ ਕਰਕੇ ਹੱਥ ਉਤੇ ਮੈਂ ਰੁਮਾਲ ਵਲ੍ਹੇਟ ਦਿਤਾ ਤਾਂ ਕਿ ਜ਼ਖ਼ਮ ਮੈਨੂੰ ਅਤੇ ਹੋਰ ਕਿਸੇ ਨੂੰ ਨਜ਼ਰ ਨਾ ਆਉਣ। ਇਸ ਤੋਂ ਬਾਅਦ ਦੋ-ਤਿੰਨ ਦਿਨ

ਵਿਚ ਹੀ ਸਭ ਜ਼ਖ਼ਮਾਂ ਵਿਚ ਅੰਗੂਰ ਆ ਗਏ ਅਤੇ ਅੰਗੂਠੇ ਦਾ ਨਹੁੰ ਆਪਣੀ ਥਾਂ ਤੇ ਮੁੜ ਜੁੜ ਗਿਆ ਅਤੇ ਮੇਰਾ ਹੱਥ ਬਿਲਕੁਲ ਕੰਮ ਕਾਜ ਕਰਨ ਦੇ ਯੋਗ ਹੋ ਗਿਆ।"

ਸਰਦਾਰ ਸਾਹਿਬ ਕਹਿੰਦੇ ਹੁੰਦੇ ਸੀ ਕਿ ਜੇਕਰ ਗੁਰਸਿਖ ਗੁਰਮਤਿ ਨੂੰ ਸਮਝ ਕੇ, ਸਾਰਾ ਜੀਵਨ ਗੁਰਮਤਿ ਅਤੇ ਨਾਮ ਸਿਮਰਨ ਵਾਲਾ ਗੁਜ਼ਾਰੇ, ਤਾਂ ਉਸ ਦੇ ਜੀਵਨ ਵਿਚ ਪਾਪ-ਦੁੱਖ ਬਿਮਾਰੀ ਅਤੇ ਮੌਤ ਨਹੀਂ ਰਹਿ ਸਕਦੇ ਅਤੇ ਉਸ ਅੰਦਰ ਬੁੜ੍ਹਾਪੇ ਵਿਚ ਵੀ ਨੌਜਵਾਨ ਵਾਲੀ ਸ਼ਕਤੀ ਕਾਇਮ ਰਹਿ ਸਕਦੀ ਹੈ। ਸਰਦਾਰ ਸਾਹਿਬ ਦੇ ਨਿਸਚੇ ਅਨੁਸਾਰ ਨਾਮ ਅਭਿਆਸੀ ਗੁਰਸਿਖ ਨੂੰ ਨਾਮ ਦੀ ਸ਼ਕਤੀ ਦੇ ਆਸਰੇ ਜਦ ਉਸ ਦਾ ਅੰਤ ਆਵੇ, ਆਪਣੀ ਮਰਜ਼ੀ ਨਾਲ ਬਗੈਰ ਤਕਲੀਫ ਦੇ ਆਪਣਾ ਸਰੀਰ ਤਿਆਗਣਾ ਸੰਭਵ ਹੋ ਸਕਦਾ ਹੈ। ਇਸੇ ਨਿਸਚੇ ਤੇ ਕਾਇਮ ਰਹਿੰਦਿਆਂ ਹੋਇਆਂ, ਸ੍ਰੀਮਾਨ ਜੀ ਨੇ ੧੩ ਜੂਨ ੧੯੫੯ ਨੂੰ ਕਪੂਰਥਲੇ ਵਿਖੇ ਬਗੈਰ ਬਿਮਾਰ ਹੋਣ ਦੇ, ਅੰਮ੍ਰਿਤ ਵੇਲੇ ਚਾਰ ਵਜੇ ਤੋਂ ਛੇ ਵਜੇ ਤਕ ਸਮਾਧੀ ਲਗਾਈ, ਨਾਮ ਜਪਿਆ, ਗੁਰਬਾਣੀ ਦਾ ਪਾਠ ਕੀਤਾ ਅਤੇ ਸੱਤ ਵਜੇ ਆਪਣਾ ਪੰਜ ਭੂਤਕ ਸਰੀਰ ਸੁਖਾਲੀ ਸਾਸੀ ਤਿਆਗ ਦਿਤਾ।

ਧੰਨੁ ਧੰਨੁ ਧੰਨੁ ਜਨੁ ਆਇਆ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

ਜਨ ਆਵਨ ਕਾ ਇਹੈ ਸੁਆਉ॥
ਜਨ ਕੈ ਸੰਗਿ ਚਿਤਿ ਆਵੈ ਨਾਉ॥

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥

ਕਲਕੱਤਾ
੧-੧-੬੦

ਰਘਬੀਰ ਸਿੰਘ 'ਬੀਰ'
ਐਡੀਟਰ ਆਤਮ-ਸਾਇੰਸ
ਕਲਕੱਤਾ-੨੫

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਗੁਰਮੁਖ ਜੀਵਨ

(ਪਹਿਲਾ ਭਾਗ)

ਸੱਚੀ ਪਾਤਸ਼ਾਹੀ

ਇਸ ਦੁਨੀਆਂ ਵਿਚ ਦੋ ਪਾਤਸ਼ਾਹੀਆਂ ਕੰਮ ਕਰਦੀਆਂ ਦਿਸਦੀਆਂ ਹਨ। ਇਕ ਵਾਹਿਗੁਰੂ ਦੀ ਸੱਚੀ ਪਾਤਸ਼ਾਹੀ ਹੈ। ਇਹ ਕਦੀ ਨਹੀਂ ਬਦਲਦੀ, ਸਦਾ ਇਕੋ ਜਿਹੀ ਕੰਮ ਕਰਦੀ ਹੈ, ਕਦੀ ਨਾਸ਼ ਨਹੀਂ ਹੁੰਦੀ; ਕਦੀ ਇਹਦੇ ਵਿਚ ਵਿਘਨ ਨਹੀਂ ਆਉਂਦਾ। ਹਰ ਪਾਸੇ ਉਸ ਦੀ ਚੰਗਿਆਈ ਹੀ ਚੰਗਿਆਈ ਹੈ, ਪੂਰਨਤਾ ਹੈ, ਉਸ ਦੇ ਸਿਵਾ ਹੋਰ ਕੋਈ ਇੰਤਜ਼ਾਮ ਜਾਂ ਸ਼ਕਤੀ ਕੰਮ ਨਹੀਂ ਕਰ ਰਹੀ। ਇਨਸਾਨ ਦਾ ਉਸ ਵਿਚ ਕੋਈ ਦਖ਼ਲ ਨਹੀਂ। ਅਨੰਦ ਭਰੀ ਹੈ। ਹਮੇਸ਼ਾ ਕਾਇਮ ਹੈ।

ਦੂਸਰੀ ਇਨਸਾਨ ਦੀ ਬਣਾਈ ਹੋਈ ਝੂਠੀ ਪਾਤਸ਼ਾਹੀ ਹੈ। ਇਹ ਹਰ ਵੇਲੇ ਬਦਲ ਰਹੀ ਹੈ, ਕੋਈ ਨਜ਼ਾਰਾ ਇਸ ਦਾ ਕਾਇਮ ਨਹੀਂ, ਗਲਤੀ ਤੇ ਵਿਘਨ ਭਰੀ ਹੈ। ਸੱਚ ਵਾਲੀ ਡੀਂਗ ਮਾਰਦੀ ਹੈ, ਬੜੀਆਂ ਉਮੀਦਾਂ ਪੇਸ਼ ਕਰ ਕੇ ਹੌਸਲਾ ਵਧਾਂਦੀ ਹੈ, ਪਰ ਨਾਕਾਮਯਾਬੀ ਤੇ ਤਕਲੀਫ ਜ਼ਿਆਦਾ ਹੈ, ਕਾਮਯਾਬੀ ਘਟ ਹੈ। ਨਾਸ਼ ਹੋਣ ਦਾ ਅੰਸ਼ ਇਸ ਦੇ ਵਿਚ ਮੌਜੂਦ ਹੈ—ਅਖ਼ੀਰ ਨਾਸ਼ ਹੋ ਜਾਂਦੀ ਹੈ। ਇਸ ਦਾ ਸਾਰਾ ਕੰਮ ਵਾਹਿਗੁਰੂ ਦੀ ਫਰਜ਼ੀ ਗੈਰ-ਹਾਜ਼ਰੀ ਦੇ ਹਨ੍ਹੇਰੇ ਵਿਚ ਹੈ। ਇਹ ਅਸਲੀ ਨਹੀਂ, ਨਕਲੀ ਹੈ। ਸੁਪਨੇ ਵਾਂਗ ਦੁਨੀਆਂ ਵਿਚ ਕੰਮ ਕਰਦੀ ਹੈ। ਇਸ ਦਾ ਕੰਮ ਅਣਹੋਂਦ ਵਿਚ ਹੈ।

ਇਸ ਲੇਖ ਵਿਚ ਸਾਡੀ ਵਿਚਾਰ ਇਸ ਸੱਚੀ ਪਾਤਸ਼ਾਹੀ ਤੇ ਝੂਠੀ ਪਾਤਸ਼ਾਹੀ ਤੇ ਹੈ। ਜ਼ਰਾ ਆਸਮਾਨ ਵਲ ਤੱਕੋ, ਅਣਗਿਣਤ ਸਿਤਾਰਿਆਂ ਦਾ ਭਰਿਆ ਹੋਇਆ ਹੈ। ਹਰ ਸਿਤਾਰੇ ਵਿਚ ਕੀ ਹੋ ਰਿਹਾ ਹੈ ? ਮਨੁੱਖ ਨੂੰ ਮਾਲੂਮ ਨਹੀਂ। ਹਰ

ਸਿਤਾਰੇ ਨੂੰ ਪੂਰੀ ਹਾਲਤ ਵਿਚ ਕਾਇਮ ਰਖਣ ਵਾਸਤੇ ਕੁਦਰਤੀ ਸ਼ਕਤੀ ਕੰਮ ਕਰ ਰਹੀ ਹੈ। ਕੋਈ ਵਿਘਨ ਨਹੀਂ ਆਉਂਦਾ। ਸਿਤਾਰੇ ਬੜੀ ਤੇਜ਼ੀ ਨਾਲ ਆਪਣੇ ਇਰਦ-ਗਿਰਦ ਘੁੰਮ ਰਹੇ ਹਨ ਤੇ ਬੜੀ ਤੇਜ਼ ਰਫਤਾਰ ਨਾਲ ਦੌੜ ਰਹੇ ਹਨ, ਪਰ ਇੰਤਜ਼ਾਮ ਐਸਾ ਪੂਰਾ ਹੈ ਕਿ ਕੋਈ ਸਿਤਾਰਾ ਇਕ ਦੂਜੇ ਨਾਲ ਨਹੀਂ ਟਕਰਾਂਦਾ। ਨਾ ਹੀ ਜਗ੍ਹਾ ਬਦਲਦਾ ਹੈ ਅਤੇ ਨਾ ਹੀ ਦੂਜੇ ਸਿਤਾਰਿਆਂ ਕੋਲੋਂ ਫਾਸਲਾ ਘਟ-ਵਧ ਕਰਦਾ ਹੈ। ਹਰ ਸਿਤਾਰੇ ਤੇ ਰੌਸ਼ਨੀ ਪੈ ਰਹੀ ਹੈ, ਜਿਸ ਦੇ ਨਾਲ ਉਹ ਦਿਸ ਰਿਹਾ ਹੈ। ਕਦੀ ਰੌਸ਼ਨੀ ਫੇਲ੍ਹ ਨਹੀਂ ਹੁੰਦੀ। ਸਾਡੀ ਜ਼ਮੀਨ ਵੀ ਇਹਨਾਂ ਬੇਸ਼ੁਮਾਰ ਸਿਤਾਰਿਆਂ ਵਿੱਚ ਇਕ ਸਿਤਾਰਾ ਹੈ। ਆਪਣੀ ਜ਼ਮੀਨ ਦੇ ਵਿਸਥਾਰ ਵਲ ਧਿਆਨ ਕਰ ਕੇ ਜਦ ਬੇਸ਼ੁਮਾਰ ਸਿਤਾਰਿਆਂ ਦੇ ਇੰਤਜ਼ਾਮ ਤੇ ਪਾਲਣ ਨੂੰ ਖਿਆਲ ਵਿਚ ਲਿਆਉਣ ਦੀ ਕੋਸ਼ਿਸ਼ ਕਰੀਏ ਤਾਂ ਇੰਨੀ ਮਹਾਂਸ਼ਕਤੀ ਤੇ ਇੰਤਜ਼ਾਮ ਜ਼ਾਹਰ ਹੁੰਦੇ ਹਨ ਕਿ ਖਿਆਲ ਦੇ ਦਾਇਰੇ ਵਿਚ ਨਹੀਂ ਆ ਸਕਦੇ। ਲਾਚਾਰ ਇਸ ਨੂੰ ਸਮਝੋਂ ਤੇ ਖਿਆਲੋਂ ਬਾਹਰ ਦੇਖ ਕੇ ਛੱਡਣਾ ਪੈਂਦਾ ਹੈ। ਸਾਡੀ ਜ਼ਮੀਨ ਤੇ ਸਮੁੰਦਰ, ਜੰਗਲ, ਦਰਿਆ ਹਨ। ਬੇਸ਼ੁਮਾਰ ਪਰਿੰਦੇ, ਬੇਸ਼ੁਮਾਰ ਸਮੁੰਦਰਾਂ ਦੇ ਜਾਨਵਰ ਤੇ ਬੇਸ਼ੁਮਾਰ ਜੰਗਲਾਂ ਦੇ ਜਾਨਵਰ ਹਨ। ਦਰੱਖਤ ਤੇ ਸਬਜ਼ੀਆਂ ਹਨ। ਮੌਸਮ ਬਦਲ ਰਹੇ ਹਨ। ਦਿਨ ਰਾਤ ਵਾਰੀ-ਵਾਰੀ ਆ ਰਹੇ ਹਨ। ਹੋਰ ਇਸ ਤਰ੍ਹਾਂ ਦੇ ਕਿੰਨੇ ਕੰਮ ਹਨ। ਇਹਨਾਂ ਸਾਰਿਆਂ ਦਾ ਇੰਤਜ਼ਾਮ ਤੇ ਇਹਨਾਂ ਸਾਰਿਆਂ ਨੂੰ ਕਾਇਮ ਰਖਣਾ ਕਿੰਨੀ ਕੁ ਭਾਰੀ ਸ਼ਕਤੀ ਦਾ ਕੰਮ ਹੈ। ਸਾਡੀ ਜ਼ਮੀਨ ਦਾ ਇਤਨਾ ਵਿਸਥਾਰ ਹੈ ਕਿ ਇਸ ਦੀ ਸਮਝ ਨਹੀਂ ਆਉਂਦੀ। ਕਿੱਡੀ ਭਾਰੀ ਸ਼ਕਤੀ ਇਹ ਸਾਰਾ ਕੰਮ ਨਿਰਵਿਘਨ ਕਰ ਰਹੀ ਹੈ, ਉਸ ਦਾ ਅੰਦਾਜ਼ਾ ਨਹੀਂ ਲਗ ਸਕਦਾ। ਜਦ ਬੇਅੰਤ ਸਿਤਾਰਿਆਂ ਦੇ ਇੰਤਜ਼ਾਮ ਵਲ ਖਿਆਲ ਦੁੜਾਇਆ ਜਾਵੇ ਤਾਂ ਮੁਆਮਲਾ ਅਕਲ ਤੇ ਸਮਝ ਦੀ ਹਦ ਤੋਂ ਬਾਹਰ ਹੋ ਜਾਂਦਾ ਹੈ। ਬੇਅੰਤ ਵਾਹਿਗੁਰੂ ਦੇ ਬੇਅੰਤ ਇੰਤਜ਼ਾਮ ਨੂੰ ਸਮਝਣ ਵਾਸਤੇ ਬੇਅੰਤ ਸਮਾਂ, ਬੇਅੰਤ ਅਕਲ ਤੇ ਬੇਅੰਤ ਉਮਰ ਦੀ ਲੋੜ ਹੈ ਜਾਂ ਇਹ ਕਹੋ ਕਿ ਸਮਝਣਾ ਨਾਮੁਮਕਿਨ ਹੈ। ਇਹ ਵਾਹਿਗੁਰੂ ਦੀ ਸੱਚੀ ਪਾਤਸ਼ਾਹੀ ਦਾ ਨਮੂਨਾ ਹੈ। ਪਾਤਸ਼ਾਹੀ ਪੂਰਨ ਹੈ ਤੇ ਹਮੇਸ਼ਾ ਸੱਚੀ ਹੈ।

ਵਾਹਿਗੁਰੂ ਬੜੀ ਭਾਰੀ ਤੇ ਬੇਅੰਤ ਸ਼ਕਤੀ ਹੈ। ਸਾਨੂੰ ਕਿੰਨੀ ਖੁਸ਼ੀ ਹੁੰਦੀ ਹੈ, ਜਦ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਇਹ ਪਤਾ ਲਗਦਾ ਹੈ ਕਿ ਭਗਤਾਂ ਤੇ ਸੰਤਾਂ ਦੀ ਖੋਜ ਨੇ ਇਕ ਸ਼ਕੋਂ ਬਾਹਰ ਤੇ ਕਦੀ ਨਾ ਮਿਟਣ ਵਾਲਾ ਨਤੀਜਾ ਕਢਿਆ ਹੈ। ਇਹ ਸ਼ਕਤੀ (ਵਾਹਿਗੁਰੂ) ਮਨੁੱਖ ਨੂੰ ਆਪਣੀ ਕਿਰਨ, ਆਪਣੀ ਜੋਤ, ਆਪਣਾ ਬੱਚਾ ਬਣਾ ਕੇ ਮਨੁੱਖ ਨਾਲ ਮਾਤਾ-ਪਿਤਾ ਵਾਲਾ

ਪ੍ਰੇਮ ਕਰ ਰਹੀ ਹੈ। ਸਰਬ-ਵਿਆਪੀ ਹੋਣ ਕਰ ਕੇ ਹਰ ਵੇਲੇ ਕੋਲ ਮੌਜੂਦ ਹੈ। ਮਨੁੱਖ ਦਾ ਪੂਰਾ ਧਿਆਨ ਕਰ ਰਹੀ ਹੈ। ਉਸ ਦੀ ਦੁਨੀਆਂ ਨੂੰ ਵਿਘਨ ਤੋਂ ਬਿਨਾ ਚਲਾ ਰਹੀ ਹੈ। ਪਰ ਇਸ ਖੁਸ਼ੀ ਦੇ ਨਾਲ ਉਤਨਾ ਹੀ ਅਫਸੋਸ ਹੈ ਕਿ ਮਨੁੱਖ ਇਸ ਮਾਤਾ-ਪਿਤਾ ਵਾਲੇ ਰਿਸ਼ਤੇ ਤੋਂ ਬੇਖਬਰ ਹੈ ਤੇ ਫਾਇਦਾ ਨਹੀਂ ਉਠਾ ਰਿਹਾ। ਉਹ ਆਪਣੇ ਆਪ ਨੂੰ ਸਭ ਕੰਮਾਂ ਦਾ ਕਰਤਾ ਸਮਝ ਕੇ ਹਨ੍ਹੇਰੇ ਵਿਚ ਘੁੰਮ ਰਿਹਾ ਹੈ, ਹਰ ਕੰਮ ਵਾਹਿਗੁਰੂ ਦੀ ਮਦਦ ਬਿਨਾਂ ਚਲਾਂਦਾ ਹੈ। ਠੋਕਰਾਂ ਖਾਂਦਾ ਹੈ, ਨਾਕਾਮਯਾਬੀ ਨਾਲ ਬਹੁਤੀ ਵਾਰੀ ਹਫ ਕੇ ਬੈਠ ਜਾਂਦਾ ਹੈ। ਆਪਣੀ ਇਨਸਾਨੀ ਅਕਲ ਤੇ ਹਿੰਮਤ ਨੂੰ ਹੋਰ ਤੇਜ਼ ਕਰ ਕੇ ਕਾਮਯਾਬੀ ਦੀ ਉਮੀਦ ਕਰਦਾ ਹੈ, ਪਰ ਹਮੇਸ਼ਾਂ ਦੀ ਯਕੀਨੀ ਦਾ ਕਾਮਯਾਬ ਮਾਲਕ ਨਹੀਂ ਬਣਦਾ। ਜਿੱਤ ਤੇ ਸੁਖ ਥੋੜ੍ਹਾ ਅਤੇ ਹਾਰ ਤੇ ਤਕਲੀਫਾਂ ਜ਼ਿਆਦਾ ਦਾ ਨਤੀਜਾ ਨਿਕਲਦਾ ਹੈ।

ਬਹੁਤ ਥੋੜ੍ਹੇ ਐਸੇ ਹਨ, ਜੋ ਕਿ ਆਤਮਕ-ਸ਼ਕਤੀ ਵਲ ਆਉਣ ਤੇ ਸਮਝਣ ਕਿ ਜੋਹੜੀ ਸ਼ਕਤੀ ਸਾਰੇ ਬ੍ਰਹਿਮੰਡ ਦੇ ਇੰਤਜ਼ਾਮ ਨੂੰ ਨਿਰਵਿਘਨ ਚਲਾ ਰਹੀ ਹੈ, ਕੀ ਉਹ ਸ਼ਕਤੀ ਉਹਨਾਂ ਮਨੁੱਖਾਂ ਦੀ ਛੋਟੀ ਜਿਹੀ ਦੁਨੀਆਂ ਨੂੰ ਨਿਰਵਿਘਨ ਨਹੀਂ ਚਲਾ ਸਕਦੀ ? ਸਮਝ ਆਉਣ ਤੇ ਐਸੇ ਮਨੁੱਖ ਆਪਣੀ ਦੁਨੀਆਂ ਅਨੰਦ ਭਰੀ ਬਣਾ ਲੈਂਦੇ ਹਨ। ਵਾਹਿਗੁਰੂ ਨਾਲ ਹਰ ਵੇਲੇ ਜੁੜੇ ਰਹਿਣ ਨਾਲ ਨਾ ਸਿਰਫ ਇਸ ਦੁਨੀਆਂ ਵਿਚ ਸੌਖੀ ਉਮਰ ਗੁਜ਼ਾਰਦੇ ਹਨ, ਬਲਕਿ ਆਪਣਾ ਪਰਲੋਕ ਵੀ ਸੁਆਰ ਲੈਂਦੇ ਹਨ।

ਵਾਹਿਗੁਰੂ ਦੀ ਸੱਚੀ ਪਾਤਸ਼ਾਹੀ ਦੇ ਨਾਲ-ਨਾਲ ਹੁਣ ਅਸੀਂ ਮਨੁੱਖ ਦੀ ਝੂਠੀ ਪਾਤਸ਼ਾਹੀ ਦੇਖਣੀ ਹੈ। ਮਨੁੱਖ ਦੀ ਪਾਤਸ਼ਾਹੀ ਝੂਠੀ ਇਸ ਵਾਸਤੇ ਹੈ ਕਿ ਹਰ ਵੇਲੇ ਇਸ ਦੀ ਦੁਨਿਆਵੀ ਹਰ ਚੀਜ਼ ਬਦਲ ਰਹੀ ਹੈ। ਵਿਘਨ ਇਸ ਵਿਚ ਨਾਲ-ਨਾਲ ਚਲਦਾ ਹੈ। ਚਿੰਤਾ ਕਦੀ ਪਿਛਾ ਨਹੀਂ ਛੱਡਦੀ। ਹਰ ਕੋਸ਼ਿਸ਼ ਦਾ ਨਤੀਜਾ ਕਾਮਯਾਬੀ ਨਹੀਂ। ਇਸ ਦੀ ਦੁਨੀਆਂ ਦਾ ਹਰ ਨਜ਼ਾਰਾ ਆਖਰ ਖ਼ਤਮ ਹੋ ਜਾਂਦਾ ਹੈ, ਅਲੋਪ ਹੋ ਜਾਂਦਾ ਹੈ। ਇਹ ਸਾਰੇ ਲੱਛਣ ਝੂਠ ਦੇ ਹਨ, ਇਸ ਵਾਸਤੇ ਇਹ ਝੂਠੀ ਪਾਤਸ਼ਾਹੀ ਕਹਾਂਦੀ ਹੈ।

ਮਨੁੱਖ ਵਾਹਿਗੁਰੂ ਨੂੰ ਹਰ ਵੇਲੇ ਗੈਰ-ਹਾਜ਼ਰ ਸਮਝਦਾ ਹੈ। ਆਪਣੇ ਆਪ ਨੂੰ ਹਰ ਕੰਮ ਦਾ ਕਰਤਾ ਜਾਣਦਾ ਹੈ। ਚੂੰਕਿ ਵਾਹਿਗੁਰੂ ਦੀ ਗੈਰ-ਹਾਜ਼ਰੀ ਦੇ ਹਨ੍ਹੇਰੇ ਵਿਚ ਕੁਲ ਕਾਰੋਬਾਰ ਚਲਾਂਦਾ ਹੈ, ਇਸ ਵਾਸਤੇ ਹਰ ਕੰਮ ਵਿਚ ਦੇਰ ਜਾਂ ਬਹੁਤ ਦਫਾ ਨਾਕਾਮਯਾਬੀ ਪੇਸ਼ ਆਉਂਦੀ ਹੈ, ਇਹ ਸਭ ਰੰਗ ਝੂਠ ਦੇ ਹਨ। ਮਨੁੱਖ ਦੇ ਘਰ ਜਦ ਪੁੱਤਰ ਪੈਦਾ ਹੁੰਦਾ ਹੈ, ਤਾਂ ਇਹ ਖੁਸ਼ੀਆਂ ਮਨਾਂਦਾ

ਹੈ, ਜਲਸੇ ਕਰਦਾ ਹੈ, ਤਮਾਸ਼ੇ ਅਰੰਭਦਾ ਹੈ, ਮਿਠਾਈਆਂ ਵੰਡਦਾ ਹੈ। ਬੱਚੇ ਦੀ ਪੈਦਾਇਸ਼ ਦਾ ਕੁਲ ਕਾਰਨ ਆਪ ਨੂੰ ਤੇ ਆਪਣੀ ਔਰਤ ਨੂੰ ਜਾਣਦਾ ਹੈ। ਲੜਕੇ ਨੂੰ ਪਾਲਣ ਦਾ ਇੰਤਜ਼ਾਮ ਆਪ ਤਜਵੀਜ਼ ਕਰਦਾ ਹੈ। ਓ ਭੋਲਿਆ ਬੰਦਿਆ, ਕੀ ਤੂੰ ਨਹੀਂ ਜਾਣਦਾ, ਕਿ ਔਰਤ ਦੇ ਪੇਟ ਦੇ ਅੰਦਰ ਐਸੀ ਹੈਰਤ ਭਰੀ ਸਰੀਰ ਦੀ ਮਸ਼ੀਨ ਕਿਸ ਨੇ ਬਣਾਈ ਹੈ ? ਹਰ ਹਿੱਸਾ ਆਪਣਾ ਪੂਰਾ ਕੰਮ ਕਰ ਕੇ ਮਸ਼ੀਨ ਨੂੰ ਮੁਕੰਮਲ ਤੌਰ ਤੇ ਚਲਾਣ ਦਾ ਕੰਮ ਕਿਸ ਨੇ ਦਸਿਆ ? ਬੱਚੇ ਨੂੰ ਪਾਲਣ ਵਾਸਤੇ ਮਾਂ ਦੇ ਥਣਾਂ ਵਿਚ ਦੁੱਧ ਪੈਦਾ ਕਿਸ ਨੇ ਕੀਤਾ ? ਇਹ ਸਾਰਾ ਕੰਮ ਕਿਸ ਨੇ ਸਿਰੇ ਚੜ੍ਹਾਇਆ ਹੈ ? ਔਰਤ ਨੂੰ ਤਾਂ ਪਤਾ ਹੀ ਨਹੀਂ ਕਿ ਉਸ ਦੇ ਅੰਦਰ ਕੀ ਹੋ ਰਿਹਾ ਹੈ ? ਨਾ ਹੀ ਬੱਚੇ ਦਾ ਜਿਸਮ ਬਨਾਣ ਵਿਚ ਉਸ ਦਾ ਕੁਝ ਦਖ਼ਲ ਹੈ।

ਇਹ ਸਾਰਾ ਕੰਮ ਵਾਹਿਗੁਰੂ ਦੀ ਗੁਪਤ ਸ਼ਕਤੀ ਨੇ ਕੀਤਾ ਹੈ। ਹੁਣ ਬੰਦਿਆ ਤੂੰ ਦੱਸ ਕਿ ਬੱਚਾ ਤੇਰਾ ਹੈ ਕਿ ਵਾਹਿਗੁਰੂ ਦਾ ? ਇਸ ਨੂੰ ਬਨਾਣ ਦਾ ਮਾਲਕ ਕੌਣ ਹੈ ? ਜਦ ਤੇਰਾ ਤੇ ਤੇਰੀ ਔਰਤ ਦਾ ਕੁਝ ਵੀ ਦਖ਼ਲ ਨਹੀਂ ਤਾਂ ਸਚ ਇਹ ਹੈ ਕਿ ਬੱਚਾ ਵਾਹਿਗੁਰੂ ਦਾ ਹੈ, ਉਸ ਨੇ ਆਪਣੇ ਪਰੇਮ ਨਾਲ ਤੈਨੂੰ ਬਖ਼ਸ਼ਿਸ਼ ਕੀਤੀ ਹੈ। ਪਿਆਰ ਬੱਚੇ ਨਾਲ ਪਾ ਦਿਤਾ ਹੈ। ਤੂੰ ਉਸ ਨੂੰ ਪਾਲ। ਦੁਨੀਆਂ ਦਾ ਤੇਰਾ ਸ਼ੁਗਲ ਬਣਾ ਦਿਤਾ ਹੈ। ਵਾਹਿਗੁਰੂ ਦਾ ਸ਼ੁਕਰ ਕਰ ਤੇ ਹਰ ਵੇਲੇ ਸੱਚ ਬੋਲ ਕਿ ਇਸ ਬੱਚੇ ਦਾ ਅਸਲੀ ਪਿਤਾ-ਮਾਤਾ ਵਾਹਿਗੁਰੂ ਹੈ, ਮੈਂ ਦੁਨਿਆਵੀ ਦਿਖਾਵੇ ਦਾ ਪਿਤਾ-ਮਾਤਾ ਹਾਂ। ਅਗਰ ਤੂੰ ਐਸਾ ਕਰੇਂ ਤਾਂ ਬੱਚਾ ਹਮੇਸ਼ਾਂ ਤੰਦਰੁਸਤ ਰਹੇ, ਪੂਰੀ ਤਰੱਕੀ ਕਰੇ, ਹਮੇਸ਼ਾਂ ਕਾਮਯਾਬ ਤੇ ਖੁਸ਼ ਰਹੇ। ਇਹ ਮਨੁੱਖ ਦੀ ਝੂਠੀ ਦੁਨੀਆਂ ਦਾ ਇਕ ਨਮੂਨਾ ਹੈ। ਸੱਚ ਭੁਲਾ ਕੇ ਝੂਠ ਵਿਚ ਘੁੰਮ ਰਿਹਾ ਹੈ।

ਇਸੇ ਤਰ੍ਹਾਂ ਮਨੁੱਖ ਬੱਚੇ ਨੂੰ ਤੇ ਆਪਣੇ ਆਪ ਨੂੰ ਪਾਲਣ ਦਾ ਇੰਤਜ਼ਾਮ ਵੀ ਆਪਣਾ ਹੀ ਸਮਝਦਾ ਹੈ। ਹਾਲਾਂਕਿ ਹਰ ਰੋਜ਼ ਦੇਖ ਰਿਹਾ ਹੈ ਤੇ ਮੂੰਹ ਵਿਚ ਖਾਣਾ ਪਾਣ ਤੇ ਉਸ ਦੇ ਸੁਆਦ ਲੈਣ ਦੇ ਬਾਅਦ ਉਹ ਖਾਣਾ ਕਿਸ ਤਰ੍ਹਾਂ ਹਜ਼ਮ ਹੋ ਕੇ, ਖ਼ੂਨ ਬਣ ਕੇ ਸਾਰੇ ਜਿਸਮ ਨੂੰ ਤਾਕਤ ਦੇਂਦਾ ਹੈ। ਇਸ ਦੀ ਉਸ ਨੂੰ ਖ਼ਬਰ ਨਹੀਂ, ਨਾ ਹੀ ਖਾਣੇ ਦਾ ਲਹੂ ਬਨਾਣ ਵਿਚ ਉਸ ਦਾ ਕੋਈ ਦਖ਼ਲ ਹੈ। ਇਹ ਸਾਰਾ ਕੰਮ ਵਾਹਿਗੁਰੂ ਦੀ ਸ਼ਕਤੀ ਕਰ ਰਹੀ ਹੈ ਪਰ ਮਨੁੱਖ ਕਦੀ ਵੀ ਵਾਹਿਗੁਰੂ ਦਾ ਸ਼ੁਕਰ ਨਹੀ ਕਰਦਾ। ਅਗਰ ਆਪਣੇ ਆਪ ਨੂੰ ਵਾਹਿਗੁਰੂ ਦੀ ਸ਼ਕਤੀ ਨਾਲ ਜੋੜੇ ਤੇ ਉਸ ਨੂੰ ਕਰਤਾ ਮੰਨੇ, ਤਦ ਇਸ ਹਾਜ਼ਮੇ ਦਾ ਇੰਤਜ਼ਾਮ ਨਿਰਵਿਘਨ ਹੋ ਜਾਵੇਗਾ। ਖਾਣੇ ਦੀਆਂ ਕੁਲ ਚੀਜ਼ਾਂ ਜੋ

ਇਹ ਸਮਝਦਾ ਹੈ ਕਿ ਇਹ ਬਾਜ਼ਾਰੋਂ ਖਰੀਦ ਕੇ ਲਿਆਇਆ ਹੈ, ਇਹ ਸਭ ਚੀਜ਼ਾਂ ਵਾਹਿਗੁਰੂ ਦੀ ਪੈਦਾਇਸ਼ ਹਨ। ਜ਼ਮੀਨ ਵਿਚੋਂ ਸਬਜ਼ੀ, ਅਨਾਜ, ਫਲ ਆਦਿ ਪੈਦਾ ਹੋ ਰਿਹਾ ਹੈ। ਭਾਵੇਂ ਇਹ ਬੀਜ ਬੋ ਕੇ ਪਾਣੀ ਦਿੰਦਾ ਹੈ ਪਰ ਬੀਜ ਦਾ ਪੌਦਾ ਬਨਾਣ ਤੇ ਉਹਦੇ ਉਤੇ ਰੰਗ, ਫੁਲ ਤੇ ਫਲ ਲਿਆਉਣੇ ਵਾਹਿਗੁਰੂ ਦਾ ਕੰਮ ਹੈ, ਮਨੁੱਖ ਦਾ ਕੋਈ ਦਖ਼ਲ ਨਹੀਂ।

ਇਸੇ ਤਰ੍ਹਾਂ ਮਨੁੱਖ ਦੀਆਂ ਹੋਰ ਸਭ ਜ਼ਰੂਰਤਾਂ, ਕੋਇਲਾ, ਤੇਲ, ਲੂਣ, ਸੋਨਾ, ਚਾਂਦੀ, ਹੀਰੇ ਆਦਿ ਜ਼ਮੀਨ ਵਿਚੋਂ ਹੀ ਸ਼ਕਤੀ ਨਾਲ ਪੈਦਾ ਹੁੰਦੇ ਹਨ ਅਤੇ ਮਨੁੱਖ ਨੂੰ ਮਿਲਦੇ ਹਨ। ਇਹ ਮਨੁੱਖ ਦੀ ਝੂਠੀ ਦੁਨੀਆਂ ਦਾ ਨਮੂਨਾ ਹੈ। ਭਾਵੇਂ ਇਹ ਤਕਲੀਫਾਂ ਪਾਂਦਾ ਹੈ ਪਰ ਝੂਠ ਦੇ ਚੱਕਰ ਵਿਚੋਂ ਨਹੀਂ ਨਿਕਲਦਾ ਤੇ ਵਾਹਿਗੁਰੂ ਦੀ ਸੱਚੀ ਪਾਤਸ਼ਾਹੀ ਵਲ ਨਹੀਂ ਆਉਂਦਾ।

ਮਨੁੱਖ ਸੱਚੀ ਪਾਤਸ਼ਾਹੀ ਤੇ ਝੂਠੀ ਪਾਤਸ਼ਾਹੀ ਦੋਹਾਂ ਨੂੰ ਦੁਨੀਆਂ ਵਿਚ ਦੇਖ ਰਿਹਾ ਹੈ। ਹਾਲਾਂਕਿ ਝੂਠੀ ਪਾਤਸ਼ਾਹੀ ਸੁਪਨੇ ਵਾਂਗ ਭਾਸਦੀ ਹੈ ਤੇ ਅਸਲੀਅਤ ਕੋਈ ਨਹੀਂ। ਇਸ ਦਾ ਨਜ਼ਾਰਾ ਅਣਹੋਂਦ ਵਿਚ ਹੈ। ਨਿਰੀ ਸੱਚੀ ਪਾਤਸ਼ਾਹੀ ਹੀ ਅਸਲ ਹੈ, ਸਦੀਵ ਹੈ, ਹਰ ਕੰਮ ਇਸ ਦੇ ਵਿਚ ਰਾਸ ਹੈ, ਵਾਹਿਗੁਰੂ ਦੇ ਗਲਤੀ ਤੇ ਵਿਘਨ ਤੋਂ ਖਾਲੀ ਇੰਤਜ਼ਾਮ ਵਿਚ ਇਕ ਪੂਰਨ ਸਚਖੰਡ ਚਲ ਰਿਹਾ ਹੈ, ਜਿਸ ਦੀ ਹਰ ਚੀਜ਼ ਪਹਿਲੇ ਤੋਂ ਹੀ ਪੂਰਨ ਹੈ। ਮਨੁੱਖ ਆਪ ਵੀ ਵਾਹਿਗੁਰੂ ਦੀ ਜੋਤ ਹੋਣ ਕਰ ਕੇ ਪੂਰਨ ਹੈ। ਮਨੁੱਖ ਨੂੰ ਸੋਚਾਂ ਅਤੇ ਚਿੰਤਾਵਾਂ ਦੀ ਵੈਸੇ ਲੋੜ ਹੀ ਨਹੀਂ। ਜੋ ਕੰਮ ਕਰਨਾ ਹੈ ਉਸ ਦਾ ਰਸਤਾ ਤੇ ਵਲ ਆਪੇ ਹੀ ਆਪਣੇ ਅੰਦਰੋਂ ਹੀ ਇਕ ਧੀਮੀ ਆਵਾਜ਼ ਵਿਚੋਂ ਆਉਂਦਾ ਹੈ ਤੇ ਉਹਦੇ ਮੁਤਾਬਕ ਕੰਮ ਕਰਨ ਨਾਲ ਹਮੇਸ਼ਾਂ ਕੰਮ ਰਾਸ ਆਉਂਦਾ ਹੈ ਤੇ ਮਨੁੱਖ ਸਦਾ ਹੀ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਦੌੜ ਭੱਜ, ਡਰ ਫਿਕਰ ਸਭ ਹਟ ਜਾਂਦੇ ਹਨ। ਉਸਨੂੰ ਇਕ ਅਨੰਦ ਭਰੀ ਸੌਖੀ ਜ਼ਿੰਦਗੀ ਗੁਜ਼ਾਰਨ ਦਾ ਵੱਲ ਆਉਂਦਾ ਹੈ ਚੂੰਕਿ ਉਹ ਵਾਹਿਗੁਰੂ ਨੂੰ ਹਰ ਵੇਲੇ ਕੋਲ ਦੇਖਦਾ ਹੈ ਤੇ ਉਸ ਦੀ ਸ਼ਕਤੀ ਨੂੰ ਕੰਮ ਕਰਦਾ ਦੇਖਦਾ ਹੈ, ਇਸ ਲਈ ਵਾਹਿਗੁਰੂ ਨਾਲ ਬੜਾ ਪਿਆਰ ਪੈ ਜਾਂਦਾ ਹੈ ਤੇ ਪਰਲੋਕ ਵੀ ਸੁਧਰ ਜਾਂਦਾ ਹੈ।

ਮਨੁੱਖ ਨੂੰ ਮਾਇਆ (ਵਾਹਿਗੁਰੂ ਦੀ ਗ਼ੈਰ-ਹਾਜ਼ਰੀ) ਦੇ ਹਨੇਰੇ ਵਿਚੋਂ ਨਿਕਲ ਕੇ ਸੱਚੀ ਪਾਤਸ਼ਾਹੀ ਵਿਚ ਕੰਮ ਕਰਨ ਦਾ ਅਭਿਆਸ ਕਰਨਾ ਚਾਹੀਦਾ ਹੈ। ਇਸ ਨਾਲ ਲੋਕ ਅਤੇ ਪਰਲੋਕ ਦੋਵੇਂ ਸੌਰ ਜਾਣਗੇ।

Hints to Girls Seeking Marriages

1. i Do you read Guru Granth Sahib?
If you do, do you understand What it says ?
Do you act up to what it says?
If you wish a harmonious life after marriage, Guru Granth Sahib is the only guide.

ii Do you want a husband of the type you have pictured in your imagination, or you wish husband of God's selection?

iii. In the first case responsibility is your and you may have an uncertain future more or less beyond your control.

iv. In the latter case you are free from responsibility and the result is bound to be harmonious because it is from the action of unerring and Almighty father-mother-God who is Love.

v. If you choose the first, God is more or less out of the picture, if you choose the latter, pray daily as follows :-
My Waheguru my desire is so and so; my human mind is satisfied only with such and such picture, but it is human and is liable to error.
I place it at thy feet, oh Thou Father Love

Waheguru. Change my desirc if necessary, as to eliminate error and then sanction it, Change my human heart as well so as to accord with change. I am Thy ignorant child, illuminate me, guide me.

vi. Pray daily, See that God is present, as He always is and you are addressing Him in right earnest and not as mere in lip service but from your heart.

vii. Educate and raise your consciousness in daily prayer: to see, feel and acknowledge God as Father-Mother Love. Do not doubt that He will not listen to you or that His will can ever be unsuitable to you.

viii. Delay, disappoitment etc. should not find place in your consciousness. If they ever appear, reject them as false and illusionary and they are sure to disappear. Never accept them as real.

ix. In proportion your consciousness is filled with His Love, you will achieve your object.

x. Daily satisfaction and calmness of mind are preliminary signs to show that you are on the right path.

xi. Help from an advanced Atam Science Student or blessing from a Saint in an early stage are very much conductive to early and harmonious results.

xii. In case you are already advanced enough to under-stand Atam Science here is an advanced phase of prayer.

xiii. God is running His universe, in perfection. It is only the mist of Maya or evil which encircles us and does not permit us to see the perfection fully but

shows the perfection in somewhat modified form or imperfect form.

xiv. In His real perfect universe you are created as perfect in every respect. The husband you are seeking is already provided there, a most suitable and a desirable one. You and your husband are one, provided with all necessaries of life in an unceasing flow. You therefore instead of seeking for a husband in prayer, and better see yourself in oneness with your husband in complete harmony and rather in perfection in all respects. See that God's Light, is all around you and mist of Maya or evil has disappeared and you are in 'Sach Khand'.

By keeping this perfection constantly in mind and before you, you will see this very picture manifesting before you reg a suitable husband by your side without much human exertion.

ਉਲਥਾ :-

ਸ਼ਾਦੀ ਦੀਆਂ ਚਾਹਵਾਨ ਬੀਬੀਆਂ ਲਈ ਸੁਭ ਹਿਦਾਇਤਾਂ

੧. ਬੀਬਾ ! ਕੀ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੀਆਂ ਹੋ ? ਜੇ ਆਪ ਕਰਦੀਆਂ ਹੋ, ਤਾਂ ਕੀ ਤੁਸੀਂ ਪਾਠ ਦਾ ਭਾਵ ਵੀ ਸਮਝਦੀਆਂ ਹੋ, ਕਿ ਗੁਰੂ ਗ੍ਰੰਥ ਜੀ ਕੀ ਆਖਦੇ ਹਨ ?

ਜੋ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੁਕਮ ਕਰਦੇ ਹਨ, ਕੀ ਤੁਸੀਂ ਉਸ ਉਤੇ ਅਮਲ ਕਰਦੀਆਂ ਹੋ ?

(ੳ) ਸੁਣੋ ਬੀਬਾ ! ਜੇ ਤੁਸੀਂ ਵਿਆਹ ਪਿਛੋਂ ਆਪਣਾ ਜੀਵਨ ਸੁਖ-ਸ਼ਾਂਤੀ ਭਰਿਆ ਬਤੀਤ ਕਰਨ ਦੀਆਂ ਚਾਹਵਾਨ ਹੋ, ਤਾਂ ਆਪ ਲਈ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸੱਚੀ ਅਗਵਾਈ ਕਰ ਸਕਦੇ ਹਨ।

(ਅ) ਕੀ ਤੁਸੀਂ ਪਤੀ ਉਸ ਕਿਸਮ ਦਾ ਟੋਲਦੀਆਂ ਹੋ ਜਿਸ ਦਾ ਨਕਸ਼ਾ ਤੁਸਾਂ ਆਪਣੇ ਖਿਆਲ ਵਿਚ ਬੰਨ੍ਹਿਆ ਹੋਇਆ ਹੈ, ਜਾਂ ਤੁਸੀਂ ਪਤੀ ਵਾਹਿਗੁਰੂ ਵਲੋਂ ਚੁਣਿਆ ਹੋਇਆ ਚਾਹੁੰਦੀਆਂ ਹੋ ?

(ੲ) ਜੇ ਤਾਂ ਤੁਸੀਂ ਪਹਿਲੀ ਕਿਸਮ ਦਾ ਪਤੀ ਚਾਹੁੰਦੀਆਂ ਹੋ ਤਾਂ ਇਸ ਵਿਚ ਸਾਰੀ ਜ਼ਿੰਮੇਵਾਰੀ ਤੁਹਾਡੀ ਆਪਣੀ ਹੀ ਹੋਵੇਗੀ ਤੇ ਤੁਹਾਡਾ ਭਵਿਖਤ ਜੀਵਨ ਯਕੀਨੀ ਤੌਰ ਤੇ ਸੁਖਾਂ ਭਰਿਆ ਨਹੀਂ ਹੋ ਸਕੇਗਾ ਤੇ ਇਹ ਖੇਡ ਥੋੜ੍ਹੀ ਜਾਂ ਬਹੁਤੀ ਤੁਹਾਡੇ ਕਾਬੂ ਤੋਂ ਬਾਹਰੀ ਹੀ ਚਲੇਗੀ।

(ਸ) ਜੇ ਪਤੀ ਤੁਸੀਂ ਵਾਹਿਗੁਰੂ ਦਾ ਚੁਣਿਆ ਸਵੀਕਾਰ ਕਰੋ, ਤਾਂ ਇਸ ਵਿਚ ਤੁਸੀਂ ਹਰ ਪ੍ਰਕਾਰ ਦੀ ਜ਼ਿੰਮੇਵਾਰੀ ਤੋਂ ਬਰੀ ਹੋਵੋਗੀਆਂ ਤੇ ਇਸ ਦਾ ਸਿੱਟਾ ਜ਼ਰੂਰ ਹਰ ਹਾਲਤ ਵਿਚ ਤੁਹਾਡੇ ਲਈ ਸੁਖਾਂ ਭਰਿਆ ਹੀ ਨਿਕਲੇਗਾ, ਕਿਉਂਕਿ ਫਿਰ ਇਹ ਕਾਰਜ ਸਰਬ-ਸ਼ਕਤੀਮਾਨ ਤੇ ਅਭੁਲ ਵਾਹਿਗੁਰੂ ਦੇ ਹੁਕਮ ਦੁਆਰਾ ਵਰਤੋਂ ਵਿਚ ਆਇਆ ਹੋਵੇਗਾ, ਜੋ ਸਦਾ ਪਰੇਮ ਰੂਪ ਹੈ ਤੇ ਸਾਡਾ ਪਿਤਾ ਅਰ ਮਾਤਾ ਹੈ।

(ਹ) ਜੇ ਤੁਸੀਂ ਪਹਿਲਾਂ ਵਾਂਗ (ਆਪਣੀ ਮਨਮਰਜ਼ੀ ਵਾਲਾ) ਪਤੀ ਪਸੰਦ ਕਰੋ ਤਾਂ ਉਸ ਵਿਚ ਵਾਹਿਗੁਰੂ ਦਾ ਦਖ਼ਲ ਉਕਾ ਨਹੀਂ ਹੋਵੇਗਾ, ਤੇ ਜੇ ਤੁਸੀਂ ਪਿਛਲਾ ਤਰੀਕਾ (ਅਰਥਾਤ ਵਾਹਿਗੁਰੂ ਦੀ ਮਰਜ਼ੀ ਵਾਲਾ) ਪਸੰਦ ਕਰੋ ਤਾਂ ਹਰ ਰੋਜ਼ ਹੇਠ ਲਿਖੇ ਢੰਗ ਅਨੁਸਾਰ ਅਕਾਲ ਪੁਰਖ ਅਗੇ ਬੇਨਤੀ ਕਰਿਆ ਕਰੋ:

"ਹੇ ਮੇਰੇ ਵਾਹਿਗੁਰੂ ! ਮੇਰੀ ਇੱਛਿਆ ਇਸ ਪ੍ਰਕਾਰ ਦੀ ਹੈ, ਮੇਰਾ ਮਨੁਖੀ ਦਿਲ ਇਸ ਕਿਸਮ ਦੇ ਭਾਵ ਵਾਲੇ ਪਤੀ ਦਾ ਚਾਹਵਾਨ ਹੈ, ਪਰ ਚੂੰਕਿ ਇਹ ਦਿਲ ਮਨੁੱਖੀ ਹੈ, ਇਸੇ ਕਰ ਕੇ ਭੁਲਣਹਾਰ ਹੈ।

"ਓ ਪਰੇਮ ਸਰੂਪ ਮੇਰੇ ਪਿਤਾ-ਮਾਤਾ ਵਾਹਿਗੁਰੂ ! ਮੈਂ ਇਹ ਸਭ ਕੁਝ ਤੇਰੇ ਪਵਿਤਰ ਚਰਨਾਂ ਅਗੇ ਰਖਦੀ ਹਾਂ, ਜੇ ਤੂੰ ਯੋਗ ਸਮਝੇਂ ਤਾਂ ਮੇਰੀ ਇੱਛਿਆ ਬਦਲ ਦੇ ਤਾਂ ਜੁ ਇਸ ਵਿਚ ਜੋ ਭੁਲ ਹੈ, ਨਿਕਲ ਜਾਵੇ, ਫਿਰ ਆਪਣੇ ਦਰੋਂ ਇਸ ਦੀ ਪ੍ਰਵਾਨਗੀ ਬਖ਼ਸ਼। ਮੇਰਾ ਮਨੁੱਖੀ ਦਿਲ ਵੀ ਬਦਲ ਦੇ, ਤਾਂ ਜੋ ਉਸ ਤਬਦੀਲੀ ਨੂੰ ਪ੍ਰਵਾਨ ਕਰ ਲਵੇ।"

ਹੇ ਪਿਤਾ ! ਮੈਂ ਤੇਰੀ ਅੰਜਾਣ ਬੱਚੀ ਹਾਂ, ਮੇਰੇ ਹਿਰਦੇ ਅੰਦਰ ਪ੍ਰਕਾਸ਼ ਕਰ ! ਮੈਨੂੰ ਚਾਨਣਾ ਦੇ।"

(ਕ) ਇਹ ਪ੍ਰਾਰਥਨਾ ਹਰ ਰੋਜ਼ ਕਰੋ ਤੇ ਮਨ ਵਿਚ ਚੇਤੇ ਰਖੋ ਕਿ ਵਾਹਿਗੁਰੂ ਤੁਹਾਡੇ ਹਾਜ਼ਰਾ-ਹਜ਼ੂਰ ਹੈ, ਜੈਸਾ ਕਿ ਉਹ ਸਦਾ ਹੁੰਦਾ ਹੈ ਤੇ ਤੁਸੀਂ ਸਚੇ ਹਿਰਦੇ ਨਾਲ ਉਸ ਅਗੇ ਹੀ ਇਹ ਪ੍ਰਾਰਥਨਾ ਕਰ ਰਹੇ ਹੋ। ਇਹ ਬੇਨਤੀ ਨਿਰੀ ਜ਼ਬਾਨੀ ਜ਼ਬਾਨੀ ਹੀ ਨਹੀਂ ਕਰ ਰਹੇ, ਸਗੋਂ ਹਿਰਦੇ ਅੰਦਰੋਂ ਕਰ ਰਹੇ ਹੋ।

(ਖ) ਹਰ ਰੋਜ਼ ਅਰਦਾਸ ਕਰਦਿਆਂ ਹੋਇਆਂ ਆਪਣੀ ਅੰਦਰਲੀ ਸੁਰਤ ਨੂੰ ਸਾਵਧਾਨ ਕਰਦੇ, ਚੜ੍ਹਦੀਆਂ ਕਲਾਂ ਵਿਚ ਲਈ ਤੁਰੇ ਜਾਓ ਤਾਂ ਜੋ ਉਸ ਪਰੇਮ ਸਰੂਪ ਪਿਤਾ-ਮਾਤਾ ਵਾਹਿਗੁਰੂ ਦਾ ਦਰਸ਼ਨ ਕਰ ਸਕੋ। ਉਸ ਦੀ ਹੋਂਦ ਨੂੰ ਮਹਿਸੂਸ ਕਰੋ।

ਇਹ ਸ਼ੱਕ ਭੁਲ ਕੇ ਵੀ ਦਿਲ ਵਿਚ ਨਾ ਲਿਆਓ ਕਿ ਉਹ ਤੁਹਾਡੀ ਅਰਦਾਸ ਨਹੀਂ ਸੁਣੇਗਾ ਜਾਂ ਇਹ ਕਿ ਉਸ ਦੀ ਇੱਛਿਆ ਜਾਂ ਰਜ਼ਾ ਕਦੇ ਤੁਹਾਡੇ ਲਈ ਹਾਨੀਕਾਰਕ ਹੋ ਸਕਦੀ ਹੈ।

(ਗ) ਢਿੱਲ ਜਾਂ ਉਦਾਸੀ ਆਦਿ ਭਾਵ ਤੁਹਾਡੀ ਸੁਰਤ ਅੰਦਰ ਪੈਦਾ ਨਹੀਂ ਹੋਣੇ ਚਾਹੀਦੇ, ਜੇ ਕਦੇ ਉਹ ਪ੍ਰਗਟ ਹੋਣ ਤਾਂ ਉਨ੍ਹਾਂ ਨੂੰ ਨਿਕੰਮੇ ਤੇ ਝੂਠੇ ਸਮਝ ਕੇ ਰੱਦੀ ਖਾਤੇ ਸੁਟ ਦਿਉ—ਫਿਰ ਉਹ ਯਕੀਨਨ ਉਡੰਤ ਹੋ ਜਾਣਗੇ। ਇਨ੍ਹਾਂ ਭਰਮਾਂ ਨੂੰ ਕਦੇ ਵੀ ਅਸਲੀ ਨਾ ਮੰਨੋ।

(ਘ) ਜਿਤਨਾ-ਜਿਤਨਾ ਆਪ ਦਾ ਹਿਰਦਾ ਵਾਹਿਗੁਰੂ ਪਰੇਮ ਨਾਲ ਭਰੀਂਦਾ

ਜਾਵੇਗਾ, ਉਤਨੀ-ਉਤਨੀ ਕਾਮਯਾਬੀ ਆਪਣੇ ਮਨੋਰਥ ਵਿਚ ਪ੍ਰਾਪਤ ਹੁੰਦੀ ਤੁਰੀ ਜਾਵੇਗੀ।

(ਙ) ਹਰ ਰੋਜ਼ ਦਿਲ ਵਿਚ ਸ਼ਾਂਤੀ ਤੇ ਪ੍ਰਸੰਨਤਾ ਭਰੀ ਤਸੱਲੀ ਹੋਣੀ ਇਸ ਗੱਲ ਦੀ ਨਿਸ਼ਾਨੀ ਹੈ ਕਿ ਤੁਸੀਂ ਸਿੱਧੀ ਸੜਕੇ ਤੁਰੇ ਜਾ ਰਹੇ ਹੋ।

(ਚ) ਆਤਮ-ਮਾਰਗ ਦੇ ਪੰਧਾਊ ਗੁਰਮੁਖਾਂ ਤੇ ਸੰਤਾਂ ਦੀ ਮਦਦ ਅਰ ਅਸੀਸ ਪ੍ਰਾਪਤ ਕਰਨੀ, ਅਰੰਭਕ ਅਵਸਥਾ ਵਿਚ ਬੜੀ ਸਹਾਇਤਾ ਕਰਦੀ ਹੈ ਤੇ ਇਸ ਦਵਾਰਾ ਛੇਤੀ ਹੀ ਲਾਭਦਾਇਕ ਨਤੀਜੇ ਹੁੰਦੇ ਹਨ।

(ਛ) ਜੇਕਰ ਆਪ ਆਤਮ-ਗਿਆਨ (ਸਾਇੰਸ) ਦੇ ਰਸਤੇ ਉਤੇ ਕਾਫੀ ਉੱਨਤੀ ਕਰ ਚੁਕੇ ਹੋ ਤਾਂ ਇਸ ਪ੍ਰਾਰਥਨਾ ਸਬੰਧੀ ਉੱਚੀਆਂ ਉਡਾਰੀਆਂ ਦੀ ਰੰਙਣ ਇਸ ਪ੍ਰਕਾਰ ਹੈ :

(ਜ) "ਵਾਹਿਗੁਰੂ ਸਾਰੇ ਬ੍ਰਹਿਮੰਡ ਨੂੰ ਪੂਰਨਤਾ ਦੀ ਅਵਸਥਾ ਅੰਦਰ ਚਲਾ ਰਿਹਾ ਹੈ। ਮਾਇਆ ਜਾਂ ਬਦੀ ਦੀ ਧੁੰਧ ਹੀ ਸਾਨੂੰ ਆਪਣੇ ਘੇਰੇ ਵਿਚ ਢੱਕ ਲੈਂਦੀ ਹੈ ਤੇ ਸਾਨੂੰ ਉਸ ਦੈਵੀ ਪੂਰਨਤਾ ਨੂੰ ਤੱਕਣ ਨਹੀਂ ਦੇਂਦੀ, ਸਗੋਂ ਉਹ ਪੂਰਨਤਾ ਦੀ ਰੰਙਣ ਕੁਝ ਬਦਲੀ ਹੋਈ ਜਾਂ ਅਧੂਰੀ ਦਸ਼ਾ ਵਿਚ ਦਿਖਾਂਦੀ ਹੈ।"

(ਝ) ਵਾਹਿਗੁਰੂ ਨੇ ਆਪਣੇ ਰਚੇ ਪੂਰਨ ਬ੍ਰਹਿਮੰਡ ਅੰਦਰ ਤੁਹਾਨੂੰ ਹਰ ਪਹਿਲੂ ਤੋਂ ਪੂਰਨ ਹੀ ਰਚਿਆ ਹੈ, ਜਿਸ ਪਤੀ ਦੀ ਆਪ ਢੂੰਡ ਵਿਚ ਹੋ, ਉਹ ਅਗੇ ਹੀ ਆਪ ਲਈ ਨੀਯਤ ਹੋ ਚੁਕਾ ਹੈ, ਜੋ ਕਿ ਤੁਹਾਡੇ ਲਈ ਹਰ ਤਰ੍ਹਾਂ ਯੋਗ ਤੇ ਸੁਖਦਾਈ ਹੈ। ਤੁਸੀਂ ਤੇ ਤੁਹਾਡਾ ਪਤੀ ਇਕ ਰੂਪ ਹੋ, ਜ਼ਿੰਦਗੀ ਦੀਆਂ ਲੋੜਾਂ ਸਹਿਤ ਪੂਰਨ ਰੂਪ ਵਿਚ ਹੋ ਤੇ ਇਹ ਅਮਿਟ ਪ੍ਰਵਾਹ ਆਪ ਲਈ ਜਾਰੀ ਹੈ। ਇਸ ਕਰ ਕੇ ਆਪਣੀ ਪ੍ਰਾਰਥਨਾ ਅੰਦਰ ਪਤੀ ਦੀ ਢੂੰਡ ਕਰਨ ਦੀ ਥਾਂ, ਚੰਗੀ ਗੱਲ ਹੈ ਕਿ ਤੁਸੀਂ ਇਹੋ ਚਿਤਵੋ ਤੇ ਵਿਚਾਰੋ ਕਿ ਤੁਸੀਂ ਆਪਣੇ ਕੰਤ ਨਾਲ ਇਕ ਹੋ। ਹਰ ਪਹਿਲੂ ਤੇ ਹਰ ਰੰਗ ਵਿਚ ਪੂਰਾ ਇਕਮਿਕ ਰੂਪ ਹੋਏ ਹੋਏ ਹੋ। ਅੰਤ੍ਰੀਵ-ਨੈਣਾਂ ਨਾਲ ਤਕੋ ਜੁ ਵਾਹਿਗੁਰੂ ਦਾ ਪ੍ਰਕਾਸ਼ ਤੁਹਾਡੇ ਆਲੇ-ਦੁਆਲੇ ਵਿਆਪ ਰਿਹਾ ਹੈ, ਮਾਇਆ ਅਰ ਬਦੀ ਦੀ ਧੁੰਧ ਉਡੰਤ ਹੋ ਗਈ ਹੈ ਤੇ ਤੁਸੀਂ ਉਸ ਜੋਤ ਨਾਲ ਇਕ-ਮਿਕ..........ਰੰਗੇ ਗਏ ਹੋ।

ਇਹ ਪੂਰਨਤਾ ਦਾ ਭਾਵ ਲਗਾਤਾਰ ਅਨੁਭਵ ਅੰਦਰ ਮਨ ਦੇ ਸਾਹਮਣੇ ਰਖਣ ਨਾਲ, ਆਪ ਵੇਖੋਗੇ ਕਿ ਇਹ ਤਸਵੀਰ ਹੂ-ਬ-ਹੂ ਅਮਲੀ ਰੂਪ ਧਾਰ ਕੇ ਤੁਹਾਡੇ ਸਾਹਮਣੇ ਆ ਪਰਗਟ ਹੁੰਦੀ ਹੈ ਤੇ ਤੁਹਾਡੇ ਯੋਗ ਤੇ ਸੁਖਦਾਈ ਪਤੀ ਛੇਤੀ ਹੀ ਬਿਨਾ ਕਿਸੇ ਖੇਚਲ ਅਰ ਮਦਦ ਦੇ, ਤੁਹਾਡਾ ਜੀਵਨ-ਸਾਥੀ ਬਣ ਕੇ ਆ ਹਾਜ਼ਰ ਹੁੰਦਾ ਹੈ।

ਸਾਡੀਆਂ ਅਰਦਾਸਾਂ ਕਬੂਲ ਕਿਉਂ ਨਹੀਂ ਹੁੰਦੀਆਂ

੧. ਇਹ ਕੁਝ ਸੋਚ ਵਾਲੀ ਗੱਲ ਹੈ। ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਾਂ, ਪੜ੍ਹਦੇ ਹਾਂ—ਕਿ "ਜੋ ਜੋ ਕਹੈ ਠਾਕੁਰ ਪਹਿ ਸੇਵਕ ਤਤਕਾਲ ਹੋਇ ਆਵੈ।" ਤਾਂ ਦਿਲ ਬੜਾ ਖੁਸ਼ ਹੁੰਦਾ ਹੈ ਕਿ ਸਾਡੀਆਂ ਕੁਲ ਗਲਾਂ ਮੰਨੀਆਂ ਜਾਣਗੀਆਂ। ਪਰ ਜਦ ਅਸੀਂ ਕੋਈ ਅਰਦਾਸ ਜਾਂ ਮੰਗ ਕਰਦੇ ਹਾਂ ਤੇ ਉਹ ਪੂਰੀ ਨਹੀਂ ਹੁੰਦੀ ਤਾਂ ਦਿਲ ਨਿਰਾਸ ਹੋ ਕੇ ਸੋਚ ਵਿਚ ਪੈ ਜਾਂਦਾ ਹੈ ਕਿ ਕੀ ਗੱਲ ਹੈ ? ਗੁਰੂ ਅਰਜਨ ਦੇਵ ਜੀ ਦਾ ਉਪਰ ਲਿਖਿਆ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ, ਝੂਠ ਨਹੀਂ ਹੋ ਸਕਦਾ। ਵਰਤੋਂ ਵਿਚ ਲਿਆਂਦਾ ਹਮੇਸ਼ਾਂ ਪੂਰਾ ਵੀ ਨਹੀਂ ਹੁੰਦਾ। ਆਓ, ਹੁਣ ਵੇਖੀਏ ਇਸ ਬਾਰੇ ਵਿਚ 'ਆਤਮ ਸਾਇੰਸ' ਕੀ ਮਦਦ ਕਰਦੀ ਹੈ ?

੨. ਸ਼ਬਦ ਵਿਚ ਤਿੰਨ ਚੀਜ਼ਾਂ ਹਨ : ਠਾਕਰ, ਸੇਵਕ ਤੇ ਅਰਦਾਸ। ਆਤਮ-ਸਾਇੰਸ ਦਾ ਫੈਸਲਾ ਹੈ ਕਿ ਜਦ ਤਕ ਏਹ ਤਿੰਨੇ ਚੀਜ਼ਾਂ ਆਪਣੀ ਪੂਰੀ ਸ਼ਕਲ ਵਿਚ ਮਿਲਾਪ ਨਾ ਕਰਨ ਤਦ ਤਕ ਪੂਰਾ ਨਤੀਜਾ ਨਹੀਂ ਨਿਕਲ ਸਕਦਾ। ਇਹ ਆਤਮ ਸਾਇੰਸ ਦਾ ਹੀ ਅਸੂਲ ਨਹੀਂ ਹੈ ਬਲਕਿ ਹਰ ਸਾਇੰਸ ਦਾ ਕਾਨੂੰਨ ਹੈ। ਬਿਜਲੀ ਦੀਆਂ ਦੋ ਤਾਰਾਂ ਜਮ੍ਹਾਂ ਤੇ ਨਫੀ ਜਦ ਤਕ ਆਪਣੀ ਦਰੁਸਤ ਹਾਲਤ ਵਿਚ ਮਿਲਾਪ ਨਹੀਂ ਕਰਦੀਆਂ ਤਦ ਤਕ ਬਿਜਲੀ ਪੈਦਾ ਨਹੀਂ ਹੁੰਦੀ। ਹਾਈਡਰੋਜਨ ਤੇ ਆੱਕਸੀਜਨ, ਦੋ ਹਵਾਵਾਂ ਜਦ ਤਕ ਆਪਣੀ ਪੂਰੀ ਸ਼ਕਲ ਤੇ ਪੂਰੀ ਮਿਕਦਾਰ ਵਿਚ ਨਹੀਂ ਮਿਲਦੀਆਂ ਤਦ ਤਕ ਉਹ ਪਾਣੀ ਦੀ ਸ਼ਕਲ ਵਿਚ ਤਬਦੀਲ ਨਹੀਂ ਹੋਣਗੀਆਂ। ਇਹੀ ਅਸੂਲ ਸਭ ਸਾਇੰਸਾਂ ਦਾ ਹੈ ਤੇ ਇਹੀ ਅਸੂਲ ਆਤਮ ਸਾਇੰਸ ਦਾ ਹੈ। ਆਓ, ਹੁਣ ਦੇਖੀਏ ਠਾਕਰ, ਸੇਵਕ ਤੇ ਅਰਦਾਸ ਦਾ ਕਿਵੇਂ ਮਿਲਾਪ ਹੋਵੇ ਤੇ ਇਸ ਦਾ ਪੂਰਾ ਨਤੀਜਾ ਨਿਕਲੇ ਤੇ ਅਰਦਾਸ ਦਾ ਮੰਗਿਆ ਫਲ ਮਿਲੇ।

੩. ਪਹਿਲੀ ਗੱਲ ਠਾਕਰ ਜਾਂ ਵਾਹਿਗੁਰੂ ਨੂੰ ਪਛਾਨਣ ਦੀ ਹੈ। ਅਸੀਂ ਠਾਕਰ ਤੋਂ ਨਾਵਾਕਫ ਹੀ ਨਹੀਂ ਬਲਕਿ ਉਹਦਾ ਗਲਤ ਸਰੂਪ ਬਣਾ ਕੇ ਉਹਦੇ ਅਗੇ

ਅਰਦਾਸਾਂ ਕਰਦੇ ਹਾਂ। ਅਸੀਂ ਠਾਕਰ ਦਾ ਸਰੂਪ ਆਪਣੇ ਤਜਰਬੇ ਦਾ ਬਣਾਂਦੇ ਹਾਂ। ਇਸ ਨੂੰ ਹਰ ਵੇਲੇ ਦੂਰ ਬੈਠੀ ਹੋਈ ਗੈਰ-ਹਾਜ਼ਰ ਚੀਜ਼ ਸਮਝਦੇ ਹਾਂ। ਜਿਸ ਦਾ ਦਿਲ ਪਥਰ ਹੈ। ਬਹੁਤੀਆਂ ਗਲਾਂ ਵਿਚ ਅਰਦਾਸਾਂ ਕਬੂਲ ਨਹੀਂ ਕਰਦਾ। ਕਿਸੇ ਕਿਸੇ ਗਲ ਦੀ ਸਿਰਫ ਅਰਦਾਸ ਕਬੂਲ ਕਰਦਾ ਹੈ। ਠਾਕਰ ਐਸਾ ਵੀ ਕਰਦਾ ਹੈ ਕਿ ਚੰਗੇ ਭਲੇ ਟਬਰ ਵਿਚੋਂ ਜਿਥੇ ਮਰਦ, ਜ਼ਨਾਨੀ ਤੇ ਬੱਚੇ ਖੁਸ਼ ਜ਼ਿੰਦਗੀ ਗੁਜ਼ਾਰ ਰਹੇ ਹਨ, ਮਰਦ ਨੂੰ ਚੁਕ ਲੈਂਦਾ ਹੈ ਤੇ ਬਾਕੀ ਸਾਰਾ ਟਬਰ ਵੈਰ ਵਹੀਲਾ ਕਰ ਦੇਂਦਾ ਹੈ। ਕਿਸੇ ਟਬਰ ਵਿਚੋਂ ਤੀਵੀਂ ਨੂੰ ਮੌਤ ਦੇ ਕੇ ਉਸ ਟਬਰ ਨੂੰ ਬਰਬਾਦ ਕਰ ਦੇਂਦਾ ਹੈ। ਕਿਧਰੇ ਹੜ੍ਹ ਲਿਆ ਕੇ ਪਿੰਡਾਂ ਤੇ ਪਿੰਡ ਡੋਬ ਦੇਂਦਾ ਹੈ, ਕਿਧਰੇ ਭੁਚਾਲ ਲਿਆ ਕੇ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਦੇਂਦਾ ਹੈ। ਐਸੀ ਤਸਵੀਰ ਠਾਕਰ ਦੀ ਬਣਾ ਕੇ ਅਸੀਂ ਉਸ ਨੂੰ ਇਕ ਬੜੀ ਡਰਾਉਣੀ ਸ਼ਕਲ ਹੀ ਖ਼ਿਆਲ ਕਰਦੇ ਹਾਂ ਤੇ ਹਮੇਸ਼ਾਂ ਓਹਦੇ ਕੋਲੋਂ ਡਰਦੇ ਰਹਿੰਦੇ ਹਾਂ। ਏਹਦੇ ਨਾਲ ਭਾਵੇਂ ਠਾਕਰ ਨੂੰ ਕੁਝ ਚੰਗੇ ਕੰਮਾਂ ਦਾ ਕਰਤਾ ਵੀ ਮੰਨਦੇ ਹਾਂ ਪਰ ਉਸ ਦੇ ਡਰਾਉਣੇ ਕੰਮ ਵੀ ਅਸੀਂ ਭੁਲਾ ਨਹੀਂ ਸਕਦੇ। ਏਹ ਹੈ ਸਰੂਪ ਠਾਕਰ ਦਾ ਜੋ ਕਰੀਬਨ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ।

੪. ਆਉ ਅਸੀਂ ਹੁਣ ਖੋਜ ਕਰੀਏ ਕਿ ਇਹ ਆਮ ਖ਼ਿਆਲ ਖੁਲ੍ਹਾ ਠਾਕਰ ਦਾ ਸਰੂਪ ਠੀਕ ਹੈ ? ਤੇ ਜੇਕਰ ਇਹ ਠੀਕ ਨਹੀਂ ਤਾਂ ਹੋਰ ਠੀਕ ਸਰੂਪ ਕੀ ਹੈ ? ਅਕਲ ਏਸ ਗਲ ਨੂੰ ਮੰਨਦੀ ਹੈ ਕਿ ਜੇਕਰ ਠਾਕਰ ਦੀ ਸਾਨੂੰ ਪਛਾਣ ਨਹੀਂ ਤੇ ਉਹਨੂੰ ਅਸੀਂ ਜਾਣਦੇ ਤੇ ਸਮਝਦੇ ਨਹੀਂ, ਤਾਂ ਮੱਥਾ ਕਿਹਦੇ ਅੱਗੇ ਟੇਕਦੇ ਹਾਂ ? ਅਸੀਂ ਅਰਦਾਸਾਂ ਇਕ ਨਾਵਾਕਫ ਦੇ ਅਗੇ ਪੇਸ਼ ਕਰਕੇ ਉਮੀਦ ਕਰਦੇ ਹਾਂ ਕਿ ਸਾਡੀ ਅਰਦਾਸ ਪੂਰੀ ਕਰੇਗਾ। ਜੇ ਗਲਤ ਸਰੂਪ ਦੇ ਅਗੇ ਮੱਥਾ ਟੇਕੀਏ ਤਾਂ ਜ਼ਰੂਰੀ ਹੈ ਕਿ ਅਰਦਾਸ ਸਾਡੀ ਹੋਰ ਪਾਸੇ ਚਲੀ ਜਾਵੇਗੀ, ਠਾਕਰ ਤਕ ਪਹੁੰਚੇਗੀ ਨਹੀਂ। ਤਾਰ ਉਤੇ ਕਲਕਤੇ ਦੀ ਜਗ੍ਹਾ ਜੇਕਰ ਦਿੱਲੀ ਦਾ ਪਤਾ ਲਿਖ ਦੇਈਏ ਤਾਂ ਉਹਦੇ ਜਵਾਬ ਦੀ ਉਮੀਦ ਨਹੀਂ ਹੋ ਸਕਦੀ। ਸਾਡੀ ਦਿਲ ਦੀ ਤਾਰ ਜੋ ਅਰਦਾਸ ਲੈ ਕੇ ਜਾਂਦੀ ਹੈ, ਉਸ ਦੇ ਉਤੇ ਪਤਾ ਗਲਤ ਹੋਣ ਨਾਲ ਕੋਈ ਜਵਾਬ ਦੀ ਉਮੀਦ ਨਹੀਂ ਕਰਨੀ ਚਾਹੀਦੀ।

੫. ਅੱਛਾ ਹੁਣ ਠਾਕਰ ਦਾ ਦਰੁਸਤ ਸਰੂਪ ਜਾਨਣ ਲਈ ਅਸੀਂ ਕਿਥੇ ਜਾਈਏ ? ਠੀਕ ਸਰੂਪ ਦਾ ਪਤਾ ਉਹਨਾਂ ਤੋਂ ਲਗਦਾ ਹੈ ਜਿਨ੍ਹਾਂ ਠਾਕਰ ਨੂੰ ਦੇਖਿਆ ਹੋਵੇ। ਸਿਵਾਏ ਸੰਤਾਂ-ਮਹਾਤਮਾਂ ਦੇ ਹੋਰ ਕੋਈ ਦਰਵਾਜ਼ਾ ਨਜ਼ਰ ਨਹੀਂ ਆ ਸਕਦਾ। ਪੂਰੀ ਤਸੱਲੀ ਦੇ ਸੰਤ-ਮਹਾਤਮਾਂ ਹੋਰ ਕਿਥੇ ਲਭਣੇ ਹਨ ? ਸਾਨੂੰ

ਠਾਕਰ ਜੀ ਪਾਸੋਂ ਮਿਲਿਆ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੀ ਇਸ ਪਾਸੇ ਦੀ ਸਾਰੀ ਜ਼ਰੂਰਤ ਪੂਰਾ ਕਰਨ ਵਾਸਤੇ ਸਮਰੱਥ ਹੈ। ਆਓ, ਇਹਨਾਂ ਦਾ ਪਾਠ ਕਰੀਏ ਤੇ ਦੇਖੀਏ ਕਿ ਜਿਸ ਵਾਹਿਗੁਰੂ ਅਗੇ ਅਰਦਾਸ ਕਰਨੀ ਹੈ ਉਹਦਾ ਸਰੂਪ ਕੀ ਹੈ ?

੬. ਦਰਬਾਰ ਸਾਹਿਬ ਦਾ ਪਾਠ ਕਰਨ ਨਾਲ ਸਾਨੂੰ ਪਤਾ ਲਗ ਜਾਵੇਗਾ ਕਿ ਠਾਕਰ ਤਾਂ ਪਿਤਾ ਹੈ, ਮਾਤਾ ਹੈ, ਦਿਆਲੂ ਹੈ, ਕ੍ਰਿਪਾਲੂ ਹੈ, ਬਖ਼ਸ਼ਣਹਾਰ ਹੈ, ਦਾਤਾਰ ਹੈ, ਸਰਬ-ਵਿਆਪੀ ਹੈ, ਸਰਬ-ਸ਼ਕਤੀਮਾਨ ਹੈ, ਅੰਤਰਜਾਮੀ ਹੈ, ਸਰਬ-ਦੁਖ ਨਿਵਾਰਕ ਹੈ, ਬੇਅੰਤ ਖ਼ਜ਼ਾਨਿਆਂ ਦਾ ਮਾਲਕ ਹੈ, ਸੁਖ ਤੇ ਅਨੰਦ ਦਾ ਸਰੂਪ ਹੈ ਤੇ ਉਸਦੀਆਂ ਹੋਰ ਅਨੇਕਾਂ ਸਿਫਤਾਂ ਹਨ। ਉਹ ਮੌਤ, ਹੜ੍ਹ ਤੇ ਤੂਫਾਨ ਆਦਿ ਬਰਬਾਦੀਆਂ ਦਾ ਕਾਰਨ ਨਹੀਂ ਹੈ।

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ। ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।

੭. ਅਸੀਂ ਸ੍ਰੀ ਗ੍ਰੰਥ ਸਾਹਿਬ ਵਿਚ ਪੜ੍ਹਦੇ ਹਾਂ :-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।

...

ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ।
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ।

...

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।

...

ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥

...

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।

ਜਿਉਂ-ਜਿਉਂ ਦਰਬਾਰ ਸਾਹਿਬ ਦਾ ਪਾਠ ਕਰਾਂਗੇ ਤਿਉਂ-ਤਿਉਂ ਠਾਕਰ ਦੇ ਦਰੁਸਤ ਸਰੂਪ ਦਾ ਪਤਾ ਲਗੇਗਾ। ਇਹ ਕੋਈ ਇਕ ਜਾਂ ਦੋ ਦਿਨ ਦੀ ਗਲ ਨਹੀਂ ਕਿ ਅਸੀਂ ਸਰੂਪ ਸਮਝ ਸਕੀਏ। ਇਹ ਅਛੀ ਤਰ੍ਹਾਂ ਨਾਲ ਅਭਿਆਸ ਕਰਨ ਨਾਲ ਸਰੂਪ ਸੁਰਤ ਵਿਚ ਬਣੇਗਾ ਤੇ ਸਮਝ ਕੇ ਪਾਠ ਕਰਨ ਤੋਂ ਸਾਨੂੰ ਇਕ ਹੋਰ ਗਲ ਦਾ ਪਤਾ ਲਗਦਾ ਹੈ ਕਿ ਪਹਿਲੀ ਵਾਰੀ ਦੇ ਪਾਠ ਨਾਲ ਕੁਝ ਸਮਝ

ਆਈ ਹੈ। ਦੂਜੀ ਵਾਰੀ ਉਹੋ ਸ਼ਬਦ ਪੜ੍ਹਨ ਨਾਲ ਕੁਝ ਹੋਰ ਉਚੀ ਤੇ ਡੂੰਘੀ ਖ਼ਬਰ ਮਿਲੀ ਹੈ, ਤੀਜੀ ਵਾਰੀ ਕੁਝ ਚਿਰ ਮਗਰੋਂ ਉਹੋ ਸ਼ਬਦ ਪੜ੍ਹਨ ਨਾਲ ਕੁਝ ਹੋਰ ਹੀ ਅਨੋਖਾ ਜਿਹਾ ਰਸ ਤੇ ਪਰੇਮ ਆਵੇਗਾ। ਜਿਉਂ-ਜਿਉਂ ਸ਼ਬਦ ਸਮਝ ਕੇ ਤੇ ਅਰਥਾਂ ਨਾਲ ਪੜ੍ਹੇ ਜਾਣਗੇ, ਤਿਉਂ-ਤਿਉਂ ਗਿਆਨ ਤੇ ਪ੍ਰੇਮ ਵਧਦਾ ਜਾਵੇਗਾ ਤੇ ਠਾਕਰ ਦਾ ਠੀਕ ਸਰੂਪ ਸੁਰਤ ਵਿਚ ਬੈਠਣਾ ਸ਼ੁਰੂ ਹੋ ਜਾਵੇਗਾ। ਜਿਤਨਾ ਇਹ ਸਰੂਪ ਆਪਣੀ ਅਸਲ ਸ਼ਕਲ ਵਿਚ ਨਜ਼ਰ ਆਵੇਗਾ ਉਤਨੀ ਹੀ ਸਾਡੀ ਅਰਦਾਸ ਠੀਕ ਪਤੇ ਤੇ ਪਹੁੰਚੇਗੀ ਅਤੇ ਸੁਣੀ ਜਾਵੇਗੀ।

੮. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਕੇ ਵਾਹਿਗੁਰੂ ਨੂੰ ਪੂਰੇ ਸਰੂਪ ਵਿਚ ਦੇਖਣ ਤੋਂ ਆਪਣਾ ਮਤਲਬ ਮੈਂ ਇਕ ਮਿਸਾਲ ਦੇ ਕੇ ਸਮਝਾਣ ਦੀ ਕੋਸ਼ਿਸ਼ ਕਰਦਾ ਹਾਂ। ਜਦ ਅਸੀਂ ਇਹ ਸ਼ਬਦ ਪੜ੍ਹੀਏ 'ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ' ਤਾਂ ਏਸ ਸ਼ਬਦ ਦੀ ਪੂਰੀ ਸਮਝ ਉਸ ਵੇਲੇ ਤਕ ਆਈ ਹੋਈ ਨਾ ਸਮਝੀਏ, ਜਦ ਤਕ ਵਾਹਿਗੁਰੂ ਪਿਤਾ ਤੇ ਮਾਤਾ ਵਾਂਗ ਸਾਡੇ ਨਾਲ ਪ੍ਰੇਮ ਕਰਦਾ ਨਾ ਭਾਸੇ ਤੇ ਅਸੀਂ ਆਪਣਾ ਸਾਰਾ ਭਰੋਸਾ ਉਹਦੇ ਉਤੇ ਕਰਕੇ ਆਪਣੀਆਂ ਮੰਗਾਂ ਤੇ ਲੋੜਾਂ ਉਹਦੇ ਹਥ ਵਿਚ ਨਾ ਛਡ ਦੇਈਏ ਤੇ ਪੂਰਾ ਯਕੀਨ ਕਰੀਏ ਕਿ ਸਾਡੇ ਸਾਰੇ ਕੰਮਾਂ, ਮੰਗਾਂ ਤੇ ਲੋੜਾਂ ਓਸ ਪ੍ਰੇਮ ਨਾਲ ਪੂਰੀਆਂ ਹੋਣਗੀਆਂ ਜੋ ਇਕ ਸਚੇ ਤੇ ਸਮਰਥ ਪਿਤਾ ਤੇ ਮਾਤਾ ਤੋਂ ਉਮੀਦ ਹੋ ਸਕਦੀ ਹੈ।

੯. ਵਾਹਿਗੁਰੂ ਦਾ ਅਸਲ ਸਰੂਪ ਸਮਝਣ ਵਿਚ ਇਕ ਹੋਰ ਗੱਲ ਸਮਝਣੀ ਜ਼ਰੂਰੀ ਹੈ। ਪਾਠ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਨਹੀਂ ਲਿਖਿਆ ਕਿ ਵਾਹਿਗੁਰੂ ਮਨੁੱਖਾਂ ਦੇ ਬੱਚੇ ਮਾਰ ਦੇਵੇਗਾ ਤੇ ਹੜ੍ਹ ਜਾਂ ਭੂਚਾਲ ਲਿਆ ਕੇ ਤਬਾਹੀ ਕਰ ਦੇਵੇਗਾ, ਏਸ ਕਰਕੇ ਪਾਠਕਾਂ ਨੂੰ ਵਾਹਿਗੁਰੂ ਦਾ ਅਸਲ ਸਰੂਪ ਸਮਝਣ ਦੇ ਵਿਚ ਏਨੀ ਡਰਾਉਣੀ ਸ਼ਕਲ ਨੂੰ ਸੁਰਤ ਵਿਚੋਂ ਬਾਹਰ ਕਢ ਦੇਣਾ ਜ਼ਰੂਰੀ ਹੈ। ਵਾਹਿਗੁਰੂ ਕਦੀ ਵੀ ਡਰਾਉਣੇ ਸਰੂਪ ਨਹੀਂ ਧਾਰਦਾ, ਉਹ ਸਦਾ ਪ੍ਰੇਮ ਹੀ ਪ੍ਰੇਮ ਹੈ।

੧੦. ਇਹ ਸ਼ੰਕਾ ਦਿਲ ਵਿਚ ਜ਼ਰੂਰ ਰਹਿ ਜਾਂਦਾ ਹੈ ਕਿ ਮੌਤ, ਹੜ੍ਹ, ਭੂਚਾਲ ਆਦਿਕ ਕੰਮ ਤਾਂ ਜ਼ਰੂਰ ਹੋ ਰਹੇ ਹਨ ਤੇ ਜੇਕਰ ਵਾਹਿਗੁਰੂ ਏਹਨਾਂ ਦਾ ਕਰਤਾ ਨਹੀਂ ਤਾਂ ਹੋਰ ਕੌਣ ਹੈ ? ਇਹ ਇਕ ਵਿਸਥਾਰ ਵਾਲਾ ਮਜ਼ਮੂਨ ਹੈ, ਛੋਟੀ ਕੀਤਿਆਂ ਪੂਰੀ ਸਮਝ ਨਹੀਂ ਆ ਸਕਦੀ। ਏਥੇ ਏਨਾ ਕਹਿਣਾ ਹੀ ਕਾਫ਼ੀ ਹੋਵੇਗਾ ਕਿ ਇਸ ਦੁਨੀਆਂ ਵਿਚ ਅਸਾਂ ਵਾਹਿਗੁਰੂ ਨੂੰ ਗੈਰ-ਹਾਜ਼ਰ ਸਮਝਿਆ ਹੋਇਆ ਹੈ, ਏਸ ਕਰਕੇ ਉਹਦੇ ਨੂਰ ਦਾ ਚਾਨਣ ਸਾਨੂੰ ਨਹੀਂ ਦਿਸਦਾ। ਵਾਹਿਗੁਰੂ ਦੀ ਗੈਰ-ਹਾਜ਼ਰੀ ਦਾ ਨਾਮ ਮਾਇਆ (ਕਾਲਾ ਅੰਧੇਰਾ) ਹੈ, ਅਸੀਂ ਏਸ ਹਨੇਰੇ

ਵਿਚ ਲਪੇਟੇ ਹੋਏ ਕੰਮ ਕਰ ਰਹੇ ਹਾਂ। ਬੀਮਾਰੀ, ਮੌਤ, ਪਾਪ, ਹੜ੍ਹ, ਭੂਚਾਲ ਆਦਿ ਖ਼ਤਰੇ, ਮਾਇਆ ਦੀ ਪੈਦਾਇਸ਼ ਹਨ। ਨਾਮ ਦਾ ਚਾਨਣ ਹੋਣ ਨਾਲ ਹਨੇਰੇ ਦੇ ਸਾਡੇ ਸਾਰੇ ਖ਼ਤਰੇ ਹਟ ਜਾਂਦੇ ਹਨ।

ਅਗਨਿ ਸਾਗਰੁ ਮਹਾ ਵਿਆਪੈ ਮਾਇਆ।
ਸੇ ਸੀਤਲ ਜਿਨ ਸਤਿਗੁਰੁ ਪਾਇਆ।

...

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।

੧੧. ਇਹ ਤਾਂ ਹੋਇਆ ਵਾਹਿਗੁਰੂ ਨੂੰ ਅਸਲ ਸਰੂਪ ਵਿਚ ਦੇਖਣ ਦਾ ਯਤਨ।

੧੨. ਹੁਣ ਇਹ ਦੇਖਣਾ ਹੈ ਕਿ ਸੇਵਕ ਨੂੰ ਵਾਹਿਗੁਰੂ ਦੇ ਅਗੇ ਅਰਦਾਸ ਕਰਨ ਲਗਿਆਂ ਕਿਸ ਸਰੂਪ ਜਾਂ ਹਾਲਤ ਵਿਚ ਪੇਸ਼ ਹੋਣਾ ਚਾਹੀਦਾ ਹੈ ? ਏਸ ਗੱਲ ਦਾ ਨਿਰਨਾ ਵੀ ਦਰਬਾਰ ਸਾਹਿਬ ਦੇ ਪਾਠ ਕਰਨ ਨਾਲ ਹੀ ਹੋਵੇਗਾ। ਪਾਠ ਕਰਨ ਤੋਂ ਇਹ ਪਤਾ ਲਗੇਗਾ ਕਿ ਸੇਵਕ ਤਿੰਨਾਂ ਸਰੂਪਾਂ ਵਿਚੋਂ ਕਿਸੇ ਇਕ ਸਰੂਪ ਵਿਚ ਬੈਠ ਕੇ ਅਰਦਾਸ ਕਰੇ। ਪਹਿਲਾ ਸਰੂਪ ਮਾਲਕ ਤੇ ਨੌਕਰ ਦਾ ਹੈ, ਦੂਸਰਾ ਪਤੀ ਤੇ ਇਸਤ੍ਰੀ ਦਾ ਤੇ ਤੀਸਰਾ ਪਿਤਾ ਤੇ ਪੁਤਰ ਦਾ।

੧੩. ਅਸੀਂ ਆਮ ਤੌਰ ਤੇ ਸ਼ੁਰੂ ਵਿਚ ਪਹਿਲੇ ਸਰੂਪ ਵਿਚ ਦਾਖ਼ਲ ਹੁੰਦੇ ਹਾਂ, ਕਿਉਂਕਿ ਪ੍ਰੇਮ ਅਜੇ ਤਕ ਸਾਡੇ ਵਿਚ ਪੈਦਾ ਨਹੀਂ ਹੋਇਆ ਹੁੰਦਾ। ਪਾਠ ਕਰ ਕੇ ਤੇ ਚੰਗੇ ਕੰਮ ਕਰ ਕੇ ਆਪਣੀਆਂ ਦੁਨਿਆਵੀ ਔਕੜਾਂ, ਥੁੜ੍ਹਾਂ ਤੇ ਜ਼ਰੂਰਤਾਂ ਦੇ ਪੂਰੇ ਹੋਣ ਦੀ ਹੀ ਅਰਦਾਸ ਕਰਦੇ ਹਾਂ ਤੇ ਜਿਸ ਤਰ੍ਹਾਂ ਨੌਕਰ ਆਪਣੀ ਸੇਵਾ ਦੇ ਫਲ ਦੀ ਅੱਛੇ ਮਾਲਕ ਕੋਲੋਂ ਉਮੀਦ ਕਰਦਾ ਹੈ, ਉਸੇ ਤਰ੍ਹਾਂ ਅਰਦਾਸ ਦੀਆਂ ਮੰਗਾਂ ਦੇ ਨਤੀਜੇ ਨੂੰ ਉਡੀਕਦੇ ਹਾਂ। ਅਰਦਾਸ ਦੀ ਏਸ ਅਵਸਥਾ ਵਿਚ ਸਾਰਾ ਸਹਾਰਾ ਕਰਮਾਂ ਤੇ ਹੁੰਦਾ ਹੈ ਤੇ ਚੂੰਕਿ ਮਨੁੱਖ ਕਦੀ ਵੀ ਪੂਰਨ ਤੌਰ ਤੇ ਕਰਮ ਨਹੀਂ ਕਰ ਸਕਦਾ, ਪਾਪ ਤੇ ਗਲਤੀਆਂ ਜ਼ਰੂਰ ਹੁੰਦੀਆਂ ਹਨ, ਇਸ ਕਰਕੇ ਅਗਰ ਮੰਗ ਸੌਲਾਂ ਆਨੇ ਪੂਰੀ ਨਾ ਹੋਵੇ ਤਾਂ ਹੈਰਾਨ ਤੇ ਨਿਰਾਸ਼ੇ ਨਹੀਂ ਹੋਣਾ ਚਾਹੀਦਾ। ਕਦਮ ਅਗੇ ਵਧਾਣਾ ਜ਼ਰੂਰੀ ਹੈ, ਤੇ ਹੋਰ ਉਚੇ ਜਾਣ ਦੀ ਲੋੜ ਹੈ। ਚੰਗੇ ਕੰਮਾਂ ਦਾ ਚੰਗਾ ਫਲ ਜ਼ਰੂਰ ਮਿਲਦਾ ਹੈ ਭਾਵੇਂ ਛੇਤੀ ਭਾਵੇਂ ਦੇਰ ਨਾਲ।

੧੪. ਦੂਸਰਾ ਸਰੂਪ ਜਾਂ ਹਾਲਤ ਇਸਤ੍ਰੀ ਤੇ ਪਤੀ ਦਾ ਹੈ। ਇਸ ਹਾਲਤ ਵਿਚ ਸੇਵਾ ਕਰਨ ਤੋਂ ਇਲਾਵਾ ਪਿਆਰ ਸ਼ਾਮਲ ਹੋ ਜਾਂਦਾ ਹੈ, ਜਿਸ ਦਾ ਨਤੀਜਾ

ਸੇਵਾ ਦੀ ਮਜ਼ੂਰੀ ਵਧ ਮਿਲਦੀ ਹੈ ਤੇ ਕਸੂਰਾਂ ਦੀ ਮਾਫੀ ਹੋ ਜਾਂਦੀ ਹੈ। ਇਸ ਹਾਲਤ ਵਿਚ ਬੈਠਣ ਨਾਲ ਜਦ ਤਕ ਦਿਲੀ ਪਿਆਰ ਦਾ ਦਰਜਾ ਹਾਸਲ ਨਹੀਂ ਹੋ ਜਾਂਦਾ, ਤਦ ਤਕ ਇਸਤ੍ਰੀ ਨਹੀਂ ਬਣ ਸਕੀਦਾ। ਜ਼ਬਾਨੀ ਏਥੇ ਕੋਈ ਹਿਸਾਬ ਨਹੀਂ। ਦਿਲਾਂ ਦੀ ਪਰੀਖਿਆ ਹੋਣੀ ਹੈ। ਵਾਹਿਗੁਰੂ ਕਦੇ ਧੋਖੇ ਵਿਚ ਨਹੀਂ ਆ ਸਕਦਾ।

੧੫. ਤੀਸਰਾ ਸਰੂਪ ਜਾਂ ਹਾਲਤ ਪੁਤਰ ਤੇ ਪਿਤਾ ਦੀ ਹੈ। ਇਹ ਸਰੂਪ ਸਭ ਤੋਂ ਉਚਾ ਹੈ। ਇਹਦੇ ਵਿਚ ਆਪਣੀ ਅਕਲ ਚਤੁਰਾਈ ਛਡਣੀ ਪੈਂਦੀ ਹੈ। ਜਿਨਾ ਛੋਟਾ ਬੱਚਾ ਬਣ ਕੇ ਬੈਠੋ, ਓਨੀ ਹੀ ਜਲਦੀ ਪਹੁੰਚ ਹੋਵੇਗੀ। ਇਸਤ੍ਰੀ ਤੇ ਪਤੀ ਦੇ ਪਿਆਰ ਵਿਚ ਕੁਝ ਵਿਰਲ ਪੈਣ ਦੀ ਸ਼ਕਲ ਬਣ ਸਕਦੀ ਹੈ ਪਰ ਏਥੇ ਉਸ ਵਿਰਲ ਦਾ ਡਰ ਬਿਲਕੁਲ ਨਹੀਂ ਹੈ। ਵਾਹਿਗੁਰੂ ਦੀ ਪੈਦਾਇਸ਼ ਹੋਣ ਕਰ ਕੇ ਪੁਤਰ ਦਾ ਦਰਜਾ ਵਿਰਸੇ ਵਿਚ ਸਾਨੂੰ ਮਿਲਿਆ ਹੋਇਆ ਹੈ। ਇਹ ਕੋਈ ਲਾਈ-ਜੋੜੀ ਗੱਲ ਨਹੀਂ। ਬੱਚਾ ਬਣ ਕੇ ਸਹਾਰਾ ਪੂਰਾ ਵਾਹਿਗੁਰੂ ਤੇ ਕਰਨਾ ਜ਼ਰੂਰੀ ਹੈ ਤੇ ਬੱਚੇ ਵਾਂਗ ਜੋ ਕੁਝ ਮਿਲੇ ਸੋ ਬਿਨਾਂ ਇਤਰਾਜ਼ ਜਾਂ ਨਾਰਾਜ਼ਗੀ ਦੇ ਮੰਨਜ਼ੂਰ ਕਰੋ। ਇਹ ਪਿਤਾ ਵਾਹਿਗੁਰੂ ਦਾ ਕੰਮ ਹੈ ਕਿ ਆਪਣੇ ਪਿਆਰੇ ਪੁੱਤਰ ਦੀ ਕਿਸੇ ਗੱਲ ਨੂੰ ਭੁੰਜੇ ਨਾ ਪੈਣ ਦੇਵੇ।

੧੬. ਇਹ ਖ਼ਿਆਲ ਰਹੇ ਕਿ ਇਹਨਾਂ ਤਿੰਨਾਂ ਸਰੂਪਾਂ ਵਿਚ ਅਸੀਂ ਵਾਹਿਗੁਰੂ ਨੂੰ ਨਹੀਂ ਬਦਲ ਰਹੇ। ਵਾਹਿਗੁਰੂ ਇਕ ਨਾ ਬਦਲਣ ਵਾਲੀ ਤੇ ਹਮੇਸ਼ਾਂ ਕਾਇਮ ਰਹਿਣ ਵਾਲੀ ਹਸਤੀ ਹੈ, ਜੋ ਹਮੇਸ਼ਾ ਇਕ ਤਾਰ ਸੰਪੂਰਨਤਾ ਵਿਚ ਰਹਿੰਦੀ ਹੈ। ਉਹਦਾ ਪ੍ਰੇਮ ਹਰ ਵਕਤ ਚਲ ਰਿਹਾ ਹੈ ਤੇ ਉਹਦੇ ਪਿਆਰ ਦੇ ਹੱਥ ਸਾਨੂੰ ਲੈਣ ਵਾਸਤੇ ਹਰ ਵਕਤ ਫੈਲੇ ਹੋਏ ਹਨ। ਅਸੀਂ ਏਸ ਹਸਤੀ ਨੂੰ ਨਹੀਂ ਬਦਲ ਸਕਦੇ। ਅਸੀਂ ਆਪਣੇ ਆਪ ਨੂੰ ਬਦਲਣਾ ਹੈ।

੧੭. ਅਸੀਂ ਸਮਝਣਾ ਹੈ ਕਿ ਵਾਹਿਗੁਰੂ ਮਾਲਕ ਕਿਸ ਤਰ੍ਹਾਂ ਹੈ ਤੇ ਅਸੀਂ ਨੌਕਰ ਕਿਸ ਤਰ੍ਹਾਂ ਬਣਨਾ ਹੈ ? ਜੇ ਉਹ ਪਤੀ ਹੈ ਤਾਂ ਸਾਡੇ ਪਤੀ ਨਾਲ ਵਰਤਾਰੇ ਦੇ ਕੀ ਤਰੀਕੇ ਹੋਣੇ ਚਾਹੀਦੇ ਹਨ ਤੇ ਜੇਕਰ ਪਿਤਾ ਕਰ ਕੇ ਉਹਨੂੰ ਵੇਖੀਏ ਤਾਂ ਅੰਞਾਣਾ ਪੁੱਤਰ ਬਣ ਕੇ ਆਪਣੇ ਲਾਡ ਕਿਸ ਤਰ੍ਹਾਂ ਮਨਾਣੇ ਹਨ ? ਅਸਾਂ ਇਹ ਸਾਰੀਆਂ ਸਮਝਾਂ ਹਾਸਲ ਕਰਨੀਆਂ ਹਨ। ਵਾਹਿਗੁਰੂ ਨੂੰ ਸਮਝਾਣ ਦੀ ਲੋੜ ਨਹੀਂ ਕਿ ਤੂੰ ਮੇਰਾ ਮਾਲਕ ਬਣ ਜਾਂ ਪਤੀ ਬਣ ਜਾਂ ਪਿਤਾ ਬਣ। ਤੂੰ ਕਿਉਂ ਨਹੀਂ ਬਣਦਾ, ਤੂੰ ਕਿਉਂ ਦੇਰ ਲਗਾ ਰਿਹਾ ਹੈਂ, ਇਹ ਕਹਿਣ ਦੀ ਲੋੜ ਨਹੀਂ ? ਉਹ ਹਰ ਵੇਲੇ ਮਾਲਕ, ਪਤੀ ਜਾਂ ਪਿਤਾ ਹੈ। ਅਸੀਂ ਆਪਣੀ ਸੁਰਤ ਤੇ ਨਿਸਚੇ ਨੂੰ ਦਰੁਸਤ ਕਰਨਾ ਹੈ ਤੇ ਉਹਨੂੰ ਉਹਦੀ ਅਸਲ ਸ਼ਕਲ

ਵਿਚ ਦੇਖਣਾ ਹੈ। ਜੇ ਅਰਦਾਸ ਪੂਰੀ ਨਹੀਂ ਹੋਈ ਤਾਂ ਸਾਡੀ ਸੁਰਤ ਅਜੇ ਹੋਰ ਤਬਦੀਲੀ ਜਾਂ ਤਰੱਕੀ ਦੀ ਲੋੜ ਰਖਦੀ ਹੈ।

੧੮. ਅਸੀਂ ਠਾਕਰ ਤੇ ਸੇਵਕ ਦੇ ਸਰੂਪ ਤੇ ਵਿਚਾਰ ਕਰ ਚੁਕੇ ਹਾਂ। ਹੁਣ ਅਰਦਾਸ ਤੇ ਵਿਚਾਰ ਕਰਨੀ ਹੈ।

੧੯. ਅਰਦਾਸ ਵਿਚ ਜੋ ਮੰਗ ਕਰਨੀ ਹੈ ਸੋ ਪੂਰੀ-ਪੂਰੀ ਵਾਹਿਗੁਰੂ ਦੇ ਅਗੇ ਪੇਸ਼ ਕਰਨ ਵਿਚ ਸ਼ੰਕਾ ਨਹੀਂ ਕਰਨਾ ਚਾਹੀਦਾ। ਅਸਲ ਵਿਚ ਇਹ ਦਿਲਾਂ ਦਾ ਅੰਤਰਜਾਮੀ ਹੈ, ਸਾਡੀ ਮੰਗ ਜ਼ਾਹਿਰ ਕਰਨ ਤੋਂ ਪਹਿਲੇ ਉਸ ਨੂੰ ਪਤਾ ਹੈ। ਭੈੜੀਆਂ ਜਾਂ ਨਾਵਾਜਬ ਮੰਗਾਂ ਨਹੀਂ ਕਰਨੀਆਂ ਚਾਹੀਦੀਆਂ। ਵਾਹਿਗੁਰੂ ਦੀ ਪੂਰੀ ਖੁਸ਼ੀ ਇਸ ਵਿਚ ਹੈ ਕਿ ਮਨੁੱਖ ਦੀ ਮੰਗ ਉਸ ਦੀ ਖ਼ਾਹਿਸ਼ ਮੁਤਾਬਿਕ ਪੂਰੀ ਹੋਵੇ। ਪਰ ਉਸ ਨੂੰ ਪਤਾ ਹੈ ਕਿ ਮੇਰੇ ਬਚੇ ਗਲਤੀਆਂ ਜ਼ਰੂਰ ਕਰਨਗੇ, ਇਸ ਵਾਸਤੇ ਵਾਹਿਗੁਰੂ ਖ਼ਾਹਿਸ਼ ਮੰਨਜ਼ੂਰ ਕਰਨ ਤੋਂ ਪਹਿਲੇ ਕੁਝ ਗਲਤੀਆਂ ਮੰਗ ਵਿਚੋਂ ਕੱਢ ਕੇ ਮੰਗ ਮੰਨਜ਼ੂਰ ਕਰਦਾ ਹੈ।

੨੦. ਅਭਿਆਸੀ, ਜਿਸ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ, ਉਸ ਦੀ ਕੋਈ ਮੰਗ ਗਲਤ ਨਹੀਂ ਨਿਕਲ ਸਕਦੀ ਤੇ ਨਾ ਹੀ ਕੋਈ ਮੰਗ ਪੂਰੀ ਹੋਣ ਤੋਂ ਬਗੈਰ ਰਹਿ ਸਕਦੀ ਹੈ। ਉਸ ਦੀ ਮੰਗ ਤੇ ਮੰਗ ਦਾ ਪੂਰਾ ਹੋਣਾ ਦੋ ਗੱਲਾਂ ਨਹੀਂ ਹੁੰਦੀਆਂ ਬਲਕਿ ਇਕੋ ਗੱਲ ਹੁੰਦੀ ਹੈ। ਮੰਗ ਤੇ ਉਹਦੇ ਪੂਰੇ ਹੋਣ ਵਿਚ ਕੋਈ ਵਕਤ ਨਹੀਂ ਲਗਦਾ, ਨਾ ਹੀ ਕੋਈ ਮੰਗ ਖ਼ਾਲੀ ਜਾਂਦੀ ਹੈ। ਅਖ਼ੀਰ ਉਹਦੀ ਸੁਰਤ ਐਨੀ ਉੱਚੀ ਹੁੰਦੀ ਹੈ ਕਿ ਉਸ ਨੂੰ ਮੰਗ ਕਰਨੀ ਹੀ ਨਹੀਂ ਪੈਂਦੀ। ਸੁਰਤ ਵਿਚ ਖ਼ਾਹਿਸ਼ ਪੈਦਾ ਹੋਣ ਨਾਲ ਹੀ ਪਰਤੱਖ ਪੂਰੀ ਹੋ ਜਾਂਦੀ ਹੈ। ਉਸ ਦੀਆਂ ਮੰਗਾਂ ਖ਼ਤਮ ਹੋ ਜਾਂਦੀਆਂ ਹਨ।

੨੧. ਅਰਦਾਸ ਕਰਨ ਨਾਲ ਇਹ ਸਮਝਣਾ ਕਿ ਅਸੀਂ ਵਾਹਿਗੁਰੂ ਨੂੰ ਬਦਲ ਰਹੇ ਹਾਂ ਅਤੇ ਜਿਹੜਾ ਕੰਮ ਉਸ ਨੇ ਆਪ ਨਹੀਂ ਸੀ ਕਰਨਾ, ਉਹ ਉਸ ਦੇ ਕੋਲੋਂ ਕਰਾਉਣ ਦਾ ਹੀਲਾ ਕਰ ਰਹੇ ਹਾਂ, ਗਲਤੀ ਹੈ। ਵਾਹਿਗੁਰੂ ਇਕ ਨਾ ਬਦਲਣ ਵਾਲੀ ਹਸਤੀ ਹੈ ਤੇ ਉਹ ਆਪਣਾ ਕੰਮ ਸਾਡੇ ਯਾਦ ਕਰਾਣ ਤੋਂ ਬਗੈਰ ਕਰ ਰਿਹਾ ਹੈ। ਅਸੀਂ ਆਪਣੀ ਥਾਂ ਤੋਂ ਘੁਥੇ ਹੋਏ ਉਸ ਦੇ ਕੋਲੋਂ ਦੂਰ ਹੋਏ, ਵਾਹਿਗੁਰੂ ਦੀਆਂ ਮਿਹਰਬਾਨੀਆਂ ਪੂਰੇ ਤੌਰ ਤੇ ਨਹੀਂ ਲੈ ਸਕਦੇ। ਅਰਦਾਸ ਨਾਲ ਅਸੀਂ ਆਪਣੀ ਸੁਰਤ ਨੂੰ ਦਰੁਸਤ ਕਰ ਕੇ ਵਾਹਿਗੁਰੂ ਦੀ ਨਜ਼ਦੀਕੀ ਹਾਸਲ ਕਰਦੇ ਹਾਂ ਤੇ ਆਪਣੀ ਥਾਂ ਤੇ ਪਹੁੰਚ ਕੇ ਉਸ ਦੀਆਂ ਸਾਰੀਆਂ ਮਿਹਰਾਂ ਲੈਂਦੇ ਹਾਂ, ਇਸ ਵਾਸਤੇ ਅਸੀਂ ਆਪਣਾ ਆਪ ਬਦਲਣਾ ਹੈ ਨਾ ਕਿ ਵਾਹਿਗੁਰੂ ਨੂੰ ਬਦਲਣਾ ਹੈ।

੨੨. ਸੱਚ ਤਾਂ ਇਹ ਹੈ ਕਿ ਅਸੀਂ ਆਪਣੀ ਸੁਰਤ ਨੂੰ ਇਤਨਾ ਦਰੁਸਤ ਕਰੀਏ ਕਿ ਵਾਹਿਗੁਰੂ ਨੂੰ ਪੂਰੀ ਤਰ੍ਹਾਂ ਨਾਲ ਪਿਤਾ, ਮਾਤਾ, ਬਖ਼ਸ਼ਣਹਾਰ, ਦਾਤਾਰ, ਦਿਆਲੂ ਤੇ ਕਿਰਪਾਲੂ ਵੇਖੀਏ ਤੇ ਉਸ ਦੀ ਗੋਦ ਵਿਚ ਬੈਠੀਏ। ਸਾਡੀਆਂ ਕੁਲ ਅਰਦਾਸਾਂ ਇਸ ਤ੍ਰਹਾਂ ਕਹਿਣ ਤੋਂ ਬਗੈਰ ਆਪੇ ਪੂਰੀਆਂ ਹੋਣਗੀਆਂ।

੨੩. ਪਾਪ ਬਖ਼ਸ਼ਵਾਣ ਲਈ ਇਹ ਜ਼ਰੂਰੀ ਹੈ ਕਿ ਸਾਡੇ ਅੰਦਰੋਂ ਪਾਪ ਕਰਨ ਦੀ ਰੁਚੀ ਅਗੋਂ ਵਾਸਤੇ ਹਟ ਜਾਵੇ। ਪਾਪ ਦੀ ਸਜ਼ਾ ਮਿਲਦੀ ਹੈ ਪਰ ਵਾਹਿਗੁਰੂ ਦੀ ਸ਼ਰਨ ਆਇਆਂ ਮਾਫ਼ੀ ਹੋ ਸਕਦੀ ਹੈ। ਮਾਫ਼ੀ ਤਾਂ ਹੁੰਦੀ ਹੈ, ਜਦ ਕਿ ਪਸ਼ਚਾਤਾਪ ਦੀ ਸੱਚੀ ਲਹਿਰ ਹਿਰਦਾ ਸਾਫ਼ ਕਰ ਦੇਵੇ। ਜਦ ਤਕ ਪਾਪ ਦੀ ਅੰਸ਼ ਮਨ ਵਿਚ ਰਹੇਗੀ, ਸਜ਼ਾ ਬਰਾਬਰ ਕਾਇਮ ਰਹੇਗੀ ਤੇ ਭੁਗਤਣੀ ਪਏਗੀ। ਇਕ ਵਾਰ ਦੀ ਸਜ਼ਾ ਨਾਲ ਜੇ ਮਨ ਸਾਫ਼ ਨਾ ਹੋਵੇ ਤਾਂ ਮੁੜ-ਮੁੜ ਸਜ਼ਾ ਭੁਗਤਣੀ ਪਵੇਗੀ, ਅਰ ਏਹ ਜਾਰੀ ਰਹੇਗੀ, ਜਦ ਤਕ ਪਾਪ ਦੀ ਮੈਲ ਸਾਫ਼ ਨਾ ਹੋ ਜਾਵੇ। ਵਾਹਿਗੁਰੂ ਦਾ ਨਾਮ ਹਿਰਦੇ ਵਿਚ ਵਸਾਣ ਨਾਲ ਮੈਲ ਖ਼ੁਦ-ਬਖ਼ੁਦ ਧੋਤੀ ਜਾਂਦੀ ਹੈ। ਜਿਸ ਤਰ੍ਹਾਂ ਰੋਸ਼ਨੀ ਆਉਣ ਨਾਲ ਹਨੇਰਾ ਆਪੇ ਹੀ ਕੋਸ਼ਿਸ਼ ਤੋਂ ਬਿਨਾਂ ਹਟ ਜਾਂਦਾ ਹੈ, ਏਸੇ ਤਰ੍ਹਾਂ ਨਾਮ ਦੀ ਜ਼ਬਰਦਸਤ ਸ਼ਕਤੀ ਪਾਪ ਨੂੰ ਬਰਬਾਦ ਕਰ ਦੇਂਦੀ ਹੈ। ਜਦ ਪਾਪ ਦੀ ਮੈਲ ਦਿਲੋਂ ਹਟ ਜਾਵੇ ਤਾਂ ਫੇਰ ਭਾਵੇਂ ਸਜ਼ਾ ਮਿਲ ਚੁਕੀ ਹੈ, ਭਾਵੇਂ ਨਹੀਂ ਮਿਲੀ, ਸਜ਼ਾ ਬੰਦ ਹੋ ਜਾਵੇਗੀ।

੨੪. ਅਖ਼ੀਰ ਵਿਚ ਇਕ ਗੱਲ, ਜਿਹੜੀ ਬੜੀ ਜ਼ਰੂਰੀ ਹੈ, ਉਹ ਇਹ ਹੈ ਕਿ ਸ਼ੁਰੂ ਸ਼ੁਰੂ ਵਿਚ ਜਦ ਕਿ ਅਰਦਾਸ ਕਰਨ ਦੀ ਪੂਰੀ ਸਮਝ ਤੇ ਪੂਰਾ ਤਰੀਕਾ ਅਭਿਆਸ ਨਾਲ ਨਹੀਂ ਆਉਂਦਾ, ਤਦ ਤਕ ਸਾਡੀਆਂ ਅਰਦਾਸਾਂ ਸੋਲ੍ਹਾਂ ਆਨੇ ਪੂਰੀਆਂ ਨਹੀਂ ਹੁੰਦੀਆਂ, ਜਾਂ ਕੋਈ ਅਰਦਾਸ ਪੂਰੀ ਹੁੰਦੀ ਹੈ, ਕੋਈ ਨਹੀਂ ਹੁੰਦੀ। ਕੋਈ ਜਲਦੀ ਪੂਰੀ ਹੁੰਦੀ ਹੈ, ਕਿਸੇ ਨੂੰ ਬੜੀ ਦੇਰ ਲਗ ਜਾਂਦੀ ਹੈ। ਇਸ ਦਾ ਕਾਰਨ ਵਾਹਿਗੁਰੂ ਵਾਲੇ ਪਾਸੇ ਕੋਈ ਨੁਕਸ ਜਾਂ ਕਮੀ ਨਹੀਂ ਹੈ। ਵਾਹਿਗੁਰੂ ਵਿਚ ਕੋਈ ਅਦਲਾ-ਬਦਲੀ ਨਹੀਂ ਹੋ ਸਕਦੀ। ਉਹ ਸਦਾ ਹੀ ਪਿਤਾ ਤੇ ਮਾਤਾ ਹੈ, ਸਰਬ-ਸ਼ਕਤੀਮਾਨ ਹੈ, ਸਦਾ ਦਿਆਲੂ ਹੈ, ਸਦਾ ਬਖ਼ਸ਼ਣਹਾਰ ਹੈ। ਕਦੀ ਵੀ ਉਸ ਦੀ ਮੇਹਰਬਾਨੀ ਵਿਚ ਸ਼ਕ ਨਹੀਂ ਕਰਨਾ, ਨਾ ਹੀ ਇਹ ਸ਼ੱਕ ਕਰਨਾ ਕਿ ਉਹ ਅਰਦਾਸ ਖ਼ਬਰੇ ਮੰਨਜ਼ੂਰ ਕਰੇਗਾ ਕਿ ਨਹੀਂ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।
(ਗੁਰੂ ਅਰਜਨ ਦੇਵ ਜੀ)

੨੫. ਅਗਰ ਅਰਦਾਸ ਪੂਰੀ ਨਹੀਂ ਹੋਈ ਜਾਂ ਕੁਝ ਕਮੀ ਰਹੀ ਹੈ, ਤਾਂ ਇਹ ਸਾਡੇ ਅਰਦਾਸ ਦੇ ਤਰੀਕੇ ਵਿਚ ਕੁਝ ਫਰਕ ਹੈ। ਵਾਹਿਗੁਰੂ ਨੂੰ ਉਸ ਦੇ ਪੂਰੇ ਸਰਬ-ਗੁਣ ਨਿਧਾਨ ਸਰੂਪ ਵਿਚ ਨਾ ਦੇਖਣਾ ਬਹੁਤ ਦਰਜੇ ਤਕ ਗਲਤੀ ਵਿਚ ਰਖਦਾ ਹੈ। ਮਾਇਆ (ਪ੍ਰਮੇਸ਼ਰ ਦੀ ਗੈਰ-ਹਾਜ਼ਰੀ) ਜਿਸ ਦੇ ਵਿਚ ਅਸੀਂ ਨਿਵਾਸ ਕਰ ਰਹੇ ਹਾਂ, ਝਟ ਸਾਨੂੰ ਨਿਰਾਸ ਕਰ ਦੇਂਦੀ ਹੈ। ਕਦੀ ਕਹਿੰਦੀ ਹੈ ਪ੍ਰਮੇਸ਼ਰ ਹੈ ਹੀ ਨਹੀਂ। ਜੇ ਹੈ ਤੇ ਕਦੀ-ਕਦੀ ਦਿਆਲ ਹੁੰਦਾ ਹੈ, ਹਮੇਸ਼ਾਂ ਨਹੀਂ। ਤੇਰੇ ਐਨੇ ਪਾਪ ਕਿਸ ਤਰ੍ਹਾਂ ਐਵੇਂ ਮਾਫ ਹੋ ਜਾਣਗੇ ? ਤੈਨੂੰ ਅਜੇ ਅਰਦਾਸ ਦਾ ਵਲ ਨਹੀਂ ਆਇਆ ? ਅਰਦਾਸ ਦਾ ਪੂਰਾ ਵਲ ਤੈਨੂੰ ਸਾਰੀ ਉਮਰ ਨਹੀਂ ਆਉਣਾ। ਮਾਇਆ ਦੇ ਇਸ ਤਰ੍ਹਾਂ ਦੇ ਭੁਲੇਖਿਆਂ ਵਿਚ ਆ ਕੇ ਮਨ ਨਹੀਂ ਡੋਲਾਣਾ। ਅਰਦਾਸ ਨਹੀਂ ਛਡਣੀ, ਸਗੋਂ ਜ਼ਿਆਦਾ ਕਰਨੀ। ਭਰੋਸਾ ਵਾਹਿਗੁਰੂ ਤੇ ਘਟ ਨਹੀਂ ਕਰਨਾ। ਮਾਇਆ ਦੀਆਂ ਫਰੇਬੀ ਆਵਾਜ਼ਾਂ ਦੇ ਮਗਰ ਨਹੀਂ ਲਗਣਾ, ਚਾਹੇ ਕਿੰਨੇ ਜ਼ੋਰ ਨਾਲ ਕਿਉਂ ਨਾ ਕਹੇ।

੨੬. ਹਰ ਇਲਮ ਵਿਚ ਸੰਪੂਰਨਤਾ ਪਹਿਲੀ ਵਾਰੀ ਨਹੀਂ ਹੁੰਦੀ। ਹਰ ਇਕ ਤਜਰਬਾ ਉੱਚਾ ਕਰਦਾ ਹੈ ਤੇ ਆਖ਼ਰਕਾਰ ਸੰਪੂਰਨਤਾ ਆ ਜਾਂਦੀ ਹੈ। ਇਸੇ ਤਰ੍ਹਾਂ ਆਤਮਕ ਸਾਇੰਸ ਵਿਚ ਤਜਰਬੇ ਨਾਲ ਹਰ ਅਰਦਾਸ ਪੂਰੀ ਹੁੰਦੀ ਹੈ, ਬਿਰਥਾ ਕਦੀ ਨਹੀਂ ਜਾਂਦੀ।

੨੭. ਇਸ ਮਜ਼ਮੂਨ ਨੂੰ ਖ਼ਤਮ ਕਰਨ ਤੋਂ ਪਹਿਲੇ ਇਕ ਹੋਰ ਅਰਦਾਸ ਵਲ ਪਾਠਕਾਂ ਦੀ ਤਵੱਜੋ ਦਿਲਾਂਦਾ ਹਾਂ। ਪਰ ਮੈਂ ਉਨ੍ਹਾਂ ਪਾਠਕਾਂ ਦੀ ਸੇਵਾ ਵਿਚ ਖ਼ਾਸ ਤੌਰ ਤੇ ਪੇਸ਼ ਕਰਦਾ ਹਾਂ ਜੋ ਨਾਮ ਦੇ ਅਭਿਆਸੀ ਹਨ ਤੇ ਮਹਾਰਾਜ ਦੇ ਨੂਰ ਦੀ ਚਮਕ ਕੁਝ ਉਨ੍ਹਾਂ ਵਿਚ ਹੈ।

੨੮. ਅਸੀਂ ਅਰਦਾਸ ਦੇ ਵਿਸਥਾਰ ਵਿਚ ਅਗੇ ਤਿੰਨ ਵੱਖਰੀਆਂ-ਵੱਖਰੀਆਂ ਚੀਜ਼ਾਂ ਠਾਕਰ, ਸੇਵਕ ਤੇ ਅਰਦਾਸ, ਦੇਖ ਆਏ ਹਾਂ। ਦਰਅਸਲ ਕੁਝ ਹੋਰ ਉੱਚਾ ਜਾਣ ਨਾਲ ਏਹ ਤਿੰਨੇ ਇਕ ਨਜ਼ਰ ਆਉਣਗੀਆਂ। ਠਾਕਰ ਕੋਈ ਸੇਵਕ ਕੋਲੋਂ ਅਲਹਿਦਾ ਚੀਜ਼ ਨਹੀਂ :

ਹਮ ਕਿਛੁ ਨਾਹੀ ਏਕੈ ਓਹੀ। ਆਗੈ ਪਾਛੈ ਏਕੋ ਸੋਈ।
ਨਾਨਕ ਗੁਰਿ ਖੋਏ ਭ੍ਰਮ ਭੰਗਾ। ਹਮ ਓਇ ਮਿਲਿ ਹੋਏ ਇਕ ਰੰਗਾ।
(ਗੁਰੂ ਅਰਜਨ ਦੇਵ ਜੀ)

੨੯. ਜਿਸ ਤਰ੍ਹਾਂ ਸੂਰਜ ਦੀਆਂ ਕਿਰਨਾਂ ਸੂਰਜ ਨਾਲੋਂ ਕੋਈ ਵਖਰੀ ਚੀਜ਼ ਨਹੀ ਸਗੋਂ ਸੂਰਜ ਦਾ ਸਰੂਪ ਹਨ ਤੇ ਸੂਰਜ ਨੂੰ ਜ਼ਾਹਿਰ ਕਰ ਰਹੀਆਂ ਹਨ ਤੇ ਸੂਰਜ ਦੇ ਸਾਰੇ ਗੁਣ-ਮਸਲਨ ਚਮਕ, ਗਰਮੀ, ਰੋਸ਼ਨੀ, ਅਨਾਜ ਪਕਾਣ ਦਾ

ਬਲ ਆਦਿ ਇਹਨਾਂ ਕਿਰਨਾਂ ਵਿਚ ਮੌਜੂਦ ਹੈ. ਏਸੇ ਤਰ੍ਹਾਂ ਮਨੁੱਖ ਵਾਹਿਗੁਰੂ ਨਾਲੋਂ ਕੋਈ ਵਖਰੀ ਵਸਤੂ ਨਹੀਂ ਹੈ। ਉਹ ਵਾਹਿਗੁਰੂ ਦਾ ਪੂਰਾ ਸਰੂਪ ਤੇ ਪੂਰਾ ਪ੍ਰਕਾਸ਼ ਹੈ। ਜਿਸ ਤਰ੍ਹਾਂ ਸੂਰਜ ਆਪਣੀਆਂ ਕਿਰਨਾਂ ਨੂੰ ਬਿਨਾਂ ਮੰਗ ਕਰਨ ਦੇ ਸਭ ਕੁਝ ਦੇਂਦਾ ਹੈ, ਜਿਸ ਦੇ ਨਾਲ ਕਿਰਨ ਪੂਰੇ ਜੋਬਨ ਵਿਚ ਰਹਿ ਸਕਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਆਪਣੇ ਬੱਚੇ ਅਤੇ ਆਪਣੇ ਪ੍ਰਕਾਸ਼ ਮਨੁੱਖ ਨੂੰ, ਕੁਲ ਜ਼ਰੂਰਤ ਦੀਆਂ ਚੀਜ਼ਾਂ ਹਰ ਸਮੇਂ ਦੇ ਰਿਹਾ ਹੈ। ਮਨੁੱਖ ਨੂੰ ਮੰਗ ਕਰਨ ਦੀ ਲੋੜ ਹੀ ਨਹੀਂ। ਮਨੁੱਖ ਵਾਹਿਗੁਰੂ ਦਾ ਪੂਰਾ ਪ੍ਰਕਾਸ਼ ਹੈ ਤੇ ਵਾਹਿਗੁਰੂ ਆਪਣੇ ਪ੍ਰਕਾਸ਼ ਦੇ ਰਸਤੇ ਮਨੁੱਖ ਦੀ ਹਸਤੀ ਕਾਇਮ ਰਖਦਾ ਹੈ।

੩੦. ਮਨੁੱਖ ਮਾਇਆ ਦੀ ਧੁੰਧ ਵਿਚ ਲਪੇਟਿਆ ਹੋਇਆ ਵਾਹਿਗੁਰੂ ਤੋਂ ਹਰ ਵਕਤ ਮਿਲਣ ਵਾਲੀਆਂ ਵਸਤੂਆਂ ਪੂਰੀ ਤਰ੍ਹਾਂ ਨਹੀਂ ਲੈ ਸਕਦਾ ਤੇ ਆਪਣੇ ਆਪ ਨੂੰ ਵਾਹਿਗੁਰੂ ਤੋਂ ਦੂਰ ਸਮਝਦਾ ਹੈ। ਅਭਿਆਸ ਨਾਲ ਵਾਹਿਗੁਰੂ ਨੂੰ ਤੇ ਆਪਣੇ ਆਪ ਨੂੰ ਸੂਰਜ ਤੇ ਕਿਰਨ ਵਾਂਗ ਮਿਲਿਆ ਹੋਇਆ, ਇਕ ਘੜੀ ਵੀ ਵੱਖ ਨਾ ਹੋਣ ਵਾਲੀ ਹਸਤੀ ਦੇਖਣ ਨਾਲ ਤੇ ਆਪਣੇ ਆਪ ਨੂੰ ਹਰ ਵਕਤ ਅਸਲ ਟਿਕਾਣੇ ਵਿਚ ਬੈਠਿਆਂ ਹੋਇਆਂ ਦੇਖਣ ਨਾਲ, ਮਾਇਆ ਦੀ ਧੁੰਧ ਹਟ ਜਾਂਦੀ ਹੈ ਤੇ ਅਸਲੀ ਸਰੂਪ ਨਜ਼ਰ ਆਉਂਦਾ ਹੈ। ਇਸ ਹਾਲਤ ਵਿਚ ਸਭ ਚੀਜ਼ ਜ਼ਰੂਰਤ ਦੀ ਆਪੇ ਹੀ ਮਿਲਦੀ ਹੈ। ਮੰਗਾਂ ਦੇ ਅਰਦਾਸਾਂ ਦੀ ਲੋੜ ਨਹੀਂ ਰਹਿੰਦੀ। ਅਭਿਆਸ ਇਹ ਕਰਨਾ ਹੈ ਕਿ ਅਸੀਂ ਆਪਣੇ ਆਪ ਨੂੰ ਵਾਹਿਗੁਰੂ ਨਾਲ ਇਕ ਦੇਖਿਆ ਏ ? ਆਪਣਾ ਹਰ ਕੰਮ ਉਹਦੀ ਸ਼ਕਤੀ ਨਾਲ ਹੁੰਦਾ ਦੇਖਿਆ ਏ। ਵਾਹਿਗੁਰੂ ਤੋਂ ਸਿਵਾ ਹੋਰ ਕੋਈ ਸ਼ਕਤੀ ਕਿਸੇ ਕੰਮ ਵਿਚ ਨਜ਼ਰ ਨਾ ਆਵੇ। ਮਾਇਆ ਦਾ ਵਿਚ ਦਖ਼ਲ ਦੇਣਾ, ਹਰ ਕੰਮ ਵਿਚ ਵਿਘਨ ਪਾਣਾ ਬਿਲਕੁਲ ਝੂਠ ਸਮਝਣਾ ਚਾਹੀਦਾ ਹੈ। ਵਾਹਿਗੁਰੂ ਦੀ ਹੋਰ ਵਕਤ ਮੌਜੂਦ ਸ਼ਕਤੀ ਨਾਲ ਮਾਇਆ ਭਸਮ ਕਰਨੀ ਜ਼ਰੂਰੀ ਹੈ।

ਆਪਣੀ ਦੁਨੀਆਂ ਆਪ ਬਣਾਓ

ਮਨੁਖ ਸੌਂ ਜਾਂਦਾ ਹੈ ਤਾਂ ਇਕ ਸੁਪਨਾ ਵੇਖਦਾ ਹੈ। ਬਦਨ ਤਾਂ ਮੰਜੇ ਤੇ ਪਿਆ ਰਹਿੰਦਾ ਹੈ ਪਰ ਖ਼ਿਆਲ ਵਿਚ ਉਹ ਦੂਰ-ਦੂਰ ਦੀ ਸੈਰ ਕਰਦਾ ਹੈ। ਸੁਪਨੇ ਵਿਚ ਉਹ ਤਰ੍ਹਾਂ-ਤਰ੍ਹਾਂ ਦੇ ਰੰਗ ਦੇਖਦਾ ਹੈ। ਉਹ ਕਦੇ ਹੜ੍ਹ ਆਇਆ ਦੇਖਦਾ ਹੈ ਤੇ ਬੜਾ ਡਰਦਾ ਹੈ। ਆਪਣੇ ਆਪ ਨੂੰ ਤੇ ਆਪਣੀ ਜਾਇਦਾਦ ਨੂੰ ਬਚਾਣ ਦੇ ਹੀਲੇ ਕਰਦਾ ਹੈ। ਜਦ ਜਾਗਦਾ ਹੈ ਤਾਂ ਹੈਰਾਨ ਹੋ ਜਾਂਦਾ ਹੈ ਕਿ ਮੈਂ ਤਾ ਐਵੇਂ ਡਰ ਰਿਹਾ ਸਾਂ ਅਸਲ ਵਿਚ ਕੁਝ ਵੀ ਨਹੀਂ। ਫੇਰ ਹੋਰ ਸੁਪਨੇ ਵਿਚ ਆਪਣੇ ਆਪ ਨੂੰ ਇਕ ਸੁੰਦਰ ਬਗੀਚੇ ਵਿਚ ਦੇਖਦਾ ਹੈ। ਦਿਲ ਖ਼ੁਸ਼ ਕਰਨ ਵਾਲੇ ਨਜ਼ਾਰੇ, ਹਰਿਆਵਲ ਦੀ ਤ੍ਰਾਵਟ ਤੇ ਠੰਡੀ ਹਵਾ ਦੇ ਝੋਂਕੇ ਵਿਚ ਬੈਠ ਕੇ ਮਨ ਖ਼ੁਸ਼ ਕਰਦਾ ਹੈ। ਪਰ ਜਦ ਜਾਗਦਾ ਹੈ ਤੇ ਅਫ਼ਸੋਸ ਕਰਦਾ ਹੈ ਕਿ ਮੈਂ ਕਿਉਂ ਜਾਗਿਆ, ਹੋਰ ਕੁਝ ਚਿਰ ਮੌਜ ਲੈਂਦਾ।

ਇਹ ਤਾਂ ਹੈ ਸੁਪਨੇ ਦੀ ਅਵਸਥਾ ਜੋ ਆਮ ਤੌਰ ਤੇ ਹਰ ਸ਼ਖ਼ਸ ਨੂੰ ਵਿਸਦੀ ਹੈ। ਆਓ, ਅਸੀਂ ਇਸੇ ਅਵਸਥਾ ਨੂੰ ਗੂਹੜੀ ਨਜ਼ਰ ਨਾਲ ਦੇਖੀਏ। ਗੌਰ ਕਰਨ ਨਾਲ ਪਤਾ ਲਗੇਗਾ ਕਿ ਮਨੁਖ ਜਿਸ ਦੁਨੀਆਂ ਵਿਚ ਸੁਪਨੇ ਦੀ ਸੈਰ ਕਰਦਾ ਹੈ ਉਹ ਤਾਂ ਇਕ ਧੋਖਾ ਹੀ ਧੋਖਾ ਹੈ। ਸਾਰੀ ਸੁਪਨੇ ਦੀ ਦੁਨੀਆਂ ਰਚੀ ਹੋਈ ਤਾਂ ਮਨੁਖ ਦੀ ਆਪਣੀ ਹੈ। ਆਪ ਤਾਂ ਬਿਸਤਰੇ ਉਤੇ ਲੰਮਾ ਪਿਆ ਹੋਇਆ ਹੈ। ਧੜ ਇਥੇ ਹੈ ਸਿਰਫ਼ ਇਕ ਖ਼ਿਆਲ ਹੀ ਖ਼ਿਆਲ ਅਗੇ ਗਿਆ ਹੋਇਆ ਹੈ। ਪਰ ਸੁਪਨੇ ਵਿਚ ਉਹ ਆਪਣੇ ਆਪ ਨੂੰ ਧੜ ਸਮੇਤ ਮੁਕੰਮਲ ਦੇਖਦਾ ਹੈ। ਕਪੜੇ ਵੀ ਪਾਏ ਹੋਏ ਹਨ। ਜਿਹੜੀ ਦੁਨੀਆਂ ਆਪ ਰਚ ਰਿਹਾ ਹੈ, ਆਪ ਨੂੰ ਉਸ ਤੋਂ ਇਕ ਵਖਰੀ ਚੀਜ਼ ਦੇਖਦਾ ਹੈ ਤਾਂ ਆਪਣੀ ਪੈਦਾ ਕੀਤੀ ਹੋਈ ਚੀਜ਼ ਸਮਝ ਕੇ ਉਹਦੇ ਉਤੇ ਕੋਈ ਹਕੂਮਤ ਨਹੀਂ ਕਰ ਸਕਦਾ, ਬਲਕਿ ਉਹਦੇ ਕੋਲੋਂ ਡਰਦਾ ਹੈ ਤੇ ਉਸ ਨੂੰ ਆਪਣੇ ਆਪ ਤੋਂ ਪ੍ਰਬਲ ਸਮਝਦਾ ਹੈ ਡਰ ਭਾਵੇਂ ਖ਼ਿਆਲ ਹੀ ਖ਼ਿਆਲ ਵਿਚ ਹੈ ਪਰ ਇਤਨਾ ਸਚਾ ਤੇ ਜ਼ੋਰ ਵਾਲਾ ਮਲੂਮ ਹੁੰਦਾ ਹੈ ਕਿ ਜਿਸ ਧੜ ਨੂੰ ਪਿਛੇ ਛਡ ਆਇਆ ਹੈ, ਉਹਦੇ ਉਤੇ ਵੀ

ਅਸਰ ਹੋ ਜਾਂਦਾ ਹੈ। ਦਿਲ ਧੜਕਣ ਲਗ ਜਾਂਦਾ ਹੈ ਤੇ ਡਰ ਨਾਲ ਨੀਂਦ ਖੁਲ੍ਹ ਜਾਂਦੀ ਹੈ।

ਜਾਗ ਕੇ ਕੀ ਦੇਖਦਾ ਹੈ ਕਿ ਨਾ ਤਾਂ ਹੜ੍ਹ ਹੈ, ਨਾ ਉਹਦਾ ਡਰ ਹੈ। ਕਹਿੰਦਾ ਹੈ ਇਹ ਤਾਂ ਕੁਝ ਵੀ ਨਹੀਂ ਸੀ। ਮੇਰਾ ਆਪਣਾ ਖ਼ਿਆਲ ਮੈਨੂੰ ਡਰਾ ਰਿਹਾ ਸੀ। ਸਾਰਾ ਸੁਪਨਾ ਜਿਸ ਨੂੰ ਸੁਪਨੇ ਦੀ ਅਸਵਥਾ ਵਿਚ ਸਚਾ ਦੇਖਦਾ ਸੀ ਝੂਠਾ ਸਾਬਤ ਹੋਇਆ ਹੈ। ਉਹਦੇ ਵਿਚ ਕੋਈ ਅਸਲੀਅਤ, ਜਾਨ ਜਾਂ ਬਲ ਨਹੀਂ ਸੀ। ਪਰ ਭਾਸਦਾ ਜ਼ਰੂਰ ਸੀ ਤੇ ਸੁਪਨੇ ਵਿਚ ਸਚ ਹੀ ਸਚ ਮਲੂਮ ਹੁੰਦਾ ਸੀ। ਮੈਂ ਚਾਹੁੰਦਾ ਤਾਂ ਹੜ੍ਹ ਰੋਕ ਦੇਂਦਾ। ਹੜ੍ਹ ਕੋਲੋਂ ਮਰਜ਼ੀ ਦਾ ਕੰਮ ਲੈਂਦਾ। ਹੜ੍ਹ ਹਟਾ ਕੇ ਸੁਕੀ ਜ਼ਮੀਨ ਇਕ ਮਿੰਟ ਵਿਚ ਪੈਦਾ ਕਰ ਦੇਂਦਾ। ਕਿਉਂਕਿ ਇਹ ਮੇਰਾ ਆਪਣਾ ਖ਼ਿਆਲ ਸੀ ਤੇ ਇਸ ਨੂੰ ਫੇਰਨਾ ਮੇਰੇ ਵਸ ਵਿਚ ਹੈ।

ਏਸੇ ਤਰ੍ਹਾਂ ਮਨੁਖ ਕਹਿੰਦਾ ਜ਼ਰੂਰ ਹੈ ਤੇ ਕਹਿੰਦਾ ਵੀ ਗਲ ਸਚੀ ਹੈ ਪਰ ਸੁਪਨਾ ਦੇਖਣ ਲਗਿਆਂ ਸੁਪਨੇ ਦਾ ਜਾਦੂ ਖ਼ਿਆਲਾਂ ਦੀ ਕੋਈ ਪੇਸ਼ ਨਹੀਂ ਜਾਣ ਦੇਂਦਾ। ਉਹੀ ਬੇਬਸੀ ਦੀ ਹਾਲਤ ਫਿਰ ਸੁਪਨੇ ਵਿਚ ਨਜ਼ਰ ਆਉਂਦੀ ਹੈ।

ਇਹ ਵਿਚਾਰ ਅਸੀਂ ਸੁਪਨੇ ਤੇ ਕਰ ਚੁਕੇ ਹਾਂ। ਇਸ ਤੋਂ ਫ਼ਾਇਦਾ ਉਠਾਣ ਵਾਸਤੇ ਸੋਚ ਨੂੰ ਜ਼ਰਾ ਹੋਰ ਉਚਾ ਕਰੋ ਤੇ ਦੇਖੋ ਕਿ ਕੀ ਐਸਾ ਕਰ ਸਕਦੇ ਹਾਂ ਕਿ ਸੁਪਨਾ ਜਾਗ ਕੇ ਦੇਖੀਏ ਤੇ ਆਪਣਾ ਹਰ ਖਿਆਲ ਆਪਣੇ ਵਸ ਵਿਚ ਚਲਾ ਕੇ ਸੁਪਨੇ ਵਿਚ ਆਪਣੀ ਦੁਨੀਆਂ ਆਪਣੀ ਮਰਜ਼ੀ ਦੀ ਬਣਾਈਏ ?

ਆਓ, ਹੁਣ ਸੁਪਨੇ ਦੀ ਦੁਨੀਆਂ ਤੋਂ ਜਾਗਰਤ ਦੁਨੀਆਂ ਵਿਚ ਚਲੀਏ। ਇਸ ਜਾਗਰਤ ਦੁਨੀਆਂ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਫੈਸਲਾ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।

(ਸਲੋਕ ਮ: ੯)

ਇਹ ਦੁਨੀਆਂ ਬਿਲਕੁਲ ਇਕ ਸੁਪਨਾ ਹੀ ਹੈ, ਇਸ ਵਿਚ ਜ਼ਰਾ ਜਿੰਨਾ ਵੀ ਸ਼ਕ ਨਹੀਂ। ਸੁਪਨੇ ਵਾਂਗ ਇਹ ਦੁਨੀਆਂ ਹਰ ਵੇਲੇ ਬਦਲ ਰਹੀ ਹੈ। ਕੋਈ ਚੀਜ਼ ਇਸ ਦੀ ਕਾਇਮ ਨਹੀਂ। ਮਨੁੱਖ ਇਹ ਦੁਨੀਆਂ ਵੀ ਸੁਪਨੇ ਵਾਂਗ ਬਿਲਕੁਲ ਆਪਣੀ ਰਚੀ ਹੋਈ ਨਹੀਂ ਸਮਝਦਾ, ਆਪ ਨੂੰ ਸਿਰਫ ਉਹਦਾ ਇਕ ਛੋਟਾ ਜਿਹਾ ਹਿਸਾ ਸਮਝਦਾ ਹੈ। ਦੁਨੀਆਂ ਨੂੰ ਆਪਣੇ ਵਸ ਵਿਚ ਨਹੀਂ ਸਮਝਦਾ, ਬਲਕਿ ਆਪਣੇ ਆਪ ਨੂੰ ਦੁਨੀਆ ਦੇ ਵਸ ਵਿਚ ਸਮਝਦਾ ਹੈ। ਬੇ-ਬਸ ਹੋ ਕੇ ਦੁਨੀਆਂ ਦੀਆਂ ਕੁਲ ਤਕਲੀਫ਼ਾਂ ਕਬੂਲ ਕਰਦਾ ਹੈ।

ਜ਼ਰਾ ਗੌਰ ਨਾਲ ਦੇਖੀਏ ਤਾਂ ਸਚਮੁਚ ਇਹ ਦੁਨੀਆਂ ਇਕ ਸੁਪਨੇ ਵਾਂਗ

ਆਪਣੇ ਖ਼ਿਆਲ ਵਿਚ ਵਸ ਰਹੀ ਹੈ। ਜੋ ਚੀਜ਼ ਇਸ ਵਿਚ ਦੇਖੋ ਖ਼ਿਆਲ ਹੀ ਖ਼ਿਆਲ ਹੈ, ਜਿਸ ਨੂੰ ਇਕ ਸ਼ਕਲ ਦਿਤੀ ਗਈ ਹੈ। ਹਰ ਚੀਜ਼ ਤੋਂ ਪਹਿਲੇ ਇਕ ਖ਼ਿਆਲ ਹੈ ਜੋ ਉਸ ਚੀਜ਼ ਨੂੰ ਬਣਾਉਂਦਾ ਹੈ। ਇਹ ਤਸਵੀਰ ਕੀ ਹੈ ? ਸਿਰਫ਼ ਮੁਸੱਵਰ ਦੇ ਖ਼ਿਆਲ ਨੂੰ ਸ਼ਕਲ ਦਿਤੀ ਹੋਈ ਹੈ। ਜਿਸ ਮਕਾਨ ਵਿਚ ਅਸੀਂ ਬੈਠੇ ਹਾਂ ਉਹ ਕੀ ਹੈ ? ਸਿਰਫ਼ ਅਸਾਡਾ ਖ਼ਿਆਲ ਹੈ। ਇਸ ਮਕਾਨ ਦਾ ਨਕਸ਼ਾ, ਕਮਰਿਆਂ ਦੀ ਗਿਣਤੀ, ਲੰਬਾਈ ਚੁੜਾਈ, ਫ਼ਰਸ਼ ਦੀ ਖ਼ੂਬਸੂਰਤੀ, ਗੁਸਲਖ਼ਾਨੇ, ਰਸੋਈਆਂ ਸਭ ਸਾਡੀਆਂ ਜ਼ਰੂਰਤਾਂ ਮੁਜਬ ਅਸੀਂ ਖ਼ਿਆਲੀ ਤਜਵੀਜ਼ਾਂ ਕੀਤੀਆਂ ਤੇ ਬਣਾਈਆਂ।

ਮਕਾਨ ਨੂੰ ਬਨਾਣ ਵਾਲੇ ਮਸਾਲੇ ਮਸਲਨ ਇੱਟਾਂ, ਚੂਨਾ, ਰੰਗ-ਰੋਗਨ, ਦਰਵਾਜ਼ੇ ਇਹ ਵੀ ਸਭ ਖ਼ਿਆਲ ਦੇ ਬਣੇ ਹੋਏ ਹਨ। ਭਾਵੇਂ ਇਹ ਸਾਡੇ ਖ਼ਿਆਲ ਦੇ ਬਣੇ ਹੋਏ ਨਹੀਂ ਪਰ ਦੂਸਰੇ ਲੋਕਾਂ ਦੇ ਖ਼ਿਆਲਾਂ ਦੀਆਂ ਬਣੀਆਂ ਹੋਈਆਂ ਚੀਜ਼ਾਂ ਹਨ। ਅਸੀਂ ਇਹ ਚੀਜ਼ਾਂ ਰੁਪਿਆਂ ਨਾਲ ਖ਼ਰੀਦ ਕੇ ਲਿਆਏ ਹਾਂ ਤੇ ਰੁਪਿਆ ਕਿਥੋਂ ਲਿਆਏ ਹਾਂ ? ਆਪਣੇ ਕਾਰਖ਼ਾਨੇ ਆਪਣੀ ਅਕਲ ਦੇ ਖ਼ਿਆਲ ਨਾਲ ਚਲਾ ਕੇ ਰੁਪਿਆ ਕਮਾਇਆ ਹੈ ਜਾਂ ਆਪਣੀ ਨੌਕਰੀ ਵਿਚ ਆਪਣੀ ਅਕਲ ਤੇ ਖ਼ਿਆਲ ਨਾਲ ਕਮਾਇਆ ਹੈ। ਅਸੀਂ ਆਪਣੀ ਅਕਲ ਤੇ ਖ਼ਿਆਲ ਨਾਲ ਕਮਾਇਆ ਹੋਇਆ ਰੁਪਿਆ ਦੇ ਕੇ ਦੂਜਿਆਂ ਦੇ ਅਕਲ ਤੇ ਖ਼ਿਆਲ, ਇੱਟਾਂ, ਚੂਨਾ ਆਦਿ ਦੀ ਸ਼ਕਲ ਵਿਚ ਲੈ ਆਏ ਹਾਂ। ਇਹ ਇਕ ਖ਼ਿਆਲ ਦਾ ਤਬਾਦਲਾ ਹੈ, ਇਸ ਕਰ ਕੇ ਇੱਟਾਂ, ਚੂਨਾ ਵੀ ਆਪਣੇ ਹੀ ਖ਼ਿਆਲ ਹਨ। ਮਕਾਨ ਦੇ ਵਿਚ ਜੋ-ਜੋ ਚੀਜ਼ਾਂ ਅਸੀਂ ਦੇਖਾਂਗੇ ਗੌਰ ਕਰਨ ਤੇ ਸਾਬਤ ਹੋ ਜਾਵੇਗਾ ਕਿ ਸਭ ਆਪਣੇ ਖ਼ਿਆਲ ਦਾ ਹੀ ਪ੍ਰਕਾਸ਼ ਹੈ। ਖ਼ਿਆਲ ਦੇ ਸਿਵਾ ਹੋਰ ਕੁਝ ਵੀ ਨਹੀਂ।

ਹਮਸਾਇਆਂ ਨਾਲ ਅੱਛਾ ਸੁਭਾਓ, ਪਬਲਿਕ ਨਾਲ ਨੇਕ ਵਰਤਾਰਾ, ਨੌਕਰਾਂ ਤੇ ਅਫਸਰਾਂ ਵਲ ਦਿਆਨਤਦਾਰੀ ਦਾ ਸਬੂਤ ਆਦਿ ਸਾਡੀ ਅੱਛੀ ਦੁਨੀਆਂ ਬਨਾਣਗੇ ਤੇ ਇਸ ਦੇ ਉਲਟ ਕਰਨ ਨਾਲ ਸਾਡੀ ਭੈੜੀ ਦੁਨੀਆਂ ਬਣੇਗੀ। ਇਹ ਸਭ ਸਾਡੇ ਖ਼ਿਆਲ ਦਾ ਹੀ ਪ੍ਰਕਾਸ਼ ਹੈ।

ਵਿਚਾਰ ਨੇ ਇਹ ਹੁਣ ਸਾਨੂੰ ਦਸਿਆ ਹੈ ਕਿ ਜਿਸ ਤਰ੍ਹਾਂ ਸੁਪਨੇ ਦੀ ਦੁਨੀਆਂ ਦੇ ਵਿਚ ਕੁਝ ਵੀ ਅਸਲੀਅਤ ਨਹੀਂ ਹੁੰਦੀ, ਸਿਰਫ਼ ਆਪਣੇ ਹੀ ਖ਼ਿਆਲ ਦਾ ਪ੍ਰਕਾਸ਼ ਹੁੰਦਾ ਹੈ, ਇਸੇ ਤਰ੍ਹਾਂ ਇਹ ਜਾਗ੍ਰਤ ਦੁਨੀਆਂ ਦੇ ਵਿਚ ਵੀ ਕੋਈ ਅਸਲੀਅਤ ਨਹੀਂ, ਆਪਣੇ ਹੀ ਖ਼ਿਆਲ ਦਾ ਪ੍ਰਕਾਸ਼ ਹੈ। ਦੋਵੇਂ ਦੁਨੀਆਂ ਬਿਲਕੁਲ ਅਸਲੀ ਤੇ ਸੱਚੀਆਂ ਮਲੂਮ ਹੁੰਦੀਆਂ ਹਨ ਪਰ ਦੋਵੇਂ ਹੀ ਨਕਲੀ ਤੇ ਝੂਠੀਆਂ ਹਨ।

ਦੋਵੇਂ ਆਪਣੇ ਖ਼ਿਆਲ ਦਾ ਪ੍ਰਕਾਸ਼ ਹੈ ਤੇ ਦੋਵੇਂ ਹੀ ਆਪਣੇ ਵਸ ਵਿਚ ਨਹੀਂ ਚਲਦੀਆਂ ਸਗੋਂ ਅਸੀਂ ਇਹਨਾਂ ਦੇ ਵਸ ਵਿਚ ਹੋਏ ਹੋਏ ਬੀਮਾਰੀਆਂ ਤੇ ਮੁਸੀਬਤਾਂ ਦਾ ਜ਼ਿਕਾਰ ਹੋ ਰਹੇ ਹਾਂ। ਦੋਵੇਂ ਦੁਨੀਆਂ ਆਪਣੀਆਂ ਰਚੀਆਂ ਹੋਈਆਂ ਮਲੂਮ ਨਹੀਂ ਹੁੰਦੀਆਂ ਬਲਕਿ ਰਚਣ ਵਾਲੀ ਕੋਈ ਹੋਰ ਸ਼ਕਤੀ ਭਾਸਦੀ ਹੈ, ਜੋ ਸਾਡੇ ਤੋਂ ਜ਼ਿਆਦਾ ਜ਼ੋਰਾਵਰ ਹੈ ਤੇ ਅਸੀਂ ਉਹਦੀ ਮਤਹਿਤੀ ਵਿਚ ਕੰਮ ਕਰਦੇ ਹਾਂ। ਗੋਇਆ ਕਿ ਕੁਲ ਦੁਨੀਆਂ ਉਲਟੀ ਨਜ਼ਰ ਆ ਰਹੀ ਹੈ।

"ਭੈ ਤੇ ਨਿਰਭਉ ਡਰਤਾ ਫਿਰੈ। ਹੋਦੀ ਕਉ ਅਣਹੋਦੀ ਹਿਰੈ।"

(ਰਾਮਕਲੀ ਮਹਲਾ ੫)

ਇਹ ਸਭ ਇਕ ਭੁਲੇਖਾ ਹੈ ਜਿਸ ਦਾ ਨਾਮ 'ਮਾਇਆ' ਹੈ, ਜਿਸ ਨੇ ਕੁਲ ਜਗਤ ਨੂੰ ਧੋਖੇ ਵਿਚ ਰਖਿਆ ਹੋਇਆ ਹੈ ਤੇ ਕੁਲ ਬੀਮਾਰੀਆਂ ਤੇ ਮੁਸੀਬਤਾਂ ਦੀ ਬੁਨਿਆਦ ਹੈ।

ਅਸੀਂ ਦੇਖ ਲਿਆ ਹੈ ਕਿ ਇਹ ਜਾਗਰਤ ਜਗਤ ਇਕ ਸੁਪਨਾ ਹੀ ਹੈ, ਝੂਠਾ ਹੈ। ਝੂਠੀ ਚੀਜ਼ ਉਹ ਹੁੰਦੀ ਹੈ ਜਿਹੜੀ ਹਰ ਵਕਤ ਬਦਲੇ, ਕਦੀ ਕਾਇਮ ਨਾ ਰਹੇ। ਸੱਚੀ ਉਹ ਹੈ, ਜਿਹੜੀ ਕਦੀ ਨਾ ਬਦਲੇ, ਇਕ ਤਾਰ ਰਹੇ ਤੇ ਕਾਇਮ ਰਹੇ। ਇਹ ਜਗਤ ਹਰ ਘੜੀ ਬਦਲ ਰਿਹਾ ਹੈ। ਕੋਈ ਚੀਜ਼ ਇਸ ਦੀ ਕਾਇਮ ਨਹੀਂ। ਬਾਦਸ਼ਾਹੀਆਂ ਬਦਲ ਰਹੀਆਂ ਹਨ। ਉਨ੍ਹਾਂ ਦੇ ਇੰਤਜ਼ਾਮ ਬਦਲ ਰਹੇ ਹਨ, ਉਨ੍ਹਾਂ ਦੇ ਅਫਸਰ ਬਦਲ ਰਹੇ ਹਨ। ਘਰ ਦਾ ਨਕਸ਼ਾ ਹਰ ਵੇਲੇ ਬਦਲ ਰਿਹਾ ਹੈ। ਰੋਜ਼ ਨਿਤ ਨਵੀਆਂ ਗੱਲਾਂ ਪੈਦਾ ਹੋ ਰਹੀਆਂ ਹਨ। ਮਨੁਖ ਦਾ ਬਦਨ ਵੀ ਬਦਲ ਰਿਹਾ ਹੈ, ਗਰਜ਼ ਕਿ ਕੋਈ ਚੀਜ਼ ਬਦਲੇ ਤੋਂ ਬਿਨਾਂ ਨਹੀਂ। ਘੜੀਆਂ ਦੀਆਂ ਸੂਈਆਂ ਭਾਵੇਂ ਟੁਰਦੀਆਂ ਨਹੀਂ ਦਿਸਦੀਆਂ ਪਰ ਟੁਰ ਰਹੀਆਂ ਹਨ। ਇਸ ਤਰ੍ਹਾਂ ਜਿਹੜੀਆਂ ਚੀਜ਼ਾਂ ਜਲਦੀ ਬਦਲਦੀਆਂ ਨਹੀਂ ਦਿਸਦੀਆਂ ਉਹ ਵੀ ਇਕ ਸਮੇਂ ਬਾਅਦ ਬਦਲੀਆਂ ਹੋਈਆਂ ਦਿਸਣਗੀਆਂ। ਮਾਲੂਮ ਹੋਇਆ ਕਿ ਦੁਨੀਆਂ ਸਚੀ ਨਹੀਂ।

ਏਸ ਬਦਲਦੀ ਦੁਨੀਆਂ ਵਿਚ ਅਸੀਂ ਕਿਸ ਤਰ੍ਹਾਂ ਉਮੀਦ ਕਰ ਸਕਦੇ ਹਾਂ ਕਿ ਸਾਨੂੰ ਕੋਈ ਪੱਕੀ ਚੀਜ਼ ਮਿਲ ਸਕੇਗੀ। ਆਮ ਤੌਰ ਤੇ ਸਾਨੂੰ ਦੇਹ ਦੀ ਅਰੋਗਤਾ ਚਾਹੀਦੀ ਹੈ। ਮੁਨਾਸਬ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਰੁਪਏ ਦੀ ਵੀ ਲੋੜ ਹੈ। ਮਨ ਦੀ ਸ਼ਾਂਤੀ ਤੇ ਟੱਬਰ ਵਿਚ ਸੁਖ ਦੀ ਜ਼ਰੂਰਤ ਹੈ। ਹਰ ਕੰਮ ਵਿਚ ਕਾਮਯਾਬੀ ਤੇ ਇਜ਼ਤ ਦੀ ਜ਼ਰੂਰਤ ਹੈ ਤੇ ਸਭ ਤੋਂ ਉੱਚੀ ਲੋੜ ਇਹ ਹੈ ਕਿ ਨਾਮ ਦੇ ਆਸਰੇ ਉੱਤੇ ਮਨ ਹਰ ਵਕਤ ਆਨੰਦ ਤੇ ਖੇੜੇ ਵਿਚ ਰਹੇ। ਸਾਨੂੰ ਇਹ ਸਾਰੀਆਂ ਚੀਜ਼ਾਂ ਪੱਕੇ ਤੌਰ ਤੇ ਦਰਕਾਰ ਹਨ। ਅਸੀਂ ਇਹ

ਨਹੀ ਚਾਹੁੰਦੇ ਕਿ ਇਹ ਚੀਜ਼ਾਂ ਆਉਣ-ਜਾਣ ਹੀ ਬਣੀਆਂ ਰਹਿਣ, ਬਲਕਿ ਪੱਕੇ ਤੌਰ ਤੇ ਸਾਡੇ ਕੋਲ ਹਮੇਸ਼ਾ ਵਾਸਤੇ ਰਹਿਣ। ਲੇਕਿਨ ਬੜੀ ਨਿਰਾਸਤਾ ਹੋ ਜਾਂਦੀ ਹੈ ਜਦ ਅਸੀਂ ਇਹ ਦੇਖਦੇ ਹਾਂ ਕਿ ਬਦਲਦੀ ਦੁਨੀਆਂ ਵਿਚ ਜਿਥੇ ਕੋਈ ਚੀਜ਼ ਕਾਇਮ ਨਹੀਂ, ਉਥੇ ਸਾਨੂੰ ਪੱਕੀਆਂ ਚੀਜ਼ਾਂ ਕਦੀ ਵੀ ਨਹੀਂ ਮਿਲ ਸਕਦੀਆਂ।

ਇਸ ਨਿਰਾਸਤਾ ਵਿਚ ਫੇਰ ਸ਼ਬਦ ਵਾਲੇ ਪਾਸੇ ਜਾਂਦੇ ਹਾਂ। ਮਹਾਂਪੁਰਖਾਂ ਦੇ ਵਾਕ ਤੋਂ ਸਿਵਾ ਇਸ ਦੁਨੀਆਂ ਦੀਆਂ ਤਕਲੀਫਾਂ ਦਾ ਕੋਈ ਪੂਰਾ ਇਲਾਜ ਨਹੀਂ ਹੈ। ਉਸੇ ਸ਼ਬਦ ਨੂੰ ਫੇਰ ਪੜ੍ਹ ਕੇ ਵਿਚਾਰ ਕਰੀਏ ਤੇ ਆਪਣੀ ਚਤੁਰਾਈ ਛਡ ਕੇ ਇਕ ਅਨਜਾਣ ਬਾਲਕ ਵਾਂਗਰ ਵਾਹਿਗੁਰੂ ਦਾ ਨਿਰੋਲ ਆਸਰਾ ਲਈਏ ਤਾਂ ਪਤਾ ਲਗ ਜਾਵੇਗਾ ਕਿ ਸਾਡੀ ਮੁਸ਼ਕਲ ਦਾ ਪੂਰਾ ਪੂਰਾ ਹਲ ਸ਼ਬਦ ਦੇ ਵਿਚੋਂ ਹੀ ਮਿਲ ਰਿਹਾ ਹੈ। 'ਇਨ ਮੈ ਕਿਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥' ਇਸ ਦੁਨੀਆਂ ਵਿਚ ਕੁਝ ਸਚ ਨਹੀਂ ਪਰ ਭਗਵਾਨ ਇਕ ਸਚੀ ਚੀਜ਼ ਹੈ। ਜੇ ਬਦਲਦੀ ਦੁਨੀਆਂ ਵਿਚ ਅਸੀਂ ਕੋਈ ਚੀਜ਼ ਪੱਕੇ ਤੌਰ ਤੇ ਹਾਸਲ ਕਰਨੀ ਚਾਹੁੰਦੇ ਹਾਂ ਤਾਂ ਦੁਨੀਆਂ ਦੇ ਝੂਠੇ ਸੁਪਨੇ ਵਿਚੋਂ ਨਿਕਲ ਕੇ ਭਗਵਾਨ ਦੇ ਸਚਖੰਡ ਵਲ ਆਈਏ, ਜਾਂ ਇਹ ਕਹੋ ਕਿ ਸੁਪਨੇ ਦੀ ਬੇਵਸੀ ਦੀ ਹਾਲਤ ਵਿਚੋਂ ਨਿਕਲ ਕੇ ਜਾਗ੍ਰਤ ਵਿਚ ਆਈਏ ਜੋ ਕਿ ਸਚਖੰਡ ਹੈ।

ਪਿਆਰੇ ਪਾਠਕ ! ਇਹ ਪੜ੍ਹ ਕੇ ਕਿ ਸਚਖੰਡ ਦਾ ਰਸਤਾ ਲੰਮਾ ਦਸ ਦਿਤਾ ਹੈ—ਘਬਰਾਓ ਨਾ। ਸਚਖੰਡ ਕਿਸੇ ਦੁਰਾਡੀ ਜਗ੍ਹਾ ਦਾ ਨਾਮ ਨਹੀਂ। ਇਹ ਮਨ ਦੀ ਅਵਸਥਾ ਦਾ ਨਾਮ ਹੈ ਜੋ ਇਥੇ ਇਸੇ ਜਗ੍ਹਾ ਤੇ ਬੈਠਿਆਂ ਹੀ ਹਾਸਲ ਹੋ ਸਕਦੀ ਹੈ।

ਅਸੀਂ ਦੇਖ ਚੁਕੇ ਹਾਂ ਕਿ ਦੁਨੀਆਂ ਦੀਆਂ ਦੋਵੇਂ ਹਾਲਤਾਂ (ਸੁਪਨਾ ਤੇ ਜਾਗ੍ਰਤ) ਖ਼ਿਆਲ ਹੀ ਖਿਆਲ ਵਿਚ ਵਸ ਰਹੀਆਂ ਹਨ ਤੇ ਇਹ ਦੁਨੀਆਂ ਸਾਡੇ ਹੀ ਖ਼ਿਆਲਾਂ ਦਾ ਪ੍ਰਕਾਸ਼ ਹੈ ਪਰ ਮਾਇਆ ਦਾ ਐਸਾ ਭੁਲੇਖਾ ਛਾਇਆ ਹੋਇਆ ਹੈ ਕਿ ਅਸੀਂ ਆਪਣੇ ਖ਼ਿਆਲਾਂ ਦੀ ਰਚਨਾ ਨੂੰ ਆਪਣੇ ਵਸ ਵਿਚ ਨਹੀਂ ਰਖ ਸਕਦੇ। ਅਸੀਂ ਮੁਸੀਬਤਾਂ ਦੂਰ ਨਹੀਂ ਕਰ ਸਕਦੇ ਤੇ ਖੁਸ਼ੀਆਂ ਜੋ ਕੋਸ਼ਿਸ਼ ਕਰ ਕੇ ਹਾਸਲ ਕਰਦੇ ਹਾਂ, ਜਲਦੀ ਤਿਲ੍ਹਕ ਜਾਂਦੀਆਂ ਹਨ।

ਮੁਸੀਬਤਾਂ ਦੀ ਮਾਂ ਮਾਇਆ ਹੈ ਅਤੇ ਮਾਇਆ ਵਾਹਿਗੁਰੂ ਦੀ ਗੈਰ-ਹਾਜ਼ਰੀ ਦਾ ਨਾਮ ਹੈ। ਖੁਸ਼ੀਆਂ ਸਭ ਵਾਹਿਗੁਰੂ ਤੋਂ ਆਉਂਦੀਆਂ ਹਨ ਤੇ ਵਾਹਿਗੁਰੂ ਨੂੰ ਹਰ ਵਕਤ ਹਾਜ਼ਰ ਦੇਖਣਾ ਅਤੇ ਆਪਣੇ ਆਪ ਨੂੰ ਉਹਦੀ ਜੋਤ ਦੇਖਣਾ, ਕੁਲ ਖੁਸ਼ੀਆਂ ਦਾ ਕਾਰਨ ਹੈ ਤਾਂ ਮੁਸੀਬਤਾਂ ਨੂੰ ਹਟਾਣ ਤੇ ਖੁਸ਼ੀ ਲੈ ਆਉਣ ਦਾ ਇਕੋ ਹੀ ਨੁਸਖਾ ਜਾਂ ਤਰੀਕਾ ਹੈ ਕਿ ਵਾਹਿਗੁਰੂ ਦੀ ਹਾਜ਼ਰੀ ਦੇਖੋ। ਹਾਜ਼ਰੀ

ਦੇਖਣ ਨਾਲ ਗੈਰ-ਹਾਜ਼ਰੀ ਜਾਂ ਮਾਇਆ ਆਪੇ ਹੀ ਹਟ ਜਾਂਦੀ ਹੈ। ਵਾਹਿਗੁਰੂ ਸਰਬ-ਵਿਆਪੀ ਹੈ--ਉਸ ਨੂੰ ਮੌਜੂਦ ਦੇਖਣਾ, ਐਸੀ ਸਚਾਈ ਹੈ ਜੇਹੜੀ ਕਿ ਹਮੇਸ਼ਾ ਕਾਇਮ ਹੈ।

"ਦੁਖ ਨਾਠੇ ਸੁਖ ਸਹਜਿ ਸਮਾਏ, ਅਨਦ ਅਨਦ ਗੁਣ ਗਾਇਆ।"
(ਗੁਰੂ ਅਰਜਨ ਦੇਵ ਜੀ)

ਆਪਣੀ ਦੁਨੀਆਂ ਆਪ ਬਨਾਣ ਵਾਸਤੇ ਵਾਹਿਗੁਰੂ ਨੂੰ ਹਰ ਵਕਤ ਹਾਜ਼ਰਾ-ਹਜ਼ੂਰ ਦੇਖੀਏ। ਉਹਦੀ ਜੋਤ ਆਪਣੇ ਅੰਦਰ ਤੇ ਚਾਰੇ ਪਾਸੇ ਦੇਖੀਏ। ਉਸ ਜੋਤ ਦੀ ਪ੍ਰਬਲ ਤੇ ਗਲਤੀ ਨਾ ਕਰਨ ਵਾਲੀ ਸ਼ਕਤੀ ਨੂੰ ਕੁਲ ਕੰਮ ਕਰਦੇ ਦੇਖੀਏ। 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।" (ਆਸਾ ਮਃ ੩) ਵਾਹਿਗੁਰੂ ਆਨੰਦ ਸਰੂਪ ਹੈ ਇਸ ਵਾਸਤੇ ਸਭ ਪਾਸੇ ਆਨੰਦ ਹੀ ਆਨੰਦ ਨਜ਼ਰ ਆਏਗਾ।

ਵਾਹਿਗੁਰੂ ਦੀ ਹਾਜ਼ਰੀ ਵਿਚ ਮਾਇਆ ਅਲੋਪ ਹੋ ਜਾਵੇਗੀ ਤੇ ਬੀਮਾਰੀ, ਬੇਚੈਨੀ, ਥੁੜ੍ਹ ਆਦਿਕ ਸਭ ਤਕਲੀਫਾਂ ਕਿਧਰੇ ਵੀ ਨਜ਼ਰ ਨਹੀਂ ਆਉਣਗੀਆਂ। ਜੇਕਰ ਅਭਿਆਸ ਸੰਪੂਰਨ ਨਾ ਹੋਵੇ ਅਤੇ ਮਾਇਆ ਕਿਸੇ ਰੰਗ ਵਿਚ ਆ ਕੇ ਸ਼ਕਲ ਦਿਖਾਵੇ ਤਾਂ ਇਹਦੇ ਕੋਲੋਂ ਬਿਲਕੁਲ ਨਾ ਡਰੋ। ਨਹੀਂ ਤੇ ਇਹ ਵਧ ਕੇ ਜ਼ਿਆਦਾ ਤਕਲੀਫ ਦੇਵੇਗੀ। ਇਸ ਨੂੰ ਜਿੰਨਾ ਤੁਛ ਸਮਝੋਗੇ ਉਨਾ ਹੀ ਇਹ ਨਿਰਬਲ ਹੋ ਜਾਵੇਗੀ। ਵਾਹਿਗੁਰੂ ਦੀ ਹਾਜ਼ਰੀ ਤੇ ਮੌਜੂਦਗੀ (ਸਿਮਰਨ) ਨੂੰ ਹੋਰ ਜ਼ਿਆਦਾ ਖ਼ਿਆਲ ਵਿਚ ਲੈ ਆਵੋ। ਜੋ ਸਵਾਲ ਦਾ ਜਵਾਬ ਦਰੁਸਤ ਨਾ ਨਿਕਲੇ ਤਾਂ ਮੁੜ-ਮੁੜ ਕੋਸ਼ਿਸ਼ ਕਰੋ, ਜਦ ਤਕ ਜਵਾਬ ਦਰੁਸਤ ਨਾ ਨਿਕਲ ਆਏ।

ਇਹ ਅਵਸਥਾ ਪੈਦਾ ਕਰਨ ਨਾਲ ਗੋਇਆ ਕਿ ਅਸੀਂ ਸਚਖੰਡ ਵਿਚ ਪਹੁੰਚ ਗਏ ਹਾਂ, ਜਿਥੇ ਵਾਹਿਗੁਰੂ ਹੀ ਵਾਹਿਗੁਰੂ ਹੈ ਤੇ ਉਹਦੀ ਜੋਤ ਹੀ ਸਾਡੇ ਅੰਦਰ ਕੰਮ ਕਰਦੀ ਹੈ। ਜੋਤ ਵਿਚ ਪੂਰੀ ਸ਼ਕਤੀ ਹਰ ਕੰਮ ਕਰਨ ਦੀ ਹੈ। ਜੋਤ ਵਿਚ ਕੋਈ ਗਲਤੀ ਨਹੀਂ, ਕੋਈ ਕਮੀ ਨਹੀਂ। ਇਥੇ ਹੁਣ ਆਪਣੀ ਦੁਨੀਆਂ ਆਪ ਬਣਾਈਏ।

ਜੋਤ ਦੇ ਚਾਨਣ ਨਾਲ ਸਰੀਰ ਰੌਸ਼ਨ ਹੋ ਗਿਆ ਹੈ। ਕੁਲ ਹਨੇਰੇ ਤੇ ਮੈਲਾਂ ਨਿਕਲ ਗਈਆਂ ਹਨ। ਸਰੀਰ ਦੇ ਕੁਲ ਰੋਗ ਦੂਰ ਹੋ ਗਏ ਹਨ। ਜੋਤ ਦਾ ਨੂਰ ਮੌਜੂਦ ਹੁੰਦਿਆਂ ਕੋਈ ਬੀਮਾਰੀ ਸਰੀਰ ਨੂੰ ਨਹੀਂ ਆ ਸਕਦੀ। ਬੀਮਾਰੀ ਕਾਲੀ ਮਾਇਆ ਹੈ, ਜੋ ਨੂਰ ਤਕ ਆਉਂਦਿਆਂ ਹੀ ਭਸਮ ਹੋ ਜਾਂਦੀ ਹੈ। ਜੋਤ ਅਟੱਲ ਹੈ ਇਸ ਵਾਸਤੇ ਸਿਹਤ ਅਟੱਲ ਹੈ। ਕਦੀ ਬੀਮਾਰੀ ਆ ਸਕਦੀ ਹੀ

ਨਹੀਂ। ਆਪਣੀ ਅਵਸਥਾ ਹਰ ਵੇਲੇ ਕਾਇਮ ਰਖਣ ਦੀ ਅਲਬੱਤਾ ਕੋਸ਼ਿਸ਼ ਜ਼ਰੂਰੀ ਹੈ। ਬਾਕੀ ਸਭ ਕੁਝ ਆਪੇ ਹੋਵੇਗਾ।

ਸਚਖੰਡ ਦੀ ਏਸ ਅਵਸਥਾ ਵਿਚ ਬੈਠਿਆਂ ਖ਼ੁਦਗਰਜ਼ੀ, ਗੁੱਸਾ, ਬੀਮਾਰੀ, ਥੁੜ, ਹਰ ਕਿਸਮ ਦੇ ਪਾਪ, ਭੈੜੇ ਕੰਮ, ਬਦਮਾਸ਼ੀ ਆਦਿਕ ਕੁਲ ਬੁਰਿਆਈਆਂ ਆਪੇ ਹੀ ਬਰਬਾਦ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਮਨ ਤੇ ਤਨ ਵਿਚ ਠੰਡ ਤੇ ਚੈਨ ਆਉਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਹੋ ਇਸ ਅਵਸਥਾ ਵਿਚ ਤਰੱਕੀ ਦੀਆਂ ਨਿਸ਼ਾਨੀਆਂ ਹਨ। ਜਿਉਂ-ਜਿਉਂ ਅਵਸਥਾ ਤਰੱਕੀ ਕਰੇਗੀ ਤਿਉਂ-ਤਿਉਂ ਚੈਨ ਤੇ ਆਨੰਦ ਵਧਦਾ ਜਾਵੇਗਾ ਤੇ ਮਾਇਆ ਦੀਆਂ ਕੁਲ ਉਪਾਧੀਆਂ ਹਟਦੀਆਂ ਜਾਣਗੀਆਂ।

ਸਚਖੰਡ ਦੀ ਇਸ ਅਵਸਥਾ ਵਿਚ ਬੈਠਿਆਂ ਹੋਇਆਂ ਕਿਸੇ ਚੀਜ਼ ਦੀ ਥੁੜ ਨਹੀਂ ਆ ਸਕਦੀ। ਸਚਖੰਡ ਵਿਚ ਕਿਸੇ ਚੀਜ਼ ਦੀ ਥੁੜ ਹੈ ਹੀ ਨਹੀਂ। ਜ਼ਰਾ ਗ਼ੌਰ ਦੀ ਨਜ਼ਰ ਨਾਲ ਦੇਖੋ ਤਾਂ ਪਤਾ ਲਗਦਾ ਹੈ ਕਿ ਪਰਮੇਸ਼ਰ ਨੇ ਤਾਂ ਸਚਮੁਚ ਮੁਕੰਮਲ ਸਚਖੰਡ ਬਣਾਇਆ ਹੈ। ਸੂਰਜ ਲੱਖਾਂ ਕਰੋੜਾਂ ਸਾਲਾਂ ਤੋਂ ਆਪਣਾ ਤੇਜ ਤੇ ਗਰਮੀ ਖ਼ਰਚ ਕਰ ਰਿਹਾ ਹੈ, ਪਰ ਜਿੰਨਾ ਖ਼ਰਚ ਕਰਦਾ ਹੈ, ਉਤਨਾ ਹੀ ਉਸ ਨੂੰ ਮਿਲ ਜਾਂਦਾ ਹੈ, ਕਮੀ ਨਹੀਂ ਆਉਂਦੀ। ਇਸੇ ਤਰ੍ਹਾਂ ਜ਼ਮੀਨ ਕਰੋੜਾਂ ਮਣਾਂ ਦੇ ਅਨਾਜ ਤੇ ਸਬਜ਼ੀਆਂ, ਕੋਲਾ, ਤੇਲ, ਗੰਧਕ ਆਦਿ ਬੇਅੰਤ ਚੀਜ਼ਾਂ ਪੈਦਾ ਕਰ ਚੁਕੀ ਹੈ ਪਰ ਕਮੀ ਨਹੀਂ ਆਉਂਦੀ। ਇਨਸਾਨ ਨੂੰ ਵੀ ਪੈਦਾ ਕਰਨ ਤੋਂ ਪਹਿਲਾਂ ਉਸ ਦੀ ਜ਼ਰੂਰਤ ਦੀਆਂ ਸਭ ਚੀਜ਼ਾਂ ਹਵਾ, ਪਾਣੀ, ਅੰਨ ਆਦਿ ਨੂੰ ਮੌਜੂਦ ਕੀਤਾ ਹੈ। ਲੇਕਿਨ ਇਨਸਾਨ ਮਾਇਆ ਦੇ ਧੋਖੇ ਵਿਚ ਬੈਠਾ ਹੋਇਆ ਹਰ ਚੀਜ਼ ਦਾ ਕਰਤਾ ਆਪਣੇ ਆਪ ਨੂੰ ਸਮਝਦਾ ਹੈ ਤੇ ਹਰ ਪਾਸੇ ਉਬਲ ਉਛਲ ਦੀ ਥਾਂ ਤੇ ਥੁੜ ਦੇਖਦਾ ਹੈ। ਜਦ ਅਸਵਥਾ ਠੀਕ ਹੋ ਜਾਵੇ ਅਤੇ ਵਾਹਿਗੁਰੂ ਤੋਂ ਸਿਵਾ ਕੋਈ ਕਰਤਾ ਨਾ ਦੇਖੋ ਤਾਂ ਕੁਲ ਥੁੜਾਂ ਦੂਰ ਹੋ ਜਾਣਗੀਆਂ।

ਗੂਜਰੀ ਮਹਲਾ ੫

'ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥'

'ਉਡੈ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥
ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥'

ਇਸੇ ਤਰ੍ਹਾਂ ਸਚਖੰਡ ਵਿਚ ਬੈਠਣ, ਵਾਹਿਗੁਰੂ ਜਪਣ ਤੇ ਵਾਹਿਗੁਰੂ ਦੀ ਹਾਜ਼ਰੀ ਦੇਖਣ ਨਾਲ ਤੇ ਆਪਣੇ ਅੰਦਰ ਤੇ ਇਰਦ-ਗਿਰਦ ਜੋਤ ਦਾ ਪ੍ਰਕਾਸ਼

ਤੇ ਸਾਰਾ ਕੰਮ ਜੋਤ ਨੂੰ ਕਰਦਿਆਂ ਦੇਖਣ ਦੀ ਅਵਸਥਾ ਧਾਰਨ ਕਰਨ ਨਾਲ ਮਨ ਵਿੱਚ ਸ਼ਾਂਤੀ ਤੇ ਆਨੰਦ ਅਤੇ ਟੱਬਰ-ਟੋਰ ਵਿਚ ਸੁਖ ਤੇ ਕਾਰੋਬਾਰ ਵਿਚ ਤਰੱਕੀ ਦਾ ਨਜ਼ਰ ਆਉਣਾ ਆਵੱਸ਼ਕ ਨਤੀਜਾ ਹੈ।

ਇਹ ਹੈ ਵਾਹਿਗੁਰੂ ਦਾ ਸਿਮਰਨ। ਇਹ ਹੈ ਸਚਖੰਡ ਦਾ ਨਜ਼ਾਰਾ। ਇਹ ਹੈ ਆਪਣੀ ਦੁਨੀਆਂ ਆਪ ਬਨਾਉਣਾ। ਇਹ ਹੈ ਮਾਇਆ ਦੀ ਕੁਲ ਤਕਲੀਫਾਂ ਦੀ ਬਰਬਾਦੀ। ਇਹ ਹੈ ਮਨ ਨੂੰ ਸ਼ਾਂਤੀ ਤੇ ਅਨੰਦ ਦਾ ਰਸਤਾ। ਇਹ ਹੈ ਵਾਹਿਗੁਰੂ ਨਾਲ ਪਿਆਰ ਪਾਉਣ ਤੇ ਸਿਮਰਨ ਵਿਚ ਉਚੇ ਚੜ੍ਹਨ ਦੀ ਪੌੜੀ :

'ਸਭ ਕਿਛੁ ਘਰ ਮਹਿ ਬਾਹਰਿ ਨਾਹੀ।
ਬਾਹਰਿ ਟੋਲੈ ਸੋ ਭਰਮਿ ਭੁਲਾਹੀ।
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ।'
(ਮਾਝ ਮਹਲਾ ੫)

ਹਾਜ਼ਮੇ ਦਾ ਚੂਰਨ

ਬੀਮਾਰੀਆਂ ਦੀ ਜੜ੍ਹ, ਖਾਣਾ ਠੀਕ ਹਜ਼ਮ ਨਾ ਹੋਣਾ ਹੈ। ਕਿਸੇ ਨੂੰ ਬਾਦੀ ਚੀਜ਼ ਨਹੀਂ ਸੁਖਾਂਦੀ, ਕਿਸੇ ਨੂੰ ਗਰਮ ਨਹੀਂ ਸੁਖਾਂਦੀ ਤੇ ਕਿਸੇ ਨੂੰ ਸਰਦ ਮੁਆਫਕ ਨਹੀਂ। ਕੋਈ ਬੜੀਆਂ ਸਖ਼ਤ ਚੀਜ਼ਾਂ ਦਾ ਪ੍ਰਹੇਜ਼ ਕਰ ਰਿਹਾ ਹੈ। ਕਿਸੇ ਦਾ ਗਲਾ ਬਰਫ਼ ਪੀਣ ਨਾਲ ਦੁਖਦਾ ਹੈ। ਠੰਢੀ ਲੱਸੀ ਪੀਤਿਆਂ ਕਿਸੇ ਦੇ ਲੱਕ ਵਿਚ ਦਰਦ ਹੁੰਦੀ ਹੈ, ਕੋਈ ਚਾਹ ਪੀਣ ਦੀ ਗਰਮੀ ਤੇ ਖ਼ੁਸ਼ਕੀ ਨਾਲ ਸੌਂ ਨਹੀਂ ਸਕਦਾ। ਇਨ੍ਹਾਂ ਤਕਲੀਫਾਂ ਨੂੰ ਹਟਾਣ ਵਾਸਤੇ ਡਾਕਟਰੀ ਇਲਾਜ ਤੇ ਦਵਾਈ ਦਾ ਇਸਤੇਮਾਲ ਕੁਝ ਦਰਜੇ ਤਕ ਤਕਲੀਫਾਂ ਨੂੰ ਰੋਕ ਦਿੰਦਾ ਹੈ, ਪਰ ਫੇਰ ਵੀ ਦਵਾਈ ਖਾਣੀ ਪੈਂਦੀ ਹੈ ਤੇ ਹਮੇਸ਼ਾਂ ਪਰਹੇਜ਼ ਗਲ ਪੈ ਜਾਂਦਾ ਹੈ। ਹਮੇਸ਼ਾਂ ਕੋਈ ਮਿੱਠੀ ਚੀਜ਼ ਨਾ ਖਾਣੀ ਤਾਕਿ ਪੇਸ਼ਾਬ ਵਿਚ ਚੀਨੀ (ਸ਼ੂਗਰ) ਨਾ ਆਵੇ ਤੇ ਰੋਜ਼ ਟੀਕਾ ਲਗਵਾ-ਲਗਵਾ ਕੇ ਪੇਸ਼ਾਬ ਦੀ ਬੀਮਾਰੀ ਦਾ ਇਲਾਜ ਕਰਨਾ ਥਕਾ ਦਿੰਦਾ ਹੈ ਤੇ ਜ਼ਿੰਦਗੀ ਬੇ-ਸਵਾਦੀ ਹੋ ਜਾਂਦੀ ਹੈ।

ਆਓ ਦੇਖੀਏ, ਭਲਾ ਆਤਮ-ਸਾਇੰਸ ਕੀ ਮਦਦ ਕਰ ਸਕਦਾ ਹੈ ? ਕੀ 'ਆਤਮ-ਸਾਇੰਸ' ਵਕਤ ਦੇ ਪ੍ਰਹੇਜ਼ ਤੇ ਦਵਾਈ ਤੋਂ ਛੁਟਕਾਰਾ ਦਿਵਾ ਸਕਦਾ ਹੈ ?

ਹਾਂ ਜੀ, 'ਆਤਮ ਸਾਇੰਸ' ਵਿਚ ਪੂਰਾ-ਪੂਰਾ ਇਲਾਜ ਮਿਲਦਾ ਹੈ, ਪੁੰਨ ਦਾ ਪੁੰਨ ਤੇ ਫਲੀਆਂ ਦੀਆਂ ਫਲੀਆਂ। ਨਾਲੇ ਤਾਂ ਸਤਿਗੁਰੂ ਦਾ ਨਾਮ ਲਵੋ, ਜਿਸ ਨਾਲ ਤਨ ਤੇ ਮਨ ਵਿਚ ਠੰਢ ਪੈ ਜਾਵੇ ਅਤੇ ਨਾਲ ਹਾਜ਼ਮੇ ਦਾ ਇਲਾਜ ਹੋ ਜਾਵੇ। ਲਓ, ਹੁਣ ਨੁਸਖਾ ਸੁਣੋ ਤੇ ਧਿਆਨ ਨਾਲ ਵਰਤੋ। ਫਾਇਦਾ ਹੋਣ ਵਿਚ ਜ਼ਰਾ ਜਿੰਨਾ ਵੀ ਸ਼ੱਕ ਨਹੀਂ। ਮੈਂ ਪੂਰੀ-ਪੂਰੀ ਅਜ਼ਮਾਇਸ਼ ਕਰ ਕੇ ਲਿਖ ਰਿਹਾ ਹਾਂ। ਨੁਸਖਾ ਕਦੀ ਫੇਲ੍ਹ ਹੋ ਹੀ ਨਹੀਂ ਸਕਦਾ ਤੇ ਕੁਲ ਹਾਜ਼ਮੇ ਦੀਆਂ ਬੀਮਾਰੀਆਂ ਦਾ ਇਕੋ ਨੁਸਖਾ ਹੈ।

ਨੁਸਖਾ : 'ਤਉ ਪਰਸਾਦਿ ਭਰਮ ਕਾ ਨਾਸ।'

ਜਦ ਖਾਣਾ ਤਿਆਰ ਹੋ ਕੇ ਅਗੇ ਆ ਜਾਵੇ ਤਾਂ ਉਸ ਵਕਤ ਖਾਣੇ ਨੂੰ

ਇਹ ਨਾ ਮੰਨੇ ਕਿ ਇਹ ਮੇਰੀ ਕਮਾਈ ਦਾ ਬਣਿਆ ਹੋਇਆ ਹੈ ਤੇ ਮੇਰੀ ਕਮਾਈ ਵਿਚੋਂ ਮੇਰੇ ਬਾਵਰਚੀ ਨੇ ਤਿਆਰ ਕੀਤਾ ਹੈ, ਬਲਕਿ ਇਹ ਖਾਣਾ 'ਤਉ ਪਰਸਾਦਿ' (ਤੇਰੀ ਮਿਹਰਬਾਨੀ ਨਾਲ ਬਣਿਆ ਹੋਇਆ) ਸਚਖੰਡ ਵਿਚੋਂ ਵਾਹਿਗੁਰੂ ਜੀ ਦਾ ਘਲਿਆ ਹੋਇਆ ਆਇਆ ਹੈ। ਖਾਣੇ ਵਲ ਤੱਕ ਕੇ ਇਸ ਖ਼ਿਆਲ ਨੂੰ ਚੰਗੀ ਤਰ੍ਹਾਂ ਆਪਣੀ ਸੁਰਤ ਵਿਚ ਬੈਠਾ ਲਵੇ—ਫਿਰ ਅਗੇ 'ਭਰਮ ਕਾ ਨਾਸ' ਕਰੇ। ਖਾਣੇ ਦੀਆਂ ਚੀਜ਼ਾਂ ਅੰਦਰ ਉਨ੍ਹਾਂ ਚੀਜ਼ਾਂ ਦੇ ਇਨਸਾਨੀ ਬਣਾਏ ਹੋਏ ਗੁਣਾਂ ਤੇ ਔਗੁਣਾਂ ਵਲ ਨਾ ਤੱਕੇ ਕਿ ਇਹ ਬਾਦੀ ਹੈ, ਇਹ ਗਰਮ ਹੈ, ਇਹ ਸਰਦ ਹੈ, ਇਹ ਮੇਰੇ ਮੁਆਫਿਕ ਹੈ ਤੇ ਇਹ ਮੇਰੇ ਮੁਆਫਿਕ ਨਹੀਂ। ਇਹ ਸਭ ਛਡ ਕੇ ਹਰ ਖਾਣੇ ਦੀ ਚੀਜ਼ ਵਿੱਚ ਅੰਮ੍ਰਿਤ ਦੇਖੇ। ਸਭ ਗੁਣ ਹੀ ਗੁਣ ਉਸ ਵਿਚ ਦੇਖੇ ਤੇ ਔਗੁਣ ਕੋਈ ਨਾ ਦੇਖੇ। ਜਦ ਸੁਰਤ ਏਥੇ ਟਿਕ ਜਾਵੇ ਤਾਂ ਇਹ ਦੇਖੇ ਕਿ ਖਾਣਾ ਖਾਣੇ ਵਾਲਾ ਮੈਂ ਇਹ ਮਾਸ ਦਾ ਪੁਤਲਾ ਨਹੀਂ, ਬਲਕਿ ਮੇਰੇ ਅੰਦਰ ਜਿਹੜਾ ਜੋਤੀ ਸਰੂਪ ਵਾਹਿਗੁਰੂ ਹੈ—ਉਹ ਖਾ ਰਿਹਾ ਤੇ ਹਜ਼ਮ ਕਰ ਰਿਹਾ ਹੈ ਅਤੇ ਖਾਣੇ ਦਾ ਸਵਾਦ ਚੀਜ਼ਾਂ ਵਿਚੋਂ ਨਹੀਂ ਆ ਰਿਹਾ, ਬਲਕਿ ਸਵਾਦ ਵੀ ਵਾਹਿਗੁਰੂ ਦਾ ਹੈ ਤੇ ਸ਼ਬਦ ਪੜ੍ਹੇ :-

'ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨਾ ਜਾਣਾ।'

ਅਰਥ : - ਵਾਹਿਗੁਰੂ, ਤੂੰ ਆਪੇ ਦਾਤਾ ਹੈਂ ਤੇ ਆਪੇ ਭੋਗ ਰਿਹਾ ਹੈਂ ਤੇ ਖਾ ਰਿਹਾ ਹੈਂ, ਤੇਰੇ ਸਿਵਾ ਹੋਰ ਕੋਈ ਨਹੀਂ। ਮੈਂ ਨਹੀਂ ਹਾਂ, ਮੇਰੀ ਕੋਈ ਵਖਰੀ ਹਸਤੀ ਤੇਰੇ ਸਿਵਾ ਨਹੀਂ ਹੈ। ਨੁਸਖ਼ਾ ਖ਼ਤਮ ਹੋਇਆ।

ਹੁਣ ਅਭਿਆਸ ਵਲ ਜ਼ਰਾ ਗੌਰ ਕਰੋ, ਕਿਸ ਤਰ੍ਹਾਂ ਕਰਨਾ ਹੈ ? ਸ਼ੁਰੂ-ਸ਼ੁਰੂ ਵਿਚ ਕੁਝ ਥੋੜਾ ਜਿਹਾ ਵਕਤ ਲਗਾਣਾ ਜ਼ਰੂਰੀ ਹੈ। ਜਦ ਉਕਤ ਨੁਸਖਾ ਇਕ ਹਫਤੇ ਵਿਚ ਜਾਂ ਪਹਿਲੋਂ ਸੁਰਤ ਵਿਚ ਬੈਠ ਜਾਵੇ, ਫਿਰ ਖਾਣਾ ਖਾਣ ਨਾਲ ਹੀ ਉਪਰ ਲਿਖੀ ਹੋਈ ਅਰਦਾਸ ਕਰਨੀ ਕਾਫੀ ਹੈ, ਵਖਰਾ ਵਕਤ ਜ਼ਰੂਰੀ ਨਹੀਂ। ਵਾਹਿਗੁਰੂ ਵਿਚ ਕੋਈ ਗਲਤੀ ਨਹੀ, ਇਸ ਕਰਕੇ ਉਸ ਦਾ ਅੰਮ੍ਰਿਤ ਰਸ ਖਾਣਾ ਕਦੀ ਵਿਘਨ ਪੈਦਾ ਨਹੀਂ ਕਰ ਸਕਦਾ। ਕੁਲ ਭਰਮ ਬਾਦੀ, ਗਰਮੀ, ਸਰਦੀ ਆਦਿ ਵਾਸਤੇ ਇਹੋ ਇਕੋ ਹੀ ਨੁਸਖਾ ਹੈ। ਨਾ ਕੀਮਤ ਖ਼ਰਚੇ ਤੇ ਨਾ ਡਾਕਟਰ ਪਾਸ ਜਾਣ ਲਈ ਵਕਤ ਦਾ ਹਰਜ ਕਰੇ। ਘਰ ਬੈਠਿਆਂ ਇਕ ਪੂਰੇ ਤੌਰ ਤੇ ਆਰਾਮ ਕਰਨ ਵਾਲਾ ਨੁਸਖਾ ਵਰਤੋ। ਨਾਲੇ ਵਾਹਿਗੁਰੂ ਜੀ ਦਾ ਜਾਪ ਹੋ ਗਿਆ, ਨਾਲੇ ਮਨ ਅਤੇ ਤਨ ਠੰਢਾ ਹੋ ਗਿਆ। ਖਾਣੇ ਦਾ ਸੁਆਦ ਆਉਣਾ, ਹਰ ਖਾਣਾ ਮੁਆਫਿਕ ਆਉਣਾ ਇਸ ਨੁਸਖੇ ਦੇ ਨਤੀਜੇ ਹਨ।

ਹਰ ਸਾਇੰਸ ਦਾ ਅਸੂਲ ਹੈ ਕਿ ਉਹਦਾ ਕਾਨੂੰਨ ਪੂਰੀ ਤਰ੍ਹਾਂ ਵਰਤਿਆ

ਜਾਵੇ ਤਦ ਨਤੀਜਾ ਨਿਕਲੇਗਾ। ਇਸੇ ਤਰ੍ਹਾਂ ਜਦ ਖਾਣੇ ਦਾ ਅਸੂਲ ਜਾਂ ਅਰਦਾਸ ਦੀ ਅਛੀ ਤਰ੍ਹਾਂ ਸਮਝ ਆ ਜਾਵੇਗੀ ਤੇ ਸੁਰਤ ਵਿਚ ਖਾਣਾ ਅੰਮ੍ਰਿਤ ਤੇ ਖਾਣੇ ਵਾਲਾ ਜੋਤ ਭਾਸੇਗੀ, ਤਦ ਜ਼ਰੂਰੀ ਹੈ ਕਿ ਚਾਹੇ ਉਸ ਦੀ ਰਸੋਈ ਵਿਚੋਂ ਬਣ ਕੇ ਆਉਣ ਵਾਲੇ ਖਾਣੇ ਦੀ ਕੁਝ ਸ਼ਕਲ ਹੋਵੇ, ਉਹ ਖਾਣਾ ਬੜਾ ਸਵਾਦ ਲਗੇਗਾ। ਭਾਵੇਂ ਕੁਝ ਵੀ ਚੀਜ਼ਾਂ ਹੋਣ, ਉਹ ਬਦਨ ਨੂੰ ਪੂਰੀ ਤਾਕਤ ਦੇਣਗੀਆਂ ਅਤੇ ਕੋਈ ਵਿਘਨ ਨਹੀਂ ਕਰਨਗੀਆਂ। ਦੁੱਧ, ਮੱਖਣ, ਘਿਉ, ਮਹਾਂ ਪ੍ਰਸ਼ਾਦ, ਰੋਟੀ, ਦਾਲ ਤੇ ਸਬਜ਼ੀ ਆਦਿ ਆਪਣੇ ਡਾਕਟਰੀ ਖ਼ਿਆਲ ਵਾਲਾ ਅਸਰ ਛਡ ਕੇ ਸਭ ਅੰਮ੍ਰਿਤ ਰੂਪ ਹੋ ਜਾਣਗੀਆਂ। ਮੱਖਣ, ਘਿਓ, ਦੁੱਧ ਬੇਸ਼ਕ ਖਾਓ, ਪਰ ਇਹ ਕਹਿਣਾ ਕਿ ਇਨ੍ਹਾਂ ਤੋਂ ਬਿਨਾਂ ਤਾਕਤ ਨਹੀਂ ਆਵੇਗੀ, ਗਲਤ ਸਾਬਤ ਹੋ ਜਾਵੇਗਾ, ਸਭ ਚੀਜ਼ਾਂ ਖਾਣੇ ਦੀਆਂ ਅੰਮ੍ਰਿਤ ਬਣ ਗਈਆਂ ਤਾਂ ਫਿਰ ਤਾਕਤ ਜਾਂ ਸਵਾਦ ਖ਼ਤਮ ਹੋ ਜਾਂਦਾ ਹੈ। ਕਿਸੇ ਵਕਤ ਅਗਰ ਖਾਣਾ ਕੁਝ ਜ਼ਿਆਦਾ ਵੀ ਖਾਧਾ ਜਾਵੇ ਤਾਂ ਜਦ ਇਹ ਅਰਦਾਸ ਹੋਵੇਗੀ ਕਿ ਮੇਰੇ ਮਾਸ ਦੇ ਪੁਤਲੇ ਨੇ ਨਹੀਂ ਖਾਧਾ, ਅੰਦਰ ਦੀ ਜੋਤ ਨੇ ਖਾਧਾ ਹੈ ਤੇ ਜੋਤ ਵਿਚ ਬੇਅੰਤ ਬਲ ਹੈ ਕਿ ਹਜ਼ਮ ਕਰ ਸਕੇ ਤਾਂ ਜ਼ਿਆਦਾ ਖਾਧਾ ਦੁਖ ਨਹੀਂ ਦੇ ਸਕਦਾ ਅਤੇ ਨਾ ਹੀ ਥੋੜ੍ਹਾਂ ਖਾਧਾ ਕਮਜ਼ੋਰੀ ਲਿਆ ਸਕਦਾ ਹੈ। ਇਹ ਯਾਦ ਰਹੇ ਕਿ ਜਿਸ ਦਰਜੇ ਤਕ ਅਭਿਆਸ ਨੇ ਸੁਰਤ ਨੂੰ ਉੱਚਾ ਕੀਤਾ ਹੋਵੇ, ਉਸ ਦਰਜੇ ਤੇ ਨਤੀਜਾ ਨਿਕਲੇਗਾ, ਪੂਰਾ ਨਤੀਜਾ ਪੂਰੇ ਅਭਿਆਸ ਨਾਲ ਜ਼ਰੂਰ ਨਿਕਲੇਗਾ।

'ਆਤਮ-ਸਾਇੰਸ' ਦਾ ਇਹ ਮਤਲਬ ਨਹੀਂ ਕਿ ਅਸੀਂ ਅੱਛੇ ਖਾਣੇ ਨਾ ਖਾਈਏ, ਸਵਾਦ ਤੇ ਤਾਕਤ ਦੇਣ ਵਾਲੇ ਸਾਰੇ ਖਾਣੇ ਛਡ ਦੇਈਏ, ਬਲਕਿ ਖਾਣਾ ਅੱਛਾ, ਸਾਫ਼, ਤਾਜ਼ਾ ਤਾਕਤ ਦੇਣ ਵਾਲਾ ਤੇ ਸੁਆਦਲਾ ਬੇਸ਼ਕ ਖਾਓ, ਲੇਕਿਨ ਜੋ ਖਾਣਾ ਆਪਣੇ ਅਗੇ ਤਿਆਰ ਹੋ ਕੇ ਆ ਜਾਵੇ, ਭਾਵੇਂ ਉਹ ਦੁਨੀਆਵੀ ਖ਼ਿਆਲ ਮੁਜਬ ਪੂਰੇ ਗੁਣ ਨਹੀਂ ਰਖਦਾ, ਤਦ ਵੀ ਉਸ ਦੀ ਦ੍ਰਿਸ਼ਟੀ ਨਾਲ ਸੁਆਦਲਾ ਤੇ ਤਾਕਤ ਵਾਲਾ ਬਣ ਜਾਵੇਗਾ। ਉਸ ਖਾਣੇ ਦੀ ਕਮੀ ਪੂਰੀ ਹੋ ਜਾਵੇਗੀ ਤੇ ਖਾਣਾ ਪੂਰੇ ਸਵਾਦ ਨਾਲ ਖਾਧਾ ਜਾਵੇਗਾ ਅਤੇ ਪੂਰੇ ਫਾਇਦੇ ਕਰੇਗਾ। 'ਆਤਮ-ਸਾਇੰਸ' ਵਿਚ ਪਰਹੇਜ਼ ਵੀ ਇਕ ਹੈ ਤੇ ਉਹ ਇਹ ਹੈ ਕਿ ਉਸ ਨੂੰ ਵੀ ਯਾਦ ਰਖੇ ਤੇ 'ਪਾਪ ਨ ਕਰੇ।'

ਕੁਲ ਬੀਮਾਰੀਆਂ ਦਾ ਇਕੋ ਨੁਸਖਾ

ਸੌ ਫੀ ਸਦੀ ਆਰਾਮ

ਵਾਹਿਗੁਰੂ ਦੇ ਨਾਮ ਨਾਲ ਕੁਲ ਬੀਮਾਰੀਆਂ ਨੂੰ ਹਟਾ ਲੈਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਸ਼ਬਦ ਮੌਜੂਦ ਹਨ, ਪਰ ਵਰਤਣ ਵਿਚ ਨਾ ਲਿਆਣ ਦੇ ਕਾਰਨ ਉਹਨਾਂ ਸ਼ਬਦਾਂ ਦੇ ਨਤੀਜੇ ਕਦੀ ਵੀ ਤਜਰਬੇ ਵਿਚ ਨਹੀਂ ਆਏ। ਆਤਮ-ਸਾਇੰਸ ਦੀ ਖੋਜ ਨੇ ਇਹਨਾਂ ਸ਼ਬਦਾਂ ਨੂੰ ਅਮਲੀ ਜਾਮਾ ਪਹਿਨਾ ਦਿਤਾ ਹੈ। ਇਹ ਹੁਣ ਪਾਠਕਾਂ ਅਗੇ ਪੇਸ਼ ਕੀਤੇ ਜਾਂਦਾ ਹੈ। ਗੁਰਮਤਿ ਦੇ ਦਾਅਵੇ ਦਾ ਇਕ ਨਮੂਨਾ ਪਹਿਲੇ ਦੇਖੋ :-

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ।
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ਰਹਾਉ।
ਰਾਖ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ।
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ।
(ਬਿਲਾਵਲ ਮਹਲਾ ੫)

ਨਚੋੜ ਤਾਂ ਸ਼ਬਦ ਦਾ ਇਹ ਹੈ ਕਿ ਨਾਮ ਨਾਲ ਕੁਲ ਬੀਮਾਰੀਆਂ ਹਟ ਜਾਂਦੀਆਂ ਹਨ, ਪਰ ਨਾਮ ਨੂੰ ਸਮਝਣਾ ਹਮੇਸ਼ਾ ਕੁਝ ਕੰਮ ਰਖਦਾ ਹੈ। ਇਸ ਸ਼ਬਦ ਵਿਚ ਨਾਮ ਦੇ ਕੁਝ ਭਾਵ ਇਥੇ ਦਿਖਾਏ ਗਏ ਹਨ।

ਪਹਿਲਾ ਭਾਵ ਇਹ ਹੈ ਕਿ ਪਾਰਬ੍ਰਹਮ ਦੀ ਸ਼ਰਨ ਆਓ। ਸ਼ਰਨ ਦਾ ਮਤਲਬ Complete Surrender ਅਰਥਾਤ ਆਪਣੇ ਆਪ ਨੂੰ ਪੂਰਾ ਵਾਹਿਗੁਰੂ ਜੀ ਦੇ ਹੁਕਮ ਅੰਦਰ ਕਰਨਾ। ਇਕ ਬੱਚੇ ਵਾਂਗ ਪਿਤਾ ਦੀ ਉਂਗਲੀ ਫੜੋ। ਆਪਣੀ ਚਤੁਰਾਈ ਦਾ ਖ਼ਾਤਮਾ ਕਰੋ। ਨਿਰਾ ਹੱਥ ਜੋੜ ਕੇ ਮੱਥਾ ਟੇਕਣ ਨਾਲ ਸ਼ਰਨ ਨਹੀਂ ਆਈਦਾ। ਅੰਦਰੋਂ ਮਨ ਦੀ ਅਵਸਥਾ ਬਦਲਣੀ ਜ਼ਰੂਰੀ ਹੈ।

ਦੂਸਰਾ ਭਾਵ ਇਹ ਹੈ ਕਿ ਵਾਹਿਗੁਰੂ ਸਰਬ-ਵਿਆਪੀ ਹਰ ਵਕਤ ਚੌਗਿਰਦ

ਮੌਜੂਦ ਦੇਖੇ ਤੇ ਦੁਖਾਂ ਨੂੰ ਨਾਸ ਕਰਨ ਵਾਲੀ ਸ਼ਕਤੀ ਸਮਝੇ।

ਤੀਸਰਾ ਭਾਵ ਹੈ ਕਿ ਰਾਮ ਨਾਮ ਇਕੋ ਚੀਜ਼ ਨੂੰ ਔਖਧ ਜਾਂ ਦਵਾਈ ਸਮਝੋ। ਡਾਕਟਰਾਂ, ਦਵਾਈਆਂ ਤੇ ਖ਼ੁਰਾਕ ਦਾ ਸਹਾਰਾ ਨਾ ਲਓ।

ਅਖ਼ੀਰ 'ਰਹਾਉ' ਮਗਰੋਂ ਨਤੀਜਾ ਕੱਢ ਦਿਤਾ ਹੈ ਕਿ ਕੁਲ ਬੀਮਾਰੀਆਂ ਹਟ ਗਈਆਂ ਹਨ, ਪਰ ਇਹ ਵਾਹਿਗੁਰੂ ਜੀ ਦੀ ਨਿਰੀ ਮਿਹਰਬਾਨੀ ਹੈ, ਇਨਸਾਨੀ ਕੋਸ਼ਿਸ਼ ਜਾਂ ਤਜਵੀਜ਼ਾਂ ਦਾ ਨਤੀਜਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੈਸਲਾ ਤਾਂ ਅਸਾਂ ਦੇਖ ਲਿਆ ਪਰ ਸਾਡਾ ਮਨ ਹਮੇਸ਼ਾਂ ਸ਼ੱਕ ਕਰਨ ਲਗ ਜਾਂਦਾ ਹੈ ਤੇ ਅਕਲ ਅਤੇ ਤਜਰਬੇ ਕੋਲੋਂ ਪੁਛਦਾ ਹੈ ਕਿ ਕੀ ਇਹ ਦਰੁਸਤ ਹੈ ? ਅਕਲ ਤੇ ਤਜਰਬਾ ਜੇਕਰ ਇਹਨੂੰ ਸਹਾਰਾ ਦੇਣ ਤਾਂ ਤੇ ਇਹ ਮੰਨ ਲੈਂਦਾ ਹੈ ਨਹੀਂ ਤਾਂ ਜਾਂ ਸ਼ੱਕ ਵਿਚ ਰਹਿੰਦਾ ਹੈ ਜਾਂ ਨਾਂਹ ਕਰ ਦਿੰਦਾ ਹੈ।

ਇਸ ਮਨ ਨੂੰ ਤਸੱਲੀ ਦੇਣ ਵਾਸਤੇ ਅਕਲ ਤੇ ਤਜਰਬੇ ਦੀ ਸੋਚ ਅਸੀਂ ਦੇਖਣ ਲਗੇ ਹਾਂ। ਗੱਲ ਖੋਜ ਕਰਨ ਵਾਲੀ ਇਹ ਹੈ ਕਿ ਵਾਹਿਗੁਰੂ ਜੀ ਦੀ ਸ਼ਕਤੀ ਦਾ ਇਸ ਸਰੀਰ ਨਾਲ ਕਿੰਨਾ ਕੁ ਸਬੰਧ ਹੈ ? ਸੋਚੋ ਕਿ ਉਹ ਕਿਹੜੀ ਸ਼ਕਤੀ ਹੈ ਜਿਸ ਨੇ ਪਾਣੀ ਦੀਆਂ ਬੂੰਦਾਂ ਨੂੰ ਮਾਤਾ ਦੇ ਗਰਭ ਵਿਚ ਮਾਸ ਦੇ ਲੋਥੜੇ ਦੀ ਸ਼ਕਲ ਵਿਚ ਬਦਲਿਆ। ਫਿਰ ਉਸ ਲੋਥੜੇ ਵਿਚੋਂ ਸਿਰ, ਲੱਤਾਂ, ਬਾਹਵਾਂ ਆਦਿ ਹਿੱਸੇ ਬਨਾਣੇ ਸ਼ੁਰੂ ਕਰ ਦਿਤੇ। ਫਿਰ ਹੱਡੀਆਂ ਜੈਸੀ ਸਖ਼ਤ ਚੀਜ਼ ਬਣਾਈ, ਵਾਲਾਂ ਜੈਸੀ ਪਤਲੀ ਤੇ ਨਰਮ ਚੀਜ਼ ਬਣਾਈ, ਆਂਦਰਾਂ ਤੇ ਨਾੜਾਂ ਬਣਾਈਆਂ, ਅੱਖੀਆਂ ਬਣਾਈਆਂ ਤੇ ਫਿਰ ਉਸ ਦੇ ਵਿਚ ਜਾਨ ਪਾਈ। ਇਸ ਸਾਰੇ ਕਾਰਜ ਵਿਚ ਮਾਤਾ ਦਾ ਕੋਈ ਹਿੱਸਾ ਨਹੀਂ। ਨਾ ਹੀ ਡਾਕਟਰਾਂ ਦੀ ਮਦਦ ਦੀ ਲੋੜ ਹੈ। ਇਕ ਛੁਪੀ ਹੋਈ ਸ਼ਕਤੀ ਆਪੇ ਹੀ ਸਾਰਾ ਕੰਮ ਕਰ ਰਹੀ ਹੈ, ਇਸ ਸਾਰੇ ਸਰੀਰ ਬਣਨ ਵਿਚ ਇਕੋ ਹੀ ਸ਼ਕਤੀ ਕੰਮ ਕਰ ਰਹੀ ਹੈ, ਜਿਸ ਨੂੰ ਇਨਸਾਨੀ ਮਦਦ ਦੀ ਜ਼ਰੂਰਤ ਨਹੀਂ। ਇਸ ਤੋਂ ਸਿਧ ਹੋਇਆ ਕਿ ਮਨੁਖ ਦੇ ਬਣਨ ਬਨਾਣ ਤੇ ਜਾਨ ਪਾਣ ਵਿਚ ਨਿਰੋਲ ਵਾਹਿਗੁਰੂ ਜੀ ਤੋਂ ਸਿਵਾ ਹੋਰ ਕਿਸੇ ਦਾ ਹੱਥ ਨਹੀਂ।

ਇਸੇ ਤਰ੍ਹਾਂ ਬਾਲਕ ਨੂੰ ਪਾਲਣ ਵਾਸਤੇ ਮਾਤਾ ਨੂੰ ਦੁੱਧ ਪੈਦਾ ਹੁੰਦਾ ਹੈ ਤੇ ਜਦ ਬਾਲਕ ਆਪ ਕੁਝ ਖਾਣ-ਪੀਣ ਲਗ ਪਏ ਤਾਂ ਦੁੱਧ ਬੰਦ ਹੋ ਜਾਂਦਾ ਹੈ। ਬਾਲਕ ਦੇ ਦੰਦ ਵੇਲੇ ਸਿਰ ਨਿਕਲਦੇ ਹਨ ਤੇ ਵਡੇ ਹੋ ਕੇ ਆਪੇ ਹੀ ਵੇਲੇ ਸਿਰ ਦਾੜ੍ਹੀ ਨਿਕਲਦੀ ਹੈ। ਇਹ ਸਾਰਾ ਕੰਮ ਵੀ ਉਹੋ ਗੈਬੀ ਸ਼ਕਤੀ ਕਰਦੀ ਹੈ।

ਬਾਲਕ ਨੂੰ ਜਿਉਂ-ਜਿਉਂ ਹੋਸ਼ ਆਉਂਦੀ ਜਾਂਦੀ ਹੈ, ਇਹ ਆਪਣੇ ਜਮਣ ਤੇ ਪਰਵਰਿਸ਼ ਦੇ ਸਿਲਸਿਲੇ ਨੂੰ ਬਿਲਕੁਲ ਭੁਲ ਜਾਂਦਾ ਹੈ। ਵਾਹਿਗੁਰੂ ਨੂੰ ਗੈਰ-

ਹਾਜ਼ਰ ਤੇ ਦੂਰ ਦੀ ਚੀਜ਼ ਸਮਝਦਾ ਹੈ ਤੇ ਆਪਣੇ ਆਪ ਨੂੰ ਹਰ ਚੀਜ਼ ਦਾ ਕਰਤਾ ਸਮਝਦਾ ਹੈ। ਦੁਨੀਆਂ ਵਿਚ ਪੈਦਾ ਹੋਈਆਂ ਚੀਜ਼ਾਂ ਦਾ ਸਹਾਰਾ ਲੈ ਕੇ ਉਹਨਾਂ ਨੂੰ ਦਵਾਈ ਦੀ ਸ਼ਕਲ ਵਿਚ ਲਿਆ ਕੇ ਤੇ ਆਪ ਡਾਕਟਰ ਬਣ ਕੇ ਸਰੀਰ ਨੂੰ ਤੰਦਰੁਸਤ ਰਖਣ ਤੇ ਬੀਮਾਰੀਆਂ ਹਟਾਣ ਦੀ ਕੋਸ਼ਿਸ਼ ਕਰਦਾ ਹੈ, ਪਰ ਤਜਰਬਾ ਫੌਰਨ ਦੱਸ ਦੇਂਦਾ ਹੈ ਕਿ ਹਰ ਦਵਾਈ ਸਿਹਤ ਨਹੀਂ, ਸਿਹਤ ਉਸ ਤੋਂ ਉਚੀ ਚੀਜ਼ ਹੈ। ਇਹ ਆਤਮਕ ਵਸਤੂ ਹੈ, ਜੋ ਮਹਾਰਾਜ ਦੇ ਸਚਖੰਡ ਵਿਚੋਂ ਮਿਲਦੀ ਹੈ। ਕੁਲ ਜਹਾਨ ਦੇ ਲਾਇਕ ਡਾਕਟਰ ਇਕੱਠੇ ਹੋ ਕੇ ਤੇ ਸਭ ਅੱਛੀਆਂ ਦਵਾਈਆਂ ਵਰਤ ਕੇ ਇਕ ਬਾਦਸ਼ਾਹ ਦੀ ਬੀਮਾਰੀ ਨੂੰ ਨਹੀਂ ਹਟਾ ਸਕਦੇ ਤੇ ਉਸ ਦੀ ਜਾਨ ਬਚਾ ਨਹੀਂ ਸਕਦੇ। ਸਿਹਤ ਅਤੇ ਉਮਰ ਦੋਵੇਂ ਚੀਜ਼ਾਂ ਦਵਾਈਆਂ ਤੇ ਖ਼ੁਰਾਕ ਦੀ ਹੱਦ ਤੋਂ ਉਚੀਆਂ ਹਨ, ਇਨਸਾਨੀ ਅਕਲ ਤੇ ਤਜਰਬੇ ਤੋਂ ਬਾਹਰ ਹਨ।

ਸੰਤਾਂ ਵਿਚੋਂ ਹਜ਼ਰਤ ਈਸਾ ਨੇ ਸਿਹਤ ਦੇ ਪਾਸੇ ਵਲ ਦੀ ਜ਼ਿਆਦਾ ਖੋਜ ਕੀਤੀ ਤੇ ਆਪਣੀ ਆਤਮਕ ਸ਼ਕਤੀ ਨਾਲ ਹਰ ਸ਼ਹਿਰ ਤੇ ਪਿੰਡ ਵਿਚ ਬੀਮਾਰਾਂ ਨੂੰ ਰਾਜ਼ੀ ਕਰਨ ਤੇ ਮੁਰਦੇ ਜਿਵਾਲਣ ਦਾ ਕੰਮ ਬਹੁਤੇ ਦਰਜੇ ਤਕ ਕੀਤਾ। ਇਤਿਹਾਸ ਇਸ ਦੀ ਗਵਾਹੀ ਦੇਂਦਾ ਹੈ।

ਸਿੱਖ ਤਵਾਰੀਖ ਵਿਚ ਸਾਡੇ ਗੁਰੂ ਸਾਹਿਬਾਂ ਦੀਆਂ ਕੋਹੜ ਦੂਰ ਕਰਨ ਤੇ ਮੁਰਦੇ ਜਿਵਾਲਣ (ਬਾਬਾ ਅਟੱਲ) ਅਤੇ ਹੋਰ ਬੀਮਾਰੀਆਂ ਆਤਮਕ ਸ਼ਕਤੀ ਨਾਲ ਹਟਾਣ ਦੀਆਂ ਮਿਸਾਲਾਂ ਮੌਜੂਦ ਹਨ।

ਆਤਮ-ਸਾਇੰਸ ਨੇ ਖੋਜ ਕਰ ਕੇ ਇਸ ਆਤਮਕ ਸ਼ਕਤੀ ਨੂੰ ਇਕ ਵਰਤਮਾਨ ਨੁਸਖਾ ਜਾਂ ਗੁਰੂ ਦੀ ਸ਼ਕਲ ਦਿਤੀ ਹੈ, ਜੋ ਹਰ ਇਕ ਦੀ ਸਮਝ ਵਿਚ ਆ ਜਾਵੇਗੀ। ਇਹ ਨੁਸਖਾ ਪਾਠਕਾਂ ਦੇ ਪੇਸ਼ ਕੀਤਾ ਜਾਂਦਾ ਹੈ।

ਇਹ ਨੁਸਖਾ ਪੜ੍ਹਨ ਤੋਂ ਪਹਿਲਾਂ ਇਸ ਲੇਖ ਦੇ ਸ਼ੁਰੂ ਵਿਚ ਜਿਹੜਾ ਸ਼ਬਦ ਲਿਖਿਆ ਹੈ, ਉਹ ਫੇਰ ਗਹੁ ਨਾਲ ਤੇ ਸਮਝ ਕੇ ਪੜ੍ਹੋ ਤੇ ਇਕ ਹੋਰ ਸ਼ਬਦ ਉਸ ਦੇ ਨਾਲ ਲਗਾਓ :-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀਉ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।

ਆਤਮ-ਸਾਇੰਸ ਇਹਨਾਂ ਸ਼ਬਦਾਂ ਦੇ ਭਾਵ ਨੂੰ ਨੁਸਖੇ ਦੀ ਅਮਲੀ ਸੂਰਤ ਵਿਚ ਹੁਣ ਪੇਸ਼ ਕਰਦਾ ਹੈ।

ਨੁਸਖਾ : ਤੁਸੀਂ ਇਹ ਚਮੜੇ ਦਾ ਬਦਨ ਨਹੀਂ ਹੋ, ਤੁਸੀਂ ਜੋਤ ਹੋ, ਜੋ ਏਸ ਬਦਨ ਵਿਚ ਵਾਹਿਗੁਰੂ ਜੀ ਦਾ ਪ੍ਰਕਾਸ਼ ਹੈ।

ਬਦਨ ਤੁਹਾਡੇ ਰਹਿਣ ਦਾ ਘਰ ਹੈ, ਇਸ ਦੇ ਵਿਚ ਆਪਣੀ ਕੋਈ ਜਾਨ ਨਹੀਂ, ਨਾ ਕੋਈ ਹਿਲਜੁਲ ਹੈ। ਇਸ ਨੂੰ ਬੀਮਾਰੀ ਆ ਸਕਦੀ ਹੈ ਤੇ ਇਹ ਨਾਸ਼ ਹੋਣ ਵਾਲੀ ਵਸਤੂ ਹੈ।

ਜੋਤ ਨਾ ਮਰਨੇ ਵਾਲੀ ਜ਼ਿੰਦਗੀ ਤੇ ਨਿਰੋਲ ਵਾਹਿਗੁਰੂ ਜੀ ਦੇ ਸਹਾਰੇ ਤੇ ਕਾਇਮ ਹੈ। ਇਹ ਹਰ ਤਰ੍ਹਾਂ ਸੰਪੂਰਨ ਹੈ। ਇਸ ਨੂੰ ਕੋਈ ਬੀਮਾਰੀ ਜਾਂ ਥੁੜ ਨਹੀਂ ਆਉਂਦੀ, ਨਾ ਹੀ ਕਿਸੇ ਦਾ ਰੋਗ ਜਾਂ ਸੰਤਾਪ ਆ ਸਕਦਾ ਹੈ।

ਜਦ ਤੁਸੀਂ ਏਸ ਜੋਤ ਨੂੰ ਆਪਣੇ ਅੰਦਰ ਹਾਜ਼ਰ ਦੇਖੋਗੇ, ਬਦਨ ਰੌਸ਼ਨ ਹੋ ਜਾਵੇਗਾ ਤੇ ਪੂਰੀ ਸਿਹਤ ਵਿਚ ਅਤੇ ਅਨੰਦ ਵਿਚ ਕੰਮ ਕਰਨਾ ਸ਼ੁਰੂ ਕਰੇਗਾ।

ਸਰੀਰ ਚੂੰਕਿ ਬੇਜਾਨ ਹੈ ਇਸ ਵਾਸਤੇ ਬੀਮਾਰੀ ਜਿਹੜੀ ਇਸ ਦੇ ਉਤੇ ਜ਼ਾਹਿਰ ਹੁੰਦੀ ਹੈ, ਉਹ ਵੀ ਬੇਜਾਨ ਹੈ। ਸਰੀਰ ਤੇ ਬੀਮਾਰੀ ਦੋਵੇਂ ਭਾਸਦੇ ਹਨ ਕਿ ਇਹਨਾਂ ਵਿਚ ਜਾਨ ਹੈ, ਪਰ ਅਸਲ ਵਿਚ ਦੋਹਾਂ ਵਿਚ ਕੋਈ ਜਾਨ ਨਹੀਂ।

ਤੁਸੀ ਜੋਤ ਹੋ ਤੇ ਤੁਹਾਡੀ ਸਰੀਰ ਤੇ ਹਕੂਮਤ ਹੈ। ਸਰੀਰ ਦੀ ਤੁਹਾਡੇ ਤੇ ਹਕੂਮਤ ਨਹੀਂ, ਤੁਸੀਂ ਸਰੀਰ ਤੋਂ ਬਿਲਕੁਲ ਵਖਰੇ ਹੋ। ਜੇਕਰ ਬੀਮਾਰੀ ਸਰੀਰ ਉਤੇ ਜ਼ਾਹਿਰ ਹੋਵੇ ਤਾਂ ਬੀਮਾਰੀ ਦੀ ਪੀੜ ਜਾਂ ਬੇਚੈਨੀ ਤੁਹਾਡੇ ਤਕ ਨਹੀਂ ਪਹੁੰਚ ਸਕਦੀ। ਪਰ ਇਹ ਤਦ ਹੋਵੇਗਾ ਜਦ ਤੁਸੀ ਅਭਿਆਸ ਕਰ ਕੇ ਆਪਣੇ ਆਪ ਨੂੰ ਜੋਤ ਦੇ ਰੂਪ ਵਿੱਚ ਤੇ ਸਰੀਰ ਤੋਂ ਵਖ ਦੇਖੋ। ਜਦ ਤੁਸੀਂ ਐਸਾ ਕਰੋਗੇ ਬੀਮਾਰੀ ਗਾਇਬ ਹੋ ਜਾਵੇਗੀ।

ਪਰਹੇਜ਼—ਪਾਪ ਨਾ ਕਰੋ। ਇਹ ਨੁਸਖਾ ਖ਼ਤਮ ਹੋਇਆ।

ਇਹ ਨੁਸਖ਼ਾ ਰੋਜ਼ ਪੜ੍ਹੋ ਤੇ ਸਰੀਰ ਤੇ ਵਰਤੋ। ਵਰਤਣ ਵੇਲੇ ਬਿਲਕੁਲ ਚੁਪ-ਚਾਪ ਜਗ੍ਹਾ ਤੇ ਬੈਠੋ ਤੇ ਦੇਖੋ ਕਿ ਵਾਹਿਗੁਰੂ ਦਾ ਨੂਰ ਸਭ ਆਲੇ-ਦੁਆਲੇ ਹੈ ਅਤੇ ਉਸ ਨੂਰ ਦੀ (ਬੇਅੰਤ ਜੋਤਾਂ ਵਿਚ) ਮੈਂ ਵੀ ਇਕ ਜੋਤ ਹੈ। ਦੇਖੋ ਕਿ ਨੂਰ ਨਾਲ ਕੁਲ ਹਨੇਰੇ (ਬੀਮਾਰੀ, ਥੁੜ, ਫਿਕਰ ਆਦਿ) ਦੂਰ ਹੋ ਗਏ ਹਨ ਤੇ ਸਿਹਤ, ਦੌਲਤ, ਮਨ ਦੀ ਸ਼ਾਂਤੀ ਆਦਿ ਸਭ ਚੀਜ਼ਾਂ ਆਪੇ ਹੀ ਮਿਲ ਰਹੀਆਂ ਹਨ।

ਮਿਸਾਲ : ਮੋਟਰਕਾਰ ਜਦ ਤੁਰਦੀ ਹੈ, ਤਦ ਇਹ ਮਲੂਮ ਹੁੰਦਾ ਹੈ ਕਿ ਇਹਦੇ ਵਿਚ ਜਾਨ ਹੈ। ਇਹ ਕਦੀ ਦੌੜਦੀ ਹੈ ਤੇ ਕਦੀ ਫੇਰ ਹੌਲੀ ਟੁਰਨ ਲਗ ਪੈਂਦੀ ਹੈ, ਆਵਾਜ਼ ਦੇਂਦੀ, ਖਲੋ ਜਾਂਦੀ ਹੈ, ਫੇਰ ਆਪਣੀ ਮਰਜ਼ੀ ਨਾਲ ਟੁਰ ਪੈਂਦੀ ਹੈ। ਬੜੇ ਬੜੇ ਲੈਂਪ ਇਸ ਦੀਆਂ ਅੱਖਾਂ ਹਨ।

ਇਹ ਸਾਰੀਆਂ ਗੱਲਾਂ ਹੁੰਦਿਆਂ ਵੀ ਇਹ ਪੱਕ ਹੈ ਕਿ ਇਹਦੇ ਵਿਚ ਜਾਨ

ਨਹੀਂ ਤੇ ਨਾ ਹੀ ਹਿਲਣ-ਜੁਲਣ ਦੀ ਸ਼ਕਤੀ ਹੈ। ਇਸ ਮੋਟਰਕਾਰ ਦੀ ਜਾਨ ਤਾਂ ਉਹ ਆਦਮੀ ਹੈ, ਜਿਸ ਨੇ ਇਸ ਨੂੰ ਬਣਾਇਆ ਹੈ। ਇਸ ਦੀ ਮੁਰੰਮਤ ਕਰਦਾ ਹੈ, ਖ਼ੁਰਾਕ (ਪੈਟਰੋਲ, ਤੇਲ ਆਦਿ) ਦੇਂਦਾ ਹੈ ਅਤੇ ਆਪਣੀ ਮਰਜ਼ੀ ਮੁਜਬ ਚਲਾਂਦਾ ਹੈ।

ਇਹੀ ਹਾਲ ਸਰੀਰ ਦਾ ਹੈ। ਮਲੂਮ ਹੁੰਦਾ ਹੈ ਕਿ ਇਸ ਦੇ ਵਿਚ ਜਾਨ ਹੈ ਪਰ ਅਸਲ ਵਿਚ ਕੁਝ ਨਹੀਂ। ਅੰਦਰ ਜੋਤ ਜਾਨ ਹੈ, ਜਿਹੜੀ ਕਦੀ ਨਹੀਂ ਮਰਦੀ ਤੇ ਹਰ ਤਰ੍ਹਾਂ ਨਾਲ ਸੰਪੂਰਨ ਹੈ।

ਨੁਸਖ਼ਾ ਤਾਂ ਇਹੋ ਹੈ ਪਰ ਅਭਿਆਸ ਨਾਲ ਸੁਰਤ ਉੱਚੀ ਕਰ ਕੇ ਇਹ ਨੁਸਖ਼ਾ ਆਤਮਕ ਸ਼ਕਤੀ ਪੈਦਾ ਕਰੇਗਾ, ਜਿਸ ਦੇ ਨਾਲ ਬੀਮਾਰੀ ਜਲਦੀ ਹਟ ਜਾਵੇਗੀ। ਥੋੜੇ ਅਭਿਆਸ ਨਾਲ ਬੀਮਾਰੀ ਹਟਦਿਆਂ ਕੁਝ ਵਕਤ ਲਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮਝ ਕੇ ਪੜ੍ਹਨਾ ਜ਼ਰੂਰੀ ਹੈ।

ਪਿਆਰੇ ਪਾਠਕੋ ! ਨਾਮ ਨਾਲ ਬੀਮਾਰੀਆਂ ਦਾ ਇਲਾਜ ਕਰਨਾ ਸਿਰਫ ਰਸਾਲੇ ਵਿਚ ਪੜ੍ਹ ਕੇ ਦਿਲ ਖ਼ੁਸ਼ ਕਰਨ ਵਾਲਾ ਮਜ਼ਮੂਨ ਨਹੀਂ। ਇਹ ਪੂਰੇ ਸੋਲ੍ਹਾਂ ਆਨੇ (ਪੌਣੇ ਸੋਲ੍ਹਾਂ ਆਨੇ ਵੀ ਨਹੀਂ) ਹਰ ਇਕ ਬੀਮਾਰੀ ਨੂੰ ਦੂਰ ਕਰਨ ਦਾ ਪੂਰਾ-ਪੂਰਾ ਨੁਸਖ਼ਾ ਹੈ :

ਨਾ ਇਹੁ ਬੂਢਾ ਨਾ ਇਹੁ ਬਾਲਾ।
ਨਾ ਇਸੁ ਦੂਖੁ ਨਹੀ ਜਮ ਜਾਲਾ।
(ਗੌਂਡ ਮਹਲਾ ੫)

ਇਸ ਅਵਸਥਾ ਵਿਚ ਨਾ ਬੁਢੇ ਤੇ ਨਾ ਬਾਲਕ, ਬਲਕਿ ਹਰ ਵੇਲੇ ੨੫ ਵਰ੍ਹੇ ਦੀ ਜਵਾਨੀ ਸਰੀਰ ਤੇ ਹੋਣੀ ਜ਼ਰੂਰੀ ਹੈ। ਇਸ ਅਵਸਥਾ ਵਿਚ ਸਾਰਾ ਸਰੀਰ ਬੀਮਾਰੀਆਂ ਤੋਂ ਆਜ਼ਾਦ ਰਹਿੰਦਾ ਹੈ, ਇਥੋਂ ਤਕ ਕਿ ਬੀਮਾਰੀ ਆਉਣ ਦਾ ਡਰ ਬਿਲਕੁਲ ਹਟ ਜਾਂਦਾ ਹੈ। ਬੀਮਾਰੀ ਨੂੰ ਨਿਰਬਲ, ਬੇ-ਜਾਨ ਤੇ ਤੁੱਛ ਸਮਝਣਾ, ਇਹ ਆਤਮ-ਸਾਇੰਸ ਦਾ ਪਹਿਲਾ ਅਸੂਲ ਹੈ।

ਜੇ ਡਾਕਟਰੀ ਵਿਚ ਪੰਜ-ਸੱਤ ਸਾਲ ਲਾ ਕੇ ਬੀਮਾਰੀ ਦਾ ਇਲਾਜ ਸਿਖੀਦਾ ਹੈ, ਤਾਂ ਫੇਰ 'ਆਤਮ-ਸਾਇੰਸ' ਵੀ ਉਸੇ ਤਰ੍ਹਾਂ ਪੜ੍ਹਨ ਤੇ ਅਭਿਆਸ ਨਾਲ ਹਾਸਲ ਹੁੰਦੀ ਹੈ। ਪਿਆਰੇ ਪਾਠਕੋ ! ਸੱਤ ਸਾਲ ਨਹੀ ਤਾਂ ਸੱਤ ਮਹੀਨੇ ਵਿਦਿਆਰਥੀ ਵਾਂਗ ਦਿਨ ਰਾਤ ਪੜ੍ਹੋ ਤੇ ਫੇਰ ਮੁਕਾਬਲਾ ਕਰੋ। ਕੁਲ ਬੀਮਾਰੀਆਂ ਦਾ ਇਕੋ ਨੁਸਖ਼ਾ, ਵਾਹਿਗੁਰੂ ਨਾਮ ਤੇ ਧਿਆਨ, ਮਨ ਠੰਡਾ, ਤਨ ਸਿਹਤ ਵਿਚ ਤੇ ਲਾਇਲਾਜ ਬੀਮਾਰੀਆਂ ਦਾ ਪੂਰਾ-ਪੂਰਾ ਇਲਾਜ। ਨਾ ਪੈਸਾ ਖ਼ਰਚ ਤੇ ਨਾ ਵਕਤ ਹਰਜਾ, ਅਜ਼ਮਾਇਸ਼ ਕਰਨੀ ਜ਼ਰੂਰੀ ਹੈ, ਪੜ੍ਹ ਕੇ ਐਵੇਂ ਨਾ ਛੱਡ ਦੇਣਾ।

ਦੁਨੀਆਂ ਵਿੱਚ ਅਪੱਦਰਾਂ ਦਾ ਕਰਤਾ ਕੌਣ ਹੈ ?

ਦੁਨੀਆਂ ਵਿਚ ਬੜੇ-ਬੜੇ ਅਪੱਦਰ ਹੁੰਦੇ ਹਨ। ਲੜਾਈਆਂ ਕੌਮਾਂ ਨੂੰ ਤੇ ਮੁਲਕਾਂ ਨੂੰ ਬਰਬਾਦ ਕਰ ਦੇਂਦੀਆਂ ਹਨ। ਇਕ ਪਲੇਗ ਹਜ਼ਾਰਾਂ ਜਾਨਾਂ ਤਬਾਹ ਕਰ ਦੇਂਦੀ ਹੈ। ਸਮੁੰਦਰਾਂ ਦੇ ਤੂਫ਼ਾਨ ਹਨੇਰਾ ਮਚਾ ਦੇਂਦੇ ਹਨ। ਕੀ ਇਹ ਸਭ ਕੁਝ ਕਿਸੇ ਸ਼ਕਤੀ ਦੇ ਇੰਤਜ਼ਾਮ ਵਿਚ ਨਹੀਂ ਹੈ ? ਇਕ ਪਾਸੇ ਕੁਦਰਤ ਦਾ ਪੂਰਾ ਨਾ ਬਦਲਣ ਵਾਲਾ ਇੰਤਜ਼ਾਮ ਦੇਖਦੇ ਹਾਂ। ਸੂਰਜ ਵਕਤ ਤੇ ਚੜ੍ਹਦਾ ਹੈ। ਚੰਦਰਮਾ ਮੁਕਰਰ ਤਰੀਕੇ ਸਿਰ ਵਧਦਾ ਘਟਦਾ ਹੈ। ਬਰਸਾਤਾਂ ਤੇ ਅਨਾਜ ਉਤਪਤੀ ਮੁਕੱਰਰ ਕਾਨੂੰਨ ਸਿਰ ਹੋ ਰਹੀ ਹੈ। ਇਹ ਸਭ ਇੰਤਜ਼ਾਮ ਮਨੁਖ ਲਈ ਸੁਖਦਾਇਕ ਹਨ ਤਾਂ ਫਿਰ ਇਨਸਾਨ ਦੀ ਤਬਾਹੀ ਦੇ ਕੰਮ ਵੀ ਵਾਹਿਗੁਰੂ ਹੀ ਤਜਵੀਜ਼ ਕਰ ਰਿਹਾ ਹੈ, ਜਾਂ ਇਸ ਦੀ ਵਜ੍ਹਾ ਕੁਝ ਹੋਰ ਹੈ ? ਇਹ ਸਵਾਲ ਬੜੇ ਗੌਰ ਨਾਲ ਸੋਚਣ ਵਾਲਾ ਹੈ। ਆਮ ਤੌਰ ਤੇ ਦੁਨੀਆਂ ਦੀ ਰਾਏ ਇਹੋ ਹੈ ਕਿ ਭਾਵੇਂ ਪੂਰੀ ਗੱਲ ਦੀ ਸਮਝ ਨਹੀਂ ਆਉਂਦੀ, ਪਰ ਇਹਨਾਂ ਅਪੱਦਰਾਂ ਦਾ ਕਰਤਾ ਵਾਹਿਗੁਰੂ ਤੋਂ ਸਿਵਾਏ ਹੋਰ ਕੌਣ ਹੋ ਸਕਦਾ ਹੈ ? ਤੇ ਏਨੀ ਸ਼ਕਤੀ ਦਾ ਮਾਲਕ ਵੀ ਤਾਂ ਓਹੀ ਹੈ।

ਅਸੀਂ ਇਸ ਸਵਾਲ ਤੇ ਇਨਸਾਨੀ ਅਕਲ ਨਾਲ ਅਜ ਤਕ ਕਿਸੇ ਫ਼ੈਸਲੇ ਤੇ ਨਹੀਂ ਪਹੁੰਚ ਸਕੇ, ਨਾ ਹੀ ਇਹਨਾਂ ਅਪੱਦਰਾਂ ਨੂੰ ਹਟਾਣ ਦੀ ਕੋਈ ਤਜਵੀਜ਼ ਪੈਦਾ ਹੋਈ ਹੈ। ਦੇਖੀਏ ਆਤਮ-ਸਾਇੰਸ ਇਸ ਦਾ ਕੁਝ ਤਸੱਲੀ ਵਾਲਾ ਫ਼ੈਸਲਾ ਕਰ ਸਕਦੀ ਹੈ ਕਿ ਨਹੀਂ ?

ਆਤਮ-ਸਾਇੰਸ ਦੀ ਕਿਹੜੀ ਪੁਸਤਕ ਹੈ, ਜਿਹੜੀ ਇਸ ਸਵਾਲ ਦਾ ਤਸੱਲੀਬਖ਼ਸ਼ ਜਵਾਬ ਦੇ ਸਕੇ। ਆਤਮ-ਸਾਇੰਸ ਦੀ ਖੋਜ ਕਰਨ ਵਾਲੇ ਸੰਤ ਮਹਾਤਮਾ ਹੀ ਹੁੰਦੇ ਹਨ ਤੇ ਅਸਲ ਪੂਰਨ ਸੰਤ ਹੀ, ਜਿਨ੍ਹਾਂ ਦੀ ਸੁਰਤ ਵਾਹਿਗੁਰੂ ਜੀ ਨੂੰ ਅਸਲ ਰੰਗ ਵਿਚ ਦੇਖ ਚੁਕੀ ਹੈ, ਐਸੇ ਗੁੰਝਲਦਾਰ ਮਾਮਲੇ ਦੀ ਕੁਝ ਖ਼ਬਰ ਦੇ ਸਕਦੇ ਹਨ। ਇਸ ਕਰ ਕੇ ਗੁਰੂ ਗ੍ਰੰਥ ਸਾਹਿਬ ਤੋਂ ਸਿਵਾਏ ਹੋਰ ਕਿਹੜੀ ਪੁਸਤਕ ਹੋ ਸਕਦੀ ਹੈ, ਜਿਹੜੀ ਸਾਡੀ ਮੁਸ਼ਕਲ ਹੱਲ ਕਰੇ। ਇਸ ਲਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਹਾਂ। ਪਾਠ ਕਰਨ ਨਾਲ ਇਹੋ ਪਤਾ ਲਗ ਸਕਦਾ ਹੈ ਕਿ ਵਾਹਿਗੁਰੂ ਜੀ ਸਰਬ-ਵਿਆਪਕ ਤੇ ਸਰਬ-ਸ਼ਕਤੀਮਾਨ ਹੈ ਅਤੇ ਸੁਖ-ਸਰੂਪ ਹੈ। ਦੁਖ ਦਾ ਉਹਦੇ ਵਿਚ ਕਿਧਰੇ ਨਾਮ ਵੀ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰ-ਬਾਰ ਪੜ੍ਹਨ ਨਾਲ ਵੀ ਇਸੇ ਨਤੀਜੇ ਤੇ ਬਾਰ-ਬਾਰ ਪਹੁੰਚਾਂਗੇ :

ਤਾਤੀ ਵਾਉ ਨਾ ਲਗਈ ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨਾ ਭਾਈ।
(ਬਿਲਾਵਲੁ ਮਹਲਾ ੫)

ਵਾਹਿਗੁਰੂ ਜੀ ਦੀ ਸ਼ਰਨ ਆਇਆਂ ਤੱਤੀ ਵਾਉ ਨਹੀਂ ਲਗਦੀ, ਵਡੇ ਦੁਖ ਦਾ ਤਾਂ ਕੀ ਜ਼ਿਕਰ ਕਰਨਾ। ਫਿਰ ਅਗੇ ਇਹ ਵੀ ਸਾਫ ਕਰ ਦਿਤਾ ਹੈ ਕਿ ਕੋਈ ਦੁਖ ਕਿਸੇ ਕਿਸਮ ਦਾ ਨਹੀਂ ਲਗ ਸਕਦਾ।

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੇਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ।
ਕਉੜਾ ਬੋਲਿ ਨਾ ਜਾਨੈ ਪੂਰਨ ਭਗਵਾਨੈ।
ਅਉਗਣੁ ਕੋ ਨਾ ਚਿਤਾਰੇ। ਪਤਿਤ ਪਾਵਨੁ ਹਰਿ
ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।
(ਸੂਹੀ ਮਹਲਾ ੫)

ਵਾਹਿਗੁਰੂ ਤਾਂ ਹਮੇਸ਼ਾਂ ਮਿੱਠ ਬੋਲੜਾ ਹੈ, ਕੌੜਾ ਬੋਲਣਾ ਤਾਂ ਉਹ ਜਾਣਦਾ ਹੀ ਨਹੀਂ ਅਤੇ ਸਾਡੇ ਔਗੁਣਾਂ ਨੂੰ ਆਪਣੇ ਮਨ ਵਿਚ ਨਹੀਂ ਰਖਦਾ।

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ।
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ।
ਤਾ ਭਉ ਕੇਹਾ ਕਾੜਾ ਜੀਉ।

ਵਾਹਿਗੁਰੂ ਪਿਤਾ ਤੇ ਮਾਤਾ ਵਾਂਗਰ ਪਰੇਮ ਹੀ ਪਰੇਮ ਹੈ ਤੇ ਹਰ ਮੌਕੇ ਤੇ ਰਾਖੀ ਕਰਦਾ ਹੈ।

ਜਿੰਨਾ ਗੁਰੂ ਗ੍ਰੰਥ ਸਾਹਿਬ ਪੜ੍ਹਦੇ ਜਾਵਾਂਗੇ, ਇਹੋ ਹੀ ਨਮੂਨਾ ਨਜ਼ਰ ਆਵੇਗਾ ਕਿ ਵਾਹਿਗੁਰੂ ਜੀ ਪ੍ਰੇਮ ਹੀ ਪ੍ਰੇਮ ਹੈ ਤੇ ਸੁਖ-ਸਰੂਪ ਹੈ। ਦੁਖ ਉਹਦੇ ਸੁਭਾਵ ਵਿਚ ਨਹੀਂ, ਨਾ ਹੀ ਉਸ ਨੇ ਰਚਿਆ ਹੈ, ਸਗੋਂ ਦੁਖਾਂ ਦਾ ਨਾਸ ਕਰਦਾ ਹੈ। ਵਾਹਿਗੁਰੂ ਦਾ ਨਾਮ ਸਿਮਰਨ ਕਰਨ ਨਾਲ ਦੁਖ ਰੋਗ ਹਟ ਜਾਂਦੇ ਹਨ।

ਦੁਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ।
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ।
(ਆਸਾ ਮਹਲਾ ੫)

ਸਾਡੀ ਖੋਜ ਇਸ ਵਕਤ ਇਹ ਹੈ ਕਿ ਦੁਨੀਆਂ ਵਿਚ ਅਪੱਦਰਾਂ ਦਾ ਕਰਤਾ ਕੌਣ ਹੈ ਤੇ ਉਨ੍ਹਾਂ ਅਪੱਦਰਾਂ ਤੋਂ ਬਚਣ ਦਾ ਉਪਾਓ ਕੀ ਹੈ ? ਗੁਰੂ ਗ੍ਰੰਥ ਸਾਹਿਬ ਜੀ ਪੜ੍ਹਨ ਨਾਲ ਇਹ ਨਿਸਚਾ ਹੋ ਗਿਆ ਕਿ ਵਾਹਿਗੁਰੂ ਅਪੱਦਰਾਂ ਦਾ ਕਰਤਾ ਹਰਗਿਜ਼ ਨਹੀਂ। ਸਾਡਾ ਪਹਿਲਾ ਖ਼ਿਆਲ ਜੋ ਕਿ ਆਮ ਤੌਰ ਤੇ ਦੁਨੀਆਂ ਵਿਚ ਫੈਲਿਆ ਹੋਇਆ ਹੈ ਕਿ ਵਾਹਿਗੁਰੂ ਜੀ ਦੀ ਸ਼ਕਤੀ ਹੀ ਅਪੱਦਰਾਂ ਦਾ ਕਾਰਨ ਹੈ, ਗਲਤ ਸਾਬਤ ਹੋਣ ਨਾਲ ਸਾਰਾ ਮਤਲਬ ਪੂਰਾ ਨਹੀਂ ਹੋਇਆ। ਜੇ ਵਾਹਿਗੁਰੂ ਇਨ੍ਹਾਂ ਅਪੱਦਰਾਂ ਦਾ ਕਰਤਾ ਨਹੀਂ ਤਾਂ ਹੋਰ ਕਿਹੜੀ ਸ਼ਕਤੀ ਹੈ ?

ਆਤਮ-ਸਾਇੰਸ ਦਾ ਇਹ ਫੈਸਲਾ ਹੈ ਕਿ ਚੂੰਕਿ ਵਾਹਿਗੁਰੂ ਸੁਖ ਸਰੂਪ ਹੈ, ਬਲਕਿ ਦੁਖਾਂ ਦਾ ਨਾਸ ਕਰਨੇ ਵਾਲਾ ਹੈ ਤਾਂ ਇਸ ਤੋਂ ਸਿਵਾ ਹੋਰ ਕੋਈ ਨਤੀਜਾ ਨਿਕਲ ਨਹੀਂ ਸਕਦਾ ਕਿ ਅਪੱਦਰ ਵਾਹਿਗੁਰੂ ਜੀ ਦੀ ਗੈਰਹਾਜ਼ਰੀ ਤੋਂ ਪੈਦਾ ਹੁੰਦੇ ਹਨ।

'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।'

ਵਾਹਿਗੁਰੂ ਸਰਬ-ਵਿਆਪੀ ਹੈ ਤੇ ਹਰ ਜਗ੍ਹਾ ਮੌਜੂਦ ਹੈ, ਪਰ ਅਸਾਂ ਆਪਣੀ-ਆਪਣੀ ਸੁਰਤ ਵਿਚੋਂ ਵਾਹਿਗੁਰੂ ਨੂੰ ਬਿਲਕੁਲ ਭੁਲਾ ਦਿਤਾ ਹੈ। ਵਾਹਿਗੁਰੂ ਦੀ ਗੈਰ-ਹਾਜ਼ਰੀ ਜਿਸ ਦਾ ਨਾਮ 'ਮਾਇਆ' ਹੈ, ਉਸ ਦੇ ਵਿਚ ਬੈਠੇ ਹੋਏ ਹਾਂ ਤੇ ਇਸ ਕਰ ਕੇ ਅਸੀਂ ਕੁਲ ਬੀਮਾਰੀਆਂ, ਭੁੜ੍ਹਾਂ, ਲੜਾਈਆਂ-ਝਗੜੇ ਤੇ ਦੁਖਾਂ ਦਾ ਸ਼ਿਕਾਰ ਬਣੇ ਹੋਏ ਹਾਂ। ਇਹਨਾਂ ਸਾਰਿਆਂ ਅਪੱਦਰਾਂ ਦੇ ਜ਼ਿੰਮੇਵਾਰ ਅਸੀਂ, ਸਾਡਾ ਪਾਪ ਤੇ ਸਾਡੀ ਅਗਿਆਨਤਾ ਹੈ। ਵਾਹਿਗੁਰੂ ਦਾ ਨੂਰ ਛਡ ਕੇ ਮਾਇਆ ਦਾ ਹਨੇਰਾ ਮਲਿਆ ਹੋਇਆ ਹੈ ਤੇ ਇਸ ਹਨੇਰੇ ਵਿਚ ਠੋਕਰਾਂ ਪਏ ਖਾਂਦੇ ਹਾਂ।

ਇਹ ਖ਼ਿਆਲ ਹੈ ਕਿ ਵਾਹਿਗੁਰੂ ਜੀ ਅਪੱਦਰਾਂ ਦਾ ਕਰਤਾ ਨਹੀਂ, ਅਸੀਂ ਇਕ ਮਿਸਾਲ ਦੇ ਕੇ ਸਮਝਾਣ ਦੀ ਕੋਸ਼ਿਸ਼ ਕਰਦੇ ਹਾਂ :-

ਮਿਸਾਲ : ਇਕ ਵੱਡੇ ਸ਼ਹਿਰ ਵਿਚ ਇਕ ਬਿਜਲੀ ਘਰ ਹੈ, ਜਿਸ ਨੂੰ ਚਲਾਣ ਲਈ ਇਕ ਹਜ਼ਾਰ ਮਨੁੱਖ ਕੰਮ ਕਰ ਰਹੇ ਹਨ। ਕਈ ਚੀਫ ਇੰਜੀਨੀਅਰ, ਕਈ ਛੋਟੇ ਇੰਜੀਨੀਅਰ ਹਨ, ਕਈ ਮਿਸਤਰੀ, ਕਈ ਬਾਬੂ ਤੇ ਕਈ ਇੰਜਨ ਤੇ ਕੰਮ ਕਰਦੇ ਹਨ। ਇਨ੍ਹਾਂ ਆਦਮੀਆਂ ਦੇ ਇੰਤਜ਼ਾਮ ਦੇ ਨਾਲ ਬਿਜਲੀ ਚਲ ਰਹੀ ਹੈ ਤੇ ਬਿਜਲੀ ਦੇ ਚਲਣ ਨਾਲ ਕੁਲ ਸ਼ਹਿਰ ਵਿਚ ਰੋਸ਼ਨੀ ਹੋ ਰਹੀ

ਹੈ। ਪੱਖੇ ਚਲ ਰਹੇ ਹਨ, ਖਾਣੇ ਪੱਕ ਰਹੇ ਹਨ, ਨਾਲੀਆਂ ਦੇ ਪਾਣੀ ਦਾ ਬੰਦੋਬਸਤ ਹੋ ਰਿਹਾ ਹੈ। ਕਾਰਖ਼ਾਨੇ ਤੇ ਟਰਾਮਾਂ ਚਲ ਰਹੀਆਂ ਹਨ।

ਇਹ ਸਾਰਾ ਕੰਮ ਇਕ ਇੰਤਜ਼ਾਮ ਵਿਚ ਚਲ ਰਿਹਾ ਹੈ। ਜੇਕਰ ਇੰਤਜ਼ਾਮ ਵਿਚ ਕੁਝ ਖ਼ਲਲ ਆ ਜਾਵੇ ਤਾਂ ਬਿਜਲੀ ਦੇ ਕੰਮ ਵਿਚ ਵੀ ਕੁਝ ਵਿਘਨ ਪੈ ਜਾਂਦਾ ਹੈ। ਪਰ ਇਸ ਤੋਂ ਉੱਚੀ ਇਕ ਹੋਰ ਗੱਲ ਹੈ ਕਿ ਬਿਜਲੀ ਦੇ ਖ਼ਾਸ ਨਿਯਮ ਜਾਂ ਕਾਨੂੰਨ ਹਨ ਜੇਹੜੇ ਕਿ ਬਿਜਲੀ ਪੈਦਾ ਕਰਦੇ ਹਨ ਤੇ ਉਹਦੀ ਸ਼ਕਤੀ ਤੋਂ ਕੰਮ ਲੈਂਦੇ ਹਨ। ਇਹ ਨਿਯਮ ਬਿਲਕੁਲ ਪੱਕੇ ਤੇ ਨਾ ਬਦਲਣ ਵਾਲੇ ਹਨ। ਜੇ ਇਹਨਾਂ ਨਿਯਮਾਂ ਦੀ ਪੂਰੀ ਤਾਬੇਦਾਰੀ ਕੀਤੀ ਜਾਵੇ ਤਾਂ ਬਿਜਲੀ ਪੈਦਾ ਹੋਵੇਗੀ ਤੇ ਪੂਰਾ ਕੰਮ ਕਰੇਗੀ। ਜੇਕਰ ਜ਼ਰਾ ਜਿੰਨਾਂ ਕੋਈ ਕੰਮ ਨਿਯਮ ਵਿਰੁਧ ਹੋਵੇਗਾ ਤਾਂ ਬਿਜਲੀ ਬੰਦ ਹੋ ਜਾਵੇਗੀ। ਲਖ ਹੱਥ ਜੋੜੋ, ਅਰਦਾਸਾਂ ਕਰੋ, ਨਿਯਮ ਦੀ ਪਾਬੰਦੀ ਸਿਵਾ ਬਿਜਲੀ ਕੰਮ ਨਹੀਂ ਕਰੇਗੀ। ਜਿਸ ਵਕਤ ਬਿਜਲੀ ਬੰਦ ਹੋ ਜਾਵੇਗੀ ਉਸ ਵਕਤ ਇੰਜੀਨੀਅਰ ਦਾ ਖ਼ਿਆਲ ਹੋਰ ਕਿਸੇ ਪਾਸੇ ਨਹੀਂ ਜਾਵੇਗਾ। ਉਹ ਦੇਖੇਗਾ ਕਿ ਬਿਜਲੀ ਦਾ ਕਿਹੜਾ ਨਿਯਮ ਟੁੱਟਾ ਹੈ। ਜਲਦੀ ਉਸ ਨੂੰ ਦਰੁਸਤ ਕਰਨ ਵਾਸਤੇ ਬੰਦਾ ਲਾ ਕੇ ਨਿਯਮ ਦੀ ਪੂਰੀ ਤਾਬੇਦਾਰੀ ਅਨੁਸਾਰ ਦਰੁਸਤੀ ਕਰਵਾਏਗਾ ਤੇ ਤਦ ਇਹ ਪੱਕੀ ਗੱਲ ਹੈ ਕਿ ਬਿਜਲੀ ਚਾਲੂ ਹੋ ਜਾਵੇਗੀ।

ਹੁਣ ਫਰਜ਼ ਕਰੋ ਕਿ ਕਿਸੇ ਕਾਰਨ ਕਰ ਕੇ ਬਿਜਲੀ ਬੰਦ ਹੋ ਗਈ ਹੈ। ਨਤੀਜਾ ਇਹ ਹੋਇਆ ਕਿ ਸਾਰਾ ਸ਼ਹਿਰ ਹਨੇਰੇ ਵਿਚ ਪੈ ਗਿਆ। ਪੱਖੇ ਬੰਦ, ਪਾਣੀ ਦੇ ਨਕਲੇ ਬੰਦ, ਕਾਰਖ਼ਾਨੇ ਅਤੇ ਟਰਾਮਾਂ ਬੰਦ ਹੋ ਗਈਆਂ। ਸਾਰੇ ਸ਼ਹਿਰ ਵਿਚ ਇਕ ਤੂਫ਼ਾਨ ਮਚ ਗਿਆ ਤੇ ਤਕਲੀਫ਼ਾਂ ਦੀ ਕੋਈ ਹੱਦ ਨਾ ਰਹੀ।

ਪਿਆਰੇ ਪਾਠਕੋ ! ਦੱਸੋ ਕਿ ਇਹ ਸਾਰੀ ਤਕਲੀਫ਼ ਤੇ ਤੂਫ਼ਾਨ ਦਾ ਜ਼ਿੰਮੇਵਾਰ ਕੌਣ ਹੈ ? ਬਿਜਲੀ ਜਾਂ ਮਨੁਖ ਜਿਸ ਨੇ ਬਿਜਲੀ ਦਾ ਕਾਨੂੰਨ ਤੋੜਿਆ, ਜਾਂ ਕਿਸੇ ਨਿਯਮ ਦੀ ਪੂਰੀ ਤਾਬੇਦਾਰੀ ਨਹੀਂ ਕੀਤੀ ? ਤੁਹਾਡਾ ਜਵਾਬ ਜ਼ਰੂਰੀ ਹੈ ਕਿ ਬਿਜਲੀ ਏਹ ਤੂਫ਼ਾਨ ਮਚਾਣ ਦਾ ਕਾਰਨ ਨਹੀਂ, ਨਾ ਹੀ ਜ਼ਿੰਮੇਵਾਰ ਹੈ। ਤੂਫ਼ਾਨ ਬਿਜਲੀ ਦੀ ਗੈਰਹਾਜ਼ਰੀ ਕਰ ਕੇ ਆਇਆ ਤੇ ਗੈਰਹਾਜ਼ਰੀ ਨਿਯਮ ਵਿਰੁਧ ਚਲਣ ਨਾਲ ਪੈਦਾ ਹੋਈ ਤੇ ਨਿਯਮ ਤੋੜਨ ਦਾ ਜ਼ਿੰਮੇਵਾਰ ਮਨੁੱਖ ਹੈ।

ਇਹੋ ਹਾਲ ਵਾਹਿਗੁਰੂ ਜੀ ਦੀ ਸ੍ਰਿਸ਼ਟੀ ਦਾ ਹੈ। ਉਹਦੇ ਨਿਯਮ ਨਾਲ ਉਹਦੀ ਹਰ ਸ਼ਕਤੀ ਕੰਮ ਕਰ ਰਹੀ ਹੈ। ਜਿਸ ਤਰ੍ਹਾਂ ਬਿਜਲੀ ਇਕ ਸ਼ਕਤੀ ਹੈ, ਇਸੇ ਤਰ੍ਹਾਂ ਮਨੁਖ ਦੀ ਪਾਲਣਾ ਤੇ ਰਖਸ਼ਾ ਇਕ ਸ਼ਕਤੀ ਕਰ ਰਹੀ ਹੈ। ਉਹਦੇ ਨਿਯਮ ਅਨੁਸਾਰ ਚਲਣ ਨਾਲ ਉਹ ਸ਼ਕਤੀ ਮਦਦ ਕਰੇਗੀ ਤੇ ਇਨਸਾਨ

ਨੂੰ ਤੰਦਰੁਸਤੀ ਦੇਵੇਗੀ ਸਭ ਹਾਜਤਾਂ ਪੂਰੀਆਂ ਕਰੇਗੀ ਤੇ ਕੁਲ ਸੁਖ ਦੇਵੇਗੀ। ਜੇਕਰ ਉਸ ਸ਼ਕਤੀ ਦੇ ਨਿਯਮਾਂ ਅਨੁਸਾਰ ਨਾ ਚਲਿਆ ਜਾਵੇ ਤਾਂ ਤਰ੍ਹਾਂ-ਤਰ੍ਹਾਂ ਦੀਆਂ ਤਕਲੀਫਾਂ ਪ੍ਰਗਟ ਹੁੰਦੀਆਂ ਰਹਿਣਗੀਆਂ। ਨਿਯਮ ਤੋੜਨ ਦੀ ਮੋਟੀ ਸ਼ਕਲ ਨੂੰ 'ਪਾਪ' ਆਖਿਆ ਜਾਂਦਾ ਹੈ। ਹਰ ਮਨੁਖ ਦੇ ਪਾਪ ਉਹਦੀ ਆਪਣੀ ਛੋਟੀ ਦੁਨੀਆਂ ਵਿਚ ਖਲਲ ਪਾਂਦੇ ਹਨ ਤੇ ਕੌਮ ਦੇ ਪਾਪ ਮਿਲ ਕੇ ਵੱਡੇ ਅਪੱਦਰਾਂ ਦੀ ਸ਼ਕਲ ਵਿਚ ਜ਼ਾਹਿਰ ਹੁੰਦੇ ਹਨ। ਕਿਉਂਕਿ ਪਾਪ ਵਿਚ ਤਬਾਹੀ ਦਾ ਮਾਦਾ ਹੁੰਦਾ ਹੈ, ਇਸ ਕਰ ਕੇ ਬੰਬ ਵਾਂਗਰ ਉਹ ਪਾਪ ਆਪ ਵੀ ਤਬਾਹ ਹੋ ਜਾਂਦਾ ਹੈ। ਜਿਹੜਾ ਪਾਪ ਨੂੰ ਕੋਲ ਰਖੇ ਤੇ ਉਹਦੇ ਨਾਲ ਪਿਆਰ ਕਰੇ, ਉਸ ਨੂੰ ਵੀ ਤਬਾਹ ਕਰ ਦੇਂਦਾ ਹੈ।

ਹੁਣ ਅਸਾਂ ਵਿਚਾਰ ਇਹ ਕਰਨੀ ਹੈ ਕਿ ਇਹਨਾਂ ਅਪੱਦਰਾਂ ਨੂੰ ਰੋਕਣ ਦਾ ਉਪਾਓ ਕੀ ਹੈ ? ਦੁਨਿਆਵੀ ਉਪਾਓ ਆਮ ਤੌਰ ਤੇ ਨੁਕਸਦਾਰ ਹੁੰਦਾ ਹੈ ਤੇ ਕਦੀ ਵੀ ਯਕੀਨ ਨਹੀਂ ਹੁੰਦਾ ਕਿ ਕਾਮਯਾਬੀ ਜ਼ਰੂਰੀ ਹੋਵੇਗੀ। ਆਤਮ-ਸਾਇੰਸ ਦਾ ਇਹ ਇਕ ਪੱਕਾ ਫੈਸਲਾ ਹੈ ਕਿ ਵਾਹਿਗੁਰੂ ਜੀ ਵਿਚ ਕੋਈ ਗਲਤੀ ਨਹੀਂ, ਇਸ ਲਈ ਪੂਰੀ ਕਾਮਯਾਬੀ ਵਾਲਾ ਉਪਾਓ ਆਤਮਕ ਹੀ ਹੋ ਸਕਦਾ ਹੈ, ਦੁਨਿਆਵੀ ਨਹੀਂ। ਆਤਮਿਕ ਇਲਾਜ ਕੀ ਹੈ ਤੇ ਕਿਥੇ ਮਿਲਦਾ ਹੈ ? ਇਸ ਦਾ ਜਵਾਬ ਆਤਮ-ਸਾਇੰਸ ਦੇ ਕੋਲ ਉਹੀ ਹੈ, ਜੋ ਹਮੇਸ਼ਾ ਹੁੰਦਾ ਹੈ ਕਿ ਦੁਨੀਆਂ ਦੇ ਕੁਲ ਦੁਖਾਂ ਤੇ ਭੁਖਾਂ ਦਾ ਇਲਾਜ ਕੇਵਲ ਨਾਮ ਹੀ ਹੈ ਤੇ ਨਾਮ ਹਾਸਲ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ, ਸਮਝਣਾ ਤੇ ਉਥੇ ਦਸੇ ਹੋਏ ਨਿਯਮਾਂ (ਸ਼ਬਦਾਂ) ਤੇ ਅਮਲ ਕਰਨਾ ਹੈ। ਸ਼ੁਰੂ-ਸ਼ੁਰੂ ਵਿਚ ਕਿਸੇ ਆਤਮ-ਸਾਇੰਸ ਦੇ ਮਾਹਿਰ ਤੇ ਨਾਮ ਦੇ ਸਿਮਰਨ ਵਾਲੇ ਦੀ ਮਦਦ ਲੈਣੀ ਅੱਛੀ ਹੈ।

ਅਪੱਦਰ ਨੂੰ ਹਟਾਣ ਦੇ ਪੂਰੇ-ਪੂਰੇ ਇਲਾਜ ਦਾ ਇਕ ਨਮੂਨਾ ਹੇਠ ਲਿਖੇ ਸ਼ਬਦ ਵਿਚ ਦੇਖੋ। ਇਹ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਉਸ ਵੇਲੇ ਉਚਾਰਿਆ ਸੀ ਜਦ ਸੁਲਹੀ ਖਾਨ ਗੁਰੂ ਸਾਹਿਬ ਨਾਲ ਵੈਰ ਕਰਨ ਵਾਲਿਆਂ ਦਾ ਚੁਕਿਆ ਹੋਇਆ ਚੜ੍ਹ ਆਉਂਦਾ ਹੈ ਤਾਂ ਬਚਾਓ ਲਈ ਸਿੱਖ ਸੇਵਕ ਕਈ ਤਜਵੀਜ਼ਾਂ ਕਰਦੇ ਹਨ। ਪਹਿਲੋਂ ਮਸ਼ਵਰਾ ਇਹ ਦਿਤਾ ਜਾਂਦਾ ਹੈ ਕਿ ਉਸ ਨੂੰ ਕੋਈ ਚਿੱਠੀ ਭੇਜੀਏ। ਦੂਜੀ ਸਲਾਹ ਇਹ ਕਿ ਦੋ ਆਦਮੀ ਭੇਜ ਕੇ ਕੋਈ ਫੈਸਲਾ ਕਰ ਲਿਆ ਜਾਵੇ। ਤੀਜੀ ਇਹ ਕਿ ਕੋਈ ਹੋਰ ਅਸਰ ਵਾਲਾ ਉਪਾਓ ਕਰੀਏ। ਵਾਹਿਗੁਰੂ ਜੀ ਤੇ ਭਰੋਸਾ ਰਖਣ ਵਾਲੇ ਗੁਰੂ ਸਾਹਿਬ ਫੁਰਮਾਂਦੇ ਹਨ ਕਿ ਮੈਂ ਤਾਂ ਕੇਵਲ ਵਾਹਿਗੁਰੂ ਜੀ ਨੂੰ ਯਾਦ ਕਰਦਾ ਹਾਂ ਤੇ ਉਸੇ ਦਾ ਮੈਨੂੰ ਆਸਰਾ ਹੈ। ਇਸ ਪੂਰੇ

ਭਰੋਸੇ ਦਾ ਨਤੀਜਾ ਇਹ ਹੋਇਆ ਕਿ ਸੁਲਹੀ ਖਾਨ ਗੁਰੂ ਮਹਾਰਾਜ ਤੇ ਹਮਲਾ ਕਰਨ ਤੋਂ ਪਹਿਲੇ ਹੀ ਇਕ ਹਾਦਸੇ ਵਿਚ ਮਾਰਿਆ ਗਿਆ ਤੇ ਉਹਦੀਆਂ ਫੌਜਾਂ ਨੱਸ ਗਈਆਂ। ਸ਼ਬਦ ਇਹ ਹੈ :-

ਆਸਾ ਮਹਲਾ ੫

ਪ੍ਰਥਮੇ ਮਤਾ ਜਿ [1]ਪਤ੍ਰੀ ਚਲਾਵਉ।
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ।
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ।
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।
ਮਹਾ ਅਨੰਦ ਅਚਿੰਤ [2]ਸਹਜਾਇਆ।
ਦੁਸਮਨ ਦੂਤ ਮੁਏ ਸੁਖੁ ਪਾਇਆ ਰਹਾਉ।
ਸਤਿਗੁਰਿ ਮੋ ਕਉ ਦੀਆ ਉਪਦੇਸੁ।
ਜੀਉ [3]ਪਿੰਡੁ ਸਭੁ ਹਰਿ ਕਾ ਦੇਸੁ।
ਜੋ ਕਿਛੁ ਕਰੀ ਸੁ ਤੇਰਾ ਤਾਣੁ।
ਤੂੰ ਮੇਰੀ ਓਟ ਤੂੰ ਹੈ [4]ਦੀਬਾਣੁ।
ਤੁਧਨੋ ਛੋਡਿ ਜਾਈਐ ਪ੍ਰਭ ਕੈਂ [5]ਧਰ।
[6]ਆਨ ਨ ਬੀਆ ਤੇਰੀ ਸਮਸਰਿ।
ਤੇਰੇ ਸੇਵਕ ਕਉ ਕਿਸ ਕੀ [7]ਕਾਣਿ।
[8]ਸਾਕਤੁ ਭੂਲਾ ਫਿਰੈ [9]ਬੇਬਾਣਿ।
ਤੇਰੀ ਵਡਿਆਈ ਕਹੀ ਨ ਜਾਇ।
[10]ਜਹ ਕਹ ਰਾਖਿ ਲੈਹਿ ਗਲਿ ਲਾਇ।
ਨਾਨਕ ਦਾਸ ਤੇਰੀ ਸਰਣਾਈ।
ਪ੍ਰਭਿ ਰਾਖੀ ਪੈਜ [11]ਵਜੀ ਵਾਧਾਈ।

ਇਸ ਸ਼ਬਦ ਵਿਚ ਪਹਿਲੇ ਤਿੰਨ ਮਤੇ ਦਸ ਕੇ ਫੇਰ ਨਿਯਮਾਂ (ਕਾਨੂੰਨ, ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ) ਦਾ ਜ਼ਿਕਰ ਕੀਤਾ ਹੈ। ਕੀ ਕੀ ਨਿਯਮ ਵਰਤੇ ਗਏ ਹਨ, ਜ਼ਰਾ ਗੌਰ ਨਾਲ ਪੜ੍ਹਨ ਦੀ ਲੋੜ ਹੈ। ਬਾਰ-ਬਾਰ ਪੜ੍ਹੋ ਤਾਕਿ

---

੧. ਚਿੱਠੀ। ੨. ਸਹਜ ਸੁਖ ਮਿਲਿਆ ਹੈ। ੩. ਮਨ ਤੇ ਤਨ ਸਭ ਹਰੀ ਦੀ ਮਲਕੀਅਤ ਹੈ। ੪. ਉਹ ਹਾਕਮ ਜਿਸ ਪਾਸ ਫਰਿਆਦ ਕਰ ਸਕੀਏ, ਆਸਰਾ। ੫. ਕਿਸ ਤਰਫ। ੬. ਹੋਰ ਕੋਈ ਦੂਜਾ ਤੇਰੇ ਬਰਾਬਰ ਨਹੀਂ। ੭. ਮੁਥਾਜੀ (ਮਾਇਆ) ਦਾ ਉਪਾਸ਼ਕ। ੮. ਜੰਗਲ ਵਿਚ, ਭਾਵ ਅਵਾਰਾ ਫਿਰਦਾ ਹੈ। ੧੦. ਜਿਥੇ ਕਿਥੇ। ੧੧. ਵਧਾਈਆਂ ਮਿਲੀਆਂ।

ਇਕ-ਇਕ ਨਿਯਮ ਦੀ ਪੂਰੀ-ਪੂਰੀ ਸਮਝ ਆਵੇ। ਜਦ ਕਦੀ ਕੋਈ ਤਕਲੀਫ ਆਵੇ, ਇਹਨਾਂ ਨਿਯਮਾਂ ਨਾਲ ਦਰੁਸਤ ਕਰੋ। ਜੇ ਤਕਲੀਫ ਨਾ ਹਟੇ ਤਾਂ ਘਬਰਾਣਾ ਨਹੀਂ। ਨਿਯਮ ਅਜੇ ਪੂਰਾ ਨਹੀਂ ਸਮਝਿਆ। ਬਾਰ-ਬਾਰ ਨਿਯਮ ਨੂੰ ਫੇਰ ਪੜ੍ਹੋ ਤੇ ਵਰਤੋ, ਜਦ ਤਕ ਕਿ ਤਕਲੀਫ ਨਾ ਹਟ ਜਾਵੇ। ਇਹ ਖ਼ਿਆਲ ਦਿਲ ਵਿਚੋਂ ਕਢ ਦੇਵੋ ਕਿ ਨਿਯਮ ਤਾਂ ਕਿਧਰੇ ਗਲਤ ਨਹੀਂ।

ਇਹਨਾਂ ਨਿਯਮਾਂ ਵਿਚ ਦਸਿਆ ਹੈ ਕਿ ਅਕਾਲ ਪੁਰਖ ਉਤੇ ਭਰੋਸਾ ਹੈ। ਭਰੋਸਾ ਇਤਨਾ ਕਾਮਲ ਹੈ ਕਿ ਕਿਸੇ ਹੋਰ ਆਸਰੇ ਵਲ ਗੁਰੂ ਮਹਾਰਾਜ ਤਕ ਹੀ ਨਹੀਂ ਰਹੇ। ਸਾਰੀ ਸ਼ਕਤੀ ਵਾਹਿਗੁਰੂ ਜੀ ਵਿਚ ਹੀ ਹੈ। ਹੋਰ ਕੋਈ ਸ਼ਕਤੀ ਉਹਦੇ ਸਿਵਾ ਕੰਮ ਨਹੀਂ ਕਰ ਰਹੀ। ਅਦਾਲਤ ਵੀ ਉਸ ਦੀ ਹੈ। ਮਾਇਆ ਨੂੰ ਬਿਲਕੁਲ ਗੈਰਹਾਜ਼ਰ ਦਸਿਆ ਹੈ। ਫੇਰ ਵਾਹਿਗੁਰੂ ਪ੍ਰੇਮ ਹੀ ਪ੍ਰੇਮ ਬਿਆਨ ਕੀਤਾ ਹੈ। ਅਖ਼ੀਰ ਸ਼ੁਕਰੀਆ ਕੀਤਾ ਹੈ ਤੇ ਖੁਸ਼ੀ ਮਨਾਈ ਹੈ।

ਦੌਲਤ ਤੇ ਨਾਮ

ਕੁਲ ਦੁਨੀਆਂ ਦੌਲਤ ਇਕੱਠੀ ਕਰਨ ਦੇ ਮਗਰ ਪਈ ਹੋਈ ਹੈ, ਕਿਉਂਕਿ ਦੌਲਤ ਵਿਚ ਹਰ ਚੀਜ਼ ਖ਼ਰੀਦਣ ਦੀ ਸ਼ਕਤੀ ਹੈ। ਜੇ ਸਿਹਤ ਖ਼ਰਾਬ ਹੋ ਜਾਵੇ ਤਾਂ ਡਾਕਟਰ ਤੇ ਦਵਾਈਆਂ ਦੌਲਤ ਹਾਜ਼ਰ ਕਰ ਦੇਂਦੀ ਹੈ। ਨਰਸਾਂ ਮਿੰਟ-ਮਿੰਟ ਦਾ ਧਿਆਨ ਕਰਨ ਵਾਸਤੇ ਤਿਆਰ ਹਨ। ਜੇ ਸ਼ੁਹਰਤ ਦਰਕਾਰ ਹੈ ਤਾਂ ਲੱਖਾਂ ਰੁਪਏ ਖ਼ਰਚ ਕਰ ਕੇ ਲੈਜਿਸਲੇਟਿਵ ਅਸੈਂਬਲੀ ਦਾ ਮੈਂਬਰ ਬਣ ਸਕੀਦਾ ਹੈ। ਦੌਲਤ ਸੁੰਦਰ ਕੋਠੀਆਂ ਤੇ ਉਚੇ ਦਰਜੇ ਦਾ ਸਾਮਾਨ ਕੋਠੀ ਨੂੰ ਸਜਾਉਣ ਲਈ, ਬਗੀਚੀ ਦੀ ਠੰਢੀ ਤੇ ਖ਼ੂਬਸੂਰਤ ਹਰਿਆਵਲ ਪੈਦਾ ਕਰ ਦੇਂਦੀ ਹੈ। ਜਿਸ ਚੀਜ਼ ਵਿਚ ਇਸ ਤਰ੍ਹਾਂ ਦੇ ਬਹੁਤ ਸਾਰੇ ਗੁਣ ਹੋਣ, ਉਸ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਿਉਂ ਨਾ ਕੀਤੀ ਜਾਵੇ ?

ਇਹ ਗੱਲ ਸੋਚ ਕੇ ਕੁਲ ਦੁਨੀਆਂ ਦੌਲਤ ਦੇ ਮਗਰ ਲੱਗੀ ਹੋਈ ਹੈ। ਪਰ ਥੋੜ੍ਹੀ ਡੂੰਘੀ ਸੋਚ ਕਰਨ ਨਾਲ ਖ਼ਿਆਲ ਦਾ ਰੰਗ ਬਦਲ ਜਾਂਦਾ ਹੈ ਤੇ ਇਹ ਪਤਾ ਲਗਦਾ ਹੈ ਕਿ ਦੌਲਤ ਹਾਸਲ ਕਰਨ ਵਾਸਤੇ ਕੁਝ ਮਨੁਖ ਸਵੇਰ ਤੋਂ ਸ਼ਾਮ ਤਕ ਕੰਮ ਕਰਦੇ ਹਨ ਪਰ ਇਹ ਹਰ ਮਨੁਖ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਉਹਨੂੰ ਨਹੀਂ ਮਿਲਦੀ। ਬਹੁਤਿਆਂ ਦੀਆਂ ਥੁੜਾਂ ਕਾਇਮ ਰਹਿ ਜਾਂਦੀਆਂ ਹਨ ਤੇ ਬਹੁਤ ਥੋੜ੍ਹੇ ਹਨ, ਜਿਨ੍ਹਾਂ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਉਨ੍ਹਾਂ ਨੂੰ ਪੂਰੀ ਦੌਲਤ ਮਿਲਦੀ ਹੈ। ਇਸ ਤਰ੍ਹਾਂ ਖ਼ਲਕਤ ਦਾ ਬੜਾ ਭਾਰਾ ਹਿਸਾ ਇਸ ਕੋਲੋਂ ਨਿਰਾਸ਼ ਹੀ ਰਹਿੰਦਾ ਹੈ।

ਹੁਣ ਇਹ ਵੇਖੋ ਕਿ ਜਿਨ੍ਹਾਂ ਨੂੰ ਦੌਲਤ ਕਾਫ਼ੀ ਮਿਲ ਰਹੀ ਹੈ, ਉਨ੍ਹਾਂ ਦਾ ਕੀ ਹਾਲ ਹੈ ? ਇਕ ਤਾਂ ਉਹਨਾਂ ਦਾ ਹੋਰ-ਹੋਰ ਕਮਾਣ ਦਾ ਫ਼ਿਕਰ ਖ਼ਤਮ ਨਹੀਂ ਹੁੰਦਾ। 'ਬੱਸ' ਉਹਨਾਂ ਦੇ ਮੂੰਹੋਂ ਨਹੀਂ ਨਿਕਲਦੀ, ਹੋਰ-ਹੋਰ ਕਮਾਣ ਦੀ ਖ਼ੁਆਹਿਸ਼ ਸਗੋਂ ਜ਼ਿਆਦਾ ਹੁੰਦੀ ਜਾਂਦੀ ਹੈ। ਮਨ ਚੈਨ ਨਾਲ ਨਹੀਂ ਬੈਠਦਾ। ਇਹ ਹੋਰ ਧੁੜਕੂ ਲਗ ਜਾਂਦਾ ਹੈ ਕਿ ਆਈ ਹੋਈ ਦੌਲਤ ਕਿਧਰੇ ਤਿਲ੍ਹਕ ਨਾ ਜਾਵੇ ! ਇਹ ਫ਼ਿਕਰ, ਬੇਚੈਨੀ ਤੇ ਬੇਇਤਬਾਰੀ ਸੁਖ ਦਾ ਸਾਹ ਨਹੀਂ ਲੈਣ ਦਿੰਦੀ।

ਹੋਰ ਇਕ ਗੱਲ ਹੁਣ ਦੇਖੋ ਕਿ ਜਿਨ੍ਹਾਂ ਥੋੜ੍ਹੇ ਮਨੁਖਾਂ ਕੋਲ ਕਾਫੀ ਦੌਲਤ ਆਈ ਹੋਈ ਹੈ, ਉਨ੍ਹਾਂ ਨੇ ਵੀ ਜਾ ਕੇ ਇਹੋ ਫੈਸਲਾ ਕੀਤਾ ਹੈ, ਕਿ ਇਹ ਕੁਲ ਹਾਜਤਾਂ ਪੂਰੀਆਂ ਨਹੀਂ ਕਰ ਸਕਦੀ ਤੇ ਸਾਰੇ ਸੁਖਾਂ ਦਾ ਕਾਰਨ ਨਹੀਂ ਹੈ। ਇਸ ਦੇ ਹੁੰਦਿਆਂ ਵੀ ਦੁਖਾਂ ਦੀਆਂ ਲਹਿਰਾਂ ਬਦਨ ਦੇ ਪਾਸੇ ਤੋੜਨ ਤੋਂ ਬਾਜ਼ ਨਹੀਂ ਰਹਿੰਦੀਆਂ। ਮਾਯੂਸੀ, ਮੌਤ, ਬੀਮਾਰੀਆਂ ਤੇ ਦੁਨਿਆਵੀ ਹਾਦਸੇ ਲੱਕ ਤੋੜਦੇ ਹੀ ਰਹਿੰਦੇ ਹਨ।

ਇਸ ਵਿਚਾਰ ਤੋਂ ਇਹ ਮਾਲੂਮ ਹੋਇਆ ਕਿ ਦੌਲਤ ਕੁਲ ਸੁਖ ਪੈਦਾ ਨਹੀ ਕਰ ਸਕਦੀ। ਦੁਨੀਆਂ ਜਿਤਨੀ ਪਗਲੀ ਹੋ ਕੇ ਇਸ ਦੇ ਹਾਸਲ ਕਰਨ ਦੇ ਮਗਰ ਪਈ ਹੋਈ ਹੈ, ਇਹ ਉਨ੍ਹਾਂ ਦੇ ਲਾਇਕ ਨਹੀਂ। ਆਓ, ਜ਼ਰਾ ਅਮੀਰ ਤੇ ਗਰੀਬ ਨੂੰ ਕੋਲ-ਕੋਲ ਰਖ ਕੇ ਮੁਕਾਬਲਾ ਕਰੀਏ। ਕੁਦਰਤ ਦੀ ਪੱਕੀ ਵੰਡ ਤਾਂ ਦੇਖੋ ! ਜੇ ਅਮੀਰਾਂ ਨੂੰ ਦੌਲਤ ਦਿਤੀ ਤਾਂ ਗਰੀਬਾਂ ਨੂੰ ਸਿਹਤ ਦਿਤੀ ਹੈ। ਜੇ ਗਰੀਬ ਇਕ ਅਮੀਰ ਦੀ ਦੌਲਤ ਦੇਖ ਕੇ ਅਫਸੋਸ ਦੀਆਂ ਆਹਾਂ ਭਰ ਰਿਹਾ ਹੈ, ਤਾਂ ਇਕ ਅਮੀਰ, ਗਰੀਬ ਦੀ ਸਿਹਤ ਤਕ ਕੇ ਉਸ ਦੇ ਨਾਲੋਂ ਘਟ ਅਫਸੋਸ ਵਿਚ ਨਹੀਂ ਹੈ। ਅਮੀਰ ਦੀ ਮੇਜ਼ ਤੇ ਛੱਤੀ ਪਦਾਰਥ ਹਨ, ਪਰ ਉਹ ਸਿਹਤ ਦੇ ਡਰ ਮਾਰੇ ਤੇ ਡਾਕਟਰਾਂ ਦੀਆਂ ਨਸੀਹਤਾਂ ਮੁਜਬ ਬਹੁਤ ਚੀਜ਼ਾਂ ਖਾਣ ਤੋਂ ਵਾਂਝਾ ਰਹਿੰਦਾ ਹੈ। ਖਾਣ ਦਾ ਹੁਕਮ ਨਹੀਂ ਤੇ ਗਰੀਬ ਚੀਜ਼ਾਂ ਨਾ ਮਿਲਣ ਕਰਕੇ ਵਾਂਝਾ ਰਹਿੰਦਾ ਹੈ। ਭੁਖ ਤੇ ਸਿਹਤ ਠੀਕ ਹੋਣ ਨਾਲ ਗਰੀਬ ਖਾਣੇ ਦਾ ਓਹੀ ਸਵਾਦ ਲੈ ਰਿਹਾ ਹੈ, ਜੋ ਇਕ ਅਮੀਰ ਭੁਖ ਤੇ ਸਿਹਤ ਦੀ ਕਮੀ ਕਰਕੇ ਇਕ ਅਛੇ ਖਾਣੇ ਦਾ ਸਵਾਦ ਲੈ ਰਿਹਾ ਹੈ। ਅਮੀਰ ਵੀ ਆਪਣੀਆਂ ਜ਼ਰੂਰਤਾਂ ਵਧਾ ਕੇ ਥੁੜ੍ਹ ਵਿਚ ਹੈ ਤੇ ਹੋਰ ਦੌਲਤ ਦਾ ਪ੍ਰਬੰਧ ਕਰ ਰਿਹਾ ਹੈ ਤੇ ਗਰੀਬ ਵੀ ਥੁੜ੍ਹਾਂ ਦੇ ਵਸ ਵਿਚ ਹੋ ਕੇ ਦੌਲਤ ਲੱਭ ਰਿਹਾ ਹੈ। ਇਹ ਵੀ ਪੱਕ ਹੈ ਕਿ ਜ਼ਰੂਰੀ ਰਿਜ਼ਕ ਅਮੀਰ-ਗਰੀਬ ਦੋਹਾਂ ਨੂੰ ਮਿਲਦਾ ਹੈ।

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।
(ਗੂਜਰੀ ਮਹਲਾ ੫)

ਮਨ ਦੀ ਸ਼ਾਂਤੀ ਵੀ ਇਕ ਸੁਰਤ ਦੀ ਖੇਡ ਹੈ ਜੋ ਕਿ ਅਮੀਰ ਤੇ ਗਰੀਬ ਆਪਣੇ-ਆਪਣੇ ਖ਼ਿਆਲਾਂ ਮੁਜਬ ਹਾਸਲ ਕਰਦੇ ਹਨ। ਅਮੀਰ ਹਮੇਸ਼ਾਂ ਜ਼ਿਆਦਾ ਸ਼ਾਂਤੀ ਦਾ ਮਾਲਕ ਨਹੀਂ ਹੋ ਸਕਦਾ ਤੇ ਨਾ ਹੀ ਗਰੀਬ ਹਮੇਸ਼ਾਂ ਅਸ਼ਾਂਤੀ ਦੀ ਤਕਲੀਫ ਵਿਚ ਜਲਦਾ ਰਹਿੰਦਾ ਹੈ।

ਇਸ ਵਿਚਾਰ ਤੋਂ ਏਸ ਨਤੀਜੇ ਤੇ ਪਹੁੰਚਣਾ ਹੈ ਕਿ ਦੌਲਤ ਐਡੀ ਵੱਡੀ

ਖ਼ਾਹਿਸ਼ ਕਰਨ ਵਾਲੀ ਚੀਜ਼ ਨਹੀਂ ਹੈ ਜਿੰਨੀ ਕਿ ਦੁਨੀਆਂ ਇਸ ਦੇ ਪਿਛੇ ਕਮਲੀ ਹੋਈ ਪਈ ਹੈ। ਪਰ ਕਿਉਂਕਿ ਇਹਦੇ ਵਿਚ ਬਹੁਤ ਸਾਰੀਆਂ ਚੀਜ਼ਾਂ ਖ਼ਰੀਦਣ ਦੀ ਸ਼ਕਤੀ ਹੈ, ਇਸ ਵਾਸਤੇ ਇਹਦਾ ਹਾਸਲ ਕਰਨਾ ਕਿਸੇ ਹੱਦ ਤਕ ਲੋੜਾਂ ਅਨੁਸਾਰ ਜ਼ਰੂਰੀ ਹੈ।

ਜੇਕਰ ਦੌਲਤ ਦਾ ਹਾਸਲ ਕਰਨਾ ਜ਼ਰੂਰੀ ਹੈ ਤਦ ਕੀ ਇਸ ਦੀ ਧੋਖੇਬਾਜ਼ੀ ਦਾ ਅਸੀਂ ਕੋਈ ਇਲਾਜ ਕਰ ਸਕਦੇ ਹਾਂ ਕਿ ਨਹੀਂ ? ਇਹ ਅਵੱਲ ਤਾਂ ਪੂਰੀ ਮਿਲਦੀ ਹੀ ਨਹੀਂ, ਜੇ ਮਿਲਦੀ ਹੈ ਤਾਂ ਵਫ਼ਾਦਾਰੀ ਨਹੀਂ ਕਰਦੀ, ਝੱਟ ਧੋਖਾ ਦੇ ਕੇ ਤਿਲ੍ਹਕ ਜਾਂਦੀ ਹੈ। ਪੱਛਮੀ ਪੰਜਾਬ ਦੇ ਲਖਾਂ ਘਰਾਣੇ ਛਿਨ ਵਿਚ ਵਡੀ ਅਮੀਰੀ ਤੋਂ ਖ਼ਾਕ ਨਾਲ ਮਿਲਣ ਵਾਲੀ ਗਰੀਬੀ ਵਿਚ ਆ ਗਏ। ਇਹ ਕਾਬੂ ਵਿਚ ਨਹੀਂ ਰਹਿੰਦੀ ਤੇ ਹਮੇਸ਼ਾ ਹਥ ਜੁੜਾਂਦੀ ਤੇ ਸਾਡੇ ਤੇ ਹਕੂਮਤ ਕਰਦੀ ਹੈ। ਕੀ ਇਹ ਗੁਲਾਮ ਬਣ ਕੇ ਵਫ਼ਾਦਾਰੀ ਵਾਲੀ ਖ਼ਿਦਮਤ ਨਹੀਂ ਕਰ ਸਕਦੀ ? ਅਸੀਂ ਇਹਦੇ ਪਿਛੇ ਨਾ ਫਿਰੀਏ, ਇਹ ਸਾਡੇ ਮਗਰ ਫਿਰੇ।

ਇਹ ਖ਼ਿਆਲ ਤਾਂ ਬੜਾ ਖੁਸ਼ ਕਰਨ ਵਾਲਾ ਹੈ, ਪਰ ਮਾਯੂਸੀ ਇਸ ਦੇ ਨਾਲ ਲੱਗੀ ਹੋਈ ਹੈ। ਤਜਰਬਾ ਇਹ ਦਸ ਰਿਹਾ ਹੈ ਕਿ ਏਸ ਹਰ ਵੇਲੇ ਬਦਲਦੀ ਤੇ ਰੰਗ ਵਟਾਂਦੀ ਦੁਨੀਆਂ ਵਿਚ, ਜਿਥੇ ਕੋਈ ਚੀਜ਼ ਕਾਇਮ ਨਹੀਂ, ਅਸੀਂ ਕਿਸ ਤਰ੍ਹਾਂ ਪੱਕੀ ਤੇ ਕਾਇਮ ਦੌਲਤ ਦੀ ਉਮੀਦ ਕਰ ਸਕਦੇ ਹਾਂ ? ਇਹ ਖ਼ਿਆਲ ਦੁਨੀਆਂ ਦੇ ਨਿਯਮ ਅਨੁਸਾਰ ਹੈ। ਇਸ ਦੇ ਪੂਰੇ ਹੋਣ ਦੀ ਕੋਈ ਉਮੀਦ ਹੀ ਨਹੀਂ। ਜਦ ਹਰ ਚੀਜ਼ ਦੁਨੀਆਂ ਦੀ ਆਉ-ਜਾਊ ਹੈ ਤਾਂ ਦੌਲਤ ਦੇ ਪੱਕੇ ਤੌਰ ਤੇ ਸਾਡੇ ਪਾਸ ਰਹਿਣ ਦੀ ਕੀ ਉਮੀਦ ਹੋ ਸਕਦੀ ਹੈ ?

ਸਾਡੀ ਦੁਨਿਆਵੀ ਅਕਲ ਤੇ ਖੋਜ ਨੇ ਤਾਂ ਮਾਯੂਸੀ ਦਾ ਇਹ ਨਤੀਜਾ ਕੱਢ ਦਿੱਤਾ ਹੈ, ਹੁਣ ਆਤਮ-ਸਾਇੰਸ ਵਲ ਚਲ ਵੇਖੀਏ ਕਿ ਉਹ ਕੀ ਉਮੀਦ ਦਿਲਾਂਦੀ ਹੈ।

ਆਤਮ-ਸਾਇੰਸ ਦੀ ਹਮੇਸ਼ਾ ਇਕੋ ਅਵਸਥਾ ਹੈ। ਇਸ ਦੇ ਕੋਲ ਤਕਲੀਫ਼ਾਂ ਦਾ ਇਕੋ ਇਲਾਜ ਹੈ ਤੇ ਏਥੇ ਵੀ ਓਹੋ ਹੀ ਆਵਾਜ਼ ਦੇਵੇਗੀ। ਇਹ ਆਵਾਜ਼ 'ਨਾਮ' ਦੀ ਹੈ ਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਿਕਲਦੀ ਹੈ।

'ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ।
ਕਰ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ।
(ਆਸਾਵਰੀ ਮਹਲਾ ੫)

ਭਾਵ : ਕਿ ਕੁਲ ਦੁਨੀਆਂ ਚਲਣਹਾਰ ਦਿਸ ਰਹੀ ਹੈ, ਇਸ ਦੇ ਵਿਚ

ਇਕ ਹਰੀ ਦਾ ਨਾਮ ਕਾਇਮ ਤੇ ਨਾ ਬਦਲਣ ਵਾਲਾ ਹੈ। ਹੁਣ ਨਾਮ ਦਾ ਰੰਗ ਦੇਖੋ।

ਵਾਹਿਗੁਰੂ ਦੇ ਬਹੁਤ ਸਾਰੇ ਨਿਯਮ (ਕਾਨੂੰਨ, ਸੁਭਾਅ) ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਅਸੀਂ ਏਸ ਮੌਕੇ ਤੇ ਨਾਮ ਦੇ 'ਦਾਤਾ' ਵਾਲੇ ਸੁਭਾਅ ਦਾ ਜ਼ਿਕਰ ਕਰਨਾ ਹੈ, ਜੋ ਕਿ ਸਾਡੇ ਏਸ ਲੇਖ ਨਾਲ ਸਬੰਧ ਰਖਦਾ ਹੈ। 'ਦਾਤਾ' ਉਹ ਹੈ ਜੋ ਦਾਤਾਂ ਮੁਫਤ ਦੇਵੇ ਤੇ ਕੀਮਤ ਨਾ ਲਵੇ। ਵਾਹਿਗੁਰੂ ਕਿਉਂਕਿ ਬੇਅੰਤ ਹੈ, ਇਸ ਵਾਸਤੇ ਇਹ ਜ਼ਰੂਰੀ ਹੈ ਕਿ ਉਸ ਦੀ ਦਾਤ ਬੇਅੰਤ ਹੋਵੇ, ਕਦੀ ਨਾ ਮੁਕੇ ਤੇ ਕਦੀ ਨਾ ਟੁਟੇ। ਅਮਿੱਤੀ ਹੋਵੇ ਤੇ ਹਮੇਸ਼ਾ ਜਾਰੀ ਰਹੇ।

ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹਨ, ਜੋ ਵਾਹਿਗੁਰੂ ਦੇ ਦਾਤਾ ਹੋਣ ਦੀ ਗਵਾਹੀ ਦੇਂਦੇ ਹਨ। ਪਰ ਇਨਸਾਨੀ ਅਕਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਮੰਨਣ ਤੋਂ ਪਹਿਲਾਂ ਦਲੀਲਾਂ ਮੰਗਦੀ ਹੈ। ਜੇਕਰ ਅਕਲ ਦੀਆਂ ਦਲੀਲਾਂ ਸਹਾਰਾ ਨਾ ਦੇਣ ਤਾਂ ਬਹੁਤ ਸਾਰੇ ਦਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ (ਨਿਯਮ, ਕਾਨੂੰਨ) ਇਕ ਕੰਨ ਨਾਲ ਸੁਣ ਕੇ ਦੂਜੇ ਕੰਨ ਵਿਚ ਦੀ ਕੱਢ ਛਡਦੇ ਹਨ। ਇਸ ਵਾਸਤੇ ਪਹਿਲਾਂ ਅਕਲੀ ਦਲੀਲਾਂ ਦਾ ਸਿਲਸਿਲਾ ਦੇਖੀਏ ਕਿ ਇਹ ਸਾਨੂੰ ਕਿਥੇ ਪਹੁੰਚਾਂਦਾ ਹੈ ?

ਵਾਹਿਗੁਰੂ ਇਕ ਸੰਪੂਰਨ ਸ਼ਕਤੀ ਹੈ ਤੇ ਉਹਦਾ ਰਿਜ਼ਕ ਵੀ ਸੰਪੂਰਨ ਤੌਰ ਤੇ ਹਰ ਇਕ ਨੂੰ ਮਿਲ ਰਿਹਾ ਹੈ। ਸੂਰਜ ਜਿੰਨੀ ਗਰਮੀ ਚਮਕ ਆਦਿ ਕੁਲ ਇਰਦ-ਗਿਰਦ ਦਿਆਂ ਸਿਤਾਰਿਆਂ ਨੂੰ ਪੁਚਾ ਰਿਹਾ ਹੈ, ਉਤਨੀ ਹੀ ਵਾਹਿਗੁਰੂ ਦੇ ਇੰਤਜ਼ਾਮ ਵਿਚੋਂ ਇਸ ਨੂੰ ਸ਼ਕਤੀ ਮਿਲ ਰਹੀ ਹੈ, ਜਿਸ ਦੇ ਨਾਲ ਸੂਰਜ ਨੂੰ ਕਮੀ ਨਹੀਂ ਆਉਂਦੀ। ਇਹ ਆਪਣੀ ਸੰਪੂਰਨਤਾਈ ਵਿਚ ਸੰਪੂਰਨ ਰਹਿੰਦਾ ਹੈ। ਇਸੇ ਤਰ੍ਹਾਂ ਅਨੇਕ ਸਿਤਾਰਿਆਂ ਨੂੰ, ਜਿਨ੍ਹਾਂ ਵਿਚ ਸਾਡੀ ਜ਼ਮੀਨ ਵੀ ਇਕ ਸਿਤਾਰਾ ਹੈ, ਪੂਰਾ-ਪੂਰਾ ਰਿਜ਼ਕ ਮਿਲਦਾ ਹੈ, ਜਿਸ ਨਾਲ ਉਹ ਹਮੇਸ਼ਾ ਇਕ ਮੁਕੰਮਲ ਹਾਲਤ ਵਿਚ ਰਹਿੰਦੇ ਹਨ। ਗੋਇਆ ਕਿ ਵਾਹਿਗੁਰੂ ਸੂਰਜ ਆਦਿ ਕੁਲ ਅਣਗਿਣਤ ਸਿਤਾਰਿਆਂ ਦਾ ਇਕ ਅਤੁਟ ਦਾਤਾ ਹੈ।

ਜ਼ਮੀਨ ਨੂੰ ਬੇਅੰਤ ਸਾਲਾਂ ਤੋਂ ਇਕ ਹਮੇਸ਼ਾ ਕਾਇਮ ਰਹਿਣ ਵਾਲੀ ਸ਼ਕਤੀ ਮਿਲੀ ਹੋਈ ਹੈ, ਜਿਸ ਨਾਲ ਇਹ ਬੇਅੰਤ ਅਨਾਜ, ਫਲ, ਫੁਲ, ਦਰਖ਼ਤ, ਕੋਇਲਾ, ਪੈਟਰੋਲ, ਸੋਨਾ, ਚਾਂਦੀ, ਲੋਹਾ, ਨਮਕ ਆਦਿ ਬੇਅੰਤ ਚੀਜ਼ਾਂ ਪੈਦਾ ਕਰ ਰਹੀ ਹੈ ਤੇ ਕਦੇ ਤੋਟ ਨਹੀਂ ਆਉਂਦੀ। ਜ਼ਮੀਨ ਦਾ ਵੀ ਅਤੁਟ ਦਾਤਾ ਵਾਹਿਗੁਰੂ ਹੀ ਹੈ।

ਹੁਣ ਜ਼ਮੀਨ ਦੀ ਆਬਾਦੀ ਵਲ ਤਕੋ। ਜ਼ਮੀਨ ਤੇ ਇਕ ਹਿੱਸਾ ਖ਼ੁਸ਼ਕੀ

ਹੈ ਤੇ ਤਿੰਨ ਹਿੱਸੇ ਪਾਣੀ ਹੈ, ਜਿਨ੍ਹਾਂ ਨੂੰ ਸਮੁੰਦਰ ਕਿਹਾ ਜਾਂਦਾ ਹੈ। ਇਹਨਾਂ ਸਾਰਿਆਂ ਸਮੁੰਦਰਾਂ ਦੇ ਪਾਣੀ ਵਿਚ ਬੇਅੰਤ ਜਾਨਵਰ ਰਹਿੰਦੇ ਹਨ। ਉਹਨਾਂ ਦੇ ਰਿਜ਼ਕ ਦਾ ਅਤੁਟ ਦਾਤਾ ਵੀ ਵਾਹਿਗੁਰੂ ਹੀ ਹੈ। ਮਨੁਖ ਇਹਨਾਂ ਜਾਨਵਰਾਂ ਦੀ ਕੋਈ ਸਹਾਇਤਾ ਨਹੀਂ ਕਰ ਰਿਹਾ।

ਜੰਗਲ ਵਿਚ ਹਿਰਨ, ਸੇਹਾ, ਫੀਲ, ਗਊ, ਸ਼ੇਰ, ਬਘਿਆੜ, ਚੀਤੇ, ਹਾਥੀ ਆਦਿ ਬੇਅੰਤ ਜਾਨਵਰ ਹਨ, ਉਹਨਾਂ ਦੇ ਰਿਜ਼ਕ ਦਾ ਅਤੁਟ ਦਾਤਾ ਵੀ ਵਾਹਿਗੁਰੂ ਹੀ ਹੈ। ਮਨੁਖ ਵਲੋਂ ਉਹਨਾਂ ਦੀ ਕੋਈ ਮਦਦ ਨਹੀਂ। ਜੰਗਲ ਵਿਚ ਜਿਤਨੇ ਵੇਲ, ਬੂਟੇ ਤੇ ਦਰਖ਼ਤ ਹਨ, ਉਨ੍ਹਾਂ ਨੂੰ ਹਮੇਸ਼ਾਂ ਪਾਲਣ ਵਾਲਾ ਵੀ ਵਾਹਿਗੁਰੂ ਹੀ ਹੈ। ਮਨੁਖ ਦਾ ਕੁਝ ਵੀ ਦਖ਼ਲ ਨਹੀਂ ਹੈ।

ਉਡਣ ਵਾਲੇ ਕੁਲ ਜਾਨਵਰਾਂ ਦੇ ਰਿਜ਼ਕ ਦਾ ਅਤੁਟ ਦਾਤਾ ਵੀ ਵਾਹਿਗੁਰੂ ਹੀ ਹੈ। ਕਿਵੇਂ ਉਹਨਾਂ ਨੂੰ ਰਿਜ਼ਕ ਮਿਲਦਾ ਹੈ, ਇਹ ਇੰਤਜ਼ਾਮ ਵਾਹਿਗੁਰੂ ਦੇ ਆਪਣੇ ਹੱਥ ਵਿਚ ਹੈ।

ਇਕ ਹੋਰ ਗੱਲ ਬੜੀ ਤਵੱਜੋ ਦੇਣ ਦੇ ਯੋਗ ਹੈ ਕਿ ਕੁਲ ਜਾਨਵਰ ਸਮੁੰਦਰਾਂ ਦੇ, ਜੰਗਲਾਂ ਦੇ ਤੇ ਪਰਿੰਦੇ ਆਪਣੀ ਰੋਜ਼ ਦੀ ਖ਼ੁਰਾਕ ਮਿਲਣ ਤੇ ਖ਼ੁਸ਼ੀ ਨਾਲ ਖਾ ਕੇ ਵਧਦੀ ਤੇ ਬਚੀ ਹੋਈ ਕਲ ਵਾਸਤੇ ਨਹੀਂ ਸਾਂਭਦੇ, ਉਥੇ ਹੀ ਪਈ ਛੱਡ ਕੇ ਟੁਰ ਜਾਂਦੇ ਹਨ। ਉਹਨਾਂ ਦੇ ਕੱਲ੍ਹ ਦੇ ਰਿਜ਼ਕ ਦਾ ਆਹਰ ਵਾਹਿਗੁਰੂ ਨੂੰ ਹੈ, ਉਹਨਾਂ ਨੂੰ ਨਹੀਂ। ਮਨੁਖ ਸਾਲਾਂ ਦਾ ਜ਼ਖ਼ੀਰਾ ਜਮ੍ਹਾਂ ਕਰ ਕੇ ਫੇਰ ਵੀ ਭੁਖਾ ਨਜ਼ਰ ਆਉਂਦਾ ਹੈ। ਹੋਰ-ਹੋਰ ਮੰਗਦਾ ਹੈ ਤੇ ਇਕੱਠਾ ਕਰ-ਕਰ ਕੇ ਰਜਦਾ ਨਹੀਂ। ਜਾਨਵਰਾਂ ਦਾ ਵਾਹਿਗੁਰੂ ਤੇ ਪੂਰਨ ਭਰੋਸਾ ਹੈ, ਐਪਰ ਮਨੁਖ ਦਾ ਨਹੀਂ। ਜਾਨਵਰ ਵਾਹਿਗੁਰੂ ਨੂੰ ਆਪਣਾ ਦਾਤਾ ਪੂਰੇ ਨਿਸ਼ਚੇ ਨਾਲ ਮੰਨ ਰਹੇ ਹਨ, ਪਰ ਮਨੁਖ ਨੂੰ ਪੂਰੇ ਸਰੂਪ ਵਿਚ ਦਾਤਾ ਨਾ ਦੇਖਣ ਕਰ ਕੇ ਦਾਤਾਂ ਦੇ ਹੁੰਦਿਆਂ ਵੀ ਭੁਖ਼ ਨਜ਼ਰ ਆਉਂਦੀ ਹੈ। ਮਨੁਖ ਜਿੰਨਾ-ਜਿੰਨਾ ਦਾਤਾਂ ਦਾ ਸਰੂਪ ਗਲਤ ਦੇਖ ਰਿਹਾ ਹੈ ਉਤਨੀ ਹੀ ਉਸਨੂੰ ਭੁਖ਼ ਦਿਸ ਰਹੀ ਹੈ।

ਹੁਣ ਦੇਖਣਾ ਇਹ ਹੈ ਕਿ ਮਨੁਖ ਦਾ ਵੀ ਦਾਤਾ ਵਾਹਿਗੁਰੂ ਹੈ ਕਿ ਨਹੀਂ ? ਮਨੁਖ ਤਾਂ ਇਹ ਕਹਿੰਦਾ ਹੈ ਕਿ ਮੈਂ ਸਵੇਰ ਤੋਂ ਸ਼ਾਮ ਤਕ ਜਾਨ ਮਾਰ ਕੇ ਕੰਮ ਕਰਦਾ ਹਾਂ ਤਾਂ ਕਿਧਰੇ ਜਾ ਕੇ ਰਿਜ਼ਕ ਮਿਲਦਾ ਹੈ, ਉਹ ਵੀ ਪੂਰਾ ਨਹੀਂ ਮਿਲਦਾ। ਵਾਹਿਗੁਰੂ ਮੈਨੂੰ ਮੁਫ਼ਤ ਦੇਣ ਵਾਲਾ ਦਾਤਾ ਹਰਗਿਜ਼ ਨਹੀਂ। ਜਦ ਉਸ ਨੂੰ ਉਪਰ ਲਿਖੇ ਹੋਏ ਲੇਖ ਮੁਜਬ ਦਸਿਆ ਜਾਂਦਾ ਹੈ ਕਿ ਕੁਲ ਸਤਾਰਿਆਂ ਤੇ ਜਾਨਵਰਾਂ ਦਾ ਦਾਤਾ ਉਹੀ ਹੈ—ਤੇਰਾ ਕਿਉਂ ਨਹੀਂ ? ਦਾਤਾ ਵੀ ਐਸਾ ਹੈ ਕਿ ਕੁਲ ਚੀਜ਼ਾਂ ਮੁਫ਼ਤ ਦਿੰਦਾ ਹੈ, ਕੁਝ ਮੁਲ ਨਹੀਂ ਮੰਗਦਾ ਤੇ ਉਹਦੀ ਦਾਤ

ਅਤੁਟ ਹੈ ਕਦੇ ਬੰਦ ਨਹੀਂ ਹੁੰਦੀ। ਕੀ ਤੂੰ ਦੁਨੀਆਂ ਨਾਲੋਂ ਵੱਖ ਹੈਂ ? ਫੇਰ ਚੁਪ ਜੇਹਾ ਕਰ ਜਾਂਦਾ ਹੈ, ਪਰ ਦਿਲ ਵਿਚ ਪੂਰਾ ਯਕੀਨ ਨਹੀਂ ਕਰਦਾ। ਅੱਛਾ ਭਾਈ ਤੈਨੂੰ ਅਜੇ ਯਕੀਨ ਨਹੀਂ ਆਇਆ ਤਦ ਹੋਰ ਸੁਣ।

ਮਨੁਖ ਲਈ ਸਭ ਤੋਂ ਜ਼ਰੂਰੀ ਹਵਾ ਹੈ, ਜਿਸ ਨਾਲ ਜਾਨ ਕਾਇਮ ਰਹਿੰਦੀ ਹੈ ਤੇ ਉਹ ਵਾਹਿਗੁਰੂ ਵਲੋਂ ਹਰ ਵੇਲੇ ਮੁਫਤ ਮਿਲ ਰਹੀ ਹੈ। ਜ਼ਮੀਨ ਦੀਆਂ ਕੁਲ ਪੈਦਾ ਕੀਤੀਆਂ ਹੋਈਆਂ ਚੀਜ਼ਾਂ ਸੋਨਾ, ਚਾਂਦੀ, ਕੋਇਲਾ, ਲੋਹਾ, ਪੈਟਰੋਲ ਆਦਿ ਮੁਫਤ ਮਿਲਦੀਆਂ ਹਨ, ਵਾਹਿਗੁਰੂ ਇਹਨਾਂ ਦਾ ਕੁਝ ਵੀ ਮੁਲ ਨਹੀਂ ਲੈਂਦਾ। ਪਾਣੀ ਥਾਂ-ਥਾਂ ਤੇ ਮੌਜੂਦ ਰਖਿਆ ਹੋਇਆ ਹੈ, ਉਹਦਾ ਵੀ ਕੁਝ ਮੁਲ ਨਹੀਂ ਲਗਦਾ। ਜ਼ਮੀਨ ਖੋਦ ਕੇ ਜਿਥੋਂ ਮਰਜ਼ੀ ਕੱਢ ਲਵੇ। ਕੋਈ ਵੀ ਅੰਬ ਦੀ ਇਕ ਗਿਟਕ ਬੀਜ ਦੇ ਕੁਝ ਸਾਲਾਂ ਬਾਅਦ ਉਸ ਦੇ ਦਰਖ਼ਤ ਤੋਂ ਹਰ ਸਾਲ ਦਸ-ਦਸ ਮਣ ਅੰਬ ਲਵੇ ਤੇ ਇਕ ਗਿਟਕ ਦੇ ਬਦਲੇ ਕਈ ਲਖ ਅੰਬ ਲੈ ਲਵੇ, ਇਹ ਵੀ ਵਾਹਿਗੁਰੂ ਦੀ ਮੁਫਤ ਦੀ ਦਾਤ ਹੈ। ਦਰਿਆਵਾਂ ਤੇ ਮੀਂਹਾਂ ਦਾ ਮੁਫਤ ਪਾਣੀ, ਸੂਰਜ ਦੀ ਮੁਫਤ ਗਰਮੀ ਤੇ ਰੌਸ਼ਨੀ, ਵਰਦੀਆਂ ਹਵਾਵਾਂ ਦੀ ਤਰੋ-ਤਾਜ਼ਗੀ ਮੁਫਤ। ਇਹ ਸਭ ਚੀਜ਼ਾਂ ਵਾਹਿਗੁਰੂ ਦੀਆਂ ਮੁਫਤ ਦਾਤਾਂ ਹਨ ਤੇ ਨਾਲੇ ਅਮਿਤੀਆਂ ਹਨ। ਉਹਨਾਂ ਦਾ ਮਿਲਣਾ ਕਦੀ ਵੀ ਬੰਦ ਨਹੀਂ ਹੁੰਦਾ, ਸਦਾ ਜਾਰੀ ਰਹਿੰਦਾ ਹੈ। ਗਰਜ਼ ਕਿ ਜ਼ਰੂਰਤ ਦੀਆਂ ਚੀਜ਼ਾਂ ਜ਼ਮੀਨ ਪਾਸੋਂ ਮਨੁੱਖ ਨੂੰ ਮੁਫਤ ਮਿਲਦੀਆਂ ਹਨ। ਜੇ ਹੁਣ ਵੀ ਮਨੁੱਖ ਨਾ ਸਮਝੇ ਤੇ ਰੌਲਾ ਪਾਵੇ ਕਿ ਵਾਹਿਗੁਰੂ ਦਾਤਾ ਨਹੀਂ, ਤਦ ਉਹਦੀ ਭੁਲ ਨਹੀਂ ਤਾਂ ਹੋਰ ਕੀ ਹੈ ? ਇਸ ਭੁਲ ਦੇ ਹਨੇਰੇ ਵਿਚ ਬੈਠਿਆਂ ਹੋਇਆਂ ਦਾਤਾਂ ਤੋਂ ਵਾਂਝਿਆਂ ਰਹੇਗਾ ਤੇ ਥੁੜ੍ਹ ਉਸ ਦੇ ਮਗਰੋਂ ਕਦੀ ਵੀ ਨਹੀਂ ਲਥੇਗੀ।

ਵਾਹਿਗੁਰੂ ਦੀ ਸ੍ਰਿਸ਼ਟੀ ਵਿਚ ਕਿਸੇ ਚੀਜ਼ ਦੀ ਥੁੜ੍ਹ ਨਹੀਂ ਆ ਸਕਦੀ ਅਤੇ ਨਾ ਹੁਣ ਤਕ ਕਦੀ ਆਈ ਹੈ। ਥੁੜ੍ਹ ਦਾ ਕਾਰਨ ਮਨੁਖ ਦੀ ਆਪਣੀ ਗਲਤੀ ਹੈ। ਵਾਹਿਗੁਰੂ ਦੀਆਂ ਮੁਫਤ ਦਿਤੀਆਂ ਹੋਈਆਂ ਦਾਤਾਂ ਨੂੰ ਮੁਫਤ ਨਹੀਂ ਸਮਝਦਾ, ਸਭ ਨਾਲ ਵੰਡ ਕੇ ਨਹੀਂ ਖਾਂਦਾ, ਬਲਕਿ ਜਿਤਨੀ ਉਤੇ ਜ਼ੋਰ ਪੈਂਦਾ ਹੈ, ਆਪਣੇ ਕਾਬੂ ਵਿਚ ਕਰ ਕੇ ਲੁਕਾਂਦਾ ਹੈ ਤੇ ਦੂਜਿਆਂ ਦੀਆਂ ਜ਼ਰੂਰਤਾਂ ਦੀ ਪਰਵਾਹ ਨਹੀਂ ਕਰਦਾ। ਇਹਦੀ ਖੁਸ਼ੀ ਇਸ ਵਿਚ ਹੈ ਕਿ ਇਹਦੇ ਪਾਸ ਲੋੜ ਤੋਂ ਜ਼ਿਆਦਾ ਹੋਵੇ ਤਾਂ ਆਪਣੇ ਗਿਰਦ ਦੇ ਥੁੜ੍ਹੇ ਹੋਏ ਮਨੁਖਾਂ ਨੂੰ ਵੇਖ ਕੇ ਆਪਣੇ ਆਪ ਨੂੰ ਉੱਚਾ ਵੇਖੇ। ਇਸ ਗਲਤੀ ਨੇ ਸਾਰੀ ਦੁਨੀਆਂ ਨੂੰ ਬਰਬਾਦ ਕਰ ਦਿਤਾ ਹੈ। ਲੜਾਈਆਂ ਅਤੇ ਝਗੜਿਆਂ ਦਾ ਕੋਈ ਅੰਤ ਨਹੀਂ ਰਿਹਾ। ਚਾਹੀਦਾ ਤਾਂ ਇਹ ਹੈ ਕਿ ਜੇਕਰ ਹਿੰਦੁਸਤਾਨ ਵਿਚ ਅਨਾਜ ਦਾ ਕਾਲ ਹੈ ਤੇ ਅਮਰੀਕਾ

ਵਿਚ ਅਨਾਜ ਵਾਧੂ ਆ ਗਿਆ ਹੈ ਤਾਂ ਅਮਰੀਕਾ ਬਿਨਾਂ ਮੰਗ ਦੇ ਆਪਣਾ ਫਾਲਤੂ ਅਨਾਜ ਹਿੰਦੁਸਤਾਨ ਨੂੰ ਮੁਫਤ ਦੇਵੇ। ਕਿਉਂਕਿ ਵਾਹਿਗੁਰੂ ਨੇ ਮੁਫਤ ਦਿਤਾ ਹੈ, ਇਹ ਵਾਹਿਗੁਰੂ ਦੀ ਮਲਕੀਅਤ ਹੈ ਤੇ ਕੁਲ ਦੁਨੀਆਂ ਇਕ ਵਾਹਿਗੁਰੂ ਦੇ ਬੱਚੇ ਹਨ ਤੇ ਆਪਸ ਵਿਚ ਭਰਾ-ਭਰਾ ਹਨ, ਇਸ ਕਰ ਕੇ ਮੁਫਤ ਚੀਜ਼ ਥੁੜ੍ਹ ਵਾਲੀ ਥਾਂ ਤੇ ਮੁਫਤ ਭੇਜਣੀ ਇਕ ਵਾਜਬੀ ਗੱਲ ਹੈ। ਇਸੇ ਤਰ੍ਹਾਂ ਹਿੰਦੁਸਤਾਨ ਆਪਣੀਆਂ ਫਾਲਤੂ ਚੀਜ਼ਾਂ ਦੂਜੇ ਮੁਲਕਾਂ ਨੂੰ, ਜਿਥੇ ਥੁੜ੍ਹ ਹੈ, ਭੇਜੇ।

ਜਿਸ ਤਰ੍ਹਾਂ ਮੁਲਕਾਂ ਨੂੰ ਇਕ ਭਾਈਬੰਦੀ ਸਮਝ ਕੇ ਵਰਤਣਾ ਚਾਹੀਦਾ ਹੈ, ਉਸੇ ਤਰ੍ਹਾਂ ਹਰ ਮਨੁੱਖ ਨੂੰ ਆਪਣੇ ਹਮਸਾਏ ਨਾਲ ਵਰਤਣਾ ਜ਼ਰੂਰੀ ਹੈ। ਵਾਹਿਗੁਰੂ ਸਭਨਾਂ ਦਾ ਇਕੋ ਜਿਹਾ ਹੈ। ਇਸ ਅਸੂਲ ਨੂੰ ਵਰਤਾਰੇ ਵਿਚ ਨਾ ਲਿਆਉਣ ਦਾ ਕਾਰਨ ਕੁਲ ਦੁਨੀਆਂ ਦੇ ਝਗੜੇ ਤੇ ਥੁੜ੍ਹ ਦੀ ਬੁਨਿਆਦ ਹੈ। ਸਾਨੂੰ ਹੁਣ ਇਹ ਮਲੂਮ ਹੋ ਗਿਆ ਹੈ ਕਿ ਵਾਹਿਗੁਰੂ ਤੋਂ ਸਾਰੀਆਂ ਦਾਤਾਂ ਮੁਫਤ ਮਿਲਦੀਆਂ ਹਨ। ਦੁਨੀਆਂ ਵਿਚ ਬੇਕਾਇਦਾ ਵੰਡ ਕਰ ਕੇ ਮਨੁਖ ਨੇ ਰੌਲੇ ਤੇ ਜ਼ੋਰਾਵਰੀ ਨਾਲ ਕੁਲ ਤੂਫਾਨ ਮਚਾਇਆ ਹੋਇਆ ਹੈ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਖਿਚੋਤਾਣੀ ਦੀ ਹਾਲਤ ਵਿਚ ਵਾਹਿਗੁਰੂ ਦੇ 'ਨਾਮ' ਨਾਲ ਅਸੀਂ ਆਪਣੀ, ਛੋਟੀ ਜਿਹੀ ਦੁਨੀਆਂ ਕਿਸ ਤਰ੍ਹਾਂ ਖੁਸ਼ ਵਸਾ ਸਕਦੇ ਹਾਂ ਕਿ ਸਾਨੂੰ ਰਿਜ਼ਕ ਦੀ ਕਦੀ ਵੀ ਥੁੜ੍ਹ ਨਾ ਆਵੇ ? ਇਸ ਦਾ ਆਤਮ-ਸਾਇੰਸ ਦੇ ਪਾਸ ਇਕੋ ਨਿਯਮ ਹੈ, ਉਹ ਇਹ ਹੈ :-

'ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ।'

(ਗੁਰੂ ਅਰਜਨ ਦੇਵ ਜੀ)

ਇਹ ਸ਼ਬਦ ਸਮਝ ਕੇ ਪੜ੍ਹਨਾ ਤੇ ਵਾਹਿਗੁਰੂ ਨੂੰ 'ਦਾਤਾ ਜੀਆ ਸਭਨਾ ਕਾ' ਤੇ ਪੂਰੇ ਸਰੂਪ ਵਿਚ ਦੇਖਣਾ ਤੇ ਹਰ ਵਕਤ ਆਪਣੇ ਮਨ ਵਿਚ ਵਸਦਾ ਦੇਖਣਾ, ਇਕ ਐਸੀ ਮਨ ਦੀ ਅਵਸਥਾ ਵਿਚ ਲੈ ਆਉਂਦਾ ਹੈ, ਜਿਥੇ ਕਦੀ ਥੁੜ੍ਹ ਨਹੀਂ ਆਉਂਦੀ। ਕੰਮ ਕਾਜ ਵਿਚ ਇਤਨੀ ਬਰਕਤ ਪੈਂਦੀ ਹੈ ਕਿ ਕੁਲ ਖ਼ਰਚ ਖੁਲ੍ਹੇ ਚਲਦੇ ਹਨ ਤੇ ਤੋਟ ਦਾ ਫਿਕਰ ਹਟ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਰੋਜ਼ ਸਮਝ ਕੇ ਪੜ੍ਹੋ ਤੇ ਵਾਹਿਗੁਰੂ ਦੇ ਨਾਲ ਵਾਕਫੀਅਤ ਪੈਦਾ ਕਰੋ। ਉਸ ਦਾ ਸਰੂਪ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੱਸਿਆ ਗਿਆ ਹੈ, ਆਪਣੇ ਹਿਰਦੇ ਵਿਚ ਪੈਦਾ ਕਰੋ। (ਪਿਤਾ, ਮਾਤਾ, ਬਖਸ਼ਣਹਾਰ, ਦਾਤਾਰ, ਦਿਆਲੂ ਤੇ ਕ੍ਰਿਪਾਲੂ ਆਦਿ) ਵਾਹਿਗੁਰੂ ਦਾ ਸਰੂਪ (ਸੁਭਾਵ, ਲੱਛਣ, ਨਿਯਮ) ਜਿਸ ਵਿਚ ਦਾਤਾ ਵਾਲਾ ਗੁਣ ਦਿਸ ਰਿਹਾ ਹੋਵੇ, ਉਸ ਕਿਸਮ ਦੇ ਸ਼ਬਦ ਖ਼ਾਸ ਤੌਰ ਤੇ ਬਾਰ-ਬਾਰ ਪੜ੍ਹੋ, ਸਿਮਰਨ ਕਰੋ ਤੇ ਹਿਰਦੇ ਵਿਚ ਵਸਾਓ। ਵਾਹਿਗੁਰੂ

ਨੂੰ ਆਪਣੇ ਪਾਸ ਮੌਜੂਦ ਵੇਖੋ, ਉਹ ਸਰਬ-ਵਿਆਪੀ ਹੈ। ਜਿੰਨਾ-ਜਿੰਨਾ ਤੁਹਾਡੇ ਖ਼ਿਆਲ ਵਿਚ ਵਾਹਿਗੁਰੂ ਦਾਤਾ ਤੇ ਸਰੂਪ ਵਿਚ ਭਾਸੇਗਾ, ਉਤਨਾ-ਉਤਨਾ ਹੀ ਤੁਹਾਡੇ ਕਾਰੋਬਾਰ ਵਿਚ ਦਾਤਾਰ ਦੀਆਂ ਦਾਤਾਂ ਵਧਣਗੀਆਂ। ਅਸਰ ਨਤੀਜਾ ਜਲਦੀ ਪੈਦਾ ਨਾ ਹੋਵੇ ਤਾਂ ਘਬਰਾਣਾ ਨਹੀਂ। ਆਪਣੀਆਂ ਅਰਦਾਸਾਂ ਤੇ ਸਿਮਰਨ ਨੂੰ ਪੂਰੇ ਯਕੀਨ ਨਾਲ ਜਾਰੀ ਰਖਣਾ ਹੈ, ਜਦ ਤਕ ਕਿ ਨਤੀਜਾ ਹਸਬ-ਮਨਸ਼ਾ ਪੈਦਾ ਨਾ ਹੋ ਜਾਵੇ।

ਨਤੀਜਾ ਠੀਕ ਨਾ ਨਿਕਲਣ ਦਾ ਕਾਰਨ ਇਹ ਨਹੀਂ ਹੋ ਸਕਦਾ ਕਿ ਵਾਹਿਗੁਰੂ ਕਿਸੇ-ਕਿਸੇ ਵੇਲੇ ਆਪਣੀ ਸਦਾ ਦਾਤਾ ਬਣੇ ਰਹਿਣ ਵਾਲੀ ਸਿਫਤ ਭੁਲ ਜਾਂਦਾ ਹੈ। ਉਸ ਦਾ ਨਿਯਮ ਕੁਲ ਦੁਨੀਆਂ ਵਾਸਤੇ, ਹਰ ਵਕਤ ਇਕੋ ਜੇਹਾ ਚਲ ਰਿਹਾ ਹੈ। ਸਾਨੂੰ ਉਹਦੇ ਨਿਯਮ ਪੂਰੀ ਤਰ੍ਹਾਂ ਨਾ ਸਮਝਣ ਨਾਲ ਗਲਤੀ ਹੋਣ ਦਾ ਸ਼ੱਕ ਹੋ ਜਾਂਦਾ ਹੈ। ਇਕ ਮਿਸਾਲ ਦੇ ਕੇ ਮੈਂ ਸਮਝਾਣ ਦੀ ਕੋਸ਼ਿਸ਼ ਕਰਦਾ ਹਾਂ।

ਮਨੁੱਖ ਦਾ ਆਮ ਤੌਰ ਤੇ ਇਹ ਰਵੱਯਾ ਹੈ ਕਿ ਆਪਣੀ ਤਨਖ਼ਾਹ ਇਕ ਹਜ਼ਾਰ ਦੀ ਦੋ ਹਜ਼ਾਰ ਹੋ ਜਾਵੇ ਤਾਂ ਖ਼ੁਸ਼ ਹੁੰਦਾ ਹੈ। ਵਾਹਿਗੁਰੂ ਦਾ ਸ਼ੁਕਰ ਕਰਦਾ ਹੈ। ਜੇ ਆਪਣੇ ਪੁਤਰ ਦੀ ਤਰੱਕੀ ਹੋਵੇ ਤਾਂ ਖ਼ੁਸ਼ ਹੁੰਦਾ ਹੈ। ਪਰ ਜੇਕਰ ਕਿਸੇ ਹਮਸਾਏ ਜਾਂ ਵਾਕਿਫ਼ ਦੀ ਇਤਨੀ ਤਰੱਕੀ ਸੁਣੇ ਤਾਂ ਖ਼ੁਸ਼ ਹੋਣ ਦੀ ਥਾਂ ਤੇ ਅਫਸੋਸ ਕਰਦਾ ਹੈ ਕਿ ਮੈਂ ਪਿਛੇ ਕਿਉਂ ਰਹਿ ਗਿਆ। ਦੂਜਿਆਂ ਦੇ ਕਾਰਖ਼ਾਨੇ ਘਾਟੇ ਵਿਚ ਜਾਂ ਥੋੜ੍ਹੀ ਤਰੱਕੀ ਵਿਚ ਹੋਣ ਤਾਂ ਇਹ ਖ਼ੁਸ਼ ਹੈ, ਸਿਰਫ ਆਪਣੇ ਕਾਰਖ਼ਾਨੇ ਦੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਮੰਗਦਾ ਹੈ। ਐਸਾ ਮਨੁੱਖ ਵਾਹਿਗੁਰੂ ਨੂੰ 'ਸਭਨਾ ਜੀਆ ਕਾ ਦਾਤਾ' ਨਹੀਂ ਦੇਖ ਰਿਹਾ। ਉਹ ਵਾਹਿਗੁਰੂ ਨੂੰ ਸਿਰਫ ਆਪਣਾ ਦਾਤਾ ਦੇਖ ਰਿਹਾ ਹੈ। ਜਦ ਤਕ ਮਨੁੱਖ ਦੀ ਇਹ ਗਲਤੀ ਦੂਰ ਨਾ ਹੋਵੇ ਤੇ ਉਹ ਦੂਜਿਆਂ ਦੀਆਂ ਤਰੱਕੀਆਂ ਤੇ ਉਤਨਾ ਹੀ ਖ਼ੁਸ਼ ਨਾ ਹੋਵੇ, ਜਿਤਨਾ ਆਪਣੀ ਤਰੱਕੀ ਤੇ ਹੁੰਦਾ ਹੈ, ਉਹ ਵਾਹਿਗੁਰੂ ਨੂੰ ਅਸਲ 'ਦਾਤਾ' ਦੇ ਸਰੂਪ ਵਿਚ ਨਹੀਂ ਦੇਖ ਰਿਹਾ। ਜਿੰਨਾ ਵਾਹਿਗੁਰੂ ਨੂੰ ਗ਼ਲਤ ਸਰੂਪ ਵਿਚ ਦੇਖੇਗਾ, ਉਤਨਾ ਹੀ ਗਲਤ ਨਤੀਜਾ ਨਿਕਲੇਗਾ। ਐਸੀਆਂ ਗਲਤੀਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਇਹ ਅਲਬੱਤਾ ਮਨੁੱਖ ਨੂੰ ਹੱਕ ਹਾਸਲ ਹੈ ਕਿ ਜੇ ਉਸ ਦੀ ਕੋਈ ਥੁੜ ਬਾਕੀ ਹੈ ਤਾਂ ਉਸ ਦੇ ਵਾਸਤੇ ਅਰਦਾਸ ਕਰੇ। ਆਪਣੀ ਜ਼ਰੂਰਤ ਪੂਰੀ ਕਰਨ ਵਾਸਤੇ ਖੁਲ੍ਹੇ ਗੱਫੇ ਮੰਗਣਾ ਵਾਜਬ ਹੈ, ਪਰਾਈ ਰੀਸ ਨਹੀਂ ਕਰਨੀ।

ਇਹ ਤਾਂ ਹੋ ਗਿਆ ਅਕਲ ਦੀਆਂ ਦਲੀਲਾਂ ਨਾਲ ਵਾਹਿਗੁਰੂ ਨੂੰ ਦਾਤਾ ਸਾਬਤ ਕਰਨਾ। ਹੁਣ ਗੁਰੂ ਗ੍ਰੰਥ ਸਾਹਿਬ ਵਲ ਆਓ ਤੇ ਦੇਖੋ ਕਿ ਜਿਨ੍ਹਾਂ ਸੰਤਾਂ

ਦੀ ਵਾਹਿਗੁਰੂ ਨਾਲ ਇਕ-ਮਈ ਸੀ, ਉਹਨਾਂ ਨੇ ਸਚਖੰਡ ਵਿਚ ਜਾ ਕੇ ਕੀ ਵੇਖਿਆ ਤੇ ਉਥੇ ਬੈਠ ਕੇ ਉਹਨਾਂ ਦੇ ਹਿਰਦੇ ਨੇ ਕੀ ਆਵਾਜ਼ ਕੱਢੀ ? ਇਹ ਵਾਹਿਗੁਰੂ ਦੀ ਆਵਾਜ਼ ਹੈ ਜੋ ਆਪਣੀ ਜੋਤ ਦੇ ਜ਼ਰੀਏ ਜ਼ਾਹਿਰ ਕੀਤੀ ਗਈ ਹੈ। ਇਹਦੀ ਪਹਿਲਾਂ ਜੇ ਸਮਝ ਨਾ ਆਵੇ ਤਾਂ ਕੁਝ ਅਸਚਰਜ ਨਾ ਹੋਣਾ। ਇਹ ਗ਼ਲਤ ਹਰਗਿਜ਼ ਨਹੀਂ, ਗ਼ਲਤ ਹੋ ਹੀ ਨਹੀਂ ਸਕਦੀ, ਸਗੋਂ ਬੜੀ ਉਚੀ ਤੇ ਸੁਚੀ ਚੀਜ਼ ਹੈ। ਹੀਰੇ ਦੀ ਜੇ ਪਰਖ ਨਹੀਂ ਤਾਂ ਹਥੋਂ ਨਹੀਂ ਸੁਟ ਦੇਣਾ, ਇਸ ਨੂੰ ਸਮਝੋ ਤੇ ਵਰਤੋ। ਭਾਵੇਂ ਛੇਤੀ ਤੇ ਭਾਵੇਂ ਦੇਰ ਨਾਲ, ਵਾਹਿਗੁਰੂ ਦੇ ਦਰਬਾਰ ਵਿਚੋਂ ਸਮਝ ਜ਼ਰੂਰ ਆ ਜਾਵੇਗੀ। ਯਕੀਨ ਕਰੋ ਤੇ ਸਿਮਰਨ ਜਾਰੀ ਰਖੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਤੇ ਨਿਯਮ ਸੁਣੋ :-

> [1]ਨਵ ਨਿਧਿ [2]ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ।
> ਖਾਤ ਖਰਚਤ [3]ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ।
>
> ...
>
> ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
> ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।
>
> ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।
> ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।
>
> (ਗੁਰੂ ਅਰਜਨ ਦੇਵ ਜੀ)

ਇਸ ਸਾਰੇ ਲੇਖ ਦਾ ਇਹ ਤੱਤ ਹੈ ਕਿ ਦੌਲਤ ਚਾਹੇ ਕਿਸੇ ਯਤਨ ਨਾਲ ਕਮਾਓ, ਉਹ ਹਮੇਸ਼ਾ ਆਣੀ-ਜਾਣੀ ਰਹਿੰਦੀ ਹੈ ਤੇ ਭੁਖ 'ਹੋਰ, ਹੋਰ' ਦੀ ਕਦੀ ਨਹੀਂ ਹਟਦੀ। ਨਾਮ ਸਮਝ ਕੇ ਜਪਣ ਨਾਲ ਤੇ ਵਾਹਿਗੁਰੂ ਦੇ 'ਦਾਤਾ' ਵਾਲੇ ਗੁਣ ਸਿਮਰਨ ਕਰਨ ਨਾਲ ਦਾਤਾਂ ਪ੍ਰਗਟ ਹੁੰਦੀਆਂ ਹਨ ਅਤੇ ਉਹ ਕਦੀ ਵੀ ਥੁੜ੍ਹਦੀਆਂ ਨਹੀਂ। ਵਾਹਿਗੁਰੂ ਬੇਅੰਤ ਹੈ, ਇਸ ਵਾਸਤੇ ਉਹਦੀ ਹਰ ਚੀਜ਼ ਬੇਅੰਤ ਹੈ। ਦਾਤ ਵੀ ਬੇਅੰਤ ਹੈ :-

> 'ਦੇਦਾ ਦੇ ਲੈਦੇ ਥਕਿ ਪਾਹਿ। ਜੁਗਾ ਜੁਗੰਤਰਿ ਖਾਹੀ ਖਾਹਿ।'

---

੧. ਖ਼ਜ਼ਾਨੇ। ੨. ਆਤਮਕ ਸ਼ਕਤੀ। ੩. ਮੌਜ ਕਰਦਿਆਂ।

ਕੀਤਾ ਲੋੜੀਐ ਕੰਮੁ

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।

ਕਿਤਨਾ ਮਨ ਨੂੰ ਤਸੱਲੀ ਦੇਣ ਵਾਲਾ ਸ਼ਬਦ ਹੈ। ਜਦ ਕੁਲ ਕੰਮ ਵਾਹਿਗੁਰੂ ਜੀ ਨੇ ਕਰਨੇ ਹਨ ਤਾਂ ਅਸੀਂ ਬੇਫਿਕਰ ਕਿਉਂ ਨਾ ਹੋ ਜਾਈਏ ? ਗੁਰੂ ਗ੍ਰੰਥ ਸਾਹਿਬ ਦਾ ਵਾਕ ਗਲਤ ਨਹੀਂ ਹੋ ਸਕਦਾ। ਗੁਰੂ ਮਹਾਰਾਜ ਦਾ ਇਹ ਵਾਅਦਾ ਝੂਠਾ ਨਹੀਂ ਹੋ ਸਕਦਾ। ਇਹ ਦਰੁਸਤ ਹੈ ਤੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ।

ਇਹ ਤਾਂ ਹੋਇਆ ਸਾਡੇ ਨਿਸਚੇ ਦਾ ਖ਼ਿਆਲ। ਆਓ, ਹੁਣ ਤਜਰਬੇ ਵਾਲੇ ਪਾਸੇ ਇਸ ਸ਼ਬਦ ਨੂੰ ਵਰਤ ਕੇ ਦੇਖੀਏ, ਕੀ ਰੰਗ ਦਿਖਾਂਦਾ ਹੈ। ਸੱਚ ਪੁਛੋ ਤਾਂ ਗੁਰਸਿਖ ਹਰ ਕੰਮ ਕਰਨ ਲਗੇ ਵਾਹਿਗੁਰੂ ਨੂੰ ਕਹਿੰਦਾ ਤਾਂ ਜ਼ਰੂਰ ਹੈ ਤੇ ਅਰਦਾਸ ਵੀ ਕਰਦਾ ਹੈ, ਪਰ ਹਰ ਵਾਰੀ 'ਕਾਰਜ ਦੇਇ ਸਵਾਰਿ' ਵਾਲਾ ਨਤੀਜਾ ਨਹੀਂ ਨਿਕਲਦਾ। ਮਨੁੱਖ ਦਾ ਫੇਰ ਨਿਸਚਾ ਹਿਲ ਜਾਂਦਾ ਹੈ ਤੇ ਇਹ ਵੀ ਤਜਰਬੇ ਵਿਚ ਆਉਂਦਾ ਹੈ ਕਿ ਜਿਹੜੇ ਲੋਕ ਕਦੀ ਵੀ ਅਰਦਾਸ ਨਹੀਂ ਕਰਦੇ, ਉਨ੍ਹਾਂ ਦੇ ਕੰਮ ਵੀ ਕਦੀ ਹੋ ਜਾਂਦੇ ਹਨ, ਕਦੀ ਨਹੀਂ। ਫੇਰ ਦਿਲ ਵਿਚ ਇਹ ਸੋਚ ਪੈਦਾ ਹੁੰਦੀ ਹੈ ਕਿ ਅਰਦਾਸ ਦਾ ਕੋਈ ਫਾਇਦਾ ਵੀ ਹੈ ਕਿ ਨਹੀਂ ? ਨਿਸਚਾ ਕਹਿੰਦਾ ਹੈ ਕਿ ਅਰਦਾਸ ਬਿਰਥੀ ਨਹੀਂ ਜਾਂਦੀ, ਪਰ ਤਜਰਬਾ ਕਹਿੰਦਾ ਹੈ ਕਿ ਅਰਦਾਸ ਕਰਨੀ ਤੇ ਨਾ ਕਰਨੀ ਇਕੋ ਗੱਲ ਹੈ। ਫਿਰ ਇਸ ਦਾ ਫੈਸਲਾ ਕੌਣ ਕਰੇ ?

ਤਜਰਬਾ ਕਹਿੰਦਾ ਹੈ ਕਿ ਜਿਸ ਕੰਮ ਨੂੰ ਮਿਹਨਤ, ਤਵੱਜੋ, ਤਜਰਬੇ, ਦਿਆਨਤਦਾਰੀ ਨਾਲ ਕੀਤਾ ਜਾਵੇ, ਉਹ ਅਕਸਰ ਕਾਮਯਾਬ ਹੁੰਦਾ ਹੈ। ਇਹ ਹੈ ਤਾਂ ਇਕ ਸੁਨਹਿਰੀ ਅਸੂਲ ਤੇ ਕਰੀਬਨ ਸਾਰੀ ਦੁਨੀਆਂ ਇਸ ਅਸੂਲ ਤੇ ਚਲਦੀ ਹੈ, ਪਰ ਕਿਸੇ ਵੇਲੇ ਐਸੀ ਹਾਲਤ ਪੈਦਾ ਹੋ ਜਾਂਦੀ ਹੈ ਕਿ ਸਾਰੀਆਂ ਕੋਸ਼ਿਸ਼ਾਂ ਦੇ ਹੁੰਦਿਆਂ ਹੋਇਆਂ ਵੀ ਕੰਮ ਵਿਚ ਤਰੱਕੀ ਬੰਦ ਹੋ ਜਾਂਦੀ ਹੈ ਤੇ

ਘਾਟੇ ਦੀ ਸੂਰਤ ਪੈਦਾ ਹੋ ਜਾਂਦੀ ਹੈ। ਚਲਦੇ ਕੰਮ ਵਿਚ ਕੋਈ ਵਿਘਨ ਪੈ ਜਾਂਦਾ ਹੈ ਤੇ ਮਾਮਲਾ ਉਲਟ ਹੋ ਜਾਂਦਾ ਹੈ ਅਤੇ ਹੁਸ਼ਿਆਰ ਤੋਂ ਹੁਸ਼ਿਆਰ ਮਨੁੱਖ ਹੱਕਾ-ਬੱਕਾ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਦੇਖੋ ਕਿ ਪਰਹੇਜ਼ ਕਰਦਿਆਂ ਵੀ ਸਿਹਤ ਦਾ ਖ਼ਰਾਬ ਰਹਿਣਾ, ਬੀਮਾਰੀ ਦਾ ਅਵਸ਼ ਆਉਣਾ, ਔਲਾਦ ਪੈਦਾ ਨਾ ਹੋਣੀ, ਮਨ ਦੀ ਪਰੇਸ਼ਾਨੀ ਤੇ ਬੇਚੈਨੀ ਹਰ ਵਕਤ ਰਹਿਣੀ, ਇਸ ਤਰ੍ਹਾਂ ਦੀਆਂ ਤਕਲੀਫ਼ਾਂ ਦਾ ਮਨੁੱਖ ਸ਼ਿਕਾਰ ਹੋ ਜਾਂਦਾ ਹੈ। ਲੱਖ ਯਤਨ ਕਰੇ, ਕੋਈ ਪੇਸ਼ ਨਹੀਂ ਜਾਂਦੀ। ਇਸ ਤੋਂ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਕੋਈ ਗੈਬੀ-ਸ਼ਕਤੀ ਕੰਮ ਕਰ ਰਹੀ ਹੈ, ਜਿਸ ਨੂੰ ਸਮਝਣਾ ਜ਼ਰੂਰੀ ਹੈ।

ਇਸ ਸ਼ਕਤੀ ਨੂੰ ਸਮਝਣ ਵਾਸਤੇ ਦੁਨਿਆਵੀ ਅਕਲ ਤਾਂ ਫੇਲ੍ਹ ਹੋ ਚੁਕੀ ਹੈ। ਬਾਦਸ਼ਾਹਾਂ ਦੇ ਘਰ ਬੇਵਕਤ ਮੌਤਾਂ, ਵਪਾਰ ਦੇ ਮਾਹਿਰ ਕਰੋੜਪਤੀ ਦੀਆਂ ਮਿਸਾਲਾਂ ਕਿ ਘਾਟੇ ਵਿਚ ਆ ਕੇ ਉਸ ਦਾ ਇਕ ਅਦਨੇ ਜਿਹੇ ਹੋਟਲ ਵਿਚ ਜ਼ਿੰਦਗੀ ਦੇ ਅਖ਼ੀਰੀ ਦਿਨ ਗੁਜ਼ਾਰਨੇ ਤੇ ਉਥੇ ਉਹਦੀ ਇਕੱਲੇ ਦੀ ਮੌਤ ਹੋਣੀ, ਹਿੰਦੁਸਤਾਨ ਦੀ ਆਜ਼ਾਦੀ ਵਿਚ ਪੰਜਾਬੀਆਂ ਦੇ ਪਿਆਰੇ ਰਿਸ਼ਤੇਦਾਰਾਂ ਦੀਆਂ ਡਰਾਉਣੀਆਂ ਮੌਤਾਂ ਤੇ ਲੱਖੋਂ ਕੱਖ ਵਾਲਾ ਦੌਲਤ ਦਾ ਧੱਕਾ ਆਦਿ ਐਸੀਆਂ ਮਿਸਾਲਾਂ ਹਨ, ਜਿਹੜੀਆਂ ਇਨਸਾਨ ਦੀ ਅਕਲ ਤੋਂ ਬਾਹਰ ਤੇ ਇੰਤਜ਼ਾਮ ਤੋਂ ਉਤੇ ਹੋ ਗਈਆਂ ਹਨ। ਇਸ ਕਰਕੇ ਇਕ ਰੂਹਾਨੀ ਪਾਸੇ ਦਾ ਹੀ ਸਹਾਰਾ ਰਹਿ ਜਾਂਦਾ ਹੈ। ਦੇਖੋ ਇਸ ਦੀ ਖੋਜ ਕਿਥੇ ਪੁਚਾਂਦੀ ਹੈ ?

ਸਾਡੇ ਕੋਲ ਆਤਮਕ ਸਮੁੰਦਰ ਗੁਰੂ ਗ੍ਰੰਥ ਜੀ ਹੀ ਹੈ ਅਤੇ ਇਸ ਦੀ ਸ਼ਰਨ ਆਈਏ। ਇਸ ਲੇਖ ਦੇ ਸ਼ੁਰੂ ਵਾਲਾ ਸ਼ਬਦ ਪੜ੍ਹੀਏ :-

'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।'

ਇਹ ਪੜ੍ਹਨ ਨਾਲ ਦਿਲ ਵਿਚ ਇਕ ਲਹਿਰ ਜੇਹੀ ਚਲ ਗਈ ਤੇ ਮਾਯੂਸੀ ਦੀ ਥਾਂ ਤੇ ਖ਼ੁਸ਼ੀ ਬੋਲ ਉਠੀ। ਤਜਵੀਜ਼ ਮਿਲ ਗਈ ਹੈ, ਸਿਰਫ਼ ਅਰਦਾਸ ਕਰਨੀ ਬਾਕੀ ਹੈ। ਜਦ ਹੀ ਇਹ ਖ਼ਿਆਲ ਦਿਲ ਵਿਚ ਆਇਆ, ਨਾਲ ਹੀ ਇਕ ਧੀਮੀ ਆਵਾਜ਼ ਜੇਹੀ ਅੰਦਰੋਂ ਬੋਲ ਉਠੀ—'ਨਾਵਾਕਿਫ਼ਾ ! ਕਿਸ ਦੇ ਅਗੇ ਅਰਦਾਸ ਕਰਨ ਲਗਾ ਹੈਂ ?' ਮੈਂ ਸੁਣ ਕੇ ਠਠੰਬਰ ਗਿਆ। ਦਿਲ ਨੇ ਸੁਤੇ ਸਿਧ ਇਹ ਜਵਾਬ ਦਿਤਾ, 'ਹਰੀ ਅੱਗੇ !' ਇਹ ਕਹਿ ਕੇ ਫਿਰ ਜਵਾਬ ਦੀ ਇੰਤਜ਼ਾਰ ਕੀਤੀ, ਤਦ ਉਹ ਆਵਾਜ਼ ਫਿਰ ਬੋਲੀ—'ਤੂੰ ਉਸ ਹਰੀ ਨੂੰ ਭਾਲਦਾ ਹੈਂ ਜਿਹੜਾ ਚੌਵੀ ਘੰਟੇ, ਦਿਨ ਤੇ ਰਾਤ ਤੇਰੇ ਕੋਲ ਰਿਹਾ ਤੇ ਤੂੰ ਇਕ ਮਿੰਟ ਵੀ ਉਸ ਦੇ ਵਲ ਨਹੀਂ ਤਕਿਆ। ਉਹ ਆਪਣੇ ਅਸੂਲਾਂ ਤੇ ਪ੍ਰੇਮ ਦਾ ਪੱਕਾ ਤੇਰੀ ਨਿਆਦਰੀ ਦੇਖ ਕੇ ਵੀ ਆਪਣੀ ਹਾਜ਼ਰੀ ਵਿਚ ਪੂਰਾ ਰਿਹਾ। ਪਰ

ਤੇਰੇ ਵੀ ਸ਼ਾਬਾਸ਼ ਹੈ ਕਿ ਤੂੰ ਵੀ ਆਪਣੀ ਬੇ-ਪ੍ਰਵਾਹੀ ਘਟ ਨਾ ਕੀਤੀ। ਵਾਹਿਗੁਰੂ ਦੀ ਜੋਤ ਦਾ ਚਾਨਣ ਆਪਣੇ ਅੰਦਰ ਆਉਣ ਨਹੀਂ ਦਿਤਾ। ਜੇ ਗੁਰਦੁਆਰੇ ਗਿਆ ਤੇ ਵਾਹਿਗੁਰੂ ਦੇ ਨੂਰ ਦੀ ਝਲਕ ਤੇਰੇ ਅੰਦਰ ਕਦੇ ਦਾਖਲ ਹੋਈ, ਤਾਂ ਤੂੰ ਉਸ ਝਲਕ ਨੂੰ ਗੁਰਦੁਆਰੇ ਵਿਚ ਹੀ ਛੱਡ ਆਇਉਂ, ਨਾਲ ਘਰ ਤੀਕਰ ਵੀ ਨਹੀਂ ਲਿਆਇਆ। ਕੋਰੇ ਦਾ ਕੋਰਾ ਹੀ ਰਿਹਾ। ਜੇ ਘਰ ਮੌਤ ਹੋ ਗਈ ਤਾਂ ਉਸ ਦਾ ਰੋਸ ਵਾਹਿਗੁਰੂ ਤੇ, ਪਰ ਜੇਕਰ ਕੋਈ ਫਤਹ ਹੋਈ ਤਦ ਆਪਣੀ ਅਕਲ ਤੇ ਕੋਸ਼ਿਸ਼ਾਂ ਦਾ ਮਾਣ ਕੀਤਾ।'

'ਓ ਨਾਦਾਨ ਬੰਦੇ ! ਹਰ ਵੇਲੇ ਮੌਜੂਦ ਵਾਹਿਗੁਰੂ ਨੂੰ ਧਿਆਨ ਵਿਚ ਰਖਣ ਤੇ ਉਸ ਨੂੰ ਪਿਆਰ ਨਾਲ ਸਿਮਰਨ ਦੀ ਥਾਂ ਤੂੰ ਹਰ ਵੇਲੇ ਧਿਆਨ ਦੌਲਤ ਵਿਚ ਰਖਿਆ ਤੇ ਦੌਲਤ ਨੂੰ ਹੀ ਆਪਣਾ ਵਾਹਿਗੁਰੂ ਬਣਾਇਆ ਹੈ। ਦੂਸਰਾ ਤੇਰਾ ਵਾਹਿਗੁਰੂ ਤੇਰੀ ਇਸਤਰੀ ਹੈ, ਤੇਰਾ ਪਤੀ ਹੈ, ਤੇਰੇ ਪੁਤਰ ਧੀਆਂ ਹਨ।'

'ਓ ਭੁਲੇ ਹੋਏ ਬੰਦੇ ! ਜਾਹ ਨਿਰਾਸ ਨਾ ਹੋ, ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ। ਜਿਸ ਗੁਰੂ ਗ੍ਰੰਥ ਸਾਹਿਬ ਦੀ ਆਵਾਜ਼—'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ' ਤੂੰ ਲੈ ਕੇ ਅਰਦਾਸ ਵਾਸਤੇ ਆਇਆ ਸੈਂ, ਉਸ ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰ, ਧਿਆਨ ਰਖ ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ, ਕੀ ਸਰੂਪ ਤੇ ਸੁਭਾਅ ਦਸਦਾ ਹੈ, ਉਸ ਨੂੰ ਦਿਲ ਵਿਚ ਰਖ ਤੇ ਉਸ ਦੀ ਪਛਾਣ ਹਾਸਲ ਕਰ। ਜਦ ਤੂੰ 'ਸਤਿਨਾਮ ਸ੍ਰੀ ਵਾਹਿਗੁਰੂ' ਮੂੰਹੋਂ ਕਿਹਾ ਤਾਂ ਤੇਰੀ ਸੁਰਤ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਸਾਰੇ ਗੁਣਾਂ ਦੀ ਭਰਪੂਰ ਇਕ ਨੂਰੀ ਸ਼ਕਤੀ ਤੈਨੂੰ ਦਿਸੇ ਜੋ ਕਿ ਬੇਅੰਤ ਹੈ, ਕੁਲ ਬ੍ਰਹਮੰਡ ਵਿਚ ਫੈਲੀ ਹੋਈ ਹੈ ਤੇ ਤੂੰ ਉਹਦੇ ਵਿਚ ਉਸ ਨੂਰ ਦੀ ਇਕ ਜੋਤ ਨਜ਼ਰ ਆਵੇਂ। ਸੂਰਜ ਤੇ ਸੂਰਜ ਦੀ ਕਿਰਨ ਦੀ ਮਿਸਾਲ ਯਾਦ ਰਖ। ਵਾਹਿਗੁਰੂ ਸੂਰਜ ਤੇ ਤੂੰ ਉਸ ਦੀ ਕਿਰਨ ਏਂ।'

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਸਮਝ ਕੇ ਪੜ੍ਹਨ ਨਾਲ ਤੇ ਵਾਹਿਗੁਰੂ ਨੂੰ ਸਰਬ-ਵਿਆਪੀ ਦੇਖਣ ਨਾਲ ਜਦ ਉਹ ਪਿਤਾ ਤੇ ਮਾਤਾ ਭਾਸੇਗਾ ਤਾਂ ਦੁਨੀਆਂ ਦੀਆਂ ਕੁਲ ਖ਼ਰਾਬੀਆਂ ਤੋਂ ਰਖਸ਼ਾ ਹੋਵੇਗੀ। ਜਦ ਉਹ ਦਾਤਾ ਭਾਸੇਗਾ ਤਾਂ ਦੌਲਤ ਵਲੋਂ ਹਥ ਮੋਕਲਾ, ਅਮਿਤੀਆਂ ਤੇ ਮੁਫਤ ਦਾਤਾਂ ਮਿਲਣਗੀਆਂ। ਜਦ ਉਹ ਗਲਤੀ ਤੇ ਬੀਮਾਰੀ ਤੋਂ ਰਹਿਤ ਦਿਸੇਗਾ, ਤਾਂ ਉਸ ਦੀ ਜੋਤ ਆਪਣੇ ਅੰਦਰ ਦਿਸੇਗੀ, ਤਦ ਕੁਲ ਬੀਮਾਰੀਆਂ, ਕਿਤਨੀਆਂ ਪੁਰਾਣੀਆਂ ਤੇ ਲਾ-ਇਲਾਜ ਕਿਉਂ ਨਾ ਹੋਣ, ਹਟ ਜਾਣਗੀਆਂ। ਜਦ ਉਹ ਸੁਖ ਸਾਗਰ ਭਾਸੇਗਾ ਤਾਂ ਤਨ ਮਨ ਵਿਚ ਸ਼ਾਂਤੀ, ਠੰਢ, ਹਰ ਵਕਤ ਦੇ ਫਿਕਰ ਤੇ ਚਿੰਤਾ ਤੋਂ

ਆਜ਼ਾਦੀ ਮਿਲੇਗੀ।

ਜਿਸ ਜਿਸ ਦਰਜੇ ਤਕ ਅਭਿਆਸ ਨਾਲ ਉਚਾ ਪਹੁੰਚੇਂਗਾ, ਉਸ ਉਸ ਦਰਜੇ ਤਕ ਮੰਗਾਂ ਪੂਰੀਆਂ ਹੋਣਗੀਆਂ।

ਇਕ ਗੱਲ ਹੋਰ ਵੀ ਸੁਣ ਲਓ ਕਿ 'ਵਾਹਿਗੁਰੂ ਜੀ ਦੀ ਹਮੇਸ਼ਾਂ ਦਿਲੀ ਮਨਸ਼ਾ ਇਹੀ ਹੁੰਦੀ ਹੈ ਕਿ ਆਪਣੇ ਬੱਚਿਆਂ ਦੀਆਂ ਮੰਗਾਂ ਉਸੇ ਤਰ੍ਹਾਂ ਪੂਰੀਆਂ ਹੋਣ, ਜਿਸ ਤਰ੍ਹਾਂ ਉਨ੍ਹਾਂ ਨੇ ਪੇਸ਼ ਕੀਤੀਆਂ ਹਨ। ਪਰ ਮੰਗਾਂ ਵਿਚ ਇਨਸਾਨੀ ਗਲਤੀਆਂ ਜ਼ਰੂਰ ਹੁੰਦੀਆਂ ਹਨ ਤੇ ਉਨ੍ਹਾਂ ਦਾ ਪੂਰਾ ਹੋਣਾ ਤਕਲੀਫ ਦਾ ਸਬੱਬ ਹੁੰਦਾ ਹੈ, ਇਸ ਕਰਕੇ ਵਾਹਿਗੁਰੂ ਮੰਗਾਂ ਮੰਨਜ਼ੂਰ ਕਰਨ ਤੋਂ ਪਹਿਲਾਂ ਗਲਤੀਆਂ ਕੱਢ ਕੇ, ਮੰਗਾਂ ਨੂੰ ਸੁਚਾ ਕਰਕੇ ਮੰਨਜ਼ੂਰ ਕਰਦਾ ਹੈ, ਤਾਂਕਿ ਇਹ ਸੁਖਦਾਇਕ ਬਣ ਜਾਣ।'

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।

ਨਾਮ ਦੀ ਸ਼ਕਤੀ

ਕੁਲ ਦੁਨੀਆਂ ਕਮਲੀ ਹੋਈ-ਹੋਈ ਧਨ ਕਮਾਣ ਦੇ ਮਗਰ ਲੱਗੀ ਹੋਈ ਹੈ। ਹਰ ਕਾਰੋਬਾਰ ਵਿਚ ਮੁਖ ਇਹੋ ਗੱਲ ਹੈ, ਭਾਵੇਂ ਝਗੜਾ ਹੋਵੇ ਤੇ ਭਾਵੇਂ ਸੁਲਾਹ ਹੋਵੇ; ਭਾਵੇਂ ਹੱਕ ਹੋਵੇ ਜਾਂ ਨਾ ਹੋਵੇ, ਭਾਵੇਂ ਜ਼ਬਰਦਸਤੀ ਕਰਨੀ ਪਵੇ ਜਾਂ ਆਜਜ਼ੀ ਕਰਨੀ ਪਵੇ, ਭਾਵੇਂ ਧੋਖਾ ਦਿਤਾ ਜਾਵੇ ਜਾਂ ਨਾ ਦਿਤਾ ਜਾਵੇ, ਧਨ ਹਰ ਸੂਰਤ ਵਿਚ ਹਾਸਲ ਕਰਨਾ ਜ਼ਰੂਰੀ ਸਮਝਿਆ ਗਿਆ ਹੈ, ਕਿਉਂਕਿ ਧਨ ਵਿਚ ਬਹੁਤ ਸਾਰੀਆਂ ਹਾਜਤਾਂ ਪੂਰੀਆਂ ਕਰਨ ਦੀ ਸਮੱਰਥਾ ਹੈ।

ਨੇਕ ਪੁਰਸ਼ ਭਾਵੇਂ ਐਡੇ ਕਮਲੇ ਨਾ ਬਣਨ ਕਿ ਹੱਕ ਨਾਹੱਕ ਨੂੰ ਨਾ ਦੇਖਣ, ਪਰ ਧਨ ਦੀ ਲੋੜ ਸਭ ਨੂੰ ਹੈ। ਬੇਜਾ ਤਰੀਕੇ ਨੂੰ ਛੱਡ ਕੇ ਧਨ ਕਮਾਉਣਾ ਇਕ ਨੇਕ ਪੁਰਸ਼ ਵੀ ਜ਼ਰੂਰੀ ਸਮਝਦਾ ਹੈ। ਪਰ ਮੁਸ਼ਕਲ ਜਿਹੜੀ ਹਰ ਇਕ ਪੁਰਸ਼ ਨੂੰ ਪੈਂਦੀ ਹੈ, ਉਹ ਇਹ ਕਿ ਪੂਰੀ ਕੋਸ਼ਿਸ਼ ਕਰਦਿਆਂ ਵੀ ਸਭ ਨੂੰ ਧਨ ਪੂਰਾ ਪ੍ਰਾਪਤ ਨਹੀਂ ਹੁੰਦਾ ਤੇ ਜਿਸ ਨੂੰ ਪੂਰਾ ਪ੍ਰਾਪਤ ਵੀ ਹੁੰਦਾ ਹੈ, ਉਹਨੂੰ ਵੀ ਹਮੇਸ਼ਾ ਪੂਰਾ ਧਨ ਮਿਲਦੇ ਰਹਿਣ ਤੇ ਇਕੱਠਾ ਕੀਤਾ ਹੋਇਆ ਹੱਥੋਂ ਨਾ ਜਾਣ ਦਾ ਫਿਕਰ ਲੱਗਾ ਰਹਿੰਦਾ ਹੈ। ਇਸ ਕਰਕੇ ਧਨ ਹੋਰ-ਹੋਰ ਇਕੱਠੇ ਕਰਨ ਦੀ ਹਿਰਸ ਜਾਰੀ ਰਹਿੰਦੀ ਹੈ, ਜੋ ਸੁਖ ਨਾਲ ਨਹੀਂ ਬੈਠਣ ਦਿੰਦੀ।

ਇਸ ਤਕਲੀਫ ਤੋਂ ਛੁਟਕਾਰਾ ਪਾਣ ਵਾਸਤੇ ਦੁਨਿਆਵੀ ਅਕਲ ਖ਼ਤਮ ਹੋ ਜਾਂਦੀ ਹੈ। ਦੁਨੀਆਂ ਵਿਚ ਤਾਂ 'ਹੋਰ ਹੋਰ' ਆਵਾਜ਼ ਕਦੀ ਬੰਦ ਨਹੀਂ ਹੋ ਸਕਦੀ, ਨਾ ਹੀ ਇਕੱਤਰ ਕੀਤੇ ਧਨ ਤੇ ਇਤਬਾਰ ਹੈ ਕਿ ਇਹ ਸੰਗ ਛੱਡ ਕੇ ਚਲਿਆ ਨਾ ਜਾਵੇਗਾ। ਆਓ, ਹੁਣ ਅਸੀਂ 'ਅਬ ਮੈ ਚਲੀ ਠਾਕੁਰ ਪਹਿ ਹਾਰਿ।' ਪੜ੍ਹ ਕੇ ਗੁਰੂ ਗ੍ਰੰਥ ਸਾਹਿਬ ਖੋਲ੍ਹੀਏ ਤੇ ਅਰਦਾਸ ਕਰ ਕੇ ਆਵਾਜ਼ ਲਈਏ। ਆਵਾਜ਼ ਇਹ ਆਈ ਜੇ :-

ਐਸਾ ਹਰਿ [1]ਧਨੁ [2]ਸੰਚੀਐ ਭਾਈ।
[3]ਭਾਹਿ ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ।
ਤੋਟਿ ਨ ਆਵੈ ਨਿਖੁਟਿ ਨਾ ਜਾਇ। ਖਾਇ ਖਰਚਿ ਮਨੁ ਰਹਿਆ [4]ਅਘਾਇ।

---

੧. ਹਰੀ ਨਾਮ, ਧਨ, ੨. ਇਕੱਠਾ ਕਰੀਏ, ੩. ਅੱਗ, ੪. ਰਜਿਆ ਹੋਇਆ।

ਸ਼ਬਦ ਪੜ੍ਹ ਕੇ ਮਨ ਨਿਹਾਲ ਹੋ ਗਿਆ। ਕੁਲ ਸ਼ਰਤਾਂ ਜਿਹੜੀਆਂ ਧਨ ਨਾਲ ਦਰਕਾਰ ਹਨ, ਉਹ ਪੂਰੀਆਂ ਮੌਜੂਦ ਹਨ। ਸੱਚਮੁਚ ਧਨ ਜੇਕਰ ਮਿਲੇ ਤਾਂ ਐਸਾ ਮਿਲੇ ਜੋ ਪੂਰਾ ਸੁਖ ਦੇਣ ਵਾਲਾ ਹੋਵੇ। ਨਾ ਹੀ ਥੁੜ੍ਹੇ ਤੇ ਨਾ ਹੀ ਕਦੀ ਸੰਗ ਛਡ ਕੇ ਜਾਵੇ।

ਇਹ ਸ਼ਬਦ ਹੈ ਸੱਚਖੰਡ ਦਾ ਪੂਰਾ ਨੇਮ ਜਾਂ ਕਾਨੂੰਨ। ਇਹਦੇ ਵਿਚ ਗਲਤੀ ਕਦੀ ਹੋ ਸਕਦੀ ਹੀ ਨਹੀਂ। ਇਹ ਅਟੱਲ ਹੈ ਤੇ ਜਦ ਤਕ ਦੁਨੀਆਂ ਕਾਇਮ ਹੈ ਅਟੱਲ ਰਹੇਗਾ।

ਸਾਡੀ ਏਸ ਮਾਮਲੇ ਦੀ ਖੋਜ ਨੇ ਤਾਂ ਸਾਨੂੰ ਏਥੇ ਪੁਚਾ ਦਿਤਾ ਹੈ ਤੇ ਆਪਣੇ ਨਿਸਚੇ ਮੁਜਬ ਏਸ ਨਿਯਮ ਨੂੰ ਸੱਚਾ ਸਮਝਦੇ ਹਾਂ, ਪਰ ਇਹ ਵੀ ਕੋਈ ਲੁਕਾ ਕੇ ਰਖਣ ਵਾਲੀ ਗੱਲ ਨਹੀਂ ਕਿ ਇਨਸਾਨੀ ਮਨ ਜੋ ਆਪਣੇ ਤਜਰਬੇ ਦਾ ਹੀ ਗੁਲਾਮ ਹੈ, ਇਸ ਨਿਯਮ ਨੂੰ ਵਰਤੋਂ ਵਿਚ ਲਿਆ ਕੇ ਨਤੀਜਾ ਪੂਰਾ ਹੁੰਦਾ ਨਹੀਂ ਦੇਖਦਾ ਤੇ ਇਹਦਾ ਨਿਸਚਾ ਜਾਂਦਾ ਰਹਿੰਦਾ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਦਲੀਲ ਦੇ ਕੇ ਇਸ ਮਨ ਨੂੰ ਰਸਤੇ ਪਾਇਆ ਜਾਵੇ।

ਦਲੀਲ ਵਿਚ ਦੋ ਖ਼ਿਆਲ ਪੈਦਾ ਹੁੰਦੇ ਹਨ। ਇਕ ਇਹ ਕਿ ਹੋਰ ਧਨ ਕਿਸ ਤਰ੍ਹਾਂ ਇਕੱਠਾ ਕਰੀਏ, ਦੂਜਾ ਇਹ ਕਿ ਹੋਰ ਧਨ ਜੇ ਇਕੱਠਾ ਵੀ ਹੋ ਜਾਵੇ ਤਾਂ ਫੇਰ ਇਸ ਨੂੰ ਕਿਵੇਂ ਵਰਤੀਏ ? ਸਾਨੂੰ ਤਾਂ ਵਰਤੋਂ ਲਈ ਕਰੰਸੀ ਨੋਟਾਂ ਦੀ ਲੋੜ ਹੈ। ਹਰੀ ਧਨ ਬਾਜ਼ਾਰ ਦੀਆਂ ਚੀਜ਼ਾਂ ਨਹੀਂ ਖ਼ਰੀਦ ਸਕਦਾ। ਨੋਟਾਂ ਨਾਲ ਹਰ ਚੀਜ਼ ਮਿਲਦੀ ਹੈ।

ਇਸ ਮੁਸ਼ਕਲ ਸਵਾਲ ਨੂੰ ਹਲ ਕਰਨ ਵਾਸਤੇ ਆਤਮ ਸਾਇੰਸ ਅਨੁਸਾਰ ਪਹਿਲੇ ਅਰਦਾਸ ਜ਼ਰੂਰੀ ਹੈ। ਅਰਦਾਸ—'ਵਾਹਿਗੁਰੂ ਤੂੰ ਸਰਬ-ਵਿਆਪੀ ਹੈਂ, ਇਥੇ ਮੌਜੂਦ ਹੈਂ, ਮੇਰੇ ਅੰਦਰ ਤੇਰੀ ਜੋਤ ਦਾ ਪ੍ਰਕਾਸ਼ ਹੈ, ਇਸ ਜੋਤ ਨਾਲ ਮੇਰਾ ਮਨ ਤੇ ਤਨ ਰੋਸ਼ਨ ਹੋ ਗਿਆ। ਮੇਰੀ ਅਕਲ ਤੇ ਸੋਚ ਵਿਚੋਂ ਮਾਇਆ ਦਾ ਹਨ੍ਹੇਰਾ ਹਟ ਕੇ ਜੋਤ ਦਾ ਪ੍ਰਕਾਸ਼ ਹੋ ਗਿਆ ਹੈ। ਮੇਰੀ, ਮੈਂ ਖ਼ਤਮ ਹੋ ਗਈ ਹੈ ਤੇ ਹੁਣ ਤੂੰ ਹੀ ਤੂੰ ਹੈਂ। ਸੋਚ ਭੀ ਤੂੰ (ਤੇਰੀ ਜੋਤ) ਰਿਹਾ ਹੈਂ, ਅਕਲ ਵੀ ਤੇਰੀ ਹੈ, ਰਸਤਾ ਵੀ ਤੂੰ ਸਮਝਾ ਰਿਹਾ ਹੈਂ, ਤੇ ਰਸਤੇ ਤੇ ਚਲਾ ਵੀ ਆਪਣੇ ਆਪ ਨੂੰ ਤੂੰ ਰਿਹਾ ਹੈਂ। ਇਸ ਸਮਝ ਵਿਚ ਕਦੀ ਗਲਤੀ ਨਹੀਂ ਹੋ ਸਕਦੀ ਤੇ ਖੋਜ ਦਾ ਪੂਰਾ ਤਸੱਲੀ ਵਾਲਾ ਨਤੀਜਾ ਹੋਣਾ ਜ਼ਰੂਰੀ ਹੈ।'

ਇਸ ਅਰਦਾਸ ਨੂੰ ਪੂਰੇ ਧਿਆਨ ਨਾਲ ਤਦ ਤਕ ਕਹੀ ਜਾਣਾ ਜ਼ਰੂਰੀ ਹੈ ਜਦ ਤਕ ਕਿ ਜੋ ਮੂੰਹੋਂ ਕਹਿ ਰਹੇ ਹਾਂ, ਪ੍ਰਤੱਖ ਸੂਰਤ ਵਿਚ ਨਾ ਭਾਸੇ।

ਹੁਣ ਪਹਿਲਾ ਸੱਚ ਇਹ ਹੈ ਕਿ ਹਰੀ ਧਨ (ਨਾਮ) ਕਿਸ ਤਰ੍ਹਾਂ ਇਕੱਠਾ ਕੀਤਾ ਜਾਵੇ ? ਤਜਰਬਾ ਇਹ ਦਸੇਗਾ ਕਿ ਇਸ ਦਾ ਕੋਈ ਮੁਕੱਰਰ ਤਰੀਕਾ ਨਹੀਂ ਹੈ। ਇਹਦੀ ਬੁਨਿਆਦ ਦਿਲ ਵਿਚ ਜ਼ਬਰਦਸਤ ਖ਼ਾਹਿਸ਼ ਪੈਦਾ ਹੋਣੀ ਹੈ, ਭਾਵੇਂ ਉਹ ਖ਼ਾਹਿਸ਼ ਆਪਣੀ ਦੁਨਿਆਵੀ ਜ਼ਰੂਰਤਾਂ ਦੇ ਦਬਾਓ ਤੋਂ ਪੈਦਾ ਹੋਵੇ ਭਾਵੇਂ ਅਛੇ ਕਰਮਾਂ ਦਾ ਨਤੀਜਾ ਹੋਵੇ, ਪਰ ਪ੍ਰੇਮ ਵਾਹਿਗੁਰੂ ਦੇ ਚਰਨਾਂ ਵਲ ਆਵੇ। ਜੋ ਸਜਨ ਦੁਨੀਆਂ ਵਿਚ ਕਾਮਯਾਬ ਹਨ, ਉਹ ਆਮ ਤੌਰ ਪਰ ਇਸ ਪਾਸੇ ਵਲ ਰੁਚੀ ਨਹੀਂ ਕਰਦੇ। ਆਪਣੀ ਦੌਲਤ ਤੇ ਇਕਬਾਲ ਨਾਲ ਦੁਨਿਆਵੀ ਤਕਲੀਫਾਂ, ਦਰੁਸਤ ਕਰਨਾ ਹੀ ਉਹਨਾਂ ਦਾ ਤਰੀਕਾ ਹੈ। ਜਦ ਤਕ ਕੋਈ ਖ਼ਾਸ ਠੋਕਰ ਲਗ ਕੇ ਉਹ ਇਸ ਦੁਨਿਆਵੀ ਮਸਤੀ ਤੋਂ ਨਾ ਜਾਗਣ, ਉਨ੍ਹਾਂ ਆਤਮਕ ਪਾਸੇ ਦਾ ਸਹਾਰਾ ਨਹੀਂ ਲੈਣਾ। ਪਰ ਇਹ ਭੀ ਜ਼ਰੂਰੀ ਹੈ ਕਿ ਆਤਮਕ ਸ਼ਾਂਤੀ ਬਗੈਰ ਧਨ ਕਮਾਇਆ ਹੋਇਆ ਜਾਂ ਤਾਂ ਧੋਖਾ ਦੇ ਕੇ ਚਲਾ ਜਾਵੇਗਾ ਜਾਂ ਸੁਖਾਂ ਦਾ ਕਾਰਨ ਨਹੀਂ ਹੋਵੇਗਾ।

ਜਿੰਨੀ-ਜਿੰਨੀ ਖ਼ਾਹਿਸ਼ ਹੋਵੇਗੀ, ਉਤਨਾ-ਉਤਨਾ ਤਰੱਕੀ ਦੇ ਰਸਤੇ ਵਿਚ ਚਾਨਣ ਹੋਵੇਗਾ। ਰਾਹ ਦਸਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਪੂਰੀ ਸਮਝ ਨਾਲ ਕਰਨਾ ਪਹਿਲੀ ਜ਼ਰੂਰੀ ਚੀਜ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਇਸ ਤਰ੍ਹਾਂ ਨਹੀਂ ਕਰਨਾ ਕਿ ਜੋ ਸ਼ਬਦ ਪੜ੍ਹਦੇ ਹਾਂ, ਉਹ ਸਾਹਿਬਾਂ ਨੇ ਵਾਹਿਗੁਰੂ ਬੇਨਤੀ ਵਿਚ ਹੀ ਆਪਣੇ ਵਲੋਂ ਉਚਾਰਨ ਕੀਤਾ, ਬਲਕਿ ਇਸ ਤਰ੍ਹਾਂ ਪੜ੍ਹਨਾ ਚਾਹੀਦਾ ਹੈ ਕਿ ਮੈਂ ਵਾਹਿਗੁਰੂ ਨੂੰ ਹਾਜ਼ਰ ਦੇਖ ਕੇ ਬੇਨਤੀ ਕਰ ਰਿਹਾ ਹਾਂ। ਵਾਹਿਗੁਰੂ ਨੂੰ ਉਸ ਸਰੂਪ ਵਿਚ ਦੇਖ ਰਿਹਾ ਹਾਂ, ਜਿਸ ਵਿਚ ਸ਼ਬਦ ਧਿਆਨ ਕਰ ਰਿਹਾ ਹੈ ਤੇ ਸ਼ਬਦ ਵਿਚ ਦਸੇ ਹੋਏ ਸੁਖ ਤੇ ਅਨੰਦ ਮੇਰੇ ਵਿਚ ਸਮਾ ਰਹੇ ਹਨ।

ਗ੍ਰਹਿਸਥ ਆਸ਼ਰਮ ਵਿਚ ਹੁੰਦਿਆਂ ਹੋਇਆਂ ਆਪਣੀਆਂ ਔਕੜਾਂ ਨੂੰ ਦੂਰ ਕਰਨਾ ਜ਼ਰੂਰੀ ਹੈ, ਇਸ ਵਾਸਤੇ ਉਹ ਔਕੜ ਵਿਚ ਮਦਦ ਕਰਨ ਵਾਲੇ ਸ਼ਬਦ ਗ਼ੌਰ ਨਾਲ ਬਾਰ-ਬਾਰ ਪੜ੍ਹਨੇ ਜ਼ਰੂਰੀ ਹਨ।

ਜਿਸ ਤਰ੍ਹਾਂ ਹਰ ਸਾਇੰਸ ਦਾ ਦਸਤੂਰ ਹੈ ਕਿ ਵਿਦਿਆਰਥੀ ਕਾਲਜ ਵਿਚ ਦਾਖ਼ਲ ਹੋ ਕੇ, ਸਾਇੰਸ ਦੇ ਕੁਲ ਨਿਯਮ ਪੜ੍ਹ ਕੇ ਯਾਦ ਕਰਦਾ ਹੈ ਤੇ ਉਨ੍ਹਾਂ ਨੂੰ ਬਿਲਾ ਸ਼ੱਕ ਦਰੁਸਤ ਮੰਨਦਾ ਹੈ ਤੇ ਫੇਰ ਸਾਇੰਸ ਦੇ ਤਜਰਬੇ ਵਾਲੇ ਕਮਰੇ ਵਿਚ ਜਾ ਕੇ ਨਿਯਮ ਵਰਤ ਕੇ ਉਹਦਾ ਨਤੀਜਾ ਪੂਰਾ ਕਰਦਾ ਹੈ, ਇਸੇ ਤਰ੍ਹਾਂ ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ, ਉਥੇ ਦਸੇ ਹੋਏ ਨਿਯਮਾਂ ਤੇ ਸ਼ੱਕ ਨਹੀਂ ਕਰਨਾ ਤੇ ਪਾਠ ਕਰ ਕੇ ਫਿਰ ਆਪਣੀ ਵਰਤੋਂ ਵਿਚ ਲਿਆ ਕੇ ਦਰੁਸਤ ਨਤੀਜਾ

ਦੇਖਣਾ ਹੈ। ਜਦ ਤਕ ਨਤੀਜਾ ਨਾ ਨਿਕਲੇ, ਤਜਰਬਾ ਮੁੜ-ਮੁੜ ਕਰੀ ਜਾਣਾ ਹੈ ਤੇ ਪੂਰਾ ਜਵਾਬ ਨਿਕਲਣ ਤੋਂ ਬਿਨਾਂ ਨਹੀਂ ਛੱਡਣਾ। ਇਸ ਤਜਰਬੇ ਦੇ ਅਰਸੇ ਵਿਚ ਜਿੰਨੀਆਂ ਨਾ-ਕਾਮਯਾਬੀਆਂ ਹੋਣ, ਉਨ੍ਹਾਂ ਨੂੰ ਗਲਤੀਆਂ ਸਮਝ ਕੇ ਉਨ੍ਹਾਂ ਦੀ ਪ੍ਰਵਾਹ ਨਹੀਂ ਕਰਨੀ ਅਤੇ ਨਾ ਹੀ ਨਿਰਾਸ ਹੋਣਾ ਹੈ।

ਕਿਉਂਕਿ ਪਾਠ ਕਰਨ ਤੇ ਤਜਰਬਾ ਕਰਨ ਦੇ ਅਰਸੇ ਵਿਚ (ਭਾਵੇਂ ਸਾਡਾ ਤਜਰਬਾ ਦੁਨਿਆਵੀ ਔਕੜ ਹਟਾਉਣ ਵਾਸਤੇ ਹੈ ਤੇ ਭਾਵੇਂ ਆਤਮਕ ਤਰੱਕੀ ਵਾਸਤੇ) ਵਾਹਿਗੁਰੂ ਹਰ ਵੇਲੇ ਸਾਹਮਣੇ ਰਖਣਾ ਜ਼ਰੂਰੀ ਹੈ, ਇਸ ਵਾਸਤੇ ਇਹ ਪਾਠ ਤੇ ਤਜਰਬਾ ਵਾਹਿਗੁਰੂ ਦਾ 'ਭਜਨ' ਹੈ ਅਤੇ ਇਹ ਜ਼ਿਆਦਾ ਅਭਿਆਸ ਨਾਲ ਹਰਿ ਧਨ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ।

ਦੁਨੀਆਵੀ ਧਨ ਵਿਚ ਦੁਨੀਆਂ ਦੀ ਹਰ ਇਕ ਚੀਜ਼ ਖ਼ਰੀਦਣ ਦੀ ਸ਼ਕਤੀ ਹੁੰਦੀ ਹੈ ਅਤੇ ਇਹ ਸ਼ਕਤੀ ਧਨ ਕੋਲ ਰਖਣ ਵਾਲੇ ਵਿਚ ਆ ਜਾਂਦੀ ਹੈ। ਇਸੇ ਤਰ੍ਹਾਂ ਹਰੀ ਧਨ ਨਾਮ ਦੀ ਇਕ ਸ਼ਕਤੀ ਹੈ ਜੋ ਹਰੀ ਧਨ ਇਕੱਠਾ ਕਰਨ ਵਾਲੇ ਵਿਚ ਆ ਜਾਂਦੀ ਹੈ। ਦੁਨਿਆਵੀ ਸ਼ਕਤੀ ਆਉ-ਜਾਉ ਹੁੰਦੀ ਹੈ, ਧੋਖਾ ਦੇ ਜਾਂਦੀ ਹੈ ਪਰ ਆਤਮਕ ਸ਼ਕਤੀ ਆ ਕੇ ਫਿਰ ਨਹੀਂ ਜਾਂਦੀ। ਹਮੇਸ਼ਾ ਦਾ ਸਾਥੀ ਹੈ।

ਜਿਸ ਤਰ੍ਹਾਂ ਬਿਜਲੀ ਅਤੇ ਭਾਫ ਦੋ ਅਜਿਹੀਆਂ ਸ਼ਕਤੀਆਂ ਹਨ, ਜੋ ਦੁਨੀਆਂ ਵਿਚ ਪੈਦਾ ਹੋ ਕੇ, ਦੁਨੀਆਂ ਦੇ ਅਨੇਕਾਂ ਕੰਮ ਕਰ ਕੇ ਬੇਅੰਤ ਫਾਇਦਾ ਪੁਚਾਉਂਦੀਆਂ ਹਨ, ਇਸੇ ਤਰ੍ਹਾਂ ਹਰੀ ਧਨ (ਨਾਮ) ਇਕ ਆਤਮਕ ਸ਼ਕਤੀ ਹੈ। ਇਸ ਨੂੰ ਜਿਸ ਵੇਲੇ ਦੁਨੀਆਂ ਵਿਚ ਹਾਸਲ ਕਰ ਕੇ ਵਰਤਿਆ ਜਾਵੇ, ਇਹ ਬੇਅੰਤ ਅਚੰਭੇ ਦਿਖਾਉਂਦੀ ਹੈ। ਕੁਲ ਬੀਮਾਰੀਆਂ ਇਹਦੇ ਨਾਲ ਖ਼ਤਮ ਹੋ ਜਾਂਦੀਆਂ ਹਨ। ਬੀਮਾਰੀ ਦੇ ਕਦੇ ਫੇਰ ਨਾ ਆਉਣ ਦਾ ਪੂਰਾ ਯਕੀਨ ਹੋ ਜਾਂਦਾ ਹੈ। ਬੀਮਾਰੀ ਦਾ ਡਰ ਉਡ ਜਾਂਦਾ ਹੈ। ਮਨ ਦੀ ਸ਼ਾਂਤੀ ਅਤੇ ਹਰ ਵੇਲੇ ਦੀ ਅਡੋਲਤਾ ਤੇ ਕਿਸੇ ਦੁਨਿਆਵੀ ਤਕਲੀਫ, ਗ਼ਮ, ਫਿਕਰ ਦਾ ਨੇੜੇ ਨਾ ਆਉਣਾ ਨਾਮ ਦੀ ਸ਼ਕਤੀ ਦੇ ਜ਼ਰੂਰੀ ਨਤੀਜੇ ਹਨ। ਵਾਹਿਗੁਰੂ ਬੇਅੰਤ ਹੈ, ਇਸ ਵਾਸਤੇ ਉਹ ਕੋਲ ਹੁੰਦਿਆਂ ਕਿਸੇ ਚੀਜ਼ ਦੀ ਥੁੜ ਨਹੀਂ ਆ ਸਕਦੀ। ਹਰ ਜ਼ਰੂਰਤ ਪੂਰੀ ਕਰਨ ਲਈ (ਐਸ਼ ਤੇ ਮਾੜੇ ਕੰਮਾਂ ਵਾਸਤੇ ਨਹੀਂ) ਖੁਲ੍ਹੇ ਗਫੇ ਮਿਲਦੇ ਹਨ। ਜੋ ਚੀਜ਼ਾਂ ਕਿਸੇ ਕਰੰਸੀ ਨੋਟ ਨਾਲ ਨਹੀਂ ਖ਼ਰੀਦ ਸਕਦੇ, ਉਹ ਵੀ ਨਾਮ ਦੀ ਸ਼ਕਤੀ ਬਿਨਾਂ ਸ਼ੱਕ ਪੈਦਾ ਕਰ ਸਕਦੀ ਹੈ ਤੇ ਇਹਦੇ ਦੇਣ ਦਾ ਸਿਲਸਿਲਾ ਜਦ ਇਕ ਵਾਰੀ ਪੂਰਾ ਹੋ ਜਾਏ—ਕਦੇ ਬੰਦ ਨਹੀਂ ਹੁੰਦਾ। ਇਸ ਲੇਖ ਦੇ ਸ਼ੁਰੂ ਵਾਲੇ ਸ਼ਬਦ ਦੇ ਕੁਲ ਵਾਅਦੇ ਸੋਲ੍ਹਾਂ ਆਨੇ ਪੂਰੇ ਹੁੰਦੇ ਹਨ। ਆਓ, ਜ਼ਰਾ ਸ਼ਬਦ ਨੂੰ ਫਿਰ

ਗੌਰ ਨਾਲ ਪੜ੍ਹੀਏ :-

ਐਸਾ ਹਰਿ ਧਨੁ ਸੰਚੀਐ ਭਾਈ।
ਭਾਹਿ ਨਾ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨਾ ਜਾਈ।
ਤੋਟਿ ਨਾ ਆਵੈ ਨਿਖੁਟਿ ਨ ਜਾਇ। ਖਾਇ ਖਰਚਿ ਮਨ ਰਹਿਆ ਅਘਾਇ।

ਸਿਰਫ ਪੜ੍ਹਨਾ ਕਾਫੀ ਨਹੀਂ, ਇਸ ਨੂੰ ਤਰਜਬੇ ਵਿਚ ਲਿਆ ਕੇ ਸਾਬਤ ਕਰਨ ਦੀ ਲੋੜ ਹੈ ਤੇ ਪੂਰਾ ਯਕੀਨ ਤਜਰਬੇ ਦੇ ਮਗਰੋਂ ਹੀ ਆਉਂਦਾ ਹੈ।

ਜਾਗ ਕੇ ਸੁਫਨਾ ਦੇਖੋ

ਕੁਲ ਦੁਨੀਆਂ ਦੁਖਾਂ ਤੋਂ ਸਤੀ ਹੋਈ ਹੈ। ਕੋਈ ਦੇਹ ਦੇ ਰੋਗ ਤੋਂ ਤੰਗ ਹੈ, ਕਿਸੇ ਨੂੰ ਗਰੀਬੀ ਸਤਾ ਰਹੀ ਹੈ। ਕੋਈ ਔਲਾਦ ਨਾ ਹੋਣ ਕਰ ਕੇ ਉਦਾਸ ਹੋ ਰਿਹਾ ਹੈ ਤੇ ਕੋਈ ਨਾਲਾਇਕ ਔਲਾਦ ਤੋਂ ਖਪ ਰਿਹਾ ਹੈ, ਹੋਰ ਕਈਆਂ ਨੂੰ ਇਸੇ ਤਰ੍ਹਾਂ ਦੀਆਂ ਅਨੇਕ ਤਕਲੀਫਾਂ ਸਤਾ ਰਹੀਆਂ ਹਨ। ਇਸ ਤੋਂ ਇਲਾਵਾ ਕੁਝ ਐਸੇ ਦੁਖ ਹਨ, ਜਿਨ੍ਹਾਂ ਤੋਂ ਦੁਨੀਆਂ ਦਾ ਕੋਈ ਮਨੁੱਖ ਵੀ ਨਹੀਂ ਬਚਿਆ ਹੋਇਆ। ਤ੍ਰਿਸ਼ਨਾ 'ਹੋਰ ਹੋਰ' ਦੀ ਕਦੀ ਖ਼ਤਮ ਨਹੀਂ ਹੁੰਦੀ। ਮਨ ਵਿਚ ਡਰ ਤੇ ਬੇਚੈਨੀ ਹਰ ਵੇਲੇ ਮੌਜੂਦ ਰਹਿ ਕੇ ਕੁਲ ਸੁਖਾਂ ਨੂੰ, ਜਿਨ੍ਹਾਂ ਨੂੰ ਮਿਹਨਤ ਨਾਲ ਹਾਸਲ ਕੀਤਾ ਹੈ, ਕੌੜਾ ਕਰ ਦੇਂਦੇ ਹਨ। ਸਾਰੀ ਦੁਨੀਆਂ ਇਹਨਾਂ ਦੁਖਾਂ ਨੂੰ ਹਟਾਣ ਵਾਸਤੇ ਬੇਹੱਦ ਕੋਸ਼ਿਸ਼ ਕਰ ਰਹੀ ਹੈ ਪਰ ਇਨਸਾਨੀ ਅਕਲ ਫੇਲ੍ਹ ਹੋ ਚੁਕੀ ਹੈ। ਦੁਨੀਆਂ ਦਾ ਇਕ ਬਾਦਸ਼ਾਹ ਵੀ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਕੋਈ ਦੁਖ ਨਹੀਂ। ਦੌਲਤ, ਸਿਹਤ, ਇੱਜ਼ਤ, ਹਕੂਮਤ ਤੇ ਸਰੀਰ ਵਾਸਤੇ ਆਪਣੇ ਇਰਦ-ਗਿਰਦ ਪੈਦਾ ਕੀਤੇ ਹੋਏ ਸੁਖ, ਬਿਲਕੁਲ ਥੋੜੇ ਅਰਸੇ ਵਿਚ ਆਪਣਾ ਅਸਰ ਦਿਖਾ ਕੇ ਖ਼ਤਮ ਹੋ ਜਾਂਦੇ ਹਨ ਤੇ ਮਨ ਨੂੰ ਫਿਕਰ ਅਤੇ ਡਰ ਦੇ ਘੁੰਮਣ-ਘੇਰ ਵਿਚ ਹੀ ਛੱਡ ਜਾਂਦੇ ਹਨ।

ਦੁਨੀਆਂ ਦੀ ਇਸ ਡਰਾਉਣੀ ਸ਼ਕਲ ਦਾ ਆਖ਼ਰ ਕੋਈ ਠੀਕ ਤੇ ਪੱਕਾ ਇਲਾਜ ਵੀ ਹੈ ਕਿ ਨਹੀਂ ? ਜੇ ਹੈ ਵੀ ਤਾਂ ਕਿਸ ਤਰ੍ਹਾਂ ਹਾਸਲ ਹੋ ਸਕਦਾ ਹੈ ? ਸੈਂਕੜੇ ਦਾਨਾਅ (ਸਿਆਣੇ) ਤੇ ਤਰ੍ਹਾਂ-ਤਰ੍ਹਾਂ ਦੀਆਂ ਸਾਇੰਸਾਂ ਦੇ ਮਾਹਿਰ ਮਨੁੱਖ ਇਸ ਦੁਨੀਆਂ ਵਿਚ ਇਕ ਦੂਜੇ ਮਗਰੋਂ ਹੋ ਗੁਜ਼ਰੇ ਹਨ ਤੇ ਦੁਨੀਆਂ ਨੂੰ ਸੰਵਾਰਨ ਤੇ ਠੰਢ ਪੈਦਾ ਕਰਨ ਦੀ ਕੋਸ਼ਿਸ਼ ਕਰ ਚੁਕੇ ਹਨ। ਪਰ ਦੁਨੀਆਂ ਦਾ ਸੰਵਾਰਨਾ ਤਾਂ ਇਕ ਪਾਸੇ ਰਿਹਾ, ਉਹ ਆਪਣੀ ਜ਼ਿੰਦਗੀ ਪੂਰੇ ਅਨੰਦ ਤੇ ਆਰਾਮ ਦੀ ਨਹੀਂ ਗੁਜ਼ਾਰ ਸਕੇ। ਦੁਨੀਆਂ ਦਾ ਅਖ਼ੀਰ ਫੈਸਲਾ ਇਹ ਹੈ ਕਿ ਆਤਮ ਸਾਇੰਸ ਤੋਂ ਸਿਵਾ ਹੋਰ ਕੋਈ ਐਸੀ ਸਾਇੰਸ ਨਹੀਂ ਜੋ ਦੁਖਾਂ ਨੂੰ ਹਮੇਸ਼ਾਂ ਤੇ ਪੱਕੀ ਤਰ੍ਹਾਂ ਨਾਲ ਹਟਾਣ ਦਾ ਦਾਅਵਾ ਕਰ ਸਕੇ। ਆਤਮ

ਸਾਇੰਸ ਦੀਆਂ ਪ੍ਰਸਿੱਧ ਹਸਤੀਆਂ, ਜਿਨ੍ਹਾਂ ਨੇ ਪੂਰੀ ਖੋਜ ਕਰ ਕੇ ਆਪਣੇ ਤਜਰਬੇ ਦੇ ਤੱਤ ਕਢੇ ਹਨ, ਉਹ ਸਾਨੂੰ ਭਾਰੀ ਦੁਨਿਆਵੀ ਤਕਲੀਫਾਂ ਦਾ ਪੂਰਾ ਤਸੱਲੀਬਖਸ਼ ਇਲਾਜ ਦਸਦੀਆਂ ਹਨ। ਇਹਨਾਂ ਮਹਾਂ ਸੰਤਾਂ ਦੇ ਵਾਕ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਉਹਨਾਂ ਦੇ ਪੜ੍ਹਨ ਤੇ ਸੋਚਣ ਦੀ ਜ਼ਰੂਰਤ ਹੈ।

ਪਿਆਰੇ ਪਾਠਕੋ ! ਤੁਸੀਂ ਕਹੋਗੇ ਕਿ ਤੁਹਾਡੇ ਅਗੇ ਇਕ ਪੁਰਾਣਾ ਨੁਸਖਾ ਪੇਸ਼ ਕੀਤਾ ਗਿਆ ਹੈ। ਕੋਈ ਨਵੀਂ ਗੱਲ ਨਹੀਂ ਤੇ ਇਹ ਪੁਰਾਣਾ ਨੁਸਖਾ ਤਜਰਬੇ ਵਿਚ ਫੇਲ੍ਹ ਹੋ ਚੁਕਾ ਹੈ। ਤੁਸੀਂ ਘਬਰਾ ਕੇ ਹੁਣੇ ਏਸ ਲੇਖ ਦਾ ਨਤੀਜਾ ਨਾ ਕਢੋ। ਵੇਖੋ ਆਤਮ ਸਾਇੰਸ ਪੁਰਾਣੇ ਨੁਸਖੇ ਨੂੰ ਵੀ ਨਵੀਂ ਸ਼ਕਲ ਦੇ ਕੇ ਪੇਸ਼ ਕਰਦੀ ਹੈ। ਭਲਾ ਜ਼ਰਾ ਇਸ ਗੱਲ ਦਾ ਉਤਰ ਤਾਂ ਦਿਓ ਕਿ ਜਦ ਹਰ ਸਾਇੰਸ ਸਿਖਣ ਵਾਸਤੇ ਉਹਦੀਆਂ ਪੁਸਤਕਾਂ ਨੂੰ ਪੜ੍ਹਨ, ਸਮਝਣ ਤੇ ਤਜਰਬੇ ਕਰਨ ਦੀ ਲੋੜ ਹੁੰਦੀ ਹੈ ਤਾਂ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਵਾਲੇ ਵੀ ਏਸੇ ਤਰ੍ਹਾਂ ਇਹਨਾਂ ਸਾਰੇ ਨਿਯਮਾਂ ਨੂੰ ਪੂਰਾ ਕਰਦੇ ਹਨ ? ਜੇਕਰ ਨਹੀਂ ਕਰਦੇ ਤਾਂ ਕੀ ਕੇਵਲ ਪਾਠ ਕਰਨਾ ਅਤੇ ਉਹ ਵੀ ਸਮਝਣ ਤੇ ਧਿਆਨ ਤੋਂ ਬਿਨਾਂ ਕਰਨਾ ਕਾਫੀ ਹੋ ਸਕਦਾ ਹੈ ? ਕੀ ਐਸਾ ਪਾਠ ਕੋਈ ਆਤਮਿਕ ਸ਼ਕਤੀ ਪੈਦਾ ਕਰ ਸਕਦਾ ਹੈ ? ਜਾਂ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਵਾਇਦੇ ਪੂਰੇ ਹੋਣ ਦੀ ਉਮੀਦ ਦਿਲਾ ਸਕਦਾ ਹੈ ? ਹਰਗਿਜ਼ ਨਹੀਂ ! ਫਿਰ ਸਾਇੰਸ ਦਾ ਕੀ ਦੋਸ਼ ਹੈ ? ਦੋਸ਼ ਤਾਂ ਆਪਣੇ ਅਣਗਹਿਲੇਪਣ ਦਾ ਹੈ। ਨਾ ਸਾਇੰਸ ਦੇ ਨਿਯਮ ਪੂਰੇ ਕੀਤੇ ਤੇ ਨਾ ਹੀ ਪੂਰੇ ਨਤੀਜਿਆਂ ਤੇ ਪੁਜੇ। ਨਿਰੇ ਮਥੇ ਟੇਕਣੇ, ਹੱਥ ਜੋੜਨੇ, ਪਰ ਨਾ ਤਾਂ ਸੁਣਨਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀ ਹੁਕਮ ਹੈ ? ਤੇ ਨਾ ਉਸ ਦੇ ਹੁਕਮਾਂ (ਨਿਯਮਾਂ) ਤੇ ਅਮਲ ਕਰਨਾ, ਸੋ ਕਦੀ ਵੀ ਪੂਰਾ ਫਾਇਦਾ ਨਹੀਂ ਹੋ ਸਕਦਾ। ਇਸ ਵਾਸਤੇ ਇਹ ਬਿਲਕੁਲ ਜ਼ਰੂਰੀ ਹੈ ਕਿ ਅਸੀਂ ਆਤਮ ਸਾਇੰਸ ਦੀ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰੇ ਧਿਆਨ ਨਾਲ ਪੜ੍ਹੀਏ, ਸਮਝੀਏ, ਉਸ ਦੇ ਕਿਸੇ ਨਿਯਮ ਨੂੰ ਸ਼ੱਕ ਦੀ ਨਜ਼ਰ ਨਾਲ ਨਾ ਦੇਖੀਏ, ਫੇਰ ਤਜਰਬਾ ਕਰੀਏ ਤੇ ਤਜਰਬਿਆਂ ਦੀਆਂ ਪਹਿਲੀਆਂ ਪਹਿਲੀਆਂ ਨਾ-ਕਾਮਯਾਬੀਆਂ ਜਾਂ ਗਲਤੀਆਂ ਦੀ ਪਰਵਾਹ ਨਾ ਕਰੀਏ ਤੇ ਨਾ ਘਬਰਾ ਕੇ ਮਾਯੂਸ ਹੋਈਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੁਖਾਂ ਨੂੰ ਦੂਰ ਕਰਨ ਵਾਸਤੇ ਬਹੁਤ ਸਾਰੇ ਸ਼ਬਦ ਦਰਜ ਹਨ, ਨਮੂਨਾ ਪੇਸ਼ ਕੀਤਾ ਜਾਂਦਾ ਹੈ :-

ਹਰਿ ਨਾਲਿ ਰਹੁ ਤੂ ਮਨ ਮੇਰੇ ਦੂਖ ਸਭਿ ਵਿਸਾਰਣਾ।

......

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।
(ਸਲੋਕ ਮਹਲਾ ੯)

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।
(ਰਾਮਕਲੀ ਮਹਲਾ ੩)

ਭਾਵ ਇਹ ਹੈ ਕਿ ਦੁਨੀਆਂ ਇਕ ਸੁਪਨਾ ਹੈ, ਝੂਠ ਹੈ, ਇਸ ਦੇ ਵਿਚ ਵਾਹਿਗੁਰੂ ਹੀ ਸੱਚੀ ਤੇ ਕਾਇਮ ਰਹਿਣ ਵਾਲੀ ਚੀਜ਼ ਹੈ। ਵਾਹਿਗੁਰੂ ਨੂੰ ਆਪਣੇ ਕੋਲ ਹਰ ਵੇਲੇ ਦੇਖਣ ਤੇ ਉਹਦਾ ਸਿਮਰਨ ਕਰਨ ਨਾਲ ਕੁਲ ਦੁਖ, ਰੋਗ ਤੇ ਸੰਤਾਪ ਹਟ ਜਾਂਦੇ ਹਨ।

ਆਤਮ ਸਾਇੰਸ ਵਿਚ ਦੁਖਾਂ ਨੂੰ ਹਟਾਣ ਵਾਸਤੇ ਦੁਨੀਆਂ ਨੂੰ ਸੁਪਨੇ ਸਮਾਨ ਦੇਖਣਾ ਜ਼ਰੂਰੀ ਹੈ। ਇਸ ਸੁਪਨੇ ਤੋਂ ਨਾਮ ਜਗਾਂਦਾ ਹੈ ਤੇ ਜਾਗਣ ਨਾਲ ਕੁਲ ਦੁਖ, ਰੋਗ ਤੇ ਸੰਤਾਪ ਹਟ ਜਾਂਦੇ ਹਨ ਅਤੇ ਸੁਖ ਅਗੇ ਨਾਲੋਂ ਵਧੇਰੇ ਪੱਕੇ ਹੋ ਜਾਂਦੇ ਹਨ।

ਸੁਪਨ ਅਵਸਥਾ ਵਿਚ ਮਨੁਖ ਆਪਣੀ ਸੁਰਤ ਵਿਚੋਂ ਇਕ ਦੁਨੀਆਂ ਪੈਦਾ ਕਰਦਾ ਹੈ, ਪਰ ਉਸ ਦੁਨੀਆਂ ਨੂੰ ਆਪਣੀ ਰਚੀ ਹੋਈ ਨਹੀਂ ਸਮਝਦਾ। ਆਪਣੇ ਆਪ ਨੂੰ ਦੁਨੀਆਂ ਦਾ ਇਕ ਵਾਸੀ ਦੇਖਦਾ ਹੈ। ਦੁਨੀਆਂ ਨੂੰ ਆਪਣੇ ਅਖ਼ਤਿਆਰੋਂ ਬਾਹਰ ਦੇਖਦਾ ਹੈ ਤੇ ਆਪ ਨੂੰ ਦੁਨੀਆਂ ਦੇ ਵਸ ਵਿਚ ਦੇਖਦਾ ਹੈ। ਮਿਸਾਲ ਦੇ ਤੌਰ ਤੇ ਆਪਣੇ ਆਪ ਨੂੰ ਬੀਮਾਰ ਦੇਖਦਾ ਹੈ, ਦਵਾਈ ਅਸਰ ਨਹੀਂ ਕਰਦੀ, ਤਕਲੀਫ ਵਧਦੀ ਜਾਂਦੀ ਹੈ, ਡਾਕਟਰ ਜਵਾਬ ਦੇ ਚੁਕੇ ਹਨ, ਘਰ ਦੇ ਸੰਬੰਧੀ ਰੋ ਰਹੇ ਹਨ ਤੇ ਆਪ ਬੇਵਸ ਹੈ, ਕੋਈ ਪੇਸ਼ ਨਹੀਂ ਜਾਂਦੀ।

ਯਕਾਯਕ ਨੀਂਦ ਖੁੱਲ੍ਹ ਜਾਂਦੀ ਹੈ ਤੇ ਜਾਗ ਕੇ ਮਨੁੱਖ ਕੀ ਦੇਖਦਾ ਹੈ ਕਿ ਉਹ ਕੁਲ ਤਕਲੀਫਾਂ ਇਕ ਅੱਖ ਦੇ ਫੁਰਨੇ ਵਿਚ ਗੁੰਮ ਹੋ ਗਈਆਂ ਹਨ ਤੇ ਆਪ ਬਿਲਕੁਲ ਤੰਦਰੁਸਤ ਹੈ। ਮਨ ਵਿਚ ਕਹਿੰਦਾ ਹੈ ਕਿ ਮੈਂ ਐਵੇਂ ਹੀ ਤਕਲੀਫ ਪਾਈ, ਇਹ ਤਾਂ ਸੁਪਨਾ ਹੀ ਸੀ, ਸਾਰੀ ਮੇਰੇ ਆਪਣੇ ਖ਼ਿਆਲ ਦੀ ਰਚਨਾ ਸੀ। ਮੈਂ ਗਲਤੀ ਨਾਲ ਡਰਦਾ ਰਿਹਾ ਹਾਂ। ਮੈਂ ਖ਼ੁਦ ਸਾਰੀ ਤਕਲੀਫ ਹਟਾ ਸਕਦਾ ਸਾਂ ਤੇ ਸੁਪਨਾ ਬਦਲ ਸਕਦਾ ਸਾਂ।

ਜੋ ਹਾਲ ਇਸ ਮਨੁੱਖ ਦਾ ਸੁਪਨੇ ਵਿਚ ਸੀ, ਸੋ ਸਾਡਾ ਸਾਰਿਆਂ ਦਾ ਇਸ ਦੁਨੀਆਂ ਵਿਚ ਹੈ। ਇਹ ਹਰ ਵੇਲੇ ਬਦਲਣ ਵਾਲੀ ਦੁਨੀਆਂ, ਜਿਸ ਦੀ ਕੋਈ

ਚੀਜ਼ ਇਕ ਤਾਰ ਕਾਇਮ ਨਹੀਂ ਰਹਿ ਸਕਦੀ, ਤਾਂ ਫਿਰ ਇਹ ਜਗਤ ਰਚਨਾ ਝੂਠੀ ਨਹੀਂ ਤਾਂ ਹੋਰ ਕੀ ਹੈ ? ਜੇਕਰ ਸੁਪਨਾ ਨਹੀਂ ਤਾਂ ਹੋਰ ਕੀ ਹੈ ? ਜਿਸ ਤਰ੍ਹਾਂ ਸੁਪਨਾ ਸੱਚਾ ਭਾਸਦਾ ਹੈ, ਇਹ ਜਗਤ-ਰਚਨਾ ਭੀ ਸੱਚੀ ਭਾਸਦੀ ਹੈ। ਜਿਸ ਤਰ੍ਹਾਂ ਸੁਪਨੇ ਵਿਚ ਅਸੀਂ ਬੇਵਸ ਹਾਂ, ਇਸੇ ਤਰ੍ਹਾਂ ਦੁਨੀਆਂ ਵਿਚ ਵੀ ਬੇਵਸ ਹਾਂ।

ਦਰਅਸਲ ਵਾਹਿਗੁਰੂ ਦੀ ਜੋਤ ਹੋਣ ਕਰ ਕੇ, ਜਿਸ ਤਰ੍ਹਾਂ ਸੁਪਨਾ ਆਪਣੀ ਰਚਨਾ ਹੀ ਹੈ, ਇਸੇ ਤਰ੍ਹਾਂ ਦੁਨੀਆਂ ਵੀ ਆਪਣੇ ਖ਼ਿਆਲ ਦੀ ਰਚਨਾ ਹੈ। ਜਿਸ ਤਰ੍ਹਾਂ ਸੁਪਨੇ ਤੋਂ ਜਾਗ ਕੇ ਸੁਪਨੇ ਵਾਲੀਆਂ ਤਕਲੀਫ਼ਾਂ ਦੂਰ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਦੁਨੀਆਂ ਵਿਚ ਗਿਆਨ ਹਲੂਣੇ ਨਾਲ ਜਾਗ ਕੇ ਦੁਨੀਆਂ ਦੀਆਂ ਤਕਲੀਫ਼ਾਂ ਦਾ ਅੰਤ ਹੋ ਜਾਂਦਾ ਹੈ। ਸਾਨੂੰ ਸਭ ਸੁਖ ਹਾਸਲ ਹਨ ਤੇ ਦੁਨੀਆਂ ਤੇ ਹਕੂਮਤ ਹੈ ਪਰ ਅਸੀਂ ਲਾਚਾਰ ਦਿਸਦੇ ਹਾਂ ਤੇ ਦੁਨੀਆਂ ਦੀਆਂ ਕੁਲ ਤਕਲੀਫ਼ਾਂ ਦਾ ਸ਼ਿਕਾਰ ਬਣੇ ਹੋਏ ਹਾਂ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।

(ਆਸਾ ਮਹਲਾ ੩)

ਭਾਵ : ਮਨੁੱਖ ਪ੍ਰਮੇਸ਼ਰ ਦੀ ਜੋਤ ਹੈ। ਗੁਰੂ ਦੀ ਮੱਤ ਲਵੇ ਤੇ ਰੰਗ ਮਾਣੇ।

ਜਿਸ ਵੇਲੇ ਇਹ ਜਾਗਰਤ ਅਵਸਥਾ ਆ ਜਾਵੇ ਕਿ ਅਸੀਂ ਵਾਹਿਗੁਰੂ ਦੀ ਜੋਤ ਹਾਂ (ਵਾਹਿਗੁਰੂ ਸੂਰਜ ਤੇ ਅਸੀਂ ਉਹਦੀਆਂ ਕਿਰਨਾਂ) ਤੇ ਜੋਤ ਹੋਣ ਕਰ ਕੇ ਵਾਹਿਗੁਰੂ ਕਰ ਕੇ ਵਾਹਿਗੁਰੂ ਦੀ ਸਾਰੀ ਸ਼ਕਤੀ ਵਰਤ ਸਕਦੇ ਹਾਂ। ਕਿਆ ਫਿਰ ਅਸੀਂ ਤਕਲੀਫ਼ਾਂ ਵਿਚ ਰਹਿ ਸਕਦੇ ਹਾਂ ? ਵਾਹਿਗੁਰੂ ਸੁਖ ਸਰੂਪ ਹੈ। ਦੁਖਾਂ ਦਾ ਉਹਦੇ ਵਿਚ ਨਾਮ ਤਕ ਨਹੀਂ, ਫਿਰ ਉਹਦੀ ਜੋਤ ਹੁੰਦਿਆਂ ਅਸੀਂ ਕਿਸੇ ਵੀ ਦੁਖ ਵਿਚ ਨਹੀਂ ਰਹਿ ਸਕਦੇ। ਵਾਹਿਗੁਰੂ ਵਿਚ ਨਾ ਮੌਤ ਹੈ, ਨਾ ਬੀਮਾਰੀ, ਨਾ ਸਾਨੂੰ ਉਹਦੀ ਜੋਤ ਹੁੰਦਿਆਂ ਮੌਤ ਆ ਸਕਦੀ ਹੈ ਨਾ ਬੀਮਾਰੀ। ਅਸੀਂ ਸਰੀਰ ਨਹੀਂ ਹਾਂ ਜੋਤ ਹਾਂ। ਸਰੀਰ ਸਾਡੇ ਰਹਿਣ ਦਾ ਘਰ ਹੈ। ਸਾਡੀ ਸਰੀਰ ਤੇ ਹਕੂਮਤ ਹੈ, ਸਰੀਰ ਸਾਡੇ ਤੇ ਹਕੂਮਤ ਨਹੀਂ ਕਰ ਸਕਦਾ। ਸਰੀਰਕ ਮੌਤ ਹੁੰਦੀ ਹੈ ਪਰ ਉਹ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਪੱਛਮੀ ਪੰਜਾਬ ਵਿਚੋਂ ਲੋਕੀਂ ਨਿਕਲ ਆਏ ਹਨ ਤੇ ਪੂਰਬੀ ਪੰਜਾਬ ਵਿਚ ਆ ਵਸੇ ਹਨ। ਪੱਛਮੀ ਪੰਜਾਬ ਵਾਸਤੇ ਉਹ ਮਰ ਗਏ ਹਨ ਤੇ ਪੂਰਬੀ ਪੰਜਾਬ ਵਾਸਤੇ ਉਹ ਜੰਮ ਪਏ ਹਨ। ਭਾਵੇਂ ਚੀਜ਼ਾਂ, ਜਾਇਦਾਦਾਂ, ਸ਼ਹਿਰਾਂ, ਮਕਾਨਾਂ ਆਦਿ ਦੀ ਮੌਤ ਹੋਈ ਹੈ ਪਰ ਮਨੁੱਖ ਦੀ ਨਹੀਂ ਹੋਈ। ਮਨੁੱਖ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਜੀਉਂਦਾ ਹੈ।

ਇਸੇ ਤਰ੍ਹਾਂ ਸਰੀਰਕ ਮੌਤ ਵਿਚ ਸਰੀਰ ਤੇ ਜਾਇਦਾਦ ਆਦਿ ਦੀ ਮੌਤ ਹੁੰਦੀ ਹੈ। ਮਨੁੱਖ ਦੀ ਅਸਲ ਜੋਤ ਕਾਇਮ ਰਹਿੰਦੀ ਹੈ ਤੇ ਫੇਰ ਜਨਮ ਲੈਂਦੀ ਹੈ।

ਇਸੇ ਤਰ੍ਹਾਂ ਜਾਗਰਤ ਅਵਸਥਾ ਵਿਚ ਰਹਿਣ ਨਾਲ ਤੇ ਵਾਹਿਗੁਰੂ ਨੂੰ ਅੰਗ-ਸੰਗ ਤੇ ਹਰ ਕੰਮ ਦਾ ਕਰਤਾ ਦੇਖਣ ਨਾਲ ਇਸ ਦੁਨੀਆਂ ਦੇ ਕੁਲ ਦੁੱਖ ਦੂਰ ਹੋ ਜਾਂਦੇ ਹਨ ਤੇ ਵਾਹਿਗੁਰੂ ਸੁਖ ਸਰੂਪ ਕੋਲ ਹੋਣ ਕਰਕੇ ਸਭ ਸੁਖ ਪ੍ਰਾਪਤ ਹੁੰਦੇ ਹਨ। ਹਮੇਸ਼ਾਂ ਦੀ ਸਿਹਤ, ਨਾ ਖ਼ਤਮ ਹੋਣ ਵਾਲੇ ਖ਼ਜ਼ਾਨੇ, ਮਨ ਦੀ ਸ਼ਾਂਤੀ, ਹਰ ਤਰਫ ਸੁਖ ਤੇ ਚੈਨ ਆਦਿ ਮਿਲਦਾ ਹੈ। ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝ ਕੇ ਪੜ੍ਹਨਾ ਤੇ ਉਸ ਦੇ ਦਸੇ ਹੁਕਮਾਂ (ਨਿਯਮਾਂ) ਤੇ ਚਲਣਾ ਜ਼ਰੂਰੀ ਹੈ।

ਇਕ ਗੱਲ ਇਸ ਲੇਖ ਵਿਚ ਖ਼ਾਸ ਤੌਰ ਤੇ ਧਿਆਨ ਦੇਣ ਵਾਲੀ ਹੈ ਕਿ ਜਿਸ ਤਰ੍ਹਾਂ ਸੁਪਨੇ ਤੋਂ ਜਾਗਰਤ ਅਵਸਥਾ ਆਉਣ ਨਾਲ ਸੁਪਨੇ ਦੇ ਕੁਲ ਦੁਖ ਇਕ ਛਿਨ ਵਿਚ ਹਟ ਜਾਂਦੇ ਹਨ, ਏਸੇ ਤਰ੍ਹਾਂ ਨਾਮ ਦੀ ਜਾਗਰਤ ਅਵਸਥਾ ਆਉਣ ਨਾਲ, ਬੀਮਾਰੀਆਂ, ਡਰ, ਖ਼ਤਰਾ ਆਦਿ ਦੁਖ ਇਕ ਅੱਖ ਦੇ ਪਲਕਾਰੇ ਵਿਚ ਹਟ ਜਾਂਦੇ ਹਨ। ਉਹਨਾਂ ਵਾਸਤੇ ਕੋਈ ਹੋਰ ਉਪਾਓ ਜਾਂ ਸਮੇਂ ਦੀ ਲੋੜ ਨਹੀਂ।

ਇਸ ਲੇਖ ਦਾ ਤੱਤ ਇਹ ਹੈ ਕਿ ਦੁਨੀਆਂ ਨੂੰ ਸੁਪਨਾ ਸਮਝਣਾ ਤੇ ਇਸ ਦੇ ਵਿਚ ਨਾਮ ਦੀ ਜਾਗਰਤ ਵਾਲੀ ਅਵਸਥਾ ਹਾਸਲ ਕਰ ਕੇ ਰਹਿਣਾ, ਦੁਖਾਂ ਨੂੰ ਨੇੜੇ ਨਹੀਂ ਆਉਣ ਦੇਂਦਾ ਤੇ ਸੁਖਾਂ ਨੂੰ ਹਰ ਵੇਲੇ ਮੌਜੂਦ ਰਖਦਾ ਹੈ।

ਇਹ ਹੈ ਗ੍ਰਿਹਸਥੀ ਦਾ ਸਿਮਰਨ ਤੇ ਉਸ ਦਾ ਫਲ।

ਸੱਚਖੰਡ

ਸਾਰੀ ਦੁਨੀਆਂ ਸੁਖਾਂ ਨੂੰ ਭਾਲਦੀ ਹੈ। ਹਰ ਮਨੁੱਖ ਦੀ ਦਿਨ ਰਾਤ ਦੀ ਕੋਸ਼ਿਸ਼ ਇਹ ਹੀ ਹੈ ਕਿ ਮੈਂ ਸੁਖਾਂ ਨੂੰ ਇਕੱਠਿਆਂ ਕਰ ਲਵਾਂ ਪਰ ਕੋਈ ਇਕ ਮਨੁੱਖ ਵੀ ਐਸਾ ਕਾਮਯਾਬ ਨਹੀਂ ਨਿਕਲਿਆ ਕਿ ਸਾਰੇ ਸੁਖਾਂ ਨੂੰ ਇਕੱਠਾ ਕਰ ਸਕੇ। ਕੋਸ਼ਿਸ਼ ਨਾਲ ਜੇ ਕੋਈ ਦੋ ਸੁਖ ਇਕੱਠੇ ਕੀਤੇ ਹਨ ਤੇ ਤੀਜੇ ਦੇ ਮਗਰ ਲੱਗਾ ਹੈ ਤਾਂ ਤੀਜਾ ਪ੍ਰਾਪਤ ਹੋਣ ਤੋਂ ਪਹਿਲੇ ਉਹ ਦੋ ਇਕੱਠੇ ਕੀਤੇ ਹੋਏ ਵੀ ਖਿਲਰਨੇ ਸ਼ੁਰੂ ਹੋ ਗਏ ਹਨ। ਮਨੁਖ ਇਸੇ ਤਰ੍ਹਾਂ ਦੀ ਉਧੇੜ-ਬੁਣ ਵਿਚ ਲੱਗਾ ਉਮਰ ਬਤੀਤ ਕਰ ਲੈਂਦਾ ਹੈ। ਕੋਈ ਦੌਲਤ ਤੇ ਹਕੂਮਤ ਦਾ ਮਾਲਕ ਬਾਦਸ਼ਾਹ, ਕੋਈ ਅਕਲ ਤੇ ਤਜਵੀਜ਼ਾਂ ਦਾ ਮਾਹਿਰ ਵਜ਼ੀਰ, ਕੋਈ ਸਿਆਸਤਦਾਨ ਮਨਿਸਟਰ, ਕੋਈ ਰਣ ਦਾ ਕਾਮਯਾਬ ਯੋਧਾ, ਕੋਈ ਸ਼ਫਾ ਦੇਣ ਵਾਲਾ ਮਸ਼ਹੂਰ ਡਾਕਟਰ, ਗਰਜ਼ ਕਿ ਕੋਈ ਵੀ ਆਪਣੇ ਇਲਮ ਤੇ ਤਜਰਬੇ ਦੀ ਚੋਟੀ ਤੇ ਪੁਜਿਆ ਹੋਇਆ ਮਨੁੱਖ ਸਾਰੇ ਸੁਖ ਆਪਣੇ ਕੋਲ ਇਕੱਠੇ ਕਰ ਕੇ ਤੇ ਉਹਨਾਂ ਨੂੰ ਕਾਇਮ ਰਖਣ ਦੀ ਡੀਂਗ ਨਹੀਂ ਮਾਰ ਸਕਦਾ ਤੇ ਮਾਰੇ ਵੀ ਕਿਸ ਤਰ੍ਹਾਂ ? ਇਹ ਹਰ ਵੇਲੇ ਦੀ ਬਦਲਣ ਵਾਲੀ ਦੁਨੀਆਂ, ਜਿਸ ਦੇ ਵਿਚ ਇਕ ਘੜੀ ਵੀ ਕੋਈ ਚੀਜ਼ ਕਾਇਮ ਨਹੀਂ ਰਹਿੰਦੀ, ਉਸ ਵਿਚ ਪੱਕੇ ਤੌਰ ਤੇ ਕੋਈ ਚੀਜ਼ ਕਾਇਮ ਕਰ ਲੈਣ ਦੀ ਉਮੀਦ ਕਰਨੀ ਇਕ ਮੂਰਖਤਾ ਨਹੀਂ ਤਾਂ ਹੋਰ ਕੀ ਹੈ ? ਰੇਤਲੇ ਮੈਦਾਨ ਵਿਚ ਪੱਕੀ ਬੁਨਿਆਦ ਦੀ ਕੰਧ ਉਸਾਰਨੀ ਮਾਯੂਸੀ ਤੋਂ ਸਿਵਾ ਹੋਰ ਕੀ ਨਤੀਜਾ ਪੈਦਾ ਕਰ ਸਕਦੀ ਹੈ। ਇਹ ਸਾਰੀਆਂ ਗੱਲਾਂ ਜਾਣਦਾ ਹੋਇਆ ਫੇਰ ਵੀ ਮਨੁੱਖ ਏਸੇ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਦੁਨੀਆਂ ਤੇ ਸੁਖ ਭੋਗਣ ਵਾਲਾ ਸਵਰਗ ਜ਼ਰੂਰ ਬਣਾਵਾਂ ਤੇ ਉਹਦੇ ਵਿਚ ਰਹਾਂ ਅਤੇ ਬਾਲ ਬੱਚੇ ਨੂੰ ਉਹਦੇ ਵਿਚ ਰਖਾਂ। ਕਿਉਂਕਿ ਸੁਖਾਂ ਦੀ ਲੋੜ ਹਰ ਵੇਲੇ ਪੈਂਦੀ ਰਹਿੰਦੀ ਹੈ, ਇਸ ਕਰ ਕੇ ਕਾਮਯਾਬੀਆਂ ਅਗੇ ਪਿਛੇ ਆਉਂਦਿਆਂ ਵੀ ਇਹ ਧੁੰਨ ਖ਼ਤਮ ਨਹੀਂ ਹੁੰਦੀ। ਇਹ ਵੀ ਸੱਚ ਹੈ ਕਿ ਦੁਨੀਆਂ ਵਿਚ ਰਹਿੰਦਿਆਂ, ਸੁਖਾਂ ਦੀ ਲੋੜ ਇਕ ਜ਼ਰੂਰੀ ਚੀਜ਼ ਹੈ ਤੇ ਇਸ ਨੂੰ ਹਾਸਲ ਕਰਨ ਦਾ ਯਤਨ ਵੀ ਜ਼ਰੂਰੀ

ਹੈ। ਫੇਰ ਕੀ ਕੀਤਾ ਜਾਵੇ, ਜਿਸ ਨਾਲ ਸੁਖ ਸਾਰੇ ਮਿਲਣ ਵੀ ਤੇ ਪੱਕੇ ਤੌਰ ਤੇ ਮਿਲ ਜਾਣ।

ਪੱਕੇ ਸੁਖ ਲੈਣ ਵਾਸਤੇ ਜ਼ਰੂਰੀ ਹੈ ਕਿ ਇਹਨਾਂ ਨੂੰ ਪੱਕੀ ਬੁਨਿਆਦ ਉਤੇ ਖੜਾ ਕੀਤਾ ਜਾਵੇ। ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਆਤਮ-ਸਾਇੰਸ ਦੀ ਸੋਚ ਇਹ ਦਸਦੀ ਹੈ ਕਿ ਇਸ ਕੱਚੀ ਤੇ ਬਦਲਦੀ ਦੁਨੀਆਂ ਵਿਚ ਪੱਕੀ ਚੀਜ਼ ਇਕ ਵਾਹਿਗੁਰੂ ਹੀ ਹੈ, ਜੋ ਕਦੀ ਵੀ ਨਾ ਬਦਲਣ ਵਾਲੀ ਸ਼ਕਤੀ ਹੈ :

ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ।
ਕਰ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ।

(ਆਸਾਵਰੀ ਮਹਲਾ ੫)

ਵਾਹਿਗੁਰੂ ਦੇ ਕੁਲ ਇੰਤਜ਼ਾਮ ਤੇ ਨਿਯਮ ਪੱਕੇ ਹਨ। ਕੁਲ ਸਿਤਾਰੇ ਜਿਸ ਵਿਚ ਸਾਡੀ ਜ਼ਮੀਨ, ਸੂਰਜ ਤੇ ਚੰਦਰਮਾ ਵੀ ਹਨ, ਪੂਰੇ ਇੰਤਜ਼ਾਮ ਵਿਚ ਤੇ ਪੂਰੇ ਕਦੀ ਨਾ ਬਦਲਣ ਵਾਲੇ ਨਿਯਮਾਂ ਨਾਲ ਚਲ ਰਹੇ ਹਨ ਤੇ ਕੰਮ ਕਰ ਰਹੇ ਹਨ। ਬਿਜਲੀ, ਰੇਡੀਓ, ਭਾਫ, ਹਵਾਈ ਜਹਾਜ਼ ਤੇ ਹੋਰ ਇਸੇ ਤਰ੍ਹਾਂ ਦੀਆਂ ਅਨੇਕ ਸ਼ਕਤੀਆਂ ਪੱਕੇ ਤੇ ਨਾ ਬਦਲਣ ਵਾਲੇ ਅਸੂਲਾਂ ਤੇ ਕੰਮ ਕਰ ਰਹੀਆਂ ਹਨ ਅਤੇ ਦਸ ਰਹੀਆਂ ਹਨ ਕਿ ਵਾਹਿਗੁਰੂ ਇਕ ਪੱਕੀ ਤੇ ਨਾ ਬਦਲਣ ਵਾਲੀ ਚੀਜ਼ ਹੈ। ਸਾਨੂੰ ਜ਼ਰੂਰੀ ਹੈ ਕਿ ਪੱਕੇ ਸੁਖਾਂ ਵਾਸਤੇ ਵਾਹਿਗੁਰੂ ਦੀ ਓਟ ਲਈਏ ਤੇ ਆਤਮ ਸਾਇੰਸ ਦਾ ਪੱਲਾ ਫੜੀਏ।

ਆਤਮ ਸਾਇੰਸ ਵਲ ਜਾਂਦੇ ਹਾਂ ਤੇ ਧਿਆਨ ਨਾਲ ਸੁਣਦੇ ਹਾਂ ਤਾਂ ਇਕ ਮਿੱਠੀ ਸੁਰੀਲੀ ਤੇ ਪਿਆਰ ਭਰੀ ਆਵਾਜ਼ ਇਹ ਕਹਿੰਦੀ ਹੋਈ ਸੁਣਾਈ ਦਿੰਦੀ ਹੈ ਕਿ ਐ ਪੱਕੇ ਸੁਖਾਂ ਦੀ ਤਲਾਸ਼ ਵਿਚ ਨਿਕਲੇ ਹੋਏ ਬੰਦੇ ! ਤੂੰ ਦੁਨੀਆਂ ਵਿਚ ਸੁਖ ਦੇ ਸਾਮਾਨ ਇਕੱਠੇ ਕਰ ਕਰ ਕੇ, ਆਪਣੇ ਇਰਦ-ਗਿਰਦ ਸਵਰਗ ਬਣਾਨ ਦੀ ਕਈ ਵਾਰੀ ਕੋਸ਼ਿਸ਼ ਕੀਤੀ ਹੈ, ਪਰ ਪੂਰੇ ਸੁਖਾਂ ਵਾਲਾ ਸਵਰਗ ਕਦੀ ਵੀ ਨਾ ਬਣਿਆ ਤੇ ਨਾ ਕਦੀ ਬਣਨਾ ਹੈ। ਆ ਤੈਨੂੰ ਬਣਿਆ ਬਣਾਇਆ ਸਵਰਗ ਦਸੀਏ, ਤੂੰ ਉਹਦੇ ਵਿਚ ਦਾਖਲ ਹੋ ਜਾ। ਸਵਰਗ ਬਣਾਣ ਦੀ ਕੁਲ ਮਿਹਨਤ ਬਚ ਜਾਵੇਗੀ ਤੇ ਕੇਵਲ ਉਹਦੇ ਵਿਚ ਦਾਖਲ ਹੋਣ ਨਾਲ ਸੁਖ ਪੂਰੇ ਤੌਰ ਤੇ ਆਪੇ ਮਿਲ ਜਾਣਗੇ ਤੇ ਪੱਕੇ ਤੌਰ ਤੇ ਮਿਲਣਗੇ, ਕਦੀ ਛੱਡ ਕੇ ਨਹੀਂ ਜਾਣਗੇ।

ਓਥੇ ਨਾ ਬੀਮਾਰੀ, ਨਾ ਮੌਤ, ਨਾ ਕਿਸੇ ਚੀਜ਼ ਦੀ ਥੁੜ। ਓਥੇ ਜ਼ਰੂਰਤ ਦੀਆਂ ਕੁਲ ਚੀਜ਼ਾਂ ਮੌਜੂਦ ਹਨ। ਨਾ ਦੁਖ, ਨਾ ਸੰਤਾਪ, ਨਾ ਡਰ, ਨਾ ਗਲਤੀ ਤੇ ਨਾ-ਕਾਮਯਾਬੀ। ਜਿੰਨਾ ਖ਼ਰਚ ਕਰੋ, ਯਤਨ ਤੋਂ ਬਿਨਾਂ ਉਤਨਾ ਹੋਰ ਮਿਲਣਾ

ਤੇ ਖ਼ਜ਼ਾਨੇ ਸਭ ਹਰ ਵੇਲੇ ਜ਼ਰੂਰਤ ਵਾਲੀਆਂ ਚੀਜ਼ਾਂ ਦੇ ਭਰਪੂਰ, ਹਰ ਵੇਲੇ ਦਾ ਚੈਨ ਤੇ ਆਨੰਦ, ਓਥੇ ਕੰਮ ਕਰਨ ਤੇ ਆਮਦਨੀ ਦਾ ਦਾਰੋਮਦਾਰ ਨਹੀਂ। ਵਾਹਿਗੁਰੂ ਦੀ ਸ੍ਰਿਸ਼ਟੀ ਵਿਚ ਉਹਦਾ ਸੌਂਪਿਆ ਹੋਇਆ ਕੰਮ ਕਰਨਾ ਤੇ ਜ਼ਰੂਰਤ ਅਨੁਸਾਰ ਬੜੇ ਖੁੱਲ੍ਹੇ ਗੱਫੇ ਹਰ ਚੀਜ਼ ਦੇ ਮਿਲਦੇ ਹਨ।

ਸੰਤ ਜਿਹੜੇ ਇਸ ਸਵਰਗ ਵਿਚ, ਜਿਸ ਨੂੰ ਸੱਚਖੰਡ ਆਖਿਆ ਗਿਆ ਹੈ, ਰਹਿ ਆਏ ਹਨ, ਉਹਨਾਂ ਦਾ ਇਕ ਨਮੂਨਾ ਪੇਸ਼ ਕੀਤਾ ਜਾਂਦਾ ਹੈ।

[1]ਬੇਗਮ ਪੁਰਾ ਸਹਰ ਕੋ ਨਾਉ। ਦੂਖੁ [2]ਅੰਦੋਹੁ ਨਹੀ ਤਿਹਿ ਠਾਉ।
ਨਾ [3]ਤਸਵੀਸ [4]ਖਿਰਾਜੁ ਨ [5]ਮਾਲੁ। ਖਉਫੁ ਨ ਖਤਾ ਨ [6]ਤਰਸੁ [7]ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ। ਊਹਾਂ ਖੈਰਿ ਸਦਾ ਮੇਰੇ ਭਾਈ।ਰਹਾਉ।
ਕਾਇਮੁ, ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ।
ਆਬਾਦਾਨੁ ਸਦਾ ਮਸਹੂਰ। ਊਹਾਂ [8]ਗਨੀ ਬਸਹਿ ਮਾਮੂਰ।
ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸ ਚਮਾਰਾ। ਜੋ ਹਮ ਸਹਰੀ ਸੁ ਮੀਤੁ ਹਮਾਰਾ।
(ਗਉੜੀ ਸ੍ਰੀ ਰਵਿਦਾਸ ਜੀ)

ਮੇਰੇ ਪਿਆਰੇ ਪਾਠਕੋ ! ਇਹ 'ਸੱਚਖੰਡ' ਕਿਸੇ ਜਗ੍ਹਾ ਜਾਂ ਨਗਰੀ ਦਾ ਨਾਮ ਨਹੀਂ, ਜਿਥੇ ਜਾਣ ਵਾਸਤੇ ਘਰ ਦਾ ਸਾਮਾਨ ਬੰਨ੍ਹ ਕੇ, ਬਾਲ ਬੱਚੇ ਨੂੰ ਨਾਲ ਲੈ ਕੇ ਜਾਣਾ ਹੈ। ਸੱਚਖੰਡ ਮਨ ਦੀ ਇਕ ਅਵਸਥਾ ਦਾ ਨਾਮ ਹੈ, ਜਿਹੜੀ ਇਥੇ ਰਹਿੰਦਿਆਂ ਬਹਿੰਦਿਆਂ ਹਾਸਲ ਹੋ ਸਕਦੀ ਹੈ। ਕਿਸੇ ਚੀਜ਼ ਦੀ ਤਬਦੀਲੀ ਨਹੀਂ ਕਰਨੀ, ਕੇਵਲ ਆਪਣੀ ਸੁਰਤ ਨੂੰ ਬਦਲਣਾ ਹੈ। ਜਾਂ ਇਹ ਕਹੋ ਕਿ ਆਤਮਕ ਸਬਕ ਪੜ੍ਹ ਕੇ ਸੁਰਤ ਨੂੰ ਉੱਚਾ ਕਰਨਾ ਹੈ। ਇਹ ਸੁਰਤ ਹਾਸਲ ਹੋਣ ਨਾਲ ਦੁਨੀਆਂ ਦੀਆਂ ਕੁਲ ਚੀਜ਼ਾਂ ਰੰਗ ਬਦਲ ਕੇ ਸੁਰਤ ਦੇ ਮੁਤਾਬਕ ਅਨੰਦਦਾਇਕ ਹੋ ਜਾਣਗੀਆਂ।

ਇਸ ਅਵਸਥਾ ਨੂੰ ਹਾਸਲ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਲਗਾਤਾਰ ਪਾਠ ਕੀਤਾ ਜਾਵੇ। ਸ਼ਬਦਾਂ ਨੂੰ ਪੂਰੀ ਤਰ੍ਹਾਂ ਨਾਲ ਸਮਝਿਆ ਜਾਵੇ। ਵਾਹਿਗੁਰੂ ਦਾ ਉਹ ਸਰੂਪ ਆਪਣੇ ਖ਼ਿਆਲ ਵਿਚ ਬਣਾਇਆ ਜਾਵੇ ਜੋ ਸ਼ਬਦਾਂ ਵਿਚ ਦਰਜ ਹੈ। ਆਪਣੇ ਤਜਰਬੇ ਤੇ ਖ਼ਿਆਲ ਦਾ ਬਣਾਇਆ ਹੋਇਆ ਸਰੂਪ ਭੁਲਾ ਦਿਤਾ ਜਾਵੇ। ਗੁਰੂ ਗ੍ਰੰਥ ਸਾਹਿਬ ਵਿਚ ਦਸੇ ਹੋਏ ਵਾਹਿਗੁਰੂ ਦੇ

---

੧. ਜਿਥੇ ਗ਼ਮ ਨਾ ਹੋਵੇ, ੨. ਚਿੰਤਾ, ੩. ਸੋਚ, ਘਬਰਾਹਟ, ੪. ਟੈਕਸ, ੫. ਮਾਮਲਾ, ੬. ਡਰ, ੭. ਘਾਟਾ, ੮. ਦੌਲਤਮੰਦ।

ਗੁਣ, ਸੁਭਾਅ ਤੇ ਨਿਯਮ ਖਾਸ ਗੌਰ ਨਾਲ ਧਿਆਨ ਵਿਚ ਲਿਆਂਦੇ ਜਾਣ। ਉਹਨਾਂ ਨਿਯਮਾਂ ਨੂੰ ਜ਼ਰਾ ਜਿੰਨਾ ਵੀ ਸ਼ੱਕ ਦੀ ਨਜ਼ਰ ਨਾਲ ਨਾ ਦੇਖਿਆ ਜਾਵੇ, ਉਹ ਪੂਰਨ ਅਤੇ ਦਰੁਸਤ ਸਮਝੇ ਜਾਣ। ਫੇਰ ਉਹਨਾਂ ਨਿਯਮਾਂ ਨੂੰ ਅਮਲ ਜਾਂ ਮਸ਼ਕ ਵਿਚ ਲਿਆ ਕੇ ਵਰਤਿਆ ਜਾਵੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਨਤੀਜੇ ਤੇ ਵਾਇਦੇ ਪੂਰੇ ਸਾਬਤ ਕੀਤੇ ਜਾਣ। ਇਸ ਅਵਸਥਾ ਵਿਚ ਠੋਕਰ ਤੋਂ ਬਚਣ ਵਾਸਤੇ ਪਾਪ ਦਾ ਪਰਹੇਜ਼ ਜ਼ਰੂਰੀ ਹੈ।

ਇਸ ਅਵਸਥਾ ਵਿਚ ਅਮਲੀ ਤੌਰ ਤੇ ਆਉਣ ਵਾਸਤੇ ਵਾਹਿਗੁਰੂ ਨੂੰ ਸਰਬ-ਵਿਆਪੀ ਦੇਖੇ। 'ਦੋਮ ਨ ਸਮੇ ਏਕ ਸੌ ਆਹੀ' ਤੇ 'ਕਾਇਮ ਦਾਇਮ' ਹਮੇਸ਼ਾ ਮੌਜੂਦ ਕਦੀ ਨਾ ਬਦਲਣ ਵਾਲੀ ਸ਼ਕਤੀ ਦੇਖੇ। ਉਸੇ ਦੀ ਪਾਤਸ਼ਾਹੀ ਦੇਖੇ, ਉਸ ਤੋਂ ਬਗੈਰ ਹੋਰ ਕੋਈ ਸ਼ਕਤੀ ਕੰਮ ਨਾ ਕਰਦੀ ਦਿਸੇ। ਦੁਨੀਆਂ ਵਿਚ ਮਾਇਆ ਦੀਆਂ ਕੁਲ ਦੁਖ ਦੇਣ ਵਾਲੀਆਂ ਤੇ ਪਾਪ ਕਰਾਉਣ ਵਾਲੀਆਂ ਸ਼ਕਤੀਆਂ ਨਿਰਬਲ ਤੇ ਬੇਜਾਨ ਦੇਖੇ, ਬਲਕਿ ਗੁੰਮ ਹੋਈਆਂ ਦੇਖੇ, ਕਿਉਂਕਿ ਸੱਚਖੰਡ ਵਾਲੀ ਅਵਸਥਾ ਦੇ ਮਨੁੱਖ ਤੇ ਉਹ ਅਸਰ ਨਹੀਂ ਕਰ ਸਕਦੀਆਂ। ਓਥੇ ਸਭ ਮਨੁੱਖ 'ਗਨੀ' ਦੌਲਤਮੰਦ ਦੇਖੇ। 'ਖੌਫ', 'ਖ਼ਤਾ', 'ਜ਼ਵਾਲ' ਕਿਧਰੇ ਨਾ ਦਿਸੇ, ਆਜ਼ਾਦ ਫਿਰੇ ਤੇ ਕੋਈ ਨਾ ਰੋਕੇ।

ਵਾਹਿਗੁਰੂ ਦੇ ਬੇਅੰਤ ਨੂਰ ਵਿਚ ਆਪਣੇ ਆਪ ਨੂੰ ਉਸ ਦੀ ਜੋਤ ਦੇਖੇ। ਵਾਹਿਗੁਰੂ ਸੂਰਜ ਹੈ ਤੇ ਮਨੁੱਖ ਉਸ ਦੀ ਕਿਰਨ ਹੈ। ਦੁਨੀਆਂ ਨੂੰ ਸੁਪਨੇ ਸਮਾਨ ਸਮਝੇ, ਕਿਉਂਕਿ ਇਹ ਝੂਠੀ ਤੇ ਹਰ ਵੇਲੇ ਬਦਲ ਰਹੀ ਹੈ। ਇਸ ਦੀਆਂ ਬੀਮਾਰੀਆਂ, ਭੁੱਖਾਂ, ਦੁਖ, ਬੇਚੈਨੀ ਆਦਿ ਨੂੰ ਵੀ ਝੂਠਾ ਅਤੇ ਨਿਰਬਲ ਸਮਝੇ ਜੋ ਸੱਚਖੰਡ ਦਾ ਨੂਰ ਆਉਂਦਿਆਂ ਹੀ ਗੁੰਮ ਹੋ ਜਾਣਗੀਆਂ ਤੇ ਹਰ ਪਾਸੇ ਅਨੰਦ ਹੀ ਅਨੰਦ ਦਿਸੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਖੋਜ ਕਰਨ ਨਾਲ ਸੱਚਖੰਡ ਦੇ ਹੋਰ ਬਹੁਤ ਸਾਰੇ ਗੁਣ ਤੇ ਨਜ਼ਾਰੇ ਦਿਸਣਗੇ, ਉਹਨਾਂ ਨੂੰ ਵੀ ਸੁਰਤ ਵਿਚ ਕਾਇਮ ਕਰੇ। ਅਭਿਆਸ ਕਰਨ ਨਾਲ ਜਦ ਹੇਠ ਲਿਖੇ ਸ਼ਬਦ ਦੀ ਅਵਸਥਾ ਹਾਸਲ ਹੋ ਜਾਵੇ ਤਾਂ ਸੱਚਖੰਡ ਵਿਚ ਪੂਰਾ ਵਾਸ ਸਮਝੇ।

> ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ।
> ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ।
> ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ।
> ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ।
> (ਕਾਨੜਾ ਮਹਲਾ ੫)

ਆਤਮ ਸਾਇੰਸ ਦਾ ਨਿਯਮ ਜਾਂ ਕਾਨੂੰਨ ਇਹ ਹੈ ਕਿ ਜਿਉਂ-ਜਿਉਂ ਸੁਰਤ ਬਦਲੇਗੀ, ਇਥੋਂ ਤਕ ਕਿ ਸੁਰਤ ਵਿਚ ਸਭ ਭਲਾਈ ਹੀ ਦਿਸੇਗੀ, ਬੁਰਿਆਈ ਸੁਰਤ ਵਿਚੋਂ ਨਿਕਲ ਜਾਵੇਗੀ ਤਾਂ ਫੇਰ ਇਸ ਬਦਲੀ ਹੋਈ ਸੁਰਤ ਨਾਲ ਇਸ ਦੁਨੀਆਂ ਨੂੰ ਮਨੁੱਖ ਦੇਖੇਗਾ ਤਾਂ ਸਾਰੀ ਦੁਨੀਆਂ ਬਦਲੀ ਹੋਈ ਦਿਸੇਗੀ। ਜਿਥੇ ਬੀਮਾਰੀ ਸੀ ਉਥੇ ਸਿਹਤ, ਜਿਥੇ ਭੁੜ ਸੀ ਉਥੇ ਅਮਿਤੀਆਂ ਦਾਤਾਂ, ਜਿਥੇ ਦੁਖ ਤੇ ਬੇਚੈਨੀ ਸੀ ਉਥੇ ਅਨੰਦ ਦਿਸੇਗਾ। ਜਦ ਤਕ ਸੁਰਤ ਪੂਰੇ ਤੌਰ ਤੇ ਨਹੀਂ ਬਦਲਦੀ ਤਦ ਤਕ ਜਿੰਨੀ-ਜਿੰਨੀ ਬਦਲੇਗੀ ਉਤਨਾ ਉਤਨਾ ਹੀ ਹਰ ਪਾਸੇ ਤੇ ਹਰ ਚੀਜ਼ ਵਿਚ ਅਨੰਦ ਦਿਸੇਗਾ।

ਏਸ ਅਭਿਆਸ ਵਾਲੇ ਨੂੰ ਕਦਮ-ਕਦਮ ਤੇ ਨਤੀਜਾ ਦੇਖਣਾ ਜ਼ਰੂਰੀ ਹੈ। ਹਰ ਰੋਜ਼ ਦੀ ਤਰੱਕੀ ਹੀ ਦੱਸੇਗੀ ਕਿ ਮਨੁੱਖ ਠੀਕ ਰਸਤੇ ਤੇ ਚਲ ਰਿਹਾ ਹੈ। ਨਿਸਚੇ ਨਾਲ ਏਸ ਰਾਹ ਤੇ ਚਲਣ ਵਿਚ ਵਾਹਿਗੁਰੂ ਖ਼ੁਦ ਬਾਂਹ ਪਕੜ ਕੇ ਚਲਾਂਦਾ ਹੈ ਤੇ ਸ਼ੰਕੇ ਦੂਰ ਕਰ ਕੇ ਸਾਰੇ ਰਸਤੇ ਤੇ ਰਹਿਨੁਮਾਈ ਕਰਦਾ ਹੈ।

ਇਹ ਅਭਿਆਸ ਗ੍ਰਹਿਸਥੀ ਦਾ ਅਹਿਲ ਸਿਮਰਨ ਹੈ, ਕਿਉਂਕਿ ਹਰ ਮੌਕੇ ਤੇ ਵਾਹਿਗੁਰੂ ਨੂੰ ਹਾਜ਼ਰ ਦੇਖਦਾ ਹੈ ਤੇ ਉਹਦੀ ਸ਼ਕਤੀ ਨੂੰ ਹੀ ਕੰਮ ਕਰਦਾ ਦੇਖਦਾ ਹੈ। ਨਾਲੇ ਨਤੀਜੇ ਕਾਮਯਾਬ ਨਿਕਲਣ ਤੇ ਬੜੀ ਤਸੱਲੀ ਹੁੰਦੀ ਹੈ ਤੇ ਦਿਲ ਲਗਾ ਰਹਿੰਦਾ ਹੈ। ਜਿਉਂ-ਜਿਉਂ ਉਹ ਦੇਖਦਾ ਹੈ ਕਿ ਜੋ ਕੁਝ ਇਥੋਂ ਇਕ ਵਾਰੀ ਹਾਸਲ ਹੋ ਗਿਆ ਹੈ, ਉਹ ਫੇਰ ਕਦੀ ਸਾਥ ਛਡ ਕੇ ਨਹੀਂ ਜਾਵੇਗਾ ਤਾਂ ਉਹਦੀ ਖ਼ੁਸ਼ੀ ਤੇ ਸ਼ੁਕਰੀਏ ਦੀ ਕੋਈ ਹੱਦ ਨਹੀਂ ਰਹਿੰਦੀ।

ਬਿਜਲੀ ਘਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਨਾਲ ਪਾਠ ਕਰਨ ਵਾਲਿਆਂ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ ਤੇ ਵਾਹਿਗੁਰੂ ਤੇ ਨਿਸਚਾ ਕਾਇਮ ਰਹਿੰਦਾ ਹੈ। ਪਰ ਇਹ ਸ਼ਾਂਤੀ ਤੇ ਨਿਸਚਾ ਦੋਵੇਂ ਹੀ ਹਿਲ ਖਲੋਂਦੇ ਹਨ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ ਹੋਈਆਂ ਬਰਕਤਾਂ ਲੋੜ ਵੇਲੇ ਹਾਸਲ ਨਹੀਂ ਹੁੰਦੀਆਂ। ਮਨ ਘਬਰਾਂਦਾ ਹੈ ਤੇ ਭਾਲ ਕਰਦਾ ਹੈ ਕਿ ਮੈਂ ਕੀ ਕਰਾਂ, ਜਿਸ ਕਰ ਕੇ ਮੈਨੂੰ ਬਰਕਤਾਂ ਦੀ ਦਾਤ ਮਿਲੇ। ਕਦੀ ਪਾਠ ਜ਼ਿਆਦਾ ਕਰਨ ਲਗ ਜਾਂਦਾ ਹੈ, ਕਦੀ ਮਾਲਾ ਲੈ ਕੇ ਸਿਮਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਪੂਰੀ ਤਸੱਲੀ ਨਹੀਂ ਹੁੰਦੀ। ਉਹ ਆਤਮਕ ਸ਼ਕਤੀ ਪੈਦਾ ਨਹੀਂ ਹੁੰਦੀ, ਜਿਸ ਦੇ ਨਾਲ ਗ੍ਰਿਹਸਥ ਦੇ ਕੰਮ ਕਾਮਯਾਬੀ ਨਾਲ ਚਲਾ ਸਕੇ, ਘਰ ਬਾਰ ਵਿਚ ਸੁਖ ਰਹੇ, ਮਨ ਨੂੰ ਸ਼ਾਂਤੀ ਤੇ ਵਾਹਿਗੁਰੂ ਦੇ ਚਰਨਾਂ ਦੀ ਪ੍ਰੀਤ ਹਾਸਲ ਹੋਵੇ। ਦੀਨ ਤੇ ਦੁਨੀਆਂ ਦੋਵੇਂ ਸੌਰਨ।

ਇਸ ਧੁੰਨ ਵਿਚ ਫਸਿਆ ਹੋਇਆ ਇਕ ਮਨੁੱਖ ਹਰ ਵੇਲੇ ਹੀ ਇਸ ਸੋਚ ਵਿਚ ਰਹਿੰਦਾ ਸੀ ਕਿ ਮੈਂ ਕੀ ਉਪਾਓ ਕਰਾਂ ? ਦੁਨੀਆਂ ਦੀਆਂ ਚੋਭੜਾਂ ਨੇ ਬੜਾ ਸਤਾਇਆ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਨਾਲ ਨਿਸਚਾ ਹੋ ਚੁਕਾ ਸੀ ਕਿ ਸਿਵਾਏ ਵਾਹਿਗੁਰੂ ਦੀ ਸ਼ਰਨ ਆਉਣ ਦੇ ਦੁਨੀਆਂ ਦਾ ਅਗਨ ਸਾਗਰ ਲੰਘਣਾ ਬਹੁਤ ਕਠਨ ਹੈ। ਇਸ ਦੁਨੀਆਂ ਵਿਚੋਂ ਮੌਤ ਦੇ ਬਾਅਦ ਵੀ ਆਤਮਾ ਦੀ ਸ਼ਾਂਤੀ ਵਾਹਿਗੁਰੂ ਨਾਮ ਸਿਵਾਏ ਨਹੀਂ ਮਿਲਣੀ, ਇਸ ਵਾਸਤੇ ਉਹ ਹੁਣ ਰਸਤਾ ਭਾਲਦਾ ਸੀ ਕਿ ਮੈਂ ਕੀ ਕਰਾਂ ਤੇ ਕਿਧਰ ਨੂੰ ਟੁਰਾਂ?

ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਮਗਰੋਂ ਅਰਦਾਸ ਕਰਦਾ ਸੀ ਕਿ ਹੇ ਵਾਹਿਗੁਰੂ ਤੂੰ ਮੈਨੂੰ ਸੋਝੀ ਦੇਹ ਕਿ ਮੇਰੀ ਮੁਸ਼ਕਲ ਕਿਸੇ ਤਰ੍ਹਾਂ ਹੱਲ ਹੋਵੇ। ਕੁਝ ਦਿਨਾਂ ਬਾਅਦ ਇਕ ਦਿਨ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਿਆਂ ਇਹ ਤੁਕ ਆਈ :-

ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ।
ਨਾਨਕ ਤੇ ਸੋਹਾਗਣੀ ਜਿਨਾ ਗੁਰਮੁਖਿ ਪਰਗਟੁ ਹੋਇ।

ਸ਼ਬਦ ਅਗੇ ਬਹੁਤ ਵਾਰ ਪੜ੍ਹਿਆ ਸੀ, ਪਰ ਅਜ ਦੇ ਪੜ੍ਹਨ ਨਾਲ ਇਕ ਖ਼ਾਸ ਲਹਿਰ ਜੇਹੀ ਦਿਲ ਵਿਚ ਦੌੜ ਗਈ। ਹਰ ਰੋਜ਼ ਵਾਂਗ ਸ਼ਬਦ ਹੋਠਾਂ ਵਿਚੋਂ ਹੀ ਨਹੀਂ ਲੰਘ ਗਿਆ, ਬਲਕਿ ਸਿਧਾ ਦਿਲ ਵਿਚ ਖੁਭ ਗਿਆ। ਮਨ ਚੌਂਕ ਉਠਿਆ ਕਿ ਜਿਸ ਵਾਹਿਗੁਰੂ ਨੂੰ ਆਸਮਾਨ ਵੱਲ ਉੱਚੀਆਂ ਅੱਖੀਆਂ ਕਰ ਕੇ ਵੇਖਦਾ ਹੈਂ ਤੇ ਲੰਮੀਆਂ ਉੱਚੀਆਂ ਆਵਾਜ਼ਾਂ ਨਾਲ ਬੁਲਾਉਂਦਾ ਹੈਂ, ਉਹ ਤਾਂ ਤੇਰੇ ਅੰਦਰ ਤੇਰੇ ਕੋਲ ਮੌਜੂਦ ਹੈ। ਗਲਤ ਪਤੇ ਉਤੇ ਨਾ ਲੱਭ, ਥਾਂ ਸਿਰ ਭਾਲ। ਇਹ ਖ਼ਿਆਲ ਆਉਂਦਿਆਂ ਬੜਾ ਚੁਪ-ਚਾਪ ਜਿਹਾ ਹੋ ਕੇ ਹੈਰਾਨੀ ਵਿਚ ਕਿੰਨਾ ਚਿਰ ਬੈਠਾ ਰਿਹਾ, ਪਰ ਦਿਲ ਨੂੰ ਕੁਝ ਤਸੱਲੀ ਹੋਈ ਕਿ ਕੁਝ ਸੋਝੀ ਮਿਲੀ ਹੈ।

ਇਸ ਸੋਝੀ ਹੋਣ ਨਾਲ ਮਨ ਕੁਝ ਸ਼ਾਂਤ ਹੋ ਗਿਆ ਤੇ ਅਰਦਾਸ ਦਾ ਤਰੀਕਾ ਬਦਲ ਗਿਆ। ਹੁਣ ਅਰਦਾਸ ਇਹ ਹੋ ਗਈ—'ਤੂੰ ਤਾਂ ਮੇਰੇ ਕੋਲ ਹੈਂ, ਮੇਰੇ ਅੰਦਰ ਹੈਂ, ਹਰ ਵੇਲੇ ਮੌਜੂਦ ਹੈਂ, ਹੁਣ ਮੈਂ ਕੋਈ ਭਾਲ ਨਹੀਂ ਕਰਨੀ। ਤੂੰ ਆਪੇ ਮੇਰੇ ਅੰਦਰ ਬੈਠਾ ਮੈਨੂੰ ਸਿਧੇ ਰਸਤੇ ਤੇ ਪਾਵੇਂਗਾ। ਮੇਰੀ ਸੋਚ ਖ਼ਤਮ ਹੋ ਗਈ ਹੈ।' ਇਸ ਅਰਦਾਸ ਨਾਲ ਕੁਝ ਬੇਫ਼ਿਕਰੀ ਜੇਹੀ ਹੋ ਗਈ, ਭਰੋਸਾ ਵਾਹਿਗੁਰੂ ਵਲ ਵਧ ਗਿਆ ਤੇ ਜਿਸ ਨੂੰ ਲੱਭਦਾ ਸੀ, ਉਹ ਕੋਲ ਨਜ਼ਰ ਆਉਣ ਲੱਗ ਗਿਆ।

ਕੁਝ ਦਿਨਾਂ ਮਗਰੋਂ ਇਕ ਸਤਿਸੰਗ ਵਿਚ ਜਦ ਗਿਆ, ਉਥੇ ਇਕ ਸੰਤਾਂ ਦਾ ਕੀਰਤਨ ਸੁਣਿਆ। ਦਿਲ ਨੂੰ ਬੜਾ ਪਿਆਰਾ ਲੱਗਾ। ਮਨ ਨੂੰ ਅੰਦਰੋਂ ਆਵਾਜ਼ ਆਈ ਕਿ ਇਹਨਾਂ ਸੰਤਾਂ ਨੂੰ ਆਪਣੇ ਮਨ ਦੀ ਖੋਜ ਦੱਸ ਤੇ ਸਿਖਿਆ ਲੈ। ਸੰਤਾਂ ਦੇ ਕੋਲ ਗਿਆ ਤੇ ਆਪਣਾ ਦਿਲ ਉਹਨਾਂ ਅਗੇ ਖੋਲ੍ਹ ਦਿਤਾ। ਸੰਤਾਂ ਨੇ ਪਛਾਣ ਲਿਆ ਕਿ ਇਹ ਮਨੁੱਖ ਸਚੇ ਮਾਰਗ ਤੇ ਚਲ ਪਿਆ ਹੈ, ਇਸ ਨੂੰ ਕੁਝ ਰੌਸ਼ਨੀ ਦੀ ਲੋੜ ਹੈ।

ਸੰਤ ਉਸ ਨੂੰ ਆਪਣੇ ਨਾਲ ਇਕ ਬਿਜਲੀ ਘਰ ਲੈ ਗਏ ਤੇ ਬੜੇ ਪਿਆਰ ਨਾਲ ਬੈਠਾ ਕੇ ਸਮਝਾਣ ਲਗੇ ਕਿ ਦੇਖ ਵਾਹਿਗੁਰੂ ਦੀ ਤਲਾਸ਼ ਵਿਚ ਨਿਕਲੇ ਹੋਏ ਭਾਈ—ਤੇਰੇ ਸਾਹਮਣੇ ਇਕ ਬਿਜਲੀ ਘਰ ਹੈ। ਇਸ ਦੇ ਵਿਚ ਕੋਈ ਇਕ ਹਜ਼ਾਰ ਆਦਮੀ ਕੰਮ ਕਰ ਰਿਹਾ ਹੈ। ਕੋਈ ਕੁਲੀ ਹੈ, ਕੋਈ ਚਪੜਾਸੀ ਹੈ, ਕੋਈ ਬਾਬੂ ਹੈ, ਕੋਈ ਹੈਡ ਕਲਰਕ ਹੈ, ਕੋਈ ਮਿਸਤਰੀ ਹੈ ਤੇ ਕੋਈ ਇੰਜੀਨੀਅਰ ਹੈ, ਸਭ ਆਪਣੇ ਆਪਣੇ ਦਰਜੇ ਤੇ ਹਨ।

ਇਸ ਬਿਜਲੀ ਘਰ ਵਿਚ ਕੀ ਹੋ ਰਿਹਾ ਹੈ ? ਸਾਰੇ ਹਜ਼ਾਰ ਦੇ ਹਜ਼ਾਰ ਆਦਮੀ ਬਿਜਲੀ ਦਾ ਸਿਮਰਨ ਕਰ ਰਹੇ ਹਨ ਤੇ ਬਿਜਲੀ ਉਹਨਾਂ ਦੇ ਕੰਮ

ਮੇਵਾਰ ਰਹੀ ਹੈ ਅਤੇ ਉਹਨਾਂ ਦੀ ਪਾਲਣਾ ਕਰ ਰਹੀ ਹੈ। ਬਿਜਲੀ ਦਾ ਸਿਮਰਨ ਇਸ ਤਰ੍ਹਾਂ ਹੁੰਦਾ ਹੈ ਕਿ ਸਾਰੇ ਆਦਮੀ ਬਿਜਲੀ ਦੇ ਨਿਯਮ (ਕਾਨੂੰਨ, ਸੁਭਾਅ) ਦੀ ਪੂਰੀ ਤਾਬੇਦਾਰੀ ਕਰਦੇ ਹਨ। ਜ਼ਰਾ ਵੀ ਕਾਨੂੰਨ ਦੇ ਵਿਰੁਧ ਕੋਈ ਕੰਮ ਹੋਇਆ ਤਾਂ ਬਿਜਲੀ ਦਾ ਪ੍ਰਕਾਸ਼ ਬੰਦ। ਬਿਜਲੀ ਵਾਹਿਗੁਰੂ ਦੀ ਇਕ ਸ਼ਕਤੀ ਹੈ। ਜਿਸ ਤਰ੍ਹਾਂ ਵਾਹਿਗੁਰੂ ਇਕ ਨਾ ਬਦਲਣ ਵਾਲੀ ਸ਼ਕਤੀ ਹੈ, ਉਸੇ ਤਰ੍ਹਾਂ ਉਸ ਨੇ ਬਿਜਲੀ ਦੇ ਨਾ ਬਦਲਣ ਵਾਲੇ ਕਾਨੂੰਨ ਰਖੇ ਹਨ। ਜੇ ਕਾਨੂੰਨ ਜਾਂ ਸੁਭਾਅ ਦੀ ਪੂਰੀ ਤਰ੍ਹਾਂ ਤਾਬੇਦਾਰੀ ਕੀਤੀ ਜਾਵੇ ਤਦ ਬਿਜਲੀ ਦਾ ਪ੍ਰਕਾਸ਼ ਹੋਵੇਗਾ ਤੇ ਜਦ ਵੀ ਕੁਝ ਹੁਕਮ-ਅਦੂਲੀ ਕੀਤੀ ਤਦ ਪ੍ਰਕਾਸ਼ ਬੰਦ ਹੋ ਜਾਵੇਗਾ। ਕਿਤਨੇ ਹੱਥ ਜੋੜੋ, ਖ਼ੁਸ਼ਾਮਦਾਂ ਕਰੋ, ਬਿਜਲੀ ਦੇ ਕਾਨੂੰਨ ਉਹਦੇ ਸਾਹਮਣੇ ਪੜ੍ਹੋ, ਪਰੰਤੂ ਜਦ ਤਕ ਕਾਨੂੰਨ ਤੇ ਅਮਲ ਕਰ ਕੇ ਨਾ ਦਿਖਾਇਆ ਜਾਵੇਗਾ, ਬਿਜਲੀ ਦਾ ਪ੍ਰਕਾਸ਼ ਨਹੀਂ ਹੋਵੇਗਾ। ਬਿਜਲੀ ਦਾ ਇੰਜੀਨੀਅਰ ਉਸ ਦੇ ਸੁਭਾਅ ਨੂੰ ਅੱਛੀ ਤਰ੍ਹਾਂ ਸਮਝਦਾ ਹੈ। ਫੌਰਨ ਸਾਰੇ ਮਹਿਕਮੇ ਨੂੰ ਹੁਕਮ ਦੇਂਦਾ ਹੈ ਕਿ ਜਿਹੜੀ ਕਾਨੂੰਨ ਦੇ ਵਿਰੁਧ ਗੱਲ ਹੋਈ ਹੈ, ਉਹਨੂੰ ਜਲਦੀ ਦਰੁਸਤ ਕਰੋ। ਦਰੁਸਤ ਕਰਨ ਨਾਲ ਬਿਜਲੀ ਪ੍ਰਸੰਨ ਹੋ ਜਾਂਦੀ ਹੈ ਤੇ ਉਸ ਦਾ ਪ੍ਰਕਾਸ਼ ਹੁੰਦਾ ਹੈ। ਇਸ ਪ੍ਰਕਾਸ਼ ਨਾਲ ਸਾਰੇ ਸ਼ਹਿਰ ਨੂੰ ਆਰਾਮ ਤੇ ਫਾਇਦਾ ਪਹੁੰਚਦਾ ਹੈ ਤੇ ਕੰਮ ਕਰਨ ਵਾਲੇ ਅਮਲੇ ਦੀ ਪਾਲਣਾ ਹੁੰਦੀ ਹੈ।

ਸੰਤਾਂ ਨੇ ਆਪਣੀ ਗੱਲ ਜਾਰੀ ਰਖਦੇ ਹੋਇਆਂ ਕਿਹਾ ਕਿ ਜਿਸ ਤਰ੍ਹਾਂ ਬਿਜਲੀ ਵਾਹਿਗੁਰੂ ਦੀ ਇਕ ਸ਼ਕਤੀ ਹੈ, ਇਸੇ ਤਰ੍ਹਾਂ ਆਤਮ ਸਾਇੰਸ ਵੀ ਇਕ ਸ਼ਕਤੀ ਹੈ। ਵਾਹਿਗੁਰੂ ਦਾ ਸੁਭਾਅ, ਨਿਯਮ, ਕਾਨੂੰਨ, ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਨਿਰਾ ਪਾਠ ਕਰਨਾ, ਕੀਰਤਨ ਕਰਨਾ ਜਾਂ ਸੁਣਨਾ ਤੇ ਅਸਲੀਅਤ ਨੂੰ ਨਾ ਸਮਝਣਾ ਅਤੇ ਉਸ ਉਤੇ ਅਮਲ ਨਾ ਕਰਨਾ, ਕਿਸੇ ਕਾਮਯਾਬੀ ਵਾਲੇ ਦਰਜੇ ਤੇ ਨਹੀਂ ਪੁਚਾਂਦਾ। ਜੇ ਤਾਂ ਤੂੰ ਇੰਜੀਨੀਅਰ ਵਾਲਾ ਦਰਜਾ ਹਾਸਲ ਕਰਨਾ ਹੈ ਤਾਂ ਵਾਹਿਗੁਰੂ ਦੀ ਆਤਮਕ ਸ਼ਕਤੀ ਦੇ ਨਿਯਮ ਪੜ੍ਹ, ਸਮਝ ਤੇ ਉਹਨਾਂ ਤੇ ਅਮਲ ਕਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹੋਏ ਨਤੀਜੇ ਤੇ ਵਾਇਦੇ ਪੂਰੇ ਕਰਵਾ ਲੈ। ਜੇ ਨਿਰਾ ਪਾਠ ਤੇ ਕੀਰਤਨ ਉਪਰ ਨਿਸਚਾ ਰਖਣਾ ਹੈ, ਜਿਸ ਨੂੰ ਨਾ ਤੇ ਤੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈਂ ਤੇ ਨਾ ਹੀ ਅਮਲ ਵਿਚ ਤਵੱਜੋ ਦੇ ਰਿਹਾ ਹੈਂ, ਤਦ ਬਿਜਲੀ ਘਰ ਦੇ ਬਾਕੀ ਅਮਲੇ ਵਾਂਗ ਕਿਸੇ ਨਾ ਕਿਸੇ ਉਚੇ ਜਾਂ ਨੀਵੇ ਦਰਜੇ ਤੇ ਆਪਣੀ ਸਮਝ ਤੇ ਕਮਾਈ ਅਨੁਸਾਰ ਬੈਠੇਂਗਾ। ਇੰਜੀਨੀਅਰ ਕਾਨੂੰਨ ਨੂੰ ਪੂਰਾ ਸਮਝ ਰਿਹਾ ਹੈ ਅਤੇ ਪੂਰੀ ਤਾਬੇਦਾਰੀ ਕਰ ਰਿਹਾ ਹੈ ਅਤੇ ਪੂਰਾ ਹੀ ਕਾਮਯਾਬ ਹੋ ਰਿਹਾ ਹੈ। ਕਦੀ ਵੀ

ਮਾਯੂਸੀ ਨਹੀਂ ਦੇਖਦਾ। ਬਿਜਲੀ ਪ੍ਰਸੰਨ ਹੋ ਕੇ ਪ੍ਰਕਾਸ਼ ਦਿੰਦੀ ਹੈ। ਇੰਜੀਨੀਅਰ ਦੀ ਬਿਜਲੀ 'ਤੇ ਹਕੂਮਤ ਨਹੀਂ ਪਰ ਬਿਜਲੀ ਦੇ ਕਾਨੂੰਨ ਮੰਨਣ ਨਾਲ ਬਿਜਲੀ ਆਪਣਾ ਅਸੂਲ ਜਾਂ ਵਾਇਦਾ ਪੂਰਾ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਨਿਯਮ ਕੁਝ ਨਮੂਨੇ ਦੇ ਤੌਰ ਤੇ ਤੈਨੂੰ ਦਸੇ ਜਾਂਦੇ ਹਨ। ਸਮਝ ਕੇ ਪਾਠ ਕਰਨ ਨਾਲ ਹੋਰ ਸਾਰੇ ਨਿਯਮਾਂ ਦਾ ਵੀ ਪਤਾ ਲੱਗ ਜਾਵੇਗਾ।

ਨਿਯਮਾਂ ਦਾ ਨਮੂਨਾ :-

'ਵਾਹਿਗੁਰੂ ਸਰਬ-ਵਿਆਪੀ ਹੈ, ਸਰਬ-ਸ਼ਕਤੀਮਾਨ ਹੈ, ਪਿਤਾ ਹੈ, ਦਿਆਲੂ ਹੈ, ਬਖ਼ਸ਼ਨਹਾਰ ਹੈ, ਅਨੰਦ-ਸਰੂਪ ਹੈ। ਇਹ ਦਿਸਣ ਵਾਲੀ ਦੁਨੀਆਂ ਤੇ ਇਹਦੀ ਮਾਇਆ ਝੂਠੀ ਸ਼ਕਤੀ ਹੈ, ਇਕ ਸੁਪਨਾ ਹੈ, ਭਾਸਦੀ ਹੈ ਪਰ ਹੈ ਨਹੀਂ। ਇਸ ਕਰ ਕੇ ਇਹਦੇ ਪੈਦਾ ਕੀਤੇ ਹੋਏ ਦੁਖ, ਰੋਗ, ਥੁੜ੍ਹਾਂ ਆਦਿ ਸਭ ਸੁਪਨੇ ਵਾਂਗ ਝੂਠੇ, ਕਮਜ਼ੋਰ ਤੇ ਬੇਜਾਨ ਹਨ। ਵਾਹਿਗੁਰੂ ਦੀ ਸ਼ਕਤੀ ਦੇ ਨੂਰ ਅਗੇ ਮਾਇਆ ਦਾ ਹਨੇਰਾ ਬਰਬਾਦ ਹੋ ਜਾਂਦਾ ਹੈ ਤੇ ਉਸ ਦੀਆਂ ਦੁਖ ਤਕਲੀਫਾਂ ਗਾਇਬ ਹੋ ਜਾਂਦੀਆਂ ਹਨ।'

'ਤੂੰ ਵਾਹਿਗੁਰੂ ਦੀ ਜੋਤ ਹੈਂ, ਜਿਸ ਨੂੰ ਬੀਮਾਰੀ ਤੇ ਮੌਤ ਨਹੀਂ, ਨਾ ਹੀ ਕੋਈ ਥੁੜ੍ਹ ਹੈ।'

ਇਹ ਨਿਯਮਾਂ ਦਾ ਨਮੂਨਾ ਦਸ ਕੇ ਫੇਰ ਸੰਤਾਂ ਨੇ ਕਿਹਾ ਕਿ ਤੂੰ ਇਸ ਜੋਤ ਨੂੰ ਆਪਣੇ ਅੰਦਰ ਸਭ ਕੰਮ ਕਰਦੀ ਦੇਖ। ਨਿਯਮ ਪੈਦਾ ਕਰਨ ਵਿਚ ਤੂੰ ਕੋਸ਼ਿਸ਼ ਨਹੀਂ ਕਰਨੀ। ਨਿਯਮ ਇਕ ਨਾ ਬਦਲਣ ਵਾਲੀ ਸ਼ਕਤੀ ਅਗੇ ਹੀ ਮੌਜੂਦ ਹਨ, ਤੂੰ ਸਿਰਫ ਉਹਨਾਂ ਨੂੰ ਦੇਖਣਾ ਤੇ ਸਮਝਣਾ ਹੈ ਅਤੇ ਉਹਨਾਂ ਵਿਚ ਬੈਠ ਕੇ ਤੇ ਉਹਨਾਂ ਨਾਲ ਚੱਲ ਕੇ ਫਾਇਦਾ ਉਠਾਣਾ ਹੈ। ਵਾਹਿਗੁਰੂ ਤੇ ਭਰੋਸਾ ਕਰਨ ਨਾਲ ਉਹ ਰਸਤਾ ਆਪੇ ਦੱਸੇਗਾ, ਰਸਤਾ ਲੱਭਣ ਦੀ ਕੋਸ਼ਿਸ਼ ਦੀ ਵੀ ਕੋਈ ਲੋੜ ਨਹੀਂ। ਗ੍ਰਿਹਸਥੀ ਵਾਸਤੇ ਇਹ ਸਿਮਰਨ ਹੈ, ਜਿਸ ਦੇ ਨਾਲ ਲੋਕ ਪਰਲੋਕ ਦੋਵੇਂ ਸੌਰਨਗੇ।

'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।'

ਮਾਇਆ ਦੇ ਭੁਲੇਖੇ

ਸਰਕਸ ਦੇ ਤਮਾਸ਼ੇ ਵਿਚ ਜਿਥੇ ਹੋਰ ਜਾਨਵਰਾਂ ਦੇ ਖੇਲ ਦਿਖਲਾਏ ਜਾਂਦੇ ਹਨ, ਉਥੇ ਇਕ ਸ਼ੇਰ ਦਾ ਵੀ ਖੇਲ ਹੁੰਦਾ ਹੈ। ਇਹ ਸ਼ੇਰ ਜਦ ਛੋਟਾ ਜਿਹਾ ਬੱਚਾ ਹੀ ਹੁੰਦਾ ਹੈ, ਤਾਂ ਇਸ ਨੂੰ ਜੰਗਲ ਵਿਚੋਂ ਪਕੜ ਕੇ ਲੈ ਆਉਂਦੇ ਹਨ ਤੇ ਘਰ ਵਿਚ ਰਖ ਕੇ ਪਾਲਦੇ ਹਨ। ਇਹਨੂੰ ਕੋਈ ਜਾਨਵਰ ਜਿਊਂਦਾ ਮਾਰ ਕੇ ਖਾਣ ਵਾਸਤੇ ਨਹੀ ਦਿਤਾ ਜਾਂਦਾ। ਰੋਜ਼ ਮਾਸ ਦੇ ਟੁਕੜੇ ਉਸ ਦੇ ਪੇਟ ਭਰਨ ਵਾਸਤੇ ਦਿਤੇ ਜਾਂਦੇ ਹਨ। ਉਹਨੂੰ ਆਪਣੇ ਲੰਮੇ ਜ਼ਬਰਦਸਤ ਤੇਜ਼ ਨਹੁੰਆਂ ਜਾਂ ਲੰਮੇ ਦੰਦਾਂ ਨੂੰ ਜਾਨਵਰ ਦੀ ਚੀਰ ਫਾੜ ਕਰਨ ਦਾ ਕੋਈ ਮੌਕਾ ਨਹੀਂ ਦਿਤਾ ਜਾਂਦਾ। ਸ਼ੇਰ ਨੂੰ ਇਸ ਕਰ ਕੇ ਪਤਾ ਹੀ ਨਹੀਂ ਹੁੰਦਾ ਕਿ ਉਹਦੇ ਕੋਲ ਕੋਈ ਬੜੇ ਜ਼ਬਰਦਸਤ ਹਥਿਆਰ ਵੀ ਹਨ, ਜਿਨ੍ਹਾਂ ਨੂੰ ਇਸਤੇਮਾਲ ਕਰਨ ਨਾਲ ਉਹ ਕੁਲ ਜਾਨਵਰਾਂ ਦਾ ਸ਼ਿਕਾਰ ਕਰ ਸਕਦਾ ਹੈ। ਆਪਣੇ ਜੰਗਲ ਦਾ, ਤਾਕਤ ਤੇ ਹਕੂਮਤ ਵਿਚ ਬਾਦਸ਼ਾਹ ਹੈ ਅਤੇ ਉਸ ਦੀ ਸ਼ਕਤੀ ਇਕ ਮਨੁੱਖ ਕੀ ਬਹੁਤਿਆਂ ਮਨੁੱਖਾਂ, ਹਾਥੀਆਂ ਜੇਹੇ ਵਡੇ ਜਾਨਵਰਾਂ, ਤਲਵਾਰਾਂ ਤੇ ਬੰਦੂਕਾਂ ਕੋਲੋਂ ਵਧ ਹੈ ਜੋ ਉਹਨਾਂ ਤੋਂ ਨਹੀਂ ਡਰਦੀ ਤੇ ਕਦਮ ਪਿਛੇ ਨਹੀਂ ਪਾਉਂਦੀ।

ਇਸ ਭੁਲੇਖੇ ਵਿਚ ਪਾ ਕੇ ਸ਼ੇਰ ਨੂੰ ਮਨੁੱਖ ਆਪਣੀ ਮਾਤਹਿਤੀ ਸਿਖਾਂਦਾ ਹੈ ਤੇ ਉਹਨੂੰ ਖੇਲ ਕਰਨ ਵਾਸਤੇ ਤਿਆਰ ਕਰਦਾ ਹੈ, ਚਾਬਕ ਦਾ ਡਰ ਉਹਦੇ ਉਤੇ ਬਿਠਾਇਆ ਜਾਂਦਾ ਹੈ ਤੇ ਮਰਜ਼ੀ ਮੁਜਬ ਖੇਲ ਨਾ ਕਰਨ ਤੇ ਚਾਬਕਾਂ ਮਾਰ ਕੇ ਉਹਨੂੰ ਖੇਲ ਕਰਨ ਤੇ ਮਜਬੂਰ ਕੀਤਾ ਜਾਂਦਾ ਹੈ। ਜਦ ਖੇਲ ਕਰਨੋਂ ਅਟਕੇ ਜਾਂ ਚਾਬਕਾਂ ਦਾ ਗੁੱਸਾ ਕਰੇ ਤਾਂ ਖਾਣਾ ਬੰਦ ਕਰ ਕੇ ਸਜ਼ਾ ਦਿਤੀ ਜਾਂਦੀ ਹੈ। ਸ਼ੇਰ ਨੂੰ ਇਹ ਕਦੀ ਵੀ ਖ਼ਿਆਲ ਨਹੀਂ ਆਉਂਦਾ ਕਿ ਉਹ ਕਿੰਨੀ ਕੁ ਸ਼ਕਤੀ ਦਾ ਮਾਲਕ ਹੈ। ਆਪਣੀ ਇਸ ਮਾਤਹਿਤੀ ਦੀ ਜ਼ਿੰਦਗੀ ਤੋਂ ਸਿਵਾਏ ਨਾ ਉਸ ਨੇ ਕੁਝ ਹੋਰ ਦੇਖਿਆ ਹੁੰਦਾ ਹੈ ਤੇ ਨਾ ਹੀ ਉਸ ਦੇ ਖ਼ਿਆਲ ਵਿਚ ਇਕ ਸ਼ੇਰ ਦੀ ਤਾਕਤ, ਬਹਾਦਰੀ, ਆਜ਼ਾਦੀ ਤੇ ਬਾਦਸ਼ਾਹਤ ਦਾ ਖ਼ਿਆਲ ਆਉਂਦਾ ਹੈ।

ਇਕ ਦਿਨ ਇਕ ਭਾਈ ਜੋ ਸਰਕਸ ਦਾ ਤਮਾਸ਼ਾ ਦੇਖਣ ਗਿਆ ਸੀ, ਤਮਾਸ਼ੇ

ਵਿਚ ਸ਼ੇਰ ਦੀ ਇਕ ਦੁਰਗਤੀ ਦੇਖ ਕੇ ਬੜਾ ਤਰਸ ਖਾਣ ਲਗਾ ਤੇ ਉਸ ਨੇ ਦਿਲ ਵਿਚ ਠਾਨੀ ਕਿ ਮੈਂ ਤਮਾਸ਼ੇ ਤੋਂ ਪਿਛੋਂ ਸ਼ੇਰ ਨੂੰ ਜ਼ਰੂਰ ਮਿਲ ਕੇ ਉਹਨੂੰ ਪਿੰਜਰੇ ਵਿਚੋਂ ਆਜ਼ਾਦ ਹੋਣ ਦਾ ਸੰਦੇਸ਼ ਦੇਵਾਂਗਾ। ਸ਼ੇਰ ਕੋਲ ਪੁਜਾ ਤੇ ਉਹਨੂੰ ਕਹਿਣ ਲੱਗਾ ਕਿ ਮੈਨੂੰ ਅਜ ਤੇਰਾ ਹਾਲ ਦੇਖ ਕੇ ਬੜਾ ਤਰਸ ਆਇਆ ਹੈ। ਮੈਂ ਤੈਨੂੰ ਇਹ ਦਸਣ ਆਇਆ ਹਾਂ ਕਿ ਤੂੰ ਭੁਲੇਖੇ ਵਿਚ ਪਿਆ ਹੋਇਆ, ਤਕਲੀਫਾਂ ਝੱਲ ਰਿਹਾ ਹੈਂ। ਤੂੰ ਤਾਂ ਜੰਗਲ ਦਾ ਬਾਦਸ਼ਾਹ ਹੈਂ। ਜੰਗਲ ਦੇ ਕੁਲ ਜਾਨਵਰ ਤੇਰੇ ਮਾਤਹਿਤ ਤੇ ਤੇਰੀ ਖ਼ੁਰਾਕ ਹਨ। ਤੇਰੇ ਦੰਦ ਤ੍ਰੇ ਪੰਜੇ ਉਹਨਾਂ ਦੇ ਨਾਲ ਤੇਰੀ ਕਦੀ ਨਾ ਡਰਨ ਵਾਲੀ ਬਹਾਦਰੀ ਤੇ ਕੁਲ ਜਾਨਵਰਾਂ ਕੋਲੋਂ ਬਹੁਤ ਜ਼ਿਆਦਾ ਤਾਕਤ, ਤੇਰੇ ਕਦੀ ਨਾ ਹਾਰਨ ਵਾਲੇ ਹਥਿਆਰ ਹਨ। ਇਹ ਜ਼ਨਾਨੀ ਜਿਹੜੀ ਤੈਨੂੰ ਚਾਬਕਾਂ ਮਾਰ ਕੇ ਖੇਲ ਕਰਨਾ ਸਿਖਾਂਦੀ ਹੈ ਤੇ ਜਿਸ ਦੇ ਕੋਲੋਂ ਤੂੰ ਡਰ ਰਿਹਾ ਹੈਂ, ਤੇਰੀਆਂ ਨਹੁੰਦਰਾਂ ਤੇ ਤਾਕਤ ਦੀ ਇਕ ਮਿੰਟ ਦੀ ਮਾਰ ਹੈ। ਜਿਸ ਵੇਲੇ ਜ਼ਰਾ ਤੈਨੂੰ ਪਿੰਜਰਿਉਂ ਬਹਾਰ ਕੱਢਣ, ਤੂੰ ਨੱਸ ਜਾ ਤੇ ਜਿਹੜਾ ਤੈਨੂੰ ਫੜਨ ਦੀ ਕੋਸ਼ਿਸ਼ ਕਰੇ, ਉਸ ਨੂੰ ਪਾੜ ਖਾਹ। ਤੇਰੀ ਬਹਾਦਰੀ ਤੇ ਤਾਕਤ ਅਗੇ ਕੋਈ ਖਲੋ ਨਹੀਂ ਸਕ਼ਦਾ। ਹਿੰਮਤ ਕਰ ਤੇ ਆਜ਼ਾਦ ਹੋ ਜਾ।

ਸ਼ੇਰ ਸੁਣ ਕੇ ਬੜਾ ਹੈਰਾਨ ਹੋਇਆ ਤੇ ਕਹਿਣ ਲਗਾ ਕਿ ਭਾਈ ਤੂੰ ਮੈਨੂੰ ਖ਼ੁਸ਼ ਕਰਨ ਵਾਲੀਆਂ ਗੱਲਾਂ ਦਸੀਆਂ ਹਨ ਪਰ ਤੇਰਾ ਮੇਰੇ ਨਾਲ ਹਮਦਰਦੀ ਕਰਨ ਦਾ ਕੀ ਮਤਲਬ ਹੈ ? ਕੀ ਤੂੰ ਇਹ ਚਾਹੁੰਦਾ ਏਂ ਕਿ ਮੈਂ ਏਥੋਂ ਨਿਕਲਾਂ ਤੇ ਤੂੰ ਮੈਨੂੰ ਰਸਤੇ ਵਿਚੋਂ ਫੜ ਕੇ ਕਿਧਰੇ ਹੋਰ ਥਾਂ ਲੈ ਜਾਵੇਂ ਤੇ ਮੇਰੇ ਉਤੇ ਏਥੋਂ ਨਾਲੋਂ ਵਧ ਸਖ਼ਤੀਆਂ ਕਰੇਂ। ਜੇ ਮੈਨੂੰ ਨੱਸਦਿਆਂ ਹੋਇਆਂ ਏਸੇ ਸਰਕਸ ਵਾਲਿਆਂ ਨੇ ਫੜ ਲਿਆ ਤਾਂ ਫੇਰ ਮੈਨੂੰ ਮਾਰਾਂ ਪੈਣ ਤੇ ਖਾਣੇ ਤੋਂ ਭੁੱਖਾ ਰਖਣ ਦੀ ਕੋਈ ਹੱਦ ਨਾ ਰਹੇਗੀ। ਤੂੰ ਜਿਹੜੇ ਸਬਜ਼ ਬਾਗ ਪਿਆ ਦਿਖਾਂਦਾ ਏਂ, ਇਹ ਕਦੇ ਮੇਰੇ ਤਜਰਬੇ ਵਿਚ ਨਹੀਂ ਆਏ ਤੇ ਨਾ ਇਹਨਾਂ ਦੇ ਆਉਣ ਦੀ ਕੋਈ ਉਮੀਦ ਹੈ। ਮੇਰੇ ਨਾਲ ਦੇ ਹੋਰ ਚਾਰ ਸ਼ੇਰ ਵੀ ਤਾਂ ਸਰਕਸ ਵਿਚ ਹਨ। ਉਹਨਾਂ ਦੇ ਵੇਖਣ ਜਾਂ ਸੁਣਨ ਵਿਚ ਤੇਰੀਆਂ ਦੱਸੀਆਂ ਹੋਈਆਂ ਗੱਲਾਂ ਨਹੀਂ ਆਈਆਂ ? ਤੂੰ ਮਿਹਰਬਾਨੀ ਕਰ ਕੇ ਏਥੋਂ ਜਲਦੀ ਚਲਾ ਜਾ।

ਜੋ ਹਾਲ ਇਸ ਸ਼ੇਰ ਦਾ ਅਸੀਂ ਦੇਖ ਰਹੇ ਹਾਂ, ਸੋਈ ਬਿਲਕੁਲ ਏਸੇ ਤਰ੍ਹਾਂ ਦਾ ਸਾਡਾ ਹਾਲ ਹੈ। ਸਾਡੇ ਉਤੇ ਮਾਇਆ ਨੇ ਛੋਟੇ ਹੁੰਦਿਆਂ ਤੋਂ ਇਤਨਾ ਰੋਹਬ ਪਾਇਆ ਹੋਇਆ ਹੈ ਕਿ ਅਸੀਂ ਸਿਰ ਨਹੀਂ ਚੁਕ ਸਕਦੇ। ਆਪਣੇ ਆਪ ਨੂੰ ਬੇਵਸ ਤੇ ਲਾਚਾਰ ਸਮਝਦੇ ਹਾਂ। ਮਾਇਆ ਦੀਆਂ ਪੈਦਾ ਕੀਤੀਆਂ ਹੋਈਆਂ ਬੀਮਾਰੀਆਂ, ਬੁਢ੍ਹਾਂ, ਮੌਤ, ਪਾਪ ਆਦਿ ਨੂੰ ਆਪਣੀ ਜ਼ਿੰਦਗੀ ਦਾ ਇਕ ਜ਼ਰੂਰੀ

ਹਿਸਾ ਸਮਝਦੇ ਹਾਂ। ਕਹਿੰਦੇ ਹਾਂ ਕਿ ਸਰੀਰ ਹੈ ਤਾਂ ਬੀਮਾਰੀ ਨੇ ਜ਼ਰੂਰ ਆਉਣਾ ਹੈ। ਕਿਤਨੀ ਕਿਫਾਇਤ ਸ਼ੁਆਰੀ ਨਾਲ ਗੁਜ਼ਾਰਾ ਕਿਉਂ ਨਾ ਕਰੀਏ, ਥੁੜ੍ਹ ਨੇ ਜ਼ਰੂਰ ਆਉਣਾ ਹੈ। ਇਸੇ ਤਰ੍ਹਾਂ ਦੁਨੀਆਂ ਦੀਆਂ ਹੋਰ ਤਕਲੀਫਾਂ ਤੋਂ ਬਚ ਨਿਕਲਣਾ ਹਮੇਸ਼ਾਂ ਮੁਮਕਿਨ ਨਹੀਂ! ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ 'ਨਾਮ' ਦੀ ਸ਼ਕਤੀ, ਜਿਸ ਦੇ ਨਾਲ ਕੁਲ ਦੁਖ ਤੇ ਤਕਲੀਫਾਂ ਨਾਸ ਹੋ ਜਾਂਦੀਆਂ ਹਨ, ਨੂੰ ਕਦੀ ਹਾਸਲ ਕਰਨ ਤੇ ਵਰਤਣ ਦਾ ਖ਼ਿਆਲ ਬਿਲਕੁਲ ਨਹੀਂ ਕਰ ਰਹੇ। ਸ਼ੇਰ ਦੇ ਨਿਸਚੇ ਵਾਂਗ ਮਾਇਆ ਤੋਂ ਆਜ਼ਾਦੀ ਦੇ ਖ਼ਿਆਲ ਨੂੰ ਯਕੀਨ ਦਾ ਦਰਜਾ ਹਰਗਿਜ਼ ਨਹੀਂ ਦੇ ਰਹੇ। ਬਾਵਜੂਦ ਤਕਲੀਫਾਂ ਦੇ ਮਾਇਆ ਦੇ ਅਗਨ ਸਾਗਰ ਵਿਚੋਂ ਨਿਕਲਣ ਵਾਸਤੇ ਅਸੀਂ ਤਿਆਰ ਨਹੀਂ ਹਾਂ। ਜਿਹੜਾ ਵੀ ਆਜ਼ਾਦੀ ਦਾ ਸੰਦੇਸ਼ਾ ਲਿਆਵੇ, ਅਸੀਂ ਉਸ ਨੂੰ ਸ਼ੇਰ ਵਾਂਗੂ ਸੁਨਣਾ ਪਸੰਦ ਹੀ ਨਹੀਂ ਕਰਦੇ।

ਗੁਰੂ ਗ੍ਰੰਥ ਸਾਹਿਬ ਵਿਚ ਸੰਦੇਸ਼ੇ ਅਸੀਂ ਪੜ੍ਹਦੇ ਹਾਂ ਕਿ ਮਨੁੱਖ 'ਜੋਤ ਸਰੂਪ' ਹੈ, ਇਹਨੂੰ ਬੀਮਾਰੀ ਤੇ ਮੌਤ ਨਹੀਂ, ਇਹ ਸਰੀਰ ਨਹੀਂ ਹੈ। ਹਰ ਰੋਜ਼ ਦੇ ਵਰਤਾਰੇ ਵਿਚ ਵੀ ਅਸੀਂ ਇਹੀ ਦੇਖਦੇ ਹਾਂ ਕਿ ਮਰਨ ਪਿਛੋਂ ਸਰੀਰ ਤਾਂ ਪਿਆ ਰਹਿ ਜਾਂਦਾ ਹੈ ਤੇ ਕਹੀਦਾ ਹੈ ਕਿ ਮਨੁੱਖ ਵਿਚੋਂ ਜੋਤ ਚਲੀ ਗਈ ਹੈ।

ਜਿਸ ਤਰ੍ਹਾਂ ਸੂਰਜ ਦੀ ਕਿਰਨ ਵਿਚ ਸੂਰਜ ਦੇ ਸਾਰੇ ਗੁਣ ਹਨ, ਇਸ ਤਰ੍ਹਾਂ ਜੋਤ ਵਿਚ ਵਾਹਿਗੁਰੂ ਦੇ ਸਾਰੇ ਗੁਣ ਪ੍ਰਕਾਸ਼ ਹੋ ਰਹੇ ਹਨ। ਵਾਹਿਗੁਰੂ ਦੀ ਜੋਤ ਨੂੰ ਆਪਣੇ ਅੰਦਰ ਹਰ ਵੇਲੇ ਮੌਜੂਦ ਵੇਖਣ ਨਾਲ ਸਰੀਰ ਰੌਸ਼ਨ ਹੋ ਜਾਂਦਾ ਹੈ ਤੇ ਕੁਲ ਬੀਮਾਰੀਆਂ ਖ਼ਤਮ ਹੋ ਜਾਂਦੀਆਂ ਹਨ। ਸੁਖ ਤੇ ਚੈਨ ਹਰ ਵਕਤ ਮੌਜੂਦ ਰਹਿੰਦਾ ਹੈ। ਵਾਹਿਗੁਰੂ ਬੇਅੰਤ ਹੈ, ਇਸ ਕਰ ਕੇ ਉਹਦੀ ਹਾਜ਼ਰੀ ਵਿਚ ਕੋਈ ਥੁੜ੍ਹ ਕਿਸੇ ਕਿਸਮ ਦੀ ਨਹੀਂ ਆ ਸਕਦੀ। ਹਰ ਜ਼ਰੂਰਤ ਨੂੰ ਪੂਰਾ ਕਰਨ ਵਾਸਤੇ ਪੂਰੇ ਗੱਫੇ ਮਿਲਣੇ ਜ਼ਰੂਰੀ ਹਨ। ਇਸ ਤਰ੍ਹਾਂ ਦੇ ਅਨੇਕ ਸੰਦੇਸ਼ ਦੁਨੀਆਂ ਦੀਆਂ ਤਕਲੀਫਾਂ ਤੋਂ ਬਚਣ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੇ ਹਨ ਪਰ ਮਨੁੱਖ ਨਾ ਧਿਆਨ ਨਾਲ ਸੁਣਦਾ ਹੈ ਤੇ ਨਾ ਹੀ ਅਮਲ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਇਦੇ ਕੀਤੇ ਹੋਏ ਸੁਖ ਨੂੰ ਪ੍ਰਾਪਤ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਫੈਸਲਾ ਸੁਣੋ ਕਿ ਮਨੁੱਖ ਕਿਸ ਤਰ੍ਹਾਂ ਮਾਇਆ ਦੇ ਭੁਲੇਖੇ ਵਿਚ ਭਟਕ ਰਿਹਾ ਹੈ :

ਈਧਨ ਤੇ ਬੈਸੰਤਰ ਭਾਗੈ। ਮਾਟੀ ਕਉ ਜਲੁ ਦਹ ਦਿਸ ਤਿਆਗੈ।
ਊਪਰਿ ਚਰਨ ਤਲੈ ਆਕਾਸੁ। ਘਟ ਮਹਿ ਸਿੰਧੁ ਕੀਓ ਪਰਗਾਸੁ।
ਐਸਾ ਸੰਮ੍ਰਥ ਹਰਿ ਜੀਉ ਆਪਿ

ਨਿਮਖ ਨ ਬਿਸਰੈ ਜੀਅ ਭਗਤਨ ਕੈ
ਆਠ ਪਹਿਰ ਮਨ ਤਾ ਕਉ ਜਾਪਿ ।ਰਹਾਉ।
ਪ੍ਰਥਮੇ ਮਾਖਨੁ ਪਾਛੈ ਦੂਧੁ। ਮੈਲੂ ਕੀਨੋ ਸਾਬਨ ਸੂਧੁ।
ਭੈ ਤੇ ਨਿਰਭਉ ਡਰਤਾ ਫਿਰੈ। ਹੋਦੀ ਕਉ ਅਣਹੋਦੀ ਹਿਰੈ।
ਦੇਹੀ ਗੁਪਤ ਬਿਦੇਹੀ ਦੀਸੈ। ਸਗਲੇ ਸਾਜਿ ਕਰਤ ਜਗਦੀਸੈ।
ਠਗਣਹਾਰ ਅਣਠਗਦਾ ਠਾਗੈ। ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ।
(ਰਾਮਕਲੀ ਮਹਲਾ ੫)

ਕਦ ਤਕ ਅਸੀਂ ਮਾਇਆ ਦੇ ਭੁਲੇਖਿਆਂ ਵਿਚ ਲਪੇਟੇ ਰਹਾਂਗੇ ਤੇ ਤਕਲੀਫਾਂ ਪਾਂਦੇ ਰਹਾਂਗੇ ? ਇਹ ਤਕਲੀਫਾਂ ਹਰ ਘੜੀ ਯਾਦ ਕਰਾ ਰਹੀਆਂ ਹਨ ਕਿ ਸੁਖੀ ਵਸਣ ਦਾ ਰਾਹ ਲਭੋ। ਗੁਰੂ ਗ੍ਰੰਥ ਸਾਹਿਬ ਜੀ ਵਾਰ-ਵਾਰ ਸੰਦੇਸ਼ਾ ਦੇ ਰਹੇ ਹਨ ਕਿ ਨਾਮ ਹਾਸਲ ਕਰੋ ਤੇ ਨਾਮ ਵਿਚੋਂ ਕੁਲ ਲੋਕ ਤੇ ਪ੍ਰਲੋਕ ਦੀਆਂ ਖੁਸ਼ੀਆਂ ਅਤੇ ਅਨੰਦ ਹਾਸਲ ਕਰੋ। ਨਾਮ ਹਾਸਲ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ, ਸਮਝਣਾ ਤੇ ਉਹਦੇ ਉਤੇ ਅਮਲ ਕਰਨਾ ਤੇ ਸਿਮਰਨ ਕਰਨਾ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਫੈਸਲਾ ਸੁਣ ਕੇ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਰਖਣ ਨਾਲ ਕੀ ਬਰਕਤਾਂ ਹਾਸਲ ਹੁੰਦੀਆਂ ਹਨ ਤੇ ਤਕਲੀਫਾਂ ਕਿਸ ਤਰ੍ਹਾਂ ਹਟ ਜਾਂਦੀਆਂ ਹਨ :

ਜਾ ਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ।
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।
ਸਾਹਿਬੁ ਨਿਤਾਣਿਆ ਕਾ ਤਾਣੁ।
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ।ਰਹਾਉ।
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ।
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ।
ਜਾਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ।
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ।
ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ।
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ।
(ਸ੍ਰੀ ਰਾਗੁ ਮਹਲਾ ੫)

ਸਦਾ ਦੀ ਦੌਲਤ

ਆਸਾ ਮਹਲਾ ੫

ਐਸਾ ਹਰਿ ਧਨੁ ਸੰਚੀਐ ਭਾਈ।
ਭਾਹਿ ਨ ਜਾਲੈ ਜਲ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ।
ਤੋਟਿ ਨ ਆਵੈ ਨਿਖੁਟਿ ਨ ਜਾਇ। ਖਾਇ ਖਰਚਿ ਮਨੁ ਰਹਿਆ ਅਘਾਇ।

ਆਮ ਤੌਰ ਤੇ ਇਹ ਖ਼ਿਆਲ ਸਾਡੇ ਦਿਲ ਵਿਚ ਘਰ ਕਰ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਾਨੂੰ ਇਕ ਧਾਰਮਕ ਹੁਕਮ ਹੈ। ਪਾਠ ਹਰ ਰੋਜ਼ ਕਰਨਾ ਜ਼ਰੂਰੀ ਹੈ। ਪਾਠ ਕਰਨ ਤੋਂ ਉਤੇ ਹੋਰ ਅਗਾਂਹ ਜਾਣ ਦੀ ਲੋੜ ਨਹੀਂ ਹੈ। ਪਾਠ ਹੋ ਗਿਆ ਤਾਂ ਸਿੱਖ ਨੂੰ ਤਸੱਲੀ ਹੋ ਗਈ ਕਿ ਵਾਹਿਗੁਰੂ ਨੂੰ ਖੁਸ਼ ਕਰ ਲਿਆ ਹੈ ਤੇ ਸਿੱਖ ਧਰਮ ਮੁਜਬ ਨਿਤਨੇਮ ਪੂਰਾ ਹੋ ਗਿਆ ਹੈ। ਪਰ ਜਦ ਕੋਈ ਦੁਨਿਆਵੀ ਤਕਲੀਫ ਆ ਕੇ ਸ਼ਕਲ ਦਿਖਾਂਦੀ ਹੈ ਤੇ ਉਥੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਨ ਨਾਲ ਤਕਲੀਫ ਨਹੀਂ ਹਟਦੀ ਤਾਂ ਗੁਰੂ ਗ੍ਰੰਥ ਸਾਹਿਬ ਊਪਰ ਨਿਸਚਾ ਘਟ ਜਾਂਦਾ ਹੈ ਅਤੇ ਪਾਠ ਕਰਨਾ ਸਿਰਫ ਇਕ ਧਾਰਮਕ ਹੁਕਮ ਪੂਰਾ ਕਰਨਾ ਹੀ ਰਹਿ ਜਾਂਦਾ ਹੈ। ਇਸ ਤੋਂ ਉਤੇ ਕੁਝ ਨਹੀਂ ਰਹਿੰਦਾ। ਇਸ ਵਾਸਤੇ ਲੋੜ ਹੁਣ ਇਸ ਗੱਲ ਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਇਕਰਾਰ ਕਿਸ ਤਰ੍ਹਾਂ ਪੂਰੇ ਹੋ ਸਕਣਗੇ ? ਆਓ, ਅੱਜ ਇਸ ਉਪਰ ਲਿਖੇ ਸ਼ਬਦ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤੇ ਦੇਖੀਏ ਕਿ ਕੀ ਨਤੀਜਾ ਨਿਕਲਦਾ ਹੈ ?

ਦੁਨੀਆਂ ਦੇ ਕੰਮ ਕਾਜ ਤੇ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਦੌਲਤ ਇਕ ਬੜੀ ਜ਼ਰੂਰੀ ਚੀਜ਼ ਹੈ। ਸਾਰੇ ਲੋਕ ਇਸ ਨੂੰ ਹਾਸਲ ਕਰਨ ਵਾਸਤੇ ਦਿਨ ਰਾਤ ਲਗੇ ਹੋਏ ਹਨ। ਇਹ ਇਕ ਤਾਂ ਮਿਲਦੀ ਮੁਸ਼ਕਲ ਹੈ ਤੇ ਜੇਕਰ ਮਿਲਦੀ ਹੈ ਤਾਂ ਇਹ ਖ਼ਰਚ ਹੋ ਜਾਂਦੀ ਹੈ, ਇਸ ਕਰਕੇ ਇਸ ਦੀ ਮੰਗ ਕਦੀ ਖ਼ਤਮ ਨਹੀਂ ਹੁੰਦੀ। ਜਿਨ੍ਹਾਂ ਕੋਲ ਇਕੱਠੀ ਵੀ ਹੋ ਜਾਂਦੀ ਹੈ ਤਦ ਉਹਨਾਂ ਨੂੰ ਦੌਲਤ

ਦੇ ਤਿਲ੍ਹਕ ਜਾਣ ਦਾ ਧੁੜਕੂ ਨਾਲ ਹੀ ਲੱਗਾ ਰਹਿੰਦਾ ਹੈ। ਵਪਾਰ ਵਿਚ ਲਖਾਂ ਦਾ ਘਾਟਾ ਹੋ ਜਾਣਾ, ਮੁਕਾਬਲਾ ਹੋ ਜਾਣਾ, ਬੈਂਕਾਂ ਦਾ ਫੇਲ੍ਹ ਹੋ ਜਾਣਾ। ਅੱਗ ਨਾਲ ਜਾਇਦਾਦ ਦੀ ਬਰਬਾਦੀ, ਚੋਰੀ ਹੋ ਜਾਣੀ, ਆਦਿ ਹਾਦਸੇ ਦੌਲਤ ਨੂੰ ਬਰਬਾਦ ਕਰ ਦੇਂਦੇ ਹਨ ਤੇ ਮਨੁੱਖ ਨੂੰ ਸਾਰੀ ਉਮਰ ਸੁਖ ਦਾ ਸਾਹ ਨਹੀਂ ਲੈਣ ਦੇਂਦੇ।

ਇਸ ਲੇਖ ਦੇ ਸ਼ੁਰੂ ਵਿਚ ਲਿਖਿਆ ਹੋਇਆ ਸ਼ਬਦ ਹਮੇਸ਼ਾਂ ਵਾਸਤੇ ਦੌਲਤ ਕਾਇਮ ਰਖਣ ਦਾ ਇਕ ਪੱਕਾ ਅਸੂਲ ਪੇਸ਼ ਕਰਦਾ ਹੈ। ਇਹ ਅਸੂਲ ਆਤਮਕ ਹੈ। ਬੇਅੰਤ ਤੇ ਹਮੇਸ਼ਾ ਕਾਇਮ ਰਹਿਣ ਵਾਲੀ ਦੌਲਤ ਹਾਸਲ ਕਰਨ ਦਾ ਇਸ ਸ਼ਬਦ ਵਿਚ ਇਕਰਾਰ ਕੀਤਾ ਗਿਆ ਹੈ ਤੇ ਇਕਰਾਰ ਕਰਨ ਵਾਲੀ ਹਸਤੀ (ਗੁਰੂ ਅਰਜਨ ਦੇਵ ਜੀ) ਉਹ ਹੈ, ਜਿਸ ਦੀ ਕਹੀ ਹੋਈ ਗੱਲ ਤੇ ਸ਼ੱਕ ਹੋ ਹੀ ਨਹੀਂ ਸਕਦਾ। ਵਿਚਾਰ ਦੀ ਲੋੜ ਹੈ।

ਸ਼ਬਦ ਪੜ੍ਹਨ ਨਾਲ ਇੰਨੀ ਤਸੱਲੀ ਹੁੰਦੀ ਹੈ, ਜਿਸ ਦੀ ਕੋਈ ਹੱਦ ਨਹੀਂ। ਦੁਨਿਆਵੀ ਦੌਲਤ ਹਮੇਸ਼ਾ ਆਉਣੀ ਜਾਣੀ ਹੈ, ਪਰ ਇਹ ਆਤਮਕ ਦੌਲਤ (ਹਰਿ ਧਨ) ਕਦੀ ਵੀ ਨਹੀਂ ਮੁਕਦੀ। ਬੇਸ਼ਕ ਜ਼ਰੂਰਤਾਂ ਤੇ ਖ਼ਰਚ ਕਰੋ, ਇਸ ਦਾ ਸਾਥ ਛੱਡ ਕੇ ਜਾਣ ਦਾ ਖ਼ਤਰਾ ਨਹੀਂ। ਅਸੀਂ ਹਰੀ ਧਨ ਹਾਸਲ ਹੋਣ ਨਾਲ ਹਮੇਸ਼ਾ ਦੀ ਦੌੜ ਭੱਜ ਤੋਂ ਛੁਟ ਜਾਂਦੇ ਹਾਂ। ਹੁਣ ਸੋਚ ਵਾਲੀ ਗੱਲ ਇਹ ਹੈ ਕਿ ਹਰਿ ਧਨ ਕਿਸ ਤਰ੍ਹਾਂ ਸੰਚਿਆ (ਇਕੱਠਾ) ਕੀਤਾ ਜਾਵੇ ? ਜੇਕਰ ਇਕੱਠਾ ਕਰ ਲਈਏ ਤਾਂ ਦੁਨੀਆਂ ਵਿਚ ਇਹਦੇ ਨਾਲ ਜ਼ਰੂਰਤ ਦੀਆਂ ਚੀਜ਼ਾਂ ਕਿਸ ਤਰ੍ਹਾਂ ਖ਼ਰੀਦੀਆਂ ਜਾਣ ?

ਪਹਿਲਾਂ ਇਹ ਗੱਲ ਸਮਝਣ ਦੀ ਲੋੜ ਹੈ ਕਿ ਜਿਸ ਤਰ੍ਹਾਂ ਕਾਗਜ਼ ਦੇ ਨੋਟਾਂ ਵਿਚ ਇਹ ਗੁਣ ਜਾਂ ਸ਼ਕਤੀ ਹੈ ਕਿ ਇਹ ਹਰ ਚੀਜ਼ ਵਿਚ ਆਪਣੀ ਸ਼ਕਲ ਬਦਲ ਸਕਦੇ ਹਨ, ਹਰ ਚੀਜ਼ ਨੋਟਾਂ ਨਾਲ ਖ਼ਰੀਦੀ ਜਾ ਸਕਦੀ ਹੈ, ਇਸੇ ਤਰ੍ਹਾਂ ਨਾਮ ਵਿਚ ਸ਼ਕਤੀ ਹੈ ਕਿ ਉਹ ਹਰ ਚੀਜ਼ ਵਿਚ ਬਦਲ ਸਕਦਾ ਹੈ। ਹਰੀ ਨਾਮ ਨਾਲ ਅਕਲ, ਲਿਆਕਤ ਦਾ ਵਧਣਾ, ਮੁਸ਼ਕਲਾਂ ਦਾ ਆਸਾਨ ਹੋ ਜਾਣਾ, ਕੰਮ ਕਾਜ ਵਿਚ ਬਰਕਤ ਤੇ ਵਾਧਾ, ਆਮਦਨੀ ਵਧਣ ਦੇ ਨਵੇਂ-ਨਵੇਂ ਤਰੀਕੇ ਪੈਦਾ ਹੋਣੇ, ਬੇਈਮਾਨੀ ਤੇ ਧੋਖੇ ਦਾ ਨਾਸ਼, ਮਨ ਨੂੰ ਸ਼ਾਂਤੀ ਹੋ ਜਾਣ ਕਰ ਕੇ ਮਨ ਵਿਚੋਂ ਅਛੇ ਖ਼ਿਆਲਾਂ ਦਾ ਪੈਦਾ ਹੋਣਾ ਤੇ ਚਾਰੇ ਪਾਸੇ ਸੁਖ ਤੇ ਵਾਧਾ ਪੈਦਾ ਕਰਨਾ, ਸਿਹਤ ਦਾ ਅੱਛਾ ਰਹਿਣਾ, ਇਹ ਸਾਰੇ ਗੁਣ ਨਾਮ ਵਿਚ ਹਨ ਤੇ ਮਨੁੱਖ ਨੂੰ ਹਰ ਕੰਮ ਵਿਚ ਮਦਦ ਦੇ ਕੇ ਅਮਿਤੀ ਦੌਲਤ ਦਾ ਰਸਤਾ ਦਸਦੇ ਹਨ। ਵਾਹਿਗੁਰੂ ਬੇਅੰਤ ਹੈ ਤੇ ਨਾਮ ਵੀ ਬੇਅੰਤ ਹੈ ਅਤੇ ਨਾਮ ਜਿਸ

ਚੀਜ਼ ਵਿਚ ਤਬਦੀਲ ਹੁੰਦਾ ਹੈ, ਉਹ ਵੀ ਬੇਅੰਤ ਹੋਵੇਗੀ।

ਹਰੀ ਧਨ ਸੰਚਨ ਜਾਂ ਇਕੱਠਾ ਕਰਨ ਦਾ ਤਰੀਕਾ ਹਾਸਲ ਕਰਨ ਦੀ ਅਲਬੱਤਾ ਲੋੜ ਹੈ ਤੇ ਇਹਦੇ ਉਤੇ ਮਿਹਨਤ ਵੀ ਕਰਨੀ ਪੈਂਦੀ ਹੈ। ਪਰ ਇਹ ਕੰਮ ਪਹਿਲੇ ਪਹਿਲ ਕੁਝ ਚਿਰ ਤਾਂ ਰੁਖਾ ਜੇਹਾ ਮਾਲੂਮ ਹੁੰਦਾ ਹੈ, ਮਗਰੋਂ ਇਤਨਾ ਅਨੰਦ ਦੇਂਦਾ ਹੈ ਕਿ ਇਹਦੇ ਹਾਸਲ ਕਰਨ ਦਾ ਸ਼ੌਕ ਪੈਦਾ ਹੋ ਜਾਂਦਾ ਹੈ। ਜਿਨ੍ਹਾਂ-ਜਿਨ੍ਹਾਂ ਕੰਮਾਂ ਵਿਚ ਸੌਖ ਹੁੰਦਾ ਜਾਵੇ, ਉਨਾ ਹੀ ਸਮਝੋ ਨਾਮ ਹਾਸਲ ਹੋਇਆ ਹੈ। ਨਤੀਜੇ ਤੋਂ ਤਰੱਕੀ ਦਾ ਪਤਾ ਦੇਖਣਾ ਜ਼ਰੂਰੀ ਹੈ ਕਿ ਅਸੀਂ ਨਾਮ ਮਾਰਗ ਵਿਚ ਕਿੰਨੇ ਕੁ ਉਚੇ ਚੜ੍ਹੇ ਹਾਂ ?

ਨਾਮ ਹਾਸਲ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਦਿਲ ਲਗਾ ਕੇ ਪੜ੍ਹਨਾ, ਪੂਰਾ ਮਤਲਬ ਸਮਝਣਾ, ਵਾਹਿਗੁਰੂ ਦੀ ਪਛਾਣ ਹਾਸਲ ਕਰ ਕੇ ਉਹਨੂੰ ਹਰ ਵਕਤ ਮੌਜੂਦ ਦੇਖਣਾ, ਸਰਬ-ਸ਼ਕਤੀਮਾਨ ਤੇ ਪਿਤਾ-ਮਾਤਾ ਦਾ ਪ੍ਰੇਮ ਉਸ ਦੇ ਵਿਚ ਵੇਖਣਾ, ਹੋਰ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਹੋਏ ਗੁਣ ਨਾਮ ਵਿਚ ਦੇਖਣੇ ਤੇ ਸਮਝਣੇ ਜ਼ਰੂਰੀ ਹਨ। ਵਾਹਿਗੁਰੂ ਦੇ ਦਾਤਾ ਹੋਣ ਵਾਲੀ ਸਿਫਤ ਜਦ ਪੂਰੀ ਮਨ ਵਿਚ ਬੈਠ ਜਾਵੇ ਤਦ ਨਾਮ ਦੀ ਸਮਝ ਆਈ ਸਮਝਣੀ ਚਾਹੀਦੀ ਹੈ।

ਜਿਵੇਂ ਸੂਰਜ ਆਪਣੀਆਂ ਕਿਰਨਾਂ ਨੂੰ ਆਪ ਹੀ ਪਾਲਦਾ ਹੈ, ਇਸੇ ਤਰ੍ਹਾਂ ਵਾਹਿਗੁਰੂ ਮਨੁੱਖ ਨੂੰ, ਜਿਹੜਾ ਕਿ ਉਸ ਦੀ ਜੋਤ ਹੈ, ਬਿਨਾਂ ਮੰਗੇ ਅਤੇ ਕਹੇ ਦੇ ਪਾਲਦਾ ਹੈ। ਉਹਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਖੁਲ੍ਹੀਆਂ ਦਾਤਾਂ ਹਰ ਵਕਤ ਦਿੰਦਾ ਹੈ।

> ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
> ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
>
> (ਆਸਾ ਮਹਲਾ ੩)

ਅਸੀ ਬਦਨ ਨਹੀ ਬਲਕਿ ਜੋਤ ਹਾਂ, ਜਿਸ ਨੂੰ ਨਾ ਬੀਮਾਰੀ, ਨਾ ਮੌਤ ਤੇ ਨਾ ਕਿਸੇ ਚੀਜ਼ ਦੀ ਥੁੜ ਹੈ। ਵਾਹਿਗੁਰੂ ਆਪਣੇ 'ਪ੍ਰਕਾਸ਼ ਵਾਸਤੇ ਆਪਣੀ ਜੋਤ ਨੂੰ ਆਪ ਪਾਲਦਾ ਹੈ। ਉਹ ਜੋਤ ਦੀ ਜ਼ਰੂਰਤ ਦੀਆਂ ਕੁਲ ਚੀਜ਼ਾਂ ਜੋਤ (ਮਨੁੱਖ) ਨੂੰ ਅਮਿਤੀਆਂ ਦੇ ਰਿਹਾ ਹੈ। ਕੁਲ ਮਨੁੱਖਾਂ ਨੂੰ ਇਕੋ ਜੇਹਾ ਦੇ ਰਿਹਾ ਹੈ। ਸਾਡਾ ਆਪਣਾ ਕਸੂਰ ਹੈ ਕਿ ਅਸੀ ਉਹਦੀ ਅਮਿਤੀ ਦਾਤ ਨੂੰ ਪੂਰੀ ਤਰ੍ਹਾਂ ਨਹੀਂ ਲੈਂਦੇ। ਵਾਹਿਗੁਰੂ ਦੀ ਹਰ ਦਾਤ ਅਮਿਤੀ, ਮੁਫਤ ਅਤੇ ਸਭਨਾਂ ਲਈ ਇਕੋ ਜੇਹੀ ਹੈ। ਵਾਹਿਗੁਰੂ ਦਾ ਮੀਂਹ ਵਸਣ ਲਗਾ, ਚੰਗੇ-ਮੰਦੇ ਮਨੁੱਖ ਦੀ ਜ਼ਮੀਨ ਤੇ ਇਕੋ ਜਿਹਾ ਵਰ੍ਹਦਾ ਹੈ। ਅਗੋਂ ਉਚੀ ਜ਼ਮੀਨ ਪਾਣੀ ਨੂੰ ਹੇਠਾਂ ਵਗਾ

ਦੇਂਦੀ ਹੈ ਤੇ ਨੀਵੀਂ ਜ਼ਮੀਨ ਸਾਰਾ ਪਾਣੀ ਇਕੱਠਾ ਕਰ ਕੇ ਭਰ ਜਾਂਦੀ ਹੈ। ਕੱਲਰੀ ਜ਼ਮੀਨ ਵੀ ਮੀਂਹ ਦਾ ਪਾਣੀ ਪੀਂਦੀ ਹੈ, ਪਰ ਕੁਝ ਫਾਇਦਾ ਹਾਸਲ ਨਹੀਂ ਕਰਦੀ ਤੇ ਨਾ ਹੀ ਫਲਦਾਇਕ ਹੁੰਦੀ ਹੈ। ਇਸੇ ਤਰ੍ਹਾਂ ਪਹਾੜੀ ਚਟਾਨਾਂ ਤੇ ਰੇਤਲੀਆਂ ਜ਼ਮੀਨਾਂ ਘਾਟੇ ਵਿਚ ਰਹਿੰਦੀਆਂ ਹਨ। ਮਨੁੱਖ ਨੂੰ ਇਹੋ ਜਿਹੀਆਂ ਮਿਸਾਲਾਂ ਦੇਖ ਕੇ ਅਕਲ ਹਾਸਲ ਕਰਨੀ ਜ਼ਰੂਰੀ ਹੈ ਕਿ ਮੈਂ ਵੀ ਆਪਣੇ ਵਿਚ ਗੁਣ ਪੈਦਾ ਕਰਾਂ, ਜਿਨ੍ਹਾਂ ਨਾਲ ਵਾਹਿਗੁਰੂ ਦੀਆਂ ਦਾਤਾਂ ਲੈ ਸਕਾਂ ਤੇ ਅਮਿਤੀਆਂ ਲੈ ਕੇ ਪਚਾ ਸਕਾਂ। ਵਾਹਿਗੁਰੂ ਬੇਅੰਤ ਹੈ ਤੇ ਉਹਦੀ ਦਾਤ ਵੀ ਬੇਅੰਤ ਹੈ। ਸਾਨੂੰ ਵੀ ਕੱਲਰੀ ਜ਼ਮੀਨ ਵਾਂਗਰ ਪਾਪਾਂ ਦਾ ਗੰਦ ਆਪਣੇ ਵਿਚ ਇਕੱਠਾ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਪਹਾੜੀ ਚਟਾਨ ਵਾਂਗਰ ਖ਼ੁਸ਼ਕ, ਕੁਰਾਠ ਤੇ ਕਿਸੇ ਨਾਲ ਨਾ ਭਿੱਜਣ ਵਾਲੇ ਬਣਨਾ ਚਾਹੀਦਾ ਹੈ। ਨਾ ਹੀ ਉੱਚੀ ਜ਼ਮੀਨ ਵਾਂਗ ਤਕੱਬਰ ਵਿਚ ਬੈਠ ਕੇ ਬਰਕਤਾਂ ਲੈਣ ਤੋਂ ਵਾਂਝੇ ਰਹਿਣਾ ਚਾਹੀਦਾ ਹੈ।

ਸਾਡੀ ਬੜੀ ਭੁਲ ਇਹ ਹੈ ਕਿ ਅਸੀਂ ਦਾਤਾਂ ਨਾਲ ਪਿਆਰ ਕਰਦੇ ਹਾਂ, ਦਾਤਾਰ ਨਾਲ ਨਹੀਂ ਕਰਦੇ। ਦਾਤਾਂ ਵਰਤੋਂ ਵਿਚ ਆ ਕੇ ਖ਼ਤਮ ਹੋ ਜਾਂਦੀਆਂ ਹਨ ਤੇ ਫਿਰ ਹੋਰ ਦਾਤਾਂ ਦੀ ਲੋੜ ਪੈਂਦੀ ਹੈ। ਜੇਕਰ ਦਾਤੇ ਨਾਲ ਪਿਆਰ ਰਖਿਆ ਜਾਵੇ ਤੇ ਉਹਨੂੰ ਹਰ ਵਕਤ ਆਪਣੇ ਖ਼ਿਆਲ ਵਿਚ ਰਖਿਆ ਜਾਵੇ ਅਤੇ ਸਿਮਰਨ ਕੀਤਾ ਜਾਵੇ ਤਦ ਦਾਤਾਂ ਨਾ ਖ਼ਤਮ ਹੋਣ ਵਾਲਾ ਜ਼ਰੀਆ ਸਾਡੇ ਕੋਲ ਹਰ ਵੇਲੇ ਮੌਜੂਦ ਰਹਿੰਦਾ ਹੈ ਤੇ ਦਾਤਾਂ ਦੀ ਕਮੀ ਨਹੀਂ ਆ ਸਕਦੀ।

ਅੰਤ ਵਿਚ ਅਰਦਾਸ ਦਰਜ ਕੀਤੀ ਜਾਂਦੀ ਹੈ, ਜਿਸ ਨੂੰ ਰੋਜ਼ ਸਮਝ ਕੇ ਤੇ ਧਿਆਨ ਲਾ ਕੇ ਪੜ੍ਹਨ ਨਾਲ ਮਨ ਦੀ ਅਵਸਥਾ ਬਦਲਦੀ ਹੈ ਤੇ ਵਾਹਿਗੁਰੂ ਨੂੰ ਦਾਤਾਂ ਦੇਖਣ ਦੀ ਸਮਝ ਆਉਂਦੀ ਹੈ। ਸਮਝ ਆਉਣ ਨਾਲ ਦਾਤਾਂ ਮਿਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ਾਨਾ ਪਾਠ ਸਮਝ ਕੇ ਕਰਨਾ ਜ਼ਰੂਰੀ ਹੈ ਤੇ ਖ਼ਾਸ ਕਰ ਕੇ ਪੰਜਵੇਂ ਮਹਲੇ ਦੇ ਸ਼ਬਦ।

ਅਰਦਾਸ :- "ਹੇ ਵਾਹਿਗੁਰੂ ਮੈਂ ਭੁਲਾ ਹੋਇਆ ਹਾਂ, ਮੈਨੂੰ ਰਸਤੇ ਪਾ, ਕਿਰਪਾ ਕਰ ਤਾਕਿ ਮੈਂ ਤੈਨੂੰ ਤੇਰੇ ਅਸਲੀ ਸਰੂਪ ਵਿਚ ਦੇਖਾਂ ਤੇ ਆਪਣੇ ਆਪ ਨੂੰ ਵੀ ਪਛਾਣਾਂ।"

"ਤੂੰ ਵਾਹਿਗੁਰੂ ਸਰਬ-ਵਿਆਪੀ ਹੈਂ। ਹਰ ਵੇਲੇ, ਹਰ ਜਗ੍ਹਾ 'ਤੇ ਮੌਜੂਦ ਹੈਂ। ਤੂੰ ਨੂਰ ਹੀ ਨੂਰ ਹੈਂ, ਤੇਰੇ ਵਿਚ ਹਨੇਰਾ ਬਿਲਕੁਲ ਨਹੀਂ। ਮੈਂ ਉਸ ਨੂਰ ਵਿਚ ਤੇਰੀ ਇਕ ਕਿਰਨ ਬਣ ਕੇ ਚਮਕ ਰਿਹਾ ਹਾਂ। ਤੂੰ ਮੇਰੇ ਕੋਲੋਂ ਕਦੀ ਇਕ ਮਿੰਟ ਵਾਸਤੇ ਵੀ ਜੁਦਾ ਨਹੀਂ। ਤੂੰ ਆਪਣੀਆਂ ਕਿਰਨਾਂ ਨੂੰ ਆਪ ਪਾਲ ਰਿਹਾ ਹੈਂ। ਕੁਲ ਜ਼ਰੂਰਤ ਦੀਆਂ ਚੀਜ਼ਾਂ ਬਿਨਾਂ ਮੰਗੇ ਦੇ ਰਿਹਾ ਹੈਂ। ਮੈਂ ਜੋਤ ਹੋਣ

ਕਰ ਕੇ ਹਰ ਵੇਲੇ ਪੂਰਨ ਹਾਂ, ਕਿਸੇ ਚੀਜ਼ ਦੀ ਕਮੀ ਨਹੀਂ ਆਉਂਦੀ ਤੇ ਨਾ ਹੀ ਕਦੀ ਆਵੇਗੀ। ਤੂੰ ਬੇਅੰਤ ਹੈਂ, ਤੇ ਸਦਾ ਕਾਇਮ ਹੈਂ। ਤੇਰੀਆਂ ਦਾਤਾਂ ਵੀ ਬੇਅੰਤ ਤੇ ਸਦੀਵੀ ਹਨ।"

"ਦਾਤਾ ! ਮੇਰੀ ਇਹ ਭੁਲ ਠੀਕ ਕਰ ਕਿ ਮੈਂ ਤੈਨੂੰ ਦੂਰ ਤੇ ਗੈਰ-ਹਾਜ਼ਰ ਦੇਖ ਰਿਹਾ ਹਾਂ ਤੇ ਇਸ ਗਲਤੀ ਵਿਚ ਹਾਂ ਕਿ ਤੇਰੇ ਕੋਲੋਂ ਮੰਗ ਕਰਾਂਗਾ ਤਾਂ ਤੂੰ ਮੈਨੂੰ ਦਾਤਾਂ ਦੇਵੇਂਗਾ। ਨਹੀਂ, ਤੂੰ ਤਾਂ ਮਾਤਾ-ਪਿਤਾ ਹੈਂ। ਅਸੀਂ ਤੇਰੇ ਬੱਚੇ (ਕਿਰਨਾਂ) ਹਾਂ! ਤੂੰ ਆਪਣੇ ਪ੍ਰੇਮ ਵਿਚ ਮੈਨੂੰ ਆਪੇ ਹੀ ਪਾਲ ਰਿਹਾ ਹੈਂ।"

"ਤੂੰ ਮੇਰੇ ਵਿਚ ਮੌਜੂਦ ਹੈਂ ਅਤੇ ਤੇਰੀ ਅਕਲ ਨਾਲ, ਤੇਰੇ ਦਸੇ ਹੋਏ ਕੰਮ ਮੈਂ ਕਰ ਰਿਹਾ ਹਾਂ, ਮੇਰੀ ਸ਼ਕਤੀ ਵੀ ਤੂੰ ਹੈਂ ਤੇ ਮੈਨੂੰ ਰਸਤਾ ਵੀ ਤੂੰ ਹੀ ਦਸ ਰਿਹਾ ਹੈਂ। ਮੈਨੂੰ ਕਦੀ ਵੀ ਨਾਕਾਮਯਾਬੀ ਨਹੀਂ ਆ ਸਕਦੀ। ਤਰੱਕੀ ਹੀ ਤਰੱਕੀ ਤੇ ਵਾਧਾ ਹੀ ਵਾਧਾ ਹੈ। ਕੋਈ ਥੋੜ੍ਹ ਕਦੀ ਨਹੀਂ ਆ ਸਕਦੀ। ਤੇਰੀ ਮੌਜੂਦਗੀ ਮੇਰੇ ਕੋਲ ਹੋਣ ਨਾਲ ਅਮਿਤੀਆਂ ਦਾਤਾਂ ਹਰ ਵੇਲੇ ਮਿਲਦੀਆਂ ਰਹਿਣੀਆਂ ਜ਼ਰੂਰੀ ਹਨ।

ਖੁਸ਼ੀ ਦਾ ਦਿਨ

ਅਸੀਂ ਹਮੇਸ਼ਾਂ ਚਾਹੁੰਦੇ ਹਾਂ ਕਿ ਸਾਰਾ ਦਿਨ ਖੁਸ਼ੀ ਵਿਚ ਗੁਜ਼ਰੇ, ਪਰ ਐਸਾ ਕਦੀ ਵੀ ਨਹੀਂ ਹੁੰਦਾ। ਜੇਕਰ ਕੋਈ ਖੁਸ਼ੀ ਆਉਂਦੀ ਵੀ ਹੈ ਤਾਂ ਥੋੜ੍ਹੇ ਚਿਰ ਵਾਸਤੇ। ਹਮੇਸ਼ਾਂ ਦੀ ਖੁਸ਼ੀ ਦਾ ਇਸ ਦੁਨੀਆਂ ਵਿਚ ਨਾਮ ਹੀ ਨਹੀਂ। ਹੋਵੇ ਵੀ ਕਿਸ ਤਰ੍ਹਾਂ ? ਜਦ ਸਾਰੀ ਦੁਨੀਆਂ ਤੇ ਇਹਦੀ ਹਰ ਇਕ ਚੀਜ਼ ਹਰ ਘੜੀ ਬਦਲ ਰਹੀ ਹੈ, ਤਦ ਇਸ ਬਦਲਦੀ ਦੁਨੀਆਂ ਦੇ ਵਿਚ ਕਿਸੇ ਕਾਇਮ ਚੀਜ਼ ਦੀ ਭਾਲ ਕਰਨੀ ਜਾਂ ਉਮੀਦ ਕਰਨੀ ਸਿਵਾਏ ਮਾਯੂਸੀ ਦੇ ਹੋਰ ਕੀ ਨਤੀਜਾ ਲਿਆ ਸਕਦੀ ਹੈ ?

ਇਸ ਲੇਖ ਵਿਚ ਇਕ ਗੁਰਸਿੱਖ ਦੀ ਜ਼ਿੰਦਗੀ ਦਾ ਇਕ ਦਿਨ ਦਾ ਨਮੂਨਾ ਪੇਸ਼ ਕੀਤਾ ਜਾਂਦਾ ਹੈ, ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਜੇਕਰ ਕੋਈ ਸਦਾ ਦੀ ਖੁਸ਼ੀ ਭਾਲੇ ਤਾਂ ਜ਼ਰੂਰੀ ਹੈ ਕਿ ਉਹ ਨਾ ਬਦਲਣ ਵਾਲੇ ਤੇ ਹਮੇਸ਼ਾ ਇਕ-ਤਾਰ ਕਾਇਮ ਰਹਿਣ ਵਾਲੇ ਵਾਹਿਗੁਰੂ ਨਾਲ ਆਪਣੇ ਮਨ ਦੀ ਤਾਰ ਜੋੜੇ। ਇਸ ਤੋਂ ਸਿਵਾ ਹੋਰ ਲੱਖਾਂ ਕੋਸ਼ਿਸ਼ਾਂ ਕਰ ਲਵੇ, ਕਦੀ ਵੀ ਕਾਮਯਾਬੀ ਨਹੀਂ ਹੋ ਸਕਦੀ ਤੇ ਖੁਸ਼ੀ ਸਦਾ ਅਟੱਲ ਨਹੀਂ ਰਹਿ ਸਕਦੀ।

ਇਕ ਗੁਰਸਿੱਖ ਦਾ 'ਸਾਰਾ ਖੁਸ਼ ਦਿਨ' ਦਾ ਹਾਲ ਲਿਖਣ ਤੋਂ ਪਹਿਲਾਂ ਇਹ ਦਸਣਾ ਜ਼ਰੂਰੀ ਮਾਲੂਮ ਹੁੰਦਾ ਹੈ ਕਿ ਇਸ ਗੁਰਸਿੱਖ ਦਾ ਨਿਸਚਾ ਕੀ ਹੈ ? ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ, ਹਰ ਅੱਖਰ ਤੇ ਹਰ ਸ਼ਬਦ ਨੂੰ ਸਮਝ ਕੇ ਪੜ੍ਹਨਾ, ਵਾਰ-ਵਾਰ ਪੜ੍ਹਨਾ ਤੇ ਜਦ ਤਕ ਉਹਦੀ ਪੂਰੀ ਸਮਝ ਨਾ ਆ ਜਾਵੇ ਅਗੇ ਪਾਠ ਨਾ ਕਰਨਾ। ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਤੇ ਸ਼ੱਕ ਤੋਂ ਬਗੈਰ ਪੂਰਾ ਵਿਸ਼ਵਾਸ ਕਰਨਾ। ਉਥੇ ਦੱਸੇ ਹੋਏ ਨਿਯਮਾਂ ਤੇ ਅਸੂਲਾਂ ਨੂੰ ਪੂਰੀ ਤਰ੍ਹਾਂ ਯਾਦ ਕਰ ਲੈਣਾ ਤੇ ਸੁਰਤ ਵਿਚ ਬਿਠਾ ਲੈਣਾ ਅਤੇ ਸਾਰੇ ਦਿਨ ਦੇ ਕਾਰੋਬਾਰ ਦੀ ਵਰਤੋਂ ਵਿਚ ਲਿਆਉਣਾ। ਹਰ ਵੇਲੇ ਮੂੰਹ ਵਿਚ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਜਾਪ ਕਰਦੇ ਰਹਿਣਾ ਤੇ ਵਾਹਿਗੁਰੂ ਨੂੰ ਹਰ ਵੇਲੇ ਆਪਣੇ ਕੋਲ ਤੇ ਆਪਣੇ ਅੰਦਰ ਦੇਖਣਾ। ਉਸੇ ਨੂੰ ਸਭ ਕਾਰ-ਵਿਹਾਰ

ਦੇ ਰਾਹ ਤੇ ਮੱਤ ਦਸਣ ਵਾਲੀ ਸ਼ਕਤੀ ਸਮਝਣਾ। ਵਾਹਿਗੁਰੂ ਨੂੰ ਸਰਬ-ਵਿਆਪੀ ਦੇਖਣਾ ਤੇ ਕੁਲ ਮਨੁੱਖਾਂ ਨੂੰ ਉਹਦੀ ਜੋਤ ਦੇਖਣਾ ਤੇ ਹਰ ਪਾਸੇ ਅਮਨ ਤੇ ਚੈਨ ਦੇਖਣਾ। ਸਾਰੀ ਕੋਸ਼ਿਸ਼ ਇਸ ਗੁਰਸਿੱਖ ਦੀ ਇਹ ਹੈ ਕਿ ਉਹ ਇਸ ਹਨੇਰੀ ਦੁਨੀਆਂ ਨੂੰ ਵਾਹਿਗੁਰੂ ਦੇ ਨੂਰ ਨਾਲ ਰੌਸ਼ਨ ਕਰ ਕੇ, ਇਹਨੂੰ ਸਚਖੰਡ ਬਣਾ ਕੇ ਸਾਰਾ ਦਿਨ ਇਹਦੇ ਵਿਚ ਬਤੀਤ ਕਰੇ।

ਇਹ ਗੁਰਸਿੱਖ ਸਵੇਰੇ ਕੁਝ ਰਾਤ ਰਹਿੰਦੀ ਉਠਿਆ। ਨੀਂਦਰ ਖੁਲ੍ਹਣ ਤੇ ਅਜੇ ਬਿਸਤਰੇ ਵਿਚ ਹੈ, ਉਹਦੀ ਅਰਦਾਸ ਸ਼ੁਰੂ ਹੋ ਗਈ : 'ਸਤਿਨਾਮ ਸ੍ਰੀ ਵਾਹਿਗੁਰੂ ! ਦਾਤਾ ਤੂੰ ਮੇਰੇ ਕੋਲ ਹੈਂ। ਤੇਰੇ ਕੋਲ ਹੋਣ ਦੀ ਡਾਢੀ ਠੰਢ ਪੈ ਰਹੀ ਹੈ। ਸਾਰੀ ਰਾਤ ਦੀ ਮਿੱਠੀ ਨੀਂਦਰ ਵੀ ਤੂੰ ਹੀ ਸੈਂ। ਭੈੜੇ ਸੁਪਨਿਆਂ ਤੋਂ ਸਾਫ ਗਹਿਰੀ ਨੀਂਦ ਦਾ ਸ਼ੁਕਰ ਹੈ। ਤੂੰ ਹੁਣ ਆਪੇ ਹੀ ਜਗਾਇਆ ਹੈ, ਇਹ ਤੇਰੀ ਮਿਹਰ ਹੈ ਤੇ ਆਪੇ ਤੂੰ ਅੰਦਰ ਬੈਠ ਕੇ ਆਪਣੇ ਭਜਨ ਦਾ ਰਸਤਾ ਦਸ ਰਿਹਾ ਹੈਂ। ਇਸ ਨੀਂਦ ਦੇ ਅਨੰਦ ਵਿਚੋਂ ਕੱਢ ਕੇ ਹੁਣ ਭਜਨ ਦੇ ਮਹਾਂ-ਅਨੰਦ ਵਾਸਤੇ ਮੈਨੂੰ ਤਿਆਰ ਕੀਤਾ ਹੈ। ਤੇਰੀ ਮਿਹਰ ਹੈ, ਤੂੰ ਪਿਤਾ ਹੈਂ ਮਾਤਾ ਹੈਂ, ਤੇ ਤੇਰੇ ਸਹਾਰੇ ਤੇ ਮੈਂ ਚਲ ਰਿਹਾ ਹਾਂ।'

ਏਸ ਅਰਦਾਸ ਦੇ ਪਿਛੋਂ ਗੁਰਸਿੱਖ ਥੋੜੇ ਜੇਹੇ ਵਕਤ ਵਿਚ ਆਪਣੀਆਂ ਬਦਨੀ ਜ਼ਰੂਰਤਾਂ ਤੋਂ ਫ਼ਾਰਿਗ ਹੋ ਕੇ ਵਾਹਿਗੁਰੂ ਦੇ ਸਿਮਰਨ ਵਿਚ ਜੁੜ ਗਿਆ। ਕੀ ਉਸ ਨੇ ਸਿਮਰਨ ਕੀਤਾ ਤੇ ਕਿਸ ਤਰ੍ਹਾਂ ਕੀਤਾ ? ਇਹ ਉਹਦੇ ਦਿਲ ਨੂੰ ਹੀ ਪਤਾ ਹੈ। ਪਰ ਏਨਾ ਜ਼ਰੂਰ ਜਾਪਦਾ ਸੀ ਕਿ ਕੁਝ ਘੰਟਿਆਂ ਦੀ ਮੁਸ਼ੱਕਤ ਮਗਰੋਂ ਥਕੇਵੇਂ ਦੀ ਜਗ੍ਹਾ ਸਿਮਰਨ ਦੇ ਮਹਾਂ-ਅਨੰਦ ਨੇ ਹੋਰ ਵੀ ਰੰਗ ਪੈਦਾ ਕੀਤਾ। ਉਹਦੇ ਚਿਹਰੇ ਤੇ ਤਰੋ-ਤਾਜ਼ਗੀ, ਖ਼ੁਸ਼ੀ ਤੇ ਮਿਹਰ ਭਰੀ ਲਾਲੀ, ਮਨ ਵਿਚ ਚੈਨ ਤੇ ਬੇਫਿਕਰੀ, ਬਦਨ ਵਿਚ ਚੁਸਤੀ ਤੇ ਤਾਕਤ ਨਜ਼ਰ ਆਉਂਦੀ ਸੀ।

ਸਿਮਰਨ ਮਗਰੋਂ ਅਰਦਾਸ ਕੀਤੀ—'ਵਾਹਿਗੁਰੂ ਜੀ, ਤੇਰਾ ਬੜਾ ਸ਼ੁਕਰ ਹੈ, ਤੇਰੀਆਂ ਮਿਹਰਾਂ ਹਨ ਕਿ ਸਿਮਰਨ ਦੇ ਸਮੇਂ ਮੈਨੂੰ ਆਪਣੇ ਦਰਬਾਰ ਵਿਚ ਜਗ੍ਹਾ ਦੇ ਰਖੀ ਹੈ। ਸਚਖੰਡ ਦੇ ਨਜ਼ਾਰੇ ਨੇ ਮੇਰਾ ਮਨ ਬੜਾ ਠੰਢਾ ਕੀਤਾ ਹੈ, ਸਾਰਾ ਮਨ ਖ਼ੁਸ਼ੀ ਨਾਲ ਭਰ ਗਿਆ ਹੈ। ਸਚਖੰਡ ਵਿਚ ਬੈਠਿਆਂ ਮੇਰੀਆਂ ਕੁਲ ਜ਼ਰੂਰਤਾਂ ਪੂਰੀਆਂ ਹੋ ਗਈਆਂ ਹਨ, ਕਿਸੇ ਗੱਲ ਦੀ ਭੁਖ ਨਹੀਂ ਰਹੀ।'

'ਹੁਣ ਦੁਨਿਆਵੀ ਕਾਰ-ਵਿਹਾਰ ਦਾ ਵਕਤ ਸ਼ੁਰੂ ਹੋਣ ਲੱਗਾ ਹੈ। ਮਿਹਰ ਕਰੋ ਤੇ ਮੈਨੂੰ ਉਸੇ ਸੁਰਤ ਵਿਚ ਰਖੋ, ਜਿਹੜੀ ਸਿਮਰਨ ਵੇਲੇ ਮੈਨੂੰ ਬਖਸ਼ੀ ਸੀ। ਉਸੇ ਸੁਰਤ ਨਾਲ ਮੈਂ ਕਾਰ-ਵਿਹਾਰ ਕਰਾਂ ਤੇ ਉਸੇ ਤਰ੍ਹਾਂ ਹਰ ਪਾਸੇ

ਪੂਰਨਤਾਈ, ਖ਼ੁਸ਼ੀ, ਕਾਮਯਾਬੀ ਤੇ ਮਨ ਦਾ ਚੈਨ ਦਿਸੇ। ਮੈਂ ਦੁਨਿਆਵੀ ਮਾਇਆ ਦੀ ਸੁਰਤ ਤੋਂ ਦੂਰ ਰਹਾਂ।'

ਹਰ ਮਨੁੱਖ ਦਾ ਦੁਨੀਆਂ ਵਿਚ ਇਹ ਤਰੀਕਾ ਚਲਿਆ ਆਇਆ ਹੈ ਕਿ ਉਹ ਦੁਨਿਆਵੀ ਕਿਸੇ ਇਕ ਖ਼ੁਸ਼ੀ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦ ਤਕ ਉਹ ਖ਼ੁਸ਼ੀ ਜਾਂ ਉਮੀਦ ਪੂਰੀ ਨਾ ਹੋਵੇ, ਕੋਸ਼ਿਸ਼ ਵਧਾਂਦਾ ਜਾਂਦਾ ਹੈ। ਜਦ ਉਹ ਉਮੀਦ ਪੂਰੀ ਹੋ ਜਾਵੇ ਤਾਂ ਥੋੜਾ ਚਿਰ ਉਹਦੀ ਖ਼ੁਸ਼ੀ ਮਨਾ ਕੇ ਇਕ ਹੋਰ ਆਸ ਦੇ ਮਗਰ ਲੱਗ ਜਾਂਦਾ ਹੈ। ਪਹਿਲੀ ਖ਼ੁਸ਼ੀ ਨੂੰ ਭੁਲ ਜਾਂਦਾ ਹੈ, ਭਾਵੇਂ ਉਸ ਖ਼ੁਸ਼ੀ ਦਾ ਫਲ ਆਪਣੇ ਕੋਲ ਮੌਜੂਦ ਵੀ ਰਹੇ। ਇਸੇ ਤਰ੍ਹਾਂ ਹਰ ਨਵੀਂ ਆਸ ਦੇ ਮਗਰ ਲੱਗਣਾ ਤੇ ਆਸ ਪੂਰੀ ਹੋਣ ਤੇ ਉਹਨੂੰ ਭੁਲ ਜਾਣਾ ਤੇ ਨਵੇਂ ਫਿਕਰ ਅਤੇ ਆਸ ਦੇ ਮਗਰ ਲਗ ਕੇ ਉਥੇ ਕਾਮਯਾਬੀ ਤੇ ਖ਼ੁਸ਼ੀ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਉਹਦਾ ਇਕ ਸੁਭਾਅ ਅਤੇ ਆਦਤ ਬਣ ਜਾਂਦੀ ਹੈ। ਇਹ ਦੌੜ-ਭੱਜ ਸਾਰੀ ਉਮਰ ਲਗੀ ਰਹਿੰਦੀ ਹੈ ਤੇ ਚੈਨ ਨਾਲ ਬੈਠਣ ਨਹੀਂ ਦਿੰਦੀ।

ਇਸ ਗੁਰਸਿੱਖ ਨੇ ਇਸ ਹਰ ਵੇਲੇ ਦੀ ਦੌੜ ਭੱਜ ਨੂੰ ਇਸ ਤਰ੍ਹਾਂ ਕਾਬੂ ਕੀਤਾ ਹੋਇਆ ਸੀ। ਇਹ ਕੁਲ ਖ਼ੁਸ਼ੀਆਂ ਤੇ ਕਾਮਯਾਬੀਆਂ, ਜੋ ਅਜ ਤਕ ਹੋ ਚੁਕੀਆਂ ਸਨ ਤੇ ਉਹਨਾਂ ਦਾ ਫਲ ਮੌਜੂਦ ਸੀ, ਊਨ੍ਹਾਂ ਨੂੰ ਵਾਹਿਗੁਰੂ ਦੀ ਕਿਰਪਾ ਦਾ ਨਤੀਜਾ ਸਮਝਦਾ ਸੀ, ਆਪਣੀਆਂ ਕੋਸ਼ਿਸ਼ਾਂ ਦਾ ਫਲ ਨਹੀਂ ਸੀ ਸਮਝਦਾ। ਹਰ ਰੋਜ਼ ਸਾਰੀਆਂ ਕਾਮਯਾਬੀਆਂ ਨੂੰ ਯਾਦ ਕਰ ਕੇ ਵਾਹਿਗੁਰੂ ਦਾ ਸ਼ੁਕਰ ਕਰਦਾ ਸੀ ਤੇ ਆਪਣੇ ਗਿਰਦ ਖ਼ੁਸ਼ੀਆਂ ਇਕੱਠੀਆਂ ਕਰ ਕੇ ਬੜਾ ਅਨੰਦ ਮਾਣਦਾ ਸੀ ਅਤੇ ਇਹ ਅਨੰਦ ਸਾਰਾ ਦਿਨ ਉਸ ਦਾ ਦਿਲ ਖ਼ੁਸ਼ ਰਖਦਾ ਸੀ।

ਜਿਹੜੀਆਂ ਗੁੰਝਲਾਂ ਅਤੇ ਔਖੇ ਕੰਮ ਦਿਨ ਵਿਚ ਇਸ ਗੁਰਸਿੱਖ ਨੂੰ ਦਿਸਦੇ ਸਨ, ਉਹਨਾਂ ਨੂੰ ਦੇਖ ਕੇ ਘਬਰਾਉਂਦਾ ਨਹੀਂ ਸੀ। ਉਹਨੂੰ ਪਤਾ ਸੀ ਕਿ ਇਹ ਮਾਇਆ ਦੇ ਝੂਠੇ ਤੇ ਕਮਜ਼ੋਰ ਰੰਗ ਹਨ, ਜਿਹੜੇ ਕਿ ਵਾਹਿਗੁਰੂ ਜੀ ਦੀ ਰੌਸ਼ਨੀ ਨਾਲ ਆਪਣਾ ਰੰਗ ਫੌਰਨ ਬਦਲ ਕੇ ਬਦ-ਰੰਗ ਤੋਂ ਖ਼ੁਸ਼ ਰੰਗ ਹੋ ਜਾਂਦੇ ਹਨ। ਇਸ ਵਾਸਤੇ ਉਹ ਵਾਹਿਗੁਰੂ ਦੀ ਜੋਤ ਨੂੰ ਹਰ ਵਕਤ ਆਪਣੇ ਅੰਦਰ ਮੌਜੂਦ ਦੇਖਦਾ ਸੀ ਤੇ ਸਭਨਾਂ ਕੰਮਾਂ ਵਿਚ ਉਹਦਾ ਹੀ ਹਥ ਕੰਮ ਕਰਦਾ ਪ੍ਰਤੀਤ ਕਰਦਾ ਸੀ। ਉਸ ਨੂੰ ਇਸ ਵਾਸਤੇ ਗੁੰਝਲਾਂ ਨੂੰ ਸੁਲਝਾਣ ਵਿਚ ਕੋਈ ਦਿੱਕਤ ਪੇਸ਼ ਨਹੀਂ ਸੀ ਆਉਂਦੀ। ਸਭਨਾਂ ਕੰਮਾਂ ਨੂੰ ਵਾਹਿਗੁਰੂ ਦੇ ਕੰਮ ਸਮਝਦਾ ਸੀ। ਜਿਸ ਤਰ੍ਹਾਂ ਵਾਹਿਗੁਰੂ ਆਪਣੇ ਕੰਮ ੨੪ ਘੰਟੇ ਜਾਰੀ ਰਖਦਾ ਹੈ ਤੇ ਥੱਕਦਾ ਨਹੀਂ,

ਅਰਾਮ ਦੀ ਲੋੜ ਮਹਿਸੂਸ ਨਹੀਂ ਕਰਦਾ ਤੇ ਆਪਣੇ ਹਰ ਕੰਮ ਵਿਚ ਅਨੰਦ ਵਧਾਂਦਾ ਹੈ, ਇਸੇ ਤਰ੍ਹਾਂ ਇਹ ਗੁਰਸਿੱਖ ਵੀ ਹਰ ਕੰਮ ਕਰਨ ਵਿਚ ਅਨੰਦ ਦੇਖਦਾ ਸੀ ਤੇ ਥਕੇਵੇਂ ਦੇ ਖਿਆਲ ਨੂੰ ਕੋਲ ਨਹੀਂ ਸੀ ਆਉਣ ਦੇਂਦਾ। ਹਰ ਵਕਤ ਇਸ ਦਾ ਮਨ ਇਕੋ ਅਨੰਦ ਦੇ ਟਿਕਾਣੇ ਵਿਚ ਰਹਿੰਦਾ ਸੀ। ਘਬਰਾਹਟ, ਗੁੱਸਾ, ਬੇਚੈਨੀ ਤੇ ਮਾਯੂਸੀ ਆਦਿ ਮਨ ਨੂੰ ਹਿਲਾ ਦੇਣ ਵਾਲੀਆਂ ਖਰਾਬੀਆਂ ਨੂੰ ਨੇੜੇ ਨਹੀ ਸੀ ਆਉਣ ਦਿੰਦਾ। ਇਹ ਸਾਰੇ ਮਾਇਆ ਦੇ ਰੰਗ, ਜੋ ਕਾਲੇ ਹਨੇਰੇ ਦੇ ਪਲੇ ਹੋਏ ਹਨ, ਗੁਰਸਿੱਖ ਕੋਲ ਆਉਣ ਵੀ ਕਿਸ ਤਰ੍ਹਾਂ ? ਕਿਉਂਕਿ ਗੁਰਸਿੱਖ ਦੇ ਅੰਦਰ ਤੇ ਬਾਹਰ ਵਾਹਿਗੁਰੂ ਦੇ ਨੂਰ ਦਾ ਪ੍ਰਕਾਸ਼ ਸੀ। ਕਾਲੀਆਂ ਹਨੇਰੀਆਂ ਮਾਇਆ ਦੀਆਂ ਸ਼ਕਲਾਂ ਜੇ ਉਥੇ ਆ ਜਾਣ ਤਾਂ ਸੜ ਜਾਣਗੀਆਂ ਬਰਬਾਦ ਹੋ ਜਾਣਗੀਆਂ, ਇਸ ਵਾਸਤੇ ਡਰ ਦੇ ਮਾਰੇ ਪਰ੍ਹੇ-ਪਰ੍ਹੇ ਹੀ ਰਹਿੰਦੀਆਂ ਸਨ।

ਇਸ ਗੁਰਸਿੱਖ ਨੂੰ ਗਿਆਨ ਸੀ ਕਿ ਮੇਰੀ ਆਮਦਨੀ ਦੀ ਸਹਾਰਾ ਮੇਰਾ ਕਾਰੋਬਾਰ ਨਹੀਂ, ਕੰਮ ਜ਼ਰੂਰ ਕਰਨਾ ਹੈ ਤੇ ਉਹ ਵਾਹਿਗੁਰੂ ਦਾ ਕੰਮ ਸਮਝ ਕੇ ਕਰਨਾ ਹੈ। ਉਹ ਕੰਮ ਵਿਚ ਲੋਕਾਂ (ਵਾਹਿਗੁਰੂ ਦੇ ਬਚਿਆਂ) ਨੂੰ ਰਿਆਇਤ ਕਰਨ ਤੋਂ ਨਹੀ ਸੀ ਝਿਜਕਦਾ। ਆਪਣਾ ਮੁਨਾਫਾ ਮਿਲੇ ਜਾਂ ਨਾ ਮਿਲੇ, ਵਾਜਬ ਮੌਕੇ ਤੇ ਜ਼ਰੂਰ ਬੜੀਆਂ-ਬੜੀਆਂ ਰਿਆਇਤਾਂ ਕਰਦਾ ਸੀ। ਇਹਨਾਂ ਰਿਆਇਤਾਂ ਦੇ ਬਦਲੇ ਲੋਕਾਂ ਦੀ ਅਸੀਸ ਤੇ ਹਮਦਰਦੀ ਦੀ ਖ਼ੁਸ਼ੀ ਫੌਰਨ ਸ਼ਕਲ ਬਦਲ ਕੇ ਬਰਕਤ ਦੀ ਸੂਰਤ ਵਿਚ ਉਹਦੇ ਕਾਰੋਬਾਰ ਵਿਚ ਪ੍ਰਗਟ ਹੁੰਦੀ ਸੀ। ਉਸ ਗੁਰਸਿੱਖ ਦੀਆਂ ਜ਼ਰੂਰਤਾਂ ਤੋਂ ਬਹੁਤ ਜ਼ਿਆਦਾ ਮੁਨਾਫਾ ਨਿਕਲਦਾ ਸੀ। ਕੰਮ ਵਿਚ ਗੁੰਝਲਾਂ ਤੇ ਮੁਸ਼ਕਲਾਂ ਅਵਲ ਤਾਂ ਪੈਂਦੀਆਂ ਹੀ ਨਹੀਂ ਸਨ ਤੇ ਜੇਕਰ ਪੈਣ ਵੀ ਤਦ ਬੜੀ ਜਲਦੀ ਦੂਰ ਹੋ ਜਾਂਦੀਆਂ ਸਨ। ਉਹ ਇਹਨਾਂ ਗੁੰਝਲਾਂ ਤੇ ਮੁਸ਼ਕਲਾਂ ਨੂੰ ਝੂਠੀ ਮਾਇਆ ਦੇ ਕਚੇ ਤੇ ਕਮਜ਼ੋਰ ਰੰਗ ਸਮਝਦਾ ਸੀ ਤੇ ਇਹਨਾਂ ਨੂੰ ਡਰਾਉਣੇ ਦਰਜੇ ਤਕ ਉੱਚਾ ਹੋਣ ਤੋਂ ਪਹਿਲਾਂ ਹੀ ਨਾਮ ਦੇ ਨੂਰ ਵਿਚ ਇਹਨਾਂ ਹਨੇਰੇ ਕਾਲੇ ਰੰਗਾਂ ਨੂੰ ਉਡਾ ਦੇਂਦਾ ਸੀ। ਜਿਥੇ ਵਾਹਿਗੁਰੂ ਹਾਜ਼ਰ ਹੋਵੇ, ਉਥੇ ਮਾਇਆ ਜਿਉਂਦੀ ਰਹਿ ਹੀ ਨਹੀਂ ਸਕਦੀ, ਇਹ ਉਹ ਗੁਰਸਿੱਖ ਦਾ ਮੰਤਰ ਸੀ। ਆਪਣੇ ਵਪਾਰ ਵਿਚ ਡੂੰਘੀਆਂ ਸੋਚਾਂ ਦੀ ਲੋੜ ਹਟ ਗਈ ਸੀ। ਵਾਹਿਗੁਰੂ ਨੂੰ ਅੰਦਰ ਮੌਜੂਦ ਦੇਖਣ ਨਾਲ ਹਰ ਵਪਾਰੀ ਮਸਲੇ ਦਾ ਉਪਾਓ ਬਣਿਆ ਬਣਾਇਆ ਨਾਲ ਹੀ ਆ ਜਾਂਦਾ ਸੀ।

ਇਸ ਤਰ੍ਹਾਂ ਇਸ ਗੁਰਸਿੱਖ ਦਾ ਸਾਰਾ ਦਿਨ ਖ਼ੁਸ਼ੀ ਅਤੇ ਅਨੰਦ ਵਿਚ ਗੁਜ਼ਰਦਾ ਸੀ।

ਮੇਰੇ ਪਿਆਰੇ ਪਾਠਕੋ ! ਇਹ ਲੇਖ ਨਿਰਾ ਖ਼ਿਆਲੀ ਨਹੀਂ, ਬਲਕਿ ਇਸ ਦੀ ਬੁਨਿਆਦ ਬਿਲਕੁਲ ਅਸਲੀਅਤ ਤੇ ਸੱਚ ਉਤੇ ਹੈ—ਆਤਮ ਸਾਇੰਸ ਦਾ ਫੈਸਲਾ ਹੈ ਕਿ ਵਾਹਿਗੁਰੂ ਦੀ ਸ਼ਰਨ ਤੋਂ ਬਿਨਾਂ ਲਗਾਤਾਰ ਖ਼ੁਸ਼ੀ ਦੀ ਜ਼ਿੰਦਗੀ ਕੋਈ ਨਹੀਂ ਗੁਜ਼ਾਰ ਸਕਦਾ। ਜਲਦੀ ਜਾਂ ਦੇਰ ਨਾਲ ਉਸ ਦਾ ਇਸ ਪਾਸੇ ਆਉਣਾ ਜ਼ਰੂਰੀ ਹੈ। ਮਾਇਆ ਦੇ ਝੂਠੇ ਰੰਗਾਂ ਨੇ ਕਦੀ ਵੀ ਆਪਣਾ ਸਾਥ ਕਾਇਮ ਨਹੀਂ ਰਖਿਆ। ਇਸ ਦੇ ਉਪਰ ਇਤਬਾਰ ਤੇ ਸਹਾਰਾ ਕਰਨ ਵਾਲੇ ਨੂੰ ਮਾਯੂਸੀ ਦਾ ਮੂੰਹ ਵੇਖਣਾ ਹੀ ਪਵੇਗਾ।

ਅਰਦਾਸ

ਸਾਡੀਆਂ ਅਰਦਾਸਾਂ ਵਾਹਿਗੁਰੂ ਅਗੇ ਕਿਉਂ ਨਹੀਂ ਪੂਰੀਆਂ ਹੁੰਦੀਆਂ ਤੇ ਕਿਉਂ ਨਹੀਂ ਮੰਨੀਆਂ ਜਾਂਦੀਆਂ ? ਇਹਦਾ ਵਡਾ ਕਾਰਨ ਇਹ ਹੈ ਕਿ ਅਸੀਂ ਅਰਦਾਸ ਇਕ ਐਸੇ ਵਾਹਿਗੁਰੂ ਦੇ ਅਗੇ ਪੇਸ਼ ਕਰਦੇ ਹਾਂ, ਜਿਸ ਦੀ ਸਾਨੂੰ ਵਾਕਫੀਅਤ ਹੀ ਨਹੀਂ। ਇਕ ਸੁਣੇ-ਸੁਣਾਈ ਦਾ ਵਾਹਿਗੁਰੂ ਬਣਾਇਆ ਹੋਇਆ ਹੈ ਤੇ ਆਪਣੇ ਤਜਰਬੇ ਅਨੁਸਾਰ ਉਹਦਾ ਸਰੂਪ ਅਸੀਂ ਬਦਲਦੇ ਰਹਿੰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਬੇਵਕਤ ਮੌਤਾਂ ਲਿਆ ਕੇ ਘਰਾਣੇ ਦੀ ਤਬਾਹੀ ਦਾ ਕਾਰਨ ਵੀ ਉਹੀ ਹੈ ਤੇ ਬੀਮਾਰੀ ਵੀ ਉਹੋ ਲਿਆਉਂਦਾ ਹੈ। ਅਮੀਰੀ ਵੀ ਉਹੋ ਦੇਂਦਾ ਹੈ ਤੇ ਗਰੀਬੀ ਵਿਚੋਂ ਵੀ ਉਹੋ ਬਾਹਰ ਨਿਕਲਣ ਨਹੀਂ ਦੇਂਦਾ ਅਤੇ ਹੋਰ ਇਸੇ ਤਰ੍ਹਾਂ ਦੇ ਬਹੁਤ ਸਾਰੇ ਜ਼ੁਲਮ ਤੇ ਤਕਲੀਫਾਂ ਦਾ ਕਾਰਨ ਉਸੇ ਨੂੰ ਬਣਾਇਆ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਪੜ੍ਹਨ ਨਾਲ ਪਤਾ ਲਗਦਾ ਹੈ ਕਿ ਵਾਹਿਗੁਰੂ ਦਾ ਇਹ ਸਾਡਾ ਬਣਾਇਆ ਹੋਇਆ ਸਰੂਪ ਤਾਂ ਬਿਲਕੁਲ ਗਲਤ ਹੈ। ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ, ਬਖਸ਼ਣਹਾਰ ਹੈ, ਦਾਤਾਰ ਹੈ, ਕ੍ਰਿਪਾਲੂ ਹੈ ਤੇ ਦਿਆਲੂ ਹੈ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ। ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।

ਜਦ ਅਸੀਂ ਆਪਣੇ ਧਿਆਨ ਵਿਚ ਇਕ ਗਲਤ ਸਰੂਪ ਬਣਾ ਕੇ ਉਸ ਦੇ ਅਗੇ ਅਰਦਾਸਾਂ ਕਰਦੇ ਹਾਂ ਤਾਂ ਉਹ ਵਾਹਿਗੁਰੂ ਤਕ ਕਿਵੇਂ ਪੁਜਣ ? ਅਸੀਂ ਆਪਣੇ ਮਨ ਦੀ ਤਾਰ ਰਾਹੀਂ ਵਾਹਿਗੁਰੂ ਨੂੰ ਕੁਝ ਕਹਿੰਦੇ ਹਾਂ ਪਰ ਤਾਰ ਤੇ ਪਤਾ ਗਲਤ ਲਿਖ ਦੇਂਦੇ ਹਾਂ, ਤਦ ਫੇਰ ਉਸ ਤਾਰ ਦੇ ਟਿਕਾਣੇ ਸਿਰ ਪਹੁੰਚਣ ਦੀ ਕਿਸ ਤਰ੍ਹਾਂ ਉਮੀਦ ਕਰ ਸਕਦੇ ਹਾਂ ? ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਸਮਝੀਏ ਤੇ ਜਿਨ੍ਹਾਂ ਸੰਤਾਂ ਨੇ ਵਾਹਿਗੁਰੂ ਦੇ ਦਰਸ਼ਨ ਕਰ ਕੇ ਉਸ ਦਾ ਸਰੂਪ, ਸੁਭਾਅ ਤੇ ਗੁਣ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

ਦਸੇ ਹਨ, ਉਹਦੇ ਮੁਤਾਬਕ ਵਾਹਿਗੁਰੂ ਦਾ ਸਰੂਪ ਆਪਣੇ ਧਿਆਨ ਵਿਚ ਬਿਠਾਈਏ। ਜਿਉਂ-ਜਿਉਂ ਇਹ ਸਰੂਪ ਦਰੁਸਤ ਬਣੇਗਾ, ਵਾਹਿਗੁਰੂ ਇਕ ਪਿਆਰੀ ਅਨੰਦ ਦੇਣ ਵਾਲੀ ਚੀਜ਼ ਮਲੂਮ ਹੋਵੇਗਾ ਤੇ ਉਹਦੇ ਅਗੇ ਅਰਦਾਸ ਕਰਨ ਲਗਿਆਂ ਇਹ ਦਿਸੇਗਾ ਕਿ ਇਹ ਅਰਦਾਸ ਜ਼ਰੂਰ ਕਬੂਲ ਹੋਵੇਗੀ ਅਤੇ ਦਰਅਸਲ ਐਸਾ ਹੀ ਹੋਵੇਗਾ। ਅਰਦਾਸ ਪੂਰੀ ਹੋਣ ਤੋਂ ਬਗੈਰ ਰਹਿ ਹੀ ਨਹੀਂ ਸਕਦੀ। ਪਰ ਵਾਹਿਗੁਰੂ ਅਤੇ ਆਪਣੇ ਆਪ ਦਾ ਰਿਸ਼ਤਾ ਸਮਝਣਾ ਜ਼ਰੂਰੀ ਹੈ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ।
(ਬਿਲਾਵਲੁ ਮਹਲਾ ੫)

ਅਰਦਾਸ ਵਿਚ ਵਾਹਿਗੁਰੂ ਨੂੰ ਸਰਬ-ਸ਼ਕਤੀਮਾਨ, ਪੂਰੇ ਵਿਸ਼ਵਾਸ ਨਾਲ ਦੇਖਣਾ ਤੇ ਸਮਝਣਾ ਜ਼ਰੂਰੀ ਹੈ। ਅਰਦਾਸ ਭਾਵੇਂ ਉਚੀ ਕਰੀਏ, ਭਾਵੇਂ ਦਿਲ ਵਿਚ ਕਰੀਏ, ਵਾਹਿਗੁਰੂ ਸਭ ਜਾਣਦਾ ਹੈ। ਖ਼ਾਹਿਸ਼ਾਂ ਦੇ ਮਨ ਵਿਚ ਆਉਂਦਿਆਂ ਹੀ ਵਾਹਿਗੁਰੂ ਨੂੰ ਖ਼ਬਰ ਹੋ ਜਾਂਦੀ ਹੈ। ਆਪਣੀਆਂ ਖ਼ਾਹਿਸ਼ਾਂ ਵਾਹਿਗੁਰੂ ਨੂੰ ਸੌਂਪ ਕੇ ਤੇ ਉਹਦੀ ਮਰਜ਼ੀ ਤੇ ਛੱਡ ਦੇਣ ਨਾਲ ਕੋਈ ਘਾਟਾ ਹੋਣ ਦੀ ਉਮੀਦ ਨਾ ਕਰੋ। ਉਹ ਮਾਤਾ-ਪਿਤਾ ਹੈ। ਵਾਹਿਗੁਰੂ ਖ਼ਾਹਿਸ਼ ਦੇ ਪਹੁੰਚਦਿਆਂ ਹੀ ਉਹਦੇ ਖ਼ਰਾਬ ਭਾਗਾਂ ਨੂੰ ਵਿਚੋਂ ਕੱਢ ਕੇ ਫੇਰ ਮੰਨਜ਼ੂਰੀ ਦੇਂਦਾ ਹੈ। ਉਹਨੂੰ ਪਤਾ ਹੈ ਕਿ ਮੇਰੇ ਬੱਚੇ ਮਾਇਆ ਦੇ ਹਨੇਰੇ ਵਿਚ ਬੈਠੇ ਹੋਏ ਗਲਤੀਆਂ ਕਰਦੇ ਹਨ। ਜੇਕਰ ਗਲਤੀ ਨਾ ਕਢੀ ਗਈ ਤਾਂ ਖ਼ਾਹਿਸ਼ ਪੂਰੀ ਹੋਣ ਤੇ ਸੁਖ ਦੀ ਥਾਂ ਦੁਖਦਾਈ ਹੋ ਜਾਵੇਗੀ, ਇਸ ਕਰ ਕੇ ਮੰਨਜ਼ੂਰੀ ਤੋਂ ਪਹਿਲਾਂ ਵਾਹਿਗੁਰੂ ਦਰੁਸਤੀ ਕਰ ਦੇਂਦਾ ਹੈ। ਅਰਦਾਸ ਦੀ ਬੁਨਿਆਦ ਜੇਕਰ ਸਚਾਈ ਤੇ ਹੋਵੇਗੀ ਤਦ ਉਹ ਵਾਹਿਗੁਰੂ ਦੇ ਦਰਬਾਰ ਤੋਂ ਖ਼ਾਲੀ ਨਹੀਂ ਮੁੜੇਗੀ।

ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ, ਮਾਤਾ-ਪਿਤਾ ਵਾਲਾ ਪ੍ਰੇਮ ਹੈ। ਇਸ ਪ੍ਰੇਮ ਵਿਚ ਕੁਝ ਅਦਲਾ-ਬਦਲੀ ਦੀ ਉਮੀਦ ਨਹੀਂ ਹੋ ਸਕਦੀ। ਉਹਦੇ ਪ੍ਰੇਮ ਵਿਚ ਸ਼ੱਕ ਕਰਨਾ ਇਕ ਮਹਾਂ-ਗਲਤੀ ਹੈ, ਜਿਹੜੀ ਵਾਹਿਗੁਰੂ ਨਾਲੋਂ ਵਿਛੋੜ ਕੇ ਰਖਦੀ ਹੈ। ਮਾਇਆ ਦੀ ਇਹ ਆਵਾਜ਼ ਕਿ ਵਾਹਿਗੁਰੂ ਮੁਸੀਬਤਾਂ ਵੀ ਤਾਂ ਭੇਜਦਾ ਹੈ, ਬਿਲਕੁਲ ਝੂਠੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹਦੀ ਗਵਾਹੀ ਨਹੀਂ ਮਿਲਦੀ, ਸਗੋਂ ਇਹ ਗਵਾਹੀ ਮਿਲਦੀ ਹੈ :-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।

ਵਾਹਿਗੁਰੂ ਨੂੰ ਭੁਲਣਾ ਗੋਇਆ ਕਿ ਮਾਇਆ ਵਿਚ ਦਾਖ਼ਲ ਹੋਣਾ ਹੈ ਤੇ ਮਾਇਆ ਕੁਲ ਤਕਲੀਫ਼ਾਂ ਦਾ ਘਰ ਹੈ। ਵਾਹਿਗੁਰੂ ਦੇ ਪ੍ਰੇਮ ਵਿਚ ਰਹਿਣਾ ਅਨੰਦ

ਹੀ ਅਨੰਦ ਹੈ ਤੇ ਉਹਨੂੰ ਗੈਰ-ਹਾਜ਼ਰ ਸਮਝ ਕੇ ਰਹਿਣ ਵਿਚ ਤਕਲੀਫਾਂ ਹੀ ਤਕਲੀਫਾਂ ਹਨ।

ਇਹ ਕਦੀ ਵੀ ਖ਼ਿਆਲ ਵਿਚ ਨਹੀਂ ਲਿਆਉਣਾ ਚਾਹੀਦਾ ਕਿ ਪਰਮੇਸ਼ਰ ਕਿਉਂਕਿ ਪ੍ਰੇਮ ਹੀ ਪ੍ਰੇਮ ਹੈ, ਇਸ ਕਰ ਕੇ ਸਾਡੇ ਪਾਪਾਂ ਦੀ ਸਜ਼ਾ ਨਹੀਂ ਮਿਲੇਗੀ ਤੇ ਅਸੀਂ ਬਖ਼ਸ਼ਾ ਲਵਾਂਗੇ। ਵਾਹਿਗੁਰੂ ਦੇ ਅਸੂਲ ਪੂਰੇ ਹਨ। ਸਜ਼ਾ ਦੀ ਮੁਆਫੀ ਉਸ ਨੂੰ ਹੁੰਦੀ ਹੈ, ਜਿਹੜਾ ਪਸ਼ਚਾਤਾਪ ਕਰ ਕੇ ਆਪਣੇ ਅੰਦਰੋਂ ਪਾਪ ਨੂੰ ਕੱਢ ਦੇਵੇ, ਉਸ ਵਿਚ ਪਾਪ ਕਰਨ ਦੀ ਰੁਚੀ ਨਾ ਰਹੇ, ਦਿਲੋਂ ਪਾਪ ਲਈ ਨਫਰਤ ਹੋ ਜਾਵੇ। ਜਦ ਤਨ ਇਸ ਤਰ੍ਹਾਂ ਸਾਫ ਹੋ ਜਾਵੇ ਤਾਂ ਸਜ਼ਾ ਦੀ ਮੁਆਫੀ ਹੋਣੀ ਜ਼ਰੂਰੀ ਹੈ। ਪਾਪ ਦੀ ਸਜ਼ਾ ਭਾਵੇਂ ਇਕ ਵੇਰ ਭੁਗਤ ਵੀ ਲਈ ਹੋਵੇ, ਪਰ ਪਾਪ ਦੇ ਫੇਰ ਕਰਨ ਦਾ ਖ਼ਿਆਲ ਮੌਜੂਦ ਰਹੇ ਤਦ ਸਜ਼ਾ ਜਾਰੀ ਰਹੇਗੀ। ਸਿਰਫ਼ ਪਾਪ ਦੇ ਹਿਰਦੇ ਵਿਚੋਂ ਖ਼ਤਮ ਹੋਣ ਤੇ ਹੀ ਸਜ਼ਾ ਖ਼ਤਮ ਹੋ ਜਾਂਦੀ ਹੈ, ਭਾਵੇਂ ਸਜ਼ਾ ਕੁਲ ਭੁਗਤੀ ਹੋਵੇ ਜਾਂ ਨਾ ਭੁਗਤੀ ਹੋਵੇ। ਵਾਹਿਗੁਰੂ ਸਜ਼ਾ ਦੀ ਮੁਆਫੀ ਦੇਣ ਤੋਂ ਪਹਿਲਾਂ ਪਾਪ ਦਾ ਬੀਜ ਨਾਸ ਕਰ ਦੇਂਦਾ ਹੈ!

ਉਹ ਅਰਦਾਸ ਵਾਹਿਗੁਰੂ ਕੋਲ ਮੰਨਜ਼ੂਰ ਹੁੰਦੀ ਹੈ, ਜਿਹੜੀ ਸੱਚੇ ਦਿਲ ਤੇ ਨੇਕ ਇਰਾਦੇ ਨਾਲ ਕੀਤੀ ਜਾਵੇ। ਖ਼ੁਦਗਰਜ਼ੀ, ਫਰੇਬ, ਕਮੀਨਾਪਨ, ਗੁੱਸਾ ਆਦਿ ਬੁਰਿਆਈਆਂ ਦੀਆਂ ਭਰੀਆਂ ਅਰਦਾਸਾਂ ਵਾਹਿਗੁਰੂ ਤਕ ਨਹੀਂ ਪਹੁੰਚ ਸਕਦੀਆਂ।

ਵਾਹਿਗੁਰੂ ਸਰਬ-ਵਿਆਪੀ ਹੈ

ਘਟਿ ਘਟਿ ਰਵਿ ਰਹਿਆ ਬਨਵਾਰੀ।
ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ।
(ਸੋਰਠ ਮਹਲਾ ੫)

ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ।
ਆਪੇ ਹੀ ਰਾਜਨੁ ਆਪ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ।
(ਬਿਲਾਵਲ ਮਹਲਾ ੫)

ਗੁਰੂ ਗ੍ਰੰਥ ਸਾਹਿਬ ਵਿਚ ਵਾਰ-ਵਾਰ ਜ਼ਿਕਰ ਹੈ ਕਿ "ਵਾਹਿਗੁਰੂ ਸਰਬ-ਵਿਆਪੀ ਹੈ' ਤੇ ਅਸੀਂ ਕਰੀਬਨ ਇਹੋ ਖ਼ਿਆਲ ਹਰ ਰੋਜ਼ ਪੜ੍ਹਦੇ ਹਾਂ, ਪਰ ਅਮਲੀ ਤੌਰ ਤੇ 'ਸਰਬ-ਵਿਆਪੀ' ਦੇਖਣ ਦੀ ਨਾ ਤਾਂ ਕੋਸ਼ਿਸ਼ ਕੀਤੀ ਹੈ ਅਤੇ ਨਾ ਹੀ ਸੁਰਤ ਨੂੰ ਵਾਹਿਗੁਰੂ 'ਸਰਬ-ਵਿਆਪੀ' ਭਾਸਿਆ ਹੈ। ਜੇ ਸਰਬ-ਵਿਆਪੀ ਦੀ ਸਮਝ ਆ ਜਾਵੇ ਤੇ ਸਰਬ-ਵਿਆਪੀ ਦਿਸੇ ਤਾਂ ਉਹਦੇ ਨਤੀਜੇ ਵਜੋਂ ਬੁਢ੍ਹ, ਬੀਮਾਰੀ, ਬੇਚੈਨੀ, ਫ਼ਿਕਰ, ਗ਼ਮ ਆਦਿ ਦਾ ਦੂਰ ਹੋ ਜਾਣਾ ਤੇ ਇਹਨਾਂ ਬੁਰਾਈਆਂ ਦੀ ਥਾਂ ਤੇ ਸਿਹਤ, ਅਮ੍ਰਿਤਾਈਆਂ ਦਾਤਾਂ, ਚੈਨ, ਖ਼ੁਸ਼ੀ ਆਦਿ ਦਾ ਜ਼ਾਹਿਰ ਹੋਣਾ ਜ਼ਰੂਰੀ ਹੈ। ਜੇਕਰ ਇਹ ਭਲਾਈਆਂ ਜ਼ਾਹਿਰ ਨਹੀਂ ਹੁੰਦੀਆਂ ਤਾਂ ਸਮਝੋ ਕਿ ਅਜੇ ਵਾਹਿਗੁਰੂ ਨੂੰ 'ਸਰਬ-ਵਿਆਪੀ' ਸਮਝਣ ਤੇ ਦੇਖਣ ਦੀ ਜਾਚ ਨਹੀਂ ਆਈ। ਹੋਰ ਕੋਸ਼ਿਸ਼ ਕਰੀ ਜਾਓ—ਜਦ ਤਕ ਕਿ ਪੂਰਾ ਨਤੀਜਾ ਨਾ ਨਿਕਲੇ। ਕਿਉਂਕਿ ਇਹ ਕੁਦਰਤ ਦਾ ਕਾਨੂੰਨ ਹੈ ਕਿ ਜਿਥੇ ਵਾਹਿਗੁਰੂ ਦਿਸੇਗਾ ਤੇ ਉਹਦੀ ਰਚਨਾ ਦਿਸੇਗੀ ਓਥੇ ਸਭ ਸੁਖ ਤੇ ਅਨੰਦ ਨਜ਼ਰ ਆਵੇਗਾ ਅਤੇ ਜਿਥੇ ਮਾਇਆ ਅਤੇ ਉਹਦੀ ਰਚਨਾ ਦਿਸੇਗੀ, ਓਥੇ ਕੁਲ ਬੁਰਾਈਆਂ ਨਜ਼ਰ ਆਉਣਗੀਆਂ। ਇਸ ਵਾਸਤੇ ਅਸੀਂ ਆਪਣੀ ਸੁਰਤ ਵਿਚ ਜਿਸ ਤਰ੍ਹਾਂ ਦੀ ਦੁਨੀਆਂ ਬਣਾਵਾਂਗੇ, ਓਸੇ ਤਰ੍ਹਾਂ ਦਾ ਨਤੀਜਾ ਨਿਕਲਣਾ ਜ਼ਰੂਰੀ ਹੈ। ਖ਼ਤਾ ਨਹੀਂ ਹੋ ਸਕਦੀ।

ਵਾਹਿਗੁਰੂ ਨੂੰ 'ਸਰਬ-ਵਿਆਪੀ' ਦੇਖਣਾ ਤੇ ਉਹਦੇ ਨਾਲ ਆਪਣੀ ਸੁਰਤ

ਦੀ ਦੁਨੀਆਂ ਨੂੰ ਕੁਲ ਸੁਖ ਤੇ ਅਨੰਦ ਵਿਚ ਵੇਖਣਾ ਕੋਈ ਮੁਸ਼ਕਲ ਕੰਮ ਨਹੀਂ, ਹਾਂ ! ਅਲਬੱਤਾ ਅਭਿਆਸ ਦੀ ਲੋੜ ਹੈ।

ਸਭ ਤੋਂ ਪਹਿਲਾਂ ਇਸ ਗੱਲ ਦੇ ਸਮਝਣ ਦੀ ਲੋੜ ਹੈ ਕਿ 'ਮਾਇਆ' ਵਾਹਿਗੁਰੂ ਦੀ ਗੈਰ-ਹਾਜ਼ਰੀ ਦਾ ਨਾਮ ਹੈ। ਵਾਹਿਗੁਰੂ ਤਾਂ ਸੁਖ ਤੇ ਅਨੰਦ ਹੈ। ਮਾਇਆ ਉਸ ਦਾ ਉਲਟ ਦੁਖ ਤੇ ਤਕਲੀਫ਼ਾਂ ਦਾ ਘਰ ਹੈ। ਮਾਇਆ ਦੇ ਰੰਗ ਸੁਫਨੇ ਸਮਾਨ ਝੂਠੇ, ਕਮਜ਼ੋਰ, ਨਿਰੇ ਦਿਖਾਵਾ ਹੀ ਦਿਖਾਵਾ ਤੇ ਹਰ ਵੇਲੇ ਬਦਲਣ ਵਾਲੇ ਹਨ। ਵਾਹਿਗੁਰੂ ਦੇ ਰੰਗ ਸਚੇ, ਹਮੇਸ਼ਾ ਕਾਇਮ ਤੇ ਨਾ ਬਦਲਣ ਵਾਲੇ ਹਨ। ਮਨੁੱਖ ਦੀ ਸੁਰਤ ਮਾਇਆ ਨੂੰ ਦੇਖ ਰਹੀ ਹੈ। ਜਦ ਇਸ ਸੁਰਤ ਨੂੰ ਗਿਆਨ ਹਾਸਲ ਹੋ ਜਾਵੇ ਤਾਂ ਇਹ ਵਾਹਿਗੁਰੂ ਨੂੰ ਸਰਬ-ਵਿਆਪੀ ਦੇਖਦੀ ਹੈ ਤੇ ਮਾਇਆ ਦੇ ਝੂਠੇ ਰੰਗ ਸਭ ਬਦਲ ਜਾਂਦੇ ਹਨ ਅਤੇ ਉਸੇ ਤਕਲੀਫਾਂ ਵਾਲੀ ਦੁਨੀਆਂ ਵਿਚ ਸੁਖ ਤੇ ਅਨੰਦ ਨਜ਼ਰ ਆਉਂਦਾ ਹੈ। ਵਾਹਿਗੁਰੂ ਪਰਬਲ ਤੇ ਸੱਚਾ ਹੈ। ਮਾਇਆ ਨਿਰਬਲ ਤੇ ਝੂਠੀ ਹੈ। ਇਸ ਵਾਸਤੇ ਵਾਹਿਗੁਰੂ ਨੂੰ ਸੁਰਤ ਵਿਚ ਲਿਆਉਣ ਨਾਲ ਮਾਇਆ ਦਾ ਨੱਸ ਜਾਣਾ ਜ਼ਰੂਰੀ ਹੈ।

ਵਾਹਿਗੁਰੂ ਨੂੰ ਸਰਬ-ਵਿਆਪੀ ਦੇਖਣ ਵਾਸਤੇ ਹਰ ਚੀਜ਼ ਵਿਚ ਉਹਦਾ ਪ੍ਰਕਾਸ਼ ਦੇਖੇ। ਹਰ ਚੀਜ਼ ਪ੍ਰਕਾਸ਼ ਨਾਲ ਬਦਲੀ ਹੋਈ ਦੇਖੇ। ਦੁਖਾਂ ਤੇ ਤਕਲੀਫਾਂ ਦੀ ਥਾਂ ਤੇ ਸੁਖ ਅਤੇ ਅਨੰਦ ਦੇਖੇ। ਬੀਮਾਰ ਨੂੰ ਰਾਜ਼ੀ ਦੇਖੇ। ਦੁਸ਼ਮਣ ਨੂੰ ਦੋਸਤ ਦੇਖੇ। ਧੋਖੇਬਾਜ਼ ਤੇ ਬੇਈਮਾਨ ਨੂੰ ਸੱਚਾ ਤੇ ਈਮਾਨਦਾਰ ਦੇਖੇ। ਝੂਠ ਦੀ ਥਾਂ ਤੇ ਅਮਿਤਾ ਵੇਖੇ। ਮਾਯੂਸੀ ਤੇ ਨਾ-ਕਾਮਯਾਬੀ ਨੂੰ ਵਾਹਿਗੁਰੂ ਦੇ ਪ੍ਰਕਾਸ਼ ਵਿਚ ਕੋਈ ਥਾਂ ਹੀ ਨਹੀਂ ਮਿਲ ਸਕਦੀ। ਇਹਦੀ ਥਾਂ ਤੇ ਕਾਮਯਾਬੀ ਤੇ ਖ਼ੁਸ਼ੀ ਵੇਖੇ। ਮਾਇਆ ਦੇ ਹਰ ਰੰਗ ਨੂੰ ਵਾਹਿਗੁਰੂ ਦੇ ਪ੍ਰਕਾਸ਼ ਨਾਲ ਉਲਟਿਆ ਹੋਇਆ ਦੇਖੇ। ਹਰ ਪਾਸੇ ਪ੍ਰੇਮ ਹੀ ਪ੍ਰੇਮ ਦੇਖੇ। ਡਰ, ਬੀਮਾਰੀ, ਮੌਤ, ਪਾਪ, ਗਲਤੀ ਆਦਿ ਖ਼ਤਰਨਾਕ ਮਾਇਆ ਦੇ ਦੂਤਾਂ ਦੀ ਬਿਲਕੁਲ ਗੈਰਹਾਜ਼ਰੀ ਦੇਖੇ। ਹੋਰ ਏਸੇ ਤਰ੍ਹਾਂ ਵਾਹਿਗੁਰੂ ਦੇ ਗੁਣ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਉਹਨਾਂ ਨੂੰ ਸਭ ਚੀਜ਼ਾਂ ਵਿਚ ਪ੍ਰਕਾਸ਼ ਹੋਇਆ ਦੇਖੇ ਤੇ ਮਾਇਆ ਦੇ ਦੁਖ ਦੇਣ ਵਾਲੇ ਸਾਰੇ ਰੰਗ ਉਡੇ ਤੇ ਖ਼ਤਮ ਹੋਏ ਦੇਖੇ। ਭਾਵੇਂ ਮਾਇਆ ਵਿਚ ਖੁਲ੍ਹੀਆਂ ਹੋਈਆਂ ਅੱਖਾਂ ਕੁਝ ਵੀ ਦੱਸਣ, ਆਪਣੀ ਸੁਰਤ ਨੂੰ ਇਤਨਾ ਬਦਲਣਾ ਹੈ ਕਿ ਜੋ ਦਿਸ ਰਿਹਾ ਹੈ, ਉਹਨੂੰ ਝੂਠਾ ਤੇ ਗਲਤ ਸਮਝਣਾ ਅਤੇ ਉਹਦੇ ਵਿਚ ਵਾਹਿਗੁਰੂ ਦਾ ਨੂਰ ਦੇਖ ਕੇ ਉਹਨਾਂ ਕੁਲ ਬੁਰੀਆਂ ਸ਼ਕਲਾਂ ਨੂੰ ਭਲਾ ਦੇਖਣਾ ਜ਼ਰੂਰੀ ਹੈ। ਜਿਸ ਤਰ੍ਹਾਂ ਰੇਲ ਗੱਡੀ ਵਿਚ ਬੈਠਿਆਂ ਸਭ ਦਰਖ਼ਤ ਦੌੜਦੇ ਦਿਸਦੇ ਹਨ, ਪਰ ਉਹਨਾਂ ਨੂੰ ਸੁਰਤ ਵਿਚ ਖਲੋਤਿਆਂ ਹੀ ਦੇਖਣਾ ਜ਼ਰੂਰੀ ਹੈ।

ਇਹ ਅਭਿਆਸ ਕੁਝ ਚਿਰ ਕਰਨ ਨਾਲ ਸਚਮੁਚ ਦੁਨੀਆਂ ਬਦਲ ਜਾਂਦੀ ਹੈ। ਦਿਸਣ ਤੇ ਭਾਸਣ ਵਾਲੀ ਦੁਨੀਆਂ ਦੇ ਅੰਦਰ ਇਕ ਹੋਰ ਦੁਨੀਆਂ ਸਚਖੰਡ ਦੇ ਨਜ਼ਾਰੇ ਦਿਖਾਣ ਵਾਲੀ ਦਿਸਦੀ ਹੈ। ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਵਿਚ ਇਸ ਬਦਲੀ ਹੋਈ ਦੁਨੀਆਂ ਨੂੰ ਇਸ ਤਰ੍ਹਾਂ ਵਰਨਣ ਕੀਤਾ ਹੈ :

ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ।
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ।
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਹੀ ਕਿਛੁ ਲੇਤੈ।
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ।
(ਕਾਨੜਾ ਮਹਲਾ ੫)

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ।
(ਧਨਾਸਰੀ ਮਹਲਾ ੫)

ਕੁਝ ਮਿਸਾਲਾਂ ਦੇ ਕੇ ਸਮਝਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਾਹਿਗੁਰੂ ਸਰਬ-ਵਿਆਪੀ ਕਿਵੇਂ ਦੇਖਣਾ ਹੈ ਤੇ ਇਸ ਦਾ ਕੀ ਲਾਭ ਹੈ ?

ਮਿਸਾਲ ੧. ਇਕ ਗੁਰਸਿੱਖ ਨੂੰ ਸਵੇਰੇ ਸੁਤਿਆਂ ਉਠਦਿਆਂ ਬਦਨ ਤੇ ਬੁਖਾਰ ਮਲੂਮ ਹੋਇਆ ਹੈ। ਇਹ ਗੁਰਸਿੱਖ ਦਰਬਾਰ ਸਾਹਿਬ ਦਾ ਪਾਠ ਕਰਨ ਤੇ ਸਮਝਣ ਅਤੇ ਵਾਹਿਗੁਰੂ ਦੇ ਸਰਬ-ਵਿਆਪੀ ਦੇਖਣ ਦਾ ਅਭਿਆਸੀ ਹੈ। ਇਹ ਗੁਰਸਿੱਖ ਬੁਖਾਰ ਦੇਖ ਕੇ ਬਿਲਕੁਲ ਨਹੀਂ ਘਬਰਾਇਆ। ਉਹ ਆਪਣੇ ਮਨ ਵਿਚ ਇਹ ਅਰਦਾਸ ਕਰਦਾ ਹੈ :-

'ਹੇ ਵਾਹਿਗੁਰੂ ! ਤੂੰ ਤਾਂ ਸਰਬ-ਵਿਆਪੀ ਹੈਂ। ਮੇਰੇ ਅੰਦਰ ਵੀ ਵਸ ਰਿਹਾ ਹੈਂ। ਮੈਂ ਤੇਰੀ ਜੋਤ ਹਾਂ। ਤੇਰੀ ਜੋਤ ਨੂੰ ਨਾ ਬੀਮਾਰੀ ਹੈ ਨਾ ਮੌਤ ਹੈ। ਤੇਰੀ ਮੌਜੂਦਗੀ ਵਿਚ ਮਾਇਆ (ਬੀਮਾਰੀ ਆਦਿ) ਹਰਗਿਜ਼ ਜ਼ਿੰਦਾ ਨਹੀਂ ਰਹਿ ਸਕਦੀ। ਤੇਰੇ ਨੂਰ ਨੇ ਮੇਰਾ ਸਾਰਾ ਅੰਦਰ ਭਰ ਦਿਤਾ ਹੈ। ਮਾਇਆ ਕਾਲੀ ਹਨੇਰੀ ਸ਼ਕਲ ਦਾ ਇਸ ਨੂਰ ਦੇ ਚਾਨਣ ਵਿਚ ਮੌਜੂਦ ਹੋਣਾ ਜਾਂ ਜਿਉਂਦਿਆਂ ਰਹਿਣਾ ਨਾਮੁਮਕਿਨ ਹੈ। ਬੀਮਾਰੀ ਕੁਝ ਵੀ ਚੀਜ਼ ਨਹੀਂ, ਭਾਸਦੀ ਹੈ ਪਰ ਹੈ ਨਹੀਂ। ਤੂੰ ਸਚਾ ਹੈਂ ਤੇ ਹਮੇਸ਼ਾ ਕਾਇਮ ਹੈਂ। ਬੀਮਾਰੀ ਝੂਠੀ ਹੈ, ਇਹਦੀ ਕੁਝ

ਅਸਲੀਅਤ ਨਹੀਂ, ਬਲਕਿ ਹੈ ਹੀ ਨਹੀਂ।'

ਅਭਿਆਸੀ ਹੋਣ ਕਰ ਕੇ ਅਰਦਾਸ ਕਰਨ ਨਾਲ ਹੀ ਬੁਖ਼ਾਰ ਦੇ ਸਾਰੇ ਰੰਗ ਗ਼ਾਇਬ ਹੋ ਗਏ ਤੇ ਉਹ ਗੁਰਸਿਖ ਵਾਹਿਗੁਰੂ ਦਾ ਸ਼ੁਕਰ ਕਰ ਕੇ ਕੰਮ ਤੇ ਚਲਾ ਗਿਆ।

ਮਿਸਾਲ ੨. (ਮੁਕੱਦਮੇ ਵਾਸਤੇ)—ਇਹ ਗੁਰਸਿੱਖ ਅਦਾਲਤ ਵਿਚ ਪੇਸ਼ ਹੋਇਆ। ਮੁਕੱਦਮਾ ਕਿਸੇ ਜਾਇਦਾਦ ਦੇ ਸੰਬੰਧ ਵਿਚ ਸੀ, ਜਿਸ ਵਿਚ ਇਹਦਾ ਹੱਕ ਦੂਜੇ ਫਰੀਕ ਨਾਲੋਂ ਜ਼ਿਆਦਾ ਸੀ। ਇਹ ਸੱਚਾ ਸੀ, ਅਦਾਲਤ ਵਿਚ ਜਾਣ ਤੋਂ ਪਹਿਲਾਂ ਇਸ ਨੇ ਇਹ ਅਰਦਾਸ ਕੀਤੀ :-

'ਵਾਹਿਗੁਰੂ ਤੂੰ ਸਰਬ-ਵਿਆਪੀ ਹੈਂ। ਮੇਰੇ ਅੰਦਰ ਮੌਜੂਦ ਹੈਂ। ਮੇਰੇ ਅੰਦਰ ਸਾਰਾ ਸੱਚ ਹੀ ਸੱਚ ਭਰਿਆ ਹੋਇਆ ਹੈ। ਮੈਂ ਅਦਾਲਤ ਵਿਚ ਸੱਚ ਹੀ ਸੱਚ ਬੋਲਣਾ ਹੈ। ਜਜ ਦੇ ਅੰਦਰ ਵੀ ਤੂੰ ਹੀ ਵਸ ਰਿਹਾ ਹੈਂ। ਗਵਾਹਾਂ ਦੇ ਅੰਦਰ ਵੀ ਤੂੰ ਵੱਸ ਰਿਹਾ ਹੈਂ। ਮੇਰੇ ਮੁਕਾਬਲੇ ਵਾਲੇ ਫਰੀਕ ਵਿਚ ਵੀ ਤੂੰ ਹੀ ਹੈਂ। ਵਕੀਲਾਂ ਦੇ ਅੰਦਰ ਵੀ ਤੂੰ ਹੈਂ—ਸਭ ਪਾਸੇ ਸੱਚ ਹੀ ਸੱਚ ਹੈ। ਜਿਥੇ ਤੂੰ ਹੈਂ, ਉਥੇ ਮਾਇਆ (ਝੂਠ) ਜਿਉਂਦੀ ਨਹੀਂ ਰਹਿ ਸਕਦੀ। ਜਿਥੇ ਸੱਚ ਹੈ, ਉਥੇ ਝੂਠ ਕਾਇਮ ਨਹੀਂ ਰਹਿ ਸਕਦਾ।'

ਇਹ ਅਰਦਾਸ ਘਰ ਵੀ ਕੀਤੀ ਤੇ ਓਹੋ ਅਰਦਾਸ ਅਦਾਲਤ ਵਿਚ ਜਾ ਕੇ ਵੀ ਕਰਦਾ ਰਿਹਾ। ਬੜੀ ਹੈਰਾਨੀ ਦੀ ਗੱਲ ਹੋਈ ਕਿ ਮਹੀਨਿਆਂ ਵਿਚ ਮੁਕਣ ਵਾਲਾ ਫੈਸਲਾ ਥੋਹੜੇ ਹੀ ਦਿਨਾਂ ਵਿਚ ਹੋ ਗਿਆ ਤੇ ਸਭ ਪਾਸੇ ਸੱਚ ਦੀ ਜੈ ਹੀ ਜੈ ਹੋ ਗਈ।

ਮਿਸਾਲ ੩. ਇਸ ਗੁਰਸਿੱਖ ਨੇ ਆਪਣੇ ਕਾਰ-ਵਿਹਾਰ ਬਾਰੇ ਇਕ ਬੜੀ ਜ਼ਰੂਰੀ ਗੱਲ ਦਾ ਫ਼ੈਸਲਾ ਕਰਨਾ ਸੀ। ਜਿਸ ਨਾਲ ਫੈਸਲਾ ਕਰਨਾ ਸੀ, ਉਹ ਕਾਰ-ਵਿਹਾਰ ਵਿਚ ਬੜਾ ਮਸ਼ਹੂਰ ਆਦਮੀ ਸੀ ਜੋ ਕਿ ਬੜੇ ਭਾਰੇ ਤਜਰਬੇ ਤੇ ਅਕਲ ਵਾਲਾ ਸੀ ਤੇ ਨਾਲੇ ਬੜਾ ਚਾਲਬਾਜ਼, ਸਬਜ਼ਬਾਗ ਦਿਖਾ ਕੇ ਫਸਾ ਲੈਣ ਵਾਲਾ ਤੇ ਦੋ-ਰੁਖੀ ਗੱਲ ਕਰਨ ਵਾਲਾ ਸੀ। ਇਹ ਗੁਰਸਿਖ ਬਿਲਕੁਲ ਆਪਣੇ ਦਿਲ ਵਿਚ ਨਾ ਡਰਿਆ। ਇਹਨੂੰ ਪੂਰਾ ਯਕੀਨ ਸੀ ਕਿ ਵਾਹਿਗੁਰੂ ਕੋਲ ਹੁੰਦਿਆਂ ਮੈਂ ਕਦੀ ਵੀ ਕਿਸੇ ਜਾਲ ਵਿਚ ਨਹੀਂ ਫਸ ਸਕਦਾ। ਵਾਹਿਗੁਰੂ ਦੇ ਦਰਬਾਰ ਵਿਚ ਹਾਰ ਜਾਂ ਨਾ-ਕਾਮਯਾਬੀ ਦਾ ਕਿਧਰੇ ਨਾਮ ਹੀ ਨਹੀਂ। ਵਾਹਿਗੁਰੂ ਕੋਲ ਹੁੰਦਿਆਂ ਸੱਚੀਆਂ ਤੇ ਵਾਜਬ ਮੰਗਾਂ ਨੂੰ ਕਦੀ ਵੀ ਸ਼ਿਕਸਤ ਨਹੀਂ ਹੋ ਸਕਦੀ। ਉਹਦੇ ਕੋਲ ਜਾਣ ਤੋਂ ਪਹਿਲਾਂ ਇਹ ਅਰਦਾਸ ਕੀਤੀ :-

'ਹੇ ਵਾਹਿਗੁਰੂ ! ਤੂੰ ਸਰਬ-ਵਿਆਪੀ ਹੈਂ। ਮੇਰੇ ਅੰਗ-ਸੰਗ ਹੈਂ। ਮੇਰੇ ਅੰਦਰ

ਤੂੰ ਵਿਆਪ ਰਿਹਾ ਹੈਂ। ਸਭ ਸਮਝ ਤੇ ਅਕਲ ਤੇਰੀ ਹੈ। ਮੈਂ ਉਹੋ ਗੱਲ ਕਰਨੀ ਹੈ ਜੋ ਤੂੰ ਮੈਨੂੰ ਅਗੋਂ ਦੇਵੇਂਗਾ। ਜਿਹੜਾ ਕਾਰ-ਵਿਹਾਰ ਮੈਂ ਕਰ ਰਿਹਾ ਹਾਂ, ਇਹ ਤੇਰਾ ਹੀ ਹੈ ਤੇ ਇਹਨੂੰ ਚਲਾ ਭੀ ਤੂੰ ਰਿਹਾ ਹੈਂ। ਇਹਦੇ ਵਿਚ ਘਾਟਾ ਕਦੀ ਆ ਹੀ ਨਹੀਂ ਸਕਦਾ, ਸਦਾ ਵਾਧਾ ਹੀ ਵਾਧਾ ਹੈ।'

'ਜਿਸ ਵਪਾਰੀਆਂ ਦੇ ਚੌਧਰੀ ਕੋਲ ਮੈਂ ਚਲਿਆਂ ਹਾਂ, ਲੋਕ ਭਾਵੇਂ ਉਸ ਦਾ ਕਿੱਡਾ ਭਿਆਨਕ ਨਕਸ਼ਾ ਕਿਉਂ ਨਾ ਖਿੱਚਣ, ਮੈਂ ਉਸ ਨਕਸ਼ੇ ਦੀ ਪਰਵਾਹ ਨਹੀਂ ਕਰਨੀ। ਮੈਂ ਤਾਂ ਉਹਦੇ ਵਿਚ ਤੇਰੀ ਜੋਤ ਦੇਖ ਰਿਹਾ ਹਾਂ, ਜਿਸ ਦੇ ਵਿਚ ਸੱਚ ਤੇ ਹਮਦਰਦੀ ਭਰੀ ਹੋਈ ਹੈ। ਜਦ ਮੇਰੇ ਤੇ ਉਹਦੇ ਵਿਚ ਇਕੋ ਹੀ ਜੋਤ ਹੈ ਤਦ ਫਿਰ ਝਗੜਾ ਕਿਸੇ ਗੱਲ ਦਾ ਨਹੀਂ ਹੋ ਸਕਦਾ। ਜੋ ਮੈਂ ਕਹਾਂਗਾ, ਉਹ ਮੰਨੇਗਾ ਤੇ ਜੋ ਉਹ ਕਹੇਗਾ ਮੇਰੇ ਮੰਨਣ ਯੋਗ ਹੋਵੇਗਾ। ਜਿਥੇ ਦੋ ਦਿਲ ਹੋਣ, ਉਥੇ ਗੱਲ ਦਾ ਫਰਕ ਪੈ ਸਕਦਾ ਹੈ, ਪਰ ਜਿਥੇ ਇਕੋ ਦਿਲ (ਵਾਹਿਗੁਰੂ) ਦੋਹਾਂ ਵਿਚ ਹੋਵੇ, ਉਥੇ ਫਰਕ ਕਿਸ ਤਰ੍ਹਾਂ ਹੋ ਸਕਦਾ ਹੈ ? ਤੇਰੀ ਜੋਤ ਤੇ ਤੇਰਾ ਦਿਲ ਦੋਹਾਂ ਵਿਚ ਇਕੋ ਹੈ।'

ਇਹ ਅਰਦਾਸ ਕਰ ਕੇ ਤੇ ਆਪਣੇ ਨਾਲ ਆਪਣੀ ਸੁਰਤ ਵਿਚ ਬੈਠਾ ਕੇ ਲੈ ਗਿਆ। ਨਤੀਜਾ ਯਕੀਨੀ ਸੀ। ਘੰਟਿਆਂ ਦਾ ਕੰਮ ਮਿੰਟਾਂ ਵਿਚ ਹੋ ਗਿਆ ਤੇ ਸਭ ਵਾਜਬ ਅਤੇ ਸੱਚੀਆਂ ਗੱਲਾਂ ਦੋਹੀਂ ਪਾਸੀਂ ਹੋਈਆਂ। ਦੋਵੇਂ ਖ਼ੁਸ਼ੀ-ਖ਼ੁਸ਼ੀ ਹੱਥ ਮਿਲਾ ਕੇ ਵਿਦਾ ਹੋਏ।

ਦੁਖਾਂ ਦਾ ਨਾਸ

ਨਾ ਕੋਈ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।
(ਧਨਾਸਰੀ ਮਹਲਾ ੫)

ਗੁਰੂ ਅਰਜਨ ਦੇਵ ਜੀ ਨਾਮ ਜਪਣ ਦੀ ਇਕ ਅਵਸਥਾ ਵਿਚ ਬੈਠ ਕੇ ਉਸ ਅਵਸਥਾ ਦਾ ਨਜ਼ਾਰਾ ਬਿਆਨ ਕਰਦੇ ਹਨ ਕਿ ਉਸ ਵਿਚ ਕੋਈ ਦੁਸ਼ਮਣ ਨਜ਼ਰ ਨਹੀਂ ਆਉਂਦਾ ਤੇ ਨਾ ਹੀ ਕੋਈ ਹੋਰ ਮਨੁੱਖ ਸਾਨੂੰ ਵੈਰ ਦੀ ਨਜ਼ਰ ਨਾਲ ਦੇਖਦਾ ਹੈ। ਪਰ ਇਹ ਅਵਸਥਾ ਤਦ ਹਾਸਲ ਹੁੰਦੀ ਹੈ ਜਦ ਬ੍ਰਹਮ ਦਾ ਪਸਾਰਾ ਸਭ ਪਾਸੇ ਨਜ਼ਰ ਆਵੇ। ਇਹ ਸੋਝੀ ਸਤਿਗੁਰੂ ਜੀ ਤੋਂ ਮਿਲਦੀ ਹੈ। ਕਿਤਨੀ ਖ਼ੁਸ਼ਹਾਲੀ ਵਾਲੀ ਅਵਸਥਾ ਹੈ। ਹਰ ਇਕ ਦਾ ਦਿਲ ਕਰਦਾ ਹੈ ਕਿ ਇਹ ਅਵਸਥਾ ਉਸ ਨੂੰ ਹਾਸਲ ਹੋਵੇ। ਭੁਲੇ ਹੋਏ ਅਸੀਂ ਇਸ ਅਵਸਥਾ ਨੂੰ ਲਭਦੇ ਹਾਂ। ਪਰ ਗਿਆਨ ਦਸਦਾ ਹੈ ਕਿ ਇਹ ਅਵਸਥਾ ਹਰ ਮਨੁੱਖ ਦਾ ਰੱਬੀ ਹੱਕ ਹੈ ਤੇ ਦਿਲ ਵਿਚ ਖ਼ਾਹਿਸ਼ ਰਖਣ ਪਰ ਕੋਸ਼ਿਸ਼ ਨਾਲ ਹਾਸਲ ਹੋ ਸਕਦੀ ਹੈ।

ਅਸੀਂ ਆਪਣੀ ਜ਼ਿੰਦਗੀ ਦੇ ਵਰਤਾਰੇ ਵਿਚ ਬਹੁਤਿਆਂ ਕੋਲੋਂ ਬਦਸਲੂਕੀ ਵੇਖ ਕੇ ਉਹਨਾਂ ਨੂੰ ਆਪਣਾ ਦੁਸ਼ਮਣ ਸਮਝਦੇ ਹਾਂ ਤੇ ਉਹਨਾਂ ਕੋਲੋਂ ਬਦਲਾ ਲੈਣ ਦੀ ਅੱਗ ਆਪਣੇ ਅੰਦਰ ਬਾਲਦੇ ਰਹਿੰਦੇ ਹਾਂ। ਹਰ ਕਿਸੇ ਦਾ ਐਸਿਆਂ ਮਨੁੱਖਾਂ ਨਾਲ ਵਾਹ ਪੈਂਦਾ ਹੈ ਕਿ ਜਿਨ੍ਹਾਂ ਨੇ ਸਾਡੇ ਨਾਲ ਬਦਸਲੂਕੀ ਤਾਂ ਨਹੀਂ ਕੀਤੀ ਪਰ ਉਹ ਆਪਣੀਆਂ ਚਾਲਬਾਜ਼ੀਆਂ ਵਿਚ ਖ਼ਾਸੇ ਮਸ਼ਹੂਰ ਹੁੰਦੇ ਹਨ ਤੇ ਅਸੀਂ ਆਪਣੇ ਆਪ ਨੂੰ ਉਹਨਾਂ ਕੋਲੋਂ ਬਚਾ ਕੇ ਰਖਣ ਦੀ ਕੋਸ਼ਿਸ਼ ਕਰਦੇ ਹਾਂ, ਇਸ ਕਰ ਕੇ ਅਸੀਂ ਉਨ੍ਹਾਂ ਨੂੰ ਭਾਵੇਂ ਦੁਸ਼ਮਣ ਤਾਂ ਨਾ ਸਮਝੀਏ, ਪਰ ਨਫ਼ਰਤ ਜ਼ਰੂਰ ਕਰਦੇ ਹਾਂ ਤੇ ਉਹਨਾਂ ਕੋਲੋਂ ਬਚ ਕੇ ਰਹਿਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਤਰ੍ਹਾਂ ਅਸੀਂ ਬਹੁਤ ਸਾਰੇ ਦੁਸ਼ਮਣ ਬਣਾਏ ਹੋਏ ਹਨ। ਇਹਨਾਂ ਸਭਨਾਂ ਵਲੋਂ ਮਨ ਹਮੇਸ਼ਾਂ ਬਦਲੇ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਤੇ ਉਹਨਾਂ ਦੇ ਵਾਰ ਤੋਂ ਬਚਣ ਦੀ ਕੋਸ਼ਿਸ਼ ਤੇ ਡਰ ਵਿਚ ਰਹਿੰਦਾ ਹੈ।

ਇਹ ਤਾਂ ਭਲਾ ਸਾਡੇ ਪਰਤੱਖ ਦੁਸ਼ਮਣ ਦਿਸਦੇ ਹਨ। ਇਨ੍ਹਾਂ ਤੋਂ ਛੁਟ ਗੁਝੇ ਦੁਸ਼ਮਣ ਵੀ ਹਨ ਜੋ ਕਿ ਬੇਈਮਾਨੀ, ਧੋਖਾ, ਚਾਲਬਾਜ਼ੀ, ਈਰਖਾ, ਬਦਲਾ, ਬੇਵਫਾਈ ਆਦਿ ਤੇ ਇਸ ਤੋਂ ਵਧ ਖ਼ਤਰਨਾਕ ਚੋਰੀ, ਡਾਕਾ, ਕਤਲ ਆਦਿ ਸ਼ਕਲਾਂ ਵਿਚ ਸਾਡੇ ਅੰਦਰ ਵਸਦੇ ਹਨ। ਇਹਨਾਂ ਨੂੰ ਅਸੀਂ ਆਪਣੇ ਮਿੱਤਰ ਤੇ ਮਦਦਗਾਰ ਸਮਝ ਕੇ ਆਪਣੇ ਅੰਦਰ ਰਹਿਣ ਦੀ ਜਗ੍ਹਾ ਦਿਤੀ ਹੋਈ ਹੈ ਅਤੇ ਵੇਲੇ ਸਿਰ ਉਹਨਾਂ ਤੋਂ ਮਦਦ ਲੈ ਕੇ ਆਪਣੇ ਮਨ ਦੀਆਂ ਖ਼ਾਹਿਸ਼ਾਂ ਪੂਰੀਆਂ ਕਰਦੇ ਹਾਂ। ਇਹ ਗੁਝੇ ਦੁਸ਼ਮਣ ਪਰਤਖ ਦੁਸ਼ਮਣਾਂ ਨਾਲੋਂ ਜ਼ਿਆਦਾ ਖਤਰਨਾਕ ਤੇ ਦੁਖਦਾਈ ਹਨ। ਇਹਨਾਂ ਦੁਸ਼ਮਣਾਂ ਦੇ ਲਸ਼ਕਰ ਦੇ ਘੇਰੇ ਵਿਚ ਅਸੀਂ ਰਹਿ ਕੇ ਹਰ ਵਕਤ ਬੀਮਾਰੀਆਂ, ਖ਼ਤਰੇ, ਹਾਦਸੇ, ਗਰੀਬੀ ਤੇ ਬੁੜ੍ਹਾਂ ਦਾ ਸ਼ਿਕਾਰ ਹੋ ਰਹੇ ਹਾਂ। ਇਨ੍ਹਾਂ ਸਾਰੇ ਭੈੜੇ ਦੁਸ਼ਮਣਾਂ ਦੇ ਅੰਦਰ ਵਸਣ ਨਾਲ ਵਲਵਲੇ ਮਨ ਵਿਚ ਪੈਦਾ ਹੋ ਕੇ ਬਦਨ ਉਤੇ ਬੀਮਾਰੀ, ਫਿਕਰ, ਗਮ ਆਦਿ ਦੀ ਸ਼ਕਲ ਵਿਚ ਫੈਲ ਜਾਂਦੇ ਹਨ ਤੇ ਦੁਖਾਂ ਦਾ ਕੋਈ ਅੰਤ ਨਹੀਂ ਰਹਿੰਦਾ।

ਮੇਰੇ ਪਿਆਰੇ ਪਾਠਕੋ ! ਇਹ ਬੁਰਿਆਈਆਂ ਮਾਇਆ ਦੇ ਰੰਗ ਹਨ ਅਤੇ ਮਾਇਆ ਵਾਹਿਗੁਰੂ ਦੀ ਗੈਰਹਾਜ਼ਰੀ ਦਾ ਨਤੀਜਾ ਹੈ। ਮਾਇਆ ਵਾਹਿਗੁਰੂ ਦੀ ਗੈਰਹਾਜ਼ਰੀ ਵਿਚ ਪਲਦੀ ਹੈ, ਆਪਣੇ ਖ਼ਤਰਨਾਕ ਜਜ਼ਬੇ ਤੇ ਰੋਅਬ ਪੂਰੇ ਦਿਖਾਂਦੀ ਹੈ। ਪਰ ਜਿਹੜੇ ਖੁਸ਼ਕਿਸਮਤ ਗੁਰਮੁਖ ਏਸ ਮਾਇਆ ਨੂੰ ਪਛਾਣ ਜਾਂਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨਾਲ ਵਾਹਿਗੁਰੂ ਨੂੰ ਸਰਬ-ਵਿਆਪੀ ਵੇਖਦੇ ਹਨ, ਉਥੇ ਵਾਹਿਗੁਰੂ ਦੀ ਹਾਜ਼ਰੀ ਵਿਚ ਮਾਇਆ ਏਸ ਤਰ੍ਹਾਂ ਗੁੰਮ ਹੁੰਦੀ ਏ, ਜਿਸ ਤਰ੍ਹਾਂ ਸੂਰਜ ਚੜ੍ਹਿਆਂ ਹਨੇਰਾ ਅਲੋਪ ਹੋ ਜਾਂਦਾ ਹੈ। ਮਾਇਆ ਦੇ ਅਲੋਪ ਹੁੰਦਿਆਂ ਹੀ ਉਹਦੇ ਦੂਤ ਬੀਮਾਰੀ, ਬੁੜ੍ਹ, ਬੇਚੈਨੀ, ਫਿਕਰ, .ਗਮ, ਡਰ, ਮੌਤ, ਪਾਪ ਤੇ ਨਾਕਾਮਯਾਬੀ ਆਦਿ ਇਉਂ ਡੇਰਾ ਚੁਕ ਲੈਂਦੇ ਹਨ ਕਿ ਪਤਾ ਨਹੀਂ ਲਗਦਾ ਕਿ ਉਹ ਕਦੀ ਹੈ ਵੀ ਸਨ ਕਿ ਨਹੀਂ। ਗੁਰਮੁਖਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰਨ ਨਾਲ ਪਤਾ ਲਗ ਜਾਂਦਾ ਹੈ ਕਿ ਮਾਇਆ ਦੇ ਝੂਠੇ ਰੰਗ ਤਦ ਤਕ ਜ਼ੋਰ ਵਿਚ ਰਹਿੰਦੇ ਹਨ, ਜਦ ਤਕ ਵਾਹਿਗੁਰੂ ਭੁਲਿਆ ਹੋਇਆ ਰਹਿੰਦਾ ਹੈ। ਜਦ 'ਸਰਬ-ਵਿਆਪੀ' ਵਾਹਿਗੁਰੂ ਦਾ ਗਿਆਨ ਹੋ ਗਿਆ ਤਦ ਮਾਇਆ ਖਤਮ ਹੋ ਜਾਂਦੀ ਹੈ। ਮਾਇਆ ਇਕ ਭੁਲੇਖਾ ਹੀ ਭੁਲੇਖਾ ਹੈ। ਇਹਦੇ ਵਿਚ ਸੁਪਨੇ ਦੇ ਨਜ਼ਾਰਿਆਂ ਵਾਂਗ ਕੋਈ ਸ਼ਕਤੀ ਜਾਂ ਅਸਲੀਅਤ ਨਹੀਂ।

ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ।
ਪੂਰਨ ਭਗਤੁ ਪੁਰਖ ਸੁਆਮੀ ਕਾ ਸਰਬ ਥੋਕ ਤੇ ਨਿਆਰਾ।
(ਸੋਰਠ ਮਹਲਾ ੫)

ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ।
ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ।
(ਆਸਾਵਰੀ ਮਹਲਾ ੫)

ਇਹਨਾਂ ਦੁਸ਼ਮਨਾਂ ਤੋਂ ਛੁਟਕਾਰਾ ਪਾਣ ਵਾਸਤੇ ਦੁਨਿਆਵੀ ਚੀਜ਼ਾਂ ਦੇ ਯਤਨ ਜਿਤਨੇ ਜੀਅ ਚਾਹੇ ਕਰ ਲਵੇ, ਕਦੀ ਵੀ ਇਹ ਵੈਰੀ ਮਾਰੇ ਨਹੀਂ ਜਾ ਸਕਦੇ, ਸਗੋਂ ਗੁੰਝਲਾਂ ਪੈਂਦੀਆਂ ਜਾਣਗੀਆਂ ਤੇ ਦੁਸ਼ਮਣੀ ਅਤੇ ਈਰਖਾ ਦੀ ਅੱਗ ਭੜਕਦੀ ਜਾਵੇਗੀ। ਲੱਖ ਉਪਾਅ ਕਰੇ, ਪੂਰੀ ਤੇ ਪੱਕੀ ਕਾਮਯਾਬੀ ਨਾਮੁਮਕਿਨ ਹੈ। ਜੇ ਕੁਝ ਕਾਮਯਾਬੀ ਹੋ ਵੀ ਜਾਵੇ ਤਾਂ ਉਹ ਕੱਚੀ ਤੇ ਥੋੜੀ ਦੇਰ ਦੇ ਵਾਸਤੇ ਹੋਵੇਗੀ, ਪੂਰੀ ਤੇ ਪੱਕੀ ਨਹੀਂ ਹੋ ਸਕਦੀ। ਇਹਨਾਂ ਦੁਸ਼ਮਣਾਂ ਦੀ ਫੌਜ ਤੋਂ ਬਚਣ ਵਾਸਤੇ ਇਕੋ ਇਲਾਜ ਹੈ, ਜਿਹੜਾ ਗੁਰੂ ਅਰਜਨ ਦੇਵ ਜੀ ਨੇ ਇਸ ਲੇਖ ਦੇ ਸ਼ੁਰੂ ਵਾਲੇ ਸ਼ਬਦ ਵਿਚ ਦਸਿਆ ਹੈ :-

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।

ਜਦ ਅਸੀਂ ਬ੍ਰਹਮ ਦਾ ਪਸਾਰ ਸਭ ਪਾਸੇ ਵੇਖਾਂਗੇ ਤਦ ਕੁਲ ਦੁਸ਼ਮਣੀਆਂ ਖ਼ਤਮ ਹੋ ਜਾਣਗੀਆਂ। ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰਨ ਨਾਲ ਪਤਾ ਲਗਦਾ ਹੈ ਕਿ ਵਾਹਿਗੁਰੂ ਸਰਬ-ਵਿਆਪੀ ਹੈ ਤੇ ਉਹਦੇ ਵਿਚ ਕੋਈ ਬੁਰਾਈ ਨਹੀਂ ਤੇ ਉਹ ਪ੍ਰੇਮ ਹੀ ਪ੍ਰੇਮ ਹੈ। ਜਦ ਅਸੀਂ ਵਾਹਿਗੁਰੂ ਨੂੰ ਸਰਬ-ਵਿਆਪੀ ਸਮਝ ਕੇ ਆਪਣੇ ਵਿਚ ਵਸਦਾ ਵੇਖਾਂਗੇ ਤੇ ਉਹਦੀ ਜੋਤ ਦਾ ਨੂਰ ਆਪਣੇ ਅੰਦਰ ਪ੍ਰਕਾਸ਼ ਹੋਇਆ ਭਾਸੇਗਾ ਤਾਂ ਸਾਡੀ ਸੁਰਤ ਵਿਚ ਦੁਸ਼ਮਣੀ ਦਾ ਔਗੁਣ ਠਹਿਰ ਹੀ ਨਹੀਂ ਸਕਦਾ। ਜੋ ਗੁਣ ਵਾਹਿਗੁਰੂ ਦੇ ਹਨ, ਉਹੋ ਮਨੁੱਖ ਵਿਚ ਪਰਗਟ ਹੋਣਗੇ, ਕਿਉਂਕਿ ਅਸੀਂ ਉਹਦੀ ਅੰਸ਼ ਹਾਂ, ਉਸ ਦਾ ਪ੍ਰਕਾਸ਼ ਹਾਂ। ਮਾਇਆ ਨੇ ਜਿਹੜਾ ਝੂਠਾ ਡੇਰਾ ਲਾ ਕੇ ਬੁਰਿਆਈਆਂ ਪੈਦਾ ਕੀਤੀਆਂ ਹੋਈਆਂ ਹਨ, ਉਹ ਸਭ ਜ਼ਰੂਰ ਹੀ ਨੱਸ ਜਾਣਗੀਆਂ। ਵਾਹਿਗੁਰੂ ਨੂੰ ਆਪਣੇ ਅੰਦਰ ਮੌਜੂਦ ਕਰਨ ਵਾਸਤੇ ਕਿਸੇ ਉਪਾਅ ਦੀ ਲੋੜ ਨਹੀਂ। ਇਹ ਇਕ ਅਸਲੀਅਤ ਹੈ, ਸੱਚ ਹੈ ਕਿ ਵਾਹਿਗੁਰੂ ਹਰ ਹਿਰਦੇ ਵਿਚ ਮੌਜੂਦ ਹੈ।

ਸਭਨੀ ਘਟੀ ਸਹੁ ਵਸੈ ਸਹੁ ਬਿਨੁ ਘਟੁ ਨ ਕੋਇ।

ਗੁਰੂ ਅਰਜਨ ਦੇਵ ਜੀ ਦਾ ਇਹ ਵਾਕ ਜਾਨਣਾ ਹੀ ਸਿਰਫ ਕਾਫੀ ਹੈ। ਅਲਬੱਤਾ ਇਹ ਖ਼ਿਆਲ ਸੁਰਤ ਵਿਚ ਬਾਰ-ਬਾਰ ਟਿਕਾਣਾ ਪੈਂਦਾ ਹੈ ਕਿ ਵਾਹਿਗੁਰੂ ਮੌਜੂਦ ਹੈ। ਤਾਕਿ ਭੁਲੀ ਹੋਈ ਸੁਰਤ ਨੂੰ ਅਸਲੀਅਤ ਚੇਤੇ ਆ ਜਾਵੇ ਤੇ ਮਾਇਆ ਦੇ ਹਨੇਰੇ ਦੀ ਥਾਂ ਤੇ ਵਾਹਿਗੁਰੂ ਦਾ ਨੂਰ ਵੇਖੇ। ਵਾਹਿਗੁਰੂ ਨੂੰ ਆਪਣੇ ਅੰਦਰ ਮੌਜੂਦ ਵੇਖਣ ਨਾਲ ਕੁਲ ਮਾਇਆ ਦੇ ਭੈੜੇ ਰੰਗ ਬਦਲ ਕੇ ਸਭ ਵਾਹਿਗੁਰੂ

ਦੇ ਭਲਾਈ ਵਾਲੇ ਗੁਣ ਆਪੇ ਹੀ ਪੈਦਾ ਹੋ ਜਾਣਗੇ ਤੇ ਸਾਡੇ ਅੰਦਰ ਰਹਿਣ ਵਾਲੇ ਦੁਸ਼ਮਣ, ਬੀਮਾਰੀ, ਮੌਤ, ਪਾਪ, ਈਰਖਾ ਆਦਿ ਦੀ ਥਾਂ ਤੇ ਸਿਹਤ, ਹਮੇਸ਼ਾ ਹੀ ਜ਼ਿੰਦਗੀ, ਦੌਲਤ, ਪਿਆਰ, ਆਦਿ ਵਸਣਗੇ ਤੇ ਜਦ ਤਕ ਇਹ ਗੁਣ ਪੈਦਾ ਨਾ ਹੋਣ ਤੇ ਸਾਨੂੰ ਸਾਰੇ ਜਗ ਵਿਚ ਦੁਸ਼ਮਣ ਨਜ਼ਰ ਆਉਣਾ ਬੰਦ ਨਾ ਹੋ ਜਾਵੇ, ਤਦ ਤਕ ਇਹ ਸਮਝਣਾ ਚਾਹੀਦਾ ਹੈ ਕਿ ਅਜੇ ਵਾਹਿਗੁਰੂ ਸਰਬ-ਵਿਆਪੀ ਵੇਖਣ ਦੀ ਜਾਚ ਨਹੀਂ ਆਈ। ਘਬਰਾ ਕੇ ਆਪਣਾ ਅਭਿਆਸ ਛਡ ਨਹੀਂ ਦੇਣਾ, ਕਾਮਯਾਬੀ ਜ਼ਰੂਰ ਹੋਵੇਗੀ। ਭਰੋਸਾ ਤੇ ਆਸਰਾ ਵਾਹਿਗੁਰੂ ਦਾ ਜ਼ਰੂਰੀ ਹੈ।

ਇਸੇ ਤਰ੍ਹਾਂ ਜਦ ਅਸੀਂ ਵਾਹਿਗੁਰੂ ਨੂੰ ਆਪਣੇ ਦੁਸ਼ਮਣਾਂ ਵਿਚ ਵੀ ਵਸਦਿਆਂ ਵੇਖਾਂਗੇ ਤੇ ਸਾਡੇ ਅਤੇ ਉਹਨਾਂ ਵਿਚ ਇਕੋ ਜੋਤ ਦਾ ਪ੍ਰਕਾਸ਼ ਨਜ਼ਰ ਆਵੇਗਾ ਤਾਂ ਫਿਰ ਉਹਨਾਂ ਦੇ ਅੰਦਰੋਂ ਵੀ ਦੁਸ਼ਮਣੀ ਦਾ ਭਾਵ ਖ਼ਤਮ ਹੋ ਜਾਵੇਗਾ। ਇਕ ਜੋਤ ਵਿਚ ਇਕੋ ਹੀ ਭਾਵ ਹੋ ਸਕਦਾ ਹੈ ਕਿਉਂਕਿ ਇਹ ਜੋਤ ਵਾਹਿਗੁਰੂ ਦੀ ਸਭ ਪਾਸੇ ਫੈਲ ਰਹੀ ਹੈ, ਇਸ ਲਈ ਇਹਦੇ ਵਿਚ ਭਲਾਈ ਤੋਂ ਸਿਵਾ ਦੂਜੀ ਕੋਈ ਚੀਜ਼ ਨਹੀਂ ਆ ਸਕਦੀ।

ਜਿਸ ਵੇਲੇ ਦੁਨੀਆਂ ਵਿਚ ਕੋਈ ਦੁਸ਼ਮਣ (ਬੁਰਿਆਈ) ਕਿਸੇ ਸ਼ਕਲ ਵਿਚ ਵੀ ਨਾ ਦਿਸੇ, ਨਾ ਆਪਣੇ ਅੰਦਰ ਕੋਈ ਬੀਮਾਰੀ, ਨਾ ਈਰਖਾ, ਨਾ ਬਦਲਾ ਆਦਿ ਦਿਸਣ ਤੇ ਨਾ ਹੀ ਇਹ ਦੁਸ਼ਮਣ ਕਿਸੇ ਵਿਚ ਦਿਸਣ, ਫੇਰ ਐਸੀ ਜ਼ਿੰਦਗੀ ਦੇ ਅਨੰਦ ਦੀ ਕੋਈ ਹੱਦ ਨਹੀਂ ਰਹਿੰਦੀ।

ਬੜੀ ਹੈਰਾਨੀ ਦੀ ਇਹ ਗੱਲ ਹੈ ਕਿ ਜ਼ਬਾਨੀ ਦੁਸ਼ਮਣ ਨੂੰ ਇਕ ਗੱਲ ਕਹਿਣ ਦੀ ਜਾਂ ਮੁਆਫੀ ਮੰਗਣ ਦੀ ਲੋੜ ਨਹੀਂ, ਉਹਨਾਂ ਦਾ ਮਨ ਆਪੇ ਦਰੁਸਤ ਹੋ ਜਾਵੇਗਾ। ਭਾਵੇਂ ਸਾਰੀ ਦੁਨੀਆਂ ਨਾਲ ਉਹ ਵੈਰ ਤੇ ਚਾਲ-ਬਾਜ਼ੀਆਂ ਕਰਨ, ਪਰ ਸਾਡੇ ਨਾਲ ਬਿਲਕੁਲ ਨਹੀਂ ਕਰਨਗੇ।

ਚਿੱਠੀ

ਮੇਰੀ ਪਿਆਰੀ ਸਪੁੱਤਰੀ, ਸਤਿ ਸ੍ਰੀ ਅਕਾਲ !

ਤੂੰ ਰੋਜ਼ ਦਰਬਾਰ ਸਾਹਿਬ ਦਾ ਪਾਠ ਕਰਦੀ ਹੈਂ। ਤੇਰਾ ਵਾਹਿਗੁਰੂ ਤੇ ਪੂਰਾ ਨਿਸਚਾ ਹੈ। ਪਰ ਜ਼ਰਾ ਕੁ ਵਾਹਿਗੁਰੂ ਦੇ ਹੋਰ ਕੋਲ ਹੋ ਕੇ ਵੇਖ, ਉਹ ਤੇਰਾ ਕੀ ਲਗਦਾ ਹੈ ? ਉਹ ਤੇਰਾ ਪਿਤਾ ਹੈ, ਮਾਤਾ ਹੈ, ਉਹ ਹੀ ਅਸਲੀ ਪਿਤਾ ਹੈ। ਅਸੀਂ ਦੁਨਿਆਵੀ ਮਾਪੇ ਦਿਖਾਵੇ ਦੇ ਮਾਪੇ ਹਾਂ। ਵਾਹਿਗੁਰੂ ਦਾ ਤੇਰੇ ਨਾਲ ਪਿਆਰ, ਮੇਰੇ ਨਾਲੋਂ ਵਿਤਨਾ ਜ਼ਿਆਦਾ ਹੈ—ਜਿੰਨਾ ਕਿ ਅਸਲੀ ਤੇ ਨਕਲੀ ਚੀਜ਼ ਦਾ ਫਰਕ ਹੈ। ਵਾਹਿਗੁਰੂ ਸਰਬ-ਸ਼ਕਤੀਮਾਨ ਹੋਣ ਕਰਕੇ ਸਭ ਕੁਝ ਤੇਰੇ ਵਾਸਤੇ ਕਰ ਸਕਦਾ ਹੈ ਤੇ ਕਰ ਰਿਹਾ ਹੈ। ਪਰ ਤੂੰ ਬੇਖ਼ਬਰ ਹੈਂ। ਤੂੰ ਜ਼ਰਾ ਹੋਸ਼ ਸੰਭਾਲ। ਜੇ ਸਰਬ-ਸ਼ਕਤੀਮਾਨ ਪਿਤਾ ਹਰ ਵੇਲੇ ਤੇਰੇ ਕੋਲ ਹੋਵੇ ਤੇ ਉਹਦੇ ਪਿਆਰ ਦਾ ਕੋਈ ਅੰਤ ਨਾ ਹੋਵੇ, ਤਦ ਤੈਨੂੰ ਹੋਰ ਫੇਰ ਕੀ ਚਾਹੀਦਾ ਹੈ ?

ਤੂੰ ਵਾਹਿਗੁਰੂ ਨੂੰ ਪਿਤਾ ਬਨਾਣ ਵਾਸਤੇ ਕੋਈ ਖ਼ੁਸ਼ਾਮਦ ਨਹੀਂ ਕਰਨੀ। ਕੋਈ ਕੋਸ਼ਿਸ਼ ਨਹੀਂ ਕਰਨੀ। ਉਹ ਅਗੇ ਹੀ ਪੈਦਾਇਸ਼ੀ ਪਿਤਾ ਬਣਿਆ ਹੋਇਆ ਹੈ। ਤੂੰ ਸਿਰਫ ਜਾਨਣਾ ਹੈ ਕਿ ਉਹ ਠੀਕ ਪਿਤਾ ਹੈ ਤੇ ਬੜਾ ਪਿਆਰ ਕਰਨ ਵਾਲਾ ਪਿਤਾ ਹੈ। ਉਹਦੇ ਕੋਲ ਹੁੰਦਿਆਂ ਕਿਸੇ ਚੀਜ਼ ਦੀ ਹੋਰ ਲੋੜ ਨਹੀਂ। ਉਹਦੇ ਮੌਜੂਦ ਹੁੰਦਿਆਂ ਕੋਈ ਤਕਲੀਫ, ਬੇਚੈਨੀ, ਫਿਕਰ, ਗ਼ਮ ਤੇ ਬੀਮਾਰੀ ਆਦਿ ਨਜ਼ਦੀਕ ਨਹੀਂ ਆ ਸਕਦੀਆਂ।

ਇਸ ਪਿਤਾ ਦੀ ਧੀ ਫੌਰਨ ਬਣ ਜਾ। ਜਿਸ ਪਿਤਾ ਨੂੰ ਭੁਲਾਇਆ ਹੋਇਆ ਹੈ, ਉਹਨੂੰ ਹਰ ਵੇਲੇ ਮੌਜੂਦ ਦੇਖ। ਕੋਸ਼ਿਸ਼ ਇਹ ਕਰ ਕਿ ਉਹ ਪਿਤਾ ਕੋਲ ਮੌਜੂਦ ਦਿਸੇ ਤੇ ਪਿਤਾ ਵਾਂਗ ਪਿਆਰ ਕਰਦਾ ਅਤੇ ਸਾਰਾ ਧਿਆਨ ਕਰਦਾ ਭਾਸੇ। ਸਾਰੇ ਫਿਕਰ ਤੇ ਸੋਚਾਂ ਉਹਦੇ ਵਲ ਘੱਲ ਦੇਹ ਤੇ ਨਿਹਕੇਵਲ ਹੋ ਕੇ ਬੇਫਿਕਰੀ ਵਿਚ ਸ਼ਾਂਤੀ ਨਾਲ ਬੈਠ।

ਜੇ ਕਿਸੇ ਵਕਤ ਮਾਇਆ ਦਾ ਕੋਈ ਰੰਗ—ਬੇਚੈਨੀ, ਪੀੜ, ਤਾਪ ਜਾਂ ਹੋਰ ਕਿਸੇ ਸ਼ਕਲ ਵਿਚ ਦਿਸੇ, ਉਹਦੇ ਕੋਲੋਂ ਬਿਲਕੁਲ ਨਹੀਂ ਡਰਨਾ। ਉਹ ਇਕ

ਝੂਠਾ ਰੰਗ ਝੂਠੀ ਮਾਇਆ ਦਾ ਹੈ, ਜੋ ਪਰਛਾਵੇਂ ਵਾਂਗ ਡਰਾਂਦਾ ਹੈ। ਉਸ ਨੂੰ ਲਲਕਾਰ ਕੇ ਕਹਿ ਦੇ ਕਿ ਤੇਰੇ ਵਿਚ ਕੋਈ ਸਤਿਆ ਨਹੀਂ ਕਿ ਤੂੰ ਵਾਹਿਗੁਰੂ ਦੀ ਹਾਜ਼ਰੀ ਵਿਚ ਮੇਰੇ ਕੋਲ ਆਵੇਂ।

ਵਾਹਿਗੁਰੂ ਦੇ ਬੇਅੰਤ ਨੂਰ ਦੇ ਸਾਹਮਣੇ ਮਾਇਆ ਦੇ ਹਨੇਰੇ ਰੰਗ ਡਰ ਦੇ ਮਾਰੇ ਨੇੜੇ ਨਹੀਂ ਢੁਕਦੇ। ਉਹ ਜਾਣਦੇ ਹਨ ਕਿ ਜੇਕਰ ਅਸੀਂ ਨੇੜੇ ਜਾਵਾਂਗੇ ਤਾਂ ਸੜ ਜਾਵਾਂਗੇ।

ਹਰ ਵੇਲੇ ਪੜ੍ਹਨ ਵਾਸਤੇ ਇਹ ਸ਼ਬਦ ਹੈ :-

ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ।

(ਗੁਰੂ ਅਰਜਨ ਦੇਵ ਜੀ)

ਬੀਮਾਰੀ ਦਾ ਇਲਾਜ

ਮਨੁੱਖ ਸਮਝਦਾ ਹੈ ਕਿ ਬੀਮਾਰੀ ਬਦਨ ਤੇ ਹੈ ਅਤੇ ਬਦਨ ਦੀ ਦਰੁਸਤੀ ਵਾਸਤੇ ਇਲਾਜ ਕਰਦਾ ਹੈ। ਬੀਮਾਰੀ ਦਰਅਸਲ ਦਿਲ ਦੇ ਖ਼ਿਆਲਾਂ ਤੋਂ ਸ਼ੁਰੂ ਹੁੰਦੀ ਹੈ। ਭੈੜੇ ਤੇ ਖ਼ਤਰਨਾਕ ਖ਼ਿਆਲ ਪਹਿਲਾਂ ਦਿਲ ਵਿਚ ਪੈਦਾ ਹੁੰਦੇ ਹਨ, ਜੇਕਰ ਨਾ ਰੁਕਣ ਤਾਂ ਬਦਨ ਉਤੇ ਬੀਮਾਰੀ ਦੀ ਸ਼ਕਲ ਵਿਚ ਜ਼ਾਹਿਰ ਹੁੰਦੇ ਹਨ। ਬੀਮਾਰੀ ਵਿਚ ਦਿਲ ਨੂੰ ਚੈਨ ਤੇ ਆਰਾਮ ਪੁਚਾਣ ਦੀ ਲੋੜ ਹੈ। ਜਿਨ੍ਹਾਂ ਖ਼ਿਆਲਾਂ ਨੇ ਅੰਦਰ ਹਨੇਰ ਮਚਾਇਆ ਹੋਇਆ ਹੈ, ਉਹਨਾਂ ਦੇ ਹਟਾਉਣ ਦੀ ਲੋੜ ਹੈ। ਬਦਨ ਤੋਂ ਬੀਮਾਰੀ, ਅੰਦਰ ਦਾ ਖ਼ਿਆਲ ਦਰੁਸਤ ਹੋਣ ਨਾਲ ਆਪੇ ਹੀ ਹਟ ਜਾਵੇਗੀ।

ਸਰਬ-ਵਿਆਪੀ ਤੇ ਸੁਖ-ਸਰੂਪ ਵਾਹਿਗੁਰੂ ਨੂੰ ਅੰਦਰ ਮੌਜੂਦ ਵੇਖਣ ਨਾਲ ਮਨ ਨੂੰ ਚੈਨ ਤੇ ਸ਼ਾਂਤੀ ਮਿਲਦੀ ਹੈ ਅਤੇ ਬੀਮਾਰੀ ਗੁੰਮ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰਨਾ ਤੇ ਵਾਹਿਗੁਰੂ ਦੀ ਪਛਾਣ ਕਰਨੀ ਜ਼ਰੂਰੀ ਹੈ।

ਜਾ ਕੈ ਹਰਿ ਵਸਿਆ ਮਨ ਮਾਹੀ।
ਤਾ ਕਉ ਦੁਖੁ ਸੁਪਨੈ ਭੀ ਨਾਹੀ।
(ਗਉੜੀ ਮਹਲਾ ੫)

ਹਮੇਸ਼ਾ ਅਛੇ ਖ਼ਿਆਲ ਰਖਣੇ ਤੇ ਬੁਰਿਆਂ ਖ਼ਿਆਲਾਂ ਨੂੰ ਨੇੜੇ ਨਾ ਆਉਣ ਦੇਣਾ, ਬਦਨ ਨੂੰ ਤੰਦਰੁਸਤ ਰਖਦਾ ਹੈ। ਡਰ, ਗੁੱਸਾ, ਖ਼ੁਦਗਰਜ਼ੀ, ਬੇਈਮਾਨੀ ਤੇ ਪਾਪ ਆਦਿ ਬੁਰਿਆਈਆਂ ਬੀਮਾਰੀ ਪੈਦਾ ਕਰਦੀਆਂ ਹਨ। ਇਹਨਾਂ ਕੋਲੋਂ ਬਚ ਕੇ ਰਹਿਣਾ ਜ਼ਰੂਰੀ ਹੈ।

ਵਾਹਿਗੁਰੂ ਬੇਅੰਤ ਹੈ ਤੇ ਉਸ ਦੀ ਸਭ ਚੀਜ਼ ਬੇਅੰਤ ਹੈ। ਵਾਹਿਗੁਰੂ ਮਹਾਂ-ਅਨੰਦ ਹੈ ਤੇ ਉਹਦਾ ਅਨੰਦ ਵੀ ਬੇਅੰਤ ਹੈ। ਜਦ ਵਾਹਿਗੁਰੂ ਦਾ ਅਨੰਦ ਬੇਅੰਤ ਹੋਣ ਕਰਕੇ ਹਰ ਜਗ੍ਹਾ ਮੌਜੂਦ ਹੈ ਤਾਂ ਫਿਰ ਮਾਇਆ, ਜਿਹੜੀ ਦੁਖਾਂ ਅਤੇ ਬੁਰਾਈਆਂ ਦੀ ਮਾਂ ਹੈ, ਉਹਨੂੰ ਫੈਲਣ ਵਾਸਤੇ ਜਗ੍ਹਾ ਕਿਥੇ ਹੈ ? ਕੋਈ

ਜਗ੍ਹਾ ਨਹੀਂ। ਵਾਹਿਗੁਰੂ ਨੂੰ ਗ਼ੈਰਹਾਜ਼ਰ ਵੇਖਣ ਨਾਲ ਮਾਇਆ ਦੇ ਬੁਰਾਈਆਂ ਫੈਲਾਣ ਵਾਲੇ ਦੂਤ ਝਟ ਆਣ ਮੌਜੂਦ ਹੁੰਦੇ ਹਨ ਤੇ ਆਪਣੀ ਤਕਲੀਫ ਪੈਦਾ ਕਰਦੇ ਹਨ।

ਵਾਹਿਗੁਰੂ ਨੂੰ ਮੌਜੂਦ ਵੇਖਣ ਵਾਲੇ ਗੁਰਮੁਖਾਂ ਕੋਲ ਮਾਇਆ ਆ ਹੀ ਨਹੀਂ ਸਕਦੀ। ਜਿਸ ਤਰ੍ਹਾਂ ਚਾਨਣ ਅਗੇ ਹਨੇਰਾ ਠਹਿਰ ਨਹੀਂ ਸਕਦਾ, ਸੱਚ ਪ੍ਰਗਟ ਹੋਣ ਨਾਲ ਝੂਠ ਉਡ ਜਾਂਦਾ ਹੈ, ਸੂਰਜ ਨਿਕਲਣ ਨਾਲ ਸਰਦੀ ਹਟ ਜਾਂਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਦੇ ਪ੍ਰਕਾਸ਼ ਅਗੇ ਮਾਇਆ ਦੇ ਸਭ ਝੂਠੇ ਰੋਗ ਦੂਰ ਹੋ ਜਾਂਦੇ ਹਨ।

ਬੀਮਾਰੀ ਹਟਾਣ ਵਾਸਤੇ ਵਾਹਿਗੁਰੂ ਨੂੰ ਸਰਬ-ਵਿਆਪੀ ਦੇਖੋ ਤੇ ਮਾਇਆ ਨੂੰ ਗ਼ੈਰਹਾਜ਼ਰ ਦੇਖੋ। ਮਾਇਆ ਦੇ ਰੋਗ—ਬੀਮਾਰੀ, ਪਾਪ, ਮੌਤ, ਝੂਠ ਆਦਿ ਜੇਕਰ ਦਿਸਣ ਤਾਂ ਸਮਝੋ, ਵਾਹਿਗੁਰੂ ਸਰਬ-ਵਿਆਪੀ ਵੇਖਣ ਦੀ ਪੂਰੀ ਸਮਝ ਨਹੀਂ ਆਈ। ਜੇਕਰ ਇਸਦੇ ਬਾਵਜੂਦ ਵੀ ਦਿਸਣ ਦੇ ਇਹਨਾਂ ਬੁਰਾਈਆਂ ਨੂੰ ਕਮਜ਼ੋਰ, ਫੋਕੀਆਂ ਤੇ ਗ਼ੈਰਹਾਜ਼ਰ ਵੇਖਣ ਦੀ ਉਸ ਵਕਤ ਤਕ ਜ਼ਿਦ ਕਰੋ, ਜਦ ਤਕ ਇਹ ਬੁਰਾਈਆਂ ਦਿਸਣੋਂ ਹਟ ਨਾ ਜਾਣ ਤੇ ਵਾਹਿਗੁਰੂ ਸਰਬ-ਵਿਆਪੀ ਸਾਬਤ ਨਾ ਹੋ ਜਾਵੇ।

ਨਾਮ ਅਉਖਧੁ ਜਿਹ ਰਿਦੈ ਹਿਤਾਵੈ।
ਤਾਹਿ ਰੋਗੁ ਸੁਪਨੈ ਨਹੀ ਆਵੈ।
(ਗੁਰੂ ਅਰਜਨ ਦੇਵ ਜੀ)

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
(ਆਸਾ ਮਹਲਾ ੩)

ਜਦ ਅਸੀਂ ਆਪਣੇ ਆਪ ਨੂੰ ਵਾਹਿਗੁਰੂ ਦੀ ਸਦਾ ਕਾਇਮ ਜੋਤ ਸਮਝਾਂਗੇ ਤੇ ਨਾਸ਼ ਹੋ ਜਾਣ ਵਾਲਾ ਸਰੀਰ ਆਪਣੇ ਆਪ ਨੂੰ ਨਾ ਸਮਝਾਂਗੇ, ਜਦ ਅਸੀਂ ਆਪਣੇ ਆਪ ਨੂੰ ਹਮੇਸ਼ਾ ਦੀ ਜ਼ਿੰਦਗੀ ਸਮਝਾਂਗੇ ਤੇ ਮੌਤ ਦੀ ਪਕੜ ਤੋਂ ਬਾਹਰ ਸਮਝਾਂਗੇ, ਜਦ ਆਪਣੇ ਆਪ ਨੂੰ ਵਾਹਿਗੁਰੂ ਦੇ ਨੂਰ ਵਿਚ ਵੇਖਾਂਗੇ ਤੇ ਮਾਇਆ ਦੇ ਹਨੇਰੇ ਤੋਂ ਬਾਹਰ ਵੇਖਾਂਗੇ, ਜਦ ਮਨੁੱਖਾਂ ਨਾਲੋਂ ਵਾਹਿਗੁਰੂ ਤੇ ਭਰੋਸਾ ਜ਼ਿਆਦਾ ਕਰਾਂਗੇ ਤਾਂ ਮਾਇਆ ਦੀਆਂ ਕੁਲ ਖ਼ਤਰਨਾਕ ਸ਼ਕਲਾਂ ਆਪੇ ਹੀ ਨੱਸ ਜਾਣਗੀਆਂ ਤੇ ਉਹਨਾਂ ਦੀ ਥਾਂ ਸੁਖ ਹੀ ਸੁਖ ਨਜ਼ਰ ਆਵੇਗਾ।

ਵਾਹਿਗੁਰੂ ਦੀ ਜੋਤ ਹੋ ਕੇ ਸੁਖਾਂ ਵਿਚ ਰਹਿਣਾ ਇਕ ਅਟਲ ਸਚਾਈ ਹੈ,

ਜੋ ਮਨੁੱਖ ਨੂੰ ਵਾਹਿਗੁਰੂ ਦਾ ਪੁਤਰ ਹੋਣ ਕਰਕੇ ਵਿਰਸੇ ਵਿਚ ਮਿਲਿਆ ਹੈ। ਇਹ ਆਪਣਾ ਹੱਕ ਛੱਡਣਾ ਨਹੀਂ ਚਾਹੀਦਾ ਤੇ ਮਾਇਆ ਦੇ ਝੂਠੇ ਭੁਲਾਵਿਆਂ ਤੋਂ ਡਰਨਾ ਤੇ ਉਹਨਾਂ ਦੀ ਤਾਬੇਦਾਰੀ ਕਰਨੀ ਇਕ ਨਾਸ਼ ਹੋਣ ਵਾਲਾ ਕੁਝ ਹੈ, ਜਿਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਜੋ ਚੀਜ਼ ਅਸਲੀ ਤੇ ਸੱਚੀ ਹੈ, ਉਹ ਕਦੇ ਨਹੀਂ ਮਰਦੀ ਤੇ ਨਾ ਹੀ ਬਦਲਦੀ ਹੈ, ਤੇ ਜੋ ਚੀਜ਼ ਮਰਦੀ ਹੈ, ਉਹ ਕਦੀ ਅਸਲੀ ਤੇ ਸੱਚੀ ਨਹੀਂ ਹੋ ਸਕਦੀ।

ਜੋ ਮਰਿ ਜੰਮੇ ਸੁ ਕਚੁ ਨਿਕਚੁ।

(ਆਸਾ ਮਹਲਾ ੧)

ਡਾਕਟਰੀ ਇਲਾਜ ਤੇ ਆਤਮਕ ਇਲਾਜ ਵਿਚ ਇਹ ਫਰਕ ਹੈ :-

੧ ਡਾਕਟਰੀ ਇਲਾਜ ਵਿਚ ਬੀਮਾਰੀ ਨੂੰ ਆਰਾਮ ਆਵੇ ਜਾਂ ਨਾ ਆਵੇ।
੨. ਹਰ ਬੀਮਾਰੀ ਦਾ ਵਖਰਾ ਨੁਸਖ਼ਾ।
੩. ਕੌੜੀਆਂ ਦਵਾਈਆਂ ਪੀਣੀਆਂ ਤੇ ਖਾਣੇ ਦਾ ਸਵਾਦ ਖ਼ਤਮ।
੪. ਵਕਤ ਤੇ ਪੈਸੇ ਦਾ ਖ਼ਰਚ।
੫. ਬਦਨੀ ਤਕਲੀਫ ਤੇ ਹਰ ਵਕਤ ਦੀ ਬੇਚੈਨੀ।
੬. ਬੀਮਾਰੀ ਮੁੜ ਮੁੜ ਕੇ ਆਵੇਗੀ।

੧. ਵਾਹਿਗੁਰੂ ਨਾਮ ਨਾਲ ਕੋਈ ਬੀਮਾਰੀ ਲਾ-ਇਲਾਜ ਨਹੀਂ ਹੈ।
੨. ਕੁਲ ਬੀਮਾਰੀਆਂ ਦਾ ਇਕੋ ਨੁਸਖ਼ਾ।
੩. ਕੋਈ ਦਵਾਈ ਨਹੀਂ ! ਕੋਈ ਪਰਹੇਜ਼ ਨਹੀਂ।
੪. ਕੋਈ ਖ਼ਰਚ ਨਹੀਂ।
੫. ਤਕਲੀਫ ਫੌਰਨ ਬੰਦ।
੬. ਬੀਮਾਰੀ ਮੁੜ ਕੇ ਨਹੀਂ ਆਵੇਗੀ।

ਬੀਮਾਰ ਦਿਲ ਵਿਚਾਰੇ ਨੂੰ ਅਸਲੀ ਖ਼ੁਰਾਕ ਦੀ ਲੋੜ ਹੁੰਦੀ ਹੈ। ਜੈਸਾ ਕਿ ਸ਼ਾਂਤੀ, ਤਕਲੀਫ ਵਿਚ ਹੌਸਲਾ ਤੇ ਸਭ ਤੋਂ ਜ਼ਿਆਦਾ ਵਾਹਿਗੁਰੂ ਦੇ ਪਿਤਾ-ਮਾਤਾ ਵਾਲੇ ਪ੍ਰੇਮ ਦੀ ਸਮਝ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।

ਵਾਹਿਗੁਰੂ ਸਰਬ-ਸ਼ਕਤੀਮਾਨ ਹੈ ਤੇ ਹਮੇਸ਼ਾ ਕਾਇਮ ਹੈ। ਵਾਹਿਗੁਰੂ ਦੀ ਪੈਦਾ ਕੀਤੀ ਹੋਈ ਸਿਹਤ ਵਿਚ ਵੀ ਸ਼ਕਤੀ ਤੇ ਹਮੇਸ਼ਾ ਕਾਇਮ ਰਹਿਣ ਦੀ ਅਸਲੀਅਤ ਹੈ। ਬੀਮਾਰੀ (ਵਾਹਿਗੁਰੂ ਦੀ ਗ਼ੈਰਹਾਜ਼ਰੀ) ਮਾਇਆ ਵਿਚ ਪੈਦਾ ਹੁੰਦੀ ਹੈ। ਵਾਹਿਗੁਰੂ ਜਿਸ ਨੂੰ ਅਸਾਂ ਹਮੇਸ਼ਾ ਭੁਲਾਇਆ ਹੋਇਆ ਹੈ, ਉਸ ਨੂੰ

ਹਾਜ਼ਰ-ਨਾਜ਼ਰ ਦੇਖਣ ਨਾਲ ਤੇ ਹਿਰਦੇ ਵਿਚ ਰਖਣ ਨਾਲ ਬੀਮਾਰੀ ਖ਼ਤਮ ਹੋ ਜਾਂਦੀ ਹੈ। ਇਸ ਵਾਸਤੇ ਬੀਮਾਰੀ ਨੂੰ ਇਕ ਕਮਜ਼ੋਰ ਤੇ ਝੂਠੀ ਸਮਝਣਾ ਜ਼ਰੂਰੀ ਹੈ। ਜਦ ਇਹ ਸਮਝ ਆ ਜਾਵੇਗੀ, ਬੀਮਾਰੀ ਦਾ ਡਰ ਹਟਦਿਆਂ ਹੀ ਬੀਮਾਰੀ ਅਲੋਪ ਹੋ ਜਾਵੇਗੀ।

ਸਿਹਤ ਮਨੁੱਖ ਨੂੰ ਵਾਹਿਗੁਰੂ ਦਾ ਬੱਚਾ ਹੋਣ ਕਰਕੇ ਵਿਰਾਸਤ ਵਿਚ ਮਿਲੀ ਹੋਈ ਹੈ। ਵਾਹਿਗੁਰੂ ਦੀ ਸ਼ਰਨ ਵਿਚ ਰਿਹਾਂ ਬੀਮਾਰੀ ਕਦੀ ਵੀ ਨਹੀਂ ਆ ਸਕਦੀ।

ਬੀਮਾਰੀ ਵਿਚ ਦਵਾਈ ਦੀ ਬਿਲਕੁਲ ਲੋੜ ਨਹੀਂ, ਬਲਕਿ ਮਨ੍ਹਾ ਹੈ। ਆਪਣੇ ਆਪ ਨੂੰ ਬੀਮਾਰੀ ਵਿਚ ਵੀ ਰਾਜ਼ੀ ਸਮਝਣਾ (ਕਿਉਂਕਿ ਜੋਤ ਕਦੇ ਬੀਮਾਰ ਨਹੀਂ ਹੁੰਦੀ) ਜਿਥੋਂ ਤਕ ਹੋ ਸਕੇ ਰਾਜ਼ੀ-ਬਾਜ਼ੀ ਵਾਂਗ ਖਾਣਾ-ਪੀਣਾ ਅਤੇ ਆਪਣੇ ਕਾਰ-ਵਿਹਾਰ ਕਰਨੇ ਇਕ ਬਿਲੁਕਲ ਦਰੁਸਤ ਖ਼ਿਆਲ ਹੈ। ਬੀਮਾਰੀ ਨੂੰ ਜ਼ਬਾਨੀ ਬੇਬੁਨਿਆਦ ਕਹਿਣਾ ਕਾਫ਼ੀ ਨਹੀਂ। ਵਰਤੋਂ ਵਿਚ ਬੇਬੁਨਿਆਦ ਕਰਕੇ ਦਿਖਾਉਣਾ ਉਚਿਤ ਹੈ।

ਵਾਹਿਗੁਰੂ ਦਾ ਹੁਕਮ

ਪਿਆਰੇ ਗੁਰਸਿੱਖ ! ਤੂੰ ਕਿਉਂ ਅਫਸੋਸਿਆ ਹੋਇਆ ਹੈਂ ? ਤੂੰ ਕਿਉਂ ਘਬਰਾ ਰਿਹਾ ਹੈਂ ? ਚਿਹਰੇ ਤੇ ਪਰੇਸ਼ਾਨੀ ਕਿਉਂ ? ਤਦਬੀਰਾਂ ਅਤੇ ਤਜਵੀਜ਼ਾਂ ਖ਼ਤਮ ਹੋ ਚੁਕੀਆਂ ਹਨ ? ਅਕਲ ਤੇ ਦਾਨਾਈ ਦੀ ਕੋਈ ਪੇਸ਼ ਨਹੀਂ ਜਾਂਦੀ ? ਜਵਾਨੀ ਤੇ ਹਿੰਮਤ ਦਾ ਸਾਮਾਨ ਢਿਲਾ ਹੋ ਗਿਆ ਹੈ ? ਹਫ ਕੇ ਹੁਣ ਇਲਾਜ ਕਰ ਰਿਹਾ ਹੈਂ ? ਪਰ ਤੇਰਾ ਮੂੰਹ ਕਿਸ ਪਾਸੇ ਹੈ ? ਮਾਯੂਸ ਉਮੀਦ ਦੀਆਂ ਅੱਖਾਂ ਕਿਧਰ ਲਗੀਆਂ ਹੋਈਆਂ ਹਨ ? ਦੁਨੀਆਂ ਨੇ ਤੇਰੇ ਪਾਸੇ ਤੋੜ ਦਿਤੇ, ਪਰ ਤੂੰ ਫਿਰ ਵੀ ਇਹਦੇ ਹੀ ਵਲ ਮਦਦ ਵਾਸਤੇ ਤਕ ਰਿਹਾ ਹੈਂ ! ਤੇਰੇ ਤਜਰਬੇ ਨੇ ਜੋ ਤੈਨੂੰ ਦਿਖਾਇਆ ਹੈ, ਉਹੋ ਹੀ ਸਾਰੇ ਲੋਕਾਂ ਨੂੰ ਦਿਖਾਇਆ ਹੈ, ਕਿ ਇਸ ਦੁਨੀਆਂ ਵਿਚ ਪੂਰਾ ਸੁਖੀ ਹੋਣ ਦੀ ਡੀਂਗ ਅਜੇ ਤਕ ਕੋਈ ਵੀ ਨਹੀਂ ਮਾਰ ਸਕਿਆ ! ਜਿਹੜੀ ਦੁਨੀਆਂ ਆਪ ਅਜੇ ਅਧੂਰੀ ਹੈ, ਹਰ ਵੇਲੇ ਡੋਲ ਰਹੀ ਤੇ ਬਦਲ ਰਹੀ ਹੈ, ਉਹਦੇ ਵਿਚ ਤੂੰ ਪੂਰੇ ਤੇ ਕਾਇਮ ਰਹਿਣ ਵਾਲੇ ਸੁਖ ਦੀ ਭਾਲ ਕਿਸ ਤਰ੍ਹਾਂ ਕਰ ਸਕਦਾ ਹੈਂ ? ਜੇ ਹਮੇਸ਼ਾ ਦਾ ਸੁਖ ਚਾਹੁੰਦਾ ਹੈਂ ਤਾਂ ਇਸ ਹਨੇਰੇ ਤੋਂ ਮੂੰਹ ਮੋੜ ਕੇ ਕਿਸੇ ਚਾਨਣੀ ਅਤੇ ਹਮੇਸ਼ਾ ਕਾਇਮ ਸ਼ਕਤੀ ਵਲ ਧਿਆਨ ਕਰ, ਜਿਥੇ ਕੁਲ ਤਕਲੀਫਾਂ ਦਾ ਪੂਰਾ ਇਲਾਜ ਤੇ ਹਲ ਨਜ਼ਰ ਆਵੇ।

ਭਲਾ ਇਹ ਤਾਂ ਦਸ ਕਿ ਤੂੰ ਸਿੱਖ ਹੋ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੁੰਦਾ ਹੈਂ ? ਜੇ ਕਰਦਾ ਹੈਂ ਤਦ ਮੱਥਾ ਟੇਕ ਕੇ ਫੁਲ ਭੀ ਜ਼ਰੂਰ ਚੜ੍ਹਾਉਂਦਾ ਹੋਵੇਂਗਾ ? ਜ਼ਰਾ ਧਿਆਨ ਕਰਕੇ ਕਦੇ ਸੋਚਿਆ ਹੈ ਕਿ ਇਹਦਾ ਕੀ ਮਤਲਬ ਹੈ ?

ਮਤਲਬ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਹੁਕਮ ਤੂੰ ਸੁਣ ਲਿਆ ਹੈ। ਮੱਥਾ ਟੇਕਿਆ ਤੇ ਫੁਲ ਚੜ੍ਹਾਏ, ਗੋਯਾ ਇਕਰਾਰ ਕੀਤਾ ਕਿ ਮੈਂ ਇਹ ਹੁਕਮ ਮੰਨਾਂਗਾ ਤੇ ਇਸ ਨੂੰ ਵਰਤਾਰੇ ਵਿਚ ਲਿਆ ਕੇ ਫੁਲ ਚੜ੍ਹਾਵਾਂਗਾ ਜਾਂ ਪੂਰਾ ਕਰਾਂਗਾ। ਹੁਣ ਦਸ ਕਿ ਇਹ ਇਕਰਾਰ ਹਰ ਰੋਜ਼ ਕਰ ਕੇ ਕਦੀ

ਨਿਭਾਇਆ ਵੀ ਹੈ ਕਿ ਨਹੀਂ ?

ਗੁਰੂ ਗ੍ਰੰਥ ਸਾਹਿਬ ਦਾ ਪਾਠ ਪੂਰੀ ਤਰ੍ਹਾਂ ਸਮਝ ਕੇ ਕਰਨਾ ਤੇ ਵਾਹਿਗੁਰੂ ਦੇ ਗੁਣਾਂ ਨੂੰ ਖ਼ਿਆਲ ਵਿਚ ਰਖਣਾ, ਵਾਹਿਗੁਰੂ ਦੀ ਪਛਾਣ ਹਾਸਲ ਕਰਨੀ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਹੋਏ ਅਸੂਲਾਂ ਤੇ ਅਮਲ ਕਰਨਾ, ਉਹ ਰੌਸ਼ਨੀ ਲਿਆਉਂਦਾ ਹੈ, ਜਿਸ ਦੇ ਵਿਚ ਦੁਨੀਆਂ ਦੇ ਹਨੇਰੇ ਦੀਆਂ ਕੁਲ ਤਕਲੀਫਾਂ-ਫਿਕਰ, ਬੀਮਾਰੀ, ਬੁਢ੍ਹੇਪਾ, ਗ਼ਮ, ਬੇਚੈਨੀ ਆਦਿ ਆਪੇ ਹੀ ਉਡ ਜਾਂਦੀਆਂ ਹਨ। ਮਨ ਵਾਹਿਗੁਰੂ ਦੇ ਪ੍ਰੇਮ ਨਾਲ ਭਰ ਜਾਂਦਾ ਹੈ। ਲਿਵ ਇਕ ਪਾਸੇ ਲਗਦੀ ਹੈ, ਜਿਸ ਦੇ ਨਾਲ ਲੋਕ ਅਤੇ ਪਰਲੋਕ ਦੋਵੇਂ ਸੰਵਰਦੇ ਹਨ। ਹਰ ਗ੍ਰੰਝਲ ਤੋਂ ਛੁਟਕਾਰਾ ਪਾਣ ਦਾ ਰਸਤਾ ਦਿਸਦਾ ਹੈ। ਖ਼ੁਸ਼ੀ ਤੇ ਅਨੰਦ ਹਰ ਵੇਲੇ ਕੋਲ ਰਹਿੰਦਾ ਹੈ। ਆਓ, ਹੁਣ ਰਲ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੀਏ। ਖੋਲ੍ਹਦਿਆਂ ਹੀ ਇਹ ਸ਼ਬਦ ਨਿਕਲਿਆ ਹੈ :-

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ।
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ।
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ।
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ।
ਨਾ ਕੋ ਦੁਸਮਨੁ ਦੁਖੀਆ ਨਾਹੀ ਕੋ ਮੰਦਾ।
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ।

(ਆਸਾ ਮਹਲਾ ੫)

ਹਰ ਸ਼ਬਦ ਵਿਚ ਵਾਹਿਗੁਰੂ ਦਾ ਇਕ ਹੁਕਮ ਦੱਸਿਆ ਹੋਇਆ ਹੁੰਦਾ ਹੈ। ਉਹਨੂੰ ਸਿਰਫ ਪੜ੍ਹਨਾ ਹੀ ਕਾਫ਼ੀ ਨਹੀਂ, ਬਲਕਿ ਪੜ੍ਹ ਕੇ ਸਮਝਣਾ ਤੇ ਉਹਦੇ ਉਤੇ ਅਮਲ ਕਰ ਦੇ ਦੇਖਣਾ ਹੈ ਕਿ ਨਤੀਜਾ ਪੂਰਾ ਨਿਕਲਿਆ ਹੈ ਕਿ ਨਹੀਂ ?

ਸ਼ਬਦ ਦੀ ਵਿਆਖਿਆ ਜਾਂ ਸੋਚ-ਸਮਝ ਇਹ ਹੈ। ਪਹਿਲੀ ਤੁਕ :- ਜਦ ਤੂੰ ਪ੍ਰਮੇਸ਼ਰ ਤੇ ਆਪਣੇ ਆਪ ਵਿਚ 'ਮੇਰ ਤੇ ਤੇਰ' ਦੇਖ ਰਿਹਾ ਹੈਂ, ਤਦ ਤਕ ਤੂੰ ਦੁਨੀਆਂ ਦੀ ਬੰਦਸ਼ ਜਾਂ ਕੈਦ ਵਿਚ ਹੈਂ। ਗੁਰਾਂ ਦੀ ਮਿਹਰ ਨਾਲ ਜਦ ਤੈਨੂੰ ਗਿਆਨ ਹੋ ਜਾਵੇ ਕਿ ਮੈਂ ਤੇ ਪ੍ਰਮੇਸ਼ਰ ਅੰਦਰੋਂ ਇਕ ਹਾਂ, ਤਦ ਖਲਾਸੀ ਹੋਵੇਗੀ।

ਓਦੇ ਭੁਲੇ ਹੋਏ ਮਨੁੱਖ ! ਤੂੰ ਤਾਂ ਵਾਹਿਗੁਰੂ ਦੀ ਜੋਤ ਹੈਂ, ਉਹਦਾ ਬੱਚਾ ਹੈਂ। ਜਿਸ ਤਰ੍ਹਾਂ ਸੂਰਜ ਤੇ ਉਹਦੀ ਕਿਰਨ ਦਾ ਸੰਬੰਧ ਹੈ, ਉਹੀ ਸੰਬੰਧ ਵਾਹਿਗੁਰੂ ਦਾ ਤੇ ਤੇਰਾ ਹੈ। ਉਹਦੀ ਜੋਤ ਹੋਣ ਕਰ ਕੇ ਉਸ ਦੇ ਸਾਰੇ ਗੁਣ ਤੇਰੇ ਵਿਚ

ਪ੍ਰਕਾਸ਼ ਹੋ ਰਹੇ ਹਨ। ਜਿਸ ਤਰ੍ਹਾਂ ਸੂਰਜ ਆਪਣੀਆਂ ਕਿਰਨਾਂ ਨੂੰ ਸ਼ਕਤੀ ਦੇ ਕੇ ਆਪਣਾ ਕੰਮ ਕਰ ਰਿਹਾ ਹੈ, ਇਸੇ ਤਰ੍ਹਾਂ ਵਾਹਿਗੁਰੂ ਤੇਰੇ ਵਿਚ ਪ੍ਰਕਾਸ਼ ਹੋਣ ਕਰ ਕੇ, ਤੈਨੂੰ ਆਪਣੀ ਸ਼ਕਤੀ ਦੇ ਕੇ, ਦੁਨੀਆਂ ਦੇ ਕੰਮ ਤੇਰੇ ਕੋਲੋਂ ਕਰਵਾ ਰਿਹਾ ਹੈ। ਤੈਨੂੰ ਪਾਲਣ ਤੇ ਤੇਰੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਧਿਆਨ ਉਸ ਨੂੰ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
(ਆਸਾ ਮਹਲਾ ੩)

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰ ਧਰਿਆ।
(ਗੂਜਰੀ ਮਹਲਾ ੫)

ਇਕ ਬੜਾ ਭਾਰਾ ਹੁਕਮ ਜਾਂ ਕਾਨੂੰਨ ਵਾਹਿਗੁਰੂ ਦਾ ਇਸ ਪਹਿਲੀ ਤੁਕ ਵਿਚ ਦੱਸਿਆ ਗਿਆ ਹੈ। ਅਸੀਂ ਜੇਕਰ ਇਸ ਕਾਨੂੰਨ ਨੂੰ ਪੂਰਾ ਕਰਾਂਗੇ ਤਾਂ ਇਹਦਾ ਨਤੀਜਾ ਵਾਹਿਗੁਰੂ ਦੇ ਬਚੇ ਬਣ ਕੇ ਵਾਹਿਗੁਰੂ ਕੋਲੋਂ ਵਿਰਸੇ ਵਿਚ ਸਭ ਸੁਖ ਤੇ ਅਨੰਦ ਲਵਾਂਗੇ।

ਜਿਸ ਤਰ੍ਹਾਂ ਬਿਜਲੀ ਘਰ ਵਾਲੇ, ਵਾਹਿਗੁਰੂ ਦੇ ਬਣਾਏ ਹੋਏ ਕਾਨੂੰਨ ਚਲਾ ਕੇ, ਬਿਜਲੀ ਪੈਦਾ ਕਰ ਕੇ, ਉਸ ਤੋਂ ਫਾਇਦਾ ਉਠਾਉਂਦੇ ਹਨ ਅਤੇ ਜੇਕਰ ਜ਼ਰਾ ਵੀ ਕਾਨੂੰਨ ਤੋਂ ਇਧਰ ਉਧਰ ਹੋ ਜਾਣ ਤਦ ਬਿਜਲੀ ਪੈਦਾ ਨਹੀਂ ਹੁੰਦੀ, ਇਸੇ ਤਰ੍ਹਾਂ ਆਤਮ ਸਾਇੰਸ ਦੇ ਕਾਨੂੰਨਾਂ ਦੀ ਪੂਰੀ ਤਾਬੇਦਾਰੀ ਕਰਨ ਨਾਲ ਸੁਖ, ਅਨੰਦ ਆਦਿ ਨਤੀਜੇ ਪੈਦਾ ਹੋਣੇ ਜ਼ਰੂਰੀ ਹਨ।

ਦੂਜੀ ਤੁਕ—ਜਦ ਤਕ ਮਨੁੱਖ ਹੁਕਮ ਨਹੀਂ ਬੁਝਦਾ, ਤਦ ਤਕ ਦੁਖੀ ਰਹੇਗਾ। ਹੁਕਮ (ਕਾਨੂੰਨ) ਦੀ ਪਛਾਣ ਕਰਨ ਨਾਲ ਸੁਖੀ ਹੋਵੇਗਾ।

ਗੁਰੂ ਗ੍ਰੰਥ ਸਾਹਿਬ ਵਾਸਤੇ ਸੁੰਦਰ ਕਮਰਾ ਬਣਾਉਣਾ, ਸੁੰਦਰ ਪਾਲਕੀ ਬਣਾ ਕੇ ਉਥੇ ਅਸਥਾਪਨ ਕਰਨਾ, ਹਰ ਰੋਜ਼ ਨਿਤਨੇਮ ਦੇ ਪਾਠ ਕਰਨੇ ਤੇ ਕੜਾਹ ਪ੍ਰਸ਼ਾਦ ਦਾ ਭੋਗ ਲਗਵਾਣਾ, ਇਹ ਸਾਰੀਆਂ ਗਲਾਂ ਸੁਣਨ ਤੇ ਮੰਨਣ ਦੀ ਤਿਆਰੀ ਹੈ। ਜਦ ਤਕ ਹੁਕਮ ਨੂੰ ਨਾ ਸਮਝੇ ਤੇ ਨਾ ਬੁਝੇ, ਉਸ ਕਾਨੂੰਨ ਦਾ ਨਤੀਜਾ ਪੈਦਾ ਨਹੀਂ ਹੁੰਦਾ। ਜਦ ਤਕ ਮਨੁੱਖ ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਹੋ ਕੇ ਉਹਦੇ ਨਾਲ ਇਕਤਾਈ ਨਹੀਂ ਸਮਝਦਾ, ਤਦ ਤਕ ਦੁਖੀ ਰਹੇਗਾ।

ਤੀਸਰੀ ਤੁਕ—ਇਸ ਤੁਕ ਵਿਚ ਦਸਿਆ ਹੈ ਕਿ ਜਿਸ ਵੇਲੇ ਵਾਹਿਗੁਰੂ

ਦੇ ਹੁਕਮ (ਕਾਨੂੰਨ) ਦੀ ਸਮਝ ਆ ਗਈ ਤੇ ਕਾਨੂੰਨ ਵਰਤਮਾਨ ਕੀਤਾ, ਤਦ ਇਹ ਨਿਸ਼ਾਨੀ ਪੈਦਾ ਹੋਵੇਗੀ ਕਿ ਉਸ ਮਨੁੱਖ ਨੂੰ ਦੁਨੀਆਂ ਵਿਚ ਕੋਈ ਦੁਸ਼ਮਣ ਨਜ਼ਰ ਨਹੀਂ ਆਵੇਗਾ। ਕਿਉਂਕਿ ਉਹ ਮਨੁੱਖ ਵਾਹਿਗੁਰੂ ਦੀ ਜੋਤ ਹੋਣ ਕਰ ਕੇ ਵਾਹਿਗੁਰੂ ਦੀ ਜੋਤ ਹਰ ਮਨੁੱਖ ਵਿਚ ਦੇਖੇਗਾ, ਤਾਂ ਸਾਰੇ ਹੀ ਉਸ ਨੂੰ ਆਪਣੀ ਹੀ ਜੋਤ ਦਾ ਰੰਗ ਦਿਸਣਗੇ ਤੇ ਸੱਜਣ ਤੇ ਭਲੇ ਨਜ਼ਰ ਆਉਣਗੇ।

ਇਸ ਸ਼ਬਦ ਵਿਚ ਵਾਹਿਗੁਰੂ ਦੇ ਇਕ ਹੁਕਮ ਦਾ ਵਰਨਣ ਹੈ। ਹੋਰ ਸ਼ਬਦ ਪੜ੍ਹਨ ਨਾਲ ਹੋਰ ਹੁਕਮਾਂ ਦਾ ਵੀ ਗਿਆਨ ਹੋ ਜਾਵੇਗਾ ਤੇ ਦੁਨੀਆਂ ਦੀਆਂ ਤਕਲੀਫਾਂ, ਪਾਪ, ਬੀਮਾਰੀ, ਮੌਤ, ਬੁੜ੍ਹ, ਫਿਕਰ, ਗ਼ਮ ਆਦਿ ਤੋਂ ਛੁਟਕਾਰਾ ਹੋ ਕੇ ਗ੍ਰਿਹਸਤ ਦੇ ਕੁਲ ਕੰਮ ਬਹੁਤ ਅੱਛੇ ਚਲਣਗੇ ਤੇ ਵਾਹਿਗੁਰੂ ਦੇ ਪ੍ਰੇਮ ਵਿਚ ਲੀਨ ਹੋ ਕੇ ਪ੍ਰਮਾਰਥ ਵੀ ਸੰਵਰੇਗਾ।

ਗ੍ਰਿਹਸਤੀ ਦਾ ਸਿਮਰਨ

ਇਹ ਇਕ ਆਮ ਸ਼ਿਕਾਇਤ ਹੈ ਕਿ ਸਿਮਰਨ ਕਰਨ ਦਾ ਕੋਈ ਅਜੇਹਾ ਤਰੀਕਾ ਨਹੀਂ ਲੱਭਦਾ ਜਿਸ ਨਾਲ ਸਿਮਰਨ ਵਿਚ ਮਨ ਲਗੇ। ਗੁਰੂ ਗ੍ਰੰਥ ਸਾਹਿਬ ਦੇ ਪਾਠ ਤੋਂ ਤੇ ਕਥਾ-ਕੀਰਤਨ ਸੁਣਨ ਨਾਲ ਬੜੀ ਉਮੰਗ ਪੈਦਾ ਹੁੰਦੀ ਹੈ ਕਿ ਅਸੀਂ ਵੀ ਸਿਮਰਨ ਕਰ ਕੇ ਦੁਨੀਆਂ ਦੇ ਅਗਨ ਸਾਗਰ ਨੂੰ ਸੌਖੀ ਤਰ੍ਹਾਂ ਲੰਘੀਏ ਤੇ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਜੁੜੇ। ਪਰ ਜਦ ਵੀ ਇਸ ਪਾਸੇ ਕੋਸ਼ਿਸ਼ ਕੀਤੀ ਹੈ, ਕਾਮਯਾਬੀ ਨਹੀਂ ਹੋਈ ਤੇ ਮਨ ਉਕਤਾ ਜਾਂਦਾ ਹੈ।

ਮੇਰੇ ਪਿਆਰੇ ਪਾਠਕ, ਘਬਰਾ ਨਾਂਹ ! ਗੁਰੂ ਗ੍ਰੰਥ ਸਾਹਿਬ ਵਿਚ ਸਭ ਕੁਝ ਮੌਜੂਦ ਹੈ, ਜ਼ਰਾ ਧਿਆਨ ਦੇਣ ਦੀ ਲੋੜ ਹੈ। ਮਾਲਾ ਲੈ ਕੇ ਤੇ ਇਕਾਂਤ ਵਿਚ ਬੈਠ ਕੇ ਵਾਹਿਗੁਰੂ ਵਿਚ ਮਨ ਟਿਕਾਣ ਦੀ ਕੋਸ਼ਿਸ਼ ਹਮੇਸ਼ਾ ਕਾਮਯਾਬ ਨਹੀਂ ਹੁੰਦੀ, ਕਿਉਂਕਿ ਉਹ ਇਕ ਉਚੀ ਮੰਜ਼ਿਲ ਦਾ ਰਸਤਾ ਹੈ। ਸ਼ੁਰੂ ਸ਼ੁਰੂ ਵਿਚ ਉਸ ਰਸਤੇ ਤੇ ਚਲਣ ਵਾਲਾ ਫਿਸਲ ਜਾਂਦਾ ਹੈ। ਪਹਿਲਾਂ ਸੌਖੇ ਰਸਤਿਆਂ ਤੇ ਚਲਣਾ ਜ਼ਰੂਰੀ ਹੈ। ਉਹਨਾਂ ਰਸਤਿਆਂ ਤੇ ਚਲ ਕੇ ਸੁਆਦ ਪੈਦਾ ਕਰਨ ਦੀ ਲੋੜ ਹੈ, ਜਿਹੜਾ ਸੁਆਦ ਸ਼ੌਕ ਨਾਲ ਰਸਤੇ ਤੇ ਚਲਣ ਵਾਸਤੇ ਤਿਆਰ ਕਰੇ।

ਗੁਰਸਿੱਖ ਵਾਸਤੇ ਸਿਮਰਨ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਨੇਮ ਨਾਲ ਪਾਠ ਕਰਨਾ ਤੇ ਸ਼ਬਦ ਨੂੰ ਪੂਰੇ ਤੌਰ ਤੇ ਸਮਝਣਾ ਜ਼ਰੂਰੀ ਹੈ। ਕਿਉਂਕਿ ਵਾਹਿਗੁਰੂ ਦਾ ਸਿਮਰਨ ਕਰਨਾ ਹੈ, ਇਸ ਵਾਸਤੇ ਇਹ ਜ਼ਰੂਰੀ ਹੈ ਕਿ ਅਸੀਂ ਵਾਹਿਗੁਰੂ ਦੀ ਪਛਾਣ ਕਰੀਏ। ਆਪਣੇ ਖਿਆਲਾਂ ਦੀ ਬਣਾਈ ਹੋਈ ਵਾਹਿਗੁਰੂ ਦੀ ਤਸਵੀਰ ਛੱਡ ਕੇ ਬਿਲਕੁਲ ਗੁਰੂ ਗ੍ਰੰਥ ਸਾਹਿਬ ਵਿਚ ਦਸੀ ਹੋਈ ਤਸਵੀਰ ਬਨਾਣੀ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਵੇਲੇ ਇਕ ਮੋਟੀ ਗੱਲ ਸੁਰਤ ਵਿਚ ਲਿਆਣ ਵਾਲੀ ਇਹ ਹੈ ਕਿ ਵਾਹਿਗੁਰੂ ਇਕ ਵੱਡੇ ਸ਼ਹਿਨਸ਼ਾਹ ਵਾਂਗ ਨਹੀਂ ਜਿਹੜਾ ਕਿ ਕਦੀ ਖੁਸ਼ ਹੋ ਕੇ ਦਾਤਾਂ ਦੇਂਦਾ ਹੈ ਤੇ ਕਦੀ ਨਾਰਾਜ਼ ਹੋ ਕੇ ਮਨੁੱਖ ਉਤੇ ਮੁਸੀਬਤਾਂ ਦੇ ਪਹਾੜ ਸੁਟ ਦੇਂਦਾ ਹੈ। ਵਾਹਿਗੁਰੂ ਇਕ ਕਦੀ ਨਾ ਬਦਲਣ

ਵਾਲੀ ਤੇ ਹਮੇਸ਼ਾ ਕਾਇਮ ਰਹਿਣ ਵਾਲੀ ਹਸਤੀ ਹੈ ਜੋ ਕਿ ਹਮੇਸ਼ਾ ਇਕੋ ਜਿਹੀ ਰਹਿੰਦੀ ਹੈ ਤੇ ਆਪਣੇ ਕੰਮ ਪੂਰਨ ਤੌਰ ਤੇ ਹਰ ਵਕਤ ਕਰ ਰਹੀ ਹੈ। ਅਰਦਾਸਾਂ ਨਾਲ ਅਸੀਂ ਉਸ ਨੂੰ ਨਹੀਂ ਬਦਲ ਸਕਦੇ। ਆਪਣੇ ਆਪ ਨੂੰ ਬਦਲ ਰਹੇ ਹਾਂ ਤੇ ਨੇੜੇ ਨੇੜੇ ਜਾ ਕੇ ਕੁਝ ਬਰਕਤਾਂ ਲੈ ਰਹੇ ਹਾਂ। ਉਹ ਵਾਹਿਗੁਰੂ ਸੁਖ ਸਰੂਪ ਹੈ, ਪ੍ਰੇਮ ਹੀ ਪ੍ਰੇਮ ਹੈ। ਮਨੁੱਖ ਉਹਦੇ ਵਿਚ ਰਹਿ ਕੇ ਸੁਖੀ ਹੁੰਦਾ ਹੈ ਤੇ ਉਸ ਤੋਂ ਵਿਛੜ ਕੇ ਦੁਖਾਂ ਵਿਚ ਪੈਂਦਾ ਹੈ।

ਗ੍ਰਿਹਸਤੀ ਵਾਸਤੇ ਸੁਖਾਲਾ ਤਰੀਕਾ ਇਹ ਹੈ ਕਿ ਪਹਿਲਾਂ ਉਹ ਦੇਖੇ ਕਿ ਦੁਨੀਆਂ ਦੀ ਕੀ ਗੱਲ ਉਸ ਨੂੰ ਤਕਲੀਫ ਦੇ ਰਹੀ ਹੈ ? ਮਿਸਾਲ ਦੇ ਤੌਰ ਤੇ ਬਦਨ ਵਿਚ ਕੋਈ ਬੀਮਾਰੀ ਹੈ ਤੇ ਇਸ ਨੂੰ ਹਟਾਣ ਦਾ ਯਤਨ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਐਸੇ ਸ਼ਬਦ ਚੁਣੇ ਜਿਹੜੇ ਕਿ ਆਪਣੀ ਤਕਲੀਫ ਦਾ ਇਲਾਜ ਹੋਵਣ। ਬੀਮਾਰੀ ਵਾਸਤੇ ਮਿਸਾਲ ਦੇ ਤੌਰ ਤੇ ਇਹ ਸ਼ਬਦ ਪੜ੍ਹੋ :-

ਤਾਤੀ ਵਾਉ ਨਾ ਲਗਈ ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨਾ ਭਾਈ।
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ।
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ।ਰਹਾਉ।
ਰਾਖ ਲੀਏ ਤਿਨਿ ਰਖਨਹਾਰ ਸਭ ਬਿਆਧਿ ਮਿਟਾਈ।
ਕਹੁ ਨਾਨਕ ਕ੍ਰਿਪਾ ਭਈ ਪ੍ਰਭ ਭਏ ਸਹਾਈ।
(ਬਿਲਾਵਲ ਮਹਲਾ ੫)

ਇਹ ਸ਼ਬਦ ਧਿਆਨ ਨਾਲ ਪੜ੍ਹ ਕੇ, ਇਸ ਵਿਚ ਦਸੇ ਹੋਏ ਖ਼ਿਆਲ ਨੂੰ ਆਪਣੇ ਦਿਲ ਵਿਚ ਤੇ ਅੱਖਾਂ ਅੱਗੇ ਲਿਆਵੇ। ਦੇਖੇ, ਵਾਹਿਗੁਰੂ ਮੌਜੂਦ ਹੈ ਤੇ ਮੈਂ ਉਹਦੀ ਸ਼ਰਨ ਵਿਚ ਆਇਆ ਹਾਂ। ਇਸ ਹਾਲਤ ਵਿਚ ਬੈਠਿਆਂ ਹੋਇਆਂ ਬੀਮਾਰੀ ਦੀ ਤਕਲੀਫ ਤਾਂ ਇਕ ਬੰਨੇ ਰਹੀ, ਤੱਤੀ ਵਾਉ ਵੀ ਨਹੀਂ ਲਗਦੀ। ਰਾਮ ਦੀ ਕਾਰ (ਲਕੀਰ, ਹਦਬੰਦੀ) ਸਾਰੇ ਪਾਸੇ ਹੈ ਤੇ ਦੁਖ ਨਹੀਂ ਲਗ ਸਕਦਾ।

ਇਸ ਸ਼ਬਦ ਵਿਚ ਬੀਮਾਰੀ ਨੂੰ ਹਟਾਣ ਵਾਸਤੇ ਜੋ ਨਿਯਮ ਜਾਂ ਅਸੂਲ ਦੱਸੇ ਗਏ ਹਨ :

੧. ਪਾਰਬ੍ਰਹਮ ਹਰ ਵੇਲੇ ਮੌਜੂਦ ਹੈ !
੨. ਉਹਦੀ ਸ਼ਰਨ ਵਿਚ ਆਓ।

ਬੀਮਾਰੀ ਹਟਾਣ ਵਾਸਤੇ ਇਹ ਦੋ ਬੜੇ ਵੱਡੇ ਅਸੂਲ ਦਸੇ ਗਏ ਹਨ। ਇਹਨਾ ਨੂੰ ਸਮਝਣਾ ਤੇ ਵਰਤੋਂ ਵਿਚ ਲਿਆਉਣਾ ਜ਼ਰੂਰੀ ਹੈ ਤੇ ਇਹਦਾ ਨਤੀਜਾ ਬਦਨ

ਤੋਂ ਰੋਗ ਦੂਰ ਹੁੰਦਾ ਦੇਖਣਾ ਅਵੱਸ਼ ਹੈ।

ਬੀਮਾਰੀ ਹਟਾਣ ਵਾਸਤੇ ਸਿਮਰਨ ਕਰਨਾ, ਇਹ ਗ੍ਰਿਹਸਤੀ ਦੇ ਸਿਮਰਨ ਦਾ ਪਹਿਲਾ ਦਰਜਾ ਹੈ। ਬੀਮਾਰੀ ਹਟਾਉਣ ਨੂੰ ਮੁਖ ਰਖ ਕੇ ਸਿਮਰਨ ਵਿਚ ਦਿਲ ਜ਼ਰੂਰ ਲਗ ਜਾਂਦਾ ਹੈ। ਬੀਮਾਰੀ ਹਟਣ ਨਾਲ ਵਾਹਿਗੁਰੂ ਪਿਆਰਾ ਤੇ ਸ਼ੁਕਰ ਕਰਨ ਦੀ ਥਾਂ ਬਣਦਾ ਹੈ। ਦੋਵੇਂ ਕੰਮ ਹੋ ਗਏ। ਦੁਨੀਆਂ ਵੀ ਸੰਵਰੀ ਤੇ ਵਾਹਿਗੁਰੂ ਵੀ ਚੇਤੇ ਆਉਂਦਾ ਰਿਹਾ। ਕਿਉਂਕਿ ਵਾਹਿਗੁਰੂ ਨੂੰ ਧਿਆਨ ਵਿਚ ਮੌਜੂਦ ਦੇਖ ਕੇ ਉਹਦੀ ਸ਼ਰਨ ਆਉਣਾ ਤੇ ਉਹਨੂੰ ਇਸੇ ਰੰਗ ਵਿਚ ਵਾਰ-ਵਾਰ ਸੁਰਤ ਵਿਚ ਲਿਆਉਣਾ, ਸਿਮਰਨ ਹੈ।

ਹੁਣ ਇਹ ਸਿਮਰਨ ਅਰਦਾਸ ਦੀ ਸ਼ਕਲ ਵਿਚ ਦਰਜ ਕੀਤਾ ਜਾਂਦਾ ਹੈ। ਇਸ ਅਰਦਾਸ ਨੂੰ ਪੂਰੇ ਧਿਆਨ ਨਾਲ ਤੇ ਸਮਝ ਕੇ, ਘਟ ਤੋਂ ਘਟ ਪੰਜ ਮਿੰਟ ਸਵੇਰੇ ਤੇ ਪੰਜ ਮਿੰਟ ਸ਼ਾਮ ਨੂੰ ਪੜ੍ਹਿਆ ਜਾਵੇ ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਹਰ ਰੋਜ਼ ਪਾਠ ਕਰ ਕੇ ਵਾਹਿਗੁਰੂ ਦੀ ਪਛਾਣ ਕੀਤੀ ਜਾਵੇ। ਬੀਮਾਰੀ ਕਦੀ ਰਹਿ ਹੀ ਨਹੀਂ ਸਕਦੀ। ਅਭਿਆਸ ਵਧਾਣ ਤੇ ਕਰਨ ਨਾਲ ਬੀਮਾਰੀ ਫਿਰ ਕਦੇ ਨੇੜੇ ਨਹੀਂ ਆਵੇਗੀ।

ਇਹ ਲੇਖ ਸਿਰਫ ਖ਼ਿਆਲੀ ਤਰੀਕੇ 'ਤੇ ਨਹੀਂ ਲਿਖਿਆ ਗਿਆ ਬਲਕਿ ਬਾਰਾਂ ਸਾਲ ਦੇ ਪੂਰੇ ਤੇ ਪੱਕੇ ਤਜਰਬੇ ਦਾ ਨਤੀਜਾ ਹੈ।

ਅਰਦਾਸ ਤੋਂ ਪਹਿਲਾਂ ਧਿਆਨ ਵਿਚ ਰਖਣ ਵਾਲੇ ਅਸੂਲ :- 'ਵਾਹਿਗੁਰੂ ਸਰਬ-ਵਿਆਪੀ ਹੈ, ਵਾਹਿਗੁਰੂ ਸਰਬ-ਸ਼ਕਤੀਮਾਨ ਹੈ, ਵਾਹਿਗੁਰੂ ਪਿਤਾ ਹੈ, ਮਾਤਾ ਹੈ, ਪ੍ਰੇਮ ਹੀ ਪ੍ਰੇਮ ਹੈ, ਸੁਖ ਸਰੂਪ ਹੈ, ਮਹਾਂ ਅਨੰਦ ਹੈ। ਵਾਹਿਗੁਰੂ ਵਿਚ ਥੁੜ, ਪਾਪ, ਬੇਚੈਨੀ, ਬੀਮਾਰੀ, ਮੌਤ ਆਦਿ ਬੁਰਾਈਆਂ ਨਹੀਂ। ਵਾਹਿਗੁਰੂ ਸੱਚ ਹੈ ਜੋ ਕਦੀ ਨਹੀਂ ਬਦਲਦਾ। ਵਾਹਿਗੁਰੂ ਅਮਿਤ ਹੈ, ਬੇਅੰਤ ਹੈ ਤੇ ਇਸ ਨੂੰ ਕਦੀ ਵੀ ਥੁੜ ਨਹੀਂ ਆਉਂਦੀ।'

'ਮਾਇਆ ਪਰਮੇਸ਼ਰ ਦੀ ਗੈਰਹਾਜ਼ਰੀ ਦਾ ਨਾਮ ਹੈ। ਮਾਇਆ ਦੁਖਾਂ ਤੇ ਤਕਲੀਫਾਂ ਦਾ ਘਰ ਹੈ, ਹਰ ਵੇਲੇ ਬਦਲਦੀ ਰਹਿੰਦੀ ਹੈ, ਭਾਸਦੀ ਹੈ ਪਰ ਹੈ ਨਹੀਂ। ਮਾਇਆ ਨੂੰ ਇਸ ਦੇ ਅਸਲੀ ਸਰੂਪ (ਝੂਠੀ, ਸੁਪਨਾ) ਵਿਚ ਦੇਖਣ ਨਾਲ ਇਹ ਫੌਰਨ ਅਲੋਪ ਹੋ ਜਾਂਦੀ ਹੈ। ਮਾਇਆ ਨੂੰ ਸੱਚਾ ਸਮਝਣ ਨਾਲ ਇਹਦੇ ਦੁਖ ਤੇ ਬੁਰਾਈਆਂ ਸੱਚ ਬਣ ਕੇ ਪੂਰੀ ਤਕਲੀਫ ਦੇਂਦੇ ਹਨ।'

'ਵਾਹਿਗੁਰੂ (ਨੂਰ) ਦੀ ਹਾਜ਼ਰੀ ਵਿਚ ਮਾਇਆ ਕਾਲੀ ਹਨੇਰੀ ਜਿਉਂਦੀ ਰਹਿ ਹੀ ਨਹੀਂ ਸਕਦੀ।'

ਸ਼ਬਦ :- ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।

ਅਰਦਾਸ—'ਵਾਹਿਗੁਰੂ ਤੇ ਮਨੁੱਖ ਨੂੰ ਅਸਲੀ ਸਬੰਧ ਵਿਚ ਦੇਖਣਾ ਅਰਦਾਸ ਹੈ।'

'ਵਾਹਿਗੁਰੂ, ਤੂੰ ਮੇਰੇ ਕੋਲ ਹੈਂ। ਤੇਰਾ ਨੂਰ ਸਭ ਪਾਸੇ ਫੈਲਿਆ ਹੋਇਆ ਹੈ। ਜਿਥੋਂ ਤਕ ਮੈਂ ਵੇਖਦਾ ਹਾਂ, ਜਾਂ ਮੇਰਾ ਖਿਆਲ ਦੌੜਦਾ ਹੈ, ਤੇਰਾ ਨੂਰ ਹੀ ਨੂਰ ਹੈ। ਇਸ ਤੋਂ ਸਿਵਾ ਹੋਰ ਕੁਝ ਵੀ ਨਹੀ। ਤੂੰ ਹਰ ਵੇਲੇ ਮੌਜੂਦ ਹੈਂ, ਕਦੀ ਵੀ ਗੈਰਹਾਜ਼ਰ ਨਹੀਂ।'

'ਮੈਂ ਤੇਰੇ ਵਿਚ ਬੈਠਾ ਹੋਇਆ ਹਾਂ ਤੇ ਤੇਰਾ ਨੂਰ ਇਰਦ-ਗਿਰਦ ਹੈ। ਮੈਂ ਤੇਰਾ ਬੱਚਾ ਹਾਂ ਤੇ ਤੇਰੀ ਜੋਤ ਹਾਂ, ਤੇਰੀ ਸ਼ਕਲ ਸੂਰਤ ਹਾਂ। ਤੇਰੇ ਕੋਲੋਂ ਵਿਰਸੇ ਵਿਚ ਸਭ ਕੁਝ ਲੈ ਰਿਹਾ ਹਾਂ। ਮੇਰੇ ਅੰਦਰ ਸਾਰਾ ਤੇਰਾ ਹੀ ਪ੍ਰਕਾਸ਼ ਹੈ।'

'ਜਿਸ ਤਰ੍ਹਾਂ ਸੂਰਜ ਦੀ ਕਿਰਨ ਵਿਚ ਸੂਰਜ ਦੇ ਸਾਰੇ ਗੁਣ ਹੁੰਦੇ ਹਨ, ਇਸੇ ਤਰ੍ਹਾਂ ਮੇਰੇ ਵਿਚ ਸਾਰੇ ਗੁਣ ਪ੍ਰਕਾਸ਼ ਹੋ ਰਹੇ ਹਨ।'

'ਮੈਨੂੰ ਤੇਰੀ ਜੋਤ ਨੂੰ ਕੋਈ ਬੀਮਾਰੀ ਲਗ ਹੀ ਨਹੀਂ ਸਕਦੀ। ਬੀਮਾਰੀ ਜਿਹੜੀ ਭਾਸਦੀ ਹੈ, ਇਹ ਝੂਠੀ ਹੈ, ਸੁਪਨਾ ਹੈ ਤੇ ਹੈ ਹੀ ਨਹੀਂ। ਤੇਰੀ ਮੌਜੂਦਗੀ ਵਿਚ ਇਹ ਰਹਿ ਹੀ ਨਹੀਂ ਸਕਦੀ।'

'ਮੈਂ ਤੇਰੀ ਜੋਤ ਹਾਂ ਤੇ ਅਟੱਲ ਹਾਂ। ਕਦੀ ਵੀ ਬੀਮਾਰ ਨਹੀਂ। ਬਦਨ ਮੇਰਾ (ਜੋਤ ਦਾ) ਇਕ ਪਰਛਾਵਾਂ ਹੈ ਜੋ ਇਸ ਝੂਠੀ ਦੁਨੀਆਂ ਵਿਚ ਜ਼ਾਹਿਰ ਹੋ ਰਿਹਾ ਹੈ। ਪਰਛਾਵਾਂ (ਬਦਨ) ਇਕ ਬੀਮਾਰੀ ਦਿਖਾ ਰਿਹਾ ਹੈ, ਜੋ ਕਿ ਝੂਠੀ ਮਾਇਆ ਦਾ ਰੰਗ ਹੈ। ਵਾਹਿਗੁਰੂ ਦੇ ਨੂਰ ਪ੍ਰਗਟ ਹੋਣ ਨਾਲ ਬੀਮਾਰੀ ਦਾ ਕਾਲਾ ਹਨੇਰਾ ਕਦੀ ਨਹੀਂ ਖਲੋ ਸਕਦਾ।'

'ਇਹ ਬਦਨ ਇਕ ਫ਼ਿਲਮੀ ਤਸਵੀਰ ਹੈ, ਜੋ ਸਭ ਖੇਲ ਕਰਦੀ ਦਿਸਦੀ ਹੈ, ਪਰ ਝੂਠੀ ਹੈ। ਭਾਸਦੀ ਸੱਚ ਹੈ ਪਰ ਵਿਚ ਕੁਝ ਨਹੀਂ।

ਇਹ ਅਰਦਾਸ ਵਾਰ-ਵਾਰ ਕਰਨੀ ਤੇ ਇਸ ਅਵਸਥਾ ਵਿਚ ਆਪਣੀ ਹਾਲਤ ਦੇ ਮੁਤਾਬਿਕ ਸ਼ਬਦ ਪੜ੍ਹਨੇ ਬੜਾ ਲਾਭਵੰਦ ਤਰੀਕਾ ਹੈ। ਕੋਈ ਦਵਾਈ ਦੀ ਲੋੜ ਨਹੀਂ। ਕੋਈ ਪਰਹੇਜ਼ ਨਹੀਂ, ਪਰ ਇਕ ਵੱਡਾ ਪਰਹੇਜ਼ ਇਹ ਹੈ ਕਿ :

ਪਾਪ ਨਾ ਕਰੋ।

ਵਾਹਿਗੁਰੂ ਦੀ ਹਸਤੀ

ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਦਿਲ ਬੜਾ ਖ਼ੁਸ਼ ਹੁੰਦਾ ਹੈ ਕਿ ਵਾਹਿਗੁਰੂ ਦੇ ਨਾਮ ਹਾਸਲ ਕਰਨ ਨਾਲ. ਕੁਲ ਦੀਨ ਦੁਨੀਆਂ ਦੇ ਪਦਾਰਥ ਮਿਲਦੇ ਹਨ ਤੇ ਚੈਨ ਨਾਲ ਦੁਨੀਆਂ ਦੇ ਅਗਨ ਸਾਗਰ ਲੰਘਣ ਦਾ ਤੇ ਪਾਰਬ੍ਰਹਮ ਤਕ ਪਹੁੰਚਣ ਦਾ ਰਸਤਾ ਮਿਲਦਾ ਹੈ। ਪਰ ਇਹ ਖ਼ੁਸ਼ੀ ਸੁਣਨ ਵਿਚ ਹੀ ਰਹਿ ਜਾਂਦੀ ਹੈ, ਵਰਤੋਂ ਵਿਚ ਆ ਕੇ ਪੂਰੀ ਹੁੰਦੀ ਬਹੁਤ ਘਟ ਦਿਸਦੀ ਹੈ।

ਇਹਦਾ ਵੱਡਾ ਕਾਰਨ ਇਹ ਹੈ ਕਿ ਸਾਨੂੰ ਪਹਿਲਾਂ ਪ੍ਰਮੇਸ਼ਰ ਦੀ ਹਸਤੀ ਤੇ ਯਕੀਨ ਕੁਝ ਸੁਣੇ ਸੁਣਾਈਦਾ ਹੈ, ਅਸਲੀ ਨਹੀਂ। ਇਹ ਇਨਸਾਨੀ ਮਨ ਉਤੋਂ ਤਾਂ ਗੁਰਦੁਆਰੇ ਵਿਚ ਮਥੇ ਟੇਕਦਾ ਹੈ, ਪਰ ਬਾਹਰ ਆ ਕੇ ਇਹਨੇ ਕਦੀ ਇਕ ਵਾਰੀ ਵੀ ਪਰਮੇਸ਼ਰ ਦਾ ਨਾਮ ਨਹੀਂ ਲਿਆ ਅਤੇ ਨਾ ਹੀ ਆਪਣੇ ਦੁਨਿਆਵੀ ਕਾਰ-ਵਿਹਾਰ ਵਿਚ ਉਸ ਦਾ ਸਹਾਰਾ ਲਿਆ ਹੈ। ਸੱਚ ਤਾਂ ਇਹ ਹੈ ਕਿ ਜਦ ਤਕ ਅਸੀਂ ਇਸ ਮਨ ਨੂੰ ਦਲੀਲਾਂ ਨਾਲ ਨਾ ਸਮਝਾਈਏ, ਇਹ ਕੋਈ ਗੱਲ ਵੀ ਮੰਨਣ ਵਾਸਤੇ ਤਿਆਰ ਨਹੀਂ। ਅਸੀਂ ਹੁਣ ਦਲੀਲਾਂ ਨਾਲ ਵਾਹਿਗੁਰੂ ਦੀ ਹਸਤੀ ਇਹਦੇ ਅਗੇ ਪੇਸ਼ ਕਰਦੇ ਹਾਂ।

ਇਹ ਸੱਚ ਹੈ ਕਿ ਕਿਸੇ ਨੇ ਪ੍ਰਮੇਸ਼ਰ ਨੂੰ ਇਹਨਾਂ ਇਨਸਾਨੀ ਅੱਖਾਂ ਨਾਲ ਨਹੀਂ ਦੇਖਿਆ। ਪਰ ਇਹ ਵੀ ਸੱਚ ਹੈ ਕਿ ਆਪਣੀ ਗਵਰਨਮੈਂਟ ਨੂੰ ਵੀ ਅੱਜ ਤਕ ਕਿਸੇ ਨੇ ਅੱਖਾਂ ਨਾਲ ਨਹੀਂ ਦੇਖਿਆ। ਇਹ ਪੂਰਾ ਯਕੀਨ ਹੈ ਕਿ ਗਵਰਨਮੈਂਟ ਹੈ ਜੋ ਕਿ ਆਪਣੇ ਇੰਤਜ਼ਾਮ, ਕਾਨੂੰਨ, ਸ਼ਕਤੀ ਤੇ ਪਾਲਿਸੀ ਨੂੰ ਆਪਣੇ ਮਹਿਕਮੇ ਤੇ ਅਫ਼ਸਰਾਂ ਦੇ ਰਾਹੀਂ ਜ਼ਾਹਿਰ ਕਰ ਰਹੀ ਹੈ। ਹਿੰਦੁਸਤਾਨ ਵਿਚ ਸਰਬ-ਵਿਆਪੀ ਹੈ, ਪਰ ਸ਼ਕਲ ਇਹਦੀ ਕੋਈ ਨਹੀਂ। ਹਰ ਮਹਿਕਮੇ ਵਿਚ ਵਖਰੇ ਤੇ ਨਵੇਂ ਰੰਗ ਵਿਚ ਦਿਸਦੀ ਹੈ। ਭਾਵੇਂ ਕਿਸੇ ਸ਼ਕਲ ਵਿਚ ਨਜ਼ਰ ਨਹੀਂ ਆਉਂਦੀ ਪਰ ਸ਼ੱਕ ਦੇ ਦਰਜੇ ਤੋਂ ਉਤੇ ਉਹਦੀ ਹਸਤੀ ਹੈ।

ਇਸੇ ਤਰ੍ਹਾਂ ਵਾਹਿਗੁਰੂ ਵੀ ਸਰਬ-ਵਿਆਪੀ ਹੈ ਤੇ ਆਪਣੀ ਸ਼ਕਤੀ, ਕਾਨੂੰਨ, ਇੰਤਜ਼ਾਮ ਅਤੇ ਪ੍ਰੇਮ ਦੇ ਰਾਹੀਂ ਬੇਅੰਤ ਤਰੀਕਿਆਂ ਵਿਚ ਪ੍ਰਕਾਸ਼ ਕਰ ਰਿਹਾ

ਹੈ। ਵਾਹਿਗੁਰੂ ਦੇ ਕੰਮਾਂ ਤੇ ਦੁਨਿਆਵੀ ਗਵਰਨਮੈਂਟ ਦੇ ਕੰਮਾਂ ਵਿਚ ਇਹ ਫਰਕ ਹੈ ਕਿ ਵਾਹਿਗੁਰੂ ਦਾ ਕੰਮ ਸੱਚਾ, ਪੱਕਾ, ਪੂਰਨ, ਨਾ ਬਦਲਣ ਵਾਲਾ, ਸੁਖ ਤੇ ਚੈਨ ਵਰਤਾਉਣ ਵਾਲਾ ਹੈ, ਇਸ ਦੇ ਵਿਚ ਕਦੀ ਵੀ ਗਲਤੀ ਜਾਂ ਨਾ-ਕਾਮਯਾਬੀ ਨਹੀਂ ਹੁੰਦੀ। ਦੁਨਿਆਵੀ ਗਵਰਨਮੈਂਟ ਦੇ ਕੰਮ ਬਹੁਤ ਦਰਜੇ ਤਕ ਵਾਹਿਗੁਰੂ ਦੇ ਕੰਮਾਂ ਦੇ ਉਲਟ ਹੁੰਦੇ ਹਨ, ਜਿਸ ਕਰ ਕੇ ਬੇਚੈਨੀ ਫੈਲੀ ਰਹਿੰਦੀ ਹੈ।

ਵਾਹਿਗੁਰੂ ਦੀ ਹਸਤੀ ਦਾ ਸਬੂਤ ਉਹਦੇ ਪ੍ਰਕਾਸ਼ ਵਿਚ ਹੈ। ਇਹ ਪ੍ਰਕਾਸ਼ ਹਰ ਵੇਲੇ ਸਾਡੇ ਕੋਲ ਹੈ ਪਰ ਅਸੀਂ ਧਿਆਨ ਨਹੀ ਦੇ ਰਹੇ। ਮਿਸਾਲ ਦੇ ਤੌਰ ਤੇ ਇਕ ਬਾਲਕ ਦੀ ਪੈਦਾਇਸ਼ ਵਲ ਧਿਆਨ ਕਰੋ। ਮਾਤਾ ਦੇ ਗਰਭ ਵਿਚ ਉਹ ਪਹਿਲੇ ਪਾਣੀ ਦੀਆਂ ਬੂੰਦਾਂ ਹੁੰਦਾ ਹੈ। ਫੇਰ ਮਾਸ ਦਾ ਲੋਥੜਾ ਬਣਦਾ ਹੈ। ਫੇਰ ਉਹਦੇ ਵਿਚ ਲੱਤਾਂ ਤੇ ਬਾਹਾਂ ਬਣਨੀਆਂ ਸ਼ੁਰੂ ਹੁੰਦੀਆਂ ਹਨ। ਫੇਰ ਦਿਮਾਗ, ਅੱਖਾਂ, ਕੰਨ, ਫੇਫੜੇ, ਦਿਲ ਆਦਿ ਅੰਗ ਤੇ ਬੇਸ਼ੁਮਾਰ ਨਾੜਾਂ ਬਦਨ ਵਿਚ ਲਹੂ ਫੇਰਨ ਵਾਸਤੇ ਬਣਦੀਆ ਹਨ। ਇਹ ਸਾਰਾ ਕੰਮ ਕੌਣ ਕਰ ਰਿਹਾ ਹੈ ? ਮਾਤਾ ਨੂੰ ਕੁਝ ਵੀ ਖ਼ਬਰ ਨਹੀਂ। ਨਾ ਹੀ ਪਿਤਾ ਦਾ ਇਹਦੇ ਵਿਚ ਕੋਈ ਦਖ਼ਲ ਹੈ। ਨਾ ਹੀ ਡਾਕਟਰ ਕੁਝ ਮਦਦ ਕਰ ਸਕਦੇ ਹਨ। ਇਹ ਸਾਰਾ ਕੰਮ ਜੋ ਕਿ ਬੜਾ ਮੁਸ਼ਕਿਲ ਤੇ ਪੇਚੀਦਾ ਹੈ, ਇਕ ਸ਼ਕਤੀ ਕਰ ਰਹੀ ਹੈ ਤੇ ਇਹੋ ਸ਼ਕਤੀ ਵਾਹਿਗੁਰੂ ਹੈ।

ਬੱਚੇ ਦੇ ਜੰਮਣ ਤੋਂ ਪਹਿਲਾਂ ਮਾਂ ਦੇ ਪਾਸ ਦੁੱਧ ਦਾ ਮੌਜੂਦ ਹੋ ਜਾਣਾ, ਤੇ ਜਦ ਬਾਲਕ ਦੰਦੀਆਂ ਕੱਢ ਲਵੇ ਅਤੇ ਚਾਵਲ ਰੋਟੀ ਖਾਣ ਲਾਇਕ ਹੋ ਜਾਵੇ ਤਾਂ ਦੁੱਧ ਦਾ ਬੰਦ ਹੋ ਜਾਣਾ, ਇਹ ਸਾਰੇ ਉਸੇ ਸ਼ਕਤੀ ਦੇ ਖੇਲ ਹਨ। ਵੇਲੇ ਸਿਰ ਬੱਚੇ ਦੇ ਦੰਦ ਨਿਕਲਣੇ ਤੇ ਜਵਾਨੀ ਵਿਚ ਦਾਹੜੀ ਦਾ ਨਿਕਲਣਾ ਵੀ ਓਸੇ ਸ਼ਕਤੀ ਦੇ ਧਿਆਨ ਦਾ ਨਤੀਜਾ ਹੈ।

ਹੋਰ ਮਿਸਾਲ ਲਵੋ ! ਅਸੀਂ ਖਾਣਾ ਖਾਂਦੇ ਹਾਂ, ਸਾਨੂੰ ਸਿਰਫ ਇਤਨਾ ਪਤਾ ਹੈ ਕਿ ਸੁਆਦ ਵਾਲੀਆਂ ਚੀਜ਼ਾਂ ਮੂੰਹ ਵਿਚ ਪਾ ਕੇ, ਚਿੱਥ ਕੇ ਲੰਘਾ ਲਈਏ। ਇਤਨਾ ਵੀ ਪਤਾ ਨਹੀਂ ਕਿ ਖਾਣੇ ਦਾ ਪੇਟ ਵਿਚ ਜਾ ਕੇ ਕੀ ਹੁੰਦਾ ਹੈ। ਜਦ ਖਾਣਾ ਮੇਹਦੇ ਵਿਚ ਜਾਂਦਾ ਹੈ ਤਾਂ ਪਹਿਲਾਂ ਆਂਚ ਨਾਲ ਪਕਦਾ ਹੈ। ਉਹਦੇ ਵਿਚੋਂ ਸੂਖਸ਼ਮ ਹਿੱਸਾ ਜਿਗਰ ਖਿਚ ਲੈਂਦਾ ਹੈ ਤੇ ਬਾਕੀ ਫਾਲਤੂ ਟੱਟੀ ਦੇ ਰਸਤੇ ਬਾਹਰ ਨਿਕਲ ਜਾਂਦਾ ਹੈ। ਜਿਗਰ ਫਿਰ ਇਸ ਸੂਖਸ਼ਮ ਹਿਸੇ ਨੂੰ ਛਾਣ-ਬੀਣ ਕਰ ਕੇ ਹੋਰ ਸੂਖਸ਼ਮ ਨਿਚੋੜ ਕੱਢਦਾ ਹੈ। ਫਾਲਤੂ ਪੇਸ਼ਾਬ ਦੇ ਰਸਤੇ ਬਾਹਰ ਨਿਕਲਦਾ ਹੈ ਤੇ ਉਸ ਨਿਚੋੜ 'ਚੋਂ ਲਹੂ ਆਦਿ ਚੀਜ਼ ਬਣ ਕੇ ਸਾਰੇ ਸਰੀਰ ਨੂੰ ਖ਼ੁਰਾਕ ਮਿਲਦੀ ਹੈ। ਦਿਲ, ਦਿਮਾਗ, ਅੱਖਾਂ ਆਦਿ ਸਭ ਏਥੋਂ ਆਪਣੀ-

ਆਪਣੀ ਜ਼ਰੂਰਤ ਮੁਜਬ ਖ਼ੁਰਾਕ ਲੈਂਦੇ ਹਨ। ਇਹ ਸਾਰਾ ਮੁਸ਼ਕਲ ਕੰਮ ਇਕ ਸ਼ਕਤੀ ਕਰ ਰਹੀ ਹੈ, ਜੋ ਵਾਹਿਗੁਰੂ ਹੈ। ਭਾਵੇਂ ਇਹ ਸ਼ਕਤੀ ਰੋਜ਼ ਕੰਮ ਕਰਦੀ ਹੈ, ਪਰ ਮਨੁੱਖ ਜਾਣਦਾ ਹੋਇਆ ਵੀ ਇਸ ਕੋਲੋਂ ਇਤਨਾ ਬੇ-ਪ੍ਰਵਾਹ ਤੇ ਬੇ-ਖ਼ਬਰ ਰਹਿੰਦਾ ਹੈ ਕਿ ਕਦੀ ਵੀ ਇਸ ਸ਼ਕਤੀ ਦੀ ਮੌਜੂਦਗੀ ਨੂੰ ਮਹਿਸੂਸ ਨਹੀਂ ਕਰਦਾ, ਸ਼ੁਕਰੀਆ ਕਰਨਾ ਤਾਂ ਇਕ ਪਾਸੇ ਰਿਹਾ।

ਮਨੁੱਖ ਇਹ ਸਭ ਕੁਝ ਆਪਣੇ ਸਾਹਮਣੇ ਦੇਖਦਾ ਹੋਇਆ ਵੀ ਕਿ ਵਾਹਿਗੁਰੂ ਦੀ ਸ਼ਕਤੀ ਉਸ ਦੀ ਜ਼ਿੰਦਗੀ ਦਾ ਕਿਤਨਾ ਜ਼ਰੂਰੀ ਹਿੱਸਾ ਹੈ, ਵਾਹਿਗੁਰੂ ਵਲ ਬੇਪ੍ਰਵਾਹੀ ਜਾਰੀ ਰਖਦਾ ਹੈ। ਜੇਕਰ ਗਰਭ ਵਿਚ ਜਾਂ ਮੇਹਦੇ ਵਿਚ ਕੋਈ ਨੁਕਸ ਨਜ਼ਰ ਆਵੇ, ਤਾਂ ਡਾਕਟਰਾਂ ਕੋਲ ਜਾ ਕੇ ਇਸ ਚਮੜੇ ਦੇ ਬੁਠੇ ਸਰੀਰ ਨੂੰ ਦਰੁਸਤ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਅਸਲੀ ਕੋਸ਼ਿਸ਼ ਵਲ ਧਿਆਨ ਹੀ ਨਹੀਂ ਧਰਦਾ। ਡਾਕਟਰ ਕੋਲ ਜਾਣ ਦੀ ਥਾਂ ਤੇ ਜੇਕਰ ਵਾਹਿਗੁਰੂ ਵਲ ਮੂੰਹ ਮੋੜੇ ਤੇ ਆਪਣੀ ਤਾਰ ਉਹਦੇ ਚਰਨਾਂ ਨਾਲ ਜੋੜੇ, ਤਾਂ ਫਿਰ ਇਸ ਸਿਧੇ ਰਸਤੇ ਤੇ ਆਉਣ ਨਾਲ ਉਹ ਪੂਰਨ ਸ਼ਕਤੀ ਜਿਹੜੀ ਪ੍ਰੇਮ ਦੀ ਭਰੀ ਹੋਈ ਹੈ ਤੇ ਜਿਸ ਦੇ ਵਿਚ ਬੀਮਾਰੀ ਜਾਂ ਗਲਤੀ ਹੈ ਹੀ ਨਹੀਂ, ਆਪਣਾ ਨਿਰਵਿਘਨ ਕੰਮ ਕਰਦੀ ਦਿਸਦੀ ਹੈ। ਵਿਘਨ ਇਕ ਸੁਪਨਾ ਬਣ ਕੇ ਅੱਖਾਂ ਸਾਹਮਣਿਉਂ ਅਲੋਪ ਹੋ ਜਾਂਦਾ ਹੈ। ਮਨੁੱਖ ਵੇਖ ਕੇ ਅਸਚਰਜ ਹੁੰਦਾ ਹੈ ਤੇ ਕਹਿੰਦਾ ਹੈ ਕਿ ਮੈਂ ਐਵੇਂ ਭੁਲਾ ਹੋਇਆ ਸਰੀਰ ਵਲ ਇਲਾਜ ਵਾਸਤੇ ਤਕ ਰਿਹਾ ਸਾਂ, ਮੈਂ ਤਾਂ ਸ਼ਕਤੀ ਵਲ ਤੱਕਣਾ ਸੀ, ਜਿਹੜੀ ਸਰੀਰ ਨੂੰ ਚਲਾਂਦੀ ਹੈ, ਤੇ ਉਹਦਾ ਆਸਰਾ ਲੈਣਾ ਸੀ ਤਦ ਵਿਘਨ ਕਦੀ ਦਾ ਗੁੰਮ ਹੋ ਜਾਂਦਾ।

ਇਸੇ ਤਰ੍ਹਾਂ ਇਕ ਕਿਸਾਨ ਆਪਣੀ ਖੇਤੀ ਨੂੰ ਨਿਰਾ ਆਪਣੀ ਮਿਹਨਤ ਦਾ ਨਤੀਜਾ ਸਮਝਦਾ ਹੈ ਤੇ ਜ਼ਮੀਨ, ਖਾਦ ਤੇ ਬੀਜ ਉਤੇ ਆਪਣਾ ਸਹਾਰਾ ਰਖਦਾ ਹੈ। ਖੇਤੀ ਵਿਚ ਪੱਕਣ ਤੇ ਸਾਂਭਣ ਤਕ ਕੋਈ ਨਾ ਕੋਈ ਵਿਘਨ ਪੈ ਜਾਂਦਾ ਹੈ। ਜੇਕਰ ਉਹ ਆਪਣਾ ਸਹਾਰਾ ਖਾਦ, ਬੀਜ ਆਦਿ ਕੋਲੋਂ ਜ਼ਿਆਦਾ ਉਸ ਸ਼ਕਤੀ ਤੇ ਰਖੇ, ਜਿਹੜੀ ਅਸਲ ਕੰਮ ਕਰਦੀ ਹੈ, ਜਿਹੜੀ ਬੀਜ ਨੂੰ ਜ਼ਮੀਨ ਚੋਂ ਨਿਕਲਣ ਦੀ ਤਾਕਤ, ਸ਼ਾਖਾਂ, ਪੱਤੇ, ਫੁਲ, ਫਲ ਆਦਿ ਸਭ ਕੁਝ ਬਣਾਉਂਦੀ ਹੈ, ਫਿਰ ਵਿਘਨ ਕਦੀ ਵੀ ਨਹੀਂ ਆ ਸਕਦਾ। ਕਿਉਂਕਿ ਉਸ ਸ਼ਕਤੀ (ਵਾਹਿਗੁਰੂ) ਵਿਚ ਗਲਤੀ ਜਾਂ ਨਾ-ਕਾਮਯਾਬੀ ਹੈ ਹੀ ਨਹੀਂ।

ਜੇ ਜ਼ਰਾ ਗੌਰ ਨਾਲ ਦੇਖਿਆ ਜਾਵੇ ਤਾਂ ਮਲੂਮ ਹੋਵੇਗਾ ਕਿ ਵਾਹਿਗੁਰੂ ਦੀ ਹੀ ਸ਼ਕਤੀ ਹੈ ਜੋ ਦੁਨੀਆਂ ਦੇ ਹਰ ਕੰਮ ਨੂੰ ਚਲਾ ਰਹੀ ਹੈ। ਸੂਰਜ ਦਾ ਕਾਇਦੇ ਮੁਜਬ ਚੜ੍ਹਨਾ, ਡੁੱਬਣਾ, ਦਿਨ-ਰਾਤ, ਸਰਦੀ-ਗਰਮੀ, ਬਰਸਾਤ, ਮੌਸਮ

ਦਾ ਵੇਲੇ ਸਿਰ ਬਦਲਣਾ, ਚੰਦਰਮਾ ਦਾ ਮੁਕੱਰਰ ਤਰੀਕੇ ਪਰ ਵਧਦਾ ਘਟਣਾ, ਇਹ ਸਾਬਤ ਵਾਹਿਗੁਰੂ ਦੇ ਪੂਰਨ ਇੰਤਜ਼ਾਮ ਦੇ ਸਬੂਤ ਹਨ। ਇਨਸਾਨ ਦਾ ਇਹਦੇ ਵਿਚ ਕੋਈ ਦਖ਼ਲ ਨਹੀਂ।

ਇਹ ਸਭ ਗੱਲਾਂ ਜਾਣਦਾ ਹੋਇਆ ਮਨੁੱਖ ਵਾਹਿਗੁਰੂ ਨੂੰ ਕੁਝ ਵੀ ਨਹੀ ਸਮਝਦਾ ਤੇ ਆਪਣੇ ਆਪ ਨੂੰ ਸਭ ਕੁਝ ਸਮਝਦਾ ਹੈ। ਇਹੀ ਗਲਤੀ ਮਨੁੱਖ ਦੀਆਂ ਕੁਲ ਤਕਲੀਫ਼ਾਂ ਦਾ ਸਬੱਬ ਹੈ।

ਸ਼ੰਕਾ ਹਟਾਣ ਵਾਸਤੇ ਏਥੇ ਇਹ ਕਹਿਣਾ ਵੀ ਜ਼ਰੂਰੀ ਮਲੂਮ ਹੁੰਦਾ ਹੈ ਕਿ ਵਾਹਿਗੁਰੂ ਪ੍ਰੇਮ ਹੀ ਹੈ। ਸੁੱਖ ਤੇ ਅਨੰਦ ਸਰੂਪ ਹੈ। ਦੁਨੀਆਂ ਦੇ ਉਪੱਦਰਾਂ ਦਾ ਉਹ ਕਰਤਾ ਨਹੀਂ। ਉਪੱਦਰ ਉਹਦੀ ਗੈਰਹਾਜ਼ਰੀ (ਮਾਇਆ) ਵਿਚ ਬੈਠੇ ਹੋਏ ਮਨੁੱਖ ਦੀਆਂ ਗਲਤੀਆਂ, ਪਾਪਾਂ ਤੇ ਬੇ-ਪਰਵਾਹੀਆਂ ਦਾ ਨਤੀਜਾ ਹਨ। ਬਹੁਤ ਲੋਕਾਂ ਦੇ ਪਾਪ ਇਕੱਠੇ ਹੋ ਕੇ ਵੱਡੇ ਉਪੱਦਰ ਦੀ ਸ਼ਕਲ ਬਣ ਜਾਂਦੀ ਹੈ।

ਪਰਮੇਸ਼ਰ ਤੇ ਭੁਲਿਆਂ ਵਿਆਪਨਿ ਸਭੇ ਰੋਗ।

ਹਰ ਚੀਜ਼ ਵਿਚ ਤੇ ਹਰ ਸ਼ਕਤੀ ਵਿਚ ਵਾਹਿਗੁਰੂ ਮੌਜੂਦ ਹੈ, ਉਹ ਸਰਬ-ਵਿਆਪੀ ਹੈ। ਉਹਦੀ ਮੌਜੂਦਗੀ ਹਰ ਵਕਤ ਤੇ ਹਰ ਚੀਜ਼ ਵਿਚ ਦੇਖਣ ਵਾਲਾ ਤੇ ਆਪਣੇ ਕੰਮਾਂ ਦੀ ਸ਼ਕਤੀ, ਵਾਹਿਗੁਰੂ ਨਾਲ ਤਾਰ ਜੋੜ ਕੇ ਉਥੋਂ ਲੈਣ ਵਾਲਾ ਕਦੀ ਧੋਖਾ ਨਹੀਂ ਖਾਂਦਾ। ਨਾ ਹੀ ਵਿਘਨ ਦਾ ਮੂੰਹ ਦੇਖਦਾ ਹੈ।

ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਨਾਲ ਕਰ ਕੇ ਵਾਹਿਗੁਰੂ ਦੀ ਪਛਾਣ ਹਾਸਲ ਕਰਨੀ ਤੇ ਸ਼ਬਦਾਂ ਵਿਚ ਦਸੇ ਹੋਏ ਹੁਕਮਾਂ (ਨਿਯਮਾਂ) ਤੇ ਅਮਲ ਕਰਨ ਨਾਲ ਸ਼ਬਦਾਂ ਵਿਚ ਨਾਮ ਨਾਲ ਹਾਸਲ ਹੋਣ ਵਾਲੇ ਜੋ ਇਕਰਾਰ ਕੀਤੇ ਗਏ ਹਨ, ਜ਼ਰੂਰ ਪੂਰੇ ਹੁੰਦੇ ਹਨ ਤੇ ਮਨੁੱਖ ਦਾ ਲੋਕ ਤੇ ਪਰਲੋਕ ਦੋਵੇਂ ਸੰਵਰਦੇ ਹਨ।

ਸਭੇ ਇੱਛਾ ਪੁੰਨੀਆਂ

ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੀਆਂ ਸਾਰੀਆਂ ਖ਼ਾਹਿਸ਼ਾਂ ਪੂਰੀਆਂ ਹੋਣ, ਪਰ ਪੂਰੀਆਂ ਨਹੀਂ ਹੁੰਦੀਆਂ। ਕੋਈ ਇਕ ਜੇਕਰ ਪੂਰੀ ਹੋ ਗਈ ਹੈ ਤਦ ਦੋ-ਚਾਰ ਬਾਕੀ ਖਲੋਤੀਆਂ ਹਨ। ਨਾ ਕੁਲ ਖ਼ਾਹਿਸ਼ਾਂ ਪੂਰੀਆਂ ਹੁੰਦੀਆਂ ਹਨ ਤੇ ਨਾ ਹੀ ਅਸੀਂ ਸੁਖੀ ਦਿਸਦੇ ਹਾਂ। ਇਸ ਦੁਨੀਆਂ ਵਿਚ ਕੋਈ ਆਦਮੀ ਵੀ ਭਾਵੇਂ ਕਿੱਡਾ ਉਚ ਚੋਟੀ ਤੇ ਪਹੁੰਚਿਆ ਹੋਵੇ, ਸਾਰੇ ਸੁਖ ਹਾਸਲ ਹੋਣ ਦੀ ਡੀਂਗ ਨਹੀਂ ਮਾਰ ਸਕਦਾ। ਇਨਸਾਨੀ ਅਕਲ ਪੂਰਨ ਨਹੀਂ ਤੇ ਗਲਤੀਆਂ ਦੀ ਭਰੀ ਹੋਈ ਹੈ। ਇਹਦੀ ਸੋਚ ਕਦੀ ਵੀ ਕੁਲ ਖ਼ਾਹਿਸ਼ਾਂ ਅਤੇ ਉਮੀਦਾਂ ਨੂੰ ਪੂਰਾ ਕਰਨ ਦਾ ਕੋਈ ਠੀਕ ਰਸਤਾ ਨਹੀਂ ਦਸ ਸਕਦੀ। ਦੁਨੀਆਂ ਦੀ ਤਵਾਰੀਖ਼ ਵਿਚ ਕੋਈ ਇਕ ਵੀ ਮਿਸਾਲ ਨਹੀਂ ਮਿਲਦੀ, ਜਿਥੇ ਇਨਸਾਨੀ ਚਾਲਾਂ ਤੇ ਤਜਵੀਜ਼ਾਂ ਨੇ ਪੂਰਾ ਸੁਖ ਪੈਦਾ ਕੀਤਾ ਹੋਵੇ ਤੇ ਕੁਲ ਖ਼ਾਹਿਸ਼ਾਂ ਪੂਰੀਆਂ ਹੋਣ ਦਾ ਸਬੂਤ ਹੋਵੇ।

ਜੇ ਕੁਝ ਹਸਤੀਆਂ ਪੂਰੇ ਅਨੰਦ ਦੀ ਸ਼ਕਲ ਵਿਚ ਨਜ਼ਰ ਆਈਆਂ ਹਨ ਤਾਂ ਉਹ ਆਤਮਕ ਪਾਸੇ ਵਲ ਹਨ। ਆਤਮਕ ਪਾਸੇ ਵਾਲਿਆਂ ਮਹਾਤਮਾਵਾਂ ਨੇ ਇਸ ਪਾਸੇ ਵਿਚ ਇਕ ਐਸਾ ਅਨੰਦ ਵੇਖਿਆ ਕਿ ਉਹਨਾਂ ਨੇ ਦੁਨੀਆਂ ਨੂੰ ਤੁੱਛ ਸਮਝ ਕੇ ਇਸ ਦੇ ਵਲ ਬਿਲਕੁਲ ਬੇਪਰਵਾਹੀ ਕੀਤੀ ਤੇ ਇਸ ਦਾ ਤਿਆਗ ਕੀਤਾ। ਉਹਨਾਂ ਦੇ ਜੀਵਨ ਵਿਚ ਭਾਵੇਂ ਬੜਾ ਭਾਰਾ ਰੰਗ ਸੀ ਤੇ ਮਨ ਹਰ ਵੇਲੇ ਚੈਨ ਅਤੇ ਖੇੜੇ ਵਿਚ ਸੀ, ਪਰ ਬਾਹਰ ਦੇ ਦੁਨਿਆਵੀ ਜੀਵਨ ਦੀ ਸ਼ਕਲ ਬਿਲਕੁਲ ਡਿਗੀ ਹੋਈ ਸੀ। ਇਹ ਜੀਵਨ ਦੀ ਸ਼ਕਲ, ਗ੍ਰਿਹਸਤੀ ਲੋਕਾਂ ਦੇ ਖ਼ਿਆਲ ਵਿਚ ਕੁਝ ਖ਼ੁਸ਼ੀ ਦੀ ਨਜ਼ਰ ਨਾਲ ਨਾ ਦੇਖੀ ਗਈ। ਸਿੱਖ ਧਰਮ ਨੇ ਮੀਰੀ ਤੇ ਪੀਰੀ ਨੂੰ ਮਿਲਾ ਕੇ ਇਕ ਸਾਂਝਾ ਜਿਹਾ ਨਮੂਨਾ ਪੈਦਾ ਕੀਤਾ, ਜਿਹੜਾ ਲੋਕ ਤੇ ਪਰਲੋਕ ਦੋਹਾਂ ਦੇ ਕੰਮ ਸੰਵਾਰਨ ਵਿਚ ਇਕ ਬੜੀ ਸ਼ਾਨਦਾਰ ਤੇ ਆਮ ਪਸੰਦ ਚੀਜ਼ ਸਾਬਤ ਹੋਇਆ।

ਗੁਰੂ ਗ੍ਰੰਥ ਸਾਹਿਬ ਦਾ ਇਕ ਸ਼ਬਦ ਇਸ ਲੇਖ ਤੇ ਰੌਸ਼ਨੀ ਪਾਉਣ ਵਾਸਤੇ

ਦਰਜ ਕੀਤਾ ਜਾਂਦਾ ਹੈ ਤੇ ਨਾਲ ਹੀ ਉਸ ਦੀ ਵਿਆਖਿਆ ਕੀਤੀ ਗਈ ਹੈ। ਇਹ ਸ਼ਬਦ ਸ਼ੌਕ ਦੇ ਦਰਜੇ ਤੋਂ ਬਾਹਰ ਦੁਨਿਆਵੀ ਤੇ ਰੂਹਾਨੀ ਕੁਲ ਖ਼ਾਹਿਸ਼ਾਂ ਪੂਰੀਆਂ ਹੋਣ ਦਾ ਅਸੂਲ ਦਸਦਾ ਹੈ ਜੋ ਕਿ ਗੌਰ ਨਾਲ ਪੜ੍ਹਨ ਦੇ ਲਾਇਕ ਹੈ :-

ਆਪੁ ਗਇਆ ਤਾ ਆਪਹਿ ਭਏ। ਕ੍ਰਿਪਾ ਨਿਧਾਨ ਕੀ ਸਰਨੀ ਪਏ।
ਜੋ ਚਾਹਤ ਸੋਈ ਜਬ ਪਾਇਆ। ਤਬ ਢੂੰਡਨ ਕਹਾ ਕੋ ਜਾਇਆ।
ਅਸਥਿਰ ਭਏ ਬਸੇ ਸੁਖ ਆਸਨ। ਗੁਰ ਪ੍ਰਸਾਦਿ ਨਾਨਕ ਸੁਖ ਬਾਸਨ।
(ਗਉੜੀ ਮਹਲਾ ੫)

ਜਦ ਮਨੁੱਖ ਆਪਣਾ ਆਪ ਗਵਾ ਦੇਵੇ ਤਾਂ ਆਪ ਪਰਮੇਸ਼ਰ ਰੂਪ ਹੋ ਜਾਂਦਾ ਹੈ। ਇਹ ਅਵਸਥਾ ਤੇ ਮਿਹਰਾਂ ਦੇ ਖ਼ਜ਼ਾਨੇ ਵਾਹਿਗੁਰੂ ਦੀ ਸ਼ਰਨ ਪੈਣ ਨਾਲ ਹਾਸਲ ਹੁੰਦੇ ਹਨ। ਸ਼ਬਦ ਦਾ ਇਹ ਅਰਥ ਪੜ੍ਹ ਕੇ ਮਨ ਨੂੰ ਇਕ ਸੁਨੇਹਾ ਤਾਂ ਮਿਲ ਗਿਆ, ਪਰ ਇਹ ਬੜਾ ਮੁਸ਼ਕਲ ਮਲੂਮ ਹੁੰਦਾ ਹੈ ਕਿ ਕਿਸ ਤਰ੍ਹਾਂ ਆਪਣਾ ਆਪ ਗਵਾਈਏ ਤੇ ਵਾਹਿਗੁਰੂ ਮਨ ਵਿਚ ਵਸਾਇਆ ਜਾਵੇ। ਇਹ ਸੱਚ ਹੈ ਕਿ ਇਸ ਦੇ ਵਿਚ ਉਮੀਦ ਆ ਕੇ ਇਕ ਝਲਕ ਦਿਖਾਂਦੀ ਹੈ ਤੇ ਕਹਿੰਦੀ ਹੈ ਕਿ ਇਹ ਮੁਸ਼ਕਲ ਤਦ ਤਕ ਹੈ, ਜਦ ਤਕ ਕਿ ਇਸ ਨੂੰ ਇਕ ਪਹਾੜ ਸਮਝਿਆ ਜਾਂਦਾ ਹੈ, ਜਿਸ ਦੀ ਉਚੀ ਤੇ ਸਿਧੀ ਚੜ੍ਹਾਈ ਡਰਾਉਂਦੀ ਹੈ। ਇਸ ਡਰ ਦੇ ਨਾਲ ਆਲਸ ਉਤਸ਼ਾਹ ਨੂੰ ਢਾਹੀ ਰਖਦਾ ਹੈ। ਜਦ ਦਿਲ ਦਾ ਇਰਾਦਾ ਪਕਾ ਹੋ ਜਾਵੇ ਤਾਂ ਇਹ ਪਹਾੜ ਇਕ ਪੌੜੀਆਂ ਦੀ ਸ਼ਕਲ ਵਿਚ ਬਦਲ ਜਾਂਦਾ ਹੈ ਤੇ ਹਰ ਪੜ੍ਹਾ ਉਪਰ ਇਕ ਦਿਲ ਖੁਸ਼ਕਾਉਣ ਵਾਲੀ ਅਨੰਦ ਦੀ ਐਸੀ ਠੌਰ ਦਿਸਦੀ ਹੈ ਕਿ ਹਿੰਮਤ ਤਾਜ਼ੀ ਹੋ ਜਾਂਦੀ ਹੈ। ਹਰ ਮੰਜ਼ਿਲ ਤੇ ਪਹੁੰਚ ਕੇ ਅਨੰਦ ਮਾਨਣ ਨਾਲ ਸ਼ੌਕ ਦੂਣਾ ਚੌਣਾ ਹੋ ਜਾਂਦਾ ਹੈ ਤੇ ਅਨੰਦ ਵਿਚ ਮੱਤਿਆ ਹੋਇਆ ਸਿੱਖ ਪਿਛੇ ਹਟਣ ਦਾ ਖ਼ਿਆਲ ਕਦੀ ਵੀ ਨਹੀਂ ਕਰਦਾ। ਵਡੀ ਜ਼ਰੂਰੀ ਗੱਲ ਚੇਤੇ ਰਖਣ ਵਾਲੀ ਇਹ ਹੈ ਕਿ ਕੁਲ ਸਹਾਰਾ ਵਾਹਿਗੁਰੂ ਤੇ ਹੋਵੇ ਤੇ ਉਹਦੀ ਜੋਤ ਹੀ ਅੰਦਰ ਕੰਮ ਕਰਦੀ ਦਿੱਸੇ।

ਸ਼ੁਰੂ-ਸ਼ੁਰੂ ਵਿਚ ਅਲਬੱਤਾ ਕੁਝ ਅਭਿਆਸ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਦਾ ਪਾਠ ਹਰ ਰੋਜ਼ ਸਮਝ ਕੇ ਕਰਨਾ, ਵਾਹਿਗੁਰੂ ਦੀ ਪਛਾਣ ਹਾਸਲ ਕਰਨੀ, ਵਾਹਿਗੁਰੂ ਨੂੰ ਉਸ ਸਰੂਪ ਤੇ ਗੁਣਾਂ ਵਿਚ ਦੇਖਣਾ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਬਾਣੀ ਉਤੇ ਪੂਰਾ ਯਕੀਨ ਕਰਨਾ ਤੇ ਉਥੇ ਦਸੇ ਹੋਏ ਅਸੂਲਾਂ ਜਾਂ ਨਿਯਮਾਂ ਨੂੰ ਸਮਝਣਾ ਤੇ ਕਮਾਣਾ ਜ਼ਰੂਰੀ ਗੱਲਾਂ ਹਨ।

ਇਸ ਤੋਂ ਇਲਾਵਾ ਆਪਣੇ ਖ਼ਿਆਲ ਵਿਚ ਰੱਖਣ ਵਾਲੀ ਇਕ ਬੜੀ

ਜ਼ਰੂਰੀ ਗੱਲ ਇਹ ਹੈ ਕਿ ਮੈਂ ਝੂਠਾ ਤੇ ਨਾਸ਼ ਹੋਣ ਵਾਲਾ ਸਰੀਰ ਨਹੀਂ ਹਾਂ ਬਲਕਿ ਵਾਹਿਗੁਰੂ ਦੀ ਜੋਤ ਹਾਂ। ਇਸ ਜੋਤ ਨੂੰ ਨਾ ਬੀਮਾਰੀ ਹੈ, ਨਾ ਮੌਤ ਹੈ। ਨਾ ਹੀ ਪਾਪ ਹੈ। ਇਹ ਜੋਤ ਮੇਰੇ ਅੰਦਰ ਹੈ। ਮੇਰੀ ਜਾਨ ਇਹੋ ਹੈ, ਮੇਰੀ ਸ਼ਕਤੀ ਇਹੋ ਹੈ। ਮੇਰੀ ਸਮਝ, ਮੇਰੀ ਅਕਲ, ਅੰਦਰ ਦਾ ਚਾਨਣ ਤੇ ਰਸਤਾ ਦਸਣ ਵਾਲੀ ਇਹੋ ਹੈ। ਇਹ ਜੋਤ ਕਦੀ ਵੀ ਨਹੀਂ ਬੁਝਦੀ ਤੇ ਨਾ ਹੀ ਸਾਥ ਛੱਡਦੀ ਹੈ। ਇਸ ਜੋਤ ਵਿਚ ਮਹਾਂ-ਅਨੰਦ ਹੈ। ਕਦੀ ਵੀ ਕੋਈ ਖ਼ਰਾਬੀ ਜਾਂ ਕਮੀ ਨਹੀਂ ਆਉਂਦੀ। ਇਹੋ ਜੋਤ ਸਰੀਰ ਨੂੰ ਚਲਾ ਰਹੀ ਹੈ ਤੇ ਕੁਲ ਕੰਮ ਕਰ ਰਹੀ ਹੈ। ਆਪਣੇ ਆਪ ਨੂੰ ਜੋਤ ਵੇਖਣਾ ਗੋਇਆ ਵਾਹਿਗੁਰੂ ਨੂੰ ਵੇਖਣਾ ਹੈ ਤੇ ਆਪਣਾ ਆਪ ਗਵਾਣਾ ਹੈ। ਵਾਹਿਗੁਰੂ ਨੂੰ ਵਾਰ-ਵਾਰ ਆਪਣੇ ਵਿਚ ਵੇਖਣਾ ਤੇ ਕੋਲ ਮੌਜੂਦ ਵੇਖਣਾ ਵਾਹਿਗੁਰੂ ਦੇ ਸਿਮਰਨ ਦਾ ਇਕ ਦਰਜਾ ਹੈ।

ਇਸ ਸਿਮਰਨ ਵਿਚ ਆਪਣਾ ਆਪ ਗੁਆਣ ਦਾ ਤੇ ਵਾਹਿਗੁਰੂ ਨੂੰ ਸਭ ਕੁਝ ਸਮਝਣ ਦਾ ਰਸਤਾ ਹੈ। ਸਿਮਰਨ ਦਾ ਅਨੰਦ ਜੋ ਵਾਹਿਗੁਰੂ ਨੂੰ ਹਾਜ਼ਰ ਵੇਖਣ ਨਾਲ ਪੈਦਾ ਹੁੰਦਾ ਹੈ, ਸਿਮਰਨ ਵਿਚ ਦਿਲ ਲਗਾਈ ਰਖਦਾ ਹੈ ਤੇ 'ਆਪੁ ਗਇਆ ਤਾ ਆਪਹਿ ਭਏ' ਦੀ ਸਮਝ ਆਉਂਦੀ ਹੈ।

'ਆਪੁ ਗਇਆ ਤਾ ਆਪਹਿ ਭਏ' ਦੀ ਜੋ ਸਮਝ ਆ ਜਾਵੇ ਤੇ ਸੁਰਤ ਵਿਚ ਵਾਹਿਗੁਰੂ ਹੀ ਵਾਹਿਗੁਰੂ ਭਾਸੇ ਤਦ ਫੇਰ 'ਜੋ ਚਾਹਤ ਸੋਈ ਜਬ ਪਾਇਆ' ਵਾਲੀ ਅਵਸਥਾ ਹਾਸਲ ਹੋ ਜਾਂਦੀ ਹੈ। ਕਿਉਂਕਿ ਅੰਦਰ ਵਾਹਿਗੁਰੂ ਦਾ ਪ੍ਰਕਾਸ਼ ਹੁੰਦਾ ਹੈ, ਜਿਸ ਵਾਸਤੇ ਕੋਈ ਭੈੜੀ ਖ਼ਾਹਿਸ਼ ਪੈਦਾ ਹੀ ਨਹੀਂ ਹੁੰਦੀ। ਫਿਰ ਜਿਹੜੀ ਖ਼ਾਹਿਸ਼ ਪੈਦਾ ਹੁੰਦੀ ਹੈ, ਉਹ ਪੂਰੀ ਹੋਣ ਤੋਂ ਬਗੈਰ ਨਹੀਂ ਰਹਿ ਸਕਦੀ। ਖ਼ਾਹਿਸ਼ ਅਰ ਉਹਦਾ ਪੂਰਾ ਹੋਣਾ ਦੋ ਚੀਜ਼ਾਂ ਨਹੀਂ ਹੁੰਦੀਆਂ, ਬਲਕਿ ਇਕੋ ਹੀ ਚੀਜ਼ ਹੁੰਦੀ ਹੈ। ਖ਼ਾਹਿਸ਼ ਪੈਦਾ ਹੁੰਦਿਆਂ ਹੀ ਪੂਰੀ ਹੋ ਜਾਂਦੀ ਹੈ ਤੇ ਕਦੇ ਦੇਰ ਨਹੀਂ ਹੁੰਦੀ। ਕੁਝ ਚਿਰ ਉਡੀਕਣਾ ਨਹੀਂ ਪੈਂਦਾ।

ਵਾਹਿਗੁਰੂ ਦੇ ਮਨ ਵਿਚ ਵਸਣ ਦੀ ਤੇ 'ਆਪੁ ਗਇਆ ਤਾ ਆਪਹਿ ਭਏ' ਦੀ ਇਹ ਇਕ ਨਿਸ਼ਾਨੀ ਹੈ, ਇਕ ਸਬੂਤ ਹੈ ਕਿ 'ਜੋ ਚਾਹਤ ਸੋਈ ਜਬ ਪਾਇਆ' ਵਾਲੀ ਹਾਲਤ ਹਾਸਲ ਹੋਵੇ। ਜੇਕਰ ਇਹ ਨਿਸ਼ਾਨੀ ਨਹੀਂ ਦਿਸਦੀ ਤਾਂ ਸਮਝੋ ਅਜੇ ਵਾਹਿਗੁਰੂ ਪੂਰੇ ਤੌਰ ਤੇ ਅੰਦਰ ਨਹੀਂ ਵਸਿਆ। ਅਭਿਆਸ ਹੋਰ ਜ਼ਿਆਦਾ ਜਾਰੀ ਰਖੋ, ਜਦ ਤਕ ਕਿ ਇਹ ਨਿਸ਼ਾਨੀ ਨਾ ਦਿਸੇ।

ਜਦ ਖ਼ਾਹਿਸ਼ਾਂ ਇਸ ਤਰ੍ਹਾਂ ਪੂਰੀਆਂ ਹੋ ਜਾਣ ਤਾਂ 'ਤਦ ਢੂੰਡਨ ਕਹਾ ਕੋ ਜਾਇਆ' ਵਾਲੀ ਹਾਲਤ ਪੈਦਾ ਹੁੰਦੀ ਹੈ। ਵਾਹਿਗੁਰੂ ਇਕ ਪੂਰਨ ਹਸਤੀ ਹੈ।

ਕੋਈ ਐਸੀ ਚੀਜ਼ ਨਹੀਂ ਜਿਹੜੀ ਇਹਦੇ ਵਿਚੋਂ ਨਾ ਮਿਲੇ। ਪੂਰਾ ਸੁਖ ਤੇ ਅਨੰਦ ਦਾ ਦਰਜਾ ਹਾਸਲ ਹੁੰਦਾ ਹੈ ਤੇ ਹੋਰ ਕਿਸੇ ਦਰ ਜਾਂ ਦਰਵਾਜ਼ੇ ਤੇ ਜਾਣ ਦੀ ਲੋੜ ਨਹੀਂ ਰਹਿੰਦੀ।

ਸ਼ਬਦ ਦੇ ਪਹਿਲੇ ਹਿਸੇ ਵਿਚ ਆਪਣਾ ਆਪ ਗੁਆ ਕੇ ਵਾਹਿਗੁਰੂ ਦਾ ਵਾਸ ਆਪਣੇ ਵਿਚ ਦੇਖਣ ਦਾ ਅਸੂਲ ਦਸਿਆ ਹੈ। ਦੂਸਰੇ ਹਿੱਸੇ ਵਿਚ ਦੱਸਿਆ ਹੈ ਕਿ ਖ਼ਾਹਿਸ਼ਾਂ ਪੂਰੀਆਂ ਹੋਣ ਦੀ ਅਵਸਥਾ ਆਪੇ ਹੀ ਹਾਸਲ ਹੋ ਜਾਂਦੀ ਹੈ। ਹੁਣ ਤੀਸਰੇ ਵਿਚ ਇਹ ਅਸੂਲ ਦੱਸਿਆ ਹੈ ਕਿ ਸਿੱਖ ਕੁਲ ਖ਼ਾਹਿਸ਼ਾਂ ਦੇ ਦਰਜੇ ਤੋਂ ਉਤੇ ਹੋ ਜਾਂਦਾ ਹੈ। ਖ਼ਾਹਿਸ਼ ਦੇ ਪੈਦਾ ਹੁੰਦਿਆਂ ਹੀ ਉਸ ਨੂੰ ਪੂਰਾ ਕਰਨ ਵਾਲੀ ਸ਼ਕਤੀ ਅੰਦਰ ਮੌਜੂਦ ਹੋਣ ਨਾਲ ਖ਼ਾਹਿਸ਼ ਬਿਨਾ ਕਿਸੇ ਕੋਸ਼ਿਸ਼ ਦੇ ਪੂਰੀ ਹੋ ਜਾਂਦੀ ਹੈ ਤੇ ਖਾਹਿਸ਼ ਨੂੰ ਪੂਰਾ ਕਰਨ ਦੀ ਖ਼ਾਹਿਸ਼ ਦਿਲ ਵਿਚੋਂ ਹਟ ਜਾਂਦੀ ਹੈ। ਫੇਰ ਇਸ ਤੋਂ ਅਗਲੀ ਅਵਸਥਾ ਕੀ ਹੁੰਦੀ ਹੈ ?

ਅਸਥਿਰ ਭਏ ਬਸੇ ਸੁਖ ਆਸਨ। ਗੁਰ ਪ੍ਰਸਾਦਿ ਨਾਨਕ ਸੁਖ ਬਾਸਨ।

ਨਾ ਬਦਲਣ ਵਾਲੀ ਸਦਾ ਕਾਇਮ ਹਾਲਤ ਵਿਚ ਮਨ ਆ ਕੇ ਖਲੋ ਜਾਂਦਾ ਹੈ। ਦੌੜ-ਭੱਜ ਹਟ ਜਾਂਦੀ ਹੈ। ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ ਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਮਨ ਸੁਖ ਵਿਚ ਨੱਚਣ ਲਗ ਜਾਂਦਾ ਹੈ।

ਸਾਰਾ ਸ਼ਬਦ ਪੜ੍ਹਨ ਨਾਲ ਦਿਲ ਤਾਂ ਬੜਾ ਕਰਦਾ ਹੈ ਕਿ ਅਸੀਂ ਵੀ ਇਹ ਹਾਲਤ ਹਾਸਲ ਕਰ ਕੇ ਸੁਖੀ ਹੋ ਜਾਈਏ, ਪਰ ਨਾਲ ਹੀ ਰਸਤਾ ਮੁਸ਼ਕਲ ਦੇਖ ਕੇ ਦਿਲ ਕੰਬ ਜਾਂਦਾ ਹੈ ਤੇ ਅਫਸੋਸ ਦਾ ਇਹ ਸਾਹ ਬੇ-ਇਖ਼ਤਿਆਰ ਲੈਣਾ ਪੈਂਦਾ ਹੈ। 'ਮੈਥੋਂ ਕਿਥੇ ਏਸ ਬੁਲੰਦੀ ਤੇ ਪਹੁੰਚਿਆ ਜਾਵੇਗਾ ?' ਇਹ ਕਹਿੰਦਿਆਂ ਹੀ ਆਤਮ ਸਾਇੰਸ ਦੀ ਇਕ ਹੌਲੀ ਜੇਹੀ ਪਰ ਮਿੱਠੀ ਤੇ ਪੱਕੀ ਆਵਾਜ਼ ਆ ਕੇ ਕਹਿੰਦੀ ਹੈ ਕਿ 'ਮਾਯੂਸ ਨਾ ਹੋ, ਇਕ ਸੁਨੇਹਾ ਸੁਣਦਾ ਜਾ।' ਆਪਣਾ ਆਪ ਗੁਆਣ ਤੇ ਵਾਹਿਗੁਰੂ ਨੂੰ ਅੰਦਰ ਵਸਾਣ ਵਾਸਤੇ ਕੋਈ ਕੋਸ਼ਿਸ਼ ਦੀ ਲੋੜ ਹੀ ਨਹੀਂ। ਤੂੰ ਪਹਿਲਾਂ 'ਤੋਂ ਹੀ ਵਾਹਿਗੁਰੂ ਦੀ ਜੋਤ ਹੈਂ ਅਤੇ ਇਸ ਦੀ ਸ਼ਕਲ ਵਿਚ ਵਾਹਿਗੁਰੂ ਤੇਰੇ ਅੰਦਰ ਪਹਿਲਾਂ ਹੀ ਵੱਸ ਰਿਹਾ ਹੈ। ਤੂੰ ਕੋਈ ਚੀਜ਼ ਨਾ ਗਵਾਣੀ ਹੈ ਤੇ ਨਾ ਹੀ ਪੈਦਾ ਕਰਨੀ ਹੈ। ਵਾਹਿਗੁਰੂ ਦੇ ਪੈਦਾ ਕੀਤੇ ਹੋਏ ਇੰਤਜ਼ਾਮ ਦੇ ਨਜ਼ਾਰੇ ਨੂੰ ਦੇਖਣਾ ਤੇਰਾ ਕੰਮ ਹੈ 'ਤੇ ਦੇਖ ਕੇ ਆਪਣੀ ਸੁਰਤ ਵਿਚ ਬਿਠਾਣਾ ਤੇਰਾ ਫਰਜ਼ ਹੈ। ਜੇ ਸੁਰਤ ਵਿਚ ਬਿਠਾਵੇਂਗਾ ਤਦ ਉਸ ਦਾ ਅਸਰ ਤੇ ਫਾਇਦਾ ਤੈਨੂੰ ਮਲੂਮ ਹੋਵੇਗਾ। ਜੇ ਨਾ ਬਿਠਾਏਂਗਾ ਤਦ ਮਲੂਮ ਨਹੀਂ ਹੋਵੇਗਾ।

'ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ।' ਇਹ ਗੁਰੂ ਅਮਰਦਾਸ

ਜੀ ਦੀ ਇਕ ਅਟੱਲ ਸੱਚਾਈ ਹੈ ਜੋ ਕਦੀ ਵੀ ਨਹੀਂ ਮਿਟ ਸਕਦੀ ਤੇ ਹਰ ਵੇਲੇ ਮੌਜੂਦ ਹੈ। ਸੁਰਤ ਵਿਚ ਲਿਆਉਣ ਨਾਲ ਇਹ ਆਪਣਾ ਜਾਦੂ ਵਰਗਾ ਅਸਰ ਦਿਖਾਂਦੀ ਹੈ। ਜਦ ਵਾਹਿਗੁਰੂ ਦੀ ਮੌਜੂਦਗੀ ਸੁਰਤ ਵਿਚ ਰਾਮੇਗੀ, ਤਦ ਖ਼ਾਹਿਸ਼ਾਂ ਦਾ ਪੂਰਾ ਹੋਣਾ ਤੇ ਮਹਾਂ-ਅਨੰਦ ਦਾ ਹਰ ਵੇਲੇ ਮੌਜੂਦ ਰਹਿਣਾ ਆਵਸ਼ਕ ਹੈ। ਇਹ ਵਾਹਿਗੁਰੂ ਦੇ ਗੁਣ ਹਨ ਜੋ ਉਹਦੇ ਵਿਚ ਵਸ ਰਹੇ ਹਨ।

ਤੂੰ ਕੁਦਰਤ ਦੇ ਏਸ ਹਮੇਸ਼ਾ ਮੌਜੂਦ ਨਜ਼ਾਰੇ ਨੂੰ ਆਪਣੇ ਅਗੇ ਲਿਆ ਕੇ ਵਾਰ-ਵਾਰ ਓਹਦੇ ਵੱਲ ਤਕ। ਇਹੋ ਸਿਮਰਨ ਹੈ।

ਅਸਲੀ ਤੇ ਨਕਲੀ !

ਸੱਚ ਜਾਂ ਅਸਲ ਉਹ ਹੈ ਜੋ ਕਦੀ ਨਾ ਬਦਲੇ। ਝੂਠ ਜਾਂ ਨਕਲ ਉਹ ਹੈ ਜੋ ਹਰ ਵਕਤ ਬਦਲੇ, ਇਕੋ ਜੇਹਾ ਕਾਇਮ ਨਾ ਰਹੇ। ਇਹ ਦੁਨੀਆਂ ਜਿਸ ਦੇ ਵਿਚ ਅਸੀਂ ਰਹਿੰਦੇ ਹਾਂ, ਹਰ ਵਕਤ ਬਦਲਦੀ ਰਹਿੰਦੀ ਹੈ, ਇਸ ਵਾਸਤੇ ਇਹ ਝੂਠੀ ਤੇ ਨਕਲੀ ਹੈ। ਇਥੇ ਸੁਖ ਮਿਲਦਾ ਹੀ ਨਹੀ, ਜੇਕਰ ਮਿਲੇ ਤਾਂ ਕਾਇਮ ਨਹੀਂ ਰਹਿੰਦਾ। ਜਿਸ ਨੇ ਦੁਨੀਆਂ ਵਿਚ ਸੌਖਾ ਤੇ ਅਨੰਦ ਨਾਲ ਰਹਿਣਾ ਹੋਵੇ, ਉਹਦੇ ਵਾਸਤੇ ਇਹ ਜ਼ਰੂਰੀ ਹੈ ਕਿ ਝੂਠ ਤੇ ਨਕਲ ਨੂੰ ਛੱਡ ਕੇ, ਸੱਚ ਤੇ ਅਸਲ ਨੂੰ ਪਕੜੇ, ਅਸੀਂ ਰੋਜ਼ ਆਪਣੀਆਂ ਅੱਖਾਂ ਸਾਹਮਣੇ ਅਸਲ ਤੇ ਨਕਲ ਦੇ ਕੌਤਕ ਦੇਖਦੇ ਹਾਂ, ਪਰ ਕੰਨ ਲਪੇਟ ਕੇ ਇਕ ਪਾਸੇ ਹੋ ਜਾਂਦੇ ਹਾਂ। ਕਦੀ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ।

ਮਿਸਾਲ ਦੇ ਤੌਰ ਤੇ ਇਕ ਘਰ ਨੂੰ ਦੇਖੋ, ਜਿਥੇ ਇਕ ਮੌਤ ਹੋ ਗਈ ਹੈ। ਜੇ ਘਰ ਵਾਲਿਆਂ ਨੂੰ ਪੁਛਿਆ ਜਾਵੇ, ਕਿ ਤੁਸੀ ਵਿਰਲਾਪ ਕਿਉਂ ਕਰਦੇ ਹੋ ? ਕਹਿੰਦੇ ਨੇ ਕਿ ਬੇਟਾ ਮਰ ਗਿਆ ਹੈ। ਜਦ ਕਿਹਾ ਜਾਏ ਕਿ ਉਸ ਦਾ ਬਦਨ ਤਾਂ ਇਥੇ ਤੁਹਾਡੇ ਸਾਹਮਣੇ ਪਿਆ ਹੋਇਆ ਹੈ, ਤਾਂ ਜਵਾਬ ਦੇਂਦੇ ਹਨ ਕਿ ਬਦਨ ਨੂੰ ਕੀ ਕਰੀਏ ? ਉਹ ਵਿਚੋਂ ਚਲਾ ਗਿਆ ਹੈ। ਬਦਨ ਨਾਲ ਸਾਨੂੰ ਕੋਈ ਪਿਆਰ ਨਹੀਂ। ਇਸ ਬਦਨ ਨੂੰ ਲੈ ਜਾਓ, ਸਾੜੋ, ਫੂਕੋ, ਇਹਦੇ ਕੋਲੋਂ ਹੁਣ ਡਰ ਆ ਰਿਹਾ ਹੈ। ਬਦਨ ਵਲ ਤਕੋ ਤਾਂ ਨਾ ਹੀ ਅੱਖਾਂ ਕੰਮ ਕਰ ਰਹੀਆਂ ਹਨ, ਨਾ ਜ਼ਬਾਨ, ਨਾ ਕੰਨ ਤੇ ਨਾ ਹੀ ਬਦਨ ਦਾ ਕੋਈ ਹੋਰ ਹਿੱਸਾ।

ਇਹ ਸੁੰਨਸਾਨ ਹਾਲਤ ਦੇਖ ਕੇ ਮਨ ਵਿਚ ਸੋਚ ਪੈਦਾ ਹੁੰਦੀ ਹੈ, ਕਿ ਕੀ ਚੀਜ਼ ਸੀ ਜਿਹੜੀ ਵਿਚੋਂ ਚਲੀ ਗਈ ਹੈ ? ਜਿਹੜੀ ਇਸ ਬਦਨ ਦੀ ਜਾਨ ਸੀ, ਇਹਦੇ ਪ੍ਰਾਣ ਸੀ। ਇਹਨੂੰ ਸੋਹਣਾ, ਅਕਲ ਵਾਲਾ ਪਿਆਰਾ ਤੇ ਤਾਕਤ ਵਾਲਾ ਬਣਾ ਰਹੀ ਸੀ। ਡਾਕਟਰ ਇਸ ਸੋਚ ਦਾ ਤਸੱਲੀ ਵਾਲਾ ਜਵਾਬ ਨਹੀਂ ਦੇ ਸਕਦੇ। ਉਹ ਇਹ ਕਹਿ ਦੇਂਦੇ ਹਨ—ਦਿਲ ਫੇਹਲ ਹੋ ਗਿਆ ਹੈ ਤੇ ਬਦਨ ਕੰਮ ਕਰਨ ਤੋਂ ਹਟ ਗਿਆ ਹੈ। ਇਸ ਸੋਚ ਦਾ ਠੀਕ ਜਵਾਬ ਆਤਮਕ ਪਾਸੇ

ਵਲੋਂ ਹੀ ਆ ਸਕਦਾ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
(ਆਸਾ ਮਹਲਾ ੩)

ਵਾਹਿਗੁਰੂ ਦੀ ਜੋਤ ਜਿਹੜੀ ਸਾਰਾ ਕੰਮ ਮਨੁੱਖ ਦੇ ਅੰਦਰ ਕਰ ਰਹੀ ਸੀ, ਸੋ ਚਲੀ ਜਾਣ ਨਾਲ ਬਦਨ ਨਕਾਰਾ ਹੋ ਗਿਆ ਹੈ। ਜੇ ਇਸ ਬਦਨ ਵਿਚ ਫਿਰ ਜੋਤ ਆ ਜਾਵੇ ਤਦ ਫਿਰ ਇਹ ਸਾਵਧਾਨ ਹੋ ਕੇ ਪੂਰੀ ਤਾਕਤ ਤੇ ਖ਼ੂਬਸੂਰਤੀ ਵਿਚ ਆ ਜਾਂਦਾ ਹੈ। ਅਸੀਂ ਹਮੇਸ਼ਾ ਇਸ ਬਦਨ ਨੂੰ ਹੀ ਹਰ ਚੀਜ਼ ਸਮਝਿਆ ਹੋਇਆ ਹੈ। ਦਰਅਸਲ ਇਹ ਕੁਝ ਵੀ ਨਹੀਂ। ਇਹ ਇਕ ਬੇਜਾਨ ਚੀਜ਼ ਹੈ, ਜਿਸ ਦਾ ਸਾਰਾ ਖੇਲ ਜੋਤ ਦੇ ਸਹਾਰੇ ਹੈ।

ਅਸੀਂ ਭੁਲੇਖੇ ਵਿਚ ਪੈ ਕੇ ਬਦਨ ਨੂੰ ਹਰ ਚੀਜ਼ ਤੇ ਹਰ ਕੰਮ ਦਾ ਕਰਤਾ ਸਮਝਦੇ ਹਾਂ ਤੇ ਜੋਤ ਨੂੰ ਇਕ ਬਿਲਕੁਲ ਗੈਰ-ਹਾਜ਼ਰ ਚੀਜ਼ ਤੇ ਹਰ ਵੇਲੇ ਚੇਤੇ ਤੋਂ ਭੁਲੀ ਹੋਈ ਦੇਖਦੇ ਹਾਂ। ਅਸਲ ਨੂੰ ਛੱਡ ਕੇ ਨਕਲ ਦੇ ਮਗਰ ਪਏ ਹੋਏ ਹਾਂ। ਇਸ ਭੁਲੇਖੇ ਦਾ ਨਤੀਜਾ ਇਹ ਹੈ ਕਿ ਵਾਹਿਗੁਰੂ ਦੀ ਜੋਤ ਨੂੰ ਹਰ ਵੇਲੇ ਕੋਲ ਹੁੰਦਿਆਂ ਹੋਇਆਂ ਵੀ ਅਲੋਪ ਦੇਖਦੇ ਹਾਂ ਤੇ ਵਾਹਿਗੁਰੂ ਦੀਆਂ ਕੁਲ ਬਰਕਤਾਂ ਤੋਂ ਵਾਂਝੇ ਰਹਿੰਦੇ ਹਾਂ। ਬਦਨ ਨੂੰ ਅਸਲੀ ਸਮਝ ਕੇ ਇਹਦੀਆਂ ਕੁਲ ਤਕਲੀਫਾਂ, ਬੀਮਾਰੀਆਂ, ਥੁੜ੍ਹਾਂ, ਫਿਕਰ ਤੇ ਨਾ-ਕਾਮਯਾਬੀਆਂ ਆਪਣੇ ਉਤੇ ਸਹਾਰਦੇ ਹਾਂ। ਜੇਕਰ ਅਸੀਂ ਆਪਣੇ ਆਪ ਨੂੰ ਜੋਤ ਸਮਝੀਏ ਤਾਂ ਵਾਹਿਗੁਰੂ ਦੀ ਜੋਤ ਨੂੰ ਨਾ ਬੀਮਾਰੀ ਹੈ, ਨਾ ਦੁਖ ਹੈ, ਨਾ ਮੌਤ ਹੈ, ਨਾ ਥੁੜ੍ਹ ਹੈ ਤੇ ਸਾਨੂੰ ਵੀ ਇਹ ਬੁਰਾਈਆਂ ਨਹੀਂ ਆ ਸਕਦੀਆਂ।

ਨਾ ਓਹੁ ਮਰਤਾ ਨਾ ਹਮ ਡਰਿਆ। ਨਾ ਓਹੁ ਬਿਨਸੈ ਨਾ ਹਮ ਕੜਿਆ।
ਨਾ ਓਹੁ ਨਿਰਧਨੁ ਨਾ ਹਮ ਭੂਖੇ। ਨਾ ਓਸੁ ਦੂਖੁ ਨ ਹਮ ਕਉ ਦੂਖੇ।
(ਆਸਾ ਮਹਲਾ ੫)

ਜਦ ਅਸੀਂ ਆਪਣੇ ਆਪ ਨੂੰ ਜੋਤ ਦੇਖੀਏ ਤੇ ਬਦਨ ਨਾਲੋਂ ਵਖਰਾ ਦੇਖੀਏ, ਤਾਂ ਫਿਰ ਬਦਨ ਦੀਆਂ ਤਕਲੀਫਾਂ ਸਾਨੂੰ ਨਹੀਂ ਪਹੁੰਚ ਸਕਦੀਆਂ। ਸਗੋਂ ਜੋਤ ਦੇ ਚਾਨਣ ਹੋਣ ਨਾਲ ਬਦਨ ਦੀਆਂ ਕੁਲ ਮੈਲਾਂ, (ਬੀਮਾਰੀ, ਦੁਖ, ਥੁੜ੍ਹ, ਪਾਪ ਆਦਿ) ਧੋਤੀਆਂ ਜਾਂਦੀਆਂ ਹਨ ਤੇ ਮਨੁੱਖ ਨੂੰ ਬਦਨ ਦੀ ਹਕੂਮਤ ਮੰਨਣ ਦੀ ਥਾਂ ਤੇ ਬਦਨ ਦੇ ਉਪਰ ਹਕੂਮਤ ਮਿਲ ਜਾਂਦੀ ਹੈ।

ਓ ਭੁਲੇ ਹੋਏ ਮਨੁੱਖਾ ! ਜਦ ਤੂੰ ਜਾਣਦਾ ਹੈਂ ਕਿ ਮਾਤਾ ਦੇ ਪੇਟ ਵਿਚ ਤੇਰੇ ਸਰੀਰ ਦੀ ਬੜੀ ਭਾਰੀ ਪੇਚੀਦਾ ਮਸ਼ੀਨ ਵਾਹਿਗੁਰੂ ਨੇ ਬਣਾਈ, ਆਪਣੀ

ਜੋਤ (ਜਾਨ) ਉਹਦੇ ਵਿਚ ਪਾਈ, ਮਾਤਾ ਦੇ ਗਰਭ 'ਚੋਂ ਬਾਹਰ ਕਢਣ ਤੋਂ ਪਹਿਲਾਂ ਦੁੱਧ ਦੀ ਖ਼ੁਰਾਕ ਮੌਜੂਦ ਕਰ ਦਿਤੀ। ਜਦ ਦੰਦ ਦਿਤੇ ਤਾਂ ਦੁੱਧ ਆਪੇ ਬੰਦ ਹੋ ਗਿਆ। ਖਾਣਾ ਹਜ਼ਮ ਕਰਕੇ ਸਾਰੇ ਸਰੀਰ ਵਿਚ ਲਹੂ, ਹੱਡੀਆਂ ਤੇ ਮਾਸ ਪੈਦਾ ਕੀਤਾ। ਤੇਰੀ ਪਾਲਣਾ ਕੀਤੀ ਤੇ ਤੈਨੂੰ ਜਵਾਨ ਕੀਤਾ। ਹੁਣ ਜਵਾਨ ਹੋ ਕੇ ਸਭ ਕੁਝ ਭੁੱਲ ਗਿਆ ਹੈਂ ? ਹੁਣ ਆਪਣੇ ਕੰਮ ਦਾ ਆਪ ਕਰਤਾ ਬਣ ਗਿਆ ਹੈਂ, ਡਾਕਟਰੀ ਸਲਾਹਾਂ ਨਾਲ ਸਰੀਰ ਤੰਦਰੁਸਤ ਰਖਣ ਦਾ ਭਰੋਸਾ ਕਰ ਰਿਹਾ ਹੈਂ। ਆ ਹੁਣ ਵੀ ਇਹਨਾਂ ਨਕਲੀ ਸਹਾਰਿਆਂ ਤੋਂ ਮੂੰਹ ਮੋੜ ਤੇ ਅਸਲ ਆਸਰੇ ਤੇ ਠਹਿਰ। ਇਸ ਦੁਨੀਆਂ ਵਿਚ ਵੀ ਸੌਖਾ ਚਲ ਤੇ ਪ੍ਰਲੋਕ ਦੇ ਵਾਸਤੇ ਵੀ ਤੋਸ਼ਾ ਤਿਆਰ ਕਰ ਲੈ। ਤੇਰੀ ਅਸਲੀਅਤ 'ਜੋਤ' ਹੈ। ਜੋਤ ਨੂੰ ਸਭ ਕੰਮਾਂ ਦਾ ਕਰਤਾ ਦੇਖ। ਤੇਰੇ ਸਰੀਰ ਤੇ ਤੇਰੀ ਸੁਰਤ ਦੀ ਦੁਨੀਆਂ ਵਿਚ ਉਹੋ ਹੀ ਜ਼ਾਹਿਰ ਹੋਵੇਗਾ ਜੋ ਜੋਤ ਕਰੇਗੀ। ਕਿਉਂਕਿ ਜੋਤ ਅਨੰਦ ਸਰੂਪ ਹੈ, ਇਸ ਵਾਸਤੇ ਸਰੀਰ ਵਿਚ ਤੇ ਸਾਰੇ ਕੰਮਾਂ ਵਿਚ ਤੇਰੀ ਸੁਰਤ ਦੀ ਸਾਰੀ ਦੁਨੀਆਂ ਵਿਚ ਸੁਖ ਤੇ ਅਨੰਦ ਤੋਂ ਸਿਵਾ ਹੋਰ ਕੁਝ ਪੈਦਾ ਹੀ ਨਹੀਂ ਹੋਵੇਗਾ ਤੇ ਨਾ ਹੀ ਪੈਦਾ ਹੋ ਸਕਦਾ ਹੈ।

ਹੁਣ ਅਸੀਂ ਇਕ ਹੋਰ ਮਿਸਾਲ ਲੈ ਕੇ ਅਸਲ ਤੇ ਨਕਲ ਦਾ ਨਤੀਜਾ ਦੇਖਦੇ ਹਾਂ। ਇਕ ਕਿਸਾਨ ਨੂੰ ਲਓ। ਉਹ ਜ਼ਮੀਨ ਵਿਚ ਹਲ ਚਲਾ ਕੇ ਕਣਕ ਬੀਜ ਦੇਂਦਾ ਹੈ। ਮੌਸਮ ਚੰਗਾ ਹੋਣ ਕਰਕੇ ਤੇ ਵੇਲੇ ਸਿਰ ਬਾਰਿਸ਼ ਹੋਣ ਨਾਲ ਫਸਲ ਅੱਛੀ ਹੋ ਗਈ ਹੈ। ਬੀਜਣ ਤੋਂ ਲੈ ਕੇ ਫਸਲ ਸਾਂਭਣ ਤਕ ਕਿਸਾਨ ਹਰ ਗੱਲ ਦਾ ਕਰਤਾ ਆਪਣੇ ਆਪ ਨੂੰ ਦੇਖ ਰਿਹਾ ਹੈ ਕਿ 'ਮੈਂ ਹਲ ਨਾਲ ਜ਼ਮੀਨ ਚੰਗੀ ਤਰ੍ਹਾਂ ਪੋਲੀ ਕੀਤੀ, ਬੀਜ ਚੰਗਾ ਪਾਇਆ ਤੇ ਪਾਣੀ ਵੀ ਆਪਣੇ ਖੂਹ ਦਾ ਰੱਜਵਾਂ ਦਿੱਤਾ, ਤਾਂ ਹੀ ਤਾਂ ਮੇਰੀ ਫਸਲ ਠੀਕ ਹੋਈ ਹੈ। ਹਾਂ, ਮੀਂਹ ਵੀ ਵੇਲੇ ਸਿਰ ਪੈ ਗਿਆ ਹੈ, ਇਹ ਵੀ ਮਦਦ ਹੋ ਗਈ ਹੈ।' ਇਸ ਤਰ੍ਹਾਂ ਕਿਸਾਨ ਨੇ ਸਾਰੀਆਂ ਉਤਲੀਆਂ-ਉਤਲੀਆਂ ਤੇ ਨਕਲੀ ਗੱਲਾਂ ਵਲ ਧਿਆਨ ਰਖਿਆ ਹੈ ਤੇ ਅੱਛੀ ਫਸਲ ਦੀ ਸਾਰੀ ਸ਼ਾਬਾਸ਼ ਆਪਣੇ ਆਪ ਨੂੰ ਦੇ ਰਿਹਾ ਹੈ। ਉਹਨੂੰ ਕਦੀ ਵੀ ਇਹ ਖ਼ਿਆਲ ਨਹੀਂ ਆਉਂਦਾ ਕਿ ਜ਼ਮੀਨ ਵਿਚ ਬੂਟਾ ਪੈਦਾ ਕਰਨ ਵਾਲੀ ਸ਼ਕਤੀ ਕਿਹੜੀ ਸੀ, ਜਿਸ ਨੇ ਸ਼ਗੂਫੇ ਤੋਂ ਪੂਰਾ ਬੂਟਾ ਬਣਾਇਆ, ਪੱਤੇ ਕੱਢੇ, ਦਾਣਾ ਬਣਾਇਆ, ਇਕ-ਇਕ ਦਾਣੇ ਤੋਂ ਪੰਜਾਹ-ਪੰਜਾਹ ਦਾਣੇ ਬਣਾਏ ਤੇ ਤੂੜੀ ਵਖਰੀ ਬਣਾਈ, ਮੀਂਹ ਵਸਾ ਕੇ ਫਸਲ ਵਿਚ ਜਾਨ ਪਾਈ ਤੇ ਰਾਤ ਨੂੰ ਸ਼ਬਨਮ ਪੌਦੇ ਦੇ ਉਤੇ ਬੈਠਾ ਕੇ ਪੌਦੇ ਨੂੰ ਪਾਲ਼ਿਆ, ਸੂਰਜ ਦੀ ਗਰਮੀ ਤੇ ਰੌਸ਼ਨੀ ਨਾਲ ਵਡਾ ਕੀਤਾ ਤੇ ਅਨਾਜ ਪਕਾ ਕੇ ਦਾਣੇ ਬਣਾਏ। ਜਿਸ ਸ਼ਕਤੀ

ਨੇ ਇਹ ਸਾਰਾ ਕੰਮ ਕੀਤਾ ਤੇ ਮੁਫਤ ਕੀਤਾ ਹੈ, ਉਹਦਾ ਨਾਂ-ਥੇਹ ਹੀ ਨਹੀਂ। ਅਸਲੀ ਪਾਲਣ ਵਾਲੇ ਨੂੰ ਭੁਲਾ ਕੇ ਨਕਲੀ ਪਾਲਣ ਵਾਲਾ ਡੀਂਗਾਂ ਮਾਰ ਰਿਹਾ ਹੈ। ਕਦੀ ਵਾਹਿਗੁਰੂ ਦੀ ਮੁਫਤ ਮਿਲੀ ਸ਼ਕਤੀ ਦਾ ਨਾਮ ਹੀ ਨਹੀਂ ਲਿਆ, ਸ਼ੁਕਰੀਆ ਤਾਂ ਇਕ ਪਾਸੇ ਰਿਹਾ।

ਇਹ ਭੁਲਿਆ ਹੋਇਆ ਕਿਸਾਨ ਜੇ ਅਸਲ ਸ਼ਕਤੀ ਨੂੰ ਸੁਰਤ ਵਿਚ ਲਿਆਵੇ ਤੇ ਉਸਦਾ ਸਹਾਰਾ ਲਵੇ ਤਾਂ ਇਹ ਨਹੀਂ ਹੋਵੇਗਾ ਕਿ ਇਕ ਸਾਲ ਫਸਲ ਅਛੀ, ਤੇ ਦੂਜੇ ਸਾਲ ਫਸਲ ਮਾੜੀ ਤੇ ਤੀਜੇ ਸਾਲ ਮਕੜੀ ਖਾ ਜਾਵੇ। ਉਸ ਸ਼ਕਤੀ (ਵਾਹਿਗੁਰੂ) ਨੂੰ ਚੇਤੇ ਰਖਣ ਨਾਲ ਫਸਲ ਹਮੇਸ਼ਾ ਚੰਗੀ ਹੋਵੇਗੀ।

ਇਕ ਹੋਰ ਗੱਲ ਇਥੇ ਸੋਚ ਵਿਚ ਲਿਆਉਣ ਵਾਲੀ ਹੈ ਕਿ ਰਿਜ਼ਕ ਕਮਾਈ ਦਾ ਨਤੀਜਾ ਨਹੀਂ, ਰਿਜ਼ਕ ਦਾਤਾ ਵਲੋਂ ਵਖਰਾ ਆਉਂਦਾ ਹੈ। ਕੰਮ ਕੀਤਾ ਹੋਇਆ ਵਖਰਾ ਉਹਦੇ ਕੋਲ ਜਾਂਦਾ ਹੈ। ਵਾਹਿਗੁਰੂ ਦੀਆਂ ਦਾਤਾਂ ਕੰਮ ਦਾ ਮੂਲ ਨਹੀਂ ਹਨ। ਜੇ ਰਿਜ਼ਕ ਕੰਮ ਤੇ ਹੋਵੇ ਤਾਂ ਅੱਠ ਘੰਟੇ ਲਕੜੀ ਚੀਰਨ ਤੇ ਕਹੀ ਮਾਰਨ ਵਾਲੇ ਨੂੰ ਇਕ ਵਜ਼ੀਰ ਦੇ ਕੁਲ ਦੋ ਘੰਟੇ ਕੰਮ ਕਰਨ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਰਿਜ਼ਕ ਮਿਲੇ। ਪਰ ਨਹੀਂ ਸਗੋਂ ਘਟ ਮਿਲਦਾ ਹੈ। ਅਕਲ ਵਾਲੇ ਤੇ ਮਿਹਨਤੀ ਨੌਕਰ ਨਾਲੋਂ ਸਾਧਾਰਨ ਪੁੱਤਰ ਨੂੰ ਜ਼ਿਆਦਾ ਰਿਜ਼ਕ ਮਿਲਦਾ ਹੈ। ਰਿਜ਼ਕ ਸਭ ਨੂੰ ਮਿਲਣਾ ਹੈ ਤੇ ਮਿਲਣਾ ਵੀ ਮੁਫਤ ਹੈ ਅਤੇ ਮਿਲਣਾ ਵਾਹਿਗੁਰੂ ਵਲੋਂ ਹੈ। ਕੰਮ ਤੇ ਅਕਲ ਦੇ ਅੰਦਾਜ਼ੇ ਤੇ ਨਹੀਂ ਮਿਲਦਾ। ਗੁਰੂ ਗ੍ਰੰਥ ਸਾਹਿਬ ਦਾ ਫੈਸਲਾ ਇਸ ਬਾਰੇ ਵਿਚ ਇਹ ਹੈ :

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।
(ਗੂਜਰੀ ਮਹਲਾ ੫)

ਜੇਕਰ ਕਿਸਾਨ ਝੂਠੇ ਤੇ ਨਕਲੀ ਸਹਾਰਿਆਂ ਨੂੰ ਛੱਡ ਕੇ ਅਸਲੀ ਤੇ ਸਚੇ ਸਹਾਰੇ ਵਾਹਿਗੁਰੂ ਤੇ ਫਸਲ ਬੀਜੇ ਤਦ ਕਦੀ ਵੀ ਫਸਲ ਮਾੜੀ ਨਹੀਂ ਹੋਵੇਗੀ ਤੇ ਆਮਦਨ ਇੰਨੀ ਹੋਵੇਗੀ ਕਿ ਕੁਲ ਲੋੜਾਂ ਨੂੰ ਅੱਛੀ ਤਰ੍ਹਾਂ ਪੂਰਾ ਕਰੇ।

ਇਸੇ ਤਰ੍ਹਾਂ ਹਰ ਇਕ ਮਨੁੱਖ, ਵਪਾਰੀ ਜਾਂ ਨੌਕਰੀ ਵਾਲੇ ਵਾਸਤੇ ਵੀ ਜ਼ਰੂਰੀ ਹੈ ਕਿ ਜੇਕਰ ਉਹ ਆਪਣੇ ਕੰਮ-ਕਾਜ ਨੌਕਰੀ ਵਿਚ ਤਰੱਕੀ ਚਾਹੁੰਦਾ ਹੈ ਤੇ

ਆਮਦਨੀ ਤੋਂ ਸੁਖ ਹੀ ਸੁਖ ਦੇ ਨਤੀਜੇ ਦੇਖਣਾ ਚਾਹੁੰਦਾ ਹੈ ਤਾਂ ਕੁਲ ਕੰਮ ਵਾਹਿਗੁਰੂ ਦਾ ਸਮਝ ਕੇ ਕਰੇ। ਪੂਰੇ ਧਿਆਨ ਤੇ ਮਿਹਨਤ ਨਾਲ ਕਰੇ। ਨਿਰਾ ਮੁਨਾਫਾ ਵਧਾਉਣ ਦਾ ਧਿਆਨ ਮੁਖ ਨਾ ਰਖੇ। ਵਾਹਿਗੁਰੂ ਦੀ ਰਜ਼ਾ ਵਿਚ ਧਿਆਨ ਰਖੇ। ਪਬਲਿਕ ਦੀ ਸੇਵਾ ਉਹਦਾ ਦਿਲੀ ਮਨਸ਼ਾ ਹੋਣਾ ਚਾਹੀਦਾ ਹੈ। ਫਿਰ ਇਹ ਜ਼ਰੂਰੀ ਹੈ ਕਿ ਉਹਦੀ ਆਮਦਨੀ ਉਹਦੀਆਂ ਜ਼ਰੂਰਤਾਂ ਨਾਲੋਂ ਬਹੁਤ ਸਾਰੀ ਵਧ ਮਿਲੇ।

ਇਲਾਹੀ ਹੁਕਮ ਜਿਹੜਾ ਉਪਰਲੇ ਸ਼ਬਦ ਵਿਚ ਹੈ, ਸਾਫ ਦਸਦਾ ਹੈ ਕਿ ਜਿਸ ਨੂੰ ਵਾਹਿਗੁਰੂ ਦੇ ਕਾਨੂੰਨ ਦੀ ਸਮਝ ਆਈ ਹੈ, ਉਹ 'ਉਦਮ ਵੀ ਨਹੀਂ ਕਰਦਾ। ਕਿਉਂਕਿ 'ਆਹਰ' ਵਾਹਿਗੁਰੂ ਨੂੰ ਹੈ। ਇਕ ਬੱਚਾ ਆਪਣੇ ਘਰ ਵਿਚ ਖਾਣੇ ਤੇ ਪਹਿਨਣੇ ਦਾ 'ਉਦਮ' ਨਹੀਂ ਕਰਦਾ, ਉਹਦਾ 'ਆਹਰ' ਮਾਪਿਆਂ ਨੂੰ ਹੈ। ਜੋ ਮਨੁੱਖ ਹਮੇਸ਼ਾਂ ਬੱਚਾ ਬਣ ਕੇ ਵਾਹਿਗੁਰੂ ਦੇ ਹੁਕਮ ਤੇ ਉਹਦੀ ਰਜ਼ਾ ਵਲ ਧਿਆਨ ਰਖਦਾ ਹੈ, ਉਹਦਾ 'ਆਹਰ' ਵਾਹਿਗੁਰੂ ਨੂੰ ਕਰਨਾ ਪੈਂਦਾ ਹੈ। ਕਿਉਂਕਿ ਵਾਹਿਗੁਰੂ ਵਿਚ ਗਲਤੀ ਤੇ ਨਾ-ਕਾਮਯਾਬੀ ਨਹੀਂ ਹੈ, ਉਸ ਮਨੁੱਖ ਦਾ ਕੰਮ ਕਦੀ ਖ਼ਰਾਬ ਨਹੀਂ ਹੋਵੇਗਾ। ਜਿਹੜਾ ਸਿਆਣਾ ਤੇ ਚਤਰ ਬਣ ਕੇ ਆਪਣੀ ਮਰਜ਼ੀ ਵਰਤਦਾ ਹੈ, ਉਹ ਜ਼ਿੰਮੇਵਾਰੀ ਆਪ ਲੈਂਦਾ ਹੈ। ਇਨਸਾਨੀ ਅਕਲ ਵਿਚ ਗਲਤੀ ਤੇ ਨਾਕਾਮਯਾਬੀ ਜ਼ਰੂਰੀ ਹਨ, ਇਸ ਕਰ ਕੇ ਉਹ ਮਨੁੱਖ ਹਰ ਵੇਲੇ ਫਿਕਰਾਂ ਤੇ ਸੰਸਿਆਂ ਦਾ ਸ਼ਿਕਾਰ ਹੋਇਆ ਰਹਿੰਦਾ ਹੈ।

ਅਸਲ ਤੇ ਨਕਲ ਦੀ ਪਛਾਣ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰੋ। ਉਥੇ ਦਸੇ ਹੋਏ ਹੁਕਮਾਂ (ਅਸੂਲਾਂ) ਦੀ ਤਾਬੇਦਾਰੀ ਕਰਨੀ ਠੀਕ ਤੇ ਸਿਧੇ ਰਸਤੇ 'ਤੇ ਲਿਜਾਂਦੀ ਹੈ। ਵਾਹਿਗੁਰੂ ਦਾ ਸਿਮਰਨ ਕਰਨਾ (ਹਰ ਵੇਲੇ ਤੇ ਹਰ ਕੰਮ ਵਿਚ ਉਹਨੂੰ ਚੇਤੇ ਰਖਣਾ ਤੇ ਉਹਨੂੰ ਹੀ ਕਰਤਾ ਸਮਝ ਕੇ) ਤੇ ਪਾਪ ਨਾ ਕਰਨਾ ਹਮੇਸ਼ਾ ਦੀ ਤਰੱਕੀ ਦਾ ਕਾਰਨ ਹਨ, ਜਿਸ ਦੇ ਨਾਲ ਇਸ ਦੁਨੀਆਂ ਵਿਚ ਸੁਖ, ਅਗੇ ਦਾ ਅਨੰਦ ਤੇ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਹਾਸਲ ਹੁੰਦੀ ਹੈ।

ਵਾਹਿਗੁਰੂ ਦਾ ਦਰਸ਼ਨ

ਗੁਰੂ ਗ੍ਰੰਥ ਸਾਹਿਬ ਵਿਚ ਵਾਹਿਗੁਰੂ ਦੇ ਦਰਸ਼ਨ ਦੀ ਬਹੁਤ ਤਾਰੀਫ ਲਿਖੀ ਹੋਈ ਹੈ। ਨੇਮੀ ਪਾਠ ਕਰਨ ਵਾਲੇ ਦੇ ਮਨ ਵਿਚ ਦਰਸ਼ਨ ਦਾ ਚਾਉ ਜ਼ਰੂਰ ਪੈਦਾ ਹੁੰਦਾ ਹੈ, ਪਰ ਇਹ ਚਾਅ ਕਿਸੇ ਕਿਸਮਤ ਵਾਲੇ ਦਾ ਪੂਰਾ ਹੁੰਦਾ ਹੈ। ਆਮ ਤੌਰ ਤੇ ਇਸ ਉੱਚ ਮੰਜ਼ਿਲ ਤੇ ਨਾ ਪਹੁੰਚ ਸਕਣ ਦੀ ਮਾਯੂਸੀ, ਦਰਸ਼ਨ ਦੇ ਚਾਅ ਤੇ ਉਤਸ਼ਾਹ ਨੂੰ ਗਿਰਾ ਦੇਂਦੀ ਹੈ। ਆਤਮ ਸਾਇੰਸ ਦੀ ਖੋਜ ਇਸ ਮਾਯੂਸੀ 'ਚੋਂ ਕਢ ਕੇ ਉਮੀਦ ਦੀ ਝਲਕ ਦਿਖਾਂਦੀ ਹੈ ਕਿ ਭਾਈ ਘਬਰਾ ਨਾ ! ਦਰਸ਼ਨ ਦੇ ਦਰਜੇ ਹਨ—ਜਿਤਨਾ-ਜਿਤਨਾ ਤੂੰ ਅਗੇ ਚਲੇਂਗਾ, ਉਤਨਾ-ਉਤਨਾ ਦਰਸ਼ਨ ਖੁਲ੍ਹਾ ਤੇ ਪੂਰਾ ਹੋਵੇਗਾ।

ਅਸੀਂ ਇਕ ਆਉਂਦੇ-ਜਾਂਦੇ ਲੋਕਾਂ ਨਾਲ ਭਰੇ ਬਾਜ਼ਾਰ ਵਿਚ ਖਲੋ ਜਾਂਦੇ ਹਾਂ। ਲੰਘਦਿਆਂ ਲੋਕਾਂ ਦੇ ਦਰਸ਼ਨ ਕਰਦੇ ਹਾਂ। ਪਰ ਇਹ ਦਰਸ਼ਨ ਇਤਨੀ ਢਿੱਲੀ ਸੁਰਤ ਨਾਲ ਕਰਦੇ ਹਾਂ ਕਿ ਸਾਹਮਣੇ ਲੰਘਣ ਵਾਲਿਆਂ ਵਿਚੋਂ ਕਿਸੇ ਦੀ ਵੀ ਸ਼ਕਲ ਸੂਰਤ ਯਾਦ ਨਹੀਂ ਰਹਿੰਦੀ। ਇਕ ਹਮਸਾਏ ਨੂੰ ਅਸੀਂ ਰੋਜ਼ ਵੇਖਦੇ ਹਾਂ। ਬਹੁਤੀ ਵਾਰ ਵੇਖਣ ਕਰ ਕੇ ਉਸ ਦੀ ਸ਼ਕਲ ਸੂਰਤ ਖ਼ਿਆਲ ਵਿਚ ਅਛੀ ਤਰ੍ਹਾਂ ਬੈਠ ਜਾਂਦੀ ਹੈ। ਜਿਥੇ ਕਿਤੇ ਉਹਦਾ ਦਰਸ਼ਨ ਕਰੀਏ, ਉਸ ਨੂੰ ਪਛਾਣ ਲਈਦਾ ਹੈ। ਜਦ ਉਹਦੇ ਨਾਲ ਵਰਤਾਰਾ ਕੀਤਾ ਜਾਵੇ, ਤਦ ਉਸ ਦਾ ਸੁਭਾਅ, ਅਕਲ, ਮਿਲਨਸਾਰੀ, ਦਿਆਨਤਦਾਰੀ ਆਦਿ ਗੁਣਾਂ ਦਾ ਸਾਨੂੰ ਪਤਾ ਲਗ ਜਾਂਦਾ ਹੈ। ਇਸ ਵਾਕਫੀਅਤ ਨਾਲ ਜਦ ਉਹਦਾ ਦਰਸ਼ਨ ਕਰੀਏ, ਤਦ ਨਿਰੀ ਉਸ ਦੀ ਸ਼ਕਲ ਸੂਰਤ ਹੀ ਨਜ਼ਰ ਨਹੀਂ ਆਵੇਗੀ, ਬਲਕਿ ਉਹਦੇ ਸਾਰੇ ਗੁਣ-ਔਗੁਣ ਬਦਨ ਦੇ ਨਾਲ ਮਿਲੇ ਹੋਏ ਦਿਖਾਈ ਦੇਣਗੇ। ਵੇਖਦਿਆਂ ਹੀ ਕੁਲ ਸਿਫਤਾਂ ਸਮੇਤ ਇਕ ਇਨਸਾਨ ਨਜ਼ਰ ਆਵੇਗਾ। ਪੂਰਾ ਦਰਸ਼ਨ ਕਿਸੇ ਦਾ ਉਸ ਵਕਤ ਹੁੰਦਾ ਹੈ, ਜਦ ਉਸ ਦੇ ਗੁਣਾਂ-ਔਗੁਣਾਂ ਦੀ ਪੂਰੀ ਵਾਕਫੀਅਤ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਗਿਆਨ ਹਾਸਲ ਕਰਨਾ 'ਦਰਸ਼ਨ'

ਕਰਨ ਦੀ ਅਸਲੀ ਬੁਨਿਆਦ ਹੈ। ਅਸੀਂ ਪਾਠ ਐਸੇ ਅਣਗਹਿਲੇ ਤਰੀਕੇ ਨਾਲ ਕਰਦੇ ਹਾਂ ਕਿ ਪਤਰੇ ਦੇ ਪਤਰੇ ਪੜ੍ਹ ਜਾਵਾਂਗੇ, ਪਰ ਸਮਝਣ ਦੀ ਕੋਸ਼ਿਸ਼ ਹਰਗਿਜ਼ ਨਹੀਂ ਕਰਾਂਗੇ। ਜੇਕਰ ਪੜ੍ਹਦਿਆਂ ਕੁਝ ਧਿਆਨ ਲਗ ਵੀ ਗਿਆ ਹੈ ਤੇ ਕੁਝ ਸਮਝ ਆ ਵੀ ਗਈ ਹੈ, ਤਾਂ ਉਸ ਸਮਝ ਨੂੰ ਵਰਤਾਰੇ ਵਿਚ ਨਹੀਂ ਲਿਆਵਾਂਗੇ। ਪਾਠ ਕਰਨਾ ਹੀ ਆਪਣਾ ਨਿਤਨੇਮ ਤੇ ਧਰਮ ਸਮਝ ਕੇ ਇਥੇ ਸਾਰੀ ਘਾਲ ਖ਼ਤਮ ਕਰ ਦੇਂਦੇ ਹਾਂ। ਨਤੀਜਾ ਇਹ ਹੁੰਦਾ ਹੈ ਕਿ ਜਦ ਕਦੀ ਆਪਣੇ ਕਾਰਜ ਸੌਰਨ ਲਈ ਅਰਦਾਸ ਕਰਦੇ ਹਾਂ ਤੇ ਮਨ ਵਿਚ ਇਹ ਤਸੱਲੀ ਲਿਆਉਂਦੇ ਹਾਂ ਕਿ ਅਸੀਂ ਰੋਜ਼ ਪਾਠ ਅਤੇ ਨਿਤਨੇਮ ਕਰਦੇ ਹਾਂ, ਅਰਦਾਸ ਮੰਨਜ਼ੂਰ ਜ਼ਰੂਰ ਹੋਵੇਗੀ, ਪਰ ਮੰਨਜ਼ੂਰ ਨਹੀਂ ਹੁੰਦੀ। ਗੈਬੀ ਆਵਾਜ਼ ਆਉਂਦੀ ਹੈ—'ਕਿਸ ਦੇ ਅਗੇ ਅਰਦਾਸ ਕੀਤੀ ਹੈ ? ਜਿਸ ਦੀ ਤੈਨੂੰ ਪਛਾਣ ਹੀ ਨਹੀਂ, ਜਿਸ ਦੇ ਕਦੀ ਦਰਸ਼ਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ? ਪਾਠ ਕਰ ਕੇ ਮੱਥਾ ਟੇਕਿਆ ਤੇ ਫੂਲ ਚੜ੍ਹਾ ਦਿਤੇ, ਗੋਇਆ ਕਿ ਪਾਠ ਵਿਚੋਂ ਜੋ ਹੁਕਮ ਹੋਇਆ ਹੈ—ਮੰਨਾਂਗਾ ਤੇ ਪੂਰਾ ਕਰਨ ਤੇ ਫੂਲ ਚੜ੍ਹਾਵਾਂਗਾ, ਕਦੀ ਇਕ ਗੱਲ ਵੀ ਪੂਰੀ ਨਹੀਂ ਕੀਤੀ। ਤੇਰੀ ਅਰਦਾਸ ਵਾਹਿਗੁਰੂ ਕੋਲ ਤਾਂ ਪਹੁੰਚੀ ਹੀ ਨਹੀਂ। ਮੂੰਹ ਚੁਕ ਕੇ ਜਵਾਬ ਦੀ ਉਡੀਕ ਕਿਉਂ ਕਰਦਾ ਹੈਂ ? 'ਜਾਹ ਨਿਰਾਸ ਨਾ ਹੋ ?' ਵਾਹਿਗੁਰੂ ਵਲੋਂ ਇਹ ਪ੍ਰੇਮ ਭਰੀ ਆਵਾਜ਼ ਖ਼ਿਆਲ ਨਾਲ ਸੁਣ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਵਾਹਿਗੁਰੂ ਦੀ ਪਛਾਣ ਸੁਰਤ ਵਿਚ ਬਿਠਾ, ਫੇਰ ਹੌਲੇ-ਹੌਲੇ ਤਰੱਕੀ ਕਰ ਕੇ ਵਾਹਿਗੁਰੂ ਦੇ ਦਰਸ਼ਨ ਕਰ। ਜਿਸ-ਜਿਸ ਦਰਜੇ ਵਿਚ ਤੂੰ ਦਰਸ਼ਨ ਕਰ ਰਿਹਾ ਹੋਵੇਂਗਾ ਉਤਨੀ ਹੀ ਤੇਰੀ ਅਰਦਾਸ ਪੂਰੀ ਹੋਣੀ ਜ਼ਰੂਰੀ ਹੈ।

ਅਰਦਾਸ ਦਾ ਪੂਰਾ ਹੋਣਾ ਗੁਰਸਿੱਖ ਦੀ ਤਰੱਕੀ ਦਾ ਸਬੂਤ ਹੈ। ਵਾਹਿਗੁਰੂ ਮਨ ਵਿਚ ਵਸਣ ਨਾਲ ਮਨ ਵਿਚ ਭੈੜੀ ਖ਼ਾਹਿਸ਼ ਪੈਦਾ ਹੀ ਨਹੀਂ ਹੋਵੇਗੀ। ਜੋ ਖ਼ਾਹਿਸ਼ ਪੈਦਾ ਹੋਵੇਗੀ, ਉਹ ਪੂਰੀ ਹੋਣ ਤੋਂ ਬਗੈਰ ਰਹਿ ਹੀ ਨਹੀਂ ਸਕੇਗੀ।

ਗੁਰਸਿਖ ਨੂੰ ਪਾਠ ਕਰਨ ਤੇ ਦਰਸ਼ਨ ਕਰਨ ਲਗਿਆਂ ਇਕ ਇਹ ਗੱਲ ਜ਼ਰੂਰ ਸਮਝਣ ਦੀ ਲੋੜ ਹੈ ਕਿ ਮੈਂ ਜਿਤਨੀ ਵਾਹਿਗੁਰੂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਉਸ ਨਾਲ ਵਾਹਿਗੁਰੂ ਵਿਚ ਕੋਈ ਤਬਦੀਲੀ ਨਹੀਂ ਕਰ ਰਿਹਾ। ਇਹ ਗਲਤ ਖ਼ਿਆਲ ਹੈ ਕਿ ਵਾਹਿਗੁਰੂ ਪਹਿਲਾਂ ਦਿਆਲੂ ਨਹੀਂ ਸੀ ਤੇ ਹੁਣ ਉਹਦੀ ਤਾਰੀਫ ਕਰਨ ਨਾਲ ਉਹ ਦਿਆਲੂ ਹੋ ਜਾਵੇਗਾ ਅਤੇ ਜਿਹੜੀਆਂ ਉਹਨੇ ਅਗੇ ਮਿਹਰਾਂ ਨਹੀਂ ਕਰਨੀਆਂ ਸਨ, ਉਹ ਹੁਣ ਕਰੇਗਾ। ਯਾਦ ਰਹੇ ਕਿ ਵਾਹਿਗੁਰੂ ਇਕ ਨਾ ਬਦਲਣ ਵਾਲੀ ਹਸਤੀ ਹੈ, ਜੋ ਆਪਣਾ ਕੰਮ ਹਰ ਵਕਤ ਇਕੋ ਜਿਹਾ ਕਰ ਰਹੀ ਹੈ, ਸਦਾ ਹੀ ਦਿਆਲੂ ਤੇ ਮਿਹਰਬਾਨ ਹੈ, ਅਸੀਂ ਆਪਣੀਆਂ ਅਰਦਾਸਾਂ

ਨਾਲ ਉਹਨੂੰ ਨਹੀ ਬਦਲ ਰਹੇ ਬਲਕਿ ਆਪਣੇ ਆਪ ਨੂੰ ਬਦਲ ਰਹੇ ਹਾਂ। ਵਾਹਿਗੁਰੂ ਵਲੋਂ ਜਿਹੜੀਆਂ ਬਰਕਤਾਂ ਆਉਂਦਿਆਂ ਹੋਇਆਂ ਅਗੋਂ ਅਗਿਆਨਤਾ ਤੇ ਮਾਇਆ ਦੇ ਹਨੇਰੇ ਵਿਚ ਗੁੰਮ ਹੋ ਜਾਂਦੀਆਂ ਹਨ, ਹੁਣ ਉਹ ਗੁੰਮ ਨਹੀਂ ਹੋਣਗੀਆਂ ਤੇ ਪੂਰੀਆਂ ਮਿਲਣਗੀਆਂ।

ਹੁਣ ਇਕ ਸ਼ਬਦ ਪੜ੍ਹ ਕੇ, ਉਸ ਨੂੰ ਸਮਝਣ ਦੀ ਤੇ ਵਾਹਿਗੁਰੂ ਦੇ ਦਰਸ਼ਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸ਼ਬਦ ਇਹ ਹੈ :-

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ।
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।

ਵਾਹਿਗੁਰੂ ਦਾ ਪਿਤਾ ਤੇ ਮਾਤਾ ਹੋਣਾ ਇਕ ਪੱਕੀ ਤੇ ਅਟੱਲ ਗੱਲ ਹੈ। ਜੇਕਰ ਅਸੀਂ ਨਾ ਮੰਨੀਏ ਤਦ ਇਹ ਪੱਕਾ ਸਾਕ ਟੁੱਟ ਨਹੀਂ ਜਾਣਾ। ਇਹ ਬਰਾਬਰ ਕਾਇਮ ਰਹੇਗਾ। ਹਮੇਸ਼ਾ ਇਕੋ ਜੇਹਾ ਕਾਇਮ ਰਹਿਣ ਵਾਲੇ ਵਾਹਿਗੁਰੂ ਵਲੋਂ ਪਿਤਾ ਤੇ ਮਾਤਾ ਵਾਲਾ ਪਿਆਰ ਤੇ ਦਾਤਾਂ ਬਰਾਬਰ ਜਾਰੀ ਰਹਿਣਗੀਆਂ, ਪਰ ਸਾਨੂੰ ਕਪੁੱਤਰ ਹੋਣ ਕਰ ਕੇ ਤੇ ਅਗਿਆਨਤਾ ਦੇ ਹਨੇਰੇ ਵਿਚ ਬੈਠੇ ਹੋਣ ਕਰ ਕੇ ਨਹੀਂ ਮਿਲਣਗੀਆਂ। ਇਕ ਮਨੁੱਖ ਜਿਹੜਾ ਵਾਹਿਗੁਰੂ ਦੀ ਹਸਤੀ ਨੂੰ ਤਾਂ ਨਹੀਂ ਮੰਨਦਾ ਪਰ ਵਾਹਿਗੁਰੂ ਦੇ ਗੁਣ ਉਹਦੇ ਵਿਚ ਪ੍ਰਗਟ ਹੋ ਰਹੇ ਹਨ, ਉਹਨੂੰ ਬਰਕਤਾਂ ਬਹੁਤ ਦਰਜੇ ਤਕ ਮਿਲਣਗੀਆਂ, ਜੈਸਾ ਕਿ ਇਕ ਫਰਮਾਬਰਦਾਰ ਨੌਕਰ ਨੂੰ ਮਿਲਣ ਦਾ ਹੱਕ ਹੈ। ਜਿਹੜਾ ਪੁਰਸ਼ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਤਾਂ ਜ਼ਰੂਰ ਟੇਕਦਾ ਹੈ ਪਰ ਵਿਚ ਲਿਖੇ ਹੁਕਮ ਦੀ ਪਾਲਣਾ ਨਹੀਂ ਕਰਦਾ ਤੇ ਵਾਹਿਗੁਰੂ ਦੇ ਸੁਭਾਅ ਤੇ ਗੁਣ ਉਲਟੇ ਹੋ ਕੇ ਉਹਦੇ ਵਿਚ ਜ਼ਾਹਿਰ ਹੋ ਰਹੇ ਹਨ, ਉਹ ਕਦੀ ਵੀ ਬਰਕਤਾਂ ਦਾ ਹੱਕਦਾਰ ਨਹੀਂ ਹੈ। ਉਹ ਨਾ-ਫਰਮਾਬਰਦਾਰ ਤੇ ਕਪੁੱਤਰ ਹੈ। ਜਿਹੜਾ ਮਨੁੱਖ ਵਾਹਿਗੁਰੂ ਦੀ ਹਸਤੀ ਨੂੰ ਵੀ ਮੰਨ ਰਿਹਾ ਹੈ ਤੇ ਹੁਕਮ ਵੀ ਮੰਨ ਰਿਹਾ ਹੈ, ਉਹ ਪੂਰੀਆਂ ਬਰਕਤਾਂ ਸਪੁੱਤਰ ਵਾਂਗ ਵਿਰਸੇ ਵਿਚ ਮੰਗਣ ਤੋਂ ਬਿਨਾਂ ਲਵੇਗਾ। ਵਾਹਿਗੁਰੂ ਨੂੰ ਪਿਤਾ ਤੇ ਮਾਤਾ ਵਾਂਗ ਦੇਖਣ ਦੀ ਸਮਝ ਉਸ ਵੇਲੇ ਆਈ ਹੋਈ ਜਾਣੋ ਜਦ ਵਾਹਿਗੁਰੂ ਪਿਤਾ-ਮਾਤਾ ਸਮਾਨ ਸ਼ੌਕ ਦੇ ਦਰਜੇ ਤੋਂ ਬਾਹਰ ਭਾਸੇ। ਪਿਆਰਾ ਲਗੇ ਤੇ ਕੁਲ ਕੰਮ ਉਹਦੇ ਕੋਲੋਂ ਸਰਦੇ ਦਿਸਣ। ਪਿਤਾ ਤੇ ਮਾਤਾ ਦੇ ਕਿਸੇ ਪੱਖ ਵਲੋਂ ਕੋਈ ਕਮੀ ਨਾ ਦਿਸੇ। ਵਾਹਿਗੁਰੂ ਦਾ ਪਿਤਾ-ਮਾਤਾ ਵਾਂਗ ਦਰਸ਼ਨ ਕਰਨ ਦਾ ਸਬੂਤ ਇਹ ਹੈ ਕਿ ਮਨੁੱਖ ਚਤੁਰਾਈ ਛੱਡ ਕੇ, ਛੋਟਾ ਬੱਚਾ ਬਣ ਕੇ, ਵਾਹਿਗੁਰੂ ਦੀ ਰਜ਼ਾ ਵਿਚ ਸਾਰੇ ਕੰਮ ਕਰੇ। ਵਾਹਿਗੁਰੂ ਦੀ ਰਜ਼ਾ ਦੀ ਸੋਝੀ ਹੋਵੇ ਤੇ ਸੋਚਾਂ ਖ਼ਤਮ ਹੋ ਜਾਣ। ਹਰ ਕੰਮ ਵਾਸਤੇ ਬਣੀ

ਬਣਾਈ ਤਜਵੀਜ਼ ਆਵੇ, ਹਰ ਕੰਮ ਵਿਚ ਵਾਹਿਗੁਰੂ ਦਾ ਰਸਤਾ ਦਿਸੇ। ਮਨ ਤੇ ਤਨ ਵਿਚ ਅਨੰਦ ਹੋਵੇ। ਹਰ ਗੱਲ ਵਾਸਤੇ ਵਾਹਿਗੁਰੂ ਤੇ ਸਹਾਰਾ ਹੋਵੇ, ਕੁਲ ਕੰਮ ਸੌਰਨ, ਸਿਹਤ ਠੀਕ ਰਹੇ ਤੇ ਖੁਲ੍ਹੇ ਗੱਫੇ ਮਿਲਣ।

ਵਾਹਿਗੁਰੂ ਨੂੰ ਪਿਤਾ-ਮਾਤਾ ਦੇ ਸਰੂਪ ਵਿਚ ਸਮਝਣ ਤੇ ਦਰਸ਼ਨ ਕਰਨ ਦੀ ਕੁੰਜੀ ਵਾਹਿਗੁਰੂ ਦਾ ਸਿਮਰਨ ਹੈ। ਵਾਹਿਗੁਰੂ ਨੂੰ ਬਾਰ-ਬਾਰ ਲਗਾਤਾਰ ਆਪਣੀ ਸੁਰਤ ਵਿਚ ਲਿਆਉਣਾ ਤੇ ਪਿਤਾ-ਮਾਤਾ ਵਾਂਗ ਮਹਿਸੂਸ ਕਰਨਾ ਸਿਮਰਨ ਹੈ।

ਇਸੇ ਤਰ੍ਹਾਂ ਵਾਹਿਗੁਰੂ ਦੇ ਸਾਰੇ ਗੁਣ-ਰਾਜ਼ਕ, ਦਾਤਾਰ, ਬਖ਼ਸ਼ਣਹਾਰ, ਦਿਆਲੂ ਤੇ ਦੁਖ-ਰੋਗ ਮਿਟਾਉਣ ਵਾਲਾ ਆਦਿ ਇਕ-ਇਕ ਕਰ ਕੇ ਸਿਮਰਨ ਨਾਲ ਜਦ ਸੁਰਤ ਵਿਚ ਬਿਠਾਵਾਂਗੇ, ਤਦ ਵਾਹਿਗੁਰੂ ਦਾ ਇਕ ਪੂਰਾ ਸਰੂਪ ਦਿਸੇਗਾ, ਜਿਸ ਦੇ ਦਰਸ਼ਨ ਕਰਨ ਨਾਲ ਵਾਹਿਗੁਰੂ ਦੇ ਕੁਲ ਗੁਣ ਮਨੁੱਖ ਵਿਚ ਪ੍ਰਕਾਸ਼ ਹੋਣਗੇ, ਲੋਕ ਤੇ ਪਰਲੋਕ ਸੌਰੇਗਾ।

ਅਖ਼ੀਰ ਵਿਚ ਇਕ ਸ਼ਬਦ ਦਰਜ ਕੀਤਾ ਜਾਂਦਾ ਹੈ, ਜਿਸ ਵਿਚ ਗੁਰੂ ਅਰਜਨ ਦੇਵ ਜੀ ਉੱਚੀ ਹਸਤੀ ਵਾਹਿਗੁਰੂ ਦੇ ਪੂਰੇ ਦਰਸ਼ਨ ਕਰਨ ਦਾ ਜ਼ਿਕਰ ਕਰਦੇ ਹਨ। ਆਪ ਨੇ ਆਪਣੇ ਆਪ ਨੂੰ ਢਾਡੀ ਬਣਾਇਆ ਹੈ ਤੇ ਵਾਹਿਗੁਰੂ ਨੂੰ ਇਕ ਕਦੀ ਨਾ ਬਦਲਣ ਵਾਲੀ ਸ਼ਕਤੀ ਦਸਦੇ ਹਨ। ਵਾਹਿਗੁਰੂ ਦੇ ਮਹੱਲ ਦੇ ਅਗੇ ਗਾਇਨ ਕਰਦੇ ਹਨ, ਫਿਰ ਸੋਚ ਕਰਦੇ ਹਨ ਕਿ ਕੀ ਦਾਨ ਮੰਗੀਏ, ਜਿਸ ਨਾਲ ਸਭ ਭੁਖਾਂ ਦੂਰ ਹੋ ਜਾਣ ਤੇ ਕਿਸੇ ਚੀਜ਼ ਦੀ ਮੁਹਤਾਜੀ ਨਾ ਰਹੇ। ਸੋਚ ਵਿਚ ਦਰਸ਼ਨ ਦਾ ਦਾਨ ਮੰਗਣਾ ਤਜਵੀਜ਼ ਕਰਦੇ ਹਨ। ਜਦ ਵਾਹਿਗੁਰੂ ਨੇ ਮਹੱਲ ਅੰਦਰ ਬੁਲਾਏ ਤੇ ਗੁਰੂ ਜੀ ਨੇ ਦਰਸ਼ਨ ਕੀਤਾ, ਤਦ ਕੁਲ ਦੁਖ ਤੇ ਭੁਖ ਉਸੇ ਵੇਲੇ ਮਿਟ ਗਈ, ਸਭ ਕੁਝ ਮਿਲ ਗਿਆ ਤੇ ਮੰਗਣ ਦੀ ਲੋੜ ਹੀ ਹਟ ਗਈ। ਵਾਹਿਗੁਰੂ ਦੇ ਪੂਰੇ ਦਰਸ਼ਨ ਪਾਣ ਦੀ ਇਹ ਨਿਸ਼ਾਨੀ ਦੱਸੀ ਹੈ :

ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ।
ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ।
ਸੋ ਮੰਗਾ ਦਾਨੁ ਗੋੁਸਾਈਆ ਜਿਤੁ ਭੁਖ ਲਹਿ ਜਾਵੈ।
ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ।
ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਿਲ ਬੁਲਾਵੈ।
ਪ੍ਰਭ ਦੇਖਦਿਆ ਦੁਖ ਭੁਖ ਗਈ
ਢਾਢੀ ਕਉ ਮੰਗਣੁ ਚਿਤਿ ਨ ਆਵੈ।
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ।
(ਡਖਣੇ ਮਹਲਾ ੫)

ਝੂਠੀ ਦੇਹੀ

ਇਹ ਇਕ ਮੰਨੀ ਹੋਈ ਗੱਲ ਹੈ ਕਿ ਇਹ ਦੁਨੀਆਂ ਤਕਲੀਫਾਂ ਦਾ ਘਰ ਹੈ ਤੇ ਅਸੀਂ ਆਮ ਤੌਰ ਤੇ ਇਹਨਾਂ ਤਕਲੀਫਾਂ ਨਾਲ ਮੁਕਾਬਲਾ ਕਰ ਕੇ ਜ਼ਿੰਦਗੀ ਗੁਜ਼ਾਰਨੀ ਜ਼ਰੂਰੀ ਸਮਝੀ ਹੋਈ ਹੈ। ਕਈ ਤਾਂ ਬਹਾਦਰੀ ਤੇ ਹੌਸਲੇ ਨਾਲ ਮੁਕਾਬਲਾ ਕਰ ਕੇ ਤਕਲੀਫ ਨੂੰ ਹਟਾ ਲੈਂਦੇ ਹਨ ਤੇ ਜਿਹੜੇ ਮੁਕਾਬਲਾ ਨਹੀਂ ਕਰ ਸਕਦੇ ਉਹਨਾਂ ਨੂੰ ਤਕਲੀਫ ਮੁਕਾ ਦੇਂਦੀ ਹੈ। ਪਰ ਤਕਲੀਫ ਦਾ ਆਉਣਾ ਤੇ ਉਹਨਾਂ ਦਾ ਕਸ਼ਟ ਸਹਾਰਨਾ ਸਭ ਵਾਸਤੇ ਜ਼ਰੂਰੀ ਹੋ ਗਿਆ ਹੈ। ਹਰ ਕੋਈ ਇਹ ਭੀ ਚਾਹੁੰਦਾ ਹੈ ਕਿ ਕੋਈ ਐਸੀ ਤਜਵੀਜ਼ ਹੋਵੇ, ਜਿਸ ਨਾਲ ਤਕਲੀਫਾਂ ਆਉਣ ਹੀ ਨਾ ਤੇ ਜ਼ਿੰਦਗੀ ਸੌਖੀ ਲੰਘੇ। ਤਜਰਬੇ ਨੇ ਦੱਸਿਆ ਹੈ ਕਿ ਇਨਸਾਨੀ ਅਕਲ ਮਾਇਆ ਦੇ ਹਨੇਰੇ ਵਿਚ ਬੈਠੀ ਹੋਈ ਕੋਈ ਵੀ ਪੱਕੀ ਤੇ ਸੱਚੀ ਤਜਵੀਜ਼ ਅਜੇ ਤਕ ਨਹੀਂ ਕਢ ਸਕੀ। ਆਤਮ ਸਾਇੰਸ ਅਲਬੱਤਾ ਇਕ ਪੱਕਾ ਦਾਅਵਾ ਕਰ ਰਹੀ ਹੈ ਕਿ ਲੋਕ-ਪਰਲੋਕ ਦੋਵੇਂ ਸੰਵਰ ਸਕਦੇ ਹਨ। ਮਾਇਆ ਦੇ ਨਸ਼ੇ ਵਿਚ ਬੈਠੇ ਹੋਏ ਅਸੀਂ ਅੱਵਲ ਤਾਂ ਆਤਮ ਸਾਇੰਸ ਵਲ ਧਿਆਨ ਹੀ ਨਹੀਂ ਕਰਦੇ, ਜੇ ਕਰਦੇ ਹਾਂ ਤਦ ਗੁਰੂ ਗ੍ਰੰਥ ਸਾਹਿਬ ਖੋਲ੍ਹ ਕੇ ਪਾਠ ਵੀ ਕਰਨ ਲਗ ਪੈਂਦੇ ਹਾਂ ਤਾਂ ਵੀ ਪਾਠ ਕਰਨ ਤੇ ਸਾਰੀ ਗੱਲ ਖ਼ਤਮ ਕਰ ਦੇਂਦੇ ਹਾਂ। ਉਥੇ ਦਸੇ ਹੋਏ ਅਸੂਲਾਂ ਨੂੰ ਪੂਰਾ ਕਰ ਕੇ ਨਤੀਜਾ ਦੇਖਣ ਦੀ ਕੋਈ ਕੋਸ਼ਿਸ਼ ਨਹੀਂ ਕਰਦੇ।

ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰਨ ਨਾਲ ਇਹ ਪਤਾ ਲਗਦਾ ਹੈ ਕਿ ਅਸੀਂ ਮਾਇਆ ਦੇ ਹਨੇਰੇ ਤੇ ਧੋਖੇ ਵਿਚ ਫਸੇ ਹੋਏ ਹਾਂ। ਦੇਖਦੇ ਹਾਂ ਕਿ ਦੁਨੀਆਂ ਝੂਠੀ ਹੈ, ਹਰ ਵੇਲੇ ਬਦਲ ਰਹੀ ਹੈ ਤੇ ਕੋਈ ਚੀਜ਼ ਇਸ ਦੀ ਕਾਇਮ ਨਹੀਂ। ਹਰ ਚੀਜ਼ ਤੇ ਹਰ ਰੰਗ ਨਾਸ ਹੋਣ ਵਾਲਾ ਹੈ। ਇਹ ਸਭ ਕੁਝ ਜਾਣਦੇ ਹੋਏ ਵੀ ਦੁਨੀਆਂ ਦੀ ਹਰ ਚੀਜ਼ ਨੂੰ ਸੱਚੀ ਤੇ ਸੁਚੀ ਸਮਝਦੇ ਹਾਂ। ਜੇਕਰ ਅਸੀਂ ਮਾਇਆ ਦੇ ਅਸਲੀ ਝੂਠੇ ਤੇ ਧੋਖੇ ਵਾਲੇ ਰੰਗਾਂ ਤੋਂ ਖ਼ਬਰਦਾਰ ਹੋ ਜਾਈਏ ਤੇ ਝੂਠ ਨੂੰ ਛੱਡ ਕੇ, ਸੱਚ ਨੂੰ ਪਕੜੀਏ ਤਾਂ ਸਾਰੀਆਂ

ਮੁਸ਼ਕਲਾਂ ਦੂਰ ਹੋ ਜਾਂਦੀਆਂ ਹਨ।

ਮਿਸਾਲ ਦੇ ਤੌਰ ਤੇ ਇਕ ਅਸੂਲ ਦਾ ਏਥੇ ਜ਼ਿਕਰ ਕੀਤਾ ਜਾਂਦਾ ਹੈ। ਕੁਲ ਮਨੁੱਖ ਜੋ ਇਸ ਦੁਨੀਆਂ ਵਿਚ ਦਿਸ ਰਹੇ ਹਨ, ਆਪਣੀ ਦੇਹੀ ਕਰ ਕੇ ਪਛਾਣੇ ਜਾਂਦੇ ਹਨ। ਕੁਲ ਕਾਰ-ਵਿਹਾਰ ਦੇਹੀ ਦੇ ਜ਼ਰੀਏ ਹੁੰਦਾ ਹੈ। ਦੇਹ ਜਦ ਖ਼ਤਮ ਹੋ ਜਾਵੇ ਤਦ ਉਸ ਮਨੁੱਖ ਦੀ ਦੁਨੀਆਂ ਹੀ ਖ਼ਤਮ ਹੋ ਜਾਂਦੀ ਹੈ। ਅਸੀਂ ਦੇਹੀ ਨੂੰ ਇਕ ਅਸਲ ਤੇ ਸੱਚੀ ਚੀਜ਼ ਸਮਝਿਆ ਹੋਇਆ ਹੈ, ਪਰ ਇਹ ਧੋਖਾ ਹੈ। ਇਹ ਦੇਹ ਮਾਇਆ ਦਾ ਝੂਠਾ ਸਰੂਪ ਹੈ ਤੇ ਹਰ ਵਕਤ ਬਦਲ ਰਹੀ ਹੈ। ਕਦੀ ਜਵਾਨ ਹੋ ਰਹੀ ਹੈ ਤੇ ਕਦੀ ਬੁਢੀ, ਕਦੀ ਤੰਦਰੁਸਤ ਤੇ ਕਦੀ ਬੀਮਾਰ। ਇਸ ਨੇ ਨਾਸ਼ ਜ਼ਰੂਰ ਹੋ ਜਾਣਾ ਹੈ। ਇਸ ਦੇਹੀ ਦਾ ਅਸਲ ਸਰੂਪ ਆਤਮਾ ਹੈ ਜੋ ਸਦਾ ਅਟੱਲ ਤੇ ਸੱਚਾ ਹੈ। ਨਾ ਉਹ ਬਦਲਦਾ ਹੈ ਤੇ ਨਾ ਨਾਸ ਹੁੰਦਾ ਹੈ। ਨਾ ਉਸ ਨੂੰ ਬੁਢਾਪਾ ਹੈ ਤੇ ਨਾ ਉਸ ਨੂੰ ਬੀਮਾਰੀ ਹੈ। ਉਹ ਸਦਾ ਜਵਾਨ ਤੇ ਤੰਦਰੁਸਤ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
(ਆਸਾ ਮਹਲਾ ੩)

ਨਾ ਇਹੁ ਬੂਢਾ ਨਾ ਇਹੁ ਬਾਲਾ। ਨਾ ਇਸੁ ਦੂਖੁ ਨਹੀ ਜਮ ਜਾਲਾ।
(ਗੋਂਡ ਮਹਲਾ ੫)

ਦੇਹੀ ਗੁਪਤ ਬਿਦੇਹੀ ਦੀਸੈ। ਸਗਲੇ ਸਾਜਿ ਕਰਤ ਜਗਦੀਸੈ।
(ਰਾਮਕਲੀ ਮਹਲਾ ੫)

ਆਤਮ ਸਾਇੰਸ ਦੀ ਵਿਚਾਰ ਇਹ ਦਸਦੀ ਹੈ ਕਿ ਦੇਹੀ ਦੇ ਕੁਲ ਦੁਖ, ਬੀਮਾਰੀ, ਬੇਚੈਨੀ ਆਦਿ ਇਸ ਭੁਲ ਦਾ ਨਤੀਜਾ ਹਨ ਕਿ ਅਸੀਂ ਸੱਚ ਨੂੰ ਛੱਡ ਕੇ ਝੂਠ ਦੇ ਮਗਰ ਲਗੇ ਹੋਏ ਹਾਂ।

ਅਸੀਂ ਜਦ ਕਿਸੇ ਅਜਿਹੇ ਘਰ ਵਿਚ ਜਾਂਦੇ ਹਾਂ, ਜਿਥੇ ਇਕ ਮੌਤ ਹੋ ਗਈ ਹੈ। ਘਰ ਵਾਲਿਆਂ ਨੂੰ ਪੁਛੋ ਤਾਂ ਉਹ ਕਹਿੰਦੇ ਹਨ ਕਿ ਆਦਮੀ ਮਰ ਗਿਆ ਹੈ। ਜਦ ਉਹਨਾਂ ਨੂੰ ਕਿਹਾ ਜਾਵੇ ਕਿ ਦੇਹੀ ਤਾਂ ਬਣੀ ਤਣੀ (ਨੱਕ, ਮੂੰਹ, ਕੰਨ, ਅੱਖਾਂ, ਹੱਥ, ਪੈਰ) ਏਥੇ ਪਈ ਹੋਈ ਹੈ ਤਦ ਤੁਸੀਂ ਵਿਰਲਾਪ ਕਿਉਂ ਕਰਦੇ ਹੋ ? ਜਵਾਬ ਆਉਂਦਾ ਹੈ ਕਿ 'ਉਹ ਵਿਚੋਂ ਚਲਾ ਗਿਆ ਹੈ। ਇਹ ਦੇਹੀ ਹੁਣ ਨਾ ਤੱਕਦੀ ਹੈ ਤੇ ਨਾ ਗੱਲਾਂ ਕਰਦੀ ਹੈ। ਇਸ ਦੇਹੀ ਕੋਲੋਂ ਡਰ ਆ ਰਿਹਾ ਹੈ। ਇਸਨੂੰ ਰਾਤ ਹੋਣ ਤੋਂ ਪਹਿਲਾਂ ਲੈ ਜਾਓ ਤੇ ਸਾੜ ਫੂਕ ਦੇਵੋ।

ਅਸੀਂ ਹਰ ਰੋਜ਼ ਇਹ ਕੌਤਕ ਦੇਖਦੇ ਹਾਂ ਕਿ ਆਤਮਾ ਬਿਨਾਂ ਦੇਹੀ ਦੀ

ਕੁਝ ਵੀ ਕਦਰ ਨਹੀਂ। ਲੱਖਾਂ ਕਰੋੜਾਂ ਵਾਲੇ ਸ਼ਾਹ ਦੀ ਦੇਹੀ ਆਤਮਾ ਤੋਂ ਬਿਨਾਂ ਦੋ ਕੌਡੀ ਦੀ ਵੀ ਨਹੀਂ ਰਹਿੰਦੀ। ਸਭ ਪਿਆਰ ਕਰਨ ਵਾਲੇ ਘਿਰਣਾ ਕਰਨ ਲੱਗ ਜਾਂਦੇ ਹਨ। ਇਹ ਸਭ ਜਾਣਦੇ ਹੋਏ ਵੀ ਅਸੀਂ ਅਸਲ ਚੀਜ਼ ਆਤਮਾ ਵਲ ਕੁਝ ਖ਼ਿਆਲ ਹੀ ਨਹੀਂ ਕਰਦੇ ਤੇ ਦੇਹੀ ਨੂੰ ਪਾਲਣ ਵਾਸਤੇ ਕੁਲ ਜਹਾਨ ਦੀਆਂ ਬੇਈਮਾਨੀਆਂ, ਧੋਖੇ ਤੇ ਅਪੱਦਰ ਕਰਨ ਵਾਸਤੇ ਤਿਆਰ ਹਾਂ।

ਜਦ ਤਕ ਅਸੀਂ ਨਕਲ ਨੂੰ ਅਗੇ ਤੇ ਅਸਲ ਨੂੰ ਪਿਛੇ ਰਖਾਂਗੇ, ਸਰੀਰਕ ਸੁਖ ਸਾਨੂੰ ਪ੍ਰਾਪਤ ਨਹੀਂ ਹੋ ਸਕਦੇ। ਜਦ ਆਪਣੇ ਖ਼ਿਆਲ ਨੂੰ ਠੀਕ ਰਸਤੇ ਤੇ ਲਿਆ ਕੇ ਅਸਲ ਨੂੰ ਅਸਲ ਸਮਝੀਏ ਤੇ ਨਕਲ ਨੂੰ ਛਡ ਕੇ ਆਪਣੇ ਆਪ ਨੂੰ ਆਤਮਾ ਸਮਝੀਏ, ਸਰੀਰ ਤੋਂ ਅਲਹਿਦਾ ਸਮਝੀਏ, ਆਪਣੀ ਰਿਹਾਇਸ਼ ਸਰੀਰ ਵਿਚ ਦੇਖੀਏ, ਆਤਮਾ ਸਰੀਰ ਨੂੰ ਚਲਾਂਦਿਆਂ ਤੇ ਸਰੀਰ ਕੋਲੋਂ ਕੁਲ ਕੰਮ ਕਰਾਂਦਾ ਵੇਖੀਏ, ਤਦ ਆਤਮਾ ਦੇ ਸਾਰੇ ਗੁਣ (ਤੰਦਰੁਸਤੀ, ਸਦਾ ਜਵਾਨੀ, ਸਦਾ ਦੀ ਜ਼ਿੰਦਗੀ, ਖੁਸ਼ੀ, ਅਨੰਦ ਆਦਿ) ਮਨੁੱਖ ਦੇ ਸਰੀਰ ਵਿਚ ਪ੍ਰਗਟ ਹੋਣਗੇ ਤੇ 'ਲੋਕ ਸੁਖੀ ਪਰਲੋਕ ਸੁਹੇਲੇ' ਵਾਲੀ ਹਾਲਤ ਪੈਦਾ ਹੋਵੇਗੀ।

ਨਾ ਓਹੁ ਮਰਤਾ ਨਾ ਹਮ ਡਰਿਆ।
ਨਾ ਓਹੁ ਬਿਨਸੈ ਨਾ ਹਮ ਕੜਿਆ।
ਨਾ ਓਹੁ ਨਿਰਧਨੁ ਨਾ ਹਮ ਭੂਖੇ।
ਨਾ ਓਸੁ ਦੂਖੁ ਨਾ ਹਮ ਕਉ ਦੂਖੇ।
(ਆਸਾ ਮਹਲਾ ੫)

ਅਖ਼ੀਰ ਵਿਚ ਇਕ ਸ਼ਬਦ ਦਰਜ ਕੀਤਾ ਜਾਂਦਾ ਹੈ, ਜਿਸ ਵਿਚ ਦਸਿਆ ਗਿਆ ਹੈ ਕਿ ਆਤਮਾ ਤੋਂ ਬਿਨਾਂ ਦੇਹੀ ਕੀ ਹੈਸੀਅਤ ਰਖਦੀ ਹੈ ?

ਆਸਾ ਮਹਲਾ ੫

ਉਨ੍ ਕੈ ਸੰਗਿ ਤੂ ਕਰਤੀ ਕੇਲ। ਉਨ੍ ਕੈ ਸੰਗਿ ਹਮ ਤੁਮ ਸੰਗਿ ਮੇਲ।
ਉਨ੍ ਕੈ ਸੰਗਿ ਤੁਮ ਸਭੁ ਕੋਊ ਲੋਰੈ। ਓਸੁ ਬਿਨਾ ਕੋਊ ਮੁਖੁ ਨਹੀ ਜੋਰੈ।
ਤੇ ਬੈਰਾਗੀ ਕਹਾ ਸਮਾਏ। ਤਿਸੁ ਬਿਨੁ ਤੁਹੀ ਦੁਹੇਰੀ ਰੀ।ਰਹਾਉ।
ਉਨ੍ ਕੈ ਸੰਗਿ ਤੂੰ ਗ੍ਰਿਹ ਮਹਿ ਮਾਹਰਿ। ਉਨ੍ ਕੈ ਸੰਗਿ ਤੂ ਹੋਈ ਹੈ ਜਾਹਰਿ।
ਉਨ੍ ਕੈ ਸੰਗਿ ਤੂ ਰਖੀ ਪਪੋਲਿ। ਓਸੁ ਬਿਨਾ ਤੂੰ ਛੁਟਕੀ ਰੋਲਿ।
ਉਨ੍ ਕੈ ਸੰਗਿ ਤੇਰਾ ਮਾਨੁ ਮਹਤੁ। ਉਨ੍ ਕੈ ਸੰਗਿ ਤੁਮ ਸਾਕੁ ਜਗਤੁ।
ਉਨ੍ ਕੈ ਸੰਗਿ ਤੇਰੀ ਸਭ ਬਿਧਿ ਥਾਟੀ। ਓਸੁ ਬਿਨਾ ਤੂੰ ਹੋਈ ਹੈ ਮਾਟੀ।
ਓਹੁ ਬੈਰਾਗੀ ਮਰੈ ਨ ਜਾਇ। ਹੁਕਮੇ ਬਾਧਾ ਕਾਰ ਕਮਾਇ।
ਜੋੜਿ ਵਿਛੋੜੇ ਨਾਨਕ ਥਾਪਿ। ਅਪਨੀ ਕੁਦਰਤਿ ਜਾਣੈ ਆਪਿ।

ਮਨ ਦੀ ਦੁਨੀਆਂ

ਅਸੀਂ ਇਸ ਦੁਨੀਆਂ ਵਿਚ ਬੈਠੇ ਹੋਏ ਹਰ ਵੇਲੇ ਫਿਕਰਾਂ, ਸੋਚਾਂ ਤੇ ਤਕਲੀਫਾਂ ਨਾਲ ਘਿਰੇ ਹੋਏ ਹਾਂ। ਹਾਲਾਂਕਿ ਚਾਹੁੰਦੇ ਹਾਂ ਕਿ ਇਸ ਘੁੰਮਣ ਘੇਰ ਵਿਚੋਂ ਨਿਕਲ ਕੇ ਸੁਖ ਵਿਚ ਜ਼ਿੰਦਗੀ ਗੁਜ਼ਾਰੀਏ, ਪਰ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਲਾਚਾਰ ਹੋ ਕੇ ਉਸੇ ਵਹਿਮ ਵਿਚ ਵਗੇ ਹੋਏ ਚਲੇ ਜਾਂਦੇ ਹਾਂ। ਆਤਮ ਸਾਇੰਸ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਜਿਹੜੀਆਂ ਹਾਲਤਾਂ ਸਾਡੇ ਵਸੋਂ ਬਾਹਰ ਹੋ ਕੇ ਸਾਡੀ ਜ਼ਿੰਦਗੀ ਤੇ ਅਸਰ ਕਰ ਰਹੀਆਂ ਹਨ, ਉਹ ਵੱਸੋਂ ਬਾਹਰ ਨਹੀਂ– ਸਾਡੇ ਵਸ ਵਿਚ ਹਨ।

ਅਜਿਹਾ ਮਲੂਮ ਹੁੰਦਾ ਹੈ ਕਿ ਬੀਮਾਰੀ ਜੋ ਸਾਨੂੰ ਆਉਂਦੀ ਹੈ, ਉਹ ਹਵਾ, ਪਾਣੀ, ਸਰਦੀ, ਗਰਮੀ, ਖਾਣਾ-ਪੀਣਾ ਪੈਦਾ ਕਰਦੇ ਹਨ। ਘਾਟੇ-ਵਾਧੇ, ਵਪਾਰ, ਨਿਰਖਾਂ ਦੇ ਚੜ੍ਹਨ ਉਤਰਨ ਤੇ ਤਜਾਰਤ ਦੀ ਅਦਲਾ-ਬਦਲੀ ਨਾਲ ਹੁੰਦੇ ਹਨ। ਇਹ ਸਭ ਕੁਝ ਮਨੁੱਖ ਦੇ ਵੱਸ ਤੋਂ ਬਾਹਰ ਸਮਝਿਆ ਗਿਆ ਹੈ।

ਆਤਮ ਸਾਇੰਸ ਦਾ ਇਹ ਫੈਸਲਾ ਹੈ ਕਿ ਹਰ ਮਨੁੱਖ ਆਪਣੀ ਦੁਨੀਆਂ ਆਪ ਹੀ ਬਣਾ ਰਿਹਾ ਹੈ। ਇਕ ਡਾਕੂ ਆਪਣੀ ਖਤਰਨਾਕ ਦੁਨੀਆਂ ਆਪ ਬਣਾ ਰਿਹਾ ਹੈ। ਇਕ ਸੰਤ ਆਪਣੀ ਸ਼ਾਂਤ ਦੁਨੀਆਂ ਆਪ ਹੀ ਬਣਾ ਰਿਹਾ ਹੈ। ਇਕ ਧੋਖੇਬਾਜ਼ ਚਾਤਰ ਵਪਾਰੀ ਆਪਣੀ ਫੋਕੀ ਤਰੱਕੀ ਦਾ ਚੜ੍ਹਨਾ ਤੇ ਡਿਗਣਾ ਵੀ ਆਪਣੀ ਦੁਨੀਆਂ ਵਿਚ ਦੇਖ ਰਿਹਾ ਹੈ। ਇਕ ਸਚਾ ਵਪਾਰੀ ਆਪਣੀ ਹੌਲੀ-ਹੌਲੀ ਪਰ ਪੱਕੀ ਕਾਮਯਾਬੀ ਦੀ ਖੁਸ਼ੀ ਆਪਣੀ ਦੁਨੀਆਂ ਦੇ ਹਰ ਪਾਸੇ ਦੇਖ ਰਿਹਾ ਹੈ। ਹਰ ਮਨੁੱਖ ਦੇ ਦਿਲ ਵਿਚ ਪਹਿਲਾਂ ਖ਼ਿਆਲ ਪੈਦਾ ਹੁੰਦੇ ਹਨ, ਫਿਰ ਉਹਨਾਂ ਖਿਆਲਾਂ ਨੂੰ ਵਰਤੋ ਵਿਚ ਲਿਆਇਆ ਜਾਂਦਾ ਹੈ ਤੇ ਫੇਰ ਨਤੀਜਾ ਪੈਦਾ ਹੁੰਦਾ ਹੈ। ਅਛੇ ਖ਼ਿਆਲਾਂ ਦਾ ਨਤੀਜਾ, ਸਿਹਤ, ਖੁਸ਼ੀ, ਚੈਨ ਤੇ ਮੁਨਾਫਾ ਹੁੰਦਾ ਹੈ, ਭੈੜੇ ਖ਼ਿਆਲ, ਬੀਮਾਰੀ, ਗ਼ਮ, ਬੇਚੈਨੀ ਤੇ ਘਾਟਾ ਲਿਆਉਂਦੇ ਹਨ। ਮਨ ਵਿਚ ਗੁੱਸਾ, ਡਰ, ਵੈਰ, ਬਦਲਾ, ਖ਼ੁਦਗਰਜ਼ੀ ਆਦਿ ਪਾਪ ਰਖਣਾ ਹਮੇਸ਼ਾ ਬੜੇ ਖ਼ਰਾਬ ਨਤੀਜੇ ਦਿਖਾਉਂਦੇ ਹਨ। ਇਸ ਦਾ ਉਲਟ ਪ੍ਰੇਮ, ਸਖਾਵਤ,

ਇਮਾਨਤਦਾਰੀ, ਦਇਆ, ਨੇਕਚਲਨੀ ਆਦਿ ਹਮੇਸ਼ਾ ਖੇੜੇ ਦੀ ਦੁਨੀਆਂ ਵਿਚ ਰਖਦੇ ਹਨ।

ਸਭ ਖ਼ਿਆਲਾਂ ਤੋਂ ਉੱਤਮ ਖ਼ਿਆਲ ਜਿਹੜਾ ਕਿ ਸਦਾ ਦੀ ਖ਼ੁਸ਼ ਜ਼ਿੰਦਗੀ ਦੇਂਦਾ ਹੈ, ਉਹ ਵਾਹਿਗੁਰੂ ਦਾ ਸਿਮਰਨ ਹੈ। ਵਾਹਿਗੁਰੂ ਨੂੰ ਹਰ ਵੇਲੇ ਆਪਣੇ ਅੰਦਰ ਮੌਜੂਦ ਦੇਖਣ ਨਾਲ ਵਾਹਿਗੁਰੂ ਦੀਆਂ ਸਾਰੀਆਂ ਸਿਫਤਾਂ ਮਨੁੱਖ ਵਿਚ ਪ੍ਰਕਾਸ਼ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਹਰ ਵਕਤ ਅਨੰਦ ਵਿਚ ਰਹਿਣਾ, ਤੇ ਕੁਲ ਜ਼ਰੂਰਤਾਂ ਦਾ ਪੂਰਾ ਹੋਣਾ ਤੇ ਕੁਲ ਕੰਮ ਸਫਲ ਹੋਣੇ ਇਹ ਵਾਹਿਗੁਰੂ ਦੀ ਮੌਜੂਦਗੀ ਦੇ ਨਿਸ਼ਾਨ ਹਨ, ਜਿਨ੍ਹਾਂ ਦਾ ਪੈਦਾ ਹੋਣਾ ਜ਼ਰੂਰੀ ਹੈ।

ਸੁਪਨੇ ਦੀ ਹਾਲਤ ਵਲ ਜ਼ਰਾ ਧਿਆਨ ਕਰੋ। ਸੁਪਨੇ ਵਿਚ ਮਨੁੱਖ ਇਕ ਦੁਨੀਆਂ ਆਪੇ ਰਚਦਾ ਹੈ ਤੇ ਆਪੇ ਉਹਨੂੰ ਦੇਖਦਾ ਹੈ। ਕੁਲ ਸੁਪਨਾ ਇਕ ਭੁਲੇਖਾ ਹੀ ਭੁਲੇਖਾ ਹੈ। ਸੁਪਨਾ ਆਪਣੇ ਹੀ ਖ਼ਿਆਲ ਦੀ ਇਕ ਰਚਨਾ ਹੈ। ਪਰ ਮਨੁੱਖ ਬਾਕੀ ਰਚਨਾ ਨਾਲੋਂ ਆਪਣੇ ਆਪ ਨੂੰ ਵਖਰਾ ਵੇਖਦਾ ਹੈ। ਸਾਹਮਣੇ ਦਰਿਆ ਦੇਖਦਾ ਹੈ। ਉਹਨੂੰ ਲੰਘਣਾ ਚਾਹੁੰਦਾ ਹੈ। ਬੇੜੀ ਕੋਈ ਨਹੀਂ, ਡਰ ਕੇ ਲੰਘਣ ਦੀ ਠਾਨ ਲੈਂਦਾ ਹੈ। ਅੱਧ ਵਿਚ ਜਾ ਕੇ ਗੋਤੇ ਖਾਂਦਾ ਹੈ ਤੇ ਡੁਬਦੇ ਨੂੰ ਲੋਕ ਬਚਾਂਦੇ ਹਨ। ਗੋਇਆ ਕਿ ਆਪਣੇ ਆਪ ਨੂੰ ਰਚਨਾ ਦੇ ਵਸ ਵਿਚ ਦੇਖਦਾ ਹੈ। ਕਿਸੇ ਗਲ ਵਿਚ ਕੁਝ ਪੇਸ਼ ਨਹੀਂ ਜਾਂਦੀ ਤੇ ਲਾਚਾਰ ਹੋਇਆ ਫਿਰਦਾ ਹੈ। ਉਹਨੂੰ ਇਹ ਪਤਾ ਹੀ ਨਹੀਂ ਕਿ ਮੈਂ ਇਸ ਰਚਨਾ ਦਾ ਮਾਲਕ ਹਾਂ। ਜਦ ਜਾਗਦਾ ਹੈ ਤਾਂ ਹੈਰਾਨ ਹੁੰਦਾ ਹੈ ਕਿ ਮੈਂ ਤਾਂ ਖ਼ਿਆਲ ਨੂੰ ਬਦਲ ਕੇ ਦਰਿਆ ਨੂੰ ਹਟਾ ਕੇ ਸੁੱਕੀ ਜ਼ਮੀਨ ਬਣਾ ਸਕਦਾ ਸੀ। ਬੇੜੀ ਚੜ੍ਹਨ ਵਾਸਤੇ ਲਿਆ ਸਕਦਾ ਸੀ। ਡੁੱਬ ਨਹੀਂ ਸਾਂ ਸਕਦਾ।

ਸੁਪਨੇ ਵਾਲਾ ਹਾਲ ਹੀ ਸਾਡਾ ਇਸ ਦੁਨੀਆਂ ਵਿਚ ਹੈ। ਮਾਇਆ ਦਾ ਭੁਲੇਖਾ ਹੋਸ਼ ਵਿਚ ਨਹੀਂ ਆਉਣ ਦੇਂਦਾ। ਦੁਨੀਆਂ ਵਿਚ ਆਪਣੇ ਆਪ ਨੂੰ ਇਕ ਲਾਚਾਰ ਹਾਲਤ ਵਿਚ ਦੇਖਦੇ ਹਾਂ। ਦੁਨੀਆਂ ਦੀਆਂ ਹਾਲਤਾਂ ਦਾ ਸ਼ਿਕਾਰ ਬਣੇ ਹੋਏ ਹਾਂ। ਸਾਡੀ ਉਹਨਾਂ ਤੇ ਹਕੂਮਤ ਨਹੀਂ, ਉਹਨਾਂ ਦੀ ਸਾਡੇ ਤੇ ਹਕੂਮਤ ਹੈ। ਦਰਅਸਲ ਦੁਨੀਆਂ ਆਪਣੇ ਖ਼ਿਆਲਾਂ ਦਾ ਇਕ ਇਕੱਠ ਹੈ, ਹੋਰ ਕੁਝ ਵੀ ਨਹੀਂ। ਵਾਹਿਗੁਰੂ ਦਾ ਸਿਮਰਨ ਭੁਲੇਖੇ ਨੂੰ ਹਟਾ ਕੇ, ਜਾਗ੍ਰਤ ਹਾਲਤ ਵਿਚ ਲਿਆਉਂਦਾ ਹੈ ਤੇ ਦੁਨੀਆਂ ਦੀ ਹਰ ਹਾਲਤ ਤੇ ਮਨੁੱਖ ਨੂੰ ਹਕੂਮਤ ਦਿੰਦਾ ਹੈ।

ਮਾਇਆ ਵਿਚ ਲਿਪਟੇ ਹੋਏ ਮਨੁੱਖ ਦੀ ਦੁਨੀਆਂ ਹਨੇਰੀ, ਠੋਕਰਾਂ ਵਾਲੀ, ਤਕਲੀਫਾਂ ਤੇ ਪਾਪਾਂ ਵਾਲੀ ਹੈ। ਵਾਹਿਗੁਰੂ ਮਨ ਵਿਚ ਬਿਠਾ ਕੇ ਤੇ ਉਸ ਦੀ

ਸ਼ਕਤੀ ਨੂੰ ਸਾਰੇ ਕੰਮ ਕਰਨ ਵਾਲੀ ਦੇਖਣ ਨਾਲ ਸਚਖੰਡ ਦਾ ਨਜ਼ਾਰਾ ਪੈਦਾ ਹੁੰਦਾ ਹੈ। ਜਿਥੇ ਮਹਾਂ-ਅਨੰਦ, ਬਦਨੀ ਸਿਹਤ, ਹਰ ਜ਼ਰੂਰਤ ਦੀ ਚੀਜ਼ ਅਮਿਤੀ, ਖੁਸ਼ੀਆਂ ਤੇ ਚੜ੍ਹਦੀਆਂ ਕਲਾਂ ਹੀ ਹਰ ਵਕਤ ਮੌਜੂਦ ਹਨ।

ਆਪਣੇ ਇਰਦ-ਗਿਰਦ ਅਨੰਦ ਵਾਲੀ ਦੁਨੀਆਂ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਮਨ ਅਨੰਦ ਵਿਚ ਹੋਵੇ। ਦੁਖ ਤੇ ਭੁਖ ਸਤਾ ਨਾ ਰਹੇ ਹੋਣ। ਮਨ ਨੂੰ ਇਸ ਅਸਵਥਾ ਵਿਚ ਲਿਆਉਣ ਦਾ ਸਿਰਫ ਇਕ ਹੀ ਰਸਤਾ ਹੈ ਅਤੇ ਉਹ ਇਹ ਹੈ ਕਿ ਵਾਹਿਗੁਰੂ ਨੂੰ ਮਨੁੱਖ ਆਪਣੇ ਅੰਦਰ ਦੇਖੇ, ਅੰਗ-ਸੰਗ ਦੇਖੇ ਤੇ ਉਸੇ ਨੂੰ ਕੁਲ ਕੰਮ ਕਰਦਾ ਦੇਖੇ। ਉਸੇ ਦੀ ਅਕਲ, ਉਸੇ ਦੀ ਸ਼ਕਤੀ ਤੇ ਉਸੇ ਦੀ ਰਹਿਨੁਮਾਈ ਦੇਖੇ। ਵਾਹਿਗੁਰੂ ਵਿਚ ਗਲਤੀ ਨਹੀਂ, ਇਸ ਵਾਸਤੇ ਕੰਮ ਵਿਚ ਗਲਤੀ ਨਹੀਂ ਹੋ ਸਕਦੀ। ਨਾਕਾਮਯਾਬੀ ਨਹੀਂ ਇਸ ਵਾਸਤੇ ਕੰਮ ਜ਼ਰੂਰੀ ਸੰਵਰੇਗਾ, ਘਾਟਾ ਨਹੀਂ ਹੋ ਸਕਦਾ। ਵਾਹਿਗੁਰੂ ਵਿਚ ਬੀਮਾਰੀ ਨਹੀਂ— ਇਸ ਵਾਸਤੇ ਬੀਮਾਰੀ ਨਹੀਂ ਆ ਸਕਦੀ।

ਮਨ ਵਿਚ ਵਾਹਿਗੁਰੂ ਵਸਾਣ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨਾ ਤੇ ਉਥੇ ਦਸੇ ਹੋਏ ਅਸੂਲਾਂ ਅਤੇ ਹੁਕਮਾਂ ਦੀ ਤਾਬਿਦਾਰੀ ਕਰਨੀ ਜ਼ਰੂਰੀ ਹੈ। ਵਾਹਿਗੁਰੂ ਨੂੰ ਹਰ ਵੇਲੇ ਤੇ ਹਰ ਕੰਮ ਵਿਚ ਚੇਤੇ ਰਖਣਾ ਗ੍ਰਿਹਸਤੀ ਦਾ ਸਿਮਰਨ ਹੈ, ਜਿਸ ਦੇ ਨਾਲ ਲੋਕ ਤੇ ਪਰਲੋਕ ਸੰਵਰਦੇ ਹਨ।

ਪਾਪ

ਦੁਨੀਆਂ ਵਿਚ ਦੁਖਾਂ ਦਾ ਮੂਲ ਪਾਪ ਹੈ। ਪਾਪ ਬਦਨ ਤੇ ਬੀਮਾਰੀ ਦੀ ਸ਼ਕਲ ਵਿਚ ਨਿਕਲਦਾ ਹੈ ਤੇ ਆਮਦਨੀ ਵਿਚ ਘਾਟੇ ਦੀ ਸ਼ਕਲ ਵਿਚ। ਇਸ ਦਾ ਪਹਿਲਾ ਅਸਰ ਮਨ ਤੇ ਹੁੰਦਾ ਹੈ। ਮਨ ਅਸ਼ਾਂਤ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਮਨ ਦੀ ਬੇਚੈਨੀ ਅਤੇ ਡਰ, ਫੇਰ ਬੀਮਾਰੀ, ਤੰਗਦਸਤੀ, ਉਪੱਦਰਾਂ ਦੀ ਸ਼ਕਲ ਵਿਚ ਜ਼ਾਹਿਰ ਹੁੰਦੇ ਹਨ। ਕੌਮਾਂ ਦੇ ਪਾਪ ਇਕੱਠੇ ਹੋ ਕੇ ਲੜਾਈ, ਹੜ, ਕੁਚਾਲ ਆਦਿ ਭੈੜੀਆਂ ਤੇ ਡਰਾਉਣੀਆਂ ਸ਼ਕਲਾਂ ਅਖ਼ਤਿਆਰ ਕਰਦੇ ਹਨ।

ਬਹੁਤ ਸਾਰੇ ਪਾਪ ਅਜਿਹੇ ਆਮ ਰਿਵਾਜ ਵਿਚ ਆ ਗਏ ਹਨ ਕਿ ਉਹਨਾਂ ਨੂੰ ਪਾਪ ਸਮਝਿਆ ਹੀ ਨਹੀਂ ਜਾਂਦਾ। ਕੰਮ ਕਾਜ ਦਾ ਜ਼ਰੂਰੀ ਹਿਸਾ ਸਮਝ ਕੇ ਪਾਪ ਨੂੰ ਪ੍ਰਵਾਨਗੀ ਦਿਤੀ ਜਾਂਦੀ ਹੈ। ਪਾਪ ਦੀ ਸੱਚੀ ਪਛਾਣ ਵਾਸਤੇ ਆਪਣੇ ਮਨ ਦੇ ਅੰਦਰ ਝਾਤ ਮਾਰ ਕੇ 'ਨਿੱਕੀ ਤੇ ਚੁਪ ਕੀਤੀ ਆਵਾਜ਼' ਨੂੰ ਪੁਛਣ ਨਾਲ ਪੂਰਾ ਜਵਾਬ ਮਿਲ ਜਾਂਦਾ ਹੈ ਕਿ ਜਿਹੜਾ ਮਨਸੂਬਾ ਅਸੀਂ ਕਰਨ ਲਗੇ ਹਾਂ, ਉਹ ਪਾਪ ਹੈ ਕਿ ਨਹੀਂ ? ਸੱਚੇ ਦਿਲ ਨੂੰ ਸੱਚਾ ਜਵਾਬ ਜ਼ਰੂਰ ਆਉਂਦਾ ਹੈ। ਜੇਕਰ ਅਸੀਂ ਇਸ ਆਵਾਜ਼ ਦੀ ਪਰਵਾਹ ਨਾ ਕਰੀਏ ਤੇ ਆਪਣੀ ਮਨਮਾਨੀ ਕਰੀਏ, ਤਦ ਹੌਲੇ-ਹੌਲੇ ਇਹ ਆਵਾਜ਼ ਚੁਪ ਹੋ ਜਾਂਦੀ ਹੈ।

ਪਾਪ ਦੀ ਸਜ਼ਾ ਜ਼ਰੂਰੀ ਹੈ। ਜੇਕਰ ਪ੍ਰਤੱਖ ਜਲਦੀ ਨਹੀਂ ਮਿਲੀ, ਤਾਂ ਵੀ ਇਹ ਨਾ ਸਮਝੋ ਕਿ ਟਲ ਗਈ ਹੈ। ਇਹ ਅਟੱਲ ਹੈ, ਜ਼ਰੂਰ ਮਿਲੇਗੀ ਜੇਕਰ ਇਹ ਪਤਾ ਨਹੀਂ ਕਿ ਇਹ ਕਿਸ ਸ਼ਕਲ ਵਿਚ ਜ਼ਾਹਿਰ ਹੋਵੇਗੀ। ਇਕ ਕਤਲ ਕਰਨ ਵਾਲੇ ਨੂੰ ਕਦੀ ਵੀ ਦੂਜੇ ਦਿਨ ਮੌਤ ਦੀ ਸਜ਼ਾ ਨਹੀਂ ਮਿਲਦੀ। ਮੁਕੱਦਮਾ ਸਾਲਾਂ ਬੱਧੀ ਚਲ ਕੇ ਸਜ਼ਾ ਲਿਆਉਂਦਾ ਹੈ। ਇਸ ਵਾਸਤੇ ਜੇ ਸਜ਼ਾ ਜਲਦੀ ਨਾ ਮਿਲੇ ਤਾਂ ਕਦੀ ਨਾ ਸਮਝੋ ਕਿ ਇਹ ਟਲ ਗਈ ਹੈ, ਇਹ ਜ਼ਰੂਰ ਮਿਲੇਗੀ।

ਸਜ਼ਾ ਵਿਚ ਇਕ ਜ਼ਰੂਰੀ ਗੱਲ ਸਮਝਣ ਵਾਲੀ ਇਹ ਹੈ ਕਿ ਸਜ਼ਾ ਦੇਣ ਦਾ ਕੀ ਮਤਲਬ ਹੈ ? ਇਕ ਮਨੁੱਖ ਨੂੰ ਜਦ ਚੋਰੀ ਕਰਨ ਦੇ ਇਵਜ਼ਾਨੇ ਵਿਚ ਪੰਜ ਸਾਲ ਕੈਦ ਦੀ ਸਜ਼ਾ ਮਿਲਦੀ ਹੈ, ਕੀ ਇਸ ਸਜ਼ਾ ਨਾਲ ਚੋਰੀ

ਹੋਣ ਵਾਲੇ ਦਾ ਨੁਕਸਾਨ ਪੂਰਾ ਹੋ ਜਾਂਦਾ ਹੈ ? ਜਾਂ ਸਰਕਾਰ ਨੂੰ ਇਹ ਚੋਰ ਪੰਜ ਸਾਲ ਕੈਦ ਰਖਣ ਵਿਚ ਕੁਝ ਲਾਭ ਹੈ ? ਹਰਗਿਜ਼ ਨਹੀਂ। ਸਜ਼ਾ ਦਾ ਇਕ ਤਾਂ ਇਹ ਮਤਲਬ ਹੈ ਕਿ ਲੋਕਾਂ ਨੂੰ ਵੇਖ ਕੇ ਅਗੋਂ ਵਾਸਤੇ ਮੱਤ ਆਵੇ ਤੇ ਚੋਰੀ ਨਾ ਕਰਨ। ਇਹ ਵੀ ਕਿਸੇ ਦਰਜੇ ਤਕ ਦਰੁਸਤ ਹੈ ਕਿ ਚੋਰੀ ਦਾ ਨੁਕਸਾਨ ਉਠਾਣ ਵਾਲੇ ਮਨੁੱਖ ਦੀ ਜਲਣ ਕੁਝ ਠੰਢੀ ਹੋ ਜਾਵੇ। ਪਰ ਸਜ਼ਾ ਦਾ ਅਸਲੀ ਤੇ ਭਾਰਾ ਮਤਲਬ ਚੋਰੀ ਦੀ ਵਾਦੀ ਸੁਧਾਰਨ ਦਾ ਹੈ। ਕੈਦ ਦੀਆਂ ਤਕਲੀਫਾਂ, ਬੇਇਜ਼ਤੀ, ਪਿਛੇ ਬਾਲ ਬੱਚਿਆਂ ਦੀ ਪਾਲਣਾ ਦਾ ਫਿਕਰ, ਮਨੁੱਖ ਨੂੰ ਅਗੋਂ ਵਾਸਤੇ ਸੁਧਾਰਨ ਵਿਚ ਬੜੀ ਮਦਦ ਦੇਂਦੇ ਹਨ। ਪੰਜ ਸਾਲ ਦੀ ਸਜ਼ਾ ਭੁਗਤਣ ਦੇ ਮਗਰੋਂ ਜਦ ਕੈਦੀ ਆਜ਼ਾਦ ਹੋ ਜਾਂਦਾ ਹੈ ਤਾਂ ਸਰਕਾਰ ਵਲੋਂ ਉਸ ਦੇ ਕਸੂਰ ਦੀ ਸਜ਼ਾ ਖ਼ਤਮ ਹੋ ਜਾਂਦੀ ਹੈ। ਜੇ ਫੇਰ ਚੋਰੀ ਕਰੇਗਾ ਤਾਂ ਸਜ਼ਾ ਮਿਲੇਗੀ ਨਹੀਂ ਤਾਂ ਨਹੀਂ ਮਿਲੇਗੀ। ਆਤਮ ਸਾਇੰਸ ਦੇ ਕਾਨੂੰਨ ਮੁਜਬ ਇਸ ਮਨੁੱਖ ਦੀ ਸਜ਼ਾ ਤਦ ਤਕ ਚਲਦੀ ਰਹੇਗੀ, ਜਦ ਤਕ ਚੋਰੀ ਕਰਨ ਦੀ ਵਾਦੀ ਦਿਲੋਂ ਨਹੀਂ ਚਲੀ ਜਾਵੇਗੀ। ਜਦ ਪਸਚਾਤਾਪ ਨਾਲ ਦਿਲੋਂ ਪਾਪ ਦੀ ਮੈਲ ਧੋਤੀ ਜਾਵੇ ਤਾਂ ਭਾਵੇਂ ਸਜ਼ਾ ਭੁਗਤੀ ਹੋਵੇ ਜਾਂ ਨਾ, ਸਜ਼ਾ ਦੀ ਮਾਫੀ ਹੋਵੇਗੀ। ਜਦ ਤਕ ਪਾਪ ਦੀ ਮੈਲ ਦਿਲ ਵਿਚ ਰਹੇਗੀ, ਸਜ਼ਾ ਮਿਲਦੀ ਰਹੇਗੀ, ਭਾਵੇਂ ਕੁਝ ਸਜ਼ਾ ਅਗੇ ਵੀ ਭੁਗਤੀ ਹੋਵੇ।

ਪਾਪ ਦੀ ਮੈਲ ਧੋਣ ਵਾਸਤੇ ਦੋ ਤਰੀਕੇ ਹਨ। ਆਪਣੇ ਆਪ ਹੀ ਪਸੰਦ ਕਰ ਲਓ। ਇਕ ਤਾਂ ਪਾਪ ਕਰ-ਕਰ ਕੇ ਤਕਲੀਫਾਂ ਪਾਣੀਆਂ ਤੇ ਤਕਲੀਫਾਂ ਦੀ ਯਾਦ ਨਾਲ ਫੇਰ ਪਾਪ ਕਰਨ ਤੋਂ ਡਰਦਿਆਂ ਰਹਿਣਾ। ਇਹ ਬੜਾ ਔਖਾ ਰਸਤਾ ਹੈ। ਪਾਪ ਦੀ ਸਜ਼ਾ ਪਾਸੇ ਤੋੜ ਦੇਂਦੀ ਹੈ ਤੇ ਬਦਨਾਮੀ ਵਖਰੀ ਹੁੰਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਜਿਸ ਵੇਲੇ ਜ਼ਰਾ ਵੀ ਪਿਛਲੀਆਂ ਸਜ਼ਾਵਾਂ ਦਾ ਡਰ ਭੁਲਿਆ ਤਦ ਪਾਪ ਅਵੱਸ਼ ਹੋ ਜਾਵੇਗਾ।

ਪਾਪ ਦੀ ਮੈਲ ਨੂੰ ਉਕਾ ਧੋਣ ਵਾਸਤੇ, ਇਜ਼ਤ ਨਾਲ ਤੇ ਸੌਖ ਨਾਲ ਸਜ਼ਾ ਦੀ ਮੁਆਫੀ ਲੈਣ ਵਾਸਤੇ ਸਿਰਫ ਇਕੋ ਰਸਤਾ ਹੈ ਜਿਹੜਾ ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਦਸਿਆ ਹੋਇਆ ਹੈ। ਵਾਹਿਗੁਰੂ ਦੇ ਸਿਮਰਨ ਨਾਲ ਕੁਲ ਮੈਲਾਂ ਧੋਤੀਆਂ ਜਾਂਦੀਆਂ ਹਨ। ਹਰ ਕਿਸਮ ਦਾ ਪਾਪ ਨਸ਼ਟ ਹੋ ਜਾਂਦਾ ਹੈ। ਮਨ ਨੂੰ ਖੁਸ਼ੀ ਤੇ ਚੈਨ ਮਿਲਦਾ ਹੈ। ਪਾਪ ਦੀਆਂ ਸਜ਼ਾਵਾਂ—ਬੀਮਾਰੀ, ਥੁੜ, ਬੇਇਜ਼ਤੀ, ਆਦਿ ਟਲ ਜਾਂਦੀਆਂ ਹਨ। ਮਨੁੱਖ ਦੇ ਅੰਦਰ ਨਾ ਕੋਈ ਮੈਲ ਰਹਿੰਦੀ ਹੈ, ਨਾ ਉਸ ਨੂੰ ਧੋਣ ਵਾਸਤੇ ਸਜ਼ਾ ਦੀ ਲੋੜ ਰਹਿੰਦੀ ਹੈ। ਲੋਕ ਤੇ ਪ੍ਰਲੋਕ ਦੋਵੇਂ ਸੌਰਦੇ ਹਨ।

ਸਿਮਰਨ ਦਾ ਨਾਮ ਸੁਣ ਕੇ ਪਾਠਕ ਇਹ ਕਹਿਣਗੇ ਕਿ ਬੜਾ ਲੰਮਾ ਤੇ ਔਖਾ ਰਸਤਾ ਦੱਸਿਆ ਹੈ। ਪਿਆਰੇ ਪਾਠਕ ! ਇਸ ਨਾਲੋਂ ਅਨੰਦ ਤੇ ਖੁਸ਼ੀ ਦੇਣ ਵਾਲਾ ਅਤੇ ਸਭ ਇਛਾ ਪੂਰੀਆਂ ਕਰਨ ਵਾਲਾ ਹੋਰ ਕੋਈ ਰਸਤਾ ਹੀ ਨਹੀਂ। ਆਤਮ ਸਾਇੰਸ ਇਸ ਰਸਤੇ ਦਾ ਸੁਰੂ ਦੋ ਸਤਰਾਂ ਵਿਚ ਮੁਕਾਂਦਾ ਹੈ :

'ਵਾਹਿਗੁਰੂ ਸਰਬ-ਵਿਆਪੀ ਹੈ, ਉਸ ਦਾ ਮਹਾਂ-ਅਨੰਦ ਹਰ ਪਾਸੇ ਛਾਇਆ ਹੋਇਆ ਹੈ।'

'ਮਾਇਆ ਗੈਰ-ਹਾਜ਼ਰ ਹੈ ਤੇ ਉਸ ਦੀਆਂ ਉਪਾਧੀਆਂ ਵੀ ਉਸ ਦੇ ਨਾਲ ਗੁੰਮ ਹਨ।'

ਮਤਲਬ : ਮਤਲਬ ਇਹ ਹੈ ਕਿ ਵਾਹਿਗੁਰੂ ਹਰ ਚੀਜ਼ ਵਿਚ ਤੇ ਹਰ ਜਗ੍ਹਾ ਮੌਜੂਦ ਹੈ। ਉਸ ਨੂੰ ਮੌਜੂਦ ਦੇਖਣ ਨਾਲ ਸੁਖ ਤੇ ਅਨੰਦ ਦਾ ਨਜ਼ਰ ਆਉਣਾ ਜ਼ਰੂਰੀ ਹੈ।

ਮਾਇਆ ਵਾਹਿਗੁਰੂ ਦੀ ਗੈਰ-ਹਾਜ਼ਰੀ ਦਾ ਨਾਮ ਹੈ। ਇਹ ਕੁਲ ਤਕਲੀਫਾਂ ਤੇ ਉਪਾਧੀਆਂ ਦਾ ਘਰ ਹੈ।

ਵਾਹਿਗੁਰੂ ਦੀ ਹਾਜ਼ਰੀ ਵਿਚ ਉਸ (ਮਾਇਆ) ਦੀ ਗੈਰ-ਹਾਜ਼ਰੀ ਮਿਟ ਜਾਂਦੀ ਹੈ ਤੇ ਮਿਟਣ ਨਾਲ ਉਸ ਦੀਆਂ ਸਭ ਉਪਾਧੀਆਂ, ਬੀਮਾਰੀ, ਬੁੜ੍ਹ, ਪਾਪ, ਮੌਤ, ਹਾਦਸੇ ਆਦਿ ਅਲੋਪ ਹੋ ਜਾਂਦੇ ਹਨ।

ਵਰਤੋਂ ਵਿਚ ਲਿਆਉਣ ਦਾ ਤਰੀਕਾ :- ਵਾਹਿਗੁਰੂ ਨੂੰ ਹਰ ਪਾਸੇ ਤੇ ਹਰ ਚੀਜ਼ ਵਿਚ ਦੇਖੋ, ਆਪਣੇ ਅੰਦਰ ਦੇਖੋ, ਉਹਨੂੰ ਆਪਣੀ ਅਕਲ, ਤਾਕਤ ਤੇ ਸੋਚ ਵਿਚ ਦੇਖੋ ਅਤੇ ਉਸ ਦੇ ਅਧਾਰ ਕੁਲ ਕੰਮ ਕਰੋ।

ਮਾਇਆ ਜੇ ਕਿਸੇ ਸ਼ਕਲ ਵਿਚ ਨਜ਼ਰ ਆਵੇ, ਤਾਂ ਇਸ ਨੂੰ ਕੁਝ ਸ਼ਕਤੀ ਨਾ ਮੰਨੋ। ਖ਼ਬਰਦਾਰ ਹੋ ਜਾਓ ਕਿ ਅਸੀਂ ਵਾਹਿਗੁਰੂ ਨੂੰ ਗੈਰ-ਹਾਜ਼ਰ ਦੇਖ ਰਹੇ ਹਾਂ। ਫੌਰਨ ਵਾਹਿਗੁਰੂ ਨੂੰ ਹਾਜ਼ਰ ਦੇਖੋ ਤਦ ਮਾਇਆ (ਵਾਹਿਗੁਰੂ ਦੀ ਗੈਰ-ਹਾਜ਼ਰੀ) ਦਾ ਗੁੰਮ ਹੋ ਜਾਣਾ ਲਾਜ਼ਮੀ ਹੈ। ਮਾਇਆ ਤੋਂ ਬਿਲਕੁਲ ਨਾ ਡਰੋ।

ਨਤੀਜਾ : ਨਤੀਜਾ ਕਾਮਯਾਬੀ ਅਵੱਸ਼ ਹੈ। ਜੇ ਨਾ ਹੋਵੇ ਤਦ ਸਮਝੋ ਅਜੇ ਵਾਹਿਗੁਰੂ ਨੂੰ ਹਾਜ਼ਰ ਦੇਖਣ ਦਾ ਪੂਰਾ ਵਲ ਨਹੀਂ ਆਇਆ। ਘਬਰਾਣਾ ਨਹੀਂ, ਅਭਿਆਸ ਜ਼ਿਆਦਾ ਕਰੋ। ਨਤੀਜਾ ਜ਼ਰੂਰ ਠੀਕ ਨਿਕਲੇਗਾ।

ਵਾਹਿਗੁਰੂ ਨੂੰ ਹਰ ਵੇਲੇ ਆਪਣੇ ਕੋਲ ਮੌਜੂਦ ਦੇਖਣਾ ਤੇ ਮਾਇਆ ਨੂੰ ਗੁੰਮ ਦੇਖਣਾ, ਸਿਮਰਨ ਦੀ ਬੜੀ ਸਾਫ਼, ਸਿਧੀ ਤੇ ਪੱਕੀ ਸੜਕ ਹੈ। ਅਭਿਆਸ ਜਾਰੀ ਰਖਣ ਨਾਲ ਸਚਖੰਡ ਦੇ ਨਜ਼ਾਰੇ ਹੌਲੇ-ਹੌਲੇ ਦਿਸਣ ਲਗ ਜਾਂਦੇ ਹਨ ਤੇ ਥਾਂ ਸਿਰ ਪਹੁੰਚਣ ਵਾਸਤੇ ਵਾਹਿਗੁਰੂ ਆਪ ਮਦਦ ਕਰਦਾ ਹੈ।

ਭਰੋਸਾ

ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਨਾਲ ਇਹ ਸਿਖਿਆ ਮਿਲਦੀ ਹੈ ਕਿ ਜੋ ਕੰਮ ਕਰਨਾ ਹੋਵੇ, ਵਾਹਿਗੁਰੂ ਤੇ ਭਰੋਸਾ ਰਖਣਾ ਕਾਮਯਾਬੀ ਦੀ ਸਭ ਤੋਂ ਉਤਮ ਸੋਚ ਹੈ। ਵਰਤੋਂ ਵੇਲੇ ਅਸੀਂ ਇਸ ਭਰੋਸੇ ਨੂੰ ਜਾਂ ਤਾਂ ਬਿਲਕੁਲ ਸੋਚ ਵਿਚੋਂ ਹਟਾ ਦੇਂਦੇ ਹਾਂ, ਜਾਂ ਨਾਮ ਮਾਤਰ ਭਰੋਸਾ ਕਰਦੇ ਹਾਂ। ਕੰਮ ਦੀ ਕਾਮਯਾਬੀ ਵਾਸਤੇ ਇਨਸਾਨੀ ਕੋਸ਼ਿਸ਼ਾਂ, ਚਤੁਰਾਈ, ਚਾਲਾਂ, ਸਿਫਾਰਸ਼ਾਂ ਤੇ ਰਿਸ਼ਵਤਾਂ ਤੋਂ ਪੂਰਾ ਕੰਮ ਲਿਆ ਜਾਣਾ, ਇਕ ਜ਼ਰੂਰੀ ਗੱਲ ਸਮਝੀ ਜਾਂਦੀ ਹੈ। ਜਦ ਇਹ ਦੁਨਿਆਵੀ ਹਥਿਆਰ ਵਰਤੇ ਜਾਣ ਤਾਂ ਭਰੋਸੇ ਦੀ ਕੋਈ ਵੀ ਜਗ੍ਹਾ ਬਾਕੀ ਨਹੀਂ ਰਹਿ ਸਕਦੀ। ਇਨਸਾਨੀ ਕੋਸ਼ਿਸ਼ਾਂ ਦਾ ਨਤੀਜਾ ਕਦੀ ਕਾਮਯਾਬੀ ਤੇ ਬਹੁਤੀ ਵਾਰੀ ਨਾ-ਕਾਮਯਾਬੀ ਹੁੰਦੀ ਹੈ।

ਵਾਹਿਗੁਰੂ ਤੇ ਭਰੋਸਾ ਕਰਨ ਵਾਲੇ ਦੀ ਜਿੱਤ ਦਾ ਹੋਣਾ ਜ਼ਰੂਰੀ ਹੈ। ਪਰ ਜਿੱਤ ਪੂਰੀ ਹੋਣ ਵਾਸਤੇ ਭਰੋਸਾ ਪੂਰਾ ਹੋਣਾ ਵੀ ਜ਼ਰੂਰੀ ਹੈ। ਨਹੀਂ ਤੇ ਜਿਸ ਦਰਜੇ ਦਾ ਭਰੋਸਾ ਹੋਵੇਗਾ, ਉਸੇ ਦਰਜੇ ਦਾ ਨਤੀਜਾ ਨਿਕਲੇਗਾ। ਅਗਰ ਬਿਲਕੁਲ ਇਨਸਾਨੀ ਅਕਲ ਉੱਤੇ ਸਾਰੀ ਕੰਮ ਦੀ ਬੁਨਿਆਦ ਰਖੀ ਜਾਵੇਗੀ ਤਾਂ ਚਾਲਬਾਜ਼ੀਆਂ ਦੀ ਕੋਸ਼ਿਸ਼ ਕੁਝ ਪਹਿਲੀ ਕਾਮਯਾਬੀ ਦਿਖਾ ਕੇ ਆਪਣੀ ਪੋਲ ਤੇ ਕਮਜ਼ੋਰੀ ਵਿਚ ਡਿਗ ਪੈਂਦੀ ਹੈ। ਅਛੇ ਤੇ ਇਖ਼ਲਾਕੀ ਕਰਮਾਂ ਉੱਤੇ ਬੁਨਿਆਦ ਰਖੀ ਹੋਈ ਕੰਮ ਫਤਹਿ ਹੋਣ ਵਿਚ ਬੜੀ ਮਦਦ ਦੇਂਦੀ ਹੈ। ਪਰ ਇਹਨਾਂ ਸਭਨਾਂ ਤੋਂ ਵਧ ਕੇ ਤੇ ਯਕੀਨੀ ਨਤੀਜੇ ਵਾਲਾ ਪਾਸਾ ਨਿਰੋਲ ਵਾਹਿਗੁਰੂ ਤੇ ਭਰੋਸਾ ਹੈ।

ਵਾਹਿਗੁਰੂ ਤੇ ਭਰੋਸਾ ਕਰਨ ਵਾਸਤੇ ਵਾਹਿਗੁਰੂ ਦੀ ਪਛਾਣ ਦਾ ਹੋਣਾ ਜ਼ਰੂਰੀ ਹੈ। ਜਦ ਤਕ ਇਹ ਨਿਸਚਾ ਨਾ ਹੋ ਜਾਵੇ ਕਿ ਦੁਨੀਆਂ ਵਿਚ ਇਕੋ ਸ਼ਕਤੀ ਵਾਹਿਗੁਰੂ ਦੀ ਹੀ ਕੰਮ ਕਰ ਰਹੀ ਹੈ, ਇਸ ਤੋਂ ਸਿਵਾ ਹੋਰ ਕੋਈ ਸ਼ਕਤੀ ਹੀ ਨਹੀਂ। ਇਹ ਸ਼ਕਤੀ ਪਿਤਾ ਤੇ ਮਾਤਾ ਦਾ ਪ੍ਰੇਮ ਹੀ ਪ੍ਰੇਮ ਹੈ। ਇਸ ਦੇ ਕੋਲੋਂ ਨੁਕਸਾਨ ਜਾਂ ਬੁਰਾਈ ਕਦੀ ਵੀ ਨਹੀਂ ਹੋ ਸਕਦੀ। ਮੈਂ ਬੱਚਾ ਹੋਣ ਕਰਕੇ ਵਾਹਿਗੁਰੂ ਕੋਲੋਂ ਬੇਅੰਤ ਦਾਤਾਂ ਦਾ ਹੱਕਦਾਰ ਹਾਂ। ਵਾਹਿਗੁਰੂ ਸਰਬ-ਵਿਆਪੀ

ਹੈ, ਮੇਰੇ ਕੋਲ ਤੇ ਮੇਰੇ ਅੰਦਰ ਹਰ ਵੇਲੇ ਮੌਜੂਦ ਹੈ।

ਵਾਹਿਗੁਰੂ ਦੇ ਇਸ ਤਰ੍ਹਾਂ ਦੇ ਗੁਣਾਂ ਦੀ ਪਛਾਣ ਕਰਨੀ ਤੇ ਇਸ ਪਛਾਣ ਨੂੰ ਪੂਰੇ ਭਰੋਸੇ ਦੇ ਦਰਜੇ ਤਕ ਲੈ ਜਾਣ ਦਾ ਅਭਿਆਸ ਕਰਨਾ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਦਾ ਧਿਆਨ ਨਾਲ ਪਾਠ ਕਰਨਾ ਪੂਰੀ ਸਮਝ ਦੇਂਦਾ ਹੈ। ਸਮਝ ਆਉਣ ਤੋਂ ਬਿਨਾਂ ਅਸਲੀ ਭਰੋਸਾ ਨਹੀਂ ਹੋ ਸਕਦਾ ਤੇ ਭਰੋਸੇ ਬਿਨਾਂ ਫਤਹਿ ਨਹੀਂ ਹੁੰਦੀ। ਚੰਗੀਆਂ ਮੰਗਾਂ ਜ਼ਰੂਰ ਪੂਰੀਆਂ ਹੁੰਦੀਆ ਹਨ।

ਆਖਰ ਵਿਚ ਇਕ ਸ਼ਬਦ ਦਰਜ ਕੀਤਾ ਜਾਂਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਸੱਚਾ ਭਰੋਸਾ ਕਦ ਪੈਦਾ ਹੁੰਦਾ ਹੈ :

ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ।
ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ।
(ਆਸਾ ਮਹਲਾ ੫)

ਵਿਆਖਿਆ :- ਆਪਣਾ ਆਪ ਵਾਹਿਗੁਰੂ ਦੇ ਸਪੁਰਦ ਤਦ ਕੀਤਾ ਹੈ ਜਦ ਉਹਨੂੰ ਆਪਣੇ ਨਿਸਚੇ ਵਿਚ ਰਾਖਣਹਾਰਾ ਮੰਨ ਲਿਆ ਹੈ ਤੇ ਇਹ ਵੀ ਮੰਨ ਲਿਆ ਹੈ ਕਿ ਉਸ ਦੇ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਅਤੇ ਉਹ ਸ਼ਕਤੀ ਮਿਹਰ ਹੀ ਮਿਹਰ ਹੈ, ਪ੍ਰੇਮ ਹੀ ਪ੍ਰੇਮ ਹੈ।

ਇਮਤਿਹਾਨ

ਉਚਾ ਦਰਜਾ ਹਾਸਲ ਕਰਨ ਵਾਸਤੇ ਹਮੇਸ਼ਾ ਇਮਤਿਹਾਨ ਪਾਸ ਕਰਨਾ ਪੈਂਦਾ ਹੈ। ਵਾਹਿਗੁਰੂ ਦੀ ਲਿਵ ਵਿਚ ਉਚੇ ਜਾਣ ਵਾਸਤੇ ਹੀ ਇਮਤਿਹਾਨ ਲਿਆ ਜਾਂਦਾ ਹੈ। ਭਰੋਸੇ ਵਾਲੇ ਸਿਖ ਦੀ ਕਾਮਯਾਬੀ ਜ਼ਰੂਰੀ ਹੈ ਕਿਉਂਕਿ ਵਾਹਿਗੁਰੂ ਉਹਦੇ ਹਰ ਵਕਤ ਅੰਗ-ਸੰਗ ਹੋ ਕੇ ਇਮਤਿਹਾਨ ਪਾਸ ਕਰਾਂਦਾ ਹੈ ਤੇ ਇਮਤਿਹਾਨ ਲੈਣ ਵਾਲਾ ਵੀ ਆਪ ਹੈ।

ਇਸ ਲੇਖ ਵਿਚ ਇਕ ਗੁਰਸਿਖ ਦੀ ਹਡ-ਬੀਤੀ ਦਾ ਜ਼ਿਕਰ ਹੈ। ਗੱਲ ਦੇਖਣ ਵਾਲੀ ਇਹ ਹੈ ਕਿ ਇਸ ਦੁਨੀਆਂ ਵਿਚ ਮਾਇਆ ਕਿਸ ਤਰ੍ਹਾਂ ਭੁਲਾਂਦੀ ਹੈ ਤੇ ਇਸ ਭੁਲਾਵੇ ਤੋਂ ਨਿਕਲਣ ਵਾਸਤੇ ਗੁਰਸਿਖ ਨੂੰ ਵਾਹਿਗੁਰੂ ਵਲੋਂ ਕੀ ਮਦਦ ਮਿਲਦੀ ਹੈ ?

ਇਹ ਗੁਰਸਿਖ ਕਈ ਸਾਲਾਂ ਤੋਂ ਵਾਹਿਗੁਰੂ ਦੇ ਚਰਨਾਂ ਵਲ ਧਿਆਨ ਰਖਦਾ ਸੀ ਤੇ ਹੁਣ ਉਹਦਾ ਭਰੋਸਾ ਇੰਨਾ ਹੋ ਗਿਆ ਸੀ ਕਿ ਹਰ ਕੰਮ ਦਾ ਕਰਤਾ ਵਾਹਿਗੁਰੂ ਨੂੰ ਦੇਖਦਾ ਸੀ, 'ਮੈਂ' ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਸੀ।

ਇਹ ਸਿੱਖ ਪੰਜਾਬ ਦੀ ੧੯੪੭ ਦੀ ਗੜਬੜ ਵਿਚ ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਵਿਚ ਆ ਗਿਆ ਸੀ। ਇਸ ਦੀ ਪੱਛਮੀ ਪੰਜਾਬ ਵਿਚ ਜ਼ਮੀਨ ਸੀ। ਉਸ ਦੇ ਬਦਲੇ ਇਸ ਨੇ ਪੂਰਬੀ ਪੰਜਾਬ ਵਿਚ ਜ਼ਮੀਨ ਮੰਗੀ। ਸਰਕਾਰ ਦਾ ਹੁਕਮ ਹੋਇਆ ਕਿ ਚੰਗੀਆਂ ਜ਼ਮੀਨਾਂ ਵੰਡੀਆਂ ਗਈਆਂ ਹਨ, ਤੂੰ ਚਿਰਕਾ ਆਇਆ ਹੈਂ। ਹੁਣ ਜੋ ਜ਼ਮੀਨ ਖ਼ਾਲੀ ਪਈ ਹੋਈ ਹੈ, ਉਹਦੇ ਵਿਚੋਂ ਲੈ ਲੈ। ਖ਼ਾਲੀ ਖ਼ਰਾਬ ਜ਼ਮੀਨ ਲੈਣ ਲਗਿਆਂ ਇਹਦੀ ਸੋਚ ਨੇ ਆਵਾਜ਼ ਦਿਤੀ ਕਿ ਇਹ ਜ਼ਮੀਨ ਤਾਂ ਘਾਟੇਵੰਦਾ ਸੌਦਾ ਹੈ। ਇਸ ਜ਼ਮੀਨ ਨਾਲੋਂ ਤਾਂ ਨਾ ਲਈ ਚੰਗੀ। ਜਦ ਇਹ ਇਸੇ ਸੋਚ ਵਿਚ ਸੀ ਤਦ ਇਸ ਦਾ ਇਕ ਸਾਥੀ ਜੋ ਕੋਲ ਬੈਠਾ ਸੀ, ਉਸ ਨੇ ਆਵਾਜ਼ ਦਿੱਤੀ-'ਤੂੰ ਵਾਹਿਗੁਰੂ ਦੇ ਭਰੋਸੇ ਤੇ ਲੈ ਲੈ, ਸੋਚਦਾ ਕੀ ਹੈਂ ? ਇਹ ਸੁਣ ਕੇ ਸਿੱਖ ਚੌਂਕ ਉਠਿਆ। ਵਾਹਿਗੁਰੂ ਦਾ ਨਾਮ ਬੜਾ ਪਿਆਰਾ ਸੀ, ਸੁਣਦਿਆਂ ਸਾਰ ਸੋਚ ਗੁੰਮ ਹੋ ਗਈ, ਚਿਹਰੇ ਤੇ ਖ਼ੁਸ਼ੀ ਆ ਗਈ, ਦਿਲ

ਕਾਇਮ ਹੋ ਗਿਆ। ਕਹਿਣ ਲਗਾ ਕਿ ਇਸ ਤੋਂ ਚੰਗਾ ਹੋਰ ਸਹਾਰਾ ਕਿਹੜਾ ਹੈ ? ਇਹ ਮੇਰੇ ਸਾਥੀ ਦੀ ਆਵਾਜ਼ ਨਹੀਂ, ਵਾਹਿਗੁਰੂ ਦੀ ਆਵਾਜ਼ ਹੈ। ਚੁੰਮ-ਚੱਟ ਕੇ ਸਿਰ ਤੇ ਰਖਾਂਗਾ। ਜ਼ਮੀਨ ਆਪੇ ਹੀ ਫਲ ਨਹੀਂ ਦੇਂਦੀ, ਉਹਦੇ ਵਿਚ ਵਾਹਿਗੁਰੂ ਦੀ ਸ਼ਕਤੀ ਹੀ ਫਲ ਦੇ ਸਕਦੀ ਹੈ। ਪਾਣੀ, ਖਾਦ, ਸੂਰਜ ਦੀ ਗਰਮੀ, ਚੰਗਾ ਬੀਜ ਤਦ ਹੀ ਚੰਗੀ ਫਸਲ ਪੈਦਾ ਕਰ ਸਕਦੇ ਹਨ, ਜਦ ਇਹਨਾਂ ਵਿਚ ਵਾਹਿਗੁਰੂ ਦੀ ਸ਼ਕਤੀ ਪੂਰਾ ਕੰਮ ਕਰੇ। ਜੇ ਨਾ ਕਰੇ ਤਾਂ ਕੁਝ ਵੀ ਫਲ ਪੈਦਾ ਨਹੀਂ ਹੋ ਸਕਦਾ। ਵਾਹਿਗੁਰੂ ਦਾ ਨਾਮ ਮੇਰੇ ਅਗੇ ਆ ਗਿਆ ਹੈ, ਇਸ ਦੇ ਅਗੇ ਕੋਈ ਸ਼ੱਕ ਦੀ ਲੋੜ ਨਹੀਂ।

ਇਹ ਸੋਚ ਮਨ ਵਿਚ ਕਰਕੇ ਸਿੱਖ ਨੇ ਦਿਲ ਦੀ ਖੁਸ਼ੀ ਨਾਲ ਦਸਖ਼ਤ ਕਰਕੇ ਜ਼ਮੀਨ ਪ੍ਰਵਾਨ ਕਰ ਲਈ ਤੇ ਇਹ ਸ਼ਬਦ ਬਾਰ-ਬਾਰ ਪੜ੍ਹਿਆ :-

ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜਮਾਇ ਪੀਸਾਵੈ।
ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ।

ਮੀਂਹ ਪੈ ਗਿਆ, ਫਸਲ ਬੀਜੀ ਗਈ, ਸਾਰੀ ਜ਼ਮੀਨ ਹਰੀ-ਭਰੀ ਲਹਿਰਾਣ ਲਗ ਪਈ। ਸਿੱਖ ਬੜਾ ਖੁਸ਼ ਹੋਇਆ, ਸਾਰੀ ਫਸਲ ਵਿਚ ਵਾਹਿਗੁਰੂ ਹੀ ਵਾਹਿਗੁਰੂ ਵੇਖ ਰਿਹਾ ਹੈ, ਪਰ ਫਸਲ ਦੇ ਫਲ ਨੂੰ ਵੇਖ ਕੇ ਇੰਨਾ ਖੁਸ਼ ਨਹੀਂ ਜਿੰਨਾ ਵਾਹਿਗੁਰੂ ਦੇ ਨੂਰ ਨੂੰ ਫਸਲ ਵਿਚ ਵੇਖ ਕੇ ਖੁਸ਼ ਹੈ। ਵਾਹਿਗੁਰੂ ਨੂੰ ਹਰ ਪਾਸੇ ਵੇਖ ਕੇ ਮਨ ਵਿਚ ਸ਼ਾਂਤੀ ਤੇ ਅਨੰਦ ਆ ਰਿਹਾ ਹੈ।

ਫਸਲ ਪੱਕਣ ਤੋਂ ਪਹਿਲਾਂ ਇਕ ਐਸੀ ਲਗਾਤਾਰ ਬਾਰਸ਼ ਆਈ ਕਿ ਉਸ ਨੇ ਫਸਲ ਤਬਾਹ ਕਰ ਦਿਤੀ। ਬਹੁਤ ਹਿੱਸਾ ਬਰਬਾਦ ਹੋ ਗਿਆ ਤੇ ਥੋੜਾ ਹਿੱਸਾ ਜਿਹੜਾ ਬਚਿਆ, ਉਹ ਵੀ ਅੱਛੀ ਹਾਲਤ ਵਿਚ ਨਾ ਰਿਹਾ। ਫਸਲ ਵੇਚਣ ਤੋਂ ਬਹੁਤ ਥੋੜਾ ਰੁਪਿਆ ਆਮਦਨ ਹੋਈ ਤੇ ਫਸਲ ਵਿਚ ਨੁਕਸਾਨ ਹੀ ਨੁਕਸਾਨ ਨਜ਼ਰ ਆਇਆ। ਇਕ ਹਿੱਸਾ ਫਸਲ ਦਾ ਜਿਹੜਾ ਆੜ੍ਹਤੀਏ ਕੋਲ ਵੇਚਣ ਵਾਸਤੇ ਰਖਿਆ ਸੀ, ਉਹ ਬੜੀ ਖ਼ਰਾਬ ਹਾਲਤ ਵਿਚ ਵਾਪਸ ਆਇਆ ਤੇ ਨੁਕਸਾਨ ਅਗੇ ਨਾਲੋਂ ਵਧ ਗਿਆ।

ਇਸ ਹਾਲਤ ਵਿਚ ਵੀ ਇਹ ਸਿੱਖ ਵਾਹਿਗੁਰੂ ਤੇ ਪੂਰਾ ਭਰੋਸਾ ਰਖਣ ਦੀ ਕੋਸ਼ਿਸ਼ ਵਿਚ ਰਿਹਾ ਤੇ ਦਿਲ ਨਾ ਡੁਲਾਇਆ, ਪਰ ਫੇਰ ਵੀ ਨੁਕਸਾਨ ਹਰ ਵੇਲੇ ਅੱਖਾਂ ਅਗੇ ਸੀ। ਸਰਕਾਰੀ ਮਾਮਲੇ ਦੀ ਮੰਗ ਸਿਰ ਤੇ ਗੂੰਜ ਰਹੀ ਸੀ। ਇਕ ਦਿਨ ਆਪਣੇ ਖੇਤਾਂ ਵਿਚ ਵਗਦੇ ਖੂਹ ਤੇ ਬੈਠਾ ਹੋਇਆ ਸੀ ਕਿ ਨੁਕਸਾਨ ਦਾ ਨਕਸ਼ਾ ਐਸੀ ਕਾਲੀ ਸ਼ਕਲ ਵਿਚ ਸਾਹਮਣੇ ਆ ਕੇ ਖਿਚਿਆ ਗਿਆ ਕਿ ਸਿੱਖ ਦੇ ਅਫਸੋਸ ਦੀ ਕੋਈ ਹਦ ਨਾ ਰਹੀ। ਮਾਇਆ ਜਿਹੜੀ

ਕਿ ਹਰ ਵੇਲੇ ਵਾਹਿਗੁਰੂ ਨੂੰ ਭੁਲਾ ਕੇ ਮਨੁੱਖ ਨੂੰ ਧੋਖਾ ਦੇਂਦੀ ਹੈ ਤੇ ਉਸ ਨੂੰ ਵਾਹਿਗੁਰੂ ਨਾਲੋਂ ਹਮੇਸ਼ਾ ਵਖਰਾ ਰਖਣ ਦੀ ਕੋਸ਼ਿਸ਼ ਵਿਚ ਹੈ, ਝੱਟ ਸਿੱਖ ਨੂੰ ਅਫਸੋਸ ਵਿਚ ਵੇਖ ਕੇ ਮੌਕਾ ਪਾਇਆ ਤੇ ਕੋਲ ਆਣ ਦੇ ਸਿੱਖ ਦੇ ਦਿਲ ਵਿਚ ਖ਼ਿਆਲ ਬਣ ਕੇ ਬੋਲੀ—'ਨੁਕਸਾਨ ਸਚਮੁਚ ਹੋ ਗਿਆ ਹੈ, ਇਹ ਕਹਿ ਦੇਣਾ ਹੋਰ ਗੱਲ ਹੈ ਤੇ ਵਾਹਿਗੁਰੂ ਤੇ ਭਰੋਸਾ ਕਰਨ ਨਾਲ ਨੁਕਸਾਨ ਹੋਣਾ ਨਾਮੁਮਕਿਨ ਹੈ। ਪਰ ਨੁਕਸਾਨ ਹੋ ਹੀ ਗਿਆ ਹੈ। ਜਾਂ ਤਾਂ ਵਾਹਿਗੁਰੂ ਹੈ ਹੀ ਨਹੀਂ, ਜੇ ਹੈ ਤਦ ਉਹਦੀ ਸ਼ਕਤੀ ਵਿਚ ਕੁਝ ਫਰਕ ਹੈ। ਜਾਂ ਤੈਨੂੰ ਵਾਹਿਗੁਰੂ ਤੇ ਭਰੋਸਾ ਕਰਨ ਦਾ ਵਲ ਨਹੀਂ ਆਇਆ। ਇਤਨੇ ਸਾਲਾਂ ਵਿਚ ਜੇ ਭਰੋਸੇ ਦਾ ਵੱਲ ਨਹੀਂ ਆਇਆ ਤਦ ਅਗੇ ਲਈ ਉਮੀਦ ਕਰਨੀ ਵੀ ਇਕ ਨਿਕੰਮਾ ਖਿਆਲ ਹੈ। ਵਾਹਿਗੁਰੂ ਨਾ ਕਿਸੇ ਨੇ ਡਿਠਾ ਹੈ, ਨਾ ਤੈਨੂੰ ਦਿਸਿਆ ਹੈ, ਐਵੇਂ ਵਹਿਮ ਦੇ ਮਗਰ ਲੱਗ ਕੇ ਵਕਤ ਖਰਾਬ ਨਾ ਕਰ। ਵਾਹਿਗੁਰੂ ਵਾਲੇ ਖ਼ਿਆਲੀ ਪੁਲਾਉ ਪਕਾਣੇ ਛੱਡ ਦੇ ਤੇ ਦੁਨੀਆਂ ਵਿਚ ਦੁਨੀਆਂ ਦੇ ਅਸੂਲਾਂ ਮੁਜਬ ਕੰਮ ਕਰ। ਜਦ ਤੈਨੂੰ ਜ਼ਮੀਨ ਭੈੜੀ ਦਿਸਦੀ ਸੀ, ਤਦ ਵਾਹਿਗੁਰੂ ਉਤੇ ਭਰੋਸਾ ਕਰਨ ਦਾ ਸਵਾਦ ਵੇਖ ?'

ਇਹ ਕਾਲੇ ਮਾਯੂਸੀ ਦੇ ਖ਼ਿਆਲ ਇਤਨੇ ਇਕੱਠੇ ਹੋਏ ਕਿ ਸਿੱਖ ਖੂਹ ਦੇ ਬੈਠ ਨਾ ਸਕਿਆ ਤੇ ਘਬਰਾਹਟ ਵਿਚ ਉਠ ਕੇ ਘਰ ਨੂੰ ਤੁਰ ਪਿਆ। ਅੱਧੀ ਕੁ ਵਾਟ ਗਿਆ ਸੀ ਕਿ ਇਕਦਮ ਰੌਸ਼ਨੀ ਦੀ ਲਹਿਰ ਆਈ। ਹਨੇਰੇ ਖ਼ਿਆਲ ਦੂਰ ਹੋ ਗਏ ਤੇ ਹੁਣ ਇਕ ਉਲਟਾ ਖ਼ਿਆਲਾਂ ਦਾ ਰੌ ਚਲ ਪਿਆ।

'ਕਿਉਂ ? ਘਬਰਾ ਗਿਆ ਹੈਂ ! ਦੁਨੀਆਂ ਖ਼ਤਮ ਹੋ ਗਈ ਹੈ। ਵਾਹਿਗੁਰੂ ਖ਼ਤਮ ਹੋ ਗਿਆ ਹੈ ! ਇਤਨੇ ਸਾਲਾਂ ਦੇ ਤਜਰਬੇ ਦਾ ਭਰੋਸਾ ਡੋਲਦਾ ਪਿਆ ਹੈ ! ਵਾਹਿਗੁਰੂ ਤਾਂ ਇਕ ਨਾ ਬਦਲਣ ਵਾਲੀ ਸ਼ਕਤੀ ਹੈ, ਜਿਸ ਦੇ ਕਾਨੂੰਨ ਕਦੀ ਵੀ ਨਹੀਂ ਬਦਲ ਸਕਦੇ। ਜੇ ਤੂੰ ਵਾਹਿਗੁਰੂ ਦੇ ਕਾਨੂੰਨ (ਹੁਕਮ) ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ ਤਾਂ ਹੋਰ ਅਰਦਾਸ ਕਰ ਕੇ ਜ਼ਿਆਦਾ ਭਜਨ ਕਰ। ਪਿਛਲੀਆਂ ਅਣਗਿਣਤ ਕਾਮਯਾਬੀਆਂ ਨੂੰ ਯਾਦ ਕਰ। ਤੂੰ ਬੇਖ਼ਬਰ ਹੈਂ, ਇਹ ਤਾਂ ਤੇਰਾ ਇਮਤਿਹਾਨ ਸੀ। ਇਹਦੇ ਵਿਚ ਤੂੰ ਸੌ ਵਿਚੋਂ ਸੌ ਨੰਬਰ ਨਹੀਂ ਲੈ ਸਕਿਆ ਪਰ ਵਾਹਿਗੁਰੂ ਪਿਤਾ ਦੇ ਪ੍ਰੇਮ ਨੇ ਤੈਨੂੰ ਪਾਸ ਕਰ ਦਿਤਾ ਹੈ ਤੇ ਜਮਾਤ ਚੜ੍ਹਾ ਦਿਤਾ ਹੈ। ਲੈ ਇਹ ਜਹਾਜ਼ ਹੈ, ਇਸ ਵਿਚ ਚੜ੍ਹ ਜਾ। ਜਹਾਜ਼ ਵਿਚੋਂ ਚੜ੍ਹ ਕੇ ਸਾਰੀ ਦੁਨੀਆਂ ਵਿਚੋਂ ਲੰਘ। ਮਾਇਆ ਦੇ ਕਿੰਨੇ ਵੀ ਤੂਫਾਨ ਆਉਣ ਪਰ ਤੇਰਾ ਕੁਝ ਨਹੀਂ ਕਰ ਸਕਦੇ। ਜਹਾਜ਼ੋਂ ਹੇਠਾਂ ਨਾ ਉਤਰੀਂ, ਇਹ ਸੱਚਖੰਡ ਦੀ ਸੁਰਤ ਦਾ ਜਹਾਜ਼ ਹੈ, ਇਹਦੇ ਵਿਚੇ ਵੱਸ।'

ਗੁਰਸਿੱਖ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਘਰ ਦੀ ਬਾਕੀ ਅੱਧੀ ਵਾਟ ਖੁਸ਼ੀ ਦੇ ਕਦਮ ਭਰਦਾ ਹੋਇਆ ਘਰ ਪਹੁੰਚਿਆ।

ਮਹੀਨੇ ਗੁਜ਼ਰ ਗਏ, ਮਨ ਦੀ ਸ਼ਾਂਤੀ ਤਾਂ ਕਾਇਮ ਰਹੀ, ਭਰੋਸਾ ਤੇ ਖੁਸ਼ੀ ਵੀ ਕਾਇਮ ਰਹੀ, ਪਰ ਨੁਕਸਾਨ ਆਪਣੀ ਭਿਆਨਕ ਸ਼ਕਲ ਜ਼ਰੂਰ ਕਦੀ ਨਾ ਕਦੀ ਦਿਖਾ ਜਾਂਦਾ ਸੀ ਤੇ ਇਕ ਚੁਪ ਕੀਤਾ ਜੇਹਾ ਸੁਨੇਹਾ ਦੇ ਜਾਂਦਾ ਸੀ ਕਿ ਭਰੋਸਾ ਤੇ ਸ਼ਾਂਤੀ ਹਨ ਪਰ ਮੈਨੂੰ (ਨੁਕਸਾਨ ਨੂੰ) ਕੋਈ ਨਹੀਂ ਮਿਟਾ ਸਕਿਆ।

ਥੋੜੇ ਅਰਸੇ ਮਗਰੋਂ ਹਾਲਾਤ ਬਦਲੇ। ਸਿੱਖ ਨੇ ਪਹਿਲੀ ਨੁਕਸਾਨ ਵਾਲੀ ਜ਼ਮੀਨ ਛੱਡ ਦਿਤੀ ਹੋਈ ਸੀ, ਇਸ ਲਈ ਹੋਰ ਜ਼ਮੀਨ ਵਾਸਤੇ ਅਰਜ਼ੀ ਕੀਤੀ। ਉਮੀਦ ਹਰ ਪਾਸੇ ਅੱਛੇ ਰੰਗ ਵਿਚ ਸੀ ਪਰ ਦੇਰ ਤੇ ਦੇਰ ਹੋ ਰਹੀ ਸੀ। ਲੰਮੀ ਦੇਰ ਨੇ ਸਿੱਖ ਨੂੰ ਹੈਰਾਨ ਕਰ ਦਿੱਤਾ। ਦਿਲ ਵਿਚ ਕਹਿਣ ਲਗਾ ਕਿ ਵਾਹਿਗੁਰੂ ਦੇ ਕੰਮਾਂ ਵਿਚ ਤਾਂ ਕਦੇ ਢਿਲ ਨਹੀਂ ਹੁੰਦੀ ਤੇ ਇਥੇ ਢਿਲ ਕਿਉਂ ਹੈ ? ਇਸੇ ਸੋਚ ਵਿਚ ਰਹਿਣ ਲੱਗਾ ਤੇ ਵਾਹਿਗੁਰੂ ਵਲੋਂ ਜਵਾਬ ਉਡੀਕਣ ਲੱਗਾ। ਇਕ ਦਿਨ ਬੜਾ ਸਾਫ ਨਕਸ਼ਾ ਉਸ ਦੇ ਸਾਹਮਣੇ ਬੱਝ ਗਿਆ 'ਤੈਨੂੰ ਯਾਦ ਹੈ ਕਿ ਜਮਾਤ ਤਾਂ ਤੂੰ ਚੜ੍ਹ ਗਿਆ ਸੀ ਪਰ ਸੈਂ ਨੰਬਰ ਪੂਰੇ ਤਾਂ ਨਹੀਂ ਸੀ ਲੈ ਸਕਿਆ। ਅਜੇ ਤੇਰੇ ਸਿਮਰਨ, ਅਰਦਾਸ ਤੇ ਭਰੋਸੇ ਵਿਚ ਕਸਰ ਹੈ ਜੋ ਪੂਰੀ ਕਰ। ਜਿਸ ਜਹਾਜ਼ ਵਿਚ ਤੈਨੂੰ ਚੜ੍ਹਾਇਆ ਸੀ, ਕੀ ਤੂੰ ਉਸੇ ਵਿਚ ਹੈਂ ਕਿ ਨੀਵਾਂ ਉਤਰ ਕੇ ਮਾਇਆ ਦੇ ਤੂਫਾਨਾਂ ਵਿਚ ਫਿਰ ਗੋਤੇ ਖਾ ਰਿਹਾ ਹੈਂ। ਹਰ ਵੇਲੇ ਜਹਾਜ਼ ਵਿਚ ਰਹਿ ਕੇ ਸਚਖੰਡ ਵਿਚ ਬੈਠ ਕੇ ਉਸੇ ਸੁਰਤ ਵਿਚ ਕੰਮ ਕਰ।'

ਸਿੱਖ ਨੂੰ ਸੁਨੇਹਾ ਆਉਣ ਨਾਲ ਹੋਸ਼ ਆ ਗਈ ਤੇ ਉਹ ਚੌਂਕ ਪਿਆ। ਜਿਸ ਢਿਲ ਤੋਂ ਅਕਿਆ ਹੋਇਆ ਸੀ, ਉਸੇ ਨੂੰ ਦੇਖ ਕੇ ਖੁਸ਼ ਹੋਣ ਲਗ ਗਿਆ ਤੇ ਕਹਿਣ ਲੱਗਾ—'ਐ ਢਿਲ ! ਹੈਂ ਤਾਂ ਤੂੰ ਮਾਇਆ ਦਾ ਰੰਗ, ਪਰ ਤੇਰੇ ਸਦਕੇ ਜਾਂਦਾ ਹਾਂ, ਤੂੰ ਬਣੀ ਰਹੇਂ, ਬਣੀ ਰਹੇਂ ਪਰ ਮੈਂ ਤੇਰੀ ਆੜ ਵਿਚ ਬੈਠ ਕੇ ਸਿਮਰਨ ਦੀ ਕਮੀ ਪੂਰੀ ਕਰਾਂ ਤੇ ਜਿਉਂ-ਜਿਉਂ ਮੈਂ ਸਿਮਰਨ ਕਰਾਂ, ਤੇਰਾ ਰੰਗ ਫਿਕਾ ਹੁੰਦਾ ਦੇਖਾਂ। ਇਥੋਂ ਤਕ ਕਿ ਤੈਨੂੰ ਬਿਲਕੁਲ ਨਾਸ ਹੁੰਦਾ ਦੇਖਾਂ। ਤੂੰ ਮੈਨੂੰ ਭੁਲੇ ਨੂੰ ਰਸਤੇ ਪਾਇਆ ਹੈ।'

ਦਿਲ ਦੀ ਤਕਲੀਫ ਖੁਸ਼ੀ ਵਿਚ ਬਦਲ ਗਈ। ਦੋ-ਚਾਰ ਦਿਨ ਹੀ ਅਜੇ ਗੁਜ਼ਰੇ ਸਨ ਕਿ ਹਾਲਤ ਬਦਲ ਗਈ। ਐਸੀ ਹਵਾ ਬਦਲੀ ਕਿ ਉਸ ਸਿੱਖ ਨੂੰ ਉਚੇਚਾ ਬੁਲਾ ਕੇ ਇਕ ਦਿਨ ਸਭ ਤੋਂ ਅਛੀ ਜ਼ਮੀਨ ਦਿਤੀ ਗਈ ਤੇ ਜ਼ਮੀਨ

ਦਾ ਹੁਕਮ ਹੁੰਦਿਆਂ ਹੀ ਗਾਹਕਾਂ ਵਲੋਂ ਬਹੁਤ ਸਾਰਾ ਰੁਪਿਆ ਆ ਗਿਆ। ਪਿਛਲਾ ਨੁਕਸਾਨ ਪੂਰਾ ਹੋ ਕੇ ਇਤਨਾ ਰੁਪਿਆ ਬਚਿਆ ਜੋ ਉਮੀਦ ਨਾਲੋਂ ਬਹੁਤ ਜ਼ਿਆਦਾ ਸੀ।

ਸਿੱਖ ਦੀ ਖੁਸ਼ੀ ਹੁਣ ਅਰਦਾਸ ਤੇ ਸ਼ੁਕਰੀਏ ਵਿਚ ਬਦਲ ਗਈ। ਉਹਦਾ ਖ਼ਿਆਲ ਦਾਤ ਵਲੋਂ ਹਟ ਕੇ ਦਾਤਾਰ ਵਲ ਹੋ ਗਿਆ।

ਦਾਤ ਇਕ ਨਿਸ਼ਾਨੀ ਹੈ ਦਾਤਾਰ ਦੀ ਮਿਹਰ ਦੀ। ਜਦ ਦਾਤਾ ਮਿਹਰ ਕਰੇਗਾ ਤਾਂ ਨਿਸ਼ਾਨੀ ਜ਼ਰੂਰ ਪੈਦਾ ਹੋਵੇਗੀ। ਦਾਤ ਨੂੰ ਭੋਗਦੇ ਸਾਰ ਸ਼ੁਕਰੀਆ ਅਤੇ ਪ੍ਰੇਮ ਤੇ ਧਿਆਨ ਦਾਤਾਰ ਵਲ ਜੁੜਨਾ ਹੀ ਸੱਚਾ ਅਸੂਲ ਹੈ। ਹੁਣ ਸਿੱਖ ਦਾ ਧਿਆਨ ਦਾਤ ਵਲੋਂ ਹਟ ਕੇ ਦਾਤਾਰ ਵਲ ਹੋ ਗਿਆ ਤੇ ਉਹਦੇ ਸਿਮਰਨ ਵਿਚ ਹੋਰ ਗੜ੍ਹ ਕੇ ਸੁਰਤ ਲਗ ਗਈ।

ਸਦਾ ਜਵਾਨੀ

ਇਹ ਦੁਨੀਆਂ ਹਰ ਵਕਤ ਬਦਲ ਰਹੀ ਹੈ ਤੇ ਕੋਈ ਚੀਜ਼ ਇਸ ਦੀ ਹਮੇਸ਼ਾ ਕਾਇਮ ਨਹੀਂ ਰਹਿੰਦੀ। ਮਨੁੱਖ ਵੀ ਹਰ ਵੇਲੇ ਬਦਲ ਰਿਹਾ ਹੈ। ਕਦੀ ਬੱਚਾ ਹੈ ਤੇ ਕਦੀ ਜਵਾਨੀ ਵਲ ਵਧ ਰਿਹਾ ਹੈ ਤੇ ਕਦੀ ਬੁਢਾਪੇ ਵਲ ਘਟ ਰਿਹਾ ਹੈ। ਹਰ ਮਨੁੱਖ ਇਹ ਚਾਹੁੰਦਾ ਹੈ ਕਿ ਉਹ ਸਦਾ ਜਵਾਨ ਰਹੇ ਤੇ ਬੁਢਾਪੇ ਵਲ ਡਿਗਣਾ ਸ਼ੁਰੂ ਨਾ ਕਰੇ। ਪਰ ਇਹ ਗੱਲ ਕੁਝ ਐਸੀ ਉਸ ਨੂੰ ਆਪਣੇ ਵਸ ਤੋਂ ਬਾਹਰ ਦਿਸਦੀ ਹੈ ਕਿ ਇਧਰ ਕਾਮਯਾਬੀ ਵਾਸਤੇ ਕੋਸ਼ਿਸ਼ ਹੀ ਨਹੀਂ ਕਰਦਾ। ਬੁਢੀ ਉਮਰ ਆਉਣੀ ਤੇ ਮੌਤ ਦਾ ਆਉਣਾ ਜ਼ਰੂਰੀ ਸਮਝਦਾ ਹੈ ਤੇ ਉਹਨਾਂ ਦੀਆਂ ਤਕਲੀਫਾਂ ਸਹਾਰਨ ਵਾਸਤੇ ਆਪਣੇ ਆਪ ਨੂੰ ਤਿਆਰ ਕਰਦਾ ਹੈ।

ਮਨੁੱਖ ਨੂੰ ਅਗਿਆਨਤਾ ਨੇ ਇਤਨਾ ਹਨੇਰੇ ਵਿਚ ਰਖਿਆ ਹੋਇਆ ਹੈ ਕਿ ਇਸ ਨੂੰ ਵਾਹਿਗੁਰੂ ਵਲੋਂ ਬਖਸ਼ੇ ਹੋਏ ਹੱਕਾਂ ਦਾ ਪਤਾ ਹੀ ਨਹੀਂ। ਗੁਰੂ ਗ੍ਰੰਥ ਸਾਹਿਬ ਰੋਜ਼ ਪੜ੍ਹਦਾ ਹੈ ਪਰ ਮਨ ਵਿਚ ਕੋਈ ਗੱਲ ਨਹੀ ਵਸਦੀ।

ਨਾ ਇਹੁ ਬੂਢਾ ਨਾ ਇਹੁ ਬਾਲਾ। ਨਾ ਇਸੁ ਦੂਖੁ ਨਹੀ ਜਮ ਜਾਲਾ।

(ਗੋਂਡ ਮਹਲਾ ੫)

ਮਨੁੱਖ ਵਾਸਤੇ ਨਾ ਬੁਢਾਪਾ ਹੈ, ਨਾ ਬਾਲਪਨ, ਸਦਾ ਜਵਾਨੀ ਹੈ। ਨਾ ਹੀ ਮਨੁੱਖ ਵਾਸਤੇ ਦੁਖ ਹੈ ਤੇ ਨਾ ਹੀ ਮੌਤ ਹੈ। ਹਰ ਰੋਜ਼ ਪਾਠ ਕਰਕੇ ਇਸ ਨੇ ਕਦੀ ਵਿਚਾਰ ਨਹੀ ਕੀਤੀ ਕਿ ਇਹ ਕੀ ਲਿਖਿਆ ਹੋਇਆ ਹੈ। ਮੈਂ ਹਮੇਸ਼ਾ ਜਵਾਨ ਰਹਿਣਾ ਚਾਹੁੰਦਾ ਹਾਂ ਤੇ ਇਹ ਸ਼ਬਦ ਮੇਰੇ ਮਤਲਬ ਦਾ ਸੁਨੇਹਾ ਦੇਂਦਾ ਹੈ, ਇਸ ਨੂੰ ਕਦੀ ਵਰਤ ਕੇ ਤਾਂ ਦੇਖਾਂ।

ਇਹ ਸੱਚ ਹੈ ਕਿ ਕੋਈ ਦੁਨੀਆਂਦਾਰ ਮੰਨਣ ਨੂੰ ਤਿਆਰ ਨਹੀਂ ਕਿ ਮੌਤ ਤੋਂ ਜਾਂ ਬੁਢਾਪੇ ਤੋਂ ਛੁਟਕਾਰਾ ਹੋ ਸਕਦਾ ਹੈ, ਇਹਨਾਂ ਦਾ ਆਉਣਾ ਅਵੱਸ਼ ਹੈ। ਪਰ ਇਹ ਖ਼ਿਆਲ ਤਦ ਤਕ ਹੈ, ਜਦ ਤਕ ਗਿਆਨ ਹਾਸਲ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਪੜ੍ਹਨ ਨਾਲ ਪਤਾ ਲਗਦਾ ਹੈ ਕਿ :-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।

ਹੇ ਮਨੁੱਖ, ਤੂੰ ਇਹ ਚਮੜੇ ਦਾ ਨਾਸ਼ ਹੋ ਜਾਣ ਵਾਲਾ ਸਰੀਰ ਨਹੀਂ ਹੈਂ, ਤੂੰ ਤਾਂ ਜੋਤ ਹੈਂ। ਜਿਸ ਤਰ੍ਹਾਂ ਸੂਰਜ ਤੇ ਸੂਰਜ ਦੀ ਕਿਰਨ ਦਾ ਰਿਸ਼ਤਾ ਹੈ ਇਸੇ ਤਰ੍ਹਾਂ ਤੇਰਾ ਵਾਹਿਗੁਰੂ ਨਾਲ ਉਹਦੀ ਜੋਤ ਹੋਣ ਕਰ ਕੇ ਰਿਸ਼ਤਾ ਹੈ। ਤੈਨੂੰ ਮੌਤ ਨਹੀਂ, ਬੀਮਾਰੀ ਨਹੀਂ, ਜੰਮਣ ਨਹੀਂ, ਮਰਨ ਨਹੀਂ, ਬੁਢਾਪਾ ਨਹੀਂ। ਤੂੰ ਵਾਹਿਗੁਰੂ ਵਾਂਗ ਹਮੇਸ਼ਾ ਇਕਤਾਰ ਰਹਿਣ ਵਾਲੀ ਹਸਤੀ ਹੈਂ। ਇਹ ਤੈਨੂੰ ਸਮਝ ਆਉਣ ਨਾਲ ਤੇ ਇਸ ਦਾ ਅਭਿਆਸ ਕਰਨ ਨਾਲ ਤੇਰਾ ਸਰੀਰ ਦੁੱਖਾਂ ਤੋਂ ਰਹਿਤ ਹੋ ਜਾਵੇਗਾ ਤੇ ਸਦਾ ਜਵਾਨ ਰਹੇਗਾ।

ਸਰੀਰ ਅਲਬੱਤਾ ਨਾਸ਼ ਹੋਣ ਵਾਲੀ ਕੱਚੀ ਚੀਜ਼ ਹੈ। ਇਸ ਨੂੰ ਮੌਤ ਤੇ ਬੁਢਾਪਾ ਆਉਣਾ ਜ਼ਰੂਰੀ ਹੈ। ਪਰ ਜਦ ਗਿਆਨ ਹੋ ਜਾਵੇਗਾ ਤੇ ਆਪਣੇ ਆਪ ਨੂੰ ਸਰੀਰ ਤੋਂ ਵਖਰਾ ਵੇਖੇਂਗਾ ਤਦ ਤੈਨੂੰ ਪਤਾ ਲਗ ਜਾਵੇਗਾ ਕਿ ਮੈਂ ਮੌਤ ਦੇ ਪੰਜੇ ਤੋਂ ਬਾਹਰ ਹਾਂ। ਮੇਰੀ ਹਮੇਸ਼ਾ ਦੀ ਜ਼ਿੰਦਗੀ ਹੈ। ਇਕ ਸਰੀਰ ਵਿਚੋਂ ਦੂਜੇ ਸਰੀਰ ਵਿਚ ਬਦਲਣ ਦੀ ਕੋਈ ਪੀੜਾ ਮੈਨੂੰ ਨਹੀਂ ਹੋ ਸਕਦੀ। ਮੌਤ ਕੁਝ ਵੀ ਨਹੀਂ। ਇਹ ਆਪਣੇ ਇਰਦ-ਗਿਰਦ ਦੀਆਂ ਚੀਜ਼ਾਂ (ਸਰੀਰ, ਜਾਇਦਾਦ) ਦੀ ਅਦਲਾ-ਬਦਲੀ ਦਾ ਨਾਮ ਹੈ। ਜਾਂ ਇਹ ਕਹੋ ਕਿ ਸੂਰਤ ਦੀ ਅਦਲਾ-ਬਦਲੀ ਦਾ ਨਾਮ ਮੌਤ ਹੈ।

ਸਮਝਾਣ ਵਾਸਤੇ ਇਕ ਮਿਸਾਲ ਦਿਤੀ ਜਾਂਦੀ ਹੈ। ਬੜੀ ਭਾਰੀ ਗਿਣਤੀ ਵਿਚ ਉਹ ਪੰਜਾਬੀ ਹਨ, ਜਿਨ੍ਹਾਂ ਨੇ ੧੯੪੭ ਵਿਚ ਪੰਜਾਬ ਦੀ ਵੰਡ ਦੇ ਵੇਲੇ ਆਪਣੀ ਜਾਗਦੀ ਜ਼ਿੰਦਗੀ ਵਿਚ ਆਪਣੀ ਮੌਤ ਦਾ ਨਜ਼ਾਰਾ ਵੇਖਿਆ ਹੈ। ਆਪਣੀ ਹਰ ਚੀਜ਼ ਪਾਕਿਸਤਾਨ ਵਿਚ ਛੋੜ ਕੇ ਤੇੜ ਦੇ ਕਪੜਿਆਂ ਨਾਲ ਉਥੋਂ ਨਸਣ ਤੇ ਮਜਬੂਰ ਹੋ ਗਏ ਤੇ ਹਿੰਦੁਸਤਾਨ ਵਿਚ ਆ ਕੇ ਨਵੇਂ ਸ਼ਹਿਰ, ਨਵੇਂ ਮਕਾਨ, ਨਵੇਂ ਕਪੜੇ ਆਦਿ ਹਰ ਚੀਜ਼ ਨਵੀਂ ਪੈਦਾ ਕਰ ਕੇ ਵਸਣ ਵਾਸਤੇ ਮਜਬੂਰ ਹੋਏ। ਇਹ ਜਿਊਂਦੇ ਜੀਅ ਮੌਤ ਦਾ ਨਜ਼ਾਰਾ ਨਹੀਂ ਤਾਂ ਹੋਰ ਕੀ ਹੈ ? ਪਰ ਇਹ ਵੀ ਸਾਫ ਤੌਰ ਤੇ ਜ਼ਾਹਿਰ ਹੈ ਕਿ ਮਨੁੱਖ ਨਹੀਂ ਮੋਇਆ, ਬਲਕਿ ਆਲੇ-ਦੁਆਲੇ ਦੀਆਂ ਚੀਜ਼ਾਂ ਮੋਈਆਂ ਹਨ ਤੇ ਨਵੇਂ ਜਨਮ ਨਾਲ ਨਵੀਆਂ ਚੀਜ਼ਾਂ ਮਿਲੀਆਂ ਹਨ।

ਮੌਤ ਦੀ ਸਮਝ ਆਉਣ ਨਾਲ ਬੁਢਾਪੇ ਦੀ ਸਮਝ ਆਉਣੀ ਸੌਖੀ ਹੋ ਗਈ ਹੈ। ਜਦ ਜੋਤ ਹੋਣ ਕਰ ਕੇ ਮਨੁੱਖ ਵਿਚ ਅਦਲਾ-ਬਦਲੀ ਨਹੀਂ, ਨਾ ਜੰਮਣ ਹੈ, ਨਾ ਮਰਨ ਹੈ, ਤਾਂ ਬੁਢਾਪਾ ਕਦੀ ਆ ਨਹੀਂ ਸਕਦਾ। ਜਦ ਮਨੁੱਖ ਇਸ ਅਵਸਥਾ ਨੂੰ ਸਮਝ ਲਵੇ ਤਦ ਸਰੀਰ ਵੀ ਬੁਢਾਪੇ ਦੇ ਨਿਸ਼ਾਨ ਜ਼ਾਹਿਰ ਨਹੀਂ ਕਰ ਸਕਦਾ। ਸਰੀਰ ਉਹੋ ਹੀ ਜ਼ਾਹਿਰ ਕਰੇਗਾ, ਜੋ ਉਹਦੇ ਅੰਦਰ ਜੋਤ ਵਿਚ ਹੈ। ਸਦਾ ਜਵਾਨ ਰਹੇਗਾ।

ਵਾਹਿਗੁਰੂ ਸਰਬ-ਵਿਆਪੀ ਹੈ

ਗੁਰੂ ਗ੍ਰੰਥ ਸਾਹਿਬ ਵਿਚ ਬਾਰੰਬਾਰ ਇਹ ਜ਼ਿਕਰ ਹੈ ਕਿ ਵਾਹਿਗੁਰੂ ਸਰਬ-ਵਿਆਪੀ ਹੈ, ਅਨੰਦ ਰੂਪ ਹੈ ਤੇ ਪੂਰਨ ਹੈ। ਅਸੀਂ ਹਰ ਰੋਜ਼ ਪਾਠ ਕਰ ਕੇ ਇਸ ਸਿਖਿਆ ਨੂੰ ਉਥੇ ਹੀ ਛੱਡ ਦੇਂਦੇ ਹਾਂ ਪਰ ਇਸ ਨੂੰ ਵਰਤੋਂ ਵਿਚ ਲਿਆ ਕੇ ਫਾਇਦਾ ਉਠਾਣ ਦੀ ਕੋਸ਼ਿਸ਼ ਨਹੀਂ ਕਰਦੇ। ਆਤਮ ਸਾਇੰਸ ਦੀ ਖੋਜ ਇਹ ਦਸਦੀ ਹੈ ਕਿ ਇਸ ਸਿਖਿਆ ਨੂੰ ਹਰ ਰੋਜ਼ ਦੀ ਵਰਤੋਂ ਵਿਚ ਕਿਸ ਤਰ੍ਹਾਂ ਲਿਆਉਣਾ ਹੈ ਤੇ ਇਸ ਤੋਂ ਕੀ ਸ਼ਾਨਦਾਰ ਨਤੀਜਾ ਪੈਦਾ ਕਰਨਾ ਹੈ ?

ਜਦ ਵਾਹਿਗੁਰੂ ਹਰ ਚੀਜ਼ ਵਿਚ ਮੌਜੂਦ ਹੈ ਤੇ ਵਾਹਿਗੁਰੂ ਅਨੰਦ ਰੂਪ ਤੇ ਪੂਰਨ ਹੈ ਤਾਂ ਇਹ ਜ਼ਰੂਰੀ ਹੈ ਕਿ ਵਰਤਾਰੇ ਵਿਚ ਹਰ ਚੀਜ਼ ਜੋ ਸਾਡੇ ਸਾਹਮਣੇ ਆਵੇ ਉਸ ਦੇ ਵਿਚ ਅਨੰਦ ਤੇ ਪੂਰਨਤਾ ਹੀ ਦਿਸੇ, ਹੋਰ ਕੁਝ ਨਾ ਦਿਸੇ। ਇਹ ਵੀ ਆਤਮ-ਸਾਇੰਸ ਦਾ ਪੱਕਾ ਅਸੂਲ ਹੈ ਕਿ ਵਾਹਿਗੁਰੂ ਨੂੰ ਮੌਜੂਦ ਵੇਖਣ ਨਾਲ ਮਾਇਆ ਦੇ ਕੁਲ ਭੈੜੇ ਤੇ ਭਿਆਨਕ ਰੰਗ (ਦੁਖ ਤੇ ਭੁਖ) ਫੌਰਨ ਗੁੰਮ ਹੋ ਜਾਂਦੇ ਹਨ। ਗੁਰਸਿੱਖ ਲਈ ਇਸ ਵਾਸਤੇ ਜ਼ਰੂਰੀ ਹੈ ਕਿ ਉਹ ਹਰ ਰੋਜ਼ ਸਵੇਰੇ ਇਹ ਪ੍ਰਣ ਕਰੇ ਕਿ ਉਹ ਹਰ ਚੀਜ਼ ਵਿਚ ਅਨੰਦ, ਪੂਰਨਤਾ ਤੇ ਭਲਾਈ ਹੀ ਵੇਖੇਗਾ। ਵਾਹਿਗੁਰੂ ਵਿਚ ਦੁਖ ਤੇ ਭੁਖ ਨਹੀਂ ਹੈ, ਇਸ ਵਾਸਤੇ ਕਿਸੇ ਚੀਜ਼ ਵਿਚ ਮਾਇਆ ਦਾ ਇਹ ਭਿਆਨਕ ਸਰੂਪ ਨਹੀਂ ਵੇਖੇਗਾ। ਜੇਕਰ ਮਾਇਆ ਕਿਸੇ ਰੰਗ ਵਿਚ ਦਿਸੇ ਵੀ, ਤਦ ਵੀ ਉਹ ਉਹਨੂੰ ਕਬੂਲ ਨਹੀਂ ਕਰੇਗਾ। ਉਹਨੂੰ ਸੁਪਨੇ ਵਾਂਗ ਜਾਂ ਸਿਨਮੇ ਦੇ ਨਜ਼ਾਰੇ ਵਾਂਗ ਇਕ ਝੂਠਾ ਰੰਗ ਸਮਝੇਗਾ, ਜਿਹੜਾ ਦਿਸਦਾ ਹੈ ਪਰ ਅਸਲ ਵਿਚ ਹੈ ਨਹੀਂ ਅਤੇ ਮਾਇਆ ਦੀ ਅਸਲੀਅਤ ਨਾ ਹੋਣ ਕਰਕੇ ਇਸ ਦਾ ਡਰ ਤੇ ਅਸਰ ਕੁਝ ਵੀ ਕਬੂਲ ਨਹੀਂ ਕਰੇਗਾ। ਗੁਰਸਿੱਖ ਆਪਣੇ ਆਪ ਨੂੰ ਪੂਰਨ ਅਨੰਦ ਵਿਚ ਵੇਖੇਗਾ ਤੇ ਆਪਣੇ ਟੱਬਰ ਨੂੰ ਪੂਰਨ ਤੇ ਅਨੰਦ ਵਿਚ ਵੇਖੇਗਾ, ਆਪਣੇ ਹਮਸਾਇਆਂ ਨੂੰ ਵੇਖੇਗਾ, ਆਪਣੇ ਕਾਰੋਬਾਰ ਨੂੰ ਵੇਖੇਗਾ, ਕੁਲ ਦੁਨੀਆਂ ਨੂੰ ਵੇਖੇਗਾ, ਸਿਵਾਏ ਵਾਹਿਗੁਰੂ ਦੀ ਪੂਰਨਤਾ ਤੇ ਅਨੰਦ ਦੇ ਹੋਰ ਕੁਝ ਨਜ਼ਰ ਨਹੀਂ ਆਵੇਗਾ।

ਦੁਇ ਦੁਇ ਲੋਚਨ ਪੇਖਾ। ਹਉ ਹਰਿ ਬਿਨੁ ਅਉਰ ਨ ਦੇਖਾ।
ਨੈਨ ਰਹੇ ਰੰਗੁ ਲਾਈ। ਅਬ ਬੇ ਗਲ ਕਹਨੁ ਨ ਜਾਈ।
(ਸੋਰਠ ਕਬੀਰ ਜੀ)

ਗੁਰਸਿੱਖ ਹਰ ਵੇਲੇ ਤੇ ਹਰ ਜਗ੍ਹਾ ਤੇ ਭਲਾਈ ਵੇਖੇ, ਭਲਾਈ ਸੁਣੇ ਤੇ ਭਲਾ ਹੀ ਬੋਲੇਗਾ, ਭਾਵੇਂ ਦੁਨੀਆਂ ਇਸ ਤੋਂ ਉਲਟ ਜ਼ਾਹਿਰ ਕਰੇ। ਕਿਉਂਕਿ ਵਾਹਿਗੁਰੂ ਪੂਰਨ ਤੇ ਅਨੰਦ ਹੈ ਤੇ ਉਸ ਤੋਂ ਸਿਵਾਏ ਹੋਰ ਕੋਈ ਸ਼ਕਤੀ ਨਹੀਂ। ਵਾਹਿਗੁਰੂ ਜਦ ਗੁਰਸਿੱਖ ਦੇ ਅੰਦਰ ਹੈ ਤਾਂ ਉਹ ਦੁਨੀਆਂ ਨੂੰ ਵਾਹਿਗੁਰੂ ਦੀਆਂ ਅੱਖਾਂ ਨਾਲ ਵੇਖ ਰਿਹਾ ਹੈ ਤੇ ਸਾਰੀ ਦੁਨੀਆਂ ਉਸ ਨੂੰ ਸਚਖੰਡ ਦਿਸ ਰਹੀ ਹੈ। ਇਸ ਤੋਂ ਸਿਵਾ ਹੋਰ ਕੁਝ ਵੀ ਨਹੀਂ ਦਿਸੇਗਾ। ਬੀਮਾਰ ਰਾਜ਼ੀ ਨਜ਼ਰ ਆਉਣਗੇ, ਥੁੜ੍ਹ ਕਿਸੇ ਚੀਜ਼ ਦੀ ਨਹੀਂ ਹੋਵੇਗੀ। ਝਗੜੇ, ਲੜਾਈਆਂ, ਫਿਕਰ, ਗ਼ਮ, ਮੌਤ, ਡਰ, ਪਾਪ, ਨਾ-ਕਾਮਯਾਬੀ ਆਦਿ ਬੁਰਾਈਆਂ ਕਿਧਰੇ ਵੀ ਨਹੀਂ ਦਿਸਣਗੀਆਂ।

ਇਹ ਸਾਰਾ ਨਜ਼ਾਰਾ ਆਪਣੇ ਅੰਦਰ ਦਾ ਹੀ ਪਰਤਾਵਾ ਹੈ। ਜੇਕਰ ਅੰਦਰ ਵਾਹਿਗੁਰੂ ਵਸ ਰਿਹਾ ਹੈ ਤਦ ਅਨੰਦ ਤੇ ਪੂਰਨਤਾ ਦਾ ਪ੍ਰਕਾਸ਼ ਹੈ ਅਤੇ ਬਾਹਰ ਸਾਰੀ ਦੁਨੀਆਂ ਵਿਚ ਇਹੋ ਹੀ ਪ੍ਰਕਾਸ਼ ਦਿਸੇਗਾ। ਜੇ ਅੰਦਰ ਦਾ ਪ੍ਰਕਾਸ਼ ਬਦਲ ਗਿਆ ਤਦ ਬਾਹਰ ਵੀ ਉਸੇ ਤਰ੍ਹਾਂ ਬਦਲੀ ਹੋਈ ਦੁਨੀਆਂ ਦਿਸੇਗੀ।

ਸਭ ਕਿਛੁ ਘਰ ਮਹਿ ਬਾਹਰਿ ਨਾਹੀ। ਬਾਹਰਿ ਟੋਲੈ ਸੋ ਭਰਮਿ ਭੁਲਾਹੀ।
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ।
(ਮਾਝ ਮਹਲਾ ੫)

ਦੁਨੀਆਂ ਦੀ ਬੇ-ਵਫਾਈ ਤੋਂ ਘਬਰਾਣਾ

ਜਦ ਕੋਈ ਇਕ-ਦੋ ਵਾਰੀ ਨਾਕਾਮਯਾਬੀ ਉੱਤੋੜਿੱਤੀ ਆ ਜਾਵੇ ਤਾਂ ਅਸੀਂ ਘਬਰਾ ਜਾਂਦੇ ਹਾਂ। ਅਗੋਂ ਕੰਮ ਕਰਨ ਨੂੰ ਦਿਲ ਨਹੀਂ ਕਰਦਾ। ਅਫਸੋਸ ਤੇ ਫਿਕਰ ਦਿਲ ਨੂੰ ਮੱਲ ਲੈਂਦਾ ਹੈ ਤੇ ਅਸੀਂ ਆਪਣੇ ਦਿਲ ਵਿਚ ਕਹਿੰਦੇ ਹਾਂ ਕਿ ਸਾਡੇ ਵਿਚ ਅਕਲ ਤੇ ਹਿੰਮਤ ਆਦਿ ਗੁਣਾਂ ਦਾ ਘਾਟਾ ਹੈ। ਸਾਨੂੰ ਕਾਮਯਾਬੀ ਨਹੀਂ ਹੋ ਸਕਦੀ। ਅਸੀਂ ਕੰਮ ਚਲਾਣ ਦੇ ਕਾਬਲ ਨਹੀਂ। ਅਜਿਹੇ ਖ਼ਿਆਲ ਆ ਕੇ ਜ਼ਿੰਦਗੀ ਨੂੰ ਕੌੜਾ ਕਰ ਦੇਂਦੇ ਹਨ।

ਕਈ ਹਿੰਮਤ ਵਾਲੇ ਆਦਮੀ ਤਾਂ ਇਹੋ ਜਿਹੀਆਂ ਨਾਕਾਮਯਾਬੀਆਂ ਤੋਂ ਨਿਕਲ ਕੇ ਫੇਰ ਕੰਮਾਂ ਨੂੰ ਸ਼ੁਰੂ ਕਰ ਦੇਂਦੇ ਹਨ ਪਰ ਬਹੁਤੇ ਘਬਰਾ ਕੇ ਰਹਿ ਜਾਂਦੇ ਹਨ ਤੇ ਕੰਮ ਅਧੂਰਾ ਰਹਿ ਜਾਂਦਾ ਹੈ। ਉਹ ਲੱਭਦੇ ਹਨ ਕਿ ਕੋਈ ਪੱਕਾ ਕਾਮਯਾਬੀ ਦਾ ਰਸਤਾ ਮਿਲ ਜਾਵੇ ਤਾਂ ਉਹ ਪੂਰੀ ਉਮੀਦ ਨਾਲ ਕੰਮ ਕਰਨ। ਇਸ ਮਾਯੂਸੀ ਵਿਚ ਉਮੀਦ ਫੇਰ ਆ ਕੇ ਹੌਸਲਾ ਦੇਂਦੀ ਹੈ ਕਿ ਹੋਰ ਕੋਸ਼ਿਸ਼ ਕਰੋ ਪਰ ਨਾਲ ਹੀ ਇਹ ਵੀ ਸੁਨੇਹਾ ਦੇ ਜਾਂਦੀ ਹੈ ਕਿ ਜਿੱਤ ਤੇ ਹਾਰ ਦੋਹਾਂ ਵਾਸਤੇ ਹੀ ਤਿਆਰ ਹੋਣਾ ਚਾਹੀਦਾ ਹੈ, ਪੱਕੀ ਜਿੱਤ ਦਾ ਇਕਰਾਰ ਨਹੀਂ।

ਇਹ ਮਾਯੂਸੀ ਬਹੁਤ ਮਨੁੱਖਾਂ ਨੂੰ ਆਉਂਦੀ ਹੈ। ਜਦ ਵਿਚਾਰ ਕੀਤੀ ਜਾਵੇ ਤਾਂ ਇਹ ਸਿਰਫ ਅਗਿਆਨਤਾ ਦਾ ਨਤੀਜਾ ਹੈ। ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨ ਨਾਲ ਮਨੁੱਖ ਨੂੰ ਇਹ ਪਤਾ ਲਗਦਾ ਹੈ ਕਿ ਉਹ ਕੀ ਚੀਜ਼ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
(ਆਸਾ ਮਹਲਾ ੩)

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ।
ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੁਪਾਲ ਸਹਾਏ।
(ਰਾਗ ਮਲ੍ਹਾਰ ਮਹਲਾ ੫)

ਜਦ ਇਹ ਸੁਨੇਹਾ ਮਿਲਦਾ ਹੈ ਤਦ ਮਨੁੱਖ ਬੜਾ ਹੈਰਾਨ ਹੁੰਦਾ ਹੈ ਕਿ ਮੈਂ ਤਾਂ ਆਪਣੇ ਆਪ ਨੂੰ ਇਕ ਡਿਗੀ ਹੋਈ ਚੀਜ਼ ਸਮਝਿਆ ਸੀ, ਜਿਸ ਦੀ ਕੋਈ ਮਦਦ ਕਰਨ ਵਾਲਾ ਨਹੀ ਹੈ, ਕੋਈ ਰਸਤਾ ਦਸਣ ਵਾਲਾ ਨਹੀ ਹੈ, ਕੋਈ ਸਹਾਰਾ ਦੇਣ ਵਾਲਾ ਨਹੀਂ ਹੈ, ਜਿਸ ਦੀਆਂ ਉਮੀਦਾਂ ਖ਼ਤਮ ਹੋ ਚੁਕੀਆਂ ਹਨ, ਪਰ ਇਹ ਸ਼ਬਦ ਪੜ੍ਹਨ ਨਾਲ ਜਾਨ ਪੈ ਗਈ ਹੈ, ਹੋਸ਼ ਆ ਗਈ ਹੈ।

ਮੈਂ ਤਾਂ ਜੋਤ ਸਰੂਪ ਹਾਂ, ਵਾਹਿਗੁਰੂ ਦੀ ਜੋਤ ਹਾਂ। ਵਾਹਿਗੁਰੂ ਵਿਚ ਕੋਈ ਗਲਤੀ ਨਹੀ, ਨਾਕਾਮਯਾਬੀ ਨਹੀ, ਘਾਟਾ ਕਦੀ ਆ ਨਹੀਂ ਸਕਦਾ, ਪੂਰੀ ਅਕਲ ਤੇ ਹਿੰਮਤ ਹੈ। ਮੈਨੂੰ ਵਾਹਿਗੁਰੂ ਦੀ ਜੋਤ ਹੋਣ ਕਰ ਕੇ ਇਹ ਸਾਰੇ ਗੁਣ ਹਾਸਲ ਹਨ। ਮੈਂ ਜੋਤ ਆਪਣੇ ਅੰਦਰ ਨਾ ਵੇਖਣ ਕਰ ਕੇ ਹਨੇਰੇ ਵਿਚ ਕੰਮ ਕਰ ਰਿਹਾ ਸਾਂ ਤੇ ਵਾਹਿਗੁਰੂ ਦੇ ਬਖ਼ਸ਼ੇ ਹੋਏ ਗੁਣਾਂ ਤੋਂ ਵਾਂਝਿਆ ਹੋਇਆ ਸਾਂ। ਸ਼ਬਦ ਵਿਚ ਨਾਲ ਇਹ ਇਕਰਾਰ ਹੈ ਕਿ ਵਾਹਿਗੁਰੂ ਅੰਗ-ਸੰਗ ਹੈ। ਉਹਨੂੰ ਢੂੰਡਣ ਕਿਧਰੇ ਨਹੀਂ ਜਾਣਾ, ਉਸ ਦੇ ਰੰਗ ਮਾਨਣੇ ਹਨ। ਤਕਲੀਫਾਂ ਤੇ ਨਾਕਾਮਯਾਬੀਆਂ ਏਥੇ ਆ ਹੀ ਨਹੀਂ ਸਕਦੀਆਂ।

ਮੈਨੂੰ ਇਹ ਸ਼ਬਦ ਪੜ੍ਹਨ ਨਾਲ ਮਨ ਵਿਚ ਬੜੀ ਖੁਸ਼ੀ ਹੋਈ ਹੈ। ਉਮੀਦਾਂ ਪੂਰੇ ਰੰਗ ਵਿਚ ਸਾਮ੍ਹਣੇ ਆ ਗਈਆਂ ਹਨ। ਇਕ ਖ਼ਿਆਲ ਅਜੇ ਵੀ ਸੋਚ ਵਿਚ ਬਾਕੀ ਹੈ—ਉਹਦੇ ਵਲ ਧਿਆਨ ਕਰਨ ਦੀ ਲੋੜ ਹੈ। ਖ਼ਿਆਲ ਇਹ ਹੈ ਕਿ ਰਸਤਾ ਤਾਂ ਮਿਲ ਗਿਆ ਹੈ, ਇਹਦੇ ਉਤੇ ਚਲਣ ਦਾ ਕੀ ਬੰਦੋਬਸਤ ਹੋਵੇ ?

ਸਭ ਤੋਂ ਅੱਛਾ ਰਸਤਾ ਦਸਣ ਵਾਲਾ ਵਾਹਿਗੁਰੂ ਹੈ। ਉਸੇ ਦੀ ਸ਼ਰਨ ਹਮੇਸ਼ਾ ਰਹਿਣਾ ਚਾਹੀਦਾ ਹੈ। ਪਰ ਸ਼ੁਰੂ-ਸ਼ੁਰੂ ਵਿਚ ਕਿਸੇ ਅਭਿਆਸੀ ਗਿਆਨਵਾਨ ਦੀ ਮਦਦ ਲੈਣੀ ਉਚਿਤ ਹੈ। ਹਰ ਹਾਲਤ ਵਿਚ ਇਹ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਤੇ ਵਾਹਿਗੁਰੂ ਨੂੰ ਸਮਝੇ ਅਤੇ ਦੋਹਾਂ ਵਿਚ ਸੰਬੰਧ ਦੀ ਪੜਚੋਲ ਕਰੇ। ਗਿਆਨ ਤੋਂ ਬਿਨਾਂ ਬੁਨਿਆਦ ਕੱਚੀ ਰਹਿ ਜਾਂਦੀ ਹੈ ਤੇ ਘਾਲ ਕਦੀ ਸਿਰੇ ਨਹੀਂ ਚੜ੍ਹਦੀ।

ਵਾਹਿਗੁਰੂ ਨੂੰ ਸਮਝਣ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਨੇਮ ਨਾਲ ਕਰਨਾ ਜ਼ਰੂਰੀ ਹੈ। ਵਾਹਿਗੁਰੂ ਦਾ ਸਰੂਪ ਆਪਣੇ ਮਨ ਵਿਚ ਐਸਾ ਬਣਾਵੇ ਜੈਸਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ। ਹਰ ਰੋਜ਼ ਪਾਠ ਸਮਝ ਕੇ ਕਰਨ ਨਾਲ ਹੌਲੇ-ਹੌਲੇ ਠੀਕ ਸਰੂਪ ਤੇ ਸੁਭਾਅ ਦੀ ਤਸਵੀਰ ਮਨ ਵਿਚ ਬੈਠ ਜਾਵੇਗੀ। ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਵੇਖੇਗਾ ਤੇ ਜੋਤ ਹੋਣ ਕਰਕੇ ਵਾਹਿਗੁਰੂ ਦੇ ਸਾਰੇ ਗੁਣ ਆਪਣੇ ਆਪ ਵਿਚ ਪ੍ਰਕਾਸ਼ ਹੁੰਦੇ ਵੇਖੇਗਾ।

ਜੋਤ ਹੋਣ ਕਰਕੇ ਆਪਣੇ ਆਪ ਨੂੰ ਵਾਹਿਗੁਰੂ ਦਾ ਬੱਚਾ ਸਮਝੇਗਾ ਤੇ ਪੁੱਤਰ ਦੀ ਹੈਸੀਅਤ ਵਿਚ ਹਰ ਚੀਜ਼ ਵਾਹਿਗੁਰੂ ਕੋਲੋਂ ਵਿਰਸੇ ਵਿਚ ਲਵੇਗਾ।

ਕੁਝ ਅਭਿਆਸ ਕਰਨ ਦੇ ਬਾਅਦ ਮਨੁੱਖ ਨੂੰ ਪਤਾ ਲਗ ਜਾਵੇਗਾ ਕਿ ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ, ਸਰਬ-ਸ਼ਕਤੀਮਾਨ ਹੈ। ਹਰ ਜਗ੍ਹਾ ਤੇ ਹਰ ਵੇਲੇ ਮੌਜੂਦ ਹੈ। ਉਹਦੀ ਮਦਦ ਤੇ ਮਿਹਰਬਾਨੀ ਕਦੀ ਬੰਦ ਨਹੀਂ ਹੁੰਦੀ, ਉਹ ਮੇਰੇ ਅੰਦਰ ਵਿਆਪ ਰਿਹਾ ਹੈ। ਮੇਰੀ ਸਾਰੀ ਅਕਲ, ਹਿੰਮਤ, ਸੋਚ ਵਾਹਿਗੁਰੂ ਦੀ ਹੈ। ਉਹ ਮੇਰੇ ਅੰਦਰ ਰਹਿ ਕੇ ਕੁਲ ਕੰਮ ਚਲਾ ਰਿਹਾ ਹੈ। ਜਦ ਇਹ ਅਵਸਥਾ ਹੋ ਜਾਵੇਗੀ ਤਾਂ ਫਿਰ ਇਸ ਅਵਸਥਾ ਵਿਚ ਬੈਠਿਆਂ ਕੁਲ ਕੰਮ ਰਾਸ ਹੋਣਗੇ। ਨਾਕਾਮਯਾਬੀ, ਘਾਟਾ ਕਦੀ ਨੇੜੇ ਨਹੀਂ ਆ ਸਕਦੇ।

ਇਸ ਗਿਆਨ ਦੇ ਹੁੰਦਿਆਂ ਵੀ ਸ਼ੁਰੂ-ਸ਼ੁਰੂ ਵਿਚ ਨਾਕਾਮਯਾਬੀ ਤੇ ਘਾਟ ਕਦੀ ਕਦੀ ਆ ਸ਼ਕਲ ਦਿਖਾਂਦੇ ਹਨ। ਕਦੇ ਵੀ ਇਹਨਾਂ ਕੋਲੋਂ ਨਾ ਡਰੋ। ਇਹਨਾਂ ਨੂੰ ਸੁਪਨੇ ਵਾਂਗ ਜਾਂ ਸਿਨਮਿਆਂ ਦੀ ਤਸਵੀਰ ਵਾਂਗ ਬੇਜਾਨ ਤੇ ਬੇਬੁਨਿਆਦ ਵੇਖੋ ਅਤੇ ਇਹਨਾਂ ਦੀ ਪ੍ਰਵਾਹ ਨਾ ਕਰੋ। ਜੇ ਪ੍ਰਵਾਹ ਕਰ ਕੇ ਡਰੋਗੇ ਤਾਂ ਇਹ ਮਗਰੋਂ ਨਹੀਂ ਲਹਿਣਗੇ। ਇਹਨਾਂ ਨੂੰ ਮੰਨਜ਼ੂਰ ਕਰਨ ਦੀ ਥਾਂ ਇਹਨਾਂ ਦੀ ਹਸਤੀ ਤੋਂ ਇਨਕਾਰ ਕਰ ਦੇਣਾ, ਇਨ੍ਹਾਂ ਦੀ ਬਰਬਾਦੀ ਦਾ ਕਾਰਨ ਹੁੰਦਾ ਹੈ।

'ਪਾਪ ਤੋਂ ਪਰਹੇਜ਼ ਕਰਨਾ ਜ਼ਰੂਰੀ ਹੈ।'

ਦੌਲਤਮੰਦ ਕੌਣ ਹੈ ?

ਦੌਲਤਮੰਦ ਉਹ ਹੈ ਜਿਸ ਦੇ ਕੋਲ ਦੌਲਤ ਹੋਵੇ। ਦੌਲਤਮੰਦਾਂ ਦੀਆਂ ਕਈ ਹਾਲਤਾਂ ਹਨ। ਇਨ੍ਹਾਂ ਨੂੰ ਸਾਹਮਣੇ ਰਖ ਕੇ ਵੇਖਣਾ ਜ਼ਰੂਰੀ ਹੈ ਕਿ ਇਨ੍ਹਾਂ ਵਿਚੋਂ ਅਸਲੀ ਦੌਲਤਮੰਦ ਕੌਣ ਹੈ ਤੇ ਨਕਲੀ ਕੌਣ ਹੈ ?

ਇਕ ਨੌਕਰੀ ਵਾਲਾ ਮਨੁੱਖ, ਜਿਸ ਦੀ ਮਹੀਨੇ ਦੀ ਦੋ ਹਜ਼ਾਰ ਤਨਖਾਹ ਹੈ ਤੇ ਜਿਸ ਦਾ ਖ਼ਰਚ ਵੀ ਲਗਪਗ ਉਤਨਾ ਹੀ ਹੈ, ਬੈਂਕ ਵਿਚ ਕੁਝ ਜਮ੍ਹਾਂ ਨਹੀਂ ਕਰ ਸਕਦਾ। ਇਸ ਦਾ ਠਾਠ-ਬਾਠ ਤਾਂ ਅਮੀਰੀ ਜ਼ਰੂਰ ਹੈ, ਪਰ ਬੈਂਕ ਵਿਚ ਰੁਪਿਆ ਜਮ੍ਹਾਂ ਨਾ ਹੋਣ ਕਰ ਕੇ ਉਹ ਦੌਲਤਮੰਦ ਨਹੀਂ ਕਹਾ ਸਕਦਾ। ਮਨ ਉਹਦਾ ਹਰ ਵੇਲੇ ਫਿਕਰ ਵਿਚ ਹੈ ਤੇ ਹਰ ਵੇਲੇ 'ਹੋਰ ਹੋਰ' ਦੀ ਮੰਗ ਦਿਲ ਵਿਚ ਗਰੀਬੀ ਵਸਾਈ ਰਖਦੀ ਹੈ।

ਜਿਹੜਾ ਆਪਣੀ ਤਨਖਾਹ ਵਿਚ ਖ਼ਰਚ ਵੀ ਪੂਰਾ ਨਹੀਂ ਕਰ ਸਕਦਾ ਤੇ ਕਰਜ਼ਾ ਲੈ ਕੇ ਗੁਜ਼ਾਰਾ ਕਰਦਾ ਹੈ, ਉਹ ਭਾਵੇਂ ਕਿੰਨੇ ਵੀ ਠਾਠ-ਬਾਠ ਦਾ ਮਾਲਕ ਹੋਵੇ, ਦੌਲਤਮੰਦ ਨਹੀਂ ਹੈ। ਉਹਦਾ ਕਰਜ਼ਾ ਉਸ ਨੂੰ ਗਰੀਬਾਂ ਨਾਲੋਂ ਹੇਠਲੇ ਦਰਜੇ ਤੇ ਲਿਜਾ ਸੁਟਦਾ ਹੈ।

ਜਿਸ ਦਾ ਖ਼ਰਚ ਆਪਣੀ ਤਨਖਾਹ ਦੇ ਵਿਚ-ਵਿਚ ਹੋ ਜਾਂਦਾ ਹੈ। ਹਰ ਮਹੀਨੇ ਕੁਝ ਬੱਚਤ ਬੈਂਕ ਵਿਚ ਜਮ੍ਹਾ ਕਰ ਰਿਹਾ ਹੈ, ਉਹ ਆਦਮੀ ਉਤਲੇ ਦੋਹਾਂ ਨਾਲੋਂ ਸੁਖ ਦਾ ਸਾਹ ਲੈ ਰਿਹਾ ਹੈ। ਪਰ ਖ਼ਰਚ ਵਿਚ ਗੁੰਜਾਇਸ਼ ਕਰਨ ਨਾਲ ਦੂਸਰੇ ਦੇ ਮੁਕਾਬਲੇ ਤੇ ਆਪਣੀ ਹੈਸੀਅਤ ਨਾ ਰਖਣ ਦਾ ਖ਼ਿਆਲ ਦਿਲ ਵਸਾਈ ਰਖਦਾ ਹੈ। ਜਦ ਜਮ੍ਹਾ ਕੀਤਾ ਹੋਇਆ ਰੁਪਿਆ ਖ਼ਿਆਲ ਵਿਚ ਆਉਂਦਾ ਹੈ ਤੇ ਉਸ ਦੇ ਮੁਕਾਬਲੇ ਤੇ ਬੱਚਿਆਂ ਦੀ ਪੜ੍ਹਾਈ ਤੇ ਉਹਨਾਂ ਦੀਆਂ ਸ਼ਾਦੀਆਂ ਦਾ ਖ਼ਰਚ ਸਾਹਮਣੇ ਦਿਸਦਾ ਹੈ ਤਾਂ ਘਾਟਾ ਹੀ ਨਜ਼ਰ ਆਉਂਦਾ ਹੈ। ਬੇਫਿਕਰੀ ਵਿਚ ਜ਼ਿੰਦਗੀ ਗੁਜ਼ਾਰਨ ਦਾ ਨਜ਼ਾਰਾ ਅੱਖਾਂ ਅਗੇ ਨਹੀਂ ਆ ਸਕਦਾ।

ਹੁਣ ਇਕ ਉਸ ਮਨੁੱਖ ਦੀ ਮਿਸਾਲ ਲਵੋ ਜਿਹੜਾ ਕਿ ਕਾਰ-ਵਿਹਾਰ ਵਿਚ

ਕੰਮ ਕਰ ਰਿਹਾ ਹੈ। ਇਹਦੀ ਦੌਲਤ ਜਿੰਨੀ ਕਾਰ-ਵਿਹਾਰ ਵਿਚ ਲਗੀ ਹੋਈ ਹੈ, ਇਹ ਦੌਲਤ ਤਾਂ ਜ਼ਰੂਰ ਹੈ ਪਰ ਐਸੀ ਫਸੀ ਹੋਈ ਹੁੰਦੀ ਹੈ ਕਿ ਉਹਨੂੰ ਜ਼ਰੂਰਤ ਵੇਲੇ ਹਿਲਾ ਨਹੀਂ ਸਕਦਾ, ਕਢ ਕੇ ਵਰਤ ਨਹੀਂ ਸਕਦਾ। ਜੇ ਕਢੇ ਤਦ ਕਾਰ-ਵਿਹਾਰ ਵਿਚ ਗੜਬੜ ਹੋ ਜਾਂਦੀ ਹੈ। ਇਸ ਕਰ ਕੇ ਇਸ ਨੂੰ ਉਹ ਦੌਲਤ ਛਡ ਕੇ ਆਮਦਨੀ ਤੇ ਖ਼ਰਚ ਵਲ ਵੇਖਣਾ ਪੈਂਦਾ ਹੈ। ਤਨਖਾਹ ਵਾਲੇ ਵਾਂਗ ਜੇਕਰ ਇਹਦਾ ਵੀ ਖ਼ਰਚ ਆਮਦਨੀ ਨਾਲੋਂ ਜ਼ਿਆਦਾ ਹੋਵੇ ਜਾਂ ਬਰਾਬਰ ਹੋਵੇ ਤਾਂ ਇਹ ਦੌਲਤਮੰਦ ਨਹੀਂ ਕਹਾ ਸਕਦਾ। ਭਾਵੇਂ ਫੂਲ ਫੂਲਾ ਤੇ ਦਿਖਾਵਾ ਕਿੰਨਾ ਅਮੀਰੀ ਕਿਉਂ ਨਾ ਹੋਵੇ। ਜੇਕਰ ਇਹਦੀ ਆਮਦਨ ਖ਼ਰਚ ਨਾਲੋਂ ਜ਼ਿਆਦਾ ਹੋਵੇ ਤਾਂ ਨੌਕਰੀ ਵਾਲੇ ਵਾਂਗ ਫਿਕਰਮੰਦੀ ਵਾਲੀ ਹਾਲਤ ਵਿਚ ਰਹਿੰਦਾ ਹੈ। ਪੱਕਾ ਦੌਲਤਮੰਦ ਹੋਣ ਦੀ ਡੀਂਗ ਨਹੀਂ ਮਾਰ ਸਕਦਾ।

ਇਸੇ ਤਰ੍ਹਾਂ ਦੁਨੀਆਂ ਵਿਚ ਹੋਰ-ਹੋਰ ਹਾਲਾਤ ਵਿਚ ਵੀ ਕੋਈ ਐਸੀ ਹਾਲਤ ਨਹੀਂ, ਜਿਸ ਵਿਚ ਕੋਈ ਬੇਫਿਕਰੀ ਦੀ ਦੌਲਤਮੰਦੀ ਦਾ ਦਾਅਵਾ ਕਰ ਸਕੇ। ਜੋ ਦੌਲਤ ਪਾਪਾਂ ਤੇ ਧੋਖੇ ਨਾਲ ਕਮਾਈ ਹੋਈ ਹੈ ਤਾਂ ਉਸ ਮਨੁੱਖ ਨੂੰ ਕੰਗਾਲ ਤੋਂ ਵੀ ਨੀਵਾਂ ਸਮਝੋ। ਉਹਦੀ ਦੌਲਤ ਡਰਾਉਣੇ ਨਜ਼ਾਰੇ ਪੈਦਾ ਕਰ ਕੇ ਚਲੇ ਜਾਣ ਦਾ ਨਕਸ਼ਾ ਦੁਨੀਆ ਨੂੰ ਦਿਖਾਵੇਗੀ, ਇਹਨੂੰ ਦੌਲਤਮੰਦ ਕਦੀ ਨਾ ਸਮਝੋ।

ਭਾਵੇਂ ਕਿੰਨੇ ਅਮੀਰੀ ਠਾਠ ਦਾ ਮਾਲਕ ਕਿਉਂ ਨਾ ਹੋਵੇ, ਕੋਈ ਦੌਲਤਮੰਦ ਐਸਾ ਨਹੀਂ ਜਿਸ ਨੂੰ ਦੌਲਤ ਦੀ ਬੇਵਫ਼ਾਈ ਨਾਲ ਛੱਡ ਕੇ ਚਲੇ ਜਾਣ ਦਾ ਧੁੜਕੂ ਨਾ ਹੋਵੇ। ਕੋਈ ਐਸਾ ਨਹੀਂ ਜਿਹੜਾ 'ਹੋਰ ਹੋਰ' ਨਾ ਮੰਗੇ, ਜਾਂ 'ਹੋਰ ਹੋਰ' ਦੀ ਕੋਸ਼ਿਸ਼ ਛਡ ਦੇਵੇ। ਗਰਜ਼ ਕਿ ਦੁਨਿਆਵੀ ਦੌਲਤ ਤੇ ਕੋਈ ਵੀ ਇਤਬਾਰ ਸਦਾ ਸੰਗ ਰਹਿਣ ਦਾ ਦਾਅਵਾ ਨਹੀਂ ਕਰ ਸਕਦਾ। ਇਹਦੀ 'ਹੋਰ ਹੋਰ' ਦੀ ਭੁੱਖ ਕਦੀ ਨਹੀਂ ਮਿਟਦੀ। ਕੋਈ ਇਕ ਮਨੁੱਖ ਵੀ ਹਮੇਸ਼ਾ ਵਾਸਤੇ ਰੱਜਿਆ ਹੋਇਆ ਤੇ ਬੇਫਿਕਰ ਦੌਲਤਮੰਦ ਨਹੀਂ ਹੈ, ਇਸ ਕਰ ਕੇ ਦੁਨੀਆਂ ਵਿਚ ਕੋਈ ਵੀ ਅਸਲੀ ਦੌਲਤਮੰਦ ਨਹੀਂ ਕਹਾ ਸਕਦਾ। ਸਭ ਨਕਲੀ ਦੌਲਤਮੰਦ ਹਨ। ਅਸਲੀ ਦੌਲਤਮੰਦ ਉਹ ਹੈ, ਜਿਹੜਾ ਰੱਜਿਆ ਹੋਇਆ ਹੈ ਤੇ ਜਿਸ ਦੀ 'ਹੋਰ ਹੋਰ' ਬੱਸ ਹੋ ਗਈ ਹੈ। ਜਿਸ ਨੂੰ ਪੂਰਾ ਯਕੀਨ ਹੈ ਕਿ ਜ਼ਰੂਰਤ ਵੇਲੇ ਬਿਨਾਂ ਮੰਗਣ ਤੇ ਬਿਨਾਂ ਯਤਨ ਕਰਨ ਦੇ ਉਹਦੀ ਜ਼ਰੂਰਤ ਪੂਰੀ ਕਰਨ ਵਾਸਤੇ ਦੌਲਤ ਮਿਲੇਗੀ ਤੇ ਖੁਲ੍ਹੀ ਮਿਲੇਗੀ, ਜਿੰਨੀ ਚਾਹਾਂਗਾ ਉਤਨੀ ਮਿਲੇਗੀ। ਦੌਲਤ ਦਾ ਮਿਲਣਾ ਦੁਨਿਆਵੀ ਵਪਾਰ, ਨੌਕਰੀ ਆਦਿ ਕੋਸ਼ਿਸ਼ਾਂ ਦੇ ਸਹਾਰੇ ਤੇ ਨਹੀਂ ਹੋਵੇਗਾ।

ਮਿਸਾਲ ਦੇ ਤੌਰ ਤੇ ਮਨੁੱਖ ਨੂੰ ਸਭ ਤੋਂ ਜ਼ਿਆਦਾ ਲੋੜ ਹਵਾ ਦੀ ਹੈ। ਦੌਲਤ ਬਿਨਾਂ ਕੁਝ ਚਿਰ ਗੁਜ਼ਾਰਾ ਕਰ ਲਵੇਗਾ ਪਰ ਹਵਾ ਬਿਨਾਂ ਇਕ ਪਲ ਸਵਾਸ ਨਾ ਆਵੇ ਤਾਂ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ। ਇਤਨੀ ਜ਼ਰੂਰੀ ਚੀਜ਼ ਹੋਣ ਦੇ ਬਾਵਜੂਦ ਕੋਈ ਮਨੁੱਖ ਹਵਾ ਨੂੰ ਜਮ੍ਹਾਂ ਕਰ ਕੇ ਨਹੀਂ ਰਖਦਾ। ਕਿਉਂਕਿ ਇਹ ਹਰ ਵੇਲੇ ਤੇ ਹਰ ਜਗ੍ਹਾ ਤੇ ਮਿਲ ਰਹੀ ਹੈ। ਕਿਉਂਕਿ ਹਵਾ ਦੇ ਹਰ ਵੇਲੇ ਮਿਲਣ ਦਾ ਪੱਕਾ ਯਕੀਨ ਹੈ, ਇਸ ਵਾਸਤੇ ਮਨੁੱਖ ਹਵਾ ਦਾ ਅਸਲੀ ਦੌਲਤਮੰਦ ਕਹਾ ਸਕਦਾ ਹੈ।

ਜਦ ਮਨੁੱਖ ਨੂੰ ਗਿਆਨ ਹੋ ਜਾਂਦਾ ਹੈ ਕਿ ਵਾਹਿਗੁਰੂ ਨੇ ਕੁਲ ਚੀਜ਼ਾਂ ਮਨੁੱਖ ਦੀ ਜ਼ਰੂਰਤ ਪੂਰਾ ਕਰਨ ਵਾਸਤੇ ਅਮਿਤੀਆਂ ਪੈਦਾ ਕੀਤੀਆਂ ਹਨ ਤੇ ਹਰ ਵੇਲੇ ਮਨੁੱਖ ਨੂੰ ਵਾਹਿਗੁਰੂ (ਜੋਤ) ਦਾ ਬੱਚਾ ਹੋਣ ਕਰਕੇ ਵਿਰਸੇ ਵਿਚ ਮਿਲੀਆਂ ਹੋਈਆਂ ਹਨ, ਉਹ ਬਿਨਾਂ ਮੰਗੇ ਤੇ ਬਿਨਾਂ ਯਤਨ ਦੇ ਲੈਣ ਦਾ ਹੱਕ ਰੱਖਦਾ ਹੈ, ਤਦ ਫੇਰ ਹਵਾ ਵਾਂਗ ਹਰ ਵੇਲੇ ਦੌਲਤ ਵੀ ਮਿਲਦੀ ਹੈ। ਦੌਲਤ ਦਾ ਮਨੁੱਖ ਦੇ ਵਪਾਰ, ਨੌਕਰੀ ਆਦਿ ਕੰਮਾਂ ਤੇ ਸਹਾਰਾ ਨਹੀਂ ਹੁੰਦਾ।

ਇਸ ਆਤਮਕ ਗਿਆਨ ਨੂੰ ਹਾਸਲ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੋਜ਼ ਪਾਠ ਕਰਨਾ, ਉਸ ਨੂੰ ਸਮਝਣਾ, ਉਸ ਵਿਚ ਦੱਸੇ ਹੋਏ ਹੁਕਮਾਂ (ਅਸੂਲਾਂ) ਅਨੁਸਾਰ ਆਪਣੀ ਜ਼ਿੰਦਗੀ ਦਾ ਵਰਤਾਰਾ ਬਨਾਣਾ ਜ਼ਰੂਰੀ ਹੈ। ਇਹ ਵੀ ਬੜਾ ਜ਼ਰੂਰੀ ਹੈ ਕਿ ਪਾਠ ਕਰਕੇ ਵਾਹਿਗੁਰੂ ਦੀ ਦਰੁਸਤ ਪਛਾਣ ਹਾਸਲ ਕਰੇ। ਵਾਹਿਗੁਰੂ ਦੇ ਸੁਭਾਅ ਤੇ ਸਰੂਪ ਨੂੰ ਪੂਰੀ ਤਰ੍ਹਾਂ ਸਮਝੇ। ਮਨੁੱਖ ਦਾ ਵਾਹਿਗੁਰੂ ਨਾਲ ਕੀ ਸੰਬੰਧ ਹੈ, ਇਹ ਵੀ ਸੋਝੀ ਹਾਸਲ ਕਰੇ। ਇਹੀ ਗ੍ਰਿਹਸਤੀ ਦਾ ਸਿਮਰਨ ਹੈ। ਸ਼ੁਰੂ ਸ਼ੁਰੂ ਵਿਚ ਕਿਸੇ ਗਿਆਨਵਾਨ ਦੀ ਮਦਦ ਲੈਣੀ ਉਚਿੱਤ ਹੈ ਤੇ ਪਾਪ ਕਰਨ ਤੋਂ ਪਰਹੇਜ਼ ਕਰਨਾ ਹੈ।

ਆਖ਼ਰ ਵਿਚ ਇਕ ਸ਼ਬਦ ਦਰਜ ਕੀਤਾ ਹੈ, ਜਿਸ ਤੋਂ ਪਤਾ ਲਗਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਦੌਲਤ ਬਾਰੇ ਕੀ ਹੁਕਮ ਹੈ ਤੇ ਸੰਤ ਜਿਨ੍ਹਾਂ ਨੇ ਸ਼ਬਦ ਲਿਖਿਆ ਹੈ—ਉਹਨਾਂ ਨੇ ਹਰੀ ਧਨ ਕੀ ਚੀਜ਼ ਦੇਖੀ ਹੈ ? ਹਰੀ ਧਨ ਜੋ ਸਿਮਰਨ ਨਾਲ ਇਕੱਠਾ ਕੀਤਾ ਜਾਂਦਾ ਹੈ, ਤਬਦੀਲੀ ਹੋ ਕੇ ਜੋ ਜ਼ਰੂਰਤਾਂ ਦੌਲਤ ਪੂਰੀਆਂ ਕਰਦੀ ਹੈ, ਪੂਰੀਆਂ ਕਰਦਾ ਹੈ ਬਲਕਿ ਜੋ ਜ਼ਰੂਰਤਾਂ ਦੌਲਤ ਪੂਰੀਆਂ ਨਹੀਂ ਕਰ ਸਕਦੀ—ਉਹ ਵੀ ਪੂਰੀਆਂ ਕਰਦਾ ਹੈ।

ਕਰਿ ਕਿਰਪਾ ਹਰਿ ਪਰਗਟੀ ਆਇਆ।
ਮਿਲਿ ਸਤਿਗੁਰ ਧਨੁ ਪੂਰਾ ਪਾਇਆ।

ਐਸਾ [1]ਹਰਿ ਧਨੁ [2]ਸੰਚੀਐ ਭਾਈ।
[3]ਭਾਹਿ ਨ ਜਾਲੈ ਜਲਿ ਨਹੀ ਡੂਬੈ
ਸੰਗੁ ਛੋਡਿ ਕਰ ਕਤਹੁ ਨ ਜਾਈ।ਰਹਾਉ।
ਤੋਟਿ ਨ ਆਵੈ ਨਿਖੁਟਿ ਨਾ ਜਾਇ।
ਖਾਇ ਖਰਚਿ ਮਨੁ ਰਹਿਆ [4]ਅਘਾਇ।
ਸੋ ਸਚੁ ਸਾਹੁ ਜਿਸੁ ਘਰਿ ਹਰਿ ਧਨੁ [5]ਸੰਚਾਣਾ।
ਇਸ ਧਨੁ ਤੇ ਸਭੁ ਜਗੁ [6]ਵਰਸਾਣਾ।
ਤਿਨਿ ਹਰਿ ਧਨੁ ਪਾਇਆ
ਜਿਸੁ [7]ਪੁਰਬ ਲਿਖੇ ਕਾ ਲਹਣਾ।
ਜਨ ਨਾਨਕ ਅੰਤਿ ਵਾਰ ਨਾਮੁ ਗਹਣਾ।

---

੧. ਹਰੀ ਨਾਮ ਧਨ, ੨. ਇਕੱਠਾ ਕਰੀਏ। ੩. ਅੱਗ, ੪. ਰੱਜਿਆ, ੫. ਇਕੱਠਾ ਹੋਇਆ, ੬. ਵੰਡਦਾ ਹੈ, ੭. ਪਹਿਲੋਂ ਦੇ ਲਿਖੇ ਹੋਏ ਭਾਗਾਂ ਅਨੁਸਾਰ।

ਮੂੰਹ ਮੰਗੀ ਮੁਰਾਦ

ਅਸੀਂ ਸਭ ਚਾਹੁੰਦੇ ਹਾਂ ਕਿ ਸਾਨੂੰ ਮੂੰਹ ਮੰਗੀਆਂ ਮੁਰਾਦਾਂ ਮਿਲਣ, ਪਰ ਕੋਈ ਇਕ ਵੀ ਦੁਨੀਆਦਾਰ–ਰਾਜਾ ਜਾਂ ਬਾਦਸ਼ਾਹ ਐਸਾ ਨਹੀਂ ਹੋਇਆ, ਜਿਹੜਾ ਸਭ ਮੂੰਹ ਮੰਗੀਆਂ ਮੁਰਾਦਾਂ ਦਾ ਮਾਲਕ ਹੋਵੇ। ਜੇ ਕੋਈ ਦੋ ਮੁਰਾਦਾਂ ਪੂਰੀਆਂ ਹੋ ਵੀ ਗਈਆਂ ਹਨ ਤਾਂ ਚਾਰ ਬਾਕੀ ਖੜੀਆਂ ਹਨ, ਜਿਨ੍ਹਾਂ ਦੇ ਨਾ ਪੂਰਾ ਹੋਣ ਕਰਕੇ ਦੋ ਹਾਸਲ ਹੋਈਆਂ ਮੁਰਾਦਾਂ ਦੀ ਖੁਸ਼ੀ ਵੀ ਪੂਰੀ ਨਹੀਂ ਮਾਣੀ ਜਾਂਦੀ। ਜੇਕਰ ਕੋਈ ਪਾਸਾ ਹੈ ਜਿਹੜਾ ਕਿ ਪੂਰੀਆਂ ਮੁਰਾਦਾਂ ਮਾਨਣ ਦਾ ਵਾਇਦਾ ਕਰਦਾ ਹੈ, ਉਹ ਆਤਮਕ ਪਾਸਾ ਹੈ। ਸੰਤਾਂ ਨੇ ਪੂਰੇ ਤਜਰਬੇ ਮਗਰੋਂ ਜੋ ਨਤੀਜਾ ਕੱਢਿਆ ਹੈ, ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪੜ੍ਹ ਕੇ ਵਿਚਾਰਨ ਦੀ ਅਤੇ ਅਭਿਆਸ ਕਰਨ ਦੀ ਲੋੜ ਹੈ। ਸੰਤਾਂ ਦੇ ਪਵਿੱਤਰ ਵਾਕ ਕਦੀ ਗਲਤ ਨਹੀਂ ਹੁੰਦੇ। ਸ਼ਬਦ ਇਹ ਹੈ :-

੧ ਆਪੁ ਗਇਆ ਤਾਂ ਆਪਹਿ ਭਏ।
ਕ੍ਰਿਪਾ ਨਿਧਾਨ ਕੀ ਸਰਨੀ ਪਏ।
੨. ਜੋ ਚਾਹਤ ਸੋਈ ਜਬ ਪਾਇਆ।
ਤਬ ਢੂੰਢਨ ਕਹਾ ਕੋ ਜਾਇਆ।
੩. ਅਸਥਿਰ ਭਏ ਬਸੇ ਸੁਖ ਆਸਨ।
ਗੁਰ ਪ੍ਰਸਾਦਿ ਨਾਨਕ ਸੁਖ ਬਾਸਨ।
(ਗਉੜੀ ਮ: ੫)

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 'ਜੋ ਚਾਹਤ ਸੋਈ ਜਬ ਪਾਇਆ' ਦਾ ਸੁਨੇਹਾ ਹੀ ਨਹੀਂ ਦਿਤਾ ਬਲਕਿ ਹਾਸਲ ਕਰਨ ਦਾ ਰਸਤਾ ਵੀ ਦਸਿਆ ਹੈ।

ਰਸਤਾ ਇਹ ਦਸਿਆ ਹੈ ਕਿ ਆਪਣਾ ਆਪ ਗਵਾ ਦਿਓ ਤੇ ਫੇਰ ਸਭ ਆਪ ਹੀ ਆਪ ਹੋ ਜਾਓਗੇ। ਇਹ ਹਾਲਤ ਹਾਸਲ ਕਰਨੀ ਕੋਈ ਮੁਸ਼ਕਲ ਨਹੀਂ। ਗਿਆਨ ਦੀ ਲੋੜ ਹੈ। ਜਦ ਮਨੁੱਖ ਨੂੰ ਇਹ ਪਤਾ ਹੈ ਕਿ 'ਮਨ ਤੂੰ ਜੋਤ

ਸਰੂਪ ਹੈ ਆਪਣਾ ਮੂਲ ਪਛਾਣ।' ਮੈਂ ਤਾਂ ਵਾਹਿਗੁਰੂ ਦੀ ਜੋਤ ਹਾਂ, ਵਾਹਿਗੁਰੂ ਦਾ ਮੇਰੇ ਵਿਚ ਪੂਰਾ ਪ੍ਰਕਾਸ਼ ਹੈ ਤੇ ਮੈਂ ਅਤੇ ਵਾਹਿਗੁਰੂ ਇਕ ਚੀਜ਼ ਹਾਂ, ਤਦ ਉਹਦੀ ਆਪਣੀ ਹਸਤੀ ਦਾ ਖਿਆਲ ਮਿਟ ਜਾਂਦਾ ਹੈ। ਇਕ ਵਾਹਿਗੁਰੂ ਹੀ ਵਾਹਿਗੁਰੂ ਦਾ ਪ੍ਰਕਾਸ਼ ਦਿਸਦਾ ਹੈ ਤੇ ਆਪਣੇ ਆਪ ਨੂੰ ਵਾਹਿਗੁਰੂ ਦੇ ਵਿਚ ਉਸ ਦੇ ਪ੍ਰਕਾਸ਼ ਦੀ ਇਕ ਜੋਤ ਜਾਂ ਹਿੱਸਾ ਵੇਖਦਾ ਹੈ, ਤਦ ਦੂਈ ਦਾ ਖ਼ਿਆਲ ਮਿਟ ਜਾਂਦਾ ਹੈ ਅਤੇ ਇਕੋ ਹੀ ਇਕੋ ਸਾਰਾ ਪ੍ਰਕਾਸ਼ ਦਿਸਦਾ ਹੈ। ਜਿਸ ਤਰ੍ਹਾਂ ਇਕ ਬਿਜਲੀ ਘਰ ਵਿਚੋਂ ਬਿਜਲੀ ਨਿਕਲ ਕੇ ਅਨੇਕ ਬਲਬਾਂ ਵਿਚ ਜ਼ਾਹਿਰ ਹੋ ਕੇ ਸਾਰੇ ਘਰਾਂ ਵਿਚ ਚਾਨਣ ਕਰਦੀ ਹੈ। ਬਲਬ ਤਾਂ ਅਨੇਕ ਹਨ, ਕੋਈ ਦਸ ਬੱਤੀਆਂ ਦੀ ਸ਼ਕਤੀ ਦਾ ਹੈ, ਕੋਈ ਸੌ ਬੱਤੀਆਂ ਦੀ ਸ਼ਕਤੀ ਦਾ ਤੇ ਕੋਈ ਪੰਜ ਸੌ ਬੱਤੀਆਂ ਦੀ ਸ਼ਕਤੀ ਦਾ, ਪਰ ਬਿਜਲੀ ਸਾਰਿਆਂ ਵਿਚ ਇਕੋ ਹੈ। ਭਾਵੇਂ ਬਲਬ ਵਖਰੇ-ਵਖਰੇ ਹਨ, ਪਰ ਇਕ ਜੋਤ ਵਿਚ ਸਮਾਏ ਹੋਏ ਹਨ। ਇਸੇ ਤਰ੍ਹਾਂ ਕੁਲ ਮਨੁੱਖ ਭਾਵੇਂ ਵਖੋ-ਵਖ ਦਿਸਦੇ ਹਨ, ਪਰ ਇਕੋ ਵਾਹਿਗੁਰੂ ਦੀ ਜੋਤ ਵਿਚ ਸਮਾਏ ਹੋਏ ਹਨ।

ਜਦ ਮਨੁੱਖ ਇਸ ਅਵਸਥਾ ਨੂੰ ਸਮਝ ਲੈਂਦਾ ਹੈ ਕਿ ਮੈਂ ਤੇ ਵਾਹਿਗੁਰੂ ਇਕ ਹਾਂ ਤਦ ਆਪਣਾ ਆਪ ਸਾਰਾ ਵਾਹਿਗੁਰੂ ਹੀ ਦਿਸਦਾ ਹੈ ਅਤੇ ਜੋਤ ਹੋਣ ਕਰਕੇ ਵਾਹਿਗੁਰੂ ਦੇ ਕੁਲ ਗੁਣ ਤੇ ਸ਼ਕਤੀਆਂ ਉਸ ਦੇ ਵਿਚ ਪੈਦਾ ਹੁੰਦੀਆਂ ਹਨ। ਜਿਸ ਤਰ੍ਹਾਂ ਵਾਹਿਗੁਰੂ ਸਾਰੀ ਸ੍ਰਿਸ਼ਟੀ ਨੂੰ ਆਪ ਰਚ ਰਿਹਾ ਹੈ, ਮਨੁੱਖ ਆਪਣੀ ਛੋਟੀ ਸ੍ਰਿਸ਼ਟੀ ਆਪਣੀ ਸ਼ਰਾਹ ਦੀ ਹੱਦ ਦੇ ਅੰਦਰ ਆਪ ਹੀ ਰਚਦਾ ਹੈ ਤੇ ਆਪ ਰਚਣ ਵਾਲਾ ਹੋਣ ਕਰਕੇ 'ਜੋ ਚਾਹਤ ਸੋਈ ਜਬ ਪਾਇਆ' ਵਾਲੀ ਹਾਲਤ ਪ੍ਰਤੱਖ ਅੱਖਾਂ ਸਾਹਮਣੇ ਬਣ ਕੇ ਆ ਜਾਂਦੀ ਹੈ। ਵਾਹਿਗੁਰੂ ਦੀ ਜੋਤ ਆਪਣੇ ਆਪ ਨੂੰ ਦੇਖਣ ਦਾ ਅਭਿਆਸ ਕਰਨ ਨਾਲ ਬੁਰੀਆਂ ਖ਼ਾਹਿਸ਼ਾਂ ਮਨ ਵਿਚੋਂ ਨਿਕਲ ਜਾਂਦੀਆਂ ਹਨ ਤੇ ਫਿਰ ਅਛੇ ਖ਼ਿਆਲ ਤੇ ਅਛੀਆਂ ਖਾਹਿਸ਼ਾਂ ਪੈਦਾ ਹੁੰਦੀਆਂ ਹਨ ਅਤੇ ਉਹਨਾਂ ਦੇ ਪੂਰੇ ਹੋਣ ਵਿਚ ਦੇਰ ਨਹੀਂ ਹੁੰਦੀ। ਫੌਰਨ ਉਹਦਾ ਖ਼ਿਆਲ ਸ਼ਕਲ ਧਾਰ ਕੇ ਸਾਹਮਣੇ ਆ ਜਾਂਦਾ ਹੈ। ਕਿਉਂਕਿ ਸ੍ਰਿਸ਼ਟੀ ਆਪ ਰਚ ਰਿਹਾ ਹੈ (ਜਿਸ ਤਰ੍ਹਾਂ ਸੁਪਨੇ ਵਿਚ ਭੀ ਆਪਣੀ ਸ੍ਰਿਸ਼ਟੀ ਆਪ ਰਚਦਾ ਹੈ) 'ਆਪੁ ਗਇਆ ਤਾ ਆਪਹਿ ਭਏ' ਦੀ ਹਾਲਤ ਪੈਦਾ ਕਰਨ ਵਾਸਤੇ ਅਲਬੱਤਾ ਆਪ ਨੂੰ ਵਾਹਿਗੁਰੂ ਦੀ ਜੋਤ ਦੇਖਣਾ ਤੇ ਉਹਦੇ ਨਾਲ ਇਕੋ ਦੇਖਣ ਦਾ ਅਭਿਆਸ (ਸਿਮਰਨ) ਜ਼ਰੂਰੀ ਹੈ।

ਸਾਰੀ ਵਿਚਾਰ ਦਾ ਤੱਤ ਇਹ ਹੈ ਕਿ ਮਨੁੱਖ ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਸਮਝ ਕੇ ਵਾਹਿਗੁਰੂ ਦੇ ਨਾਲ ਇਕ ਹੋ ਜਾਂਦਾ ਹੈ। ਕੋਈ ਦੂਜੀ ਚੀਜ਼

ਨਜ਼ਰ ਨਹੀਂ ਆਉਂਦੀ ਹੈ। ਫਿਰ 'ਆਪੁ ਗਇਆ ਤਾ ਆਪਹਿ ਭਏ' ਵਾਲੀ ਹਾਲਤ ਦੀ ਸਮਝ ਆਉਂਦੀ ਹੈ ਤੇ ਇਹੋ ਹੀ ਭਾਸਦੀ ਹੈ। ਇਸ ਹਾਲਤ ਵਿਚ ਬੈਠਿਆਂ ਜੋ ਚਾਹਤ ਸੋਈ ਜਬ ਪਾਇਆ' ਆਪ ਹੀ ਹੋ ਜਾਂਦਾ ਹੈ। ਉਹਦੇ ਵਾਸਤੇ ਕੋਈ ਕੋਸ਼ਿਸ਼ ਦੀ ਲੋੜ ਨਹੀਂ ਰਹਿੰਦੀ। ਸ਼ਬਦ ਦੀ ਤੀਸਰੀ ਤੁਕ ਵਾਲੀ ਹਾਲਤ ਵੀ ਖ਼ੁਦ ਬਖ਼ੁਦ ਪੈਦਾ ਹੁੰਦੀ ਹੈ :-

ਅਸਥਿਰ ਭਏ ਬਸੇ ਸੁਖ ਆਸਨ।
ਗੁਰ ਪ੍ਰਸਾਦਿ ਨਾਨਕ ਸੁਖ ਬਾਸਨ।

ਮਨੁੱਖ ਨੂੰ (ਅਸਥਿਰ) ਪੱਕੀ ਨਾ ਬਦਲਣ ਵਾਲੀ ਅਨੰਦ ਦੀ ਹਾਲਤ ਪੈਦਾ ਹੁੰਦੀ ਹੈ, ਜਿਸ ਦੇ ਵਿਚ ਸੁਖ ਹੀ ਸੁਖ ਦਾ ਵਾਸਾ ਹੈ। ਇਹ ਹਾਲਤ ਗੁਰਾਂ ਦੀ ਮਿਹਰ ਨਾਲ ਮਿਲਦੀ ਹੈ ਤੇ ਸੁਖ ਦਾ ਵਾਸਾ ਹਮੇਸ਼ਾਂ ਵਾਸਤੇ ਹੋ ਜਾਂਦਾ ਹੈ।

ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਦੇਖਣ ਦਾ ਅਭਿਆਸ (ਸਿਮਰਨ) ਕਰਨ ਨਾਲ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ। ਇਸ ਕੁਦਰਤੀ ਕਾਨੂੰਨ ਨੂੰ ਬਿਲਕੁਲ ਸ਼ੱਕ ਦੀ ਨਜ਼ਰ ਨਾਲ ਨਾ ਦੇਖੋ।

ਚੈਨ

ਇਕ ਨਾਮ ਅਭਿਆਸੀ ਗੁਰਸਿੱਖ ਦਾ ਸੁਨੇਹਾ ਦਰਜ ਕੀਤਾ ਜਾਂਦਾ ਹੈ, ਜਿਸ ਵਿਚ ਉਹ ਆਪਣੇ ਚੈਨ ਭਰੇ ਮਨ ਦੀ ਅਵਸਥਾ ਦਸਦੇ ਹਨ।

'ਵਾਹਿਗੁਰੂ ਦਾ ਚੈਨ ਹਰ ਵੇਲੇ ਮੇਰੇ ਅੰਦਰ ਮੌਜੂਦ ਹੈ। ਕੋਈ ਦੁਨੀਆਂ ਦਾ ਵਿਘਨ ਉਸ ਨੂੰ ਪਹੁੰਚ ਨਹੀਂ ਸਕਦਾ। ਇਹ ਇਕ ਅਟੱਲ ਚੀਜ਼ ਹੈ, ਜੋ ਹਰ ਵੇਲੇ ਅਦਲਾ-ਬਦਲੀ ਤੋਂ ਬਿਨਾਂ ਅੰਦਰ ਮੌਜੂਦ ਹੈ। ਕੋਈ ਐਸਾ ਵੇਲਾ ਨਹੀਂ ਕਿ ਜਿਸ ਵੇਲੇ ਚੈਨ ਤੇ ਅਨੰਦ ਦੇ ਪੂਰਨ ਹੋਣ ਵਿਚ ਕੋਈ ਕਮੀ ਜ਼ਾਹਿਰ ਹੋਵੇ। ਇਹ ਦੁਨੀਆਂ ਤੋਂ ਇਕ ਵਖਰੀ ਚੀਜ ਹੈ, ਦੁਨੀਆਂ ਦਾ ਇਹਦੇ ਉਪਰ ਕੁਝ ਅਸਰ ਨਹੀਂ ਪੈ ਸਕਦਾ!'

'ਇਹ ਚੈਨ ਉਥੇ ਤਕ ਫੈਲਿਆ ਹੈ, ਜਿਥੋਂ ਤਕ ਮੇਰੀ ਸੁਰਤ ਫੈਲੀ ਹੋਈ ਹੈ, ਜਾਂ ਮੇਰੀ ਸੁਰਤ ਦੀ ਦੁਨੀਆਂ ਦਿਸ ਰਹੀ ਹੈ। ਮੇਰੀ ਦੁਨੀਆਂ ਤੇ ਸੁਰਤ ਦੇ ਘੇਰੇ ਦੇ ਅੰਦਰ ਵਾਲੀਆਂ ਕੁਲ ਚੀਜ਼ਾਂ ਤੇ ਇਹ ਚੈਨ ਪੈ ਕੇ ਉਹਨਾਂ ਚੀਜ਼ਾਂ ਨੂੰ ਅਨੰਦ ਵਿਚ ਬਦਲ ਰਿਹਾ ਹੈ ਤੇ ਸਾਰੇ ਵਿਘਨਾਂ ਨੂੰ ਤਬਾਹ ਕਰ ਰਿਹਾ ਹੈ।'

'ਇਹ ਚੈਨ ਰੱਬੀ ਹੋਣ ਕਰਕੇ ਕਦੀ ਵੀ ਨਹੀਂ ਜਾਂਦਾ, ਹਮੇਸ਼ਾ ਵਾਸਤੇ ਮਿਲ ਰਿਹਾ ਹੈ। ਇਹ ਆਤਮਕ ਚੈਨ ਵਿਚ ਬੈਠ ਕੇ ਨਿਰੇ ਅਨੰਦ ਭੋਗਣ ਦੀ ਮੇਰੀ ਮਨਸ਼ਾ ਨਹੀਂ ਹੈ। ਅਨੰਦ ਵੀ ਮੌਜੂਦ ਰਹੇ ਤੇ ਇਸੇ ਅਨੰਦ ਦੀ ਹਾਲਤ ਵਿਚ ਕੁਲ ਦੁਨੀਆਂ ਦੇ ਕੰਮ ਵੀ ਕੀਤੇ ਜਾਣ। ਵਾਹਿਗੁਰੂ ਅਨੰਦ ਵਿਚ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ।'

ਇਹ ਸੁਨੇਹਾ ਸੌਖੇ ਅੱਖਰਾਂ ਵਿਚ ਦਿਤਾ ਗਿਆ ਹੈ, ਇਸ ਵਾਸਤੇ ਉਮੀਦ ਹੈ ਕਿ ਪਾਠਕਾਂ ਨੂੰ ਸਮਝਣ ਵਿਚ ਕੋਈ ਦਿੱਕਤ ਨਹੀ ਹੋਵੇਗੀ। ਪਰ ਕੁਝ ਪਾਠਕ ਸ਼ਾਇਦ ਅਭਿਆਸ ਦੀ ਅਸਵਥਾ ਵਿਚ ਬੈਠਣ ਦੇ ਆਦੀ ਨਾ ਹੋਣ, ਉਹਨਾਂ ਦੇ ਸਮਝਣ ਵਾਸਤੇ ਕੁਝ ਖੋਲ੍ਹ ਕੇ ਬਿਆਨ ਕੀਤਾ ਜਾਂਦਾ ਹੈ।

ਵਾਹਿਗੁਰੂ ਬੇਅੰਤ ਹੈ ਤੇ ਬੇਅੰਤ ਕਦੀ ਵੀ ਗ਼ੈਰਹਾਜ਼ਰ ਨਹੀਂ ਹੋ ਸਕਦਾ,

ਇਸ ਲਈ ਵਾਹਿਗੁਰੂ ਹਰ ਵੇਲੇ ਹਰ ਹਿਰਦੇ ਵਿਚ ਵਸ ਰਿਹਾ ਹੈ, ਸਰਬ-ਵਿਆਪੀ ਹੈ। ਜਿਥੇ ਵਾਹਿਗੁਰੂ ਹੈ ਉਥੇ ਚੈਨ ਦਾ ਹੋਣਾ ਜ਼ਰੂਰੀ ਹੈ, ਇਸ ਵਾਸਤੇ ਅਭਿਆਸੀ ਦੇ ਮਨ ਵਿਚ ਸਦਾ ਚੈਨ ਦਾ ਹੋਣਾ ਜ਼ਰੂਰੀ ਹੈ।

ਇਹ ਚੈਨ ਦੁਨਿਆਵੀ ਨਹੀਂ, ਇਸ ਵਾਸਤੇ ਦੁਨੀਆਂ ਦੀ ਮਾਰ ਤੋਂ ਉਪਰ ਹੈ। ਦੁਨਿਆਵੀ ਖੁਸ਼ੀ ਆਊ-ਜਾਊ ਹੁੰਦੀ ਹੈ ਤੇ ਥੋੜੀ ਦੇਰ ਵਾਸਤੇ ਹੁੰਦੀ ਹੈ। ਇਸ ਖੁਸ਼ੀ ਦੀ ਪੈਦਾਇਸ਼ ਦੁਨਿਆਵੀ ਚੀਜ਼ਾਂ ਵਿਚੋਂ ਹੁੰਦੀ ਹੈ, ਇਸ ਕਰਕੇ ਇਸ ਹਰ ਵੇਲੇ ਬਦਲਣ ਵਾਲੀ ਦੁਨੀਆਂ ਦੀਆਂ ਚੀਜ਼ਾਂ ਬਦਲਦੀਆਂ ਹਨ, ਤਾਂ ਖੁਸ਼ੀ ਵੀ ਨਾਲ ਹੀ ਬਦਲ ਜਾਂਦੀ ਹੈ। ਆਤਮਕ ਚੈਨ ਵਾਹਿਗੁਰੂ ਵਲੋਂ ਆਉਂਦਾ ਹੈ। ਇਹ ਦੁਨਿਆਵੀ ਚੀਜ਼ ਨਹੀਂ, ਨਾ ਹੀ ਦੁਨਿਆਵੀ ਚੀਜ਼ਾਂ ਤੇ ਇਹਦਾ ਸਹਾਰਾ ਹੈ। ਇਹ ਚੈਨ ਵਾਹਿਗੁਰੂ ਹੈ ਤੇ ਦੁਨਿਆਵੀ ਪਹੁੰਚ ਤੋਂ ਬਾਹਰ ਅਭਿਆਸੀ ਦੇ ਕੋਲ ਮੌਜੂਦ ਰਹਿੰਦਾ ਹੈ, ਕਦੀ ਵੀ ਨਹੀਂ ਜਾਂਦਾ।

ਚੈਨ ਮਨ ਵਿਚ ਹੋਣ ਕਰਕੇ ਬਦਨ ਵਿਚ ਚੈਨ ਦਾ ਹੋਣਾ ਜ਼ਰੂਰੀ ਹੈ। ਬੀਮਾਰੀ ਨਹੀਂ ਆਵੇਗੀ, ਬਦਨ ਤੇ ਹਾਦਸਾ ਨਹੀਂ ਹੋਵੇਗਾ। ਆਬੋ ਹਵਾ ਦਾ ਕੋਈ ਵੀ ਭੈੜਾ ਅਸਰ ਨਹੀਂ ਹੋਵੇਗਾ। ਸਭ ਕੰਮ ਆਤਮਕ ਤੇ ਦੁਨਿਆਵੀ ਸੰਵਰਨਗੇ। ਵਾਹਿਗੁਰੂ ਦੇ ਚੈਨ ਦਾ ਮਨ ਵਿਚ ਪ੍ਰਕਾਸ਼ ਹੋਣ ਨਾਲ ਅਭਿਆਸੀ ਦੀ ਸੁਰਤ ਵਿਚ ਜੋ ਜੋ ਕੰਮ ਜਾਂ ਨਜ਼ਾਰੇ ਆਉਣਗੇ—ਸਭ ਦੇ ਵਿਘਨ ਨਾਸ਼ ਹੋ ਕੇ ਚੈਨ ਤੇ ਅਨੰਦ ਦਾ ਪ੍ਰਕਾਸ਼ ਹੋਵੇਗਾ। ਵਾਹਿਗੁਰੂ ਦੇ ਪ੍ਰਕਾਸ਼ ਦਾ ਇਤਨਾ ਬਲ ਹੈ ਕਿ ਵਿਘਨ ਕਦੀ ਵੀ ਉਸ ਦੇ ਸਾਹਮਣੇ ਜਿਉਂਦਾ ਨਹੀਂ ਰਹਿ ਸਕਦਾ ਤੇ ਇਹਦੀ ਤਬਾਹੀ ਜ਼ਰੂਰੀ ਹੈ।

ਵਾਹਿਗੁਰੂ ਕਿਉਂਕਿ ਹਰ ਵੇਲੇ ਮੌਜੂਦ ਰਹਿਣ ਵਾਲੀ ਸ਼ਕਤੀ ਹੈ, ਇਸ ਕਰਕੇ ਉਹਦਾ ਚੈਨ ਵੀ ਹਮੇਸ਼ਾ ਮੌਜੂਦ ਰਹਿੰਦਾ ਹੈ, ਕਦੀ ਵੀ ਨਹੀਂ ਜਾਂਦਾ। ਇਸ ਚੈਨ ਦੀ ਹਾਲਤ ਵਿਚ ਬੈਠਣ ਵਾਲੇ ਅਭਿਆਸੀ ਨੂੰ ਇਤਨਾ ਅਨੰਦ ਆਉਂਦਾ ਹੈ ਕਿ ਉਸ ਦਾ ਮਨ ਇਸ ਅਨੰਦ ਨੂੰ ਛੱਡਣਾ ਨਹੀਂ ਚਾਹੁੰਦਾ। ਪਰ ਇਸ ਦਾ ਇਹ ਮਤਲਬ ਨਹੀਂ ਹੁੰਦਾ ਕਿ ਹਰ ਵੇਲੇ ਇਸੇ ਹਾਲਤ ਵਿਚ ਅਭਿਆਸੀ ਮਸਤ ਰਹੇ ਤੇ ਇਸੇ ਅਨੰਦ ਨੂੰ ਹੀ ਆਪਣੀ ਆਖ਼ਰੀ ਮੰਜ਼ਿਲ ਸਮਝ ਕੇ ਇਸੇ ਅਨੰਦ ਦੀ ਅਵਸਥਾ ਵਿਚ ਦੁਨੀਆਂ ਦੇ ਸਾਰੇ ਕੰਮ ਕਾਜ ਕਰੇ ਅਤੇ ਉਹਨਾਂ ਕੰਮਾਂ ਨੂੰ ਸੌਰਦਿਆਂ ਹੋਇਆਂ ਵੇਖ ਕੇ ਖੁਸ਼ੀ ਮਨਾਵੇ ਕਿ ਵਾਹਿਗੁਰੂ ਦੇ ਚੈਨ ਦੀ ਭਰੀ ਮੌਜੂਦਗੀ ਦੁਨੀਆਂ ਦੀਆਂ ਮੁਸ਼ਕਲਾਂ ਵਿਚੋਂ ਕਿਵੇਂ ਲੰਘਦੀ ਹੈ ? ਦਰਅਸਲ ਜਿਹੜਾ ਅਭਿਆਸੀ ਦੁਨਿਆਵੀ ਤਜਰਬਿਆਂ ਵਿਚੋਂ ਪੱਕਾ ਹੋ ਕੇ ਨਿਕਲਦਾ ਹੈ ਤੇ ਦੁਨਿਆਵੀ ਤਕਲੀਫਾਂ ਨੂੰ ਹਟਾ ਕੇ ਵਾਹਿਗੁਰੂ ਦੇ ਪ੍ਰਬਲ ਚੈਨ ਦੀ ਜਿੱਤ

ਵੇਖਦਾ ਹੈ, ਉਹੋ ਹੀ ਇਕ ਪੱਕੀ ਤੇ ਨਾ ਡੋਲਣ ਵਾਲੀ ਪਦਵੀ ਹਾਸਲ ਕਰਦਾ ਹੈ। ਚੈਨ ਵੀ ਮਾਣਦਾ ਹੈ ਤੇ ਤਕਲੀਫਾਂ ਨੂੰ ਦੂਰ ਕਰਨ ਦੀ ਸ਼ਕਤੀ ਵੀ ਮਿਲਦੀ ਹੈ।

ਵਾਹਿਗੁਰੂ ਵੀ ਆਪਣੇ ਹਰ ਵੇਲੇ ਹਾਜ਼ਰ ਚੈਨ ਵਿਚ ਕੁਲ ਸ੍ਰਿਸ਼ਟੀ ਚਲਾ ਰਿਹਾ ਹੈ। ਸ੍ਰਿਸ਼ਟੀ ਦਾ ਚਲਣ ਇਕ ਸੈਕਿੰਡ ਵਾਸਤੇ ਵੀ ਬੰਦ ਨਹੀਂ ਹੁੰਦਾ ਤੇ ਕਦੀ ਉਹਦੇ ਵਿਚ ਵਿਘਨ ਨਹੀਂ ਆਉਂਦਾ। ਜ਼ਮੀਨ ਦਾ ਸੂਰਜ ਦੇ ਦਵਾਲੇ ਘੁੰਮਣਾ, ਆਪਣਾ ਚੱਕਰ ਪੂਰੇ ਵਕਤ ਵਿਚ ਪੂਰਾ ਕਰਨਾ, ਦਿਨ-ਰਾਤ ਦਾ ਵਾਰੋ-ਵਾਰੀ ਆਉਣਾ, ਸਰਦੀ ਤੇ ਗਰਮੀ, ਬਰਸਾਤ ਮੌਸਮਾਂ ਆਦਿ ਦਾ ਪੂਰੇ ਵੇਲੇ ਸਿਰ ਆਉਣਾ ਤੇ ਜਾਣਾ, ਜ਼ਮੀਨ ਦਾ ਅਨਾਜ, ਸਬਜ਼ੀਆਂ ਤੇ ਫਲ ਪੈਦਾ ਕਰਨਾ ਆਦਿ ਬੇਅੰਤ ਮਿਸਾਲਾਂ ਹਨ ਜੋ ਦਸਦੀਆਂ ਹਨ ਕਿ ਵਾਹਿਗੁਰੂ ਸ੍ਰਿਸ਼ਟੀ ਨੂੰ ਹਰ ਵੇਲੇ ਪੂਰਨਤਾ ਵਿਚ ਚਲਾ ਰਿਹਾ ਹੈ, ਇਸ ਵਾਸਤੇ ਗੁਰਸਿੱਖਾਂ ਨੂੰ ਸਿਮਰਨ ਨਾਲ ਦੁਨਿਆਵੀ ਕੰਮ ਕਰਨਾ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਵਾਜਬੀ ਕੰਮ ਹੈ।

ਜੇਕਰ ਅਭਿਆਸੀ ਦੀ ਰੁਚੀ ਵਾਹਿਗੁਰੂ ਸਿਮਰਨ ਵਿਚ ਵਧ ਰਹੀ ਹੈ ਤੇ ਉਸ ਦੇ ਦਿਲ ਵਿਚ ਜ਼ਿਆਦਾ ਸਿਮਰਨ ਦੀ ਖ਼ਾਹਿਸ਼ ਹੈ ਤਾਂ ਵਾਹਿਗੁਰੂ ਉਹਨੂੰ ਦੁਨਿਆਵੀ ਕੰਮਾਂ ਤੋਂ ਐਸਾ ਆਜ਼ਾਦ ਕਰ ਦੇਵੇਗਾ ਕਿ ਉਹਦੇ ਉਤੇ ਆਪਣੇ ਫਰਜ਼ ਪੂਰੇ ਨਾ ਕਰਨ ਦਾ ਇਲਜ਼ਾਮ ਨਹੀਂ ਆਵੇਗਾ ਤੇ ਵਾਹਿਗੁਰੂ ਦੇ ਚਰਨਾਂ ਵਿਚ ਲਗ ਕੇ ਉਹਦੇ ਨਾਲ ਲੀਨ ਹੋ ਜਾਣ ਦੀ ਅਵਸਥਾ ਪ੍ਰਾਪਤ ਹੋਵੇਗੀ।

ਨਿਕੰਮਾ ਡਰ

ਮਨੁੱਖ ਕਮਲਾ ਹੈ, ਅਣਜਾਣ ਹੈ ਤੇ ਭੋਲਾ ਹੈ। ਇਹਨੂੰ ਖ਼ਬਰ ਹੀ ਨਹੀਂ ਕਿ ਮੈਂ ਕੀ ਚੀਜ਼ ਹਾਂ ? ਕਿਤਨੀਆਂ ਸ਼ਕਤੀਆਂ ਦਾ ਮਾਲਕ ਹਾਂ। ਸ਼ਹਿਨਸ਼ਾਹ ਦਾ ਪੁਤਰ ਹਾਂ ਤੇ ਵਿਰਸੇ ਵਿਚ ਕੀ ਮਿਲਿਆ ਹੋਇਆ ਹੈ ? ਪਸੀਨੇ ਬਹਾ ਕੇ ਤੇ ਖ਼ਤਰਿਆਂ ਵਿਚ ਕੰਮ ਕਰਨ ਦੀ ਕੋਈ ਲੋੜ ਨਹੀਂ। ਚਿੰਤਾਂ ਦੀਆਂ ਰਾਤਾਂ ਜਾਗਣ ਦੀ ਕੋਈ ਜ਼ਰੂਰਤ ਨਹੀਂ। ਵੱਡੇ ਮਨੁੱਖ ਦੇ ਪੈਰੀਂ ਪੈਣ ਤੇ ਹੱਥ ਜੋੜਨ ਦੀ ਲੋੜ ਨਹੀਂ, ਸਾਰੇ ਕਾਰਜ ਆਪੇ ਹੀ ਸੌਰਦੇ ਹਨ। ਜਿਹੜੀ ਸ਼ਕਤੀ ਤੇ ਹੱਕ ਹਕੂਕ ਮਨੁੱਖ ਨੂੰ ਵਾਹਿਗੁਰੂ ਵਲੋਂ ਉਹਦਾ ਬੱਚਾ ਹੋਣ ਕਰਕੇ ਮਿਲੇ ਹੋਏ ਹਨ, ਉਸਨੇ ਕਦੀ ਉਹਨਾਂ ਦੀ ਪੜਤਾਲ ਨਹੀਂ ਕੀਤੀ। ਦੇਣ ਵਾਲੇ ਨੇ ਤਾਂ ਬਖਸ਼ਿਸ਼ਾਂ ਕਰ ਦਿਤੀਆਂ ਪਰ ਸਾਨੂੰ ਸੰਭਾਲਣ ਦਾ ਵਲ ਨਹੀਂ ਆਇਆ।

ਸਿੱਖ ਹੋ ਕੇ ਦਰਬਾਰ ਸਾਹਿਬ ਦਾ ਪਾਠ ਕਰਦੇ ਹੋ ਕਿ ਨਹੀਂ ? ਪਾਠ ਕਰਕੇ ਕਦੀ ਸਮਝਿਆ ਵੀ ਹੈ ਕਿ ਨਹੀਂ ? ਸਮਝ ਕੇ ਵਰਤੋਂ ਵਿਚ ਆਂਦਾ ਹੈ ਕਿ ਨਹੀਂ ? ਜੇ ਵਰਤ ਕੇ ਨਹੀਂ ਡਿਠਾ ਤੇ ਤਜਰਬੇ ਕਰਨ ਵਾਸਤੇ ਵਕਤ ਨਹੀਂ ਕਢਿਆ ਤਦ ਕਿਸ ਦਾ ਕਸੂਰ ਹੈ ? ਅੱਛਾ ਦਸੋ ਕਿ ਇਹ ਸ਼ਬਦ ਦਰਬਾਰ ਸਾਹਿਬ ਦਾ ਪੜ੍ਹ ਕੇ ਤੁਸਾਂ ਕੀ ਸਮਝਿਆ ਤੇ ਕਿਸ ਤਰ੍ਹਾਂ ਵਰਤੋਂ ਵਿਚ ਲਿਆਂਦਾ:-

ਰਾਮਕਲੀ ਮਹਲਾ ੫

ਈਧਨ ਤੇ ਬੈਸੰਤਰੁ ਭਾਗੈ। ਮਾਟੀ ਕਉ ਜਲੁ ਦਹ ਦਿਸ ਤਿਆਗੈ।
ਊਪਰਿ ਚਰਨ ਤਲੈ ਆਕਾਸੁ। ਘਟ ਮਹਿ ਸਿੰਧੁ ਕੀਓ ਪਰਗਾਸੁ।
ਐਸਾ ਸੰਮ੍ਰਥੁ ਹਰਿ ਜੀਉ ਆਪਿ। ਨਿਮਖ ਨ ਬਿਸਰੈ ਜੀਅ
ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ।ਰਹਾਉ।
ਪ੍ਰਥਮੇ ਮਾਖਨੁ ਪਾਛੈ ਦੂਧੁ। ਮੈਲੂ ਕੀਨੋ ਸਾਬੁਨੁ ਸੂਧੁ।

ਭੈ ਤੇ ਨਿਰਭਉ ਡਰਤਾ ਫਿਰੈ। ਹੋਦੀ ਕਉ ਅਣਹੋਦੀ ਹਿਰੈ
ਦੇਹੀ ਗੁਪਤ ਬਿਦੇਹੀ ਦੀਸੈ। ਸਗਲੇ ਸਾਜਿ ਕਰਤ ਜਗਦੀਸੈ।

ਠਗਣਹਾਰ ਅਣਠਗਦਾ ਠਾਗੈ। ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ।
ਸੰਤ ਸਭਾ ਮਿਲਿ ਕਰਹੁ ਬਖਿਆਣ। ਸਿੰਮ੍ਰਿਤਿ ਸਾਸਤ ਬੇਦ ਪੁਰਾਣ।
ਬ੍ਰਹਮ ਬੀਚਾਰੁ ਬਿਚਾਰੇ ਕੋਇ। ਨਾਨਕ ਤਾ ਕੀ ਪਰਮ ਗਤਿ ਹੋਇ।

ਜੋ ਕੁਝ ਪੰਚਮ ਪਾਤਸ਼ਾਹ ਨੇ ਦੁਨੀਆਂ ਦਾ ਹਾਲ ਆਤਮਕ ਰੌਸ਼ਨੀ ਵਿਚ ਆ ਕੇ ਦੇਖਿਆ ਹੈ, ਸਾਨੂੰ ਦੱਸਿਆ ਹੈ। ਜੇ ਫੇਰ ਵੀ ਅਸੀਂ ਇਸ ਦੁਨੀਆਂ ਵਿਚ ਬੇ-ਵਸੀਲੇ, ਨਿਮਾਣੇ, ਕਮਜ਼ੋਰ, ਡਿਗੇ ਹੋਏ ਤੇ ਲਾਚਾਰ ਬਣ ਕੇ ਰਹੀਏ ਤਾਂ ਸਾਡੀ ਬਦ-ਕਿਸਮਤੀ, ਸਾਡਾ ਅਣ-ਗਹਿਲਾਪਨ ਤੇ ਗਫਲਤ ਹੈ।

ਵਾਹਿਗੁਰੂ ਨੇ ਮਨੁੱਖ ਨੂੰ ਪੂਰਨ ਪੈਦਾ ਕੀਤਾ ਹੈ ਤੇ ਕੁਲ ਜ਼ਰੂਰਤ ਦੀਆਂ ਚੀਜ਼ਾਂ ਮੁਫਤ ਦਿਤੀਆਂ ਹਨ ਤੇ ਅਮਿਤੀਆਂ ਦਿਤੀਆਂ ਹਨ, ਪਰ ਅਸੀਂ ਲੈ ਕੇ ਕੀ ਹਨੇਰ ਮਚਾਇਆ ਹੈ ? ਸਾਡੀ ਜ਼ਰੂਰਤ ਦੀ ਸਭ ਤੋਂ ਲੋੜ ਵਾਲੀ ਚੀਜ਼ ਹਵਾ ਹੈ, ਜਿਸ ਦੇ ਵਿਚ ਅਸੀਂ ਸਵਾਸ ਲੈਣਾ ਹੈ, ਉਹ ਸਾਨੂੰ ਅਮਿਤੀ ਮੁਫਤ ਮਿਲੀ ਹੈ। ਫਿਰ ਪਾਣੀ ਦੂਜੀ ਜ਼ਰੂਰਤ ਦੀ ਚੀਜ਼ ਹੈ। ਇਹ ਜ਼ਮੀਨ ਦੇ ਥੱਲੇ ਹਰ ਜਗ੍ਹਾ ਵਿਚ ਮੌਜੂਦ ਕਰ ਦਿਤਾ ਹੈ। ਨਿਤਰਿਆ ਹੋਇਆ ਪਾਣੀ ਜਿਤਨਾ ਜੀਆ ਕਰੇ ਜ਼ਮੀਨ ਵਿਚੋਂ ਕਢ ਕੇ ਅਮਿਤਾ ਵਰਤੇ। ਵਾਹਿਗੁਰੂ ਨੇ ਕੋਈ ਮੁਲ ਨਹੀਂ ਲੈਣਾ। ਅਨਾਜ ਤੇ ਫਲ ਜ਼ਮੀਨ ਕੋਲੋਂ ਇਕ ਬੀਜ ਪਾ ਕੇ ਕਿੰਨੇ ਗੁਣਾਂ ਲਵੋ। ਲੂਣ, ਕੋਇਲਾ, ਲੋਹਾ, ਸੋਨਾ, ਚਾਂਦੀ ਆਦਿ ਕੁਲ ਧਾਤਾਂ ਜ਼ਮੀਨ ਵਿਚੋਂ ਮੁਫਤ ਮਿਲਦੀਆਂ ਹਨ ਤੇ ਕੋਈ ਕੀਮਤ ਨਹੀਂ ਦੇਣੀ ਪੈਂਦੀ। ਮੀਂਹ, ਦਰਿਆਵਾਂ ਦਾ ਪਾਣੀ, ਸਮੁੰਦਰ ਦੇ ਅਣਗਿਣਤ ਤੁਹਫੇ ਮੁਫਤ ਹਨ। ਗਰਜ਼ ਕਿ ਵਾਹਿਗੁਰੂ ਵਲੋਂ ਸਭ ਕੁਝ ਮੁਫਤ ਆਉਂਦਾ ਹੈ। ਇਹ ਮਨੁੱਖ ਦੇ ਆਪਣੇ ਬਣਾਏ ਹੋਏ ਝਗੜੇ ਹਨ ਕਿ ਜ਼ੋਰਾਵਰ ਵਾਹਿਗੁਰੂ ਦੀਆਂ ਦਿਤੀਆਂ ਦਾਤਾਂ ਨੂੰ ਆਪਣੇ ਕਾਬੂ ਵਿਚ ਕਰਕੇ ਦੂਜੇ ਭਰਾਵਾਂ ਤੇ ਹੱਕਦਾਰਾਂ ਨੂੰ ਮੁਲ ਲੈ ਲੈ ਕੇ ਦਿੰਦਾ ਹੈ। ਨਤੀਜਾ ਇਹ ਹੈ ਕਿ ਬਰਕਤ ਹਰ ਚੀਜ਼ ਵਿਚੋਂ ਨਿਕਲ ਜਾਂਦੀ ਹੈ ਤੇ ਵੇਲੇ ਸਿਰ ਮੀਂਹ ਨਹੀਂ ਵਸਦੇ। ਕਿਧਰੇ ਸੋਕਾ ਤੇ ਕਿਧਰੇ ਹੜ੍ਹ। ਹਰ ਚੀਜ਼ ਦੇ ਹਾਸਲ ਕਰਨ ਵਿਚ ਮੁਸ਼ਕਲਾਂ ਤੇ ਦਿੱਕਤਾਂ ਪੇਸ਼ ਆਉਂਦੀਆਂ ਹਨ। ਅਸੀਂ ਜੇਕਰ ਦਾਤਾਂ ਨੂੰ ਦਾਤਾਂ (ਮੁਫਤ) ਸਮਝੀਏ ਤੇ ਸਭ ਨਾਲ ਰਲ-ਮਿਲ ਕੇ ਵਰਤੀਏ ਤੇ ਆਪਣੀਆਂ ਜ਼ਰੂਰਤਾਂ ਬੇ-ਫਾਇਦਾ ਨਾ ਵਧਾਈਏ, ਤਦ ਅਜ ਸਾਰੀ ਦੁਨੀਆਂ ਸੁਖੀ ਹੋ ਸਕਦੀ ਹੈ।

ਰਤਨ ਲਾਲ ਜਾ ਕਾ ਕਛੂ ਨਾ ਮੋਲੁ। ਭਰੇ ਭੰਡਾਰ ਅਖੁਟ ਅਤੋਲ।
ਖਾਵਹਿ ਖਰਚਹਿ ਰਲਿ ਮਿਲਿ ਭਾਈ। ਤੋਟਿ ਨ ਆਵੈ ਵਧਦੋ ਜਾਈ।
(ਗਉੜੀ ਮਹਲਾ ੫)

ਅਸੀਂ ਆਪਣੀ ਇਨਸਾਨੀ ਬਣਾਈ ਹੋਈ ਗਲਤੀ ਵਿਚ ਆਪ ਹੀ ਤਕਲੀਫ ਪਾ ਰਹੇ ਹਾਂ ਤੇ ਆਪੇ ਬਣਾ ਕੇ ਆਪ ਹੀ ਉਨ੍ਹਾਂ ਤੋਂ ਡਰ ਰਹੇ ਹਾਂ ਤੇ ਬੇਚੈਨ ਹਾਂ। ਇਸ ਦੀ ਬੁਨਿਆਦ ਖ਼ੁਦਗਰਜ਼ੀ ਹੈ। ਉਪਰ ਲਿਖੇ ਸ਼ਬਦ ਵਿਚ ਇਸ ਦਾ ਇਲਾਜ ਵੀ ਦੱਸਿਆ ਹੈ। ਦੁਨੀਆਂ ਦੀ ਕੋਈ ਤਕਲੀਫ ਏਸ ਖ਼ੁਦਗਰਜ਼ੀ ਨੂੰ ਹਟਾ ਨਹੀਂ ਸਕਦੀ। ਵਾਹਿਗੁਰੂ ਦੀ ਆਸ ਤੇ ਉਹਦੀ ਸ਼ਕਤੀ ਵਿਚ ਕੰਮ ਕਰਨ ਨਾਲ ਪਾਪਾਂ ਤੇ ਖ਼ਰਾਬੀਆਂ ਨੂੰ ਹਟਾਣ ਦਾ ਇਲਾਜ ਹੋ ਸਕਦਾ ਹੈ।

ਮਨੁੱਖ ਨੂੰ ਆਪਣੀ ਲੋੜ ਦੀਆਂ ਚੀਜ਼ਾਂ ਮਿਲਣ ਤੋਂ ਇਲਾਵਾ ਬਹੁਤ ਸਾਰੀਆਂ ਸ਼ਕਤੀਆਂ ਵਾਹਿਗੁਰੂ ਵਲੋਂ ਮਿਲੀਆਂ ਹੋਈਆਂ ਹਨ। ਪਾਣੀ ਵਿਚੋਂ ਭਾਫ ਦੀ ਸ਼ਕਤੀ ਜਿਸ ਦੇ ਨਾਲ ਰੇਲ ਦੇ ਇੰਜਨ ਤੇ ਬਹੁਤ ਸਾਰੇ ਕਾਰਖ਼ਾਨੇ ਚਲਦੇ ਹਨ। ਬਿਜਲੀ ਦੀ ਸ਼ਕਤੀ ਜਿਹੜੀ ਅਨੇਕ ਕੰਮਾਂ ਵਿਚ ਮਦਦ ਦੇਂਦੀ ਹੈ। ਪੈਟਰੋਲ ਦੀ ਸ਼ਕਤੀ ਜਿਸ ਦੇ ਨਾਲ ਮੋਟਰ-ਕਾਰਾਂ, ਲਾਰੀਆਂ, ਹਵਾਈ ਜਹਾਜ਼ ਆਦਿ ਕੰਮ ਕਰਦੇ ਹਨ। ਹੋਰ ਬਹੁਤ ਸਾਰੀਆਂ ਸ਼ਕਤੀਆਂ (ਰੇਡੀਓ) ਆਵਾਜ਼ ਦੀ ਸ਼ਕਤੀ, ਐਟਮ ਬੰਬ ਆਦਿ ਫੌਜੀ ਲੜਾਈ ਦੀ ਸ਼ਕਤੀ, ਪਾਣੀ ਵਿਚ ਜਹਾਜ਼ ਚਲਾਣ ਦੀ ਸ਼ਕਤੀ, ਇਹ ਸ਼ਕਤੀਆਂ ਵਾਹਿਗੁਰੂ ਵਲੋਂ ਮੁਫਤ ਮਿਲ ਰਹੀਆਂ ਹਨ।

ਮਨੁੱਖ ਇਹਨਾਂ ਸ਼ਕਤੀਆਂ ਦਾ ਮਾਲਕ ਬਣ ਕੇ ਕਦੀ ਵੀ ਸ਼ੁਕਰ ਨਹੀਂ ਕਰਦਾ ਤੇ ਇਹਨਾਂ ਸ਼ਕਤੀਆਂ ਤੋਂ ਚੰਗੇ ਕੰਮ ਲੈਣ ਦੀ ਥਾਂ ਤੇ ਉਲਟੇ ਕੰਮ ਲੈ ਕੇ ਆਪਣੇ ਵਾਸਤੇ ਸੁਖ ਦੀ ਥਾਂ ਦੁਖ ਸਹੇੜ ਲੈਂਦਾ ਹੈ। ਹਵਾਈ ਜਹਾਜ਼, ੫੦੦ ਮੀਲ ਫੀ ਘੰਟੇ ਦੀ ਰਫਤਾਰ ਵਾਲੀ ਚੀਜ਼ ਨੂੰ ਹਰ ਵੇਲੇ ਸਫਰ ਦੇ ਆਰਾਮ ਵਾਸਤੇ ਵਰਤਣ ਦੀ ਥਾਂ ਇਹਦੇ ਵਿਚ ਬੰਬ ਭਰ ਕੇ ਇਕ ਕੌਮ ਦੂਜੀ ਕੌਮ ਨੂੰ ਬਰਬਾਦ ਕਰਨ ਦੇ ਮਗਰ ਪਈ ਹੋਈ ਹੈ। ਤਾਕਤਾਂ ਦਾ ਆਪਸ ਵਿਚ ਮੁਕਾਬਲਾ ਕਰਕੇ ਹਜ਼ਾਰਾਂ ਮਨੁੱਖਾਂ ਦਾ ਖ਼ੂਨ ਤੇ ਕਰੋੜਾਂ ਰੁਪਏ ਦੀ ਬਰਬਾਦੀ ਕਰ ਰਹੇ ਹਨ। ਵਾਹਿਗੁਰੂ ਦੀਆਂ ਬਖਸ਼ੀਆਂ ਹੋਈਆਂ ਦਾਤਾਂ ਤੋਂ ਫਾਇਦਾ ਉਠਾਣ ਦੀ ਥਾਂ, ਉਹਨਾਂ ਸ਼ਕਤੀਆਂ ਨੂੰ ਆਪਣੀਆਂ ਤਕਲੀਫ ਦਾ ਸਬੱਬ ਬਣਾ ਰਖਿਆ ਹੈ। ਇਹ ਸਾਰੀਆਂ ਮਨੁੱਖ ਦੀਆਂ ਆਪੇ ਪੈਦਾ ਕੀਤੀਆਂ ਹੋਈਆਂ ਤਕਲੀਫਾਂ ਹਨ ਤੇ ਪੈਦਾ ਕਰਕੇ ਇਹਨਾਂ ਕੋਲੋਂ ਆਪ ਹੀ ਡਰ ਰਿਹਾ ਹੈ। ਕਹਿੰਦਾ ਹੈ ਕਿ ਮੈਂ ਕੀ ਕਰਾਂ, ਲਾਚਾਰੀ ਨਾਲ ਮੈਨੂੰ ਬੰਬ ਚਲਾਣੇ ਪੈਂਦੇ ਹਨ ਤੇ ਮਸ਼ੀਨਗਨਾਂ ਵਰਤਣੀਆਂ ਪੈਂਦੀਆਂ ਹਨ।

ਇਨਸਾਨੀ ਖ਼ੁਦਗਰਜ਼ੀ, ਵੈਰ-ਵਿਰੋਧ ਆਦਿ ਬੁਰਾਈਆਂ, ਮਾਇਆ ਦੇ ਹਨੇਰੇ ਵਿਚ ਬੈਠੇ ਹੋਏ ਮਨੁੱਖ ਨੂੰ ਇਕ ਜ਼ਰੂਰੀ ਚੀਜ਼ ਮਲੂਮ ਹੁੰਦੀਆਂ ਹਨ। ਉਹ ਇਹਨਾਂ ਨੂੰ ਛੱਡਣ ਦੀ ਥਾਂ, ਇਹਨਾਂ ਨਾਲ ਪਿਆਰ ਪਾ ਕੇ ਇਹਨਾਂ ਨੂੰ

ਆਪਣੇ ਸ਼ਸਤਰ ਸਮਝ ਕੇ ਕੋਲ ਰਖਣਾ ਜ਼ਰੂਰੀ ਸਮਝਦਾ ਹੈ। ਜਦ ਤਕ ਵਾਹਿਗੁਰੂ ਦੀ ਆਤਮਕ ਰੌਸ਼ਨੀ ਮਨ ਵਿਚ ਨਾ ਵਸਾਵੇ, ਤਦ ਤਕ ਇਹ ਬੁਰਾਈਆਂ ਪਿਛਾ ਨਹੀਂ ਛੱਡਦੀਆਂ ਤੇ ਸੁਖੀ ਨਹੀਂ ਹੋਣ ਦੇਂਦੀਆਂ। ਸਾਰੀ ਦੁਨੀਆਂ ਦੀਆਂ ਤਕਲੀਫਾਂ, ਦੁਨੀਆਂ ਉਤੇ ਪਾਪਾਂ ਅਤੇ ਗਲਤੀਆਂ ਦਾ ਨਤੀਜਾ ਹੈ ਤੇ ਹਰ ਮਨੁੱਖ ਦੀਆਂ ਆਪਣੀਆਂ ਤਕਲੀਫਾਂ ਉਹਦੇ ਆਪਣੇ ਪਾਪਾਂ ਦਾ ਨਤੀਜਾ ਹਨ। ਅਸੀਂ ਆਪਣੇ ਆਪ ਨੂੰ ਇਹਨਾਂ ਬੁਰੀਆਂ ਲਹਿਰਾਂ ਤੋਂ ਬਚਾਣ ਵਾਸਤੇ ਆਪਣੀ ਛੋਟੀ ਜਿਹੀ ਦੁਨੀਆਂ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰੀਏ।

ਵਾਹਿਗੁਰੂ ਦੀਆਂ ਬਖਸ਼ੀਆਂ ਹੋਈਆਂ ਸ਼ਕਤੀਆਂ ਨੂੰ ਅਮਲੀ ਤੌਰ ਤੇ ਹਾਸਲ ਕਰਨ ਅਤੇ ਉਹਨਾਂ ਤੋਂ ਫਾਇਦਾ ਉਠਾਣ ਵਾਸਤੇ ਸਿਮਰਨ ਦੀ ਲੋੜ ਹੈ। ਸਿਮਰਨ ਦੇ ਕਈ ਤਰੀਕੇ ਤੇ ਦਰਜੇ ਹਨ, ਜਿਨ੍ਹਾਂ ਵਿਚੋਂ ਇਕ ਇਥੇ ਦਰਜ ਕੀਤਾ ਜਾਂਦਾ ਹੈ, ਜੋ ਅਜਕੱਲ ਦੇ ਖ਼ਿਆਲਾਂ ਮੁਜਬ ਹੈ, ਸੌਖਾ ਹੈ, ਸੁਆਦਲਾ ਹੈ ਤੇ ਅਨੰਦ ਦੇਂਦਾ ਹੈ।

ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਤੇ ਪੂਰੇ ਧਿਆਨ ਨਾਲ ਰੋਜ਼ਾਨਾ ਪਾਠ ਕਰਨਾ ਜ਼ਰੂਰੀ ਹੈ। ਪਾਠ ਕਰਕੇ ਐਸੇ ਸ਼ਬਦ ਚੁਣੋ ਜੋ ਕਿ ਸਾਡੀ ਜ਼ਰੂਰਤ ਦੇ ਮੁਤਾਬਕ ਹੋਣ। ਮਿਸਾਲ ਦੇ ਤੌਰ ਤੇ ਬੀਮਾਰੀ ਹਟਾਣ ਵਾਲੇ ਸ਼ਬਦ, ਦੌਲਤ ਦੀ ਥੁੜ ਤੇ ਹੋਰ ਥੁੜ੍ਹਾਂ ਹਟਾਣ ਵਾਲੇ ਸ਼ਬਦ, ਮਨ ਨੂੰ ਚੈਨ ਦੇਣ ਵਾਲੇ ਸ਼ਬਦ, ਵਾਹਿਗੁਰੂ ਦੇ ਨਾਲ ਜੋੜਨ ਵਾਲੇ ਸ਼ਬਦ। ਇਹਨਾਂ ਸ਼ਬਦਾਂ ਨੂੰ ਵਾਰ-ਵਾਰ ਪੜ੍ਹਨਾ ਤੇ ਉਹਦੇ ਆਸ਼ੇ ਨੂੰ ਧਿਆਨ ਵਿਚ ਰਖਣਾ ਸਿਮਰਨ ਹੈ। ਸ਼ਬਦ ਵਿਚ ਜੋ ਫਲ ਹਾਸਲ ਹੋਣ ਦਾ ਵਾਇਦਾ ਹੈ, ਉਸ ਦਾ ਪੂਰਾ ਹੋਣਾ ਜ਼ਰੂਰੀ ਹੈ। ਜਦ ਤਕ ਪੂਰਾ ਨਾ ਹੋਵੇ, ਸ਼ਬਦ ਦਾ ਜਾਪ ਜਾਰੀ ਰਹੇ। ਫਲ ਦਾ ਹਾਸਲ ਹੋਣਾ ਹੀ ਜ਼ਾਹਿਰ ਕਰੇਗਾ ਕਿ ਸਾਨੂੰ ਸ਼ਬਦ ਦੀ ਪੂਰੀ ਸਮਝ ਆਈ ਹੈ ਤੇ ਉਹਦਾ ਆਸ਼ਾ ਅਸੀ ਠੀਕ ਤਰ੍ਹਾਂ ਖ਼ਿਆਲ ਵਿਚ ਰਖ ਕੇ ਸਿਮਰਨ ਕੀਤਾ ਹੈ। ਵਾਰ-ਵਾਰ ਪੜ੍ਹਨ ਨਾਲ ਆਤਮਕ ਤਰੱਕੀ ਹਾਸਲ ਹੁੰਦੀ ਹੈ ਤੇ ਫਲ ਜੇ ਪੂਰਾ ਨਹੀਂ ਤਦ ਥੋੜਾ-ਥੋੜਾ ਹਾਸਲ ਹੋਣਾ ਸ਼ੁਰੂ ਹੋ ਜਾਂਦਾ ਹੈ। ਕੁਝ ਸਮੇਂ ਵਿਚ ਪੂਰਾ ਫਲ ਹਾਸਲ ਹੋਣਾ ਜ਼ਰੂਰੀ ਹੈ।

ਪਾਪ ਤੋਂ ਹਰ ਹਾਲ ਵਿਚ ਪਰਹੇਜ਼ ਕਰਨਾ ਆਤਮਕ ਸ਼ਕਤੀ ਹਾਸਲ ਕਰਨ ਵਾਸਤੇ ਜ਼ਰੂਰੀ ਹੈ।

ਦਾਤਾਂ ਮਾਣੋ ਪਰ ਪਿਆਰ ਤੇ ਖ਼ਿਆਲ ਦਾਤਾਰ ਵਲ ਹੀ ਰਖੋ—ਜਿਥੋਂ ਦਾਤਾਂ ਆਉਣੀਆਂ ਹਨ।

ਸਿਮਰਨ

ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਾਲੇ ਤੇ ਸਤਿ ਸੰਗਤ ਵਿਚ ਜਾਣ ਵਾਲੇ ਗੁਰਸਿੱਖ ਨਾਮ ਦੀ ਬੜੀ ਮਹਿਮਾ ਸੁਣਦੇ ਹਨ ਤੇ ਬਹੁਤੇਰਿਆਂ ਦਾ ਦਿਲ ਕਰਦਾ ਹੈ ਕਿ ਨਾਮ ਤੋਂ ਹਾਸਲ ਹੋਣ ਵਾਲੇ ਸੁਖ ਅਸੀਂ ਮਾਣੀਏ, ਪਰ ਜਦ ਨਾਮ ਹਾਸਿਲ ਕਰਨ ਵਾਸਤੇ ਸਿਮਰਨ ਦਾ ਰਸਤਾ ਦੱਸਿਆ ਜਾਂਦਾ ਹੈ ਤਦ ਸਿਮਰਨ ਨੂੰ ਬੜੀ ਲੰਮੀ ਤੇ ਔਖੀ ਘਾਟੀ ਸਮਝ ਕੇ ਇਧਰ ਚਲਣ ਦਾ ਹੀਆ ਨਹੀਂ ਕਰਦੇ। ਕਈ ਗੁਰਸਿੱਖ ਇਸ ਸ਼ੱਕ ਵਿਚ ਰਹਿੰਦੇ ਹਨ ਕਿ ਦੁਨਿਆਵੀ ਕੋਸ਼ਿਸ਼ਾਂ ਨਾਲ, ਜਿਸ ਤਰ੍ਹਾਂ ਉਮਰ ਬੀਤ ਰਹੀ ਹੈ, ਸਿਮਰਨ ਨੇ ਇਸ ਤੋਂ ਚੰਗੀ ਕੀ ਬਣਾ ਦੇਣੀ ਹੈ ? ਇਨ੍ਹਾਂ ਭੋਲਿਆਂ ਨੂੰ ਸਿਮਰਨ ਦੀ ਬੇਅੰਤ ਸ਼ਕਤੀ ਦਾ ਪਤਾ ਹੀ ਨਹੀਂ।

ਸਿਮਰਨ ਨਾਲ ਇਕ ਆਤਮਕ ਸ਼ਕਤੀ ਹਾਸਲ ਹੁੰਦੀ ਹੈ ਜਿਸ ਨਾਲ ਵਾਹਿਗੁਰੂ ਵਲ ਲਿਵ ਲਗਣ ਤੋਂ ਇਲਾਵਾ ਦੁਨਿਆਵੀ ਕੁਲ ਕੰਮ ਸੰਵਰਦੇ ਹਨ ਤੇ ਜ਼ਿੰਦਗੀ ਖੁਸ਼ਹਾਲ ਹੋ ਜਾਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਕੁਲ ਸੁਖ ਹਾਸਲ ਹੋ ਜਾਣ ਤੇ ਹਮੇਸ਼ਾ ਵਾਸਤੇ ਸਾਡੇ ਕੋਲ ਰਹਿਣ। ਇਹ ਦੁਨੀਆਂ ਕਿਉਂਕਿ ਹਰ ਵੇਲੇ ਬਦਲਣ ਵਾਲੀ ਚੀਜ਼ ਹੈ ਜਿਸ ਦੀ ਕੋਈ ਹਾਲਤ ਕਾਇਮ ਨਹੀਂ ਰਹਿੰਦੀ, ਇਸ ਵਾਸਤੇ ਇਹਦੇ ਵਿਚ ਕਿਸੇ ਖੁਸ਼ੀ ਨੂੰ ਪੱਕੇ ਤੌਰ ਤੇ ਹਾਸਲ ਕਰਨ ਦੀ ਉਮੀਦ ਨਾਮੁਮਕਿਨ ਹੈ। ਵਾਹਿਗੁਰੂ ਹੀ ਇਕ ਪੱਕੀ ਤੇ ਨਾ ਬਦਲਣ ਵਾਲੀ ਸ਼ਕਤੀ ਹੈ। ਇਸ ਨਾਲ ਮਨ ਜੋੜੇ ਤੋਂ ਬਿਨਾਂ ਹਮੇਸ਼ਾਂ ਦੇ ਸੁਖ ਹਾਸਲ ਨਹੀਂ ਹੋ ਸਕਦੇ। ਇਸ ਵਾਸਤੇ ਕੁਲ ਸੁਖ ਹਾਸਲ ਕਰਨ ਲਈ ਤੇ ਹਮੇਸ਼ਾਂ ਆਪਣੇ ਕੋਲ ਮੌਜੂਦ ਰਖਣ ਵਾਸਤੇ ਸਿਮਰਨ ਕਰਨਾ ਜ਼ਰੂਰੀ ਹੈ।

ਹਰ ਗੁਰਸਿੱਖ ਸਿਮਰਨ ਦੀ ਉਚੀ ਮੰਜ਼ਿਲ ਉਤੇ ਇਕਦਮ ਨਹੀਂ ਜਾ ਸਕਦਾ। ਪਹਿਲੇ ਹੇਠਲੀਆਂ ਮੰਜ਼ਿਲਾਂ ਵਿਚੋਂ ਲੰਘਣਾ ਜ਼ਰੂਰੀ ਹੈ। ਇਸ ਲੇਖ ਵਿਚ ਸਿਮਰਨ ਦੇ ਸ਼ੁਰੂ-ਸ਼ੁਰੂ ਦੇ ਤਰੀਕੇ ਜਿਹੜੇ ਸੌਖੇ ਤੇ ਸਵਾਦਲੇ ਹਨ, ਨਮੂਨੇ ਦੇ ਤੌਰ ਤੇ ਦਰਜ ਕੀਤੇ ਜਾਂਦੇ ਹਨ। ਪਾਠਕ ਉਹਨਾਂ ਵਿਚੋਂ ਆਪਣੇ ਖ਼ਿਆਲ ਤੇ ਪਸੰਦ

ਮੁਜਬ ਚੁਣ ਲਵੇ ਤੇ ਉਸੇ ਤਰ੍ਹਾਂ ਸਿਮਰਨ ਕਰੇ। ਸਿਮਰਨ ਦਾ ਫਲ ਹਾਸਿਲ ਹੋਣਾ ਜ਼ਰੂਰੀ ਹੈ। ਛੇਤੀ ਹੋਵੇ ਜਾਂ ਹੌਲੀ ਹੋਵੇ, ਹੋਣਾ ਜ਼ਰੂਰੀ ਹੈ। ਫਲ ਹਾਸਲ ਹੋਣਾ ਇਹ ਪਤਾ ਦੇਵੇਗਾ ਕਿ ਸਿਮਰਨ ਕਰਨ ਵਾਲਾ ਠੀਕ ਰਸਤੇ ਉਤੇ ਜਾ ਰਿਹਾ ਹੈ ਕਿ ਨਹੀਂ। ਜਿਸ ਫਲ ਦੀ ਆਸ਼ਾ ਹੈ, ਉਸ ਤੋਂ ਸਿਵਾ ਮਨ ਦੀ ਸ਼ਾਂਤੀ ਤੇ ਵਾਹਿਗੁਰੂ ਵਲ ਲਿਵ ਲਗਣੀ ਨਾਲ ਹੀ ਨਾਲ ਸ਼ੁਰੂ ਹੋ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਇਕ ਭਰਪੂਰ ਖ਼ਜ਼ਾਨਾ ਹਨ। ਉਨ੍ਹਾਂ ਦੇ ਵਿਚੋਂ ਸਿਮਰਨ ਕਰਨ ਦੇ ਤਰੀਕੇ (ਖ਼ਿਆਲ) ਹਾਸਿਲ ਹੋ ਸਕਦੇ ਹਨ।

ਸਿਮਰਨ ਦੇ ਹਰ ਤਰੀਕੇ ਵਿਚ ਵਾਹਿਗੁਰੂ ਨੂੰ ਹਾਜ਼ਰ ਤੇ ਉਹਦੀ ਸ਼ਕਤੀ ਨੂੰ ਕੰਮ ਕਰਦਿਆਂ ਦੇਖੋ। ਬੀਮਾਰੀ ਹਟਾਣ ਜਾਂ ਰੋਕਣ ਵਾਸਤੇ ਸਿਮਰਨ :-

'ਵਾਹਿਗੁਰੂ ਹਰ ਵੇਲੇ ਮੇਰੇ ਕੋਲ ਹੈ। ਵਾਹਿਗੁਰੂ ਕੋਲ ਹੁੰਦਿਆਂ ਬੀਮਾਰੀ ਆ ਹੀ ਨਹੀਂ ਸਕਦੀ, ਕਿਉਂਕਿ ਵਾਹਿਗੁਰੂ ਵਿਚ ਬੀਮਾਰੀ ਨਹੀਂ ਹੈ। ਮੇਰੇ ਕੋਲ ਬੀਮਾਰੀ ਆ ਹੀ ਨਹੀਂ ਸਕਦੀ।' ਇਹ ਸਿਮਰਨ ਹੈ ਤੇ ਵਾਰ-ਵਾਰ ਧਿਆਨ ਨਾਲ ਕਰੋ।

'ਮੈਂ ਬਦਨ ਨਹੀਂ ਹਾਂ, ਵਾਹਿਗੁਰੂ ਦੀ ਜੋਤ ਹਾਂ। ਵਾਹਿਗੁਰੂ ਦੀ ਜੋਤ ਵਿਚ ਬੀਮਾਰੀ ਨਹੀਂ, ਮੌਤ ਨਹੀਂ, ਇਸ ਲਈ ਮੈਨੂੰ ਬੀਮਾਰੀ ਨਹੀਂ ਲਗ ਸਕਦੀ ਤੇ ਮੌਤ ਨਹੀਂ ਆ ਸਕਦੀ।' ਇਹ ਸਿਮਰਨ ਹੈ ਬਾਰ-ਬਾਰ ਕਰੋ ਤੇ ਪੂਰੇ ਧਿਆਨ ਨਾਲ ਕਰੋ।

'ਬਦਨ ਝੂਠਾ ਹੈ ਤੇ ਹਰ ਵੇਲੇ ਬਦਲ ਰਿਹਾ ਹੈ, ਨਾਸ ਹੋ ਜਾਣ ਵਾਲੀ ਚੀਜ਼ ਹੈ ਤੇ ਕੱਚਾ ਹੈ। ਇਹਦੇ ਵਿਚ ਜਿਹੜੀ ਬੀਮਾਰੀ ਦਿਸਦੀ ਹੈ, ਝੂਠੀ ਹੈ, ਕੱਚੀ ਹੈ ਤੇ ਬੇਜਾਨ ਹੈ।' ਇਹ ਸਿਮਰਨ ਹੈ ਵਾਰ-ਵਾਰ ਕਰੋ ਤੇ ਪੂਰੇ ਧਿਆਨ ਨਾਲ ਸਿਮਰੋ।'

'ਬੀਮਾਰੀ ਵਿਚ (ਝੂਠ ਵਾਂਗ) ਆਪਣੇ ਆਪ ਨੂੰ ਬਰਬਾਦ ਕਰਨ ਦੀ ਚਿੰਗਾੜੀ ਮੌਜੂਦ ਹੈ। ਇਹ ਆਪਣੇ ਆਪ ਹੀ ਨਾਸ ਹੋ ਜਾਵੇਗੀ ਤੇ ਮੈਨੂੰ (ਜੋਤ ਨੂੰ) ਇਹ ਛੋਹ ਨਹੀਂ ਸਕਦੀ। ਜੋਤ (ਚਾਨਣ) ਦੇ ਸਾਹਮਣੇ ਬੀਮਾਰੀ (ਹਨੇਰੇ) ਦਾ ਗੁੰਮ ਹੋ ਜਾਣਾ ਜ਼ਰੂਰੀ ਹੈ।' ਇਹ ਸਿਮਰਨ ਹੈ, ਵਾਰ-ਵਾਰ ਧਿਆਨ ਲਾ ਕੇ ਕਰੋ।

'ਵਾਹਿਗੁਰੂ ਮਹਾਂ ਅਨੰਦ ਹੈ, ਮੈਂ (ਜੋਤ) ਵੀ ਹਰ ਵੇਲੇ ਅਨੰਦ ਹਾਂ। ਮੇਰਾ ਕੋਈ ਹਿਸਾ ਵੀ ਬੇਚੈਨੀ ਜਾਂ ਬੀਮਾਰੀ ਜ਼ਾਹਿਰ ਨਹੀਂ ਕਰ ਸਕਦਾ।' ਇਸ ਹਾਲਤ ਨੂੰ ਆਪਣੇ ਇਰਦ-ਗਿਰਦ ਵੇਖਣਾ ਤੇ ਇਸ ਅਨੰਦ ਨੂੰ ਮਾਨਣਾ ਸਿਮਰਨ ਹੈ, ਵਾਰ-ਵਾਰ ਪੂਰੇ ਧਿਆਨ ਨਾਲ ਕਰੋ।

ਵਾਹਿਗੁਰੂ ਸੁਖ ਸਰੂਪ ਵਿਚ ਬੈਠ ਕੇ ਸੁਖ ਤੇ ਚੈਨ ਮਾਨਣਾ ਅਤੇ ਮਹਿਸੂਸ ਕਰਨਾ ਹੈ।

ਜੋ ਕੋ ਅਪੁਨਾ ਦੂਖੁ ਮਿਟਾਵੈ। ਹਰਿ ਹਰਿ ਨਾਮੁ ਰਿਦੈ ਸਦ ਗਾਵੈ।

ਨਾਮ ਅਉਖਧੁ ਜਿਹ ਰਿਦੈ ਹਿਤਾਵੈ। ਤਾਹਿ ਰੋਗੁ ਸੁਪਨੈ ਨਹੀ ਆਵੈ।

ਇਹ ਸ਼ਬਦ ਤੇ ਹੋਰ ਇਸ ਤਰ੍ਹਾਂ ਦੇ ਸ਼ਬਦ ਵਾਰ-ਵਾਰ ਪੂਰੇ ਧਿਆਨ ਨਾਲ ਪੜ੍ਹਨੇ ਸਿਮਰਨ ਹੈ।

ਲੋੜਾਂ ਪੂਰੀਆਂ ਹੋਣ ਵਾਸਤੇ :- ਵਾਹਿਗੁਰੂ ਮੇਰੇ ਅੰਦਰ ਵਸ ਰਿਹਾ ਹੈ। ਮੈਂ ਉਹਦੀ ਜੋਤ ਹਾਂ। ਜੋਤ ਹੋਣ ਕਰ ਕੇ ਵਾਹਿਗੁਰੂ ਦੇ ਕੁਲ ਗੁਣ ਮੇਰੇ ਵਿਚ ਪ੍ਰਕਾਸ਼ ਹੋ ਰਹੇ ਹਨ।' ਇਹ ਸਿਮਰਨ ਹੈ।

'ਵਾਹਿਗੁਰੂ ਪੂਰਨ ਹੈ ਤੇ ਉਹਦੀ ਜੋਤ (ਮੈਂ) ਵੀ ਪੂਰਨ ਹਾਂ। ਜੋਤ ਵਿਚ ਕੁਲ ਲੋੜ ਦੀਆਂ ਚੀਜ਼ਾਂ ਮੌਜੂਦ ਹਨ। ਤੈਨੂੰ ਹੋਰ ਕਿਸੇ ਪਾਸ ਜਾਣ ਦੀ ਲੋੜ ਨਹੀਂ, ਸਭ ਕੁਝ ਇਥੋਂ ਮਿਲ ਰਿਹਾ ਹੈ।' ਇਹ ਸਿਮਰਨ ਹੈ।

'ਵਾਹਿਗੁਰੂ ਦੀ ਜੋਤ ਮੇਰੇ ਅੰਦਰ ਮੌਜੂਦ ਹੋ ਕੇ ਮੇਰੀ ਸਾਰੀ ਦੁਨੀਆਂ ਆਪ ਬਣਾ ਰਹੀ ਹੈ। ਇਸ ਦੁਨੀਆਂ ਵਿਚ ਮੇਰੀਆਂ (ਜੋਤ ਦੀਆਂ) ਲੋੜਾਂ ਪੂਰੀਆਂ ਕਰਨ ਵਾਸਤੇ ਹਰ ਚੀਜ਼ ਅਗੇ ਹੀ ਮੌਜੂਦ ਹੈ। ਮੈਂ ਹੋਰ ਕੁਝ ਵੀ ਨਹੀਂ ਕਰਨਾ, ਉਹਨਾਂ ਚੀਜ਼ਾਂ ਨੂੰ ਆਪਣੀ ਵਰਤੋਂ ਵਿਚ ਲਿਆਉਣਾ ਹੈ।' ਇਹ ਸਿਮਰਨ ਹੈ। 'ਮੇਰੀ (ਜੋਤ ਦੀ) ਲੋੜ ਦੀ ਤੇ ਉਸ ਲੋੜ ਦਾ ਪੂਰਾ ਹੋਣਾ ਕੋਈ ਦੋ ਗੱਲਾਂ ਨਹੀਂ ਹਨ, ਇਕੋ ਹੀ ਗੱਲ ਹੈ। ਲੋੜ ਪੈਦਾ ਹੋਈ ਤੇ ਉਸੇ ਵੇਲੇ ਪੂਰੀ ਹੋਈ ਹੈ।' ਇਹ ਸਿਮਰਨ ਹੈ।

'ਜਿਸ ਤਰ੍ਹਾਂ ਸੂਰਜ ਆਪਣੀਆਂ ਕਿਰਨਾਂ ਨੂੰ ਆਪ ਹੀ ਪਾਲਦਾ ਹੈ, ਇਸੇ ਤਰ੍ਹਾਂ ਵਾਹਿਗੁਰੂ ਮੈਨੂੰ (ਆਪਣੀ ਜੋਤ ਨੂੰ) ਆਪ ਹੀ ਪਾਲ ਰਿਹਾ ਹੈ।' ਇਹ ਸਿਮਰਨ ਹੈ।

'ਵਾਹਿਗੁਰੂ ਦਾ ਪਾਲਣਾ ਮੇਰੇ ਕੰਮ ਕਰ ਕੇ ਦੇਣ ਦਾ ਬਦਲਾ ਨਹੀਂ ਹੈ। ਪਾਲਣਾ ਹਰ ਹਾਲਤ ਵਿਚ ਹੋ ਰਹੀ ਹੈ। ਕੰਮ ਵਾਹਿਗੁਰੂ ਦਾ ਦੱਸਿਆ, ਉਹ ਆਪ ਮੇਰੇ (ਆਪਣੀ ਜੋਤ) ਕੋਲੋਂ ਕਰਾ ਰਿਹਾ ਹੈ। ਪਾਲਣਾ ਤੇ ਕੰਮ ਦੋ ਵਖੋ-ਵਖ ਚੀਜ਼ਾਂ ਹਨ। ਇਕ ਦਾ ਦੂਜੇ ਤੇ ਸਹਾਰਾ ਨਹੀਂ ਹੈ।' ਇਹ ਸਿਮਰਨ ਹੈ।

'ਵਾਹਿਗੁਰੂ ਅੰਮ੍ਰਿਤ ਹੈ। ਉਹਦੀ ਸਭ ਚੀਜ਼ ਅੰਮ੍ਰਿਤ ਹੈ। ਲੋੜਾਂ ਵੀ ਖੁਲ੍ਹੇ ਗੱਫੇ ਦੇ ਕੇ ਪੂਰੀਆਂ ਕਰਦਾ ਹੈ। ਅੰਮ੍ਰਿਤ ਦੇਂਦਾ ਹੈ।' ਇਹ ਸਿਮਰਨ ਹੈ।

'ਹਵਾ ਸਾਹ ਲੈਣ ਵਾਸਤੇ ਬੜੀ ਜ਼ਰੂਰੀ ਚੀਜ਼ ਹੈ, ਪਰ ਹਰ ਵੇਲੇ ਤੇ ਹਰ ਜਗ੍ਹਾ ਤੇ ਮਿਲਣ ਕਰ ਕੇ ਕੋਈ ਮਨੁੱਖ ਵੀ ਇਸ ਨੂੰ ਜਮ੍ਹਾਂ ਕਰ ਕੇ ਨਹੀਂ ਰਖਦਾ। ਮੈਨੂੰ (ਜੋਤ ਨੂੰ) ਅਮਿਤਾ ਪਾਲਣ ਹਰ ਵੇਲੇ ਹੋਣ ਕਰ ਕੇ ਕਿਸੇ ਚੀਜ਼ ਨੂੰ ਜਮ੍ਹਾ ਰਖਣ ਦੀ ਲੋੜ ਨਹੀਂ।' ਸਿਮਰਨ ਹੈ।

ਸ਼ਬਦ : 'ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ।'

ਸਿਮਰਨ ਹੈ।

...

ਰਤਨ ਲਾਲ ਜਾਕਾ ਕਛੂ ਨਾ ਮੋਲੁ।
ਭਰੇ ਭੰਡਾਰ ਅਖੂਟ ਅਤੋਲ।
ਖਾਵਹਿ ਖਰਚਹਿ ਰਲਿ ਮਿਲਿ ਭਾਈ।
ਤੋਟਿ ਨਾ ਆਵੈ ਵਧਦੋ ਜਾਈ।

(ਗਉੜੀ ਮਹਲਾ ੫)

ਇਹ ਵੀ ਸਿਮਰਨ ਹੈ ਵਾਰ-ਵਾਰ ਪੜ੍ਹੋ।

ਹੋਰ ਇਸੇ ਤਰ੍ਹਾਂ ਦੇ ਸ਼ਬਦ ਹਰ ਦੁਨਿਆਵੀ ਔਕੜ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਮਿਲਦੇ ਹਨ। ਇਹ ਵਾਹਿਗੁਰੂ ਦੇ ਨਿਯਮ (ਕਾਨੂੰਨ) ਹਨ, ਜਿਹੜੇ ਸਚੇ ਤੇ ਨਾ ਬਦਲਣ ਵਾਲੇ ਹਨ। ਜਦ ਪੂਰੀ ਤਰ੍ਹਾਂ ਸਮਝ ਕੇ ਇਹਨਾਂ ਨੂੰ ਵਰਤਿਆ ਜਾਵੇ ਤਾਂ 'ਬਿਜਲੀ, ਰੇਡੀਓ, ਭਾਫ' ਆਦਿ ਕਾਨੂੰਨਾਂ ਵਾਂਗ ਪੂਰਾ ਨਤੀਜਾ ਪੈਦਾ ਕਰਦੇ ਹਨ। ਜੇਕਰ ਸਿਮਰਨ ਪਹਿਲੇ-ਪਹਿਲੇ ਪੂਰੀ ਸਮਝ ਨਾਲ ਨਹੀਂ ਹੋ ਸਕਿਆ, ਤਦ ਜਿੰਨੀ ਸਮਝ ਆਈ ਹੈ, ਉਤਨਾ ਨਤੀਜਾ ਜ਼ਰੂਰ ਪੈਦਾ ਹੋਵੇਗਾ ਕਿਉਂਕਿ ਹਰ ਸਿਮਰਨ ਵਿਚ ਵਾਹਿਗੁਰੂ ਦੀ ਸ਼ਕਤੀ ਤੇ ਕਾਨੂੰਨ ਕੰਮ ਕਰਦੇ ਵੇਖੀਦੇ ਹਨ, ਸੋ ਵਾਹਿਗੁਰੂ ਵਲ ਚਿੱਤ ਲੱਗਣਾ ਜ਼ਰੂਰੀ ਹੈ। ਸਿਮਰਨ ਵਿਚ ਅਨੰਦ ਆਉਣਾ ਠੀਕ ਰਸਤੇ ਤੇ ਚਲਣ ਦੀ ਨਿਸ਼ਾਨੀ ਹੈ।

ਜ਼ਰੂਰੀ ਗੱਲਾਂ :- ਪਾਪ ਨਾ ਕਰੋ। ਦਾਤਾਂ ਮਾਣੋ ਪਰ ਖ਼ਿਆਲ ਵਿਚ ਹਰ ਵੇਲੇ ਦਾਤਾਰ ਨੂੰ ਰਖੋ। ਤਾਕਿ ਦਾਤਾਂ ਦੀ ਗੈ ਜਾਰੀ ਰਹੇ।

ਸਭ ਲੋੜਾਂ ਸਿਰਫ ਵਾਹਿਗੁਰੂ ਹੀ ਪੂਰੀਆਂ ਕਰ ਸਕਦਾ ਹੈ। ਉਹਨੂੰ ਮਾਤਾ-ਪਿਤਾ ਵਾਲੇ ਪ੍ਰੇਮ ਵਿਚ ਆਪਣੇ ਕੋਲ ਵੇਖੋ। ਵਾਹਿਗੁਰੂ ਨੂੰ ਆਪਣੇ ਕੋਲ ਮੌਜੂਦ ਵੇਖਣ ਵਿਚ ਕੋਈ ਯਤਨ ਕਰਨ ਦੀ ਲੋੜ ਨਹੀਂ। ਉਹ ਸਰਬ-ਵਿਆਪੀ ਹਰ ਵਕਤ ਮੌਜੂਦ ਹੈ। ਇਸ ਨਿਯਮ (ਕਾਨੂੰਨ) ਨੂੰ ਜਾਨਣਾ ਤੇ ਸੁਰਤ ਵਿਚ ਟਿਕਾਣਾ ਕਾਫੀ ਸਿਮਰਨ ਹੈ।

ਇਸੇ ਤਰ੍ਹਾਂ ਆਪਣੇ ਆਪ (ਜੋਤ) ਨੂੰ ਪੂਰਨ ਤੇ ਮਹਾਂ ਅਨੰਦ ਵਿਚ ਵੇਖਣਾ ਸਿਮਰਨ ਦੀ ਅਵਸਥਾ ਹੈ।

ਆਪਣੀ ਦੁਨੀਆਂ ਉਤੇ ਆਪਣੀ ਹਕੂਮਤ

ਹਰ ਇਕ ਮਨੁੱਖ ਇਹ ਚਾਹੁੰਦਾ ਹੈ ਕਿ ਮੈਂ ਦੁਨੀਆਂ ਵਿਚ ਸੁਖੀ ਵਸਾਂ। ਮੇਰੀ ਦੁਨੀਆਂ ਮੇਰੀ ਮਰਜ਼ੀ ਮੁਤਾਬਕ ਹੋਵੇ। ਬੀਮਾਰੀ, ਥੁੜ੍ਹ, ਬੇ-ਰਸੀ ਆਦਿ ਤਕਲੀਫ਼ਾਂ ਕਿਧਰੇ ਨਜ਼ਰ ਨਾ ਆਉਣ। ਇਹ ਹਰ ਕਿਸੇ ਨੂੰ ਨਿਸਚਾ ਹੈ ਕਿ ਦੁਨਿਆਵੀ ਕੋਸ਼ਿਸ਼ਾਂ ਪੂਰੇ ਸੁਖ ਨੂੰ ਹਾਸਲ ਕਰਨ ਤੇ ਉਸ ਨੂੰ ਹਮੇਸ਼ਾਂ ਆਪਣੇ ਕੋਲ ਰਖਣ ਵਿਚ ਕਦੀ ਵੀ ਕਾਮਯਾਬ ਨਹੀਂ ਹੋਈਆਂ। ਦੁਨੀਆਂ ਦੀ ਇਕ ਵੀ ਮਿਸਾਲ ਇਹਦਾ ਸਬੂਤ ਨਹੀਂ ਦੇ ਸਕਦੀ, ਸਿਰਫ ਆਤਮਕ ਪਾਸੇ ਦੇ ਸੰਤ ਹੀ ਹਮੇਸ਼ਾਂ ਦੇ ਪੂਰੇ ਸੁਖ ਦਾ ਰਾਹ ਦੱਸ ਸਕਦੇ ਹਨ। ਇਹ ਰਾਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰਨ ਤੇ ਉਹਦੇ ਵਿਚ ਦਸੇ ਹੋਏ ਹੁਕਮਾਂ (ਕਾਨੂੰਨਾਂ) ਨੂੰ ਵਰਤਾਰੇ ਵਿਚ ਲਿਆ ਕੇ ਉਹਨਾਂ ਹੁਕਮਾਂ ਦੀ ਪੂਰੀ ਤਾਬੇਦਾਰੀ ਕਰਨ ਨਾਲ ਲੱਭਦਾ ਹੈ। ਇਹ ਖ਼ਿਆਲ ਦਿਲ ਵਿਚੋਂ ਕੱਢ ਦੇਵੇ ਕਿ ਆਤਮਕ ਪਾਸਾ ਔਖਾ ਹੈ ਜਾਂ ਇਹਦੇ ਅਭਿਆਸ ਨਾਲ ਮਰਨ ਤੋਂ ਪਿਛੋਂ ਫਲ ਮਿਲੇਗਾ। ਇਹ ਪਾਸਾ ਡਾਢਾ ਹੀ ਸੁਆਦਲਾ ਹੈ ਤੇ ਇਹਦਾ ਫਲ ਇਸੇ ਦੁਨੀਆਂ ਵਿਚ, ਦੁਨੀਆਂ ਦੇ ਕੁਲ ਕਾਰੋਬਾਰ ਸੰਵਾਰਨ ਵਿਚ ਮਿਲਣਾ ਹੈ ਤੇ ਨਾਲੇ ਵਾਹਿਗੁਰੂ ਦੇ ਪਾਸੇ ਦੀ ਅਸਲੀ ਪ੍ਰੀਤ ਹਾਸਲ ਕਰ ਕੇ ਹਮੇਸ਼ਾ ਦਾ ਚੈਨ ਤੇ ਪਰਲੋਕ ਦਾ ਸੁਧਾਰ ਹੁੰਦਾ ਹੈ।

ਆਪਣੀ ਦੁਨੀਆਂ ਆਪ ਹੀ ਬਣਾਉਣੀ ਤੇ ਉਹਦੇ ਉਤੇ ਆਪਣੀ ਹੀ ਹਕੂਮਤ ਹਾਸਲ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਉਥੋਂ ਇਕਠੇ ਕੀਤੇ ਹੋਏ ਕੁਝ ਹੁਕਮਾਂ ਨੂੰ ਵਰਤਾਰੇ ਵਿਚ ਲਿਆ ਕੇ ਜਿਹੜਾ ਨਤੀਜਾ ਪੈਦਾ ਹੋਣਾ ਜ਼ਰੂਰੀ ਹੈ, ਉਹ ਦਰਜ ਕੀਤਾ ਜਾਂਦਾ ਹੈ। ਅਭਿਆਸ ਕਰਨ ਵਾਲੇ ਗੁਰਸਿੱਖ ਜ਼ਰੂਰੀ ਅਜ਼ਮਾਇਸ਼ ਕਰਨ। ਦੁਨੀਆਂ ਦੇ ਕਾਰਜ ਰਾਸ ਤੇ ਪਰਲੋਕ ਦੀ ਆਤਮਕ ਤਰੱਕੀ ਦੋਵੇਂ ਹੀ ਹਾਸਲ ਹੋ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਹੁਕਮ (ਕਾਨੂੰਨ) 'ਆਪਣੀ ਦੁਨੀਆਂ ਉਤੇ ਆਪਣੀ ਹਕੂਮਤ' ਵਾਸਤੇ ਇਹ ਹਨ :-

੧. ਪਹਿਲਾਂ ਵਾਹਿਗੁਰੂ ਮਨ ਵਿਚ ਵਸਾਓ ਤੇ ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਵੇਖੋ।

੨. ਇਸ ਹਾਲਤ ਵਿਚ ਹੋ ਕੇ ਦੁਨੀਆਂ ਵਲ ਤਕੋ ਤੇ ਇਸ ਨੂੰ ਸੁਪਨੇ ਦੀ ਨਿਆਈਂ ਵੇਖੋ।

੩. ਜੋ ਕੁਝ ਇਹਦੇ ਵਿਚ ਹੋ ਰਿਹਾ ਹੈ, ਜਿਸ ਦੇ ਨਾਲ ਤੁਹਾਨੂੰ ਵਾਸਤਾ ਹੈ, ਉਹਨਾਂ ਸਾਰੇ ਨਜ਼ਾਰਿਆਂ ਵਿੱਚ ਸੁਪਨੇ ਵਾਂਗ ਆਪਣੇ ਹੀ ਖ਼ਿਆਲਾਂ ਦਾ ਪ੍ਰਕਾਸ਼ ਦੇਖੋ।

ਇਸ ਦੁਨੀਆਂ ਵਿਚ ਜੋ ਕੰਮ ਤੁਹਾਡੀ ਮਰਜ਼ੀ ਨਾਲ ਹੋ ਰਿਹਾ ਹੈ ਤੇ ਜੋ ਤੁਹਾਡੀ ਮਰਜ਼ੀ ਤੋਂ ਬਾਹਰ ਹੋ ਰਿਹਾ ਹੈ, ਸਭ ਤੁਹਾਡੇ ਹੀ ਖਿਆਲਾਂ ਦਾ ਪ੍ਰਕਾਸ਼ ਹੈ ਤੇ ਇਹਨਾਂ ਨੂੰ ਅਦਲਾ-ਬਦਲੀ ਕਰਨਾ ਤੁਹਾਡੇ ਹੀ ਵੱਸ ਵਿਚ ਹੈ।

੪. ਸੁਪਨੇ ਵਿਚ ਸੁਤਿਆਂ ਹੋਇਆਂ ਆਪਣੇ ਖ਼ਿਆਲ ਆਪਣੇ ਵਸ ਵਿਚ ਨਹੀਂ ਹੁੰਦੇ, ਇਹ ਇਕ ਮਾਇਆ ਦਾ ਧੋਖਾ ਹੈ। ਦਰਅਸਲ ਸਾਰੇ ਸੁਪਨੇ ਦੇ ਨਜ਼ਾਰੇ ਆਪਣੀ ਹੀ ਰਚਨਾ ਹੈ ਤੇ ਆਪਣੇ ਹੀ ਵਸ ਵਿਚ ਹੋਣੇ ਚਾਹੀਦੇ ਹਨ। ਜਾਗਰਤ ਆਉਣ ਤੇ ਹੋਸ਼ ਆ ਜਾਂਦੀ ਹੈ ਤੇ ਖ਼ਿਆਲਾਂ ਨੂੰ ਆਪਣੀ ਮਰਜ਼ੀ ਅਨੁਸਾਰ ਬਦਲਣ ਦੀ ਸ਼ਕਤੀ ਆਉਂਦੀ ਹੈ, ਇਸ ਵਾਸਤੇ ਜ਼ਰੂਰੀ ਹੈ ਕਿ ਸੁਪਨਾ (ਦੁਨੀਆਂ) ਸੁਤਿਆਂ ਬੇਵਸੀ ਵਿਚ ਨਾ ਦੇਖਿਆ ਜਾਵੇ ਬਲਕਿ ਜਾਗ ਕੇ 'ਵੱਸ ਵਿਚ' ਦੇਖਿਆ ਜਾਵੇ।

'ਜਾਗਣ' ਵਾਸਤੇ ਹੋਰ ਕਿਸੇ ਅਭਿਆਸ ਦੀ ਲੋੜ ਨਹੀਂ। ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਦੇਖਣਾ ਤੇ ਉਸ ਜੋਤ ਨੂੰ ਆਪਣੀ ਅਕਲ, ਸ਼ਕਤੀ, ਜਾਨ ਆਦਿ ਦੇਖ ਕੇ ਕੁਲ ਕੰਮ ਉਸੇ ਨੂੰ ਕਰਦਿਆਂ ਦੇਖਣਾ 'ਜਾਗਣ' ਹੈ, ਜਾਗ ਕੇ ਦੁਨੀਆਂ ਦੇਖਣਾ ਹੈ, ਦੁਨੀਆਂ ਤੇ ਹਕੂਮਤ ਹਾਸਲ ਕਰਨ ਹੈ।

੫. ਇਸ ਤਰ੍ਹਾਂ ਜਾਗ ਕੇ ਸੁਪਨਾ ਦੇਖਣ ਦੇ ਸਾਰੇ ਵਕਤ ਵਿਚ ਵਾਹਿਗੁਰੂ ਨੂੰ ਹਰ ਵੇਲੇ ਮੌਜੂਦ ਤੇ ਪੂਰਾ ਸ਼ਕਤੀਮਾਨ ਦੇਖੋ। ਇਸ ਦੀ ਸ਼ਕਤੀ ਸਭ ਤੋਂ ਪ੍ਰਬਲ ਹੈ। ਦੁਨੀਆਂ ਨੂੰ ਸੁਪਨੇ ਵਾਂਗ ਝੂਠੀ ਤੇ ਕਮਜ਼ੋਰ ਦੇਖੋ, ਜਿਹੜੀ ਭਾਸਦੀ ਹੈ ਪਰ ਹੈ ਨਹੀਂ ਖ਼ਿਆਲ ਬਦਲਣ ਨਾਲ ਇਹ ਫੌਰਨ ਬਦਲ ਜਾਂਦੀ ਹੈ ਤੇ ਇਹਨੂੰ ਬਦਲਣਾ ਤੁਹਾਡੇ ਵਸ ਵਿਚ ਹੈ।

੬. ਉਪਰ ਲਿਖੇ (੧) ਅਨੁਸਾਰ ਵਾਹਿਗੁਰੂ ਨੂੰ ਮਨ ਵਿਚ ਵਸਾਣਾ ਕੋਈ ਔਖਾ ਨਹੀਂ। ਵਾਹਿਗੁਰੂ ਨੂੰ ਮਨ ਵਿਚ ਵਸਾਣ ਤੇ ਆਪਣੇ ਕੋਲ ਲਿਆਉਣ ਵਾਸਤੇ ਕਿਸੇ ਯਤਨ ਦੀ ਜ਼ਰੂਰਤ ਨਹੀਂ। ਵਾਹਿਗੁਰੂ ਸਰਬ-ਵਿਆਪੀ ਹੋਣ ਕਰ ਕੇ ਹਰ ਜਗ੍ਹਾ ਤੇ ਹਰ ਵੇਲੇ ਮੌਜੂਦ ਹੈ। ਨਿਰਾ ਇਹ ਜਾਨਣਾ ਕਿ ਉਹ ਮੌਜੂਦ

ਹੈ ਤੇ ਇਸ ਨੂੰ ਸੁਰਤ ਵਿਚ ਲਿਆ ਕੇ ਵਾਰ-ਵਾਰ ਯਾਦ ਕਰਨਾ ਕਾਫੀ ਹੈ। ਇਹ ਅੱਭਿਆਸ ਹੀ ਸਿਮਰਨ ਦਾ ਇਕ ਦਰਜਾ ਹੈ ਜੋ ਮਨ ਦੀ ਸ਼ਾਂਤੀ ਤੇ ਆਤਮਕ ਬਲ ਬਖ਼ਸ਼ਦਾ ਹੈ।

੨. ਗੁਰੂ ਗ੍ਰੰਥ ਸਾਹਿਬ ਦੇ ਜਿਨ੍ਹਾਂ ਸ਼ਬਦਾਂ ਉੱਤੇ ਇਸ ਲੇਖ ਦਾ ਸਹਾਰਾ ਹੈ, ਉਹ ਇਹ ਹਨ :-

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।

ਹੁਣ ਤੇ ਹਮੇਸ਼ਾ

ਵਾਹਿਗੁਰੂ ਸੱਚ ਹੀ ਸੱਚ ਹੈ। ਸੱਚ ਵਿਚ ਹੀ ਉਹ ਵਸਦਾ ਹੈ ਤੇ ਝੂਠ ਵਿਚ ਉਹਦਾ ਵਾਸਾ ਹੀ ਨਹੀਂ। ਝੂਠ ਵਿਚ ਉਹਦਾ ਪ੍ਰਕਾਸ਼ ਹੋ ਹੀ ਨਹੀਂ ਸਕਦਾ। ਸੱਚ ਉਹ ਹੈ ਜੋ ਕਦੀ ਨਾ ਬਦਲੇ, ਇਕ ਸੁਰ ਰਹੇ, ਹਮੇਸ਼ਾ ਰਹੇ, ਹਰ ਵੇਲੇ ਮੌਜੂਦ ਰਹੇ, ਨਾਸ ਨਾ ਹੋਵੇ। ਝੂਠ ਉਹ ਹੈ ਜੋ ਹਰ ਵੇਲੇ ਬਦਲੇ, ਕਦੀ ਇਕ ਸਕਲ ਵਿਚ ਨਾ ਰਹੇ। ਬਰਬਾਦੀ ਦਾ ਅੰਸ਼ ਉਹਦੇ ਵਿਚ ਹੋਵੇ, ਕਿਸੇ ਵੇਲੇ ਵੀ ਦਰਅਸਲ ਮੌਜੂਦ ਹੋਵੇ।

ਵਾਹਿਗੁਰੂ ਵਿਚ ਅਦਲਾ-ਬਦਲੀ ਨਹੀਂ, ਇਸ ਵਾਸਤੇ ਉਹਦੇ ਵਿਚ ਵਕਤ (Time) ਵੀ ਨਹੀਂ। ਨਾ ਉਸਦੇ ਵਿਚ ਪਿਛਲਾ ਗੁਜ਼ਰਿਆ ਹੋਇਆ ਵੇਲਾ ਹੈ, ਨਾ ਹੀ ਅਗੇ ਆਉਣ ਵਾਲਾ ਵੇਲਾ ਹੈ, ਨਿਰੋਲ 'ਹੁਣ' ਹੀ 'ਹੁਣ' ਹੈ। ਅਦਲਾ-ਬਦਲੀ ਨਾ ਹੋਣ ਕਰ ਕੇ ਹਮੇਸ਼ਾ ਇਕੋ ਹਾਲਤ ਰਹਿੰਦੀ ਹੈ, ਇਸ ਵਾਸਤੇ ਪਿਛਾ ਤੇ ਅਗਾ ਦੋਵੇਂ ਵੇਲੇ ਨਿਕਲ ਜਾਂਦੇ ਹਨ ਤੇ 'ਹੁਣ ਹੀ ਹੁਣ ਤੇ ਹਮੇਸ਼ਾ' ਰਹਿ ਜਾਂਦਾ ਹੈ। ਵਾਹਿਗੁਰੂ ਦਾ ਸਚਖੰਡ ਨਿਰੋਲ 'ਹੁਣ' ਵਿਚ ਵਸ ਰਿਹਾ ਹੈ। ਇਸ ਹਰ ਵੇਲੇ ਬਦਲਣ ਵਾਲੀ ਝੂਠੀ ਮਾਇਆ ਦੀ ਦੁਨੀਆਂ ਵਿਚ ਹੀ ਪਿਛਲਾ ਵੇਲਾ 'ਹੁਣ' ਤੇ ਆਉਣ ਵਾਲਾ ਤਿੰਨੇ ਵੇਲੇ ਦਿਸਦੇ ਹਨ। ਅਸੀਂ ਮਾਇਆ ਵਾਲੀ ਦੁਨੀਆਂ ਵਿਚ ਰਹਿਣ ਵਾਲੇ ਤਿੰਨਾਂ ਵੇਲਿਆਂ ਦੇ ਝੂਠੇ ਨਜ਼ਾਰੇ ਨੂੰ ਸੱਚਾ ਸਮਝਦੇ ਹਾਂ।

ਅਸੀਂ ਵਾਹਿਗੁਰੂ ਨੂੰ ਹਮੇਸ਼ਾ ਗੈਰ-ਹਾਜ਼ਰ ਸਮਝਦੇ ਹਾਂ, ਹਾਲਾਂਕਿ ਉਹ ਸਰਬ-ਵਿਆਪੀ ਹਰ ਵੇਲੇ ਮੌਜੂਦ ਹੈ। ਉਹਨੂੰ ਗੈਰ-ਹਾਜ਼ਰ ਸਮਝ ਕੇ ਉਸ ਦੇ ਨੂਰ ਦੇ ਚਾਨਣ ਤੋਂ ਵਾਂਝੇ ਰਹਿੰਦੇ ਹਾਂ ਤੇ ਚਾਨਣ ਦੀ ਥਾਂ ਤੇ ਮਾਇਆ (ਵਾਹਿਗੁਰੂ ਦੀ ਗੈਰ-ਹਾਜ਼ਰੀ) ਦੇ ਹਨੇਰੇ ਵਿਚ ਕੁਲ ਕੰਮ ਕਰਦੇ ਹਾਂ, ਇਸ ਕਰਕੇ ਸਾਨੂੰ ਮਾਇਆ ਦੇ ਹਨੇਰੇ ਵਿਚੋਂ ਗੁਜ਼ਰਨਾ ਪੈਂਦਾ ਹੈ। ਪਾਪ, ਬੀਮਾਰੀ, ਮੌਤ, ਭੁਲੇਖੇ, ਬੁਢਾਪਾ, ਬੇਚੈਨੀ ਆਦਿ ਕੁਲ ਮਾਇਆ ਦੇ ਰੰਗ ਸਾਡੇ ਇਰਦ-ਗਿਰਦ ਰਹਿੰਦੇ ਹਨ। ਅਸੀਂ ਇਹਨਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ।

ਜੇਕਰ ਅਸੀਂ ਆਪਣੀ ਭੁਲ ਨੂੰ ਗਵਾ ਦੇਈਏ ਤੇ ਆਪਣੇ ਆਪ ਨੂੰ ਆਪਣੀ ਅਸਲੀ ਹਾਲਤ ਵਾਹਿਗੁਰੂ ਦੀ ਜੋਤ ਦੇਖੀਏ ਤੇ ਵਾਹਿਗੁਰੂ ਹੀ ਹਿਰਦੇ ਵਿਚ ਵਸਦਾ ਦੇਖੀਏ, ਤਦ ਵਾਹਿਗੁਰੂ ਦੇ ਸਾਰੇ ਗੁਣ ਸਾਡੇ ਵਿਚ ਪ੍ਰਕਾਸ਼ ਹੋਣ ਨਾਲ 'ਹੁਣ ਤੇ ਹਮੇਸ਼ਾ' ਦੀ ਪੂਰਨਤਾ, ਅਮਿੱਤਾਪਨ, ਅਨੰਦ ਆਦਿ ਗੁਣ ਪ੍ਰਗਟ ਹੋਣੇ ਜ਼ਰੂਰੀ ਹਨ।

ਵਾਹਿਗੁਰੂ ਦਾ ਆਪਣੇ ਅੰਦਰ ਪ੍ਰਕਾਸ਼ ਦੇਖਣ ਨਾਲ ਇਹ ਮਾਇਆ ਦੀ ਦੁਨੀਆਂ ਬਦਲ ਕੇ (ਹਨੇਰੇ ਦੀ ਥਾਂ ਤੇ ਰੌਸ਼ਨੀ ਵਿਚ ਆ ਕੇ) ਕੁਲ ਸਚਖੰਡ ਹੀ ਬਣ ਜਾਵੇਗੀ। ਸਾਡੀਆਂ ਅਰਦਾਸਾਂ ਦੀ ਤਰਜ਼ ਵੀ ਫੇਰ ਬਦਲ ਜਾਵੇਗੀ। ਪਹਿਲੀ ਅਰਦਾਸ ਜੇਕਰ ਇਹ ਸੀ ਕਿ--ਹੇ ਵਾਹਿਗੁਰੂ, ਤੂੰ ਮੈਨੂੰ ਦੇਹ ਅਰੋਗਤਾ ਦੇ, ਬਹੁਤੀ ਦੌਲਤ ਦੇ, ਅਨੰਦ ਦੇ, ਆਪਣੇ ਚਰਨਾਂ ਦੀ ਪ੍ਰੀਤ ਦੇ।' ਤਦ ਹੁਣ ਇਹ ਅਰਦਾਸ ਬਦਲ ਜਾਵੇਗੀ ਕਿਉਂਕਿ ਅਸੀਂ ਵਾਹਿਗੁਰੂ ਦੇ 'ਹੁਣ ਤੇ ਹਮੇਸ਼ਾਂ' ਨੂੰ ਸਮਝ ਗਏ ਹਾਂ। ਅਰਦਾਸ ਹੁਣ ਇਸ ਤਰ੍ਹਾਂ ਕਰਾਂਗੇ—'ਵਾਹਿਗੁਰੂ ਤੂੰ ਸਰਬ-ਵਿਆਪੀ ਹੈਂ, ਮੇਰੇ ਹਰ ਵੇਲੇ ਕੋਲ ਹੈਂ, ਮੈਂ ਤੇਰੀ ਜੋਤ ਹਾਂ, ਤੇਰਾ ਬੱਚਾ ਹਾਂ, ਵਿਰਸੇ ਵਿਚ ਸਭ ਕੁਝ ਤੇਰੇ ਕੋਲੋਂ ਲੈ ਰਿਹਾ ਹਾਂ, ਤੂੰ ਮੇਰੀ 'ਹੁਣ ਤੇ ਹਮੇਸ਼ਾ' ਦੀ ਸਿਹਤ ਹੈਂ, ਤੂੰ ਬੇਅੰਤ ਹੈਂ, ਤੇਰੀ ਹਰ ਚੀਜ਼ ਅਮਿੱਤੀ ਮੇਰੇ ਇਰਦ-ਗਿਰਦ ਮੌਜੂਦ ਹੈ, ਹੁਣ ਮੌਜੂਦ ਹੈ, ਇਥੇ ਮੌਜੂਦ ਹੈ, ਹਮੇਸ਼ਾ ਮੌਜੂਦ ਹੈ। ਤੇਰਾ ਅਨੰਦ ਮੈਨੂੰ ਹਰ ਵੇਲੇ ਸ਼ਾਂਤ ਕਰ ਰਿਹਾ ਹੈ। ਅੰਦਰ-ਬਾਹਰ, ਇਰਦ-ਗਿਰਦ, ਤੇਰੇ ਸਿਵਾ ਹੋਰ ਕੁਝ ਵੀ ਨਹੀਂ। ਮੇਰੀ ਤੇਰੇ ਨਾਲੋਂ ਕੋਈ ਵਖਰੀ ਹਸਤੀ ਹੀ ਨਹੀਂ।'

ਵਾਹਿਗੁਰੂ ਦੀ ਦੁਨੀਆਂ ਪੂਰਨ ਹੈ। ਉਹਦੀ ਜੋਤ ਮਨੁੱਖ ਵੀ ਪੂਰਨ ਹੈ। ਉਹ ਪ੍ਰਿਤਪਾਲਕ ਹਣ ਕਰ ਕੇ ਆਪਣੇ ਫਰਜ਼ ਨੂੰ ਅੱਛੀ ਤਰ੍ਹਾਂ ਜਾਣਦਾ ਹੈ ਤੇ ਉਸਦਾ ਪਾਲਣ ਕਰ ਰਿਹਾ ਹੈ। ਉਹਨੂੰ ਯਾਦ ਕਰਾਉਣ ਦੀ ਲੋੜ ਨਹੀਂ। ਦੁਨੀਆਂ ਨੂੰ ਪੂਰਨ ਚਲਾਉਣ ਵਾਸਤੇ ਹਰ ਚੀਜ਼ ਅਗੇ ਹੀ ਮੌਜੂਦ ਹੈ। ਅਸੀਂ ਮਾਇਆ ਦੇ ਹਨੇਰੇ ਵਿਚ ਬੈਠੇ ਹੋਏ ਕੁਲ ਬਰਕਤਾਂ ਹਾਸਲ ਨਹੀਂ ਕਰ ਰਹੇ, ਪਰ ਬਰਕਤਾਂ ਤਾਂ ਨਾਸ ਨਹੀਂ ਹੋ ਜਾਂਦੀਆਂ, ਉਹ ਹਮੇਸ਼ਾ ਕਾਇਮ ਹਨ। ਅਸਾਂ ਵਾਹਿਗੁਰੂ ਦੇ ਚਾਨਣ ਵਿਚ ਆ ਕੇ ਬਰਕਤਾਂ ਦੇਖ ਕੇ ਤੇ ਲੈ ਕੇ ਉਨ੍ਹਾਂ ਦਾ ਸ਼ੁਕਰੀਆ ਕਰਨਾ ਹੈ। ਵਾਹਿਗੁਰੂ ਨੂੰ 'ਹੁਣ ਤੇ ਹਮੇਸ਼ਾ' ਵਿਚ ਦੇਖਣਾ ਹੈ। ਆਪਣੇ ਆਪ ਨੂੰ ਉਹਦੀ ਸ੍ਰਿਸ਼ਟੀ ਵਿਚ ਪੂਰਨ ਦੇਖਣਾ ਹੈ, ਥੁੜ੍ਹ ਜਾਂ ਊਣ ਵਿਚ ਨਹੀਂ ਦੇਖਣਾ, ਇਹ ਸਿਮਰਨ ਹੈ ਜਿਹੜਾ ਵਾਹਿਗੁਰੂ ਨਾਲ ਪਿਆਰ ਪਾ ਕੇ ਉਹਦੀ ਪ੍ਰੀਤ ਦਾ ਅਨੰਦ ਹਰ ਵੇਲੇ ਜਾਰੀ ਰਖਦਾ ਹੈ ਤੇ ਕੁਲ ਦੁਨੀਆਂ

ਦੀਆਂ ਦੁਖਾਂ ਤੇ ਭੁਖਾਂ ਨੂੰ ਹਟਾ ਕੇ ਪੂਰਨਤਾ ਵਿਚ ਲਿਆਉਂਦਾ ਹੈ।

ਜ਼ਰੂਰੀ ਗੱਲਾਂ :- (੧) ਪਾਪ ਨਾ ਕਰੋ, ਇਹ ਕੁਲ ਦੁਖਾਂ, ਭੁਖਾਂ ਤੇ ਉਪਾਧੀਆਂ ਦੀ ਬੁਨਿਆਦ ਹੈ।

(੨) ਵਾਹਿਗੁਰੂ ਬੇਅੰਤ ਹੈ, ਇਸ ਲਈ ਹਰ ਥਾਂ ਤੇ ਹਰ ਵੇਲੇ ਮੌਜੂਦ ਹੈ। ਉਹਦੇ ਸਿਵਾ ਹੋਰ ਕੋਈ ਹਸਤੀ ਹੈ ਹੀ ਨਹੀਂ। ਮਾਇਆ ਦੀ ਦੁਨੀਆਂ ਜੋ ਦਿਸ ਰਹੀ ਹੈ ਤੇ ਸੁਪਨੇ ਵਾਂਗ ਭਾਸ ਰਹੀ ਹੈ, ਪਰ ਅਸਲ ਵਿਚ ਹੈ ਹੀ ਨਹੀਂ।

ਅਸੀਂ ਵਾਹਿਗੁਰੂ ਦੀ ਜੋਤ ਹਾਂ, ਪੂਰਨ ਹਾਂ, ਅਨੰਦ ਹਾਂ ਤੇ ਵਾਹਿਗੁਰੂ ਦੇ ਕੁਲ ਗੁਣ ਸਾਡੇ ਵਿਚ ਪ੍ਰਕਾਸ਼ ਹੋ ਰਹੇ ਹਨ। ਅਸਾਂ ਆਪਣੇ ਆਪ ਨੂੰ ਪੂਰਨ ਬਨਾਣ ਦੀ ਕੋਈ ਕੋਸ਼ਿਸ਼ ਨਹੀਂ ਕਰਨੀ, ਅਸੀਂ ਅਗੇ ਹੀ ਪੂਰਨ ਹਾਂ।

ਅਸੀਂ ਅਲਬੱਤਾ ਇਹ ਦੇਖਣਾ ਹੈ ਕਿ ਅਸੀਂ ਹੁਣ, ਏਥੇ ਤੇ ਹਮੇਸ਼ਾ ਪੂਰਨ ਹਾਂ ਤੇ ਅਸਾਂ ਇਹ ਗਿਆਨ ਹਾਸਲ ਕਰ ਕੇ ਆਪਣੀ ਸੁਰਤ ਨੂੰ ਇਸ ਦਾ ਆਦੀ ਬਨਾਣਾ ਹੈ। ਜਿੰਨਾ-ਜਿੰਨਾ ਇਹ ਗਿਆਨ ਸੁਰਤ ਵਿਚ ਬੈਠੇਗਾ, ਉਤਨੀ-ਉਤਨੀ ਹੀ ਸਾਡੀ ਸੁਪਨੇ ਦੀ ਦੁਨੀਆਂ ਬਦਲ ਜਾਵੇਗੀ। ਹਰ ਪਾਸੇ ਅਨੰਦ ਹੀ ਅਨੰਦ ਨਜ਼ਰ ਆਵੇਗਾ।

ਦੁਨੀਆਂ ਸੁਰਤ ਤੋਂ ਬਣ ਰਹੀ ਹੈ ਤੇ ਸੁਰਤ ਬਦਲਣ ਨਾਲ ਦੁਨੀਆਂ ਦਾ ਬਦਲਣਾ ਜ਼ਰੂਰੀ ਹੈ।

ਜੋ ਤੁਧੁ ਭਾਵੈ ਸਾਈ ਭਲੀ ਕਾਰ

ਅਸੀਂ ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ ਹਰ ਰੋਜ਼ ਇਹ ਸ਼ਬਦ ਮੂੰਹ ਤੋਂ ਬੋਲਦੇ ਹਾਂ ਪਰ ਇਸ ਦਾ ਮਤਲਬ ਅਮਲੀ ਤੌਰ ਤੇ ਕਿਸੇ ਵਿਰਲੇ ਨੇ ਹੀ ਸੋਚ ਵਿਚ ਲਿਆਂਦਾ ਹੋਵੇਗਾ। ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਵੇਖ ਕੇ ਤੇ ਉਹਦੇ ਵਲ ਧਿਆਨ ਕਰ ਕੇ ਜਿਸ ਵੇਲੇ ਦਿਲੋਂ ਇਹ ਸ਼ਬਦ ਪੜ੍ਹੀਦੇ ਤਾਂ ਦਿਲ ਉਤੇ ਇਕ ਬੜੀ ਜ਼ਬਰਦਸਤ ਲਹਿਰ ਫਿਰ ਜਾਂਦੀ ਹੈ ਤੇ ਸੁਰਤ ਫੌਰਨ ਜ਼ਬਾਨ ਨੂੰ ਰੋਕ ਦੇਂਦੀ ਹੈ ਕਿ ਇਹ ਕੀ ਕਹਿਣ ਲੱਗਾ ਹੈਂ ? ਵਾਹਿਗੁਰੂ ਦੇ ਸਾਹਮਣੇ ਕੀ ਇਕਰਾਰ ਕਰਨ ਲੱਗਾ ਹੈਂ ? ਇਸ ਨੂੰ ਪੂਰਾ ਕਰ ਸਕੇਂਗਾ ?

ਜੇ ਸਾਡਾ ਕਾਰੋਬਾਰ ਫੇਲ੍ਹ ਹੋ ਰਿਹਾ ਹੋਵੇ ਤਾਂ ਕੀ ਅਸੀਂ ਵਾਹਿਗੁਰੂ ਦੀ ਮਰਜ਼ੀ ਪਰ ਛਡਣ ਨੂੰ ਤਿਆਰ ਹਾਂ ? ਜੇ ਘਰ ਵਿਚ ਕੋਈ ਬੀਮਾਰ ਹੋਵੇ, ਕੀ ਅਸੀਂ ਉਹਦੇ ਵਾਸਤੇ ਇਹ ਕਹਿਣ ਨੂੰ ਤਿਆਰ ਹਾਂ ਕਿ ਭਾਵੇਂ ਵਾਹਿਗੁਰੂ ਤੂੰ ਰਾਜ਼ੀ ਕਰ ਭਾਵੇਂ ਮਾਰ, ਤੇਰੀ ਮਰਜ਼ੀ ? ਅਸੀਂ ਕਦੀ ਵੀ ਦਿਲੋਂ ਭੈੜਾ ਨਤੀਜਾ ਮੰਨਣ ਵਾਸਤੇ ਤਿਆਰ ਨਹੀਂ ਹੁੰਦੇ। ਜੇਕਰ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਮੂੰਹੋਂ ਕਹਿ ਵੀ ਬੈਠੇ ਹਾਂ ਤਾਂ ਵਾਪਸ ਲੈਣ ਵਾਸਤੇ ਤਿਆਰ ਹੋ ਜਾਵਾਂਗੇ ? ਕੋਈ ਵੀ ਐਡਾ ਬਹਾਦਰ ਨਹੀਂ ਨਿਕਲੇਗਾ, ਜਿਹੜਾ ਭੈੜੇ ਨਤੀਜੇ ਨੂੰ ਖੁਸ਼ੀ ਨਾਲ ਮੰਨੇ। ਸਾਡੀ ਅਰਦਾਸ ਹਮੇਸ਼ਾ ਇਹੀ ਹੋਵੇਗੀ ਕਿ 'ਹੇ ਵਾਹਿਗੁਰੂ, ਤੂੰ ਸਾਡਾ ਕੰਮ-ਕਾਜ ਸੰਵਾਰ ਦੇ ਤੇ ਬੀਮਾਰ ਨੂੰ ਰਾਜ਼ੀ ਕਰ ਦੇ।' ਅਸੀਂ ਸੱਚੇ ਦਿਲ ਨਾਲ ਕਦੀ ਵੀ ਇਹ ਕਹਿਣ ਦਾ ਹੀਆ ਨਹੀਂ ਕਰਾਂਗੇ ਕਿ ਭਾਵੇਂ ਵਾਹਿਗੁਰੂ ਕੰਮ-ਕਾਜ ਨਾ ਸੰਵਾਰੇ ਤੇ ਭਾਵੇਂ ਬੀਮਾਰ ਨੂੰ ਰਾਜ਼ੀ ਨਾ ਕਰੇ, ਅਸੀਂ ਉਸ ਦੀ ਰਜ਼ਾ ਵਿਚ ਖੁਸ਼ ਰਹਾਂਗੇ।

ਜਿਨ੍ਹਾਂ ਸੰਤਾਂ ਨੇ ਇਹ ਸ਼ਬਦ ਉਚਾਰਨ ਕੀਤਾ ਹੈ, ਉਹਨਾਂ ਨੇ ਕੀ ਸੋਚਿਆ ? ਕੀ ਡਿਠਾ ? ਕਿਉਂ ਹਰ ਇਕ ਦੇ ਕੰਨ ਵਿਚ ਇਸ ਸ਼ਬਦ ਦੀ ਆਵਾਜ਼ ਪਾਈ ? ਇਹ ਸਵਾਲ ਦਿਲ ਵਿਚ ਪੈਦਾ ਹੁੰਦੇ ਹਨ ਤੇ ਜਦ ਨਾਲ ਇਹ ਖਿਆਲ ਆਉਂਦਾ ਹੈ ਕਿ ਸੰਤਾਂ ਦਾ ਵਾਕ ਬੇਅਰਥ ਨਹੀਂ ਹੈ, ਇਹ ਪੂਰਾ

ਸੱਚਾ ਸ਼ਬਦ ਹੈ ਤਾਂ ਮਨ ਜ਼ਰੂਰ ਸੱਚ ਵਾਲੇ ਪਾਸੇ ਜਾਂਦਾ ਹੈ ਤੇ ਵਾਹਿਗੁਰੂ ਵਲੋਂ ਇਸ ਸਵਾਲ ਦੇ ਜਵਾਬ ਦੀ ਤਾਂਘ ਕਰਦਾ ਹੈ।

ਜਦ ਦਿਲੀ ਚਾਹ ਨਾਲ ਵਾਹਿਗੁਰੂ ਅਗੇ ਇਸ ਗੁੰਝਲ ਤੇ ਰੌਸ਼ਨੀ ਪਾਣ ਵਾਸਤੇ ਅਰਦਾਸ ਕੀਤੀ ਜਾਵੇ ਤਾਂ ਫੌਰਨ ਜਵਾਬ ਆਉਂਦਾ ਹੈ—'ਹੇ ਭੁਲਿਆ ਸਿੱਖਾ ! ਤੂੰ ਹਰ ਰੋਜ਼ ਪ੍ਰੇਮ ਨਾਲ ਦਰਬਾਰ ਸਾਹਿਬ ਦਾ ਪਾਠ ਕਰਦਾ ਹੈਂ ਪਰ ਵਾਹਿਗੁਰੂ ਦੀ ਪਛਾਣ ਪੂਰੀ ਤਰ੍ਹਾਂ ਹਾਸਲ ਨਹੀਂ ਕੀਤੀ, ਹੋਰ ਜ਼ਿਆਦਾ ਖ਼ਿਆਲ ਨਾਲ ਪਾਠ ਕਰ। ਜਦ ਤੈਨੂੰ ਨਿਸ਼ਚਾ ਹੋ ਜਾਵੇਗਾ ਕਿ ਵਾਹਿਗੁਰੂ ਤਾਂ ਪਿਤਾ-ਮਾਤਾ ਵਾਂਗ ਪ੍ਰੇਮ ਹੀ ਪ੍ਰੇਮ ਹੈ, ਉਹ ਆਪਣੇ ਬੱਚਿਆਂ ਦਾ ਬੁਰਾ ਚਿਤਵ ਹੀ ਨਹੀਂ ਸਕਦਾ। ਸਜ਼ਾ ਦੇਣੀ ਤਾਂ ਇਕ ਪਾਸੇ ਰਹੀ, ਉਹ ਕੌੜਾ ਬੋਲਣਾ ਹੀ ਨਹੀਂ ਜਾਣਦਾ। ਉਹ ਔਗੁਣ ਨੂੰ ਚਿਤਾਰਦਾ ਨਹੀਂ, ਉਹ ਸਰਬ-ਸ਼ਕਤੀਮਾਨ ਹੈ। ਜਦ ਤੂੰ ਵਾਹਿਗੁਰੂ ਦੇ ਸੁਭਾਅ ਦੀ ਕੁਝ ਵੀ ਵਾਕਫੀਅਤ ਹਾਸਲ ਕਰ ਲਵੇਂਗਾ ਤਾਂ ਤੇਰਾ ਭਰਮ ਹਟ ਜਾਵੇਗਾ। ਤੈਨੂੰ ਇਹ ਪਤਾ ਲਗ ਜਾਵੇਗਾ ਕਿ ਵਾਹਿਗੁਰੂ ਨਾਲੋਂ ਹੋਰ ਕੋਈ ਹਮਦਰਦ ਦੁਨੀਆਂ ਵਿਚ ਨਹੀਂ ਮਿਲ ਸਕਦਾ, ਤਦ ਤੂੰ ਹਰ ਮੌਕੇ ਤੇ ਇਹੀ ਸ਼ਬਦ ਪੜ੍ਹੇਂਗਾ :-

ਜੋ ਤੁਧੁ ਭਾਵੈ ਸਾਈ ਭਲੀ ਕਾਰ।'

ਤੇ ਪੂਰੀ ਤਸੱਲੀ ਅਤੇ ਪੂਰੀ ਖ਼ੁਸ਼ੀ ਨਾਲ ਕੁਲ ਮਸਲੇ ਵਾਹਿਗੁਰੂ ਨੂੰ ਸਪੁਰਦ ਕਰਨ ਵਾਸਤੇ ਤਿਆਰ ਹੋ ਜਾਵੇਂਗਾ ਤੇ ਨਤੀਜਾ ਕਦੀ ਵੀ ਮਾਯੂਸੀ ਨਹੀਂ ਹੋਵੇਗਾ। ਜੇਕਰ ਤੇਰੀ ਮੰਗ ਵਿਚ ਕੋਈ ਗ਼ਲਤੀ ਹੈ ਤਾਂ ਉਹ ਦਰੁਸਤ ਹੋ ਜਾਵੇਗੀ ਤੇ ਦਿਲ ਉਸ ਨਤੀਜੇ ਵਾਸਤੇ ਤਿਆਰ ਹੋਵੇਗਾ, ਜਿਹੜਾ ਡਾਢਾ ਚੰਗਾ ਤੇ ਤੇਰੀ ਤਸੱਲੀ ਮੁਜਬ ਹੋਵੇਗਾ।

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ।
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ।
(ਮਾਝ ਮਹਲਾ ੫)

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।
(ਸੂਹੀ ਮਹਲਾ ੫)

ਨਾਮ ਦੀ ਸਮਝ

(ਫ਼ੀਰੋਜ਼ਪੁਰ ਤੋਂ ਆਤਮ ਸਾਇੰਸ ਦੇ ਇਕ ਪਾਠਕ ਦੀ ਚਿੱਠੀ ਦਾ ਜਵਾਬ)

ਮੇਰੇ ਪਿਆਰੇ ਸਰਦਾਰ ਸਾਹਿਬ, ਸਤਿ ਸ੍ਰੀ ਅਕਾਲ। ਤੁਸਾਂ ਆਪਣੇ ਖ਼ਤ ਵਿਚ ਸਵਾਲ ਪੁਛੇ ਹਨ ਕਿ ਨਾਮ ਨਾਲ ਬੀਮਾਰੀ ਕਿਵੇਂ ਹਟ ਸਕਦੀ ਹੈ ? ਦੌਲਤ ਕਿਸ ਤਰ੍ਹਾਂ ਮਿਲ ਸਕਦੀ ਹੈ ? ਇਹ ਸਵਾਲ ਹਰ ਮਨੁੱਖ ਦੇ ਸਵਾਲ ਹਨ। ਆਤਮ ਸਾਇੰਸ ਰਸਾਲੇ ਵਿਚ ਮੈਂ ਆਪਣੇ ਲੇਖਾਂ ਵਿਚ ਇਹਨਾਂ ਹੀ ਸਵਾਲਾਂ ਤੇ ਬਹਿਸ ਕਰਦਾ ਰਹਿੰਦਾ ਹਾਂ।

ਮੈਂ ਤੁਹਾਨੂੰ ਕਿਸ ਤਰ੍ਹਾਂ ਯਕੀਨ ਕਰਾ ਸਕਦਾ ਹਾਂ ਕਿ ਨਾਮ ਵਿਚ ਇਹ ਸ਼ਕਤੀਆਂ ਜ਼ਰੂਰ ਮੌਜੂਦ ਹਨ। ਗੁਰੂ ਗ੍ਰੰਥ ਸਾਹਿਬ ਨਾਲੋਂ ਵਧ ਕੇ ਯਕੀਨ ਦਿਲਾਣ ਵਾਲੀ ਹੋਰ ਕਿਹੜੀ ਚੀਜ਼ ਹੈ, ਜਿਸ ਵਿਚ ਉਚੀ ਪਦਵੀ ਤੇ ਪੁਜੇ ਹੋਏ ਸੰਤਾਂ ਦੇ ਤਜਰਬੇ ਦਰਜ ਹਨ। ਮੈਂ ਸਿਰਫ ਇਤਨਾ ਕਹਿ ਸਕਦਾ ਹਾਂ ਕਿ ਮੈਂ ਆਪਣੇ ਤਜਰਬੇ ਵਿਚ ਲਿਆ ਕੇ ਨਾਮ ਦੀ ਸ਼ਕਤੀ ਤੇ ਉਸ ਦੇ ਨਤੀਜੇ ਸੋਲ੍ਹਾਂ ਆਨੇ ਦਰੁਸਤ ਵੇਖੇ ਹਨ ਤੇ ਮੈਂ ਆਪਣੀ ਜ਼ਿੰਦਗੀ ਦੇ ਵਰਤਾਰੇ ਵਿਚ ਬਹੁਤ ਫ਼ਾਇਦਾ ਉਠਾਇਆ ਹੈ। ਆਤਮ ਸਾਇੰਸ ਰਸਾਲੇ ਵਿਚ ਮੇਰੇ ਲੇਖਾਂ ਦਾ ਬਹੁਤ ਸਾਰਾ ਹਿੱਸਾ ਮੇਰੇ ਜ਼ਾਤੀ ਤਜਰਬੇ ਦੇ ਸਹਾਰੇ ਉਤੇ ਹੁੰਦਾ ਹੈ।

ਪਰ ਇਹ ਯਾਦ ਰਹੇ ਕਿ ਬੇਸਮਝੀ ਨਾਲ ਬਾਣੀ ਦਾ ਪਾਠ ਕਰਨਾ ਜਾਂ ਅੰਨ੍ਹਾ ਨਿਸ਼ਚਾ ਰਖਣਾ ਕੁਝ ਜ਼ਿਆਦਾ ਫ਼ਾਇਦਾ ਨਹੀਂ ਪਹੁੰਚਾ ਸਕਦਾ। ਸਾਇੰਸ ਦੇ ਕਾਲਜ ਦੇ ਵਿਦਿਆਰਥੀ ਵਾਂਗ ਪੁਸਤਕਾਂ ਵਿਚੋਂ ਨਿਯਮ ਪੜ੍ਹਨਾ, ਉਸ ਨੂੰ ਸਮਝਣਾ, ਜ਼ਬਾਨੀ ਯਾਦ ਕਰਨਾ ਤੇ ਫਿਰ ਸਾਇੰਸ ਦੇ ਤਜਰਬੇ ਵਾਲੇ ਕਮਰੇ (ਲੈਬਾਰੇਟਰੀ) ਵਿਚ ਜਾ ਕੇ ਵਾਰ-ਵਾਰ ਤਜਰਬਾ ਕਰ ਕੇ ਨਿਯਮ ਦੇ ਨਤੀਜੇ ਨੂੰ ਪ੍ਰਤੱਖ ਅੱਖਾਂ ਅਗੇ ਸਾਬਤ ਕਰਨਾ ਜ਼ਰੂਰੀ ਹੈ। ਜਦ ਤਕ ਨਤੀਜਾ ਨਾ ਨਿਕਲੇ, ਤਜਰਬਾ ਜਾਰੀ ਰਖਣਾ ਜ਼ਰੂਰੀ ਹੈ।

ਤੁਸੀਂ ਲਿਖਿਆ ਹੈ ਕਿ ਨਾਮ ਨਾਲ ਸ਼ਾਂਤੀ ਤਾਂ ਆ ਜਾਂਦੀ ਹੈ ਪਰ ਸਿਹਤ ਤੇ ਦੌਲਤ ਨਹੀਂ ਆਉਂਦੀ। ਮੇਰੇ ਪਿਆਰੇ ਸਰਦਾਰ ਸਾਹਿਬ ਜੀ ! ਜੇ ਤੁਹਾਨੂੰ

ਸ਼ਾਂਤੀ ਹਾਸਲ ਹੋ ਜਾਵੇ ਤਾਂ ਸਭ ਕੁਝ ਹਾਸਲ ਹੋ ਗਿਆ ਸਮਝੋ। ਅਗਰ ਮਨ ਨੂੰ ਸ਼ਾਂਤੀ ਆ ਜਾਵੇ ਤਾਂ ਸਰੀਰ ਵਿਚ ਕੋਈ ਬੀਮਾਰੀ ਰਹਿ ਹੀ ਨਹੀਂ ਸਕਦੀ। ਸਾਡਾ ਮਨ, ਸਾਡਾ ਸਰੀਰ ਬਣਾ ਰਿਹਾ ਹੈ। ਇਸੇ ਤਰ੍ਹਾਂ ਮਨ ਦੀ ਸ਼ਾਂਤੀ ਨਾਲ ਆਪਣੇ ਇਰਦ-ਗਿਰਦ ਦੀ ਦੁਨੀਆਂ ਸ਼ਾਂਤ ਬਣਾ ਸਕਦੇ ਹਾਂ। ਸ਼ਾਂਤੀ ਨੇ ਪੂਰਨਤਾ ਜ਼ਰੂਰੀ ਜ਼ਾਹਿਰ ਕਰਨੀ ਹੈ ਤੇ ਪੂਰਨਤਾ ਵਿਚ ਥੁੜ ਜਾਂ ਘਾਟਾ ਕਦੀ ਨਹੀ ਹੁੰਦਾ।

ਜੇਕਰ ਪਾਠ ਵੇਲੇ ਥੋੜ੍ਹੀ ਜੇਹੀ ਸ਼ਾਂਤੀ ਹੋਈ ਹੈ ਪਰ ਫਿਰ ਸਾਰਾ ਦਿਨ ਕੰਮਾਂ-ਧੰਦਿਆਂ ਵਿਚ ਕਲਪਨਾ ਮੌਜੂਦ ਹੈ, ਤਦ ਅਸਲੀ ਸ਼ਾਂਤੀ ਅਜੇ ਨਹੀਂ ਆਈ। ਅਜੇ ਕੱਚੀ ਹੈ ਤੇ ਇਸ ਨੂੰ ਅਭਿਆਸ ਨਾਲ ਪੱਕਾ ਕਰੋ ਅਤੇ ਚਵ੍ਹੀ ਘੰਟੇ ਦੀ ਸ਼ਾਂਤੀ ਹਾਸਲ ਕਰੋ। ਫਿਰ ਵੇਖੋ ਕਿ ਸਰੀਰ ਵੀ ਸ਼ਾਂਤੀ ਵਿਚ ਹੋ ਗਿਆ ਹੈ ਕਿ ਨਹੀਂ ਤੇ ਸ਼ਾਂਤੀ ਨੇ ਆਪਣਾ ਰੰਗ ਪੂਰਨਤਾ ਵਿਚ ਜ਼ਾਹਿਰ ਕੀਤਾ ਹੈ ਕਿ ਨਹੀਂ ? ਦੌਲਤ ਪੂਰਨਤਾ ਦਾ ਇਕ ਹਿਸਾ ਹੈ। ਵਾਹਿਗੁਰੂ ਬੇਅੰਤ ਹੈ, ਉਹਦੀ ਪੂਰਨਤਾ ਹਮੇਸ਼ਾ ਵਾਸਤੇ ਮਿਲਦੀ ਹੈ। ਦੌਲਤ ਕੀ, ਕਿਸੇ ਚੀਜ਼ ਦੀ ਥੁੜ ਨਹੀਂ ਰਹਿੰਦੀ। ਸਭ ਖ਼ਾਹਿਸ਼ਾਂ ਦਾ ਪੂਰਾ ਹੋਣਾ ਜ਼ਰੂਰੀ ਹੈ।

ਤੁਸੀਂ ਮੇਰੇ ਕੋਲੋਂ ਸਵਾਲ ਪੁਛੇ ਹਨ। ਮੈਂ ਹੁਣ ਤੁਹਾਡੇ ਕੋਲੋਂ ਸਵਾਲ ਪੁਛਦਾ ਹਾਂ। ਇਹ ਸਵਾਲ ਪੁਛਣ ਲਗਿਆਂ ਮੈਂ ਇਹ ਮੰਨ ਲਿਆ ਹੈ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹੋ ਤੇ ਬਾਣੀ ਨੂੰ ਸਮਝਦੇ ਹੋ।

੧. ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।

ਇਸ ਸ਼ਬਦ ਨੂੰ ਕਿਥੋਂ ਤਕ ਅਭਿਆਸ 'ਚ ਲਿਆਂਦਾ ਹੈ ? ਕੀ ਤੁਸੀਂ ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਦੇਖਦੇ ਰਹੇ ਹੋ ? ਜੋਤ ਨੂੰ ਨਾ ਬੀਮਾਰੀ ਹੈ, ਨਾ ਮੌਤ ਹੈ, ਨਾ ਕਿਸੇ ਚੀਜ਼ ਦੀ ਥੁੜ ਹੈ ਤੇ ਨਾ ਕੋਈ ਡਰ ਜਾਂ ਫਿਕਰ ਹੈ।

ਕੀ ਤੁਸੀਂ ਆਪਣੇ ਆਪ ਨੂੰ ਬਦਨ ਤੋਂ ਅਲਹਿਦਾ ਦੇਖ ਰਹੇ ਹੋ ? ਇਹ ਚਮੜੇ ਦਾ ਥੈਲਾ ਕੱਚਾ ਹੈ, ਨਾਸ ਹੋਣ ਵਾਲੀ ਚੀਜ਼ ਹੈ ਤੇ ਬੀਮਾਰੀਆਂ ਦਾ ਘਰ ਹੈ।

ਨਾਮ ਅਉਖਧੁ ਜਿਹਾ ਰਿਦੈ ਹਿਤਾਵੈ।
ਤਾਹਿ ਰੋਗੁ ਸੁਪਨੈ ਨਹੀ ਆਵੈ।
(ਗਉੜੀ ਮਹਲਾ ੫)

੨. ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।
(ਸਲੋਕ ਮਹਲਾ ੯)

ਕੀ ਤੁਸੀਂ ਦੁਨੀਆਂ ਨੂੰ ਸੁਪਨੇ ਵਾਂਗ ਦੇਖਣ ਦਾ ਅਭਿਆਸ ਕੀਤਾ ਹੈ ? ਕੀ ਦੁਨੀਆਂ ਤੁਹਾਨੂੰ ਝੂਠੀ ਭਾਸਦੀ ਹੈ ? ਕੀ ਦਿਸਦੇ ਨਜ਼ਾਰਿਆਂ ਨੂੰ ਸੁਪਨੇ ਵਾਂਗ ਮਿਟਾਣਾ ਜਾਂ ਬਦਲਣਾ ਤੁਹਾਡੇ ਅਖ਼ਤਿਆਰ 'ਚ ਹੈ ?

ਕੀ ਇਸ ਦੁਨੀਆਂ ਵਿਚ ਵਾਹਿਗੁਰੂ ਨੂੰ ਹੀ ਸੱਚ ਦੇਖ ਰਹੇ ਹੋ ? ਜਿਸ ਦੇ ਵਿਚ ਕੋਈ ਅਦਲਾ-ਬਦਲੀ ਨਹੀਂ, ਹਮੇਸ਼ਾ ਇਕੋ ਜਿਹਾ ਹੈ। ਉਹਦੇ ਵਿਚ ਝੂਠੀ ਮਾਇਆ ਦਾ ਕੋਈ ਰੰਗ ਨਹੀਂ। ਕੋਈ ਬੀਮਾਰੀ ਨਹੀਂ, ਕੋਈ ਬੁਢ਼ ਨਹੀ ਕੋਈ ਬੇਚੈਨੀ ਨਹੀਂ।

੩. ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ।

(ਸੂਹੀ ਮਹਲਾ ੫)

ਇਹ ਸ਼ਬਦ ਪੜ੍ਹ ਕੇ ਕੀ ਤੁਸੀਂ ਕਦੀ ਵਾਹਿਗੁਰੂ ਨੂੰ ਸਰਬ-ਨਿਵਾਸੀ ਦੇਖਣ ਦਾ ਅਭਿਆਸ ਕੀਤਾ ਹੈ ? ਆਪਣੇ ਆਪ ਵਿਚ ਵਾਹਿਗੁਰੂ ਨੂੰ ਦੇਖਣ ਦਾ ਜਤਨ ਕੀਤਾ ਹੈ ? ਵਾਹਿਗੁਰੂ ਦੀ ਮੌਜੂਦਗੀ ਦਾ ਅਨੰਦ ਆਪਣੇ ਅੰਦਰ ਆਉਂਦਾ ਦੇਖਿਆ ਹੈ, ਜਿਹੜਾ ਸਰੀਰ ਨੂੰ ਤੇ ਇਰਦ-ਗਿਰਦ ਦੀ ਦੁਨੀਆਂ ਨੂੰ ਚੈਨ ਵਿਚ ਲੈ ਆਵੇ ? ਕੀ ਵਾਹਿਗੁਰੂ ਦੇ ਗੁਣ ਤੁਹਾਡੇ ਵਿਚ ਪ੍ਰਕਾਸ਼ ਹੋਣ ਲਗ ਗਏ ਹਨ ?

ਆਪਣੇ ਦੁਸ਼ਮਣ ਵਿਚ ਵਾਹਿਗੁਰੂ ਦਾ ਪ੍ਰਕਾਸ਼ ਕਿਸ ਤਰ੍ਹਾਂ ਦੇਖ ਰਹੇ ਹੋ ? ਇਕ ਡਾਕੂ ਵਿਚ, ਆਪਣੀ ਇਸਤਰੀ ਵਿਚ, ਆਪਣੇ ਬੱਚਿਆਂ ਵਿਚ, ਆਪਣੇ ਨੌਕਰ ਵਿਚ, ਆਪਣੇ ਘਰ ਦੇ ਮਿਹਤਰ ਵਿਚ ਪ੍ਰਕਾਸ਼ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ ?

ਹਰ ਵੇਲੇ ਵਾਹਿਗੁਰੂ ਨੂੰ 'ਨੇਰੇ ਹੀ ਤੇ ਨੇਰਾ' ਦੇਖਣ ਦੀ ਪ੍ਰੈਕਟਿਸ ਕਿੰਨਾ ਚਿਰ ਕੀਤੀ ਹੈ ਤੇ ਕੀ ਰੰਗ ਦੇਖਿਆ ਹੈ ?

੪. ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ
ਤਾਕਾ ਰਿਜਕੁ ਆਗੈ ਕਰਿ ਧਰਿਆ।

(ਗੂਜਰੀ ਮਹਲਾ ੪)

ਕੀ ਇਹ ਸ਼ਬਦ ਸਮਝਣ ਦੀ ਕਦੀ ਕੋਸ਼ਿਸ਼ ਕੀਤੀ ਹੈ ? ਦੁਨੀਆਂ ਵਿਚ ਉਦਮ ਇਕ ਜ਼ਰੂਰੀ ਚੀਜ਼ ਸਮਝੀ ਗਈ ਹੈ। ਇਸ ਸ਼ਬਦ ਵਿਚ ਉਦਮ ਮਨ੍ਹਾਂ ਕੀਤਾ ਗਿਆ ਹੈ, ਕਿਉਂ ? ਆਹਰ ਵਾਹਿਗੁਰੂ ਤੇ ਛੱਡਣ ਦਾ ਹੁਕਮ (ਕਾਨੂੰਨ) ਦੱਸਿਆ ਹੈ, ਕਿਉਂ ?

ਇਹ ਸ਼ਬਦ ਅਸੀਂ ਦੁਨੀਆਂ ਵਿਚ ਕਿਸ ਤਰ੍ਹਾਂ ਵਰਤੋਂ ਵਿਚ ਲਿਆ ਸਕਦੇ ਹਾਂ ? ਹੁਕਮ (ਕਾਨੂੰਨ) ਤਕ ਦੇ ਦਰਜੇ ਤੋਂ ਬਾਹਰ ਮੰਨਣਾ ਦਰੁਸਤ ਹੈ ਤੇ ਜ਼ਰੂਰੀ ਹੈ।

ਅਸੀਂ ਹਰ ਰੋਜ਼ ਦੇ ਵਰਤਾਰੇ ਵਿਚ ਦੇਖਦੇ ਹਾਂ ਕਿ ਸਾਡੇ ਘਰ ਵਿਚ ਛੋਟੇ ਬਚੇ ਕਦੀ ਵੀ ਖਾਣ ਤੇ ਕਪੜੇ ਦਾ ਆਹਰ ਨਹੀਂ ਕਰਦੇ। ਇਹ ਆਹਰ ਮਾਤਾ-ਪਿਤਾ ਦੇ ਸਪੁੱਰਦ ਹੈ। ਬੱਚਾ ਜਦ ਇਹ ਮਹਿਸੂਸ ਕਰਨ ਲਗ ਜਾਂਦਾ ਹੈ ਕਿ ਮੇਰੇ ਵਿਚ ਅਕਲ ਤੇ ਬਲ ਆ ਗਿਆ ਹੈ, ਤਦ ਮਾਪਿਆਂ ਤੋਂ ਵਖਰਾ ਹੋ ਜਾਂਦਾ ਹੈ ਤੇ ਆਪਣੇ ਰੋਟੀ-ਕਪੜੇ ਦਾ ਆਹਰ ਉਹਨੂੰ ਕਰਨਾ ਪੈਂਦਾ ਹੈ। ਇਸਤਰੀ ਸਦਾ ਆਪਣੇ ਪਤੀ ਤੇ ਆਹਰ ਰਖਦੀ ਹੈ।

ਪ. ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਹੁਕਮ (ਕਾਨੂੰਨ, ਨਿਯਮ) ਗੁਰੂ ਗ੍ਰੰਥ ਸਾਹਿਬ ਵਿਚ ਭਰੇ ਹੋਏ ਹਨ ਜਿਨ੍ਹਾਂ ਨੂੰ ਸਮਝਣ ਤੇ ਅਭਿਆਸ ਕਰਨ ਦੀ ਲੋੜ ਹੈ।

ਅਖ਼ੀਰ ਵਿਚ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਦ ਤਕ ਅਸੀਂ ਸਾਇੰਸ ਦੇ ਕਾਲਜ ਦੇ ਵਿਦਿਆਰਥੀ ਵਾਂਗ ਗੁਰੂ ਗ੍ਰੰਥ ਸਾਹਿਬ ਤੇ ਸ਼ੱਕ ਤੋਂ ਉਪਰ ਪੂਰਾ ਨਿਸ਼ਚਾ ਕਰ ਕੇ ਉਸ ਦੇ ਦੱਸੇ ਹੋਏ ਨਿਯਮ (ਕਾਨੂੰਨ) ਨਾ ਪੜ੍ਹੀਏ, ਨਾ ਸਮਝੀਏ, ਨਾ ਯਾਦ ਕਰੀਏ ਤੇ ਨਾ ਹੀ ਦੁਨੀਆਂ ਵਿਚ ਵਰਤਮਾਨ ਕਰ ਕੇ ਤਜਰਬਾ ਕਰੀਏ, ਅਸੀਂ ਕਦੀ ਵੀ ਪੂਰੇ ਨਤੀਜੇ ਤੇ ਨਹੀਂ ਪਹੁੰਚਾਂਗੇ। ਜਦ ਤਕ ਨਤੀਜਾ ਪੂਰਾ ਨਾ ਨਿਕਲੇ, ਤਜਰਬਾ ਜਾਰੀ ਰਖਣਾ ਜ਼ਰੂਰੀ ਹੈ। ਜਦ ਅਸੀਂ ਇਸ ਤਰ੍ਹਾਂ ਆਪਣੇ ਆਪ ਨੂੰ ਤਾਲੀਮ ਦੇ ਕੇ ਤਿਆਰ ਕਰਾਂਗੇ, ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦੱਸੀਆਂ ਹੋਈਆਂ ਨਾਮ ਤੋਂ ਹਾਸਲ ਹੋਈਆਂ ਬਰਕਤਾਂ ਦੇ ਮਾਲਕ ਜ਼ਰੂਰ ਹੋਵਾਂਗੇ।

ਤੁਸੀਂ ਪੁਛਿਆ ਹੈ ਕਿ 'ਪਾਪ' ਕਿਸ ਨੂੰ ਕਹਿੰਦੇ ਹਨ ? ਪਾਪ ਦੇ ਵੇਰਵੇ ਦੀ ਲੋੜ ਨਜ਼ਰ ਨਹੀਂ ਆਉਂਦੀ। ਪਾਪ ਇਕ ਆਮ ਸਮਝ ਦਾ ਅੱਖਰ ਹੈ। ਜੇਕਰ ਤੁਹਾਨੂੰ ਕਿਸੇ ਕੰਮ ਤੇ ਸ਼ੰਕਾ ਹੈ ਕਿ ਇਹ ਪਾਪ ਹੈ ਕਿ ਨਹੀਂ, ਵੇਰਵਾ ਕਰ ਕੇ ਲਿਖੋ। ਮਨ ਨੂੰ ਥੋੜ੍ਹਾ ਠਹਿਰਾ ਕੇ, ਆਪਣੇ ਅੰਦਰ ਦੀ ਛੋਟੀ ਠਹਿਰੀ ਹੋਈ ਆਵਾਜ਼ ਨੂੰ ਸੁਣੋ। ਇਹ ਫੌਰਨ ਫੈਸਲਾ ਕਰ ਦੇਵੇਗੀ ਕਿ ਪਾਪ ਕੀ ਹੈ ?

ਵਾਹਿਗੁਰੂ ਤੇ ਭਰੋਸਾ

(ਫੀਰੋਜ਼ਪੁਰ ਤੋਂ ਇਕ ਪਾਠਕ ਦੀ ਚਿੱਠੀ ਦਾ ਜਵਾਬ)

ਪਿਆਰੇ ਸਰਦਾਰ ਜੀ, ਸਤਿ ਸ੍ਰੀ ਅਕਾਲ !

ਤੁਹਾਡੇ ਪਹਿਲੇ ਖ਼ਤ ਦਾ ਜਵਾਬ ਦੇ ਚੁਕਾ ਹਾਂ ਤੇ ਦੂਜੇ ਦਾ ਹੁਣ ਦੇਂਦਾ ਹਾਂ :-

ਤੁਹਾਡਾ ਪਹਿਲਾ ਸਵਾਲ ਇਹ ਹੈ ਕਿ ਦਫਤਰ ਵਿਚ ਤਰੱਕੀ ਦੇ ਮੌਕੇ ਤੇ ਇਕ ਗੁਰਸਿਖ ਨੂੰ ਪੂਰੀ ਦੁਨਿਆਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਾਂ ਉਹ ਨਿਰਾ ਵਾਹਿਗੁਰੂ ਤੇ ਭਰੋਸਾ ਕਰ ਕੇ ਬੈਠਾ ਰਹੇ ? ਜਵਾਬ ਵਿਚ ਇਹ ਬੇਨਤੀ ਹੈ ਕਿ ਇਸ ਦੁਨੀਆਂ ਤੇ ਰਹਿੰਦਿਆਂ ਹੋਇਆਂ ਦੁਨੀਆਂ ਦੇ ਚੰਗੇ ਕਾਨੂੰਨ ਤੇ ਰਸਮੋ-ਰਿਵਾਜ ਦੇ ਵਰਤਾਰੇ ਨੂੰ ਮੰਨਣਾ ਵਾਜਬ ਹੈ। ਜੇਕਰ ਮਹਿਕਮੇ ਦੇ ਕਾਨੂੰਨ ਜਾਂ ਰਿਵਾਜ ਮੁਜਬ ਅਰਜ਼ੀ ਕਰਨ ਦੀ ਲੋੜ ਹੈ, ਜਾਂ ਕਿਸੇ ਅਫਸਰ ਨੂੰ ਮਿਲ ਕੇ ਆਪਣੇ ਗੁਣਾਂ ਜਾਂ ਪਿਛਲੇ ਚੰਗੇ ਕੀਤੇ ਹੋਏ ਕੰਮਾਂ ਦਾ ਜਤਲਾਣਾ ਜ਼ਰੂਰੀ ਹੈ, ਤਦ ਇਸ ਰਿਵਾਜ ਮੁਜਬ ਕਰਨਾ ਦਰੁਸਤ ਹੈ। ਬੇਜਾ ਸਿਫਾਰਿਸ਼ਾਂ ਤੇ ਰਿਸ਼ਵਤਾਂ ਦੇਣੀਆਂ ਮਨ੍ਹਾਂ ਹਨ।

ਗੁਰਸਿਖ ਤੇ ਦੂਸਰੇ ਮਨੁੱਖ ਵਿਚ ਇਹ ਫਰਕ ਹੈ ਕਿ ਦੂਸਰਾ ਮਨੁੱਖ ਆਪਣੀ ਕਾਮਯਾਬੀ ਨੂੰ ਆਪਣੀ ਕੋਸ਼ਿਸ਼, ਆਪਣੀਆਂ ਤਜਵੀਜ਼ਾਂ, ਆਪਣੀ ਅਕਲ, ਸਿਫਾਰਸ਼ ਤੇ ਸ਼ਾਇਦ ਰਿਸ਼ਵਤ ਦੇ ਸਹਾਰੇ ਤੇ ਦੇਖਦਾ ਹੈ। ਇਸ ਮਨੁੱਖ ਨੂੰ ਕੰਮ ਸੌਰਨ ਜਾਂ ਨਾ ਸੌਰਨ ਦਾ ਯਕੀਨ ਨਹੀਂ। ਹਰ ਕੰਮ ਬੇਚੈਨੀ ਵਿਚ ਕਰਦਾ ਹੈ ਤੇ ਸ਼ੱਕੀ ਨਤੀਜੇ ਦੇ ਮਗਰ ਦੌੜਦਾ ਹੈ। ਗੁਰਸਿੱਖ ਦਾ ਭਰੋਸਾ ਸਿਰਫ ਵਾਹਿਗੁਰੂ ਤੇ ਹੁੰਦਾ ਹੈ। ਗੁਰਸਿੱਖ ਵਾਹਿਗੁਰੂ ਨੂੰ ਹਰ ਵੇਲੇ ਆਪਣੇ ਸੰਗ ਦੇਖਦਾ ਹੈ ਤੇ ਉਸ ਨੂੰ ਆਪਣੇ ਅੰਦਰ ਮੌਜੂਦ ਦੇਖ ਕੇ, ਉਹਦੇ ਦੱਸੇ ਹੋਏ ਰਸਤੇ ਤੇ ਚਲਦਾ ਹੈ। ਉਹ ਜਿਹੜੀ ਅਰਜ਼ੀ ਲਿਖਦਾ ਹੈ, ਉਸ ਵਿਚ ਆਪਣੀ ਮਰਜ਼ੀ ਤੇ ਅਕਲ ਦੀ ਥਾਂ ਵਾਹਿਗੁਰੂ ਦੀ, ਜੋ ਅੰਦਰ ਮੌਜੂਦ ਹੈ, ਉਸ ਦੀ ਮਰਜ਼ੀ ਤੇ ਅਕਲ ਵਰਤੀਦੀ ਦੇਖ ਰਿਹਾ ਹੈ, ਵਾਹਿਗੁਰੂ ਦੀ ਜੋਤ ਉਹਦੇ ਵਿਚ ਮੌਜੂਦ ਹੋਣ ਕਰ ਕੇ ਅਰਜ਼ੀ

ਵਿਚ ਕੋਈ ਮਾੜੀ ਜਾਂ ਝੂਠੀ ਗੱਲ ਨਹੀਂ ਲਿਖੀ ਜਾਵੇਗੀ, ਜਿਹੜੀ ਕਿ ਅਗੇ ਪਰਵਾਨ ਨਾ ਹੋਵੇ। ਅਫਸਰ ਨੂੰ ਮਿਲਣ ਵਾਸਤੇ ਜਾਣ ਲੱਗਿਆਂ ਉਹਨੂੰ ਇਹ ਨਹੀਂ ਭਾਸਦਾ ਕਿ ਮੈਂ ਜਾ ਰਿਹਾ ਹਾਂ, ਬਲਕਿ ਇਹ ਭਾਸਦਾ ਹੈ ਕਿ ਮੇਰੇ ਵਿਚ ਤੇ ਅਫਸਰ ਵਿਚ ਵਾਹਿਗੁਰੂ ਦੀ ਇਕੋ ਜੋਤ ਹੈ। ਮੈਂ ਉਥੇ ਕਹਿਣ ਵਾਲਾ ਤੇ ਅਫਸਰ ਸੁਣਨ ਵਾਲੇ ਇਕ ਖਿਆਨ ਦੇ ਤਾਬੇ ਹਾਂ। ਕਹਿਣ ਵਾਲਾ ਕੋਈ ਬੇ ਜਾ ਗੱਲ ਨਹੀਂ ਕਹੇਗਾ ਤੇ ਸੁਣਨ ਵਾਲਾ ਸੁਣ ਕੇ ਕੋਈ ਇਤਰਾਜ਼ ਜਾਂ ਨਾਂਹ ਨਹੀਂ ਕਰੇਗਾ। ਪ੍ਰਵਾਨਗੀ ਦਾ ਮਿਲਣਾ ਜ਼ਰੂਰੀ ਹੈ ਤੇ ਸ਼ੱਕ ਦੇ ਦਰਜੇ ਤੋਂ ਬਾਹਰ ਹੈ। ਜੇਕਰ ਅਫਸਰ ਨੂੰ ਮਿਲਣ ਜਾਣ ਦਾ ਦਸਤੂਰ ਨਹੀਂ ਹੈ, ਤਾਂ ਵੀ ਗੁਰਸਿੱਖ ਆਪਣੇ ਅੰਦਰ ਜਦ ਜੋਤ ਦਾ ਪ੍ਰਕਾਸ਼ ਦੇਖੇਗਾ ਤਾਂ ਉਹਦੇ ਖਿਆਲ ਵਿਚੋਂ ਕੁਲ ਗਲਤੀਆਂ, ਖ਼ੁਦਗਰਜ਼ੀਆਂ, ਦੁਨਿਆਵੀ ਚਾਲਾਂ ਨਿਕਲ ਜਾਣਗੀਆਂ ਤੇ ਉਹਦਾ ਖ਼ਿਆਲ ਨਿਰਮਲ ਹੋ ਜਾਵੇਗਾ ਅਤੇ ਇਹੋ ਖ਼ਿਆਲ ਅਫ਼ਸਰ ਦੇ ਦਿਲ ਵਿਚ ਪ੍ਰਵਾਨ ਹੋਵੇਗਾ ਕਿਉਂਕਿ ਅੱਫਸਰ ਦੇ ਅੰਦਰ ਤੇ ਗੁਰਸਿੱਖ ਦੇ ਅੰਦਰ ਇਕੋ ਜੋਤ ਕੰਮ ਕਰ ਰਹੀ ਹੈ। ਵਾਹਿਗੁਰੂ ਵਿਚ ਤੇ ਉਹਦੀ ਜੋਤ ਵਿਚ ਗ਼ਲਤੀ ਜਾਂ ਨਾ-ਕਾਮਯਾਬੀ ਨਹੀਂ ਹੈ।

ਜ਼ਰੂਰੀ ਗੱਲ ਦੇਖਣ ਵਾਲੀ ਇਹ ਹੈ, ਕਿ ਗੁਰਸਿੱਖ ਕਿਸ ਦਰਜੇ ਤੇ ਪਹੁੰਚਿਆ ਹੋਇਆ ਹੈ। ਜਿੰਨੀ ਉਸ ਨੂੰ ਆਤਮਕ ਪਾਸੇ ਦੀ ਸਮਝ ਆਈ ਹੈ, ਉਤਨਾ ਹੀ ਉਹ ਨਤੀਜੇ ਦੀ ਦਰੁਸਤੀ ਦਾ ਮਾਲਕ ਹੈ ? ਉਹਨੂੰ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਇਹ ਸਮਝ ਆ ਗਈ ਹੈ ਕਿ :- 'ਸਿਰ ਸਿਰ ਰਿਜਕ ਸੰਬਾਹੇ ਠਾਕੁਰ ਕਾਹੇ ਮਨ ਭਉ ਕਰਿਆ' ਇਕ ਰੱਬੀ ਫੈਸਲਾ ਹੈ, ਆਤਮਕ ਕਾਨੂੰਨ ਹੈ ਤਾਂ ਫਿਰ ਉਹ ਰਿਜ਼ਕ ਲੈਣ ਵਾਸਤੇ ਦਵਾਰੇ ਦਵਾਰੇ ਨਹੀਂ ਭੌਂਦਾ। ਵਾਹਿਗੁਰੂ ਹਰ ਵੇਲੇ ਹਰ ਇਕ ਨੂੰ ਰਿਜ਼ਕ ਦੇ ਰਿਹਾ ਹੈ ਤੇ ਅਮਿਤਾ ਦੇ ਰਿਹਾ ਹੈ। ਪਰ ਰਿਜ਼ਕ ਸਾਡੀਆਂ ਵਾਜਬ ਜ਼ਰੂਰਤਾਂ ਨੂੰ ਖੁਲ੍ਹੇ ਤਰ੍ਹਾਂ ਪੂਰਾ ਕਰਨ ਵਾਸਤੇ ਹੈ, ਨਾ ਕਿ ਖ਼ੁਦਗਰਜ਼ੀਆਂ, ਹਾੜਬੇ, ਦੁਨਿਆਵੀ ਐਸ਼-ਇਸ਼ਰਤ, ਧੋਖੇ, ਬੇਈਮਾਨੀ ਆਦਿ ਬੁਰਾਈਆਂ ਤੇ ਖ਼ਰਚ ਕਰਨ ਵਾਸਤੇ। ਅਸੀਂ ਇਹਨਾਂ ਬੁਰਾਈਆਂ ਦੇ ਸ਼ਿਕਾਰ ਹੋਏ ਹੋਏ ਮਾਇਆ ਦੇ ਅੰਧੇਰੇ ਵਿਚ ਆ ਜਾਂਦੇ ਹਾਂ ਤੇ ਕੋਲ ਮੌਜੂਦ ਰਿਜ਼ਕ ਨੂੰ ਨਹੀਂ ਦੇਖ ਸਕਦੇ। ਢੂੰਡਣ ਚੜ੍ਹ ਪੈਂਦੇ ਹਾਂ।

ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨ ਤੇ ਉਥੇ ਦਸੇ ਹੋਏ ਹੁਕਮ (ਕਾਨੂੰਨ) ਨੂੰ ਮੰਨਣ ਨਾਲ ਸਭ ਬੁਰਾਈਆਂ ਨੱਸ ਜਾਂਦੀਆਂ ਹਨ ਤੇ ਵਾਹਿਗੁਰੂ ਦੇ ਚਰਨਾਂ ਵਿਚ ਬੈਠ ਕੇ ਗੁਰਸਿੱਖ ਕੁਲ ਆਤਮਕ ਬਰਕਤਾਂ ਹਾਸਲ ਕਰਦਾ ਹੈ।

ਰਿਜ਼ਕ ਦਾ ਕੰਮ ਉਪਰ ਸਹਾਰਾ ਨਹੀਂ, ਰਿਜ਼ਕ ਅਲਹਿਦਾ ਚੀਜ਼ ਹੈ। ਹਰ ਕਿਸੇ ਨੂੰ ਜ਼ਰੂਰ ਮਿਲ ਰਿਹਾ ਹੈ। ਵਾਹਿਗੁਰੂ ਦਾ ਦੱਸਿਆ ਕੰਮ ਹਰ ਇਕ ਨੇ ਪੂਰੀ ਤਰ੍ਹਾਂ ਕਰਨਾ ਹੈ। ਵਾਹਿਗੁਰੂ ਬੇਅੰਤ ਹੈ, ਇਸ ਵਾਸਤੇ ਉਹਦੀ ਹਰ ਚੀਜ਼ ਬੇਅੰਤ ਹੈ। ਰਿਜ਼ਕ ਅਮਿੱਤਾ ਹੈ, ਹਰ ਵੇਲੇ ਕੋਲ ਹੈ, ਵਾਹਿਗੁਰੂ ਦੇ ਚਾਨਣ ਵਿਚ ਬੈਠ ਕੇ ਹਾਸਲ ਕਰੋ।

ਰਿਜ਼ਕ ਦਾ ਕਿਸੇ ਦੁਨਿਆਵੀ ਬੰਦੋਬਸਤ ਤੇ ਸਹਾਰਾ ਨਹੀਂ। ਇਹ ਆਤਮਕ ਬਰਕਤ ਹੈ, ਜਿਹੜੀ ਸਚਖੰਡ ਵਿਚੋਂ ਆਉਂਦੀ ਹੈ ਤੇ ਇਸ ਦੁਨੀਆਂ ਵਿਚ ਕਾਰੋਬਾਰ ਤੇ ਰੁਜ਼ਗਾਰ ਦੀ ਸ਼ਕਲ ਵਿਚ ਜ਼ਾਹਿਰ ਹੁੰਦੀ ਹੈ।

ਦੂਜੀ ਗੱਲ ਤੁਸਾਂ ਇਹ ਪੁਛੀ ਹੈ ਕਿ ਮਹਾਤਮਾ ਗਾਂਧੀ ਦਾ ਕਹਿਣਾ ਹੈ ਕਿ 'ਪਵਿਤ੍ਰ ਸ਼ਬਦਾਂ ਤੋਂ ਦੁਨਿਆਵੀ ਫਾਇਦੇ ਢੂੰਡਣੇ ਨਹੀਂ ਚਾਹੀਦੇ। ਸ਼ਬਦ ਮਨ ਦੀ ਸ਼ਾਂਤੀ ਵਾਸਤੇ ਹਨ।' ਕਿਥੋਂ ਤਕ ਦਰੁਸਤ ਹੈ ?

ਜਵਾਬ ਵਿਚ ਬੇਨਤੀ ਹੈ ਕਿ ਮਹਾਤਮਾ ਜੀ ਦਾ ਕਹਿਣਾ ਸੋਲ੍ਹਾਂ ਆਨੇ ਦਰੁਸਤ ਹੈ। ਲੋੜ ਇਸ ਪੜਚੋਲ ਦੀ ਹੈ ਕਿ 'ਦੁਨਿਆਵੀ ਫਾਇਦੇ' ਤੋਂ ਕੀ ਮਤਲਬ ਹੈ ਤੇ ਆਤਮਕ ਫਾਇਦਾ ਕੀ ਹੈ ? ਮੈਂ ਇਥੇ ਦੁਨੀਆਂ ਦੀਆਂ ਦੋ ਮੋਟੀਆਂ ਲੋੜਾਂ ਦਾ ਜ਼ਿਕਰ ਕਰਦਾ ਹਾਂ :

ਪਹਿਲੀ ਵੱਡੀ ਲੋੜ, ਸਿਹਤ ਹੈ। ਵਾਹਿਗੁਰੂ ਕੋਲੋਂ ਦੇਹ ਅਰੋਗ ਮੰਗਣੀ ਜਾਂ ਜਿਸਮਾਨੀ ਬੀਮਾਰੀ ਹਟ ਜਾਣ ਦੀ ਪ੍ਰਾਰਥਨਾ ਕਰਨੀ। ਕੀ ਇਹ ਦੁਨਿਆਵੀ ਮੰਗਾਂ ਹਨ ? ਨਹੀਂ, ਹਰਗਿਜ਼ ਨਹੀਂ ! ਸਿਹਤ ਦੁਨਿਆਵੀ ਚੀਜ਼ ਹੀ ਨਹੀਂ। ਇਹ ਆਤਮਕ ਬਰਕਤ ਹੈ ਜੋ ਵਾਹਿਗੁਰੂ ਦੇ ਸਚਖੰਡ ਵਿਚੋਂ ਹੀ ਆਉਂਦੀ ਹੈ। ਦੁਨਿਆਵੀ ਚੀਜ਼ਾਂ ਤਾਂ ਪਾਪ ਅਤੇ ਬੀਮਾਰੀ ਆਦਿ ਬੁਰਾਈਆਂ ਹਨ। ਮਨੁੱਖ ਵਾਹਿਗੁਰੂ ਤੋਂ ਵਿਛੜਿਆ ਹੋਇਆ ਮਾਇਆ ਦੀਆਂ ਬੁਰਾਈਆਂ ਦਾ ਸ਼ਿਕਾਰ ਹੋ ਰਿਹਾ ਹੈ ਤੇ ਸਿਹਤ ਤੋਂ ਵਾਂਝਿਆ ਰਹਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਭਰੀ ਹੋਈ ਹੈ ਕਿ ਵਾਹਿਗੁਰੂ ਦੇ ਨਾਮ ਨਾਲ ਬੀਮਾਰੀ ਨੂੰ ਨਾਸ ਕਰੋ ਤੇ ਵਾਹਿਗੁਰੂ ਕੋਲ ਹੁੰਦਿਆਂ ਬੀਮਾਰੀ ਆ ਨਹੀਂ ਸਕਦੀ। ਇਹੀ ਸ਼ਬਦ ਇਕ ਮੁਕੰਮਲ ਗਵਾਹੀ ਹਨ ਕਿ ਸਿਹਤ ਦਾ ਹਾਸਲ ਕਰਨਾ ਦੁਨਿਆਵੀ ਫਾਇਦਾ ਨਹੀਂ ਬਲਕਿ ਆਤਮਕ ਦਾਤ ਹੈ।

ਦੂਜੀ ਵੱਡੀ ਲੋੜ ਰਿਜ਼ਕ ਹੈ। ਇਹ ਵੀ ਆਤਮਕ ਦਾਤ ਹੈ। ਵਾਹਿਗੁਰੂ ਸਭ ਦੇ ਰਿਜ਼ਕ ਦਾ ਦਾਤਾ ਹੈ। ਆਪਣੀਆਂ ਜ਼ਰੂਰਤਾਂ ਵਾਸਤੇ ਖੁਲ੍ਹੇ ਗੱਫੇ ਮੰਗਣੇ ਦੁਨਿਆਵੀ ਤਕਲੀਫਾਂ ਦਾ ਆਤਮਕ ਇਲਾਜ ਹੈ। ਦੌਲਤ ਦਾ ਬੇ-ਜਾ ਵਰਤਾਰਾ ਅਲਬੱਤਾ ਵਾਹਿਗੁਰੂ ਦੀ ਬਖਸ਼ਿਸ਼ ਵਿਚ ਭਾਰਾ ਵਿਘਨ ਪਾ ਦੇਂਦਾ ਹੈ। ਗੁਰੂ

ਗ੍ਰੰਥ ਸਾਹਿਬ ਦੀ ਬਾਣੀ ਵਿਚ ਵਾਹਿਗੁਰੂ ਨੂੰ 'ਦਾਤਾ' ਕਿਹਾ ਗਿਆ ਹੈ ਤੇ ਰਿਜ਼ਕ ਦਾ ਦਾਨ ਹਰ ਮਨੁੱਖ, ਪਸ਼ੂ, ਪੰਛੀ, ਸਮੁੰਦਰੀ ਜਾਨਵਰ, ਸਭ ਵਾਸਤੇ ਦੇਣ ਦਾ ਦਾਤਾ ਵਲੋਂ ਇਕਰਾਰ ਹੈ। ਥੁੜ੍ਹ, ਗਰੀਬੀ ਆਦਿ ਦੁਨਿਆਵੀ ਬੁਰਾਈਆਂ ਹਨ। ਦੁਨਿਆਵੀ ਫਾਇਦਾ ਹਾਸਲ ਕਰਨ ਵਾਸਤੇ ਡਾਕੇ, ਧੋਖਾ, ਜ਼ਬਰਦਸਤੀ, ਬੇਈਮਾਨੀ ਆਦਿ ਪਾਪ ਹਨ।

ਹੋਰ ਇਸ ਤਰ੍ਹਾਂ ਮਨੁੱਖ ਦੀਆਂ ਜ਼ਰੂਰੀ ਤੇ ਚੰਗੀਆਂ ਲੋੜਾਂ ਆਤਮਕ ਹਨ ਤੇ ਦੁਨਿਆਵੀ ਤਕਲੀਫਾਂ ਨੂੰ ਹਟਾਣ ਵਾਸਤੇ ਹਨ।

ਹੁਣ ਬਾਕੀ ਰਿਹਾ ਤੁਹਾਡਾ ਸਵਾਲ ਕਿ ਸ਼ਬਦ ਸਿਰਫ ਮਨ ਦੀ ਸ਼ਾਂਤੀ ਵਾਸਤੇ ਹਨ ਜਾਂ ਹੋਰ ਕੰਮਾਂ ਵਾਸਤੇ ਵੀ ਮਦਦ ਮਿਲਦੀ ਹੈ। ਜਵਾਬ ਵਿਚ ਬੇਨਤੀ ਹੈ ਕਿ ਇਹ ਤਾਂ ਸੋਚੋ ਕਿ ਸ਼ਬਦ ਨਾਲ ਮਨ ਦੀ ਸ਼ਾਂਤੀ ਕਿਸ ਤਰ੍ਹਾਂ ਆ ਸਕਦੀ ਹੈ, ਜਦ ਕਿ ਮਨੁੱਖ ਬੀਮਾਰੀ ਦੀ ਪੀੜ ਨਾਲ ਚੀਖ ਰਿਹਾ ਹੋਵੇ ? ਥੁੜ੍ਹ ਤੇ ਗਰੀਬੀ ਪਾਸੇ ਭੰਨ ਰਹੀ ਹੋਵੇ ? ਸ਼ਬਦ ਦੀ ਬਰਕਤ ਨਾਲ ਬੀਮਾਰੀ ਤੇ ਥੁੜ੍ਹ ਹਟ ਜਾਵੇ ਤਾਂ ਸ਼ਾਂਤੀ ਹੋ ਸਕਦੀ ਹੈ, ਨਹੀਂ ਤਾਂ ਸ਼ਾਂਤੀ ਇਕ ਨਾਮ ਮਾਤਰ ਹੈ, ਕੱਚੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸ਼ਬਦ, ਖ਼ਾਸ ਕਰ ਕੇ ਗੁਰੂ ਅਰਜਨ ਸਾਹਿਬ ਦੀ ਬਾਣੀ ਹਰ ਦੁਨਿਆਵੀ ਤਕਲੀਫ ਦਾ ਆਤਮਕ ਇਲਾਜ ਦਸ ਰਹੀ ਹੈ। ਗ਼ੌਰ ਨਾਲ ਪਾਠ ਕਰਨ ਅਤੇ ਵਿਚਾਰਨ ਦੀ ਲੋੜ ਹੈ।

ਅਖ਼ੀਰ ਵਿਚ ਇਹ ਬੇਨਤੀ ਹੈ ਕਿ ਸਵਾਲ-ਜਵਾਬ ਤਾਂ ਦੁਨਿਆਵੀ ਤਸੱਲੀਆਂ ਹਨ। ਗੁਰੂ ਗ੍ਰੰਥ ਸਾਹਿਬ ਨਾਲੋਂ ਹੋਰ ਜ਼ਿਆਦਾ ਯਕੀਨ ਦਿਵਾਉਣ ਵਾਲੀ ਗੁਰਸਿੱਖ ਵਾਸਤੇ ਕੋਈ ਪੁਸਤਕ ਨਹੀਂ। ਉਥੇ ਕੀਤੇ ਹੋਏ ਵਾਇਦੇ ਝੂਠੇ ਜਾਂ ਧੋਖਾ ਨਹੀਂ। ਆਤਮਕ ਤਰੱਕੀ ਜੇ ਚਾਹੁੰਦੇ ਹੋ ਤਾਂ ਆਤਮਕ ਪਾਸੇ ਵੱਲ—ਦਿਲੀ ਧਿਆਨ ਦੇਵੋ। ਵਾਹਿਗੁਰੂ ਨੂੰ ਸਰਬ-ਵਿਆਪੀ ਦੇਖਣ ਦਾ ਅਭਿਆਸ ਕਰੋ ਤੇ ਫਿਰ ਹਰ ਪਾਸੇ ਅਨੰਦ ਤੇ ਹਰ ਕੰਮ ਸੌਰਿਆ ਹੋਇਆ ਦੇਖੋ। ਦੁਨਿਆਵੀ ਕੁਲ ਤਕਲੀਫਾਂ ਹਟਾਣ ਦਾ ਸਮਰੱਥ ਸਿਰਫ ਵਾਹਿਗੁਰੂ ਹੀ ਹੈ ਤੇ ਕੁਲ ਚੰਗੀਆਂ ਲੋੜਾਂ ਪੂਰਾ ਕਰਨ ਵਾਲੀ ਨਿਰੀ ਵਾਹਿਗੁਰੂ ਹੀ ਇਕ ਸ਼ਕਤੀ ਹੈ।

ਮਨ ਚੈਨ ਤੇ ਦੁਨੀਆ ਚੈਨ

ਅਸੀਂ ਜਦ ਰੇਲ ਗੱਡੀ ਵਿਚ ਚੜ੍ਹਦੇ ਹਾਂ ਤੇ ਗੱਡੀ ਟੁਰਦੀ ਹੁੰਦੀ ਹੈ ਤਾਂ ਅਸੀਂ ਇਕ ਕੌਤਕ ਵੇਖਦੇ ਹਾਂ। ਉਹ ਕੌਤਕ ਇਹ ਹੈ ਕਿ ਗੱਡੀ ਦੇ ਦੌੜਨ ਨਾਲ ਆਸ-ਪਾਸ ਦੇ ਦਰਖ਼ਤ ਵੀ ਦੌੜਦੇ ਦਿਸਦੇ ਹਨ। ਇਹਨਾਂ ਦਰਖ਼ਤਾਂ ਨੂੰ ਠਹਿਰਾਉਣ ਵਾਸਤੇ ਦਰਖ਼ਤਾਂ ਦੇ ਕੋਲ ਜਾ ਕੇ ਭਾਵੇਂ ਕਿੰਨਾ ਹੀ ਯਤਨ ਕਿਉਂ ਨਾ ਕੀਤਾ ਜਾਵੇ, ਉਹ ਕਦੀ ਵੀ ਨਹੀਂ ਠਹਿਰਨਗੇ, ਜਦ ਤਕ ਕਿ ਗੱਡੀ ਚਲ ਰਹੀ ਹੈ। ਉਹਨਾਂ ਦੀ ਦੌੜ ਨੂੰ ਠਹਿਰਾਉਣ ਦਾ ਇਕ ਹੀ ਤਰੀਕਾ ਹੈ ਕਿ ਗੱਡੀ ਨੂੰ ਠਹਿਰਾ ਕੇ ਅਸੀਂ ਆਪ ਠਹਿਰ ਜਾਈਏ।

ਦਰਖ਼ਤਾਂ ਦੀ ਦੌੜ ਇਕ ਬਿਲਕੁਲ ਝੂਠੀ ਚੀਜ਼ ਹੈ, ਧੋਖਾ ਹੈ। ਅਸਲ ਵਿਚ ਹੈ ਹੀ ਨਹੀਂ, ਪਰ ਭਾਸਦੀ ਬਿਲਕੁਲ ਸੱਚ ਹੈ। ਦਿਲ ਨੂੰ ਪੂਰਾ ਯਕੀਨ ਹੈ ਕਿ ਦਰਖ਼ਤ ਨਹੀਂ ਦੌੜ ਰਹੇ ਤੇ ਆਪਣੀ ਥਾਂ ਤੇ ਕਾਇਮ ਖਲੋਤੇ ਹਨ, ਪਰ ਅੱਖਾਂ ਕਦੀ ਵੀ ਨਹੀਂ ਕਹਿਣਗੀਆਂ ਕਿ ਇਹ ਖਲੋਤੇ ਹੋਏ ਹਨ। ਦਿਲ ਤੇ ਅੱਖਾਂ ਦਾ ਇਹ ਝਗੜਾ ਚਲਦਾ ਹੀ ਰਹੇਗਾ, ਜਦ ਤਕ ਗੱਡੀ ਖਲੋ ਨਹੀਂ ਜਾਂਦੀ।

ਇਹ ਕੌਤਕ ਅਸੀਂ ਹਰ ਰੋਜ਼ ਵੇਖਦੇ ਹਾਂ ਪਰ ਇਸ ਤੋਂ ਕਦੀ ਕੋਈ ਸਿਖਿਆ ਹਾਸਲ ਨਹੀਂ ਕੀਤੀ, ਹਾਲਾਂਕਿ ਇਹ ਇਕ ਬੜਾ ਭਾਰਾ ਸਬਕ ਸਿਖਾ ਰਿਹਾ ਹੈ ਅਤੇ ਉਹ ਇਹ ਹੈ ਕਿ ਜਿਸ ਤਰ੍ਹਾਂ ਅਸੀਂ ਗੱਡੀ ਵਿਚ ਆਪ ਬੈਠੇ ਦੌੜ ਰਹੇ ਹਾਂ ਤੇ ਇਹ ਦੌੜ ਸਾਡੇ ਇਰਦ-ਗਿਰਦ ਦੀਆਂ ਚੀਜ਼ਾਂ ਨੂੰ ਦੌੜਾਂਦੀ ਮਲੂਮ ਹੁੰਦੀ ਹੈ। ਇਹ ਭਾਸਦਾ ਹੈ ਕਿ ਦਰਖ਼ਤਾਂ ਵਿਚ ਘਬਰਾਹਟ, ਬੇਚੈਨੀ ਤੇ ਡਰ ਆ ਗਿਆ ਹੈ। ਇਸੇ ਤਰ੍ਹਾਂ ਸਾਡੀ ਦੁਨੀਆਂ ਝੂਠੇ ਰੰਗ ਵਿਖਾ ਰਹੀ ਹੈ। ਜਦ ਸਾਡਾ ਮਨ ਬੇਚੈਨ ਹੋ ਕੇ ਦੌੜਦਾ ਦਿਸਦਾ ਹੈ ਤਾਂ ਉਹ ਬੇਚੈਨੀ ਸਰੀਰ ਉਤੇ ਬੇਚੈਨੀ (ਬੀਮਾਰੀ) ਤੇ ਸਾਡੇ ਕੰਮ ਕਾਜ ਵਿਚ ਬੇਚੈਨੀ (ਵਿਘਨ) ਦੀ ਸ਼ਕਲ ਵਿਚ ਜ਼ਾਹਿਰ ਹੋ ਜਾਂਦੀ ਹੈ। ਅਸੀਂ ਇਸ ਬੀਮਾਰੀ ਦੇ ਵਿਘਨ ਨੂੰ ਕਦੀ ਵੀ ਝੂਠਾ ਨਹੀਂ ਸਮਝਦੇ ਤੇ ਨਾ ਹੀ ਇਹਨੂੰ ਆਪਣੇ ਮਨ ਦੀ ਬੇਚੈਨੀ ਦਾ ਅਕਸ ਸਮਝਦੇ ਹਾਂ। ਅਸੀਂ ਇਹਨਾਂ ਨੂੰ ਸੱਚਾ ਸਮਝ ਕੇ ਇਹਨਾਂ ਦਾ ਇਲਾਜ ਕਰਨ ਲਗ ਪੈਂਦੇ ਹਾਂ, ਇਸ

ਵਾਸਤੇ ਬੀਮਾਰੀ ਤੇ ਵਿਘਨ ਸਾਡੇ ਮਗਰੋਂ ਨਹੀਂ ਲਹਿੰਦੇ। ਨਾਲ-ਨਾਲ ਕਿਸੇ ਨਾ ਕਿਸੇ ਸ਼ਕਲ ਵਿਚ ਚਲਦੇ ਰਹਿੰਦੇ ਹਨ। ਜੇਕਰ ਅਸੀਂ ਇਸ ਬੀਮਾਰੀ ਤੇ ਵਿਘਨ ਤੋਂ ਹਮੇਸ਼ਾ ਦਾ ਛੁਟਕਾਰਾ ਪਾਣਾ ਹੋਵੇ ਤਾਂ ਇਲਾਜ ਇਕੋ ਹੀ ਹੈ ਕਿ ਬੀਮਾਰੀ ਤੇ ਵਿਘਨ ਦਾ ਸਿਧਾ ਕੁਝ ਇਲਾਜ ਨਾ ਕੀਤਾ ਜਾਵੇ ਤੇ ਇਹਨਾਂ ਦੀ ਅਸਲੀ ਜੜ੍ਹ, ਦਿਲ ਦੀ ਬੇਚੈਨੀ (ਪਾਪ, ਡਰ, ਖ਼ੁਦਗਰਜ਼ੀ, ਬੇਈਮਾਨੀ, ਧੋਖਾ, ਕੀਨਾ ਆਦਿ) ਦਾ ਇਲਾਜ ਕਰ ਕੇ ਮਨ ਨੂੰ ਠਹਿਰਾਇਆ ਜਾਵੇ। ਇਸ ਮਨ ਤੋਂ ਪੈਦਾ ਹੋਣ ਵਾਲੀਆਂ ਉਪਾਧੀਆਂ ਇਸ ਤਰ੍ਹਾਂ ਆਪੇ ਹੀ ਗੁੰਮ ਹੋ ਜਾਣਗੀਆਂ। ਮਨ ਸ਼ਾਂਤ ਹੋਵੇਗਾ ਤਾਂ ਜ਼ਰੂਰੀ ਹੈ ਕਿ ਸਰੀਰ ਵੀ ਸ਼ਾਂਤ ਹੋਵੇ ਤੇ ਬੀਮਾਰੀ ਤੋਂ ਸਾਫ਼ ਹੋਵੇ ਅਤੇ ਕੰਮ-ਕਾਜ ਤੇ ਦੁਨੀਆਂ ਦੇ ਹੋਰ ਵਰਤਾਰਿਆਂ ਵਿਚ ਅਨੰਦ ਹੀ ਅਨੰਦ ਨਜ਼ਰ ਆਵੇ। ਜ਼ਿੰਦਗੀ ਬੋਝ ਦੀ ਥਾਂ ਤੇ ਇਕ ਸੁਹਾਵਣੀ ਚੀਜ਼ ਬਣ ਜਾਵੇ। ਚੈਨ ਤੇ ਖੁਸ਼ੀ ਹਰ ਵੇਲੇ ਇਰਦ-ਗਿਰਦ ਮੌਜੂਦ ਰਹਿਣ।

ਹੁਣ ਸੋਚਣ ਵਾਲੀ ਗੱਲ ਇਹ ਰਹਿ ਗਈ ਹੈ ਕਿ ਮਨ ਦਾ ਚੈਨ ਕਿਸ ਤਰ੍ਹਾਂ ਪੈਦਾ ਕੀਤਾ ਜਾਵੇ ? ਦੁਨਿਆਵੀ ਚੈਨ ਦੇ ਤਰੀਕੇ ਸਭ ਝੂਠੇ ਤੇ ਥੋੜ੍ਹੀ ਦੇਰ ਵਾਸਤੇ ਹੁੰਦੇ ਹਨ। ਉਹ ਮਨ ਨੂੰ ਪੂਰਾ ਤੇ ਪੱਕਾ ਚੈਨ ਨਹੀਂ ਦੇ ਸਕਦੇ। ਸਵਾਦਲੀ ਚੀਜ਼ ਖਾਈਏ ਤਾਂ ਖਾਣ ਤਕ ਉਹਦਾ ਸਵਾਦ ਰਹਿੰਦਾ ਹੈ—ਪਿਛੋਂ ਨਹੀਂ। ਸਿਨੇਮਾ ਵੇਖੋ ਤਾਂ ਥੋੜ੍ਹੀ ਦੇਰ ਪਿਛੋਂ ਸਵਾਦ ਖ਼ਤਮ ਹੋ ਜਾਂਦਾ ਹੈ। ਮਨ ਨੂੰ ਇਕ ਥੋੜ੍ਹੀ ਦੇਰ ਵਾਸਤੇ ਅਨੰਦ ਆਉਂਦਾ ਹੈ, ਫਿਰ ਖਤਮ ਹੋ ਜਾਂਦਾ ਹੈ ਤੇ ਉਹਨਾਂ ਚੀਜ਼ਾਂ ਦੀ ਤ੍ਰਿਸ਼ਨਾ ਬਰਾਬਰ ਕਾਇਮ ਰਹਿੰਦੀ ਹੈ। ਸਵਾਦ ਫਿਰ ਲੈਣ ਨਾਲ ਤ੍ਰਿਸ਼ਨਾ ਥੋੜ੍ਹੀ ਦੇਰ ਵਾਸਤੇ ਹਟ ਕੇ ਫੇਰ ਪੈਦਾ ਹੋ ਜਾਂਦੀ ਹੈ। ਮਨੁੱਖ ਚਾਹੇ ਕਿਤਨੀ ਕੋਸ਼ਿਸ਼ ਕਰੇ, ਤ੍ਰਿਸ਼ਨਾ ਹਮੇਸ਼ਾ ਵਾਸਤੇ ਪੂਰੀ ਨਹੀਂ ਹੁੰਦੀ। ਬੜੀਆਂ-ਬੜੀਆਂ ਇਨਸਾਨੀ ਕੋਸ਼ਿਸ਼ਾਂ ਕਾਮਯਾਬ ਨਹੀਂ ਹੋ ਸਕੀਆਂ।

ਇਸ ਤ੍ਰਿਸ਼ਨਾ ਨੂੰ ਹਮੇਸ਼ਾ ਵਾਸਤੇ ਪੂਰਾ ਕਰਨ ਦਾ ਸਿਰਫ਼ ਇਕੋ ਇਲਾਜ ਹੈ ਅਤੇ ਉਹ ਵਾਹਿਗੁਰੂ ਨੂੰ ਆਪਣੇ ਮਨ ਵਿਚ ਵਸਾਉਣਾ ਹੈ। ਵਾਹਿਗੁਰੂ ਮਨ ਵਿਚ ਵਸਾਉਣਾ ਕੋਈ ਬੜੀ ਔਖੀ ਬਾਤ ਨਹੀਂ। ਅਸਲੀਅਤ ਵਿਚ ਵਾਹਿਗੁਰੂ ਅਗੇ ਹੀ ਮਨ ਵਿਚ ਵਸ ਰਿਹਾ ਹੈ। ਅਸੀਂ ਭੁਲੇ ਹੋਏ ਹਾਂ, ਇਸ ਭੁਲ ਨੂੰ ਹਟਾ ਦੇਣਾ ਤੇ ਵਾਹਿਗੁਰੂ ਦੀ ਸੱਚੀ ਹਾਜ਼ਰੀ ਨੂੰ ਮਹਿਸੂਸ ਕਰਨਾ ਕਾਫ਼ੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨ ਨਾਲ ਵਾਹਿਗੁਰੂ ਦੀ ਸਮਝ ਆਉਂਦੀ ਹੈ ਕਿ ਵਾਹਿਗੁਰੂ ਕੀ ਚੀਜ਼ ਹੈ ਤੇ ਸਾਡਾ ਉਹਦੇ ਨਾਲ ਕੀ ਸਬੰਧ ਹੈ ? ਜਿਉਂ-ਜਿਉਂ ਸਮਝ ਆਵੇਗੀ ਕਿ ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ, ਪਿਤਾ ਹੈ, ਮਾਤਾ ਹੈ, ਸਭ ਕੁਝ ਦੇਣ ਵਾਲਾ ਹੈ, ਦੁਨਿਆਵੀ ਤੇ ਆਤਮਕ ਜ਼ਰੂਰਤਾਂ

ਇਥੋਂ ਪੂਰੀਆਂ ਹੁੰਦੀਆਂ ਹਨ, ਦਾਤਾ ਹੈ ਹਰ ਚੀਜ਼ ਦਾਨ ਦਿੰਦਾ ਹੈ। ਕੀਮਤ ਕੁਝ ਨਹੀਂ ਮੰਗਦਾ। ਸੁਖ ਸਰੂਪ ਹੈ। ਉਹਨੂੰ ਕੋਲ ਰਖਿਆਂ ਹਰ ਜ਼ਰੂਰਤ ਪੂਰੀ, ਹਰ ਕੰਮ ਰਾਸ ਤੇ ਹਰ ਵੇਲੇ ਅਤੇ ਹਮੇਸ਼ਾਂ ਦੀ ਸ਼ਾਂਤੀ ਮਨ ਵਿਚ ਰਹਿੰਦੀ ਹੈ। ਇਸ ਤਰ੍ਹਾਂ ਦਾ ਅਭਿਆਸ ਜਿਉਂ-ਜਿਉਂ ਅਸੀਂ ਕਰਾਂਗੇ ਤਿਉਂ-ਤਿਉਂ ਸਾਡੇ ਮਨ ਨੂੰ ਚੈਨ ਤੇ ਅਨੰਦ ਆਉਣਾ ਸ਼ੁਰੂ ਹੋ ਜਾਵੇਗਾ ਅਤੇ ਉਤਨਾ-ਉਤਨਾ ਹੀ ਸਰੀਰ ਵਿਚ ਚੈਨ ਹੋਵੇਗਾ। ਕਾਰੋਬਾਰ ਵਿਚ ਵੀ ਚੈਨ ਦਿਸੇਗਾ, ਭਾਵ ਕੋਈ ਵਿਘਨ ਨਹੀਂ ਪਵੇਗਾ, ਤਰੱਕੀ ਤੇ ਵਾਧਾ ਹੋਵੇਗਾ। ਇਹ ਨਤੀਜੇ ਪੈਦਾ ਹੋਣੇ ਜ਼ਰੂਰੀ ਹਨ। ਅਭਿਆਸ ਪਹਿਲਾਂ ਮਨ ਵਿਚ ਕੀਤਾ ਜਾਂਦਾ ਹੈ, ਫਿਰ ਹਰ ਦੁਨਿਆਵੀ ਤੇ ਧਾਰਮਕ ਕੰਮ ਵਿਚ ਵਰਤਿਆ ਜਾਂਦਾ ਹੈ, ਤਾਂ ਅਭਿਆਸ ਪੱਕਾ ਹੁੰਦਾ ਹੈ, ਸਿਰਫ ਜ਼ਬਾਨੀ ਕਾਫੀ ਨਹੀਂ।

ਅਭਿਆਸ ਕਰਨ ਵਾਸਤੇ ਮਿਸਾਲ ਦੇ ਤੌਰ ਤੇ ਅਸੀਂ ਗੁਰੂ ਗ੍ਰੰਥ ਸਾਹਿਬ ਵਿਚੋਂ ਇਹ ਪੜ੍ਹਦੇ ਹਾਂ ਕਿ ਵਾਹਿਗੁਰੂ ਪਿਤਾ-ਮਾਤਾ ਹੈ, ਰਿਜ਼ਕ ਦਾ ਦਾਤਾ ਹੈ। ਦਾਨ ਦੇਂਦਾ ਹੈ ਅਤੇ ਮੁਫਤ ਦੇਂਦਾ ਹੈ, ਕੀਮਤ ਕੋਈ ਨਹੀਂ ਲੈਂਦਾ। ਇਹ ਪੜ੍ਹ ਕੇ ਜ਼ਬਾਨੀ ਇਸ ਦਾ ਪਹਿਲੋ ਜਾਪ ਕੀਤਾ ਜਾਵੇ। ਬਾਰ-ਬਾਰ ਇਹ ਗੁਣ ਵਾਹਿਗੁਰੂ ਵਿਚ ਦੇਖ ਕੇ ਆਪਣੀ ਸੁਰਤ ਨੂੰ ਦਰੁਸਤ ਕੀਤਾ ਜਾਵੇ। ਜਦ ਸੁਰਤ ਵਿਚ ਇਹ ਖਿਆਲ ਕਾਇਮ ਹੋ ਜਾਵੇ ਤੇ ਅਸੀਂ ਵਾਹਿਗੁਰੂ ਨੂੰ ਇਸ ਗੁਣ ਵਿਚ ਭਰਪੂਰ ਤੇ ਕਦੀ ਨਾ ਬਦਲਣ ਵਾਲੀ ਸ਼ਕਤੀ ਪੂਰੇ ਨਿਸ਼ਚੇ ਵਿਚ ਬਿਠਾ ਲਈਏ, ਫਿਰ ਇਸ ਅਭਿਆਸ ਨੂੰ ਹਰ ਕੰਮ ਤੇ ਹਰ ਵੇਲੇ ਦੁਨਿਆਵੀ ਅਤੇ ਧਾਰਮਕ ਕੰਮਾਂ ਵਿਚ ਵਰਤੀਏ ਤੇ ਪੱਕਾ ਕਰੀਏ। ਪਹਿਲਾ ਨਤੀਜਾ ਪੂਰਾ ਤੇ ਠੀਕ ਨਾ ਵੀ ਨਿਕਲੇ ਤਾਂ ਵੀ ਅਭਿਆਸ ਨੂੰ ਜ਼ਬਾਨੀ ਤੇ ਵਰਤਾਰੇ ਵਿਚ ਜਾਰੀ ਰਖਣਾ ਜ਼ਰੂਰੀ ਹੈ, ਜਦ ਤਕ ਕਿ ਤਸੱਲੀ ਦਾ ਪੂਰਾ ਨਤੀਜਾ ਨਾ ਨਿਕਲੇ।

ਜ਼ਰੂਰੀ ਗੱਲਾਂ : ਪਾਪ ਨਾ ਕਰੋ। ਵਾਹਿਗੁਰੂ ਹੀ ਇਕੋ ਸੱਚੀ ਸ਼ਕਤੀ ਹੈ, **ਉਹਦੇ ਸਿਵਾ ਹੋਰ ਕੋਈ ਸ਼ਕਤੀ ਨਹੀਂ। ਜੋ ਭਾਸਦੀ ਹੈ ਝੂਠੀ ਹੈ।**

ਕੁਲ ਚੰਗੇ ਕੰਮ ਪੱਕੀ ਤਰ੍ਹਾਂ ਸੰਵਾਰਨ ਵਾਲੀ ਸ਼ਕਤੀ ਵਾਹਿਗੁਰੂ ਹੀ ਹੈ। ਸਿਹਤ, ਰਿਜ਼ਕ, ਚੈਨ, ਹਰ ਚੰਗੇ ਕੰਮ ਵਿਚ ਤਰੱਕੀ ਆਦਿ ਸਿਰਫ ਵਾਹਿਗੁਰੂ ਹੀ ਦੇ ਸਕਦਾ ਹੈ। ਦੁਨਿਆਵੀ ਕੋਸ਼ਿਸ਼ਾਂ ਨਾਲ ਹਾਸਲ ਕੀਤੀਆਂ ਚੀਜ਼ਾਂ ਕੱਚੀਆਂ ਤੇ ਥੋੜ੍ਹੀ ਦੇਰ ਵਾਸਤੇ ਹੁੰਦੀਆਂ ਹਨ। ਵਾਹਿਗੁਰੂ ਦੀ ਦਾਤ ਪੱਕੀ ਤੇ ਹਮੇਸ਼ਾਂ ਵਾਸਤੇ ਹੁੰਦੀ ਹੈ।

ਕੁਲ ਬੁਰਾਈਆਂ ਤੇ ਉਪਾਧੀਆਂ ਨੂੰ ਬਰਬਾਦ ਕਰਨ ਵਾਲੀ ਸ਼ਕਤੀ ਇਕੋ ਵਾਹਿਗੁਰੂ ਹੀ ਹੈ।

ਇਛਾਂ ਪੁੰਨੀਆਂ

ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ।
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ।
(ਬਿਲਾਵਲ ਮਹਲਾ ੫)

ਇਹ ਸ਼ਬਦ ਕਿਤਨੀ ਤਸੱਲੀ ਦੇ ਰਿਹਾ ਹੈ। ਕਿੰਨਾ ਹੌਸਲਾ ਵਧਾ ਰਿਹਾ ਹੈ ਕਿ ਅਸੀਂ ਵਾਹਿਗੁਰੂ ਅਗੇ ਜੋ ਅਰਦਾਸ ਕਰਾਂਗੇ, ਉਹ ਜ਼ਰੂਰ ਪੂਰੀ ਹੋਵੇਗੀ। ਪਰ ਜਦ ਇਹ ਸ਼ਬਦ ਵਰਤਾਰੇ ਵਿਚ ਲਿਆਂਦਾ ਜਾਂਦਾ ਹੈ ਤਾਂ ਮਾਯੂਸੀ ਹੁੰਦੀ ਹੈ। ਸਾਡੀਆਂ ਸਾਰੀਆਂ ਅਰਦਾਸਾਂ ਤਾਂ ਨਹੀਂ ਸਿਰਫ ਕੋਈ-ਕੋਈ ਅਰਦਾਸ ਪੂਰੀ ਹੁੰਦੀ ਹੈ। ਬਹੁਤ ਸਾਰੀਆਂ ਵਿਅਰਥ ਜਾਂਦੀਆਂ ਹਨ। ਸ਼ਬਦ ਝੂਠਾ ਨਹੀਂ ਹੋ ਸਕਦਾ, ਇਸ ਵਾਸਤੇ ਇਹ ਜ਼ਰੂਰੀ ਨਤੀਜਾ ਹੈ ਕਿ ਨੁਕਸ ਸਾਡੀ ਵਲੋਂ ਹੈ। ਸਾਡੀਆਂ ਅਰਦਾਸਾਂ ਦੇ ਤਰੀਕੇ ਵਿਚ ਦਰੁਸਤੀ ਦੀ ਲੋੜ ਹੈ।

ਅਸੀਂ ਸ਼ਬਦ ਦਾ ਪਹਿਲਾ ਭਾਗ ਅਗੇ ਰਖ ਕੇ ਵਿਚਾਰ ਕਰ ਰਹੇ ਹਾਂ ਤੇ ਖੁਸ਼ ਹੋ ਰਹੇ ਹਾਂ। ਸਾਰਾ ਸ਼ਬਦ ਪੜ੍ਹਨ ਨਾਲ ਇਹ ਪਤਾ ਲਗਦਾ ਹੈ ਕਿ ਅਰਦਾਸਾਂ ਪੂਰੀਆਂ ਕਰਾਉਣ ਵਾਸਤੇ ਦੋ ਸ਼ਰਤਾਂ ਲਗਾਈਆਂ ਗਈਆਂ ਹਨ। ਉਹ ਇਹ ਹਨ ਕਿ ਅਰਦਾਸ ਕਰਨ ਵਾਲਾ ਵਾਹਿਗੁਰੂ ਦਾ 'ਜ਼ੋਰ' ਦੇਖੇ ਤੇ ਸਮਝੇ ਅਤੇ ਵਾਹਿਗੁਰੂ ਨੂੰ 'ਪੂਰਨ ਗੁਣਤਾਸਿ' ਭਾਵ ਸਾਰੇ ਗੁਣਾਂ ਤੋਂ ਭਰਪੂਰ ਦੇਖੇ। ਜੇਕਰ ਇਹ ਸ਼ਰਤਾਂ ਪੂਰੀਆਂ ਹੋ ਜਾਣ ਤਾਂ ਅਰਦਾਸ ਦਾ ਮੰਨਜ਼ੂਰ ਹੋਣਾ ਜ਼ਰੂਰੀ ਹੈ। ਵਿਚਾਰ ਹੁਣ ਇਹ ਹੈ ਕਿ ਇਹਨਾਂ ਸ਼ਰਤਾਂ ਨੂੰ ਪੂਰਾ ਕਿਵੇਂ ਕੀਤਾ ਜਾਵੇ ?

ਇਕ ਸ਼ਰਤ ਇਹ ਹੈ ਕਿ ਵਾਹਿਗੁਰੂ ਨੂੰ 'ਪੂਰਨ ਗੁਣਤਾਸਿ' ਸਮਝੋ ਤੇ ਵਰਤਾਰੇ ਵਿਚ ਦੇਖੋ। ਸਾਡਾ ਕੰਮ ਹੀ ਇਹੋ ਹੈ ਕਿ ਅਸੀਂ ਵਾਹਿਗੁਰੂ ਦਾ ਆਪਣੇ ਤਜਰਬੇ ਦਾ ਸਰੂਪ ਬਣਾਇਆ ਹੋਇਆ ਹੈ। ਅਸੀਂ ਵਾਹਿਗੁਰੂ ਨੂੰ ਇਕ ਬੇਦਰਦ ਹਾਕਮ ਸਮਝਿਆ ਹੋਇਆ ਹੈ, ਜਿਹੜਾ ਘਰਾਂ ਵਿਚ ਮੌਤਾਂ ਲਿਆਉਂਦਾ ਹੈ ਤੇ ਸੁਖੀ ਵਸਦੇ ਘਰਾਂ ਨੂੰ ਬਰਬਾਦ ਕਰ ਦੇਂਦਾ ਹੈ। ਕੌਮਾਂ ਵਿਚ ਲੜਾਈਆਂ ਕਰਾ ਕੇ ਤਮਾਸ਼ਾ

ਵੇਖਦਾ ਹੈ। ਬੀਮਾਰੀ ਤੇ ਪਲੇਗ ਘੱਲ ਕੇ ਮੌਤ ਨੂੰ ਖੁਸ਼ ਕਰਦਾ ਹੈ ਅਤੇ ਦੁਨੀਆਂ ਵਿਚ ਜਿਤਨੇ ਹੋਰ ਉਪੱਦਰ ਹੋ ਰਹੇ ਹਨ, ਸਭਨਾਂ ਦਾ ਕਰਤਾ ਉਹ ਹੈ। ਜਦ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਮਝ ਕੇ ਕਰੀਏ ਤਾਂ ਇਹ ਆਪਣੇ ਖ਼ਿਆਲਾਂ ਦਾ ਬਣਾਇਆ ਹੋਇਆ ਸਰੂਪ ਉਲਟ ਜਾਂਦਾ ਹੈ ਤੇ ਫਿਰ ਵਾਹਿਗੁਰੂ ਪ੍ਰੇਮ ਹੀ ਪ੍ਰੇਮ ਦਿਸਦਾ ਹੈ। ਪਿਤਾ ਹੈ, ਮਾਤਾ ਹੈ, ਦਿਆਲੂ ਤੇ ਕ੍ਰਿਪਾਲੂ ਹੈ, ਬਖ਼ਸ਼ਣਹਾਰ ਹੈ, ਹਰ ਕਿਸੇ ਦੇ ਰਿਜ਼ਕ ਦਾ ਦਾਤਾ ਹੈ। ਕੁਲ ਵਿਘਨ (ਬੀਮਾਰੀ, ਝੁੜ, ਬੇਚੈਨੀ ਆਦਿ) ਨੂੰ ਤਬਾਹ ਕਰਨ ਵਾਲੀ ਸ਼ਕਤੀ ਹਨ। 'ਪੂਰਨ ਗੁਣਤਾਸਿ' ਹੈ। ਕੁਲ ਗੁਣਾਂ ਦਾ ਭਰਿਆ ਹੋਇਆ ਹੈ। ਔਗੁਣ ਉਹਦੇ ਵਿਚ ਹੈ ਹੀ ਨਹੀਂ, ਇਸ ਵਾਸਤੇ ਜਿਸ ਮਨੁੱਖ ਦੇ ਹਿਰਦੇ ਵਿਚ ਉਹ ਵਸੇ, ਉਸ ਦੇ ਵਿਚ ਔਗੁਣ ਰਹਿ ਹੀ ਨਹੀਂ ਸਕਦੇ। ਪਿਛਲੇ ਪਾਪਾਂ ਦੀ ਸਜ਼ਾ ਭੁਗਤਣ ਤੋਂ ਬਿਨਾਂ ਮੁਆਫ਼ੀ ਅਤੇ ਅਗੋਂ ਪਾਪ ਕਰਨ ਤੋਂ ਹਿਰਦਾ ਸਾਫ਼ ਹੋ ਜਾਂਦਾ ਹੈ।

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ।
ਅਉਗਣੁ ਕੋ ਨ ਚਿਤਾਰੇ।
ਪਤਿਤ ਪਾਵਨੁ ਹਰਿ ਬਿਰਦੁ ਸਦਾਏ
ਇਕੁ ਤਿਲੁ ਨਹੀ ਭੰਨੈ ਘਾਲੇ।
(ਸੂਹੀ ਮਹਲਾ ੫)

ਜਦ ਤਕ ਵਾਹਿਗੁਰੂ ਦਾ ਪੂਰਾ ਤੇ ਦਰੁਸਤ ਸਰੂਪ ਸਾਡੇ ਸਾਹਮਣੇ ਨਾ ਹੋਵੇ, ਤਦ ਤਕ ਸਾਡੀਆਂ ਅਰਦਾਸਾਂ ਇਕ ਗਲਤ ਸਰੂਪ ਵਿਚ ਅਗੇ ਕੀਤੀਆਂ ਜਾਂਦੀਆਂ ਹਨ, ਉਹ ਵਾਹਿਗੁਰੂ ਤਕ ਪਹੁੰਚਦੀਆਂ ਹੀ ਨਹੀਂ, ਫਿਰ ਮੰਨਜ਼ੂਰੀ ਕਿਥੋਂ ਆਵੇ ? ਇਸ ਵਾਸਤੇ ਇਸ ਸ਼ਬਦ ਵਿਚ ਸਾਡਾ ਖ਼ਿਆਲ ਇਸ ਮੋਟੀ ਗਲਤੀ ਵਲ ਲਗ ਗਿਆ ਹੈ ਕਿ ਤਾਂਕਿ ਅਸੀਂ ਇਸ ਮੋਟੀ ਗਲਤੀ ਨੂੰ ਦਰੁਸਤ ਕਰੀਏ ਤੇ ਵਾਹਿਗੁਰੂ 'ਪੂਰਨ ਗੁਣਤਾਸਿ' ਨੂੰ ਆਪਣੀ ਸੁਰਤ ਵਿਚ ਬਿਠਾਈਏ। ਫਿਰ ਅਰਦਾਸ ਮੰਨਜ਼ੂਰ ਹੋਣੀ ਜ਼ਰੂਰੀ ਹੈ।

ਇਹ ਸ਼ੰਕਾ ਦਿਲ ਵਿਚ ਜ਼ਰੂਰ ਪੈਦਾ ਹੋਵੇਗਾ ਕਿ ਜੇਕਰ ਵਾਹਿਗੁਰੂ ਸਿਰਫ਼ ਭਲਾਈਆਂ ਦਾ ਹੀ ਕਰਤਾ ਹੈ ਤਾਂ ਬੁਰਾਈਆਂ ਦਾ ਕਰਤਾ ਹੋਰ ਕੌਣ ਹੈ ? ਇਸ ਵਿਸ਼ੇ ਉਤੇ ਵਿਸਥਾਰ ਨਾਲ ਫਿਰ ਕਿਸੇ ਮੌਕੇ ਤੇ ਲਿਖਿਆ ਜਾਵੇਗਾ। ਹੁਣ ਇਤਨਾ ਹੀ ਕਹਿਣਾ ਕਾਫ਼ੀ ਹੈ ਕਿ ਦੁਨਿਆਵੀ ਉਪੱਦਰ ਵਾਹਿਗੁਰੂ ਨੂੰ ਗੈਰਹਾਜ਼ਰ ਵੇਖਣ ਤੇ ਮਾਇਆ ਨੂੰ ਹਾਜ਼ਰ ਵੇਖਣ ਨਾਲ ਪੈਦਾ ਹੁੰਦੇ ਹਨ। ਮਾਇਆ ਇਕ

ਝੂਠਾ ਰੰਗ, ਸੁਫਨੇ ਦੀ ਨਿਆਈਂ ਹੈ ਜੋ ਭਾਸਦਾ ਸੱਚਾ ਹੈ, ਪਰ ਅਸਲੀਅਤ ਵਿਚ ਇਹਦਾ ਵਜੂਦ ਨਹੀਂ। ਸਦਾ ਗੈਰ-ਹਾਜ਼ਰ ਹੈ। ਵਾਹਿਗੁਰੂ ਇਕ ਸੱਚ ਹੈ, ਜੋ ਹਮੇਸ਼ਾਂ ਹਾਜ਼ਰ ਹੈ ਪਰ ਗੈਰਹਾਜ਼ਰ ਭਾਸਦਾ ਹੈ। ਅਸੀਂ ਵਾਹਿਗੁਰੂ ਦੇ ਚਾਨਣ ਨੂੰ ਭੁਲਾ ਕੇ ਮਾਇਆ ਦੇ ਧੋਖੇ ਤੇ ਹਨੇਰੇ ਵਿਚ ਬੈਠੇ ਹੋਏ ਕੁਲ ਕੰਮ ਕਰ ਰਹੇ ਹਾਂ ਤੇ ਏਥੋਂ ਕੁਲ ਗਲਤੀਆਂ ਅਤੇ ਖ਼ਰਾਬੀਆਂ ਪੈਦਾ ਹੁੰਦੀਆਂ ਹਨ :

'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।'

ਦੂਜੀ ਸ਼ਰਤ ਜਿਹੜੀ ਕਿ ਅਰਦਾਸ ਪੂਰੀ ਹੋਣ ਵਾਸਤੇ ਸ਼ਬਦ ਵਿਚ ਲਾਈ ਗਈ ਹੈ, ਉਹ ਇਹ ਹੈ ਕਿ ਹਰ ਪਾਸੇ 'ਜੋਰੁ ਗੋਵਿੰਦ ਕਾ' ਵੇਖਣਾ ਚਾਹੀਦਾ ਹੈ। ਵਾਹਿਗੁਰੂ ਤੋਂ ਸਿਵਾ ਹੋਰ ਕੋਈ ਸ਼ਕਤੀ ਕੰਮ ਨਹੀਂ ਕਰ ਰਹੀ। ਹਰ ਕੰਮ ਦਾ ਕਰਤਾ ਉਹ ਹੈ ਤੇ ਉਸੇ ਦੀ ਪਾਤਸ਼ਾਹੀ ਹੈ, ਉਸੇ ਦਾ ਕਾਨੂੰਨ ਵਰਤਮਾਨ ਹੈ। ਵਾਹਿਗੁਰੂ ਦੀ ਸ਼ਕਤੀ ਨੂੰ ਕੰਮ ਕਰਦਿਆਂ ਵੇਖਣ ਨਾਲ ਮਾੜਾ ਉਤਸ਼ਾਹ ਦਿਲ ਵਿਚ ਆਉਂਦਾ ਹੀ ਨਹੀਂ ਤੇ ਜੋ ਚੰਗੀ ਭਾਵਨਾ ਪੈਦਾ ਹੁੰਦੀ ਹੈ, ਉਹ ਪੂਰੀ ਹੋਣੀ ਜ਼ਰੂਰੀ ਹੈ ਤੇ ਉਹਦਾ ਨਤੀਜਾ ਆਪਣੇ ਵਾਸਤੇ ਅਤੇ ਦੂਜਿਆਂ ਵਾਸਤੇ ਕਦੀ ਬੁਰਾ ਨਹੀਂ ਹੋਵੇਗਾ।

'ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ' ਦੇ ਅਸੂਲ ਨੂੰ ਸਮਝਣ ਤੇ ਵਰਤਮਾਨ ਕਰਨ ਵਾਲੇ ਮਨੁੱਖ ਦੀ ਜ਼ਿੰਦਗੀ ਇਕ ਐਸੀ ਹਾਲਤ ਵਿਚ ਬਦਲ ਜਾਂਦੀ ਹੈ ਕਿ ਉਸ ਨੂੰ ਅਰਦਾਸ ਕਰਕੇ ਆਪਣੀਆਂ ਖ਼ਾਹਿਸ਼ਾਂ ਪੇਸ਼ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਵਾਹਿਗੁਰੂ ਸਰਬ-ਵਿਆਪੀ ਤੇ ਅੰਤਰਜਾਮੀ ਨੂੰ ਆਪਣੇ ਹਰ ਵੇਲੇ ਕੋਲ ਵੇਖਣ ਨਾਲ ਤੇ ਹਰ ਇਕ ਚੀਜ਼ ਵਿਚ ਵਿਆਪਕ ਵੇਖਣ ਨਾਲ, ਹਰ ਚੀਜ਼ ਦੁਨਿਆਵੀ ਤੇ ਆਤਮਕ ਵਾਹਿਗੁਰੂ ਵਿਚ ਪੂਰਨ ਤੌਰ ਤੇ ਮੌਜੂਦ ਵੇਖਣ ਨਾਲ ਕਿਸੇ ਚੀਜ਼ ਦੀ ਥੁੜ ਰਹਿੰਦੀ ਹੀ ਨਹੀਂ ਅਤੇ 'ਜੋ ਚਾਹਤ ਸੋਈ ਜਬ ਪਾਇਆ। ਤਬ ਢੂੰਡਨ ਕਹਾ ਕੋ ਜਾਇਆ।' ਵਾਲੀ ਹਾਲਤ ਖ਼ੁਦਬਖ਼ੁਦ ਪੈਦਾ ਹੋ ਜਾਂਦੀ ਹੈ। ਮਨ ਦੀ ਚੈਨ ਹਰ ਵੇਲੇ ਮੌਜੂਦ ਰਹਿੰਦੀ ਹੈ ਤੇ ਵਾਹਿਗੁਰੂ ਦੇ ਚਰਨਾਂ ਤੋਂ ਸਿਵਾ ਹੋਰ ਕਿਸੇ ਪਾਸੇ ਸੁਰਤ ਲੱਗਣ ਲਈ ਮਨ ਟਿਕਦਾ ਹੀ ਨਹੀਂ।

ਸਤਿਨਾਮ ਸ੍ਰੀ ਵਾਹਿਗੁਰੂ

ਮੇਰੇ ਪਿਆਰਿਓ ! ਤੁਸੀਂ ਕਿਉਂ ਉਦਾਸ ਹੋ ? ਕਿਉਂ ਦਿਲ ਢਾਇਆ ਹੋਇਆ ਹੈ ? ਕਿਉਂ ਇਕਲਵਾਂਜੇ ਚੁਪਚਾਪ ਬੈਠੇ ਹੋਏ ਠੰਢੇ ਸਾਹ ਲੈ ਰਹੇ ਹੋ ? ਦੁਨੀਆਂ ਦੀਆਂ ਨਾਕਾਮਯਾਬੀਆਂ ਨੇ ਦਿਲ ਤੋੜ ਦਿਤਾ ਹੈ ? ਸਾਰੀ ਅਕਲ ਤੇ ਬਲ ਖ਼ਰਚ ਕਰਕੇ ਵੀ ਕਾਰਜ ਨਹੀਂ ਸੰਵਰਦੇ ਦਿਸਦੇ? ਕੋਈ ਵਾਹ ਨਹੀਂ ਜਾਂਦੀ ? ਕੋਈ ਪਾਸਾ ਨਹੀਂ ਦਿਸਦਾ ਜੋ ਇਹਨਾਂ ਔਕੜਾਂ ਤੋਂ ਕੱਢੇ?

ਘਬਰਾਓ ਨਾ, ਕੋਈ ਔਕੜ ਐਸੀ ਨਹੀਂ, ਜਿਸ ਦਾ ਕੁਦਰਤ ਨੇ ਇਲਾਜ ਨਾ ਬਣਾਇਆ ਹੋਵੇ। ਇਹ ਇਕ ਜ਼ਬਰਦਸਤ ਮਾਯੂਸੀ, ਜਿਸ ਨੇ ਤੁਹਾਨੂੰ ਘੇਰਿਆ ਹੋਇਆ ਹੈ, ਇਹਦਾ ਸ਼ੁਕਰ ਕਰੋ ਕਿ ਇਸ ਨੇ ਤੁਹਾਨੂੰ ਤੰਗ ਕਰਕੇ ਮਜਬੂਰ ਕੀਤਾ ਹੈ ਕਿ ਤੁਸੀਂ ਜ਼ਰਾ ਅੱਖਾਂ ਉਪਰ ਨੂੰ ਕਰੋ ਤੇ ਏਥੇ ਜਿਹੜੀ ਸਿਧੀ ਪਉੜੀ ਸੁਖ ਤੇ ਖੁਸ਼ੀ ਵਾਲੇ ਦਰਬਾਰ ਨੂੰ ਲੱਗੀ ਹੋਈ ਹੈ, ਤੁਹਾਨੂੰ ਦਿਸੇ ਤੇ ਤੁਸੀਂ ਉਸ ਤੇ ਚੜ੍ਹ ਜਾਓ।

ਇਸ ਦੁਨੀਆਂ ਤੋਂ ਬਾਹਰ ਨਿਕਲ ਆਓ ਤੇ ਆਤਮਕ ਦੁਨੀਆਂ ਵਿਚ ਦਾਖ਼ਲ ਹੋ ਜਾਓ। ਇਹ ਤਬਦੀਲੀ ਕਰਨ ਵਾਸਤੇ ਕੋਈ ਮਕਾਨ ਜਾਂ ਸ਼ਹਿਰ ਬਦਲਣ ਦੀ ਲੋੜ ਨਹੀਂ, ਸਿਰਫ ਮਨ ਦੀ ਅਵਸਥਾ ਬਦਲਣ ਦੀ ਲੋੜ ਹੈ ਤੇ ਉਹਦੇ ਵਾਸਤੇ ਆਤਮ ਸਾਇੰਸ ਇਕ ਸੌਖਾ ਤੇ ਸੌਖਾ ਜਿਹਾ ਰਸਤਾ ਦਸਦੀ ਹੈ।

ਆਮ ਤੌਰ ਤੇ ਗੁਰਸਿੱਖ ਇਹ ਸ਼ਿਕਾਇਤ ਕਰਦੇ ਹਨ ਕਿ ਉਹਨਾਂ ਨੂੰ ਦੁਨਿਆਵੀ ਕੰਮਾਂ ਤੋਂ ਵਿਹਲ ਨਹੀਂ ਮਿਲਦਾ ਤੇ ਵਕਤ ਦੀ ਕਮੀ ਹੈ। ਦੂਜੀ ਮੁਸ਼ਕਲ ਇਹ ਦਸਦੇ ਹਨ ਕਿ ਬੜੀ ਸਵੇਰੇ ਉਠਿਆ ਨਹੀਂ ਜਾਂਦਾ। ਤੀਸਰਾ ਡਰ ਇਹ ਦਸਿਆ ਜਾਂਦਾ ਹੈ ਕਿ ਸਿਮਰਨ ਦੀ ਸਮਾਧੀ ਇਕ ਬੜਾ ਕਠਨ ਕੰਮ ਹੈ ਤੇ ਉਸ ਉਚੀ ਘਾਟੀ ਤੇ ਚੜ੍ਹਨ ਦਾ ਹੀਆ ਨਹੀਂ ਪੈਂਦਾ। ਅੱਛਾ, ਇਹਨਾਂ ਸਾਰੀਆਂ ਗੱਲਾਂ ਨੂੰ ਸੋਚ ਕੇ ਆਤਮ ਸਾਇੰਸ ਨੇ ਰਸਤਾ ਕਢਿਆ ਹੈ, ਜਿਹੜਾ ਸੌਖਾ ਤੇ ਸੁਆਦਲਾ ਹੈ। ਅਲਬੱਤਾ ਖ਼ਿਆਲ ਨਾਲ ਉਸ ਰਸਤੇ ਪਰ ਚਲਣਾ ਜ਼ਰੂਰੀ ਹੈ।

ਉਹ ਸਦਾ ਤੇ ਸੁਆਦਲਾ ਰਸਤਾ ਇਹ ਹੈ ਕਿ ਅਸੀਂ ਉਠਦਿਆਂ, ਬੈਠਦਿਆਂ, ਤੁਰਦਿਆਂ, ਲੰਮੇ ਪਿਆਂ, ਜਿਸ ਵੇਲੇ ਵੀ ਕੋਈ ਇਕ ਮਿੰਟ ਵੀ ਵਕਤ ਮਿਲੇ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਜਾਪ ਕਰੀਏ। ਜਾਪ ਖ਼ਾਲੀ ਖ਼ਿਆਲ ਨਾਲ ਨਾ ਹੋਵੇ। ਮਨ ਵਿਚ ਪਹਿਲਾਂ ਪਹਿਲਾਂ ਇਹ ਖਿਆਲ ਹੋਣ—'ਵਾਹਿਗੁਰੂ ਮੇਰੇ ਨਾਲ ਹੈ।' ਕੁਝ ਅਭਿਆਸ ਕਰਨ ਨਾਲ ਇਹ ਭਾਸੇਗਾ ਕਿ ਇਕ ਬੜੀ ਭਾਰੀ ਸ਼ਕਤੀ, ਪਿਤਾ-ਮਾਤਾ ਵਾਂਗ ਪਿਆਰ ਵਾਲੀ ਹਰ ਵੇਲੇ ਕੋਲ ਹੈ। ਸਭ ਕੁਝ ਏਥੋਂ ਮਿਲੇਗਾ ਤੇ ਹਰ ਕੰਮ ਦਾ ਸਹਾਰਾ ਹੈ।

ਵਾਹਿਗੁਰੂ ਸਰਬ-ਵਿਆਪੀ ਹੈ, ਇਸ ਵਾਸਤੇ ਉਸ ਨੂੰ ਆਪਣੇ ਕੋਲ ਲਿਆਉਣ ਲਈ ਕਿਸੇ ਯਤਨ ਦੀ ਲੋੜ ਨਹੀਂ। ਇਹ ਜਾਣਨਾ ਕਿ ਉਹ ਅਗੇ ਹੀ ਤੇ ਹਰ ਵੇਲੇ ਮੌਜੂਦ ਹੈ, ਕਾਫੀ ਹੈ। ਇਹ ਖ਼ਿਆਲ ਜਦ ਸੁਰਤ ਵਿਚ ਠਹਿਰ ਜਾਣ ਤਦ ਫੇਰ ਦੂਜਾ ਖ਼ਿਆਲ ਆਤਮ-ਸਾਇੰਸ ਦਾ ਇਕ ਪੱਕਾ ਨਾ ਬਦਲਣ ਵਾਲਾ ਤੇ ਸ਼ੱਕ ਦੇ ਦਰਜੇ ਤੋਂ ਬਾਹਰ ਅਸੂਲ ਆਪਣੇ ਅਗੇ ਲਿਆਓ। 'ਵਾਹਿਗੁਰੂ ਕੋਲ ਹੋਣ ਨਾਲ ਮਾਇਆ ਦੇ ਕੁਲ ਰੰਗ (ਪਾਪ, ਬੀਮਾਰੀ, ਥੁੜ, ਬੇਚੈਨੀ ਆਦਿ) ਨਾਸ ਹੋ ਜਾਂਦੇ ਹਨ ਤੇ ਉਹਨਾਂ ਦੀ ਥਾਂ ਸੁਖ, ਸਿਹਤ, ਭਰਪੂਰਤਾ, ਅਨੰਦ ਆਦਿ ਜਗਾ ਮਲਦੇ ਹਨ।'

ਦੂਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ।
(ਗੁਰੂ ਅਰਜਨ ਦੇਵ ਜੀ)

ਅਭਿਆਸ ਦੀ ਲੋੜ ਹੈ। ਇਸ ਜਾਪ ਨਾਲ ਜ਼ਰੂਰੀ ਹੈ ਕਿ ਮਨੁੱਖ ਵਿਚ ਆਤਮਕ ਸ਼ਕਤੀ ਪੈਦਾ ਹੋਵੇ। ਜਿਧਰ ਵੀ ਨਜ਼ਰ ਕਰੇ, ਕੁਲ ਦੁਖ ਤੇ ਭੁਖ ਬਰਬਾਦ ਤੇ ਕੁਲ ਸੁਖ ਤੇ ਭਰਪੂਰਤਾ ਪੈਦਾ ਹੋਵੇ, ਮਨ ਨੂੰ ਸ਼ਾਂਤੀ ਤੇ ਕੁਲ ਕੰਮ ਸੌਰੇ ਹੋਏ ਨਜ਼ਰ ਆਉਣ। ਜਿਤਨੇ ਅਭਿਆਸ ਨਾਲ ਸੁਰਤ ਤਰੱਕੀ ਕਰੇਗੀ, ਉਤਨਾ ਹੀ ਆਤਮਕ ਸ਼ਕਤੀ ਦਾ ਪ੍ਰਕਾਸ਼ ਹੋਵੇਗਾ ਤੇ ਉਤਨਾ ਹੀ ਨਤੀਜਾ ਪੈਦਾ ਹੋਣਾ ਜ਼ਰੂਰੀ ਹੈ। ਪਹਿਲਾਂ-ਪਹਿਲਾਂ ਕਾਮਯਾਬੀ ਥੋੜ੍ਹੀ ਹੋਵੇਗੀ ਪਰ ਫਿਰ ਹੌਲੀ-ਹੌਲੀ ਵਧਦੀ ਜਾਵੇਗੀ। ਨਤੀਜਾ ਹੀ ਇਸ ਪਾਸੇ ਦੀ ਤਰੱਕੀ ਦਾ ਮਾਪ ਹੈ।

ਗੁਰੂ ਗ੍ਰੰਥ ਸਾਹਿਬ ਦਾ ਰੋਜ਼ ਸਮਝ ਕੇ ਪਾਠ ਕਰਨਾ ਤੇ ਉਥੇ ਦਸੇ ਹੋਏ ਅਸੂਲਾਂ ਨੂੰ ਸੁਰਤ ਵਿਚ ਰਖਣਾ ਤੇ ਵਰਤਣਾ ਜ਼ਰੂਰੀ ਹੈ। ਜਿਥੋਂ ਤਕ ਹੋ ਸਕੇ ਕਰੋ। ਪਾਪ ਤੋਂ ਪਰਹੇਜ਼ ਕਰਨਾ ਜ਼ਰੂਰੀ ਹੈ।

ਆਪਣਾ ਘਰ

ਤੂੰ ਕਿਉਂ ਘਰੋਂ ਬਾਹਰ ਨਿਕਲ ਆਇਆ ਹੈਂ ਤੇ ਭੁਖਿਆਂ ਵਾਂਗ ਇਧਰ-ਉਧਰ ਕੀ ਤੱਕ ਰਿਹਾ ਹੈਂ ? ਸਿਹਤ ਤੇ ਦੌਲਤ ! ਕਿਥੇ ਪਿਆ ਲੱਭਦਾ ਹੈਂ ! ਇਸ ਦੁਨੀਆਂ ਵਿਚ ?

ਓਏ ਕਮਲਿਆ ਹੋਸ਼ ਕਰ। ਜਿਥੇ ਤੂੰ ਸਿਹਤ ਤੇ ਦੌਲਤ ਲੱਭ ਰਿਹਾ ਹੈਂ, ਇਹ ਏਥੇ ਹੈ ਹੀ ਨਹੀਂ। ਇਹ ਦੁਨੀਆਂ ਭੀ ਥੋਥੀ ਹੈ, ਖਾਲੀ ਹੈ, ਧੋਖਾ ਹੀ ਧੋਖਾ ਹੈ। ਦਿਖਾ ਕੇ ਸਭ ਕੁਝ ਵਾਪਸ ਚੁਰਾ ਲੈਂਦੀ ਹੈ। ਇਹ ਤਾਂ ਬੀਮਾਰੀਆਂ ਦਾ ਘਰ ਹੈ। ਮੁਫਲਸੀ ਸਭ ਪਾਸੇ ਛਾਈ ਹੋਈ ਹੈ। ਇਥੇ ਤਾਂ ਜੋ ਕੁਝ ਤੇਰੇ ਕੋਲ ਹੈ, ਉਹ ਵੀ ਗਵਾ ਜਾਵੇਂਗਾ !

ਜਾਹ, ਪਿਛਾਂਹ ਨੂੰ ਮੁੜ ਜਾਹ। ਆਪਣੇ ਪਿਤਾ ਦੇ ਭਰਪੂਰ ਘਰ 'ਸਚਖੰਡ' ਵਿਚ ਮੁੜ ਜਾਹ, ਜਿਥੇ ਵਿਰਸੇ ਵਿਚ ਸਿਹਤ ਤੇ ਅਮਿੱਤੀਆਂ ਚੀਜ਼ਾਂ ਅਗੇ ਹੀ ਤੇਰੇ ਵਾਸਤੇ ਮੌਜੂਦ ਹਨ। ਜਿਥੇ ਪਿਤਾ-ਮਾਤਾ (ਵਾਹਿਗੁਰੂ) ਤੇਰੀ, ਵਿਛੜੇ ਹੋਏ ਪੁਤਰ ਦੀ ਰਾਹ ਤੱਕ ਰਿਹਾ ਹੈ।

ਸਚਖੰਡ ਕਿਸੇ ਜਗ੍ਹਾ ਦਾ ਨਾਮ ਨਹੀਂ, ਇਹ ਮਨ ਦੀ ਅਵਸਥਾ ਦਾ ਨਾਮ ਹੈ, ਜਦ ਕਿ ਮਨ ਵਿਚ ਵਾਹਿਗੁਰੂ ਵਸ ਰਿਹਾ ਹੋਵੇ।

ਸਭ ਕਿਛੁ ਘਰ ਮਹਿ ਬਾਹਰਿ ਨਾਹੀ
ਬਾਹਰਿ ਟੋਲੈ ਸੋ ਭਰਮਿ ਭੁਲਾਹੀ
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ।
(ਗੁਰੂ ਅਰਜਨ ਦੇਵ ਜੀ)

ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ।
ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ।
(ਗੁਰੂ ਅਮਰਦਾਸ ਜੀ)

ਅਰਦਾਸ

ਦੁਖਾਂ ਤੇ ਭੁੱਖਾਂ ਦਾ ਇਲਾਜ

ਇਹ ਅਰਦਾਸ ਵਾਹਿਗੁਰੂ ਦੇ ਨਾ ਬਦਲਣ ਵਾਲੇ ਕਾਨੂੰਨ (ਹੁਕਮ) ਜੋ ਗੁਰੂ ਗ੍ਰੰਥ ਸਾਹਿਬ ਵਿਚੋਂ ਤੇ ਕੁਝ ਹੋਰ ਪੁਸਤਕਾਂ ਵਿਚੋਂ ਚੁਣੇ ਗਏ ਹਨ, ਉਹਨਾਂ ਕਾਨੂੰਨਾਂ ਦੇ ਸਹਾਰੇ ਤੇ ਲਿਖੀ ਗਈ ਹੈ। ਜਿਸ ਤਰ੍ਹਾਂ ਇਕ ਬਿਜਲੀਘਰ, ਵਾਹਿਗੁਰੂ ਦੇ ਕਾਨੂੰਨਾਂ ਦੀ ਪੂਰੀ ਤਾਬੇਦਾਰੀ ਕਰਨ ਨਾਲ ਬਿਜਲੀ ਪੈਦਾ ਕਰ ਦੇਂਦਾ ਹੈ ਤੇ ਜੇਕਰ ਕਾਨੂੰਨ ਨੂੰ ਪੂਰਾ ਨਾ ਸਮਝਿਆ ਜਾਵੇ ਜਾਂ ਪੂਰੀ ਤਰ੍ਹਾਂ ਨਾ ਵਰਤਿਆ ਜਾਵੇ, ਬਿਜਲੀ ਪੈਦਾ ਨਹੀਂ ਹੋਵੇਗੀ। ਇਸੇ ਤਰ੍ਹਾਂ ਵਾਹਿਗੁਰੂ ਦੇ ਕਾਨੂੰਨ ਦੀ ਪੂਰੀ ਸਮਝ ਤੇ ਪੂਰੀ ਤਾਬੇਦਾਰੀ ਕੀਤੀ ਜਾਵੇ ਤਾਂ ਮਨੁੱਖ ਦੀਆਂ ਦੋ ਵੱਡੀਆਂ ਔਕੜਾਂ, ਬਿਮਾਰੀ ਤੇ ਰਿਜ਼ਕ ਦੀ ਕਮੀ ਦਾ ਪੂਰਾ ਇਲਾਜ ਹੋ ਸਕਦਾ ਹੈ। ਨਤੀਜਾ ਪੂਰਾ ਨਿਕਲਣਾ ਜ਼ਰੂਰੀ ਹੈ। ਜੇ ਪਹਿਲਾਂ-ਪਹਿਲਾਂ ਪੂਰਾ ਨਤੀਜਾ ਨਾ ਨਿਕਲੇ, ਥੋੜ੍ਹਾ-ਥੋੜ੍ਹਾ ਨਿਕਲੇ ਜਾਂ ਦੇਰ ਨਾਲ ਨਿਕਲੇ ਤਾਂ ਘਬਰਾਣਾ ਨਹੀਂ, ਅਰਦਾਸ ਜਾਰੀ ਰਖਣੀ ਹੈ। ਅਭਿਆਸ ਕੁਝ ਚਿਰ ਕਰਨ ਤੋਂ ਬਗੈਰ ਪੂਰਾ ਤੇ ਛੇਤੀ ਨਤੀਜਾ ਨਿਕਲਣਾ ਮੁਮਕਿਨ ਨਹੀਂ ਹੈ। ਬਾਰ੍ਹਾਂ ਸਾਲ ਦੇ ਆਪਣੇ ਤਜਰਬੇ ਦੀ ਕਾਮਯਾਬੀ ਮਗਰੋਂ ਇਹ ਅਰਦਾਸ ਪਾਠਕਾਂ ਦੇ ਪੇਸ਼ ਕੀਤੀ ਜਾਂਦੀ ਹੈ। ਮੇਰੇ ਤਜਰਬੇ ਤੋਂ ਇਲਾਵਾ ਹੋਰ ਬਹੁਤ ਸਾਰੇ ਮੁਲਕਾਂ, ਖ਼ਾਸ ਕਰ ਕੇ ਅਮਰੀਕਾ ਦੀਆਂ ਬਹੁਤ ਸਾਰੀਆਂ ਕਾਮਯਾਬ ਮਿਸਾਲਾਂ ਮੌਜੂਦ ਹਨ।

ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚ ਜਿਹੜਾ ਸੁਨੇਹਾ ਲੋਕਾਂ ਨੂੰ ਦਿਤਾ ਗਿਆ ਹੈ ਕਿ ਨਾਮ ਨਾਲ ਦੁਖ ਤੇ ਭੁਖ ਦੋਵੇਂ ਹਟ ਜਾਂਦੇ ਹਨ ਅਤੇ ਉਹਨਾਂ ਦੀ ਥਾਂ ਪੂਰੀ-ਪੂਰੀ ਸਿਹਤ ਤੇ ਅਮਿੱਤਾ ਰਿਜ਼ਕ ਮਿਲਦਾ ਹੈ, ਇਹ ਅਮਲੀ ਤੌਰ ਤੇ ਕਰ ਕੇ ਅਸਾਂ ਸਾਬਤ ਕਰਨਾ ਹੈ। ਦਵਾਈ ਨਾਲ ਬੀਮਾਰੀ ਹਟਾਣ ਤੇ ਨਾਮ ਨਾਲ ਹਟਾਣ ਵਿਚ ਇਹ ਫਰਕ ਹੈ ਕਿ ਦਵਾਈ ਨਾਲ ਬੀਮਾਰੀ ਹਟੇ ਜਾਂ ਨਾ ਹਟੇ, ਨਾਮ ਨਾਲ ਬੀਮਾਰੀ ਦਾ ਨਾਸ ਹੋਣਾ ਜ਼ਰੂਰੀ ਹੈ, ਚਾਹੇ ਕੈਸੀ ਹੀ ਬੀਮਾਰੀ

ਕਿਉਂ ਨਾ ਹੋਵੇ। ਡਾਕਟਰ ਕੋਲ ਜਾਣ ਦੀ ਲੋੜ ਨਹੀਂ, ਦਵਾਈ ਪੀਣ ਦੀ ਲੋੜ ਨਹੀਂ। ਕੁਲ ਬੀਮਾਰੀਆਂ ਦਾ ਇਕੋ ਨੁਸਖਾ। ਕੁਝ ਅਭਿਆਸ ਮਗਰੋਂ ਬੀਮਾਰੀ ਆਉਣੀ ਬਿਲਕੁਲ ਬੰਦ, ਬੀਮਾਰੀ ਆਉਣ ਦਾ ਡਰ ਖ਼ਤਮ। ਕਿਸੇ ਖ਼ਾਸ ਖ਼ੁਰਾਕ ਦੀ ਲੋੜ ਨਹੀਂ, ਵਰਜਸ਼ ਦੀ ਲੋੜ ਨਹੀਂ, ਬੁੱਢੀ ਉਮਰ ਦੀਆਂ ਕਮਜ਼ੋਰੀਆਂ ਨਹੀਂ ਆਉਂਦੀਆਂ, ਸਦਾ ਜਵਾਨੀ ਰਹਿੰਦੀ ਹੈ।

ਇਸੇ ਤਰ੍ਹਾਂ ਰਿਜ਼ਕ ਦੇ ਘਾਟੇ ਦਾ ਡਰ ਖ਼ਤਮ ਹੋ ਜਾਂਦਾ ਹੈ। ਵਾਹਿਗੁਰੂ ਦੀ ਜੋਤ ਹੋਣ ਕਰ ਕੇ ਸਿਹਤ ਤੇ ਰਿਜ਼ਕ ਮਨੁੱਖ ਨੂੰ ਵਿਰਸੇ ਵਿਚ ਮਿਲਦੇ ਹਨ। ਮੰਗਣ ਦੀ ਲੋੜ ਨਹੀਂ। ਕਾਨੂੰਨ ਸਮਝਣ ਦੀ ਲੋੜ ਹੈ, ਸਾਰੇ ਕਾਨੂੰਨ ਦਰਜ ਹੋਣੇ ਮੁਮਕਿਨ ਨਹੀਂ। ਕੁਝ ਮੋਟੇ-ਮੋਟੇ ਦਰਜ ਕੀਤੇ ਜਾਂਦੇ ਹਨ। ਸਮਝ ਕੇ ਵਰਤਣ ਨਾਲ ਕਾਮਯਾਬ ਨਤੀਜਾ ਨਿਕਲਣਾ ਜ਼ਰੂਰੀ ਹੈ, ਹੋਰ ਕਾਨੂੰਨ ਗੁਰੂ ਗ੍ਰੰਥ ਸਾਹਿਬ ਦੇ ਪਾਠ, ਖ਼ਾਸ ਕਰ ਕੇ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਮਿਲਣਗੇ। ਇਸ ਲੇਖ ਦੇ ਪਹਿਲੇ ਭਾਗ ਵਿਚ ਵਾਹਿਗੁਰੂ ਦੇ ਹੁਕਮ ਦਰਜ ਕੀਤੇ ਗਏ ਹਨ। ਇਨ੍ਹਾਂ ਨੂੰ ਪਹਿਲਾਂ ਕੁਝ ਵਾਰੀ ਪੜ੍ਹ ਕੇ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਦੂਜੇ ਭਾਗ ਵਿਚ ਬਦੀ ਜਾਂ ਮਾਇਆ ਜੋ ਬੀਮਾਰੀਆਂ, ਥੁੜ੍ਹਾਂ ਤੇ ਔਕੜਾਂ ਦਾ ਕਾਰਨ ਹੈ, ਉਹਦਾ ਜ਼ਿਕਰ ਕੀਤਾ ਗਿਆ ਹੈ। ਤੀਸਰੇ ਭਾਗ ਵਿਚ ਅਰਦਾਸ ਹੈ ਤੇ ਉਸ ਤੋਂ ਮਗਰੋਂ ਚੌਥੇ ਭਾਗ ਵਿਚ ਕੁਝ ਸ਼ਬਦ ਹਨ।

ਬੀਮਾਰੀ ਦੂਰ ਕਰਨ ਵਾਸਤੇ ਅਰਦਾਸ ਰੋਜ਼ ਦੋ ਵਾਰੀ ਕਰਨੀ ਚਾਹੀਦੀ ਹੈ। ਅਰਦਾਸ ਦੇ ਨਾਲ ਆਪਣੇ ਹਾਲ ਦੇ ਮੁਤਾਬਕ ਦੋ ਕੁਝ ਕਾਨੂੰਨ ਤੇ ਕੁਝ ਸ਼ਬਦ ਨਾਲ-ਨਾਲ ਸਮਝ ਕੇ ਪੜ੍ਹਨੇ ਜ਼ਰੂਰੀ ਹਨ। ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨਾ, ਖ਼ਾਸ ਕਰ ਕੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਬੜੀ ਮਦਦ ਦੇਂਦੇ ਹਨ।

ਪਹਿਲਾ ਭਾਗ

(ਵਾਹਿਗੁਰੂ ਦੇ ਨਾ ਬਦਲਣ ਵਾਲੇ ਕਾਨੂੰਨ)

ਵਾਹਿਗੁਰੂ ਸਰਬ-ਵਿਆਪੀ ਹੈ। ਹਰ ਜਗ੍ਹਾ, ਹਰ ਵੇਲੇ ਤੇ ਹਰ ਚੀਜ਼ ਵਿਚ ਮੌਜੂਦ ਹੈ। ਕਦੀ ਇਕ ਪਲ ਵਾਸਤੇ ਵੀ ਜੁਦਾ ਨਹੀਂ ਹੁੰਦਾ।

ਵਾਹਿਗੁਰੂ ਸਰਬ-ਸ਼ਕਤੀਮਾਨ ਹੈ। ਬੇਅੰਤ ਸ਼ਕਤੀ ਹੈ। ਇਹਦੇ ਸਿਵਾ ਹੋਰ

ਕੋਈ ਸ਼ਕਤੀ ਕੰਮ ਹੀ ਨਹੀਂ ਕਰ ਰਹੀ।

ਮਾਇਆ ਝੂਠੀ ਹੈ, ਉਹਦੀ ਸ਼ਕਤੀ ਵੀ ਝੂਠੀ ਹੈ, ਵਾਹਿਗੁਰੂ ਦੀ ਸ਼ਕਤੀ ਦੇ ਸਾਹਮਣੇ ਮਾਇਆ ਠਹਿਰ ਹੀ ਨਹੀਂ ਸਕਦੀ ਤੇ ਫੌਰਨ ਬਰਬਾਦ ਹੋ ਜਾਂਦੀ ਹੈ। ਵਾਹਿਗੁਰੂ ਅੰਤਰਜਾਮੀ ਹੈ ਤੇ ਸਭ ਕੁਝ ਜਾਣਦਾ ਹੈ। ਸਚ ਹੀ ਸਚ ਹੈ। ਹਮੇਸ਼ਾ ਹੈ। ਇਕੋ ਜਿਹਾ ਕਾਇਮ ਹੈ ਤੇ ਕਦੀ ਨਹੀਂ ਬਦਲਦਾ। ਮਹਾਂ-ਅਨੰਦ ਹੈ। ਚੈਨ ਹੀ ਚੈਨ ਹੈ। ਹਰ ਵੇਲੇ ਤੇ ਹਰ ਜਗ੍ਹਾ ਮੌਜੂਦ ਹੈ। ਪੂਰਨ ਹੈ। ਵਾਹਿਗੁਰੂ ਵਿਚ ਹਰ ਅੱਛੀ ਚੀਜ਼ ਮੌਜੂਦ ਹੈ, ਕਿਸੇ ਚੀਜ਼ ਦੀ ਥੁੜ੍ਹ ਕਦੀ ਆ ਹੀ ਨਹੀਂ ਸਕਦੀ, ਭਰਪੂਰ ਹੈ। ਬਦੀ (ਮਾਇਆ) ਦਾ ਉਹਦੇ ਵਿਚ ਨਾਮ-ਨਿਸ਼ਾਨ ਹੀ ਨਹੀਂ। ਵਾਹਿਗੁਰੂ ਸਭ ਜਗ੍ਹਾ ਵਿਚ ਫੈਲਿਆ ਹੋਇਆ ਹੈ। ਉਸ ਤੋਂ ਕੋਈ ਜਗ੍ਹਾ ਜਾਂ ਚੀਜ਼ ਖ਼ਾਲੀ ਨਹੀਂ। ਕਦੀ ਕੋਈ ਚੀਜ਼ ਉਹਦੇ ਵਿਚ ਨਹੀਂ ਮੁਕਦੀ। ਜੋ ਕੁਝ ਮਨੁੱਖ ਨੂੰ ਮਿਲਦਾ ਹੈ, ਪੱਕਾ ਹੈ ਤੇ ਹਮੇਸ਼ਾ ਵਾਸਤੇ ਹੈ।

ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ। ਮਾਤਾ ਹੈ, ਪਿਤਾ ਹੈ। ਵਾਹਿਗੁਰੂ ਦੀ ਸ਼ਰਨ ਆਇਆਂ ਪਿਛਲੇ ਸਾਰੇ ਪਾਪ ਧੋਤੇ ਜਾਂਦੇ ਹਨ ਤੇ ਅਗੋਂ ਨੂੰ ਪਾਪ ਹੋ ਨਹੀਂ ਸਕਦੇ। ਪੁਤਰ ਹੋਣ ਕਰ ਕੇ ਮਨੁੱਖ ਨੂੰ ਵਾਹਿਗੁਰੂ ਦੇ ਕੁਲ ਗੁਣ ਵਿਰਾਸਤ ਵਿਚ ਮਿਲ ਰਹੇ ਹਨ, ਮੰਗਣ ਦੀ ਲੋੜ ਨਹੀਂ। ਵਾਹਿਗੁਰੂ ਆਪਣੇ ਪ੍ਰੇਮ ਵਿਚ ਸਹਾਇਤਾ ਕਰ ਰਿਹਾ ਹੈ, ਅਮਿਤਾ ਰਿਜ਼ਕ ਦੇ ਰਿਹਾ ਹੈ। ਬੀਮਾਰੀ ਨੇੜੇ ਨਹੀਂ ਆਉਣ ਦਿੰਦਾ।

ਵਾਹਿਗੁਰੂ ਹਮੇਸ਼ਾ ਦੀ ਜ਼ਿੰਦਗੀ ਹੈ, ਇਸ ਦੇ ਵਿਚ ਬੀਮਾਰੀ ਨਹੀਂ, ਮੌਤ ਨਹੀਂ। ਹਰ ਵਕਤ ਦੀ ਸਿਹਤ ਹੈ। ਪੂਰੀ ਅਕਲ ਤੇ ਦਾਨਾਈ ਹੈ ਤੇ ਨਾ ਥੱਕਣ ਵਾਲੀ ਸ਼ਕਤੀ ਹੈ।

ਵਾਹਿਗੁਰੂ ਨੂੰ ਆਪਣੇ ਕੋਲ ਮੌਜੂਦ ਵੇਖਣ ਨਾਲ ਬੀਮਾਰੀ ਰਹਿ ਹੀ ਨਹੀਂ ਸਕਦੀ, ਨਾਸ ਹੋ ਜਾਂਦੀ ਹੈ। ਥੁੜ੍ਹ ਨਾਸ ਹੋ ਜਾਂਦੀ ਹੈ ਤੇ ਅਮਿਤਾ ਰਿਜ਼ਕ ਮਿਲਦਾ ਹੈ।

ਵਾਹਿਗੁਰੂ ਮਨੁੱਖ ਵਿਚ ਪ੍ਰਕਾਸ਼ ਕਰ ਰਿਹਾ ਹੈ ਤੇ ਮਨੁੱਖ ਵਾਹਿਗੁਰੂ ਵਿਚ ਸਮਾ ਰਿਹਾ ਹੈ। ਨਾ ਹੀ ਕੋਈ ਮੈਲ ਹੈ ਤੇ ਨਾ ਹੀ ਕੋਈ ਖ਼ਰਾਬੀ (ਬੀਮਾਰੀ, ਥੁੜ੍ਹ ਆਦਿ) ਪੈਦਾ ਹੋ ਸਕਦੀ ਹੈ।

ਵਾਹਿਗੁਰੂ ਅਮਿਤਾ ਹੈ, ਕੁਲ ਲੋੜਾਂ ਉਹਨੂੰ ਕੋਲ ਰਖਣ ਨਾਲ ਅਮਿਤੀਆਂ ਪੂਰੀਆਂ ਹੁੰਦੀਆਂ ਹਨ। ਉਹਦੇ ਕੋਲ ਹੁੰਦਿਆਂ ਭੈੜੀ ਖ਼ਾਹਿਸ਼ ਪੈਦਾ ਹੁੰਦੀ ਹੀ ਨਹੀਂ ਤੇ ਚੰਗੀ ਨੂੰ ਪੂਰਿਆਂ ਹੁੰਦਿਆਂ ਢਿਲ ਨਹੀਂ ਲਗਦੀ। ਕਿਸੇ ਚੀਜ਼ ਦਾ

ਖ਼ਜ਼ਾਨਾ ਕਦੀ ਨਹੀਂ ਮੁਕਦਾ। ਵਾਹਿਗੁਰੂ ਕੁਲ ਵਾਜਬ ਇਨਸਾਨੀ ਲੋੜਾਂ ਪੂਰੀਆਂ ਕਰਦਾ ਹੈ। ਮੰਗੀ ਬਿਨਾਂ ਦਾਨ ਦੇਂਦਾ ਹੈ। ਅਸੀਂ ਮਾਇਆ ਦੇ ਹਨੇਰੇ ਵਿਚ ਬੈਠੇ ਹੋਏ ਬਰਕਤਾਂ ਪੂਰੀਆਂ ਹਾਸਲ ਨਹੀਂ ਕਰਦੇ। ਸਾਨੂੰ ਦਿਸਦੀਆਂ ਨਹੀਂ, ਭਾਵੇਂ ਮੌਜੂਦ ਹਨ। ਵਾਹਿਗੁਰੂ ਦੇ ਗਿਆਨ ਦੇ ਚਾਨਣ ਵਿਚ ਬੈਠਿਆਂ ਸਭ ਬਰਕਤਾਂ ਦਾ ਦਾਨ ਦਿਸ ਪੈਂਦਾ ਹੈ ਤੇ ਅਸੀਂ ਲੈ ਸਕਦੇ ਹਾਂ।

ਵਾਹਿਗੁਰੂ ਮਨੁੱਖ ਦੇ ਅੰਦਰ ਮੌਜੂਦ ਹੈ ਤੇ ਕੁਲ ਕੰਮ ਆਪਣੀ ਮਰਜ਼ੀ ਅਨੁਸਾਰ ਚਲਾ ਰਿਹਾ ਹੈ ਤੇ ਕਰਵਾ ਰਿਹਾ ਹੈ। ਇਸ ਅਵਸਥਾ ਦਾ ਅਭਿਆਸ ਕਰਨ ਨਾਲ ਕੋਈ ਕੰਮ ਗਲਤ ਜਾਂ ਨਾਕਾਮਯਾਬ ਨਹੀਂ ਹੁੰਦਾ ਤੇ ਨਾ ਹੀ ਲੰਮੀਆਂ ਸੋਚਾਂ ਕਰਨੀਆਂ ਪੈਂਦੀਆਂ ਹਨ। ਪੂਰਾ ਅਭਿਆਸ ਕਰਨ ਨਾਲ ਮਨੁੱਖ ਕੰਮ ਦੀ ਨੇਕੀ-ਬਦੀ ਦਾ ਜ਼ਿੰਮੇਵਾਰ ਨਹੀਂ ਰਹਿੰਦਾ। ਬਦੀ ਹੋ ਹੀ ਨਹੀਂ ਸਕਦੀ। ਮਨੁੱਖ ਵਾਹਿਗੁਰੂ ਦੀ ਜੋਤ ਹੈ, ਜੋਤ ਨੂੰ ਪਾਪ ਨਹੀਂ, ਬੀਮਾਰੀ ਨਹੀਂ, ਮੌਤ ਨਹੀਂ ਤੇ ਜੋਤ ਵਿਚ ਵਾਹਿਗੁਰੂ ਦੇ ਸਾਰੇ ਗੁਣ ਪ੍ਰਕਾਸ਼ ਹੋ ਰਹੇ ਹਨ। ਸੂਰਜ ਅਤੇ ਸੂਰਜ ਦੀ ਕਿਰਨ ਦਾ ਸੰਬੰਧ ਹੈ। ਮਨੁੱਖ ਦਾ ਅਸਲ ਵਾਸਾ ਜੋਤ ਵਿਚ ਹੈ ਤੇ ਜੋਤ ਹੀ ਪਾਲ ਰਹੀ ਹੈ।

ਵਾਹਿਗੁਰੂ ਨਾਸ ਹੋਣ ਵਾਲਾ ਬਦਨ ਨਹੀਂ ਹੈ, ਜੋਤ ਹੈ। ਬਦਨ, ਜੋਤ ਦੀ ਝੂਠੀ ਨਕਲ ਇਸ ਝੂਠੀ ਦੁਨੀਆਂ ਵਿਚ ਦਿਸਦੀ ਹੈ। ਮਾਇਆ ਦੇ ਹਨੇਰੇ ਵਿਚ ਬੈਠਿਆਂ ਬਦਨ ਵਿਚ ਬੀਮਾਰੀਆਂ, ਥੁੜ੍ਹਾਂ ਤੇ ਬਦੀਆਂ ਹਨ। ਵਾਹਿਗੁਰੂ ਦਾ ਪ੍ਰਕਾਸ਼ ਡਿਠਿਆਂ ਬੀਮਾਰੀਆਂ ਥੁੜ੍ਹਾਂ ਤੇ ਬਦੀਆਂ ਨਾਸ ਹੋ ਜਾਂਦੀਆਂ ਹਨ ਤੇ ਉਹਦੀ ਥਾਂ ਤੇ ਸਿਹਤ, ਭਰਪੂਰਤਾ, ਅਨੰਦ, ਖੁਸ਼ੀ, ਖੂਬਸੂਰਤੀ ਤੇ ਸ਼ਕਤੀ ਆਦਿ ਗੁਣ ਪ੍ਰਗਟ ਹੁੰਦੇ ਹਨ।

ਵਾਹਿਗੁਰੂ ਦੇ ਬਦਨ ਵਿਚ ਜੋ ਬੀਮਾਰੀ ਪੈਦਾ ਹੁੰਦੀ ਹੈ, ਇਹ ਪਾਪ, ਡਰ ਤੇ ਅਗਿਆਨਤਾ ਦਾ ਨਤੀਜਾ ਹੈ। ਬੀਮਾਰੀ ਪਹਿਲਾਂ ਹਮੇਸ਼ਾ ਮਨ ਵਿਚ ਪ੍ਰਵੇਸ਼ ਕਰਦੀ ਹੈ। ਜੇ ਨਾ ਰੋਕੀ ਜਾਵੇ ਤਾਂ ਬਦਨ ਤੇ ਫੈਲਦੀ ਹੈ। ਇਸ ਝੂਠੇ ਬਦਨ ਵਿਚ ਝੂਠੇ ਖਿਆਲ ਦਾ ਪ੍ਰਕਾਸ਼ ਹੈ। ਇਹਨੂੰ ਜਦ ਸੱਚਾ ਮੰਨੋ ਤਾਂ ਇਹ ਵਧੇਗੀ। ਇਹ ਝੂਠੀ, ਬੇਜਾਨ ਭਾਸਦੀ ਤਾਂ ਹੈ ਪਰ ਹੈ ਨਹੀਂ, ਪਰਛਾਵਾਂ, ਸੁਪਨਾ, ਇਹਦਾ ਵਜੂਦ ਹੀ ਨਹੀਂ। ਇਹ ਹੈ ਹੀ ਨਹੀਂ ਹਾਲਾਤ ਵਿਚ ਵੇਖੋਗੇ ਤਾਂ ਇਹ ਅਲੋਪ ਹੋ ਜਾਵੇਗੀ। ਜਿਵੇਂ ਹਨੇਰਾ ਰੌਸ਼ਨੀ ਦੇ ਸਾਹਮਣੇ ਅਲੋਪ ਹੋ ਜਾਂਦਾ ਹੈ, ਇਸੇ ਤਰ੍ਹਾਂ ਬੀਮਾਰੀ ਨਾਮ ਦੇ ਸਾਹਮਣੇ ਅਲੋਪ ਹੋ ਜਾਵੇਗੀ।

ਮਨੁੱਖ ਦੇ ਮਨ ਵਿਚੋਂ ਜਦ ਬੀਮਾਰੀ ਦਾ ਡਰ ਹਟ ਜਾਵੇ ਤਾਂ ਬੀਮਾਰੀ ਦੀ ਪੀੜਾ ਤੇ ਬੇਚੈਨੀ ਹਟ ਜਾਵੇਗੀ। ਜਦ ਬੀਮਾਰੀ ਦਾ ਮਨ ਵਿਚੋਂ ਖਿਆਲ

ਹਟ ਜਾਵੇ ਤਾਂ ਅਲੋਪ ਹੋ ਜਾਵੇਗੀ। ਬੀਮਾਰੀ ਵਿਚ ਆਪੇ ਨਾਸ ਹੋ ਜਾਣ ਵਾਲਾ ਮਸਾਲਾ ਮੌਜੂਦ ਹੁੰਦਾ ਹੈ। ਜਿਹੜਾ ਇਸ ਨੂੰ ਸੱਚਾ ਤੇ ਅਸਲੀ ਸਮਝ ਕੇ ਕਬੂਲ ਕਰੇ, ਉਹਨੂੰ ਬੀਮਾਰੀ ਚੰਬੜ ਜਾਵੇਗੀ, ਆਪ ਵੀ ਨਾਸ ਹੋਵੇਗੀ ਤੇ ਮਨੁੱਖ ਦਾ ਵੀ ਸਤਿਆਨਾਸ ਕਰੇਗੀ। ਜਿਹੜਾ ਇਸ ਨੂੰ ਝੂਠਾ ਪਰਛਾਵਾਂ ਸਮਝੇ ਤੇ ਇਹਦੇ ਵਿਚ ਨਾ ਆਵੇ, ਉਹਦੇ ਕੋਲੋਂ ਇਹ ਨੱਸ ਕੇ ਅਲੋਪ ਹੋ ਜਾਵੇਗੀ।

ਉਪਰ ਲਿਖੇ ਸਾਰੇ ਕਾਨੂੰਨ ਜੋ ਬੀਮਾਰੀ ਨੂੰ ਲੱਗਦੇ ਹਨ, ਉਹ ਰਿਜ਼ਕ ਦੀ ਕਮੀ ਵਾਸਤੇ ਵੀ ਹਨ। ਕਿਧਰੇ-ਕਿਧਰੇ ਥੋੜ੍ਹੀ ਖ਼ਿਆਲ ਦੀ ਬਦਲੀ ਕਰਨੀ ਪੈਂਦੀ ਹੈ।

ਦੂਸਰਾ ਭਾਗ

ਮਾਇਆ (ਕੁਲ ਬਦੀਆਂ ਦਾ ਘਰ) ਵਾਹਿਗੁਰੂ ਨੂੰ ਗੈਰਹਾਜ਼ਰ ਸਮਝਣ ਨਾਲ ਤੇ ਵਾਹਿਗੁਰੂ ਦੇ ਹੁਕਮ (ਕਾਨੂੰਨ) ਦੀ ਹੁਕਮ-ਅਦੂਲੀ ਕਰਨ ਨਾਲ ਜ਼ਾਹਿਰ ਹੁੰਦੀ ਹੈ। ਵਾਹਿਗੁਰੂ ਕਿਉਂਕਿ ਸਰਬ-ਵਿਆਪੀ ਹੈ, ਹਰ ਵੇਲੇ ਤੇ ਹਰ ਜਗ੍ਹਾ ਮੌਜੂਦ ਹੈ, ਇਸ ਵਾਸਤੇ ਉਸ ਦੀ ਗੈਰਹਾਜ਼ਰੀ ਕਦੀ ਵੀ ਨਹੀਂ ਹੋ ਸਕਦੀ। ਇਸ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਮਾਇਆ ਦਾ ਵਾਸਾ, ਜਿਸਦੇ ਵਿਚ ਸਾਡੀ ਦੁਨੀਆਂ ਵਸ ਰਹੀ ਹੈ, ਝੂਠਾ ਹੈ, ਸੁਫਨਾ ਹੈ। ਸਿਨੇਮਾ ਵਾਂਗ ਸਾਰਾ ਖੇਲ੍ਹ ਅਸਲੀ ਭਾਸਦਾ ਹੈ ਪਰ ਸਿਵਾ ਝੂਠੀਆਂ ਤਸਵੀਰਾਂ ਦੇ ਪਰਛਾਵੇਂ ਦੇ ਹੋਰ ਕੁਝ ਨਹੀਂ। ਦਰਅਸਲ ਨਾ ਵਾਹਿਗੁਰੂ ਗੈਰ-ਹਾਜ਼ਰ ਹੈ, ਨਾ ਹੀ ਮਾਇਆ ਦੀ ਕੋਈ ਹਸਤੀ ਤੇ ਟਿਕਾਣਾ ਹੈ। ਮਾਇਆ ਭਾਸਦੀ ਹੈ, ਪਰ ਹੈ ਨਹੀਂ, ਨਾ ਹੀ ਇਸ ਦੇ ਵਿਚ ਜਾਨ ਹੈ, ਨਾ ਹੀ ਕੋਈ ਸ਼ਕਤੀ ਹੈ। ਸਾਡਾ ਅਸਲ ਵਾਸਾ ਜੋਤ ਵਿਚ ਤੇ ਸਚਖੰਡ ਵਿਚ ਹੈ।

ਮਾਇਆ ਨੂੰ ਉਸ ਦੇ ਇਸ ਅਸਲੀ ਰੰਗ ਵਿਚ ਦੇਖਣ ਨਾਲ ਮਾਇਆ ਦੀ ਭੈੜੀ ਸ਼ਕਤੀ ਜੋ ਭਾਸਦੀ ਹੈ, ਅਲੋਪ ਹੋ ਜਾਂਦੀ ਹੈ ਤੇ ਮਨੁੱਖ ਨੂੰ ਮਾਇਆ ਉਤੇ ਹਕੂਮਤ ਹਾਸਲ ਹੁੰਦੀ ਹੈ। ਮਨੁੱਖ ਆਪਣੀ ਸੁਰਤ ਵਿਚ ਵਾਹਿਗੁਰੂ ਨੂੰ ਹਰ ਵੇਲੇ ਮੌਜੂਦ ਦੇਖ ਕੇ ਕੁਲ ਭਲਾਈਆਂ, ਕਾਮਯਾਬੀਆਂ, ਸਿਹਤ, ਜ਼ਰੂਰਤ ਦੀਆਂ ਚੀਜ਼ਾਂ ਅਮਿਤੀਆਂ ਹਾਸਲ ਕਰਦਾ ਹੈ। ਮਾਇਆ ਦੇ ਕੁਲ ਭੈੜੇ ਰੰਗ ਮਸਲਨ ਗਲਤੀ, ਹਾਰ, ਬੀਮਾਰੀ, ਘਾਟਾ, ਦੁਖ ਤੇ ਭੁਖ ਆਦਿ ਸਭ ਅਲੋਪ ਹੋ ਜਾਂਦੇ ਹਨ। ਵਾਹਿਗੁਰੂ ਦਾ ਪ੍ਰਕਾਸ਼ ਦੇਖਣ ਵਾਸਤੇ ਮਾਇਆ ਨੂੰ ਸੁਰਤ ਵਿਚੋਂ

ਕਰਣਾ ਜ਼ਰੂਰੀ ਹੈ। ਹੇਠ ਲਿਖੇ ਔਗੁਣ ਮਾਇਆ ਦੇ ਹਨ, ਇਹ ਵਾਹਿਗੁਰੂ ਵਿਚ ਨਹੀਂ ਹਨ।

ਵਾਹਿਗੁਰੂ ਵਿਚ ਪਾਪ ਨਹੀਂ, ਬੀਮਾਰੀ ਨਹੀਂ, ਮੌਤ ਨਹੀਂ, ਥੁੜ੍ਹ ਨਹੀਂ, ਬੇਚੈਨੀ ਨਹੀਂ, ਡਰ ਨਹੀਂ, ਵੈਰ ਨਹੀਂ, ਗਲਤੀ ਨਹੀਂ, ਨਾਕਾਮਯਾਬੀ ਨਹੀਂ, ਖ਼ੁਦਗਰਜ਼ੀ ਨਹੀਂ, ਗੁੱਸਾ ਨਹੀਂ, ਪੀੜਾ ਨਹੀਂ, ਫਿਕਰ ਨਹੀਂ, ਗ਼ਮ ਨਹੀਂ ਤੇ ਹੋਰ ਇਸ ਤਰ੍ਹਾਂ ਦੇ ਬਹੁਤ ਸਾਰੇ ਔਗੁਣ ਵਾਹਿਗੁਰੂ ਵਿਚ ਨਹੀਂ।

ਗੋਇਆ ਕਿ ਕੁਲ ਤਕਲੀਫਾਂ ਤੇ ਔਗੁਨਾਂ ਦਾ ਸਬੱਬ ਮਾਇਆ ਹੈ। ਵਾਹਿਗੁਰੂ ਦੀ ਹਾਜ਼ਰੀ ਵਿਚ ਜਿਹੜੀ ਕਿ ਬੜੀ ਸ਼ਕਤੀਵਾਨ ਹੈ, ਮਾਇਆ ਦੀਆਂ ਕੁਲ ਤਕਲੀਫਾਂ, ਡਰ ਆਦਿ ਨਾਸ ਹੋ ਜਾਂਦੇ ਹਨ।

ਤੀਸਰਾ ਭਾਗ

(ਅਰਦਾਸ)

ਇਹ ਅਰਦਾਸ ਵਾਹਿਗੁਰੂ ਦੇ ਕਾਨੂੰਨ ਅਨੁਸਾਰ ਬਣਾਈ ਗਈ ਹੈ। ਸਿਹਤ, ਪੂਰਾ ਰਿਜ਼ਕ ਤੇ ਹੋਰ ਦੁਨਿਆਵੀ ਲੋੜਾਂ ਪੂਰੀਆਂ ਕਰਨ ਵਾਸਤੇ ਹੈ। ਜਿਸ ਤਰ੍ਹਾਂ ਰੇਡੀਓ ਦੇ ਵਾਸਤੇ ਵਾਹਿਗੁਰੂ ਦੇ ਕਾਨੂੰਨ ਦੀ ਪੂਰੀ ਤਾਬੇਦਾਰੀ ਕਰਨ ਨਾਲ ਆਵਾਜ਼ਾਂ ਆਪਣਾ ਕੰਮ ਕਰਨ ਲਗ ਜਾਂਦੀਆਂ ਹਨ, ਇਸੇ ਤਰ੍ਹਾਂ ਇਨਸਾਨੀ ਲੋੜਾਂ ਦੇ ਵਾਸਤੇ ਵਾਹਿਗੁਰੂ ਦੇ ਕਾਨੂੰਨ ਨੂੰ ਵੀ ਪੂਰੀ ਤਰ੍ਹਾਂ ਸਮਝ ਕੇ ਵਰਤਣ ਨਾਲ ਸਿਹਤ ਤੇ ਰਿਜ਼ਕ ਦੀਆਂ ਲੋੜਾਂ ਪੂਰੀਆਂ ਹੋਣ ਲਗ ਜਾਂਦੀਆਂ ਹਨ।

ਇਸ ਲੇਖ ਦੇ ਪਹਿਲੇ ਭਾਗ ਵਿਚ ਜੋ ਕਾਨੂੰਨ ਹਨ, ਉਹਨਾਂ ਨੂੰ ਸ਼ੱਕ ਨਾਲ ਨਹੀਂ ਦੇਖਣਾ ਬਲਕਿ ਪੂਰੇ ਨਿਸਚੇ ਨਾਲ ਵਰਤਣਾ ਹੈ। ਜਿਉਂ-ਜਿਉਂ ਵਾਹਿਗੁਰੂ ਦੀ ਤੇ ਉਹਦੇ ਕਾਨੂੰਨ ਦੀ ਸਮਝ ਆਉਂਦੀ ਜਾਵੇਗੀ, ਤਿਉਂ-ਤਿਉਂ ਨਤੀਜਾ ਦਰੁਸਤ ਨਿਕਲਣਾ ਜ਼ਰੂਰੀ ਹੈ। ਨਤੀਜਾ ਹੀ ਦਸੇਗਾ ਕਿ ਕਾਨੂੰਨ ਅਨੁਸਾਰ ਚਲ ਕੇ ਕਿੰਨੀ ਤਰੱਕੀ ਕੀਤੀ ਹੈ। ਪਾਪ ਕਰਨ ਦੀ ਮਨਾਹੀ ਹੈ।

ਅਰਦਾਸ : 'ਵਾਹਿਗੁਰੂ ਮੌਜੂਦ ਹੈ। ਉਸ ਦਾ ਨੂਰ ਸਭ ਪਾਸੇ ਫੈਲਿਆ ਹੋਇਆ ਹੈ। ਮੈਂ ਉਹਦੇ ਵਿਚ ਵਾਹਿਗੁਰੂ ਦੀ ਜੋਤ ਹਾਂ। ਵਾਹਿਗੁਰੂ ਹੁੰਦਿਆਂ ਕੋਈ ਬੀਮਾਰੀ ਨਹੀਂ ਆ ਸਕਦੀ। ਮੈਂ ਜੋਤ ਹਾਂ, ਮੈਨੂੰ ਨਾ ਬੀਮਾਰੀ ਹੈ, ਨਾ ਮੌਤ ਹੈ, ਨਾ ਪਾਪ ਹੈ। ਮੈਂ ਨਿਰਮਲ ਹਾਂ, ਪੂਰਨ ਹਾਂ। ਕੋਈ ਕਮੀ ਜਾਂ ਥੁੜ੍ਹ ਨਹੀਂ। ਮਹਾਂ-ਅਨੰਦ ਵਿਚ ਹਾਂ ਤੇ ਪੂਰੀ ਸਿਹਤ ਵਿਚ ਹਾਂ।'

ਇਹ ਨਜ਼ਾਰਾ ਆਪਣੇ ਸਾਂਹਮਣੇ ਪੈਦਾ ਕਰਨਾ ਹੈ। ਬਦਨ ਇਸ ਨਜ਼ਾਰੇ

ਵਿਚ ਬਿਲਕੁਲ ਨਹੀਂ ਦਿਸੇ। ਇਹ ਸਚਖੰਡ ਦਾ ਨਜ਼ਾਰਾ ਹੈ। ਆਤਮਕ ਨਜ਼ਾਰਾ ਹੈ। ਵਾਰ-ਵਾਰ ਇਹਦੇ ਵਿਚ ਬੈਠੋ। ਇਸ ਨਜ਼ਾਰੇ ਵਿਚ ਬੈਠ ਕੇ ਬਦਨ ਵਲ, ਜੋ ਵਖਰਾ ਹੈ, ਨੂਰ ਦੀ ਰੌਸ਼ਨੀ ਘਲੋ ਤੇ ਦੇਖੋ ਕਿ ਬਦਨ ਮੇਰਾ (ਜੋਤ ਦਾ) ਦੁਨੀਆਂ ਵਿਚ ਝੂਠਾ ਤੇ ਨਕਲੀ ਰੂਪ ਹੈ। ਇਹ ਮਾਇਆ ਦੇ ਹਨੇਰੇ ਵਿਚ ਸੀ ਤੇ ਹੁਣ ਇਹਨੂੰ ਚਾਨਣ ਮਿਲ ਗਿਆ ਹੈ। ਜੋਤ ਦੀ ਨਕਲ ਹੋਣ ਕਰ ਕੇ ਇਹ ਕੋਈ ਬੀਮਾਰੀ ਨਹੀਂ ਦਿਖਾ ਸਕਦਾ, ਕਿਉਂਕਿ ਜੋਤ ਵਿਚ ਕੋਈ ਬੀਮਾਰੀ ਨਹੀਂ। ਬਦਨ ਮੇਰੇ ਹੁਕਮ ਵਿਚ ਹੈ, ਮੈਂ ਬਦਨ ਦੇ ਹੁਕਮ ਵਿਚ ਨਹੀਂ ਹਾਂ। ਜਿਹੜੀ ਇਹ ਬੀਮਾਰੀ ਦਿਖਾ ਰਿਹਾ ਹੈ, ਝੂਠੀ ਤੇ ਪਰਛਾਵਾਂ ਹੈ, ਇਸ ਦੀ ਕੋਈ ਅਸਲੀਅਤ ਨਹੀਂ। ਇਹ ਭਾਸਦੀ ਹੈ ਪਰ ਹੈ ਨਹੀਂ। ਇਸ ਬੀਮਾਰੀ ਦਾ ਕੋਈ ਦੁਖ ਮੈਨੂੰ (ਜੋਤ ਨੂੰ) ਨਹੀਂ ਪਹੁੰਚ ਸਕਦਾ। ਰਿਜ਼ਕ ਵਾਸਤੇ ਵੀ ਇਸੇ ਤਰ੍ਹਾਂ ਅਰਦਾਸ ਕਰੋ। ਬਦਨ ਜਿਹੜਾ ਰਿਜ਼ਕ ਦਾ ਘਾਟਾ ਜਾਂ ਹੋਰ ਕੋਈ ਕਿਸੇ ਤਰ੍ਹਾਂ ਦੀ ਕਮੀ ਜ਼ਾਹਰ ਕਰਦਾ ਹੈ, ਉਹ ਵੀ (ਬੀਮਾਰੀ ਵਾਂਗ) ਝੂਠੀ ਹੈ। ਭਾਸਦੀ ਹੈ ਪਰ ਇਸ ਦੀ ਕੋਈ ਹਸਤੀ ਹੀ ਨਹੀਂ। ਵਾਹਿਗੁਰੂ ਦਾ ਰਿਜ਼ਕ ਹਰ ਵੇਲੇ ਜਾਰੀ ਹੈ, ਕਦੀ ਬੰਦ ਨਹੀਂ ਹੋ ਸਕਦਾ, ਮੈਂ ਸਦਾ ਭਰਪੂਰ ਹਾਂ।

ਇਸ ਨੂਰ ਵਿਚ ਬੈਠ ਕੇ ਵਾਹਿਗੁਰੂ ਦੀ ਹਾਜ਼ਰੀ ਵਿਚ ਹੋਰ ਪਹਿਲੇ ਭਾਗ ਵਿਚ ਲਿਖੇ ਕਾਨੂੰਨ ਜਿਹੜੇ ਆਪਣੇ ਹਾਲ ਦੇ ਮੁਤਾਬਿਕ ਹੋਣ ਤੇ ਸਮਝ ਕੇ ਪੜ੍ਹਨ ਨਾਲ ਬੜੀ ਮਦਦ ਦੇਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵੀ ਜਿਹੜੇ ਬੀਮਾਰੀ ਤੇ ਥੁੜ੍ਹ ਨੂੰ ਹਟਾਣ ਵਾਸਤੇ ਮਦਦ ਦੇਣ ਤੇ ਮਨ ਨੂੰ ਚੈਨ ਦੇਣ, ਪੜ੍ਹਨੇ ਉਚਿਤ ਹਨ।

ਬੀਮਾਰੀ ਨੂੰ ਆਰਾਮ ਤੇ ਰਿਜ਼ਕ ਵਿਚ ਵਾਧਾ, ਮਨ ਦੀ ਸ਼ਾਂਤੀ, ਇਹਨਾਂ ਦਾ ਪੈਦਾ ਹੋਣਾ ਜ਼ਰੂਰੀ ਹੈ। ਜਿਉਂ-ਜਿਉਂ ਅਭਿਆਸ ਵਧੇਗਾ, ਨਤੀਜਾ ਜਲਦੀ ਤੇ ਪੂਰਾ ਦਰੁਸਤ ਨਿਕਲੇਗਾ। ਮਾਯੂਸ ਨਹੀਂ ਹੋਣਾ ਤੇ ਘਬਰਾਣਾ ਨਹੀਂ। ਅਰਦਾਸ ਜਾਰੀ ਰਖਣ ਨਾਲ ਨਤੀਜਾ ਦਰੁਸਤ ਨਿਕਲਣਾ ਜ਼ਰੂਰੀ ਹੈ, ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ।

ਅਰਦਾਸ ਦਿਨ ਵਿਚ ਦੋ ਵਾਰੀ ਕਰੋ। ਮਨ ਦਾ ਪੂਰਾ ਖ਼ਿਆਲ ਮੌਜੂਦ ਹੋਵੇ, ਵਾਹਿਗੁਰੂ ਦੀ ਹਾਜ਼ਰੀ ਤੇ ਉਹਦੀ ਸ਼ਕਤੀ ਕੰਮ ਕਰਦੀ ਦਿਸੇ। ਬੀਮਾਰੀ ਅਲੋਪ ਦਿਸੇ ਤੇ ਮਹਾਂ-ਅਨੰਦ ਚਾਰੇ ਪਾਸੇ ਹੋਵੇ। ਵਾਹਿਗੁਰੂ ਦੇ ਪ੍ਰੇਮ ਤੋਂ ਕੋਈ ਜਗ੍ਹਾ ਖ਼ਾਲੀ ਨਾ ਦਿਸੇ। ਪ੍ਰੇਮ ਆਪਣੇ ਬੱਚੇ ਦੀਆਂ ਕੁਲ ਲੋੜਾਂ ਪੂਰੀਆਂ ਕਰਦਾ ਦਿਸੇ ਤੇ ਥੁੜ੍ਹ ਕਿਧਰੇ ਨਾ ਦਿਸੇ।

ਚੌਥਾ ਭਾਗ

(ਸ਼ਬਦ)

ਜੋ ਸ਼ਬਦ ਅਰਦਾਸ ਵਿਚ ਪੜ੍ਹਨੇ ਉਚਿਤ ਹਨ, ਉਹਨਾਂ ਦਾ ਨਮੂਨਾ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਤੋਂ ਇਲਾਵਾ ਹੋਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆਪਣੇ ਹਾਲ ਦੇ ਮੁਤਾਬਕ ਚੁਣ ਕੇ ਵਰਤੋ :

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ।
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ।ਰਹਾਉ।
ਰਾਖ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ।
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ।
(ਬਿਲਾਵਲ ਮਹਲਾ ੫)

ਜੋ ਕੋ ਅਪੁਨਾ ਦੂਖੁ ਮਿਟਾਵੈ।
ਹਰਿ ਹਰਿ ਨਾਮੁ ਰਿਦੈ ਸਦ ਗਾਵੈ।

...

ਨਾਮ ਅਉਖਧੁ ਜਹਿ ਰਿਦੈ ਹਿਤਾਵੈ।
ਤਾਹਿ ਰੋਗੁ ਸੁਪਨੈ ਨਹੀ ਆਵੈ।

...

ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ।
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ।

...

ਰਤਨ ਲਾਲ ਜਾ ਕਾ ਕਛੂ ਨ ਮੋਲੁ। ਭਰੇ ਭੰਡਾਰ ਅਖੂਟ ਅਤੋਲ।
ਖਾਵਹਿ ਖਰਚਹਿ ਰਲਿ ਮਿਲਿ ਭਾਈ। ਤੋਟਿ ਨ ਆਵੈ ਵਧਦੋ ਜਾਈ।

...

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।

...

ਆਪੁ ਗਇਆ ਤਾ ਆਪਹਿ ਭਏ।
ਕ੍ਰਿਪਾ ਨਿਧਾਨ ਕੀ ਸਰਨੀ ਪਏ।
ਜੋ ਚਾਹਤ ਸੋਈ ਜਬ ਪਾਇਆ।

ਤਬ ਢੂੰਢਨ ਕਹਾ ਕੋ ਜਾਇਆ।
ਅਸਥਿਰ ਭਏ ਬਸੇ ਸੁਖ ਆਸਨ।
ਗੁਰ ਪ੍ਰਸਾਦਿ ਨਾਨਕ ਸੁਖ ਬਾਸਨ।
(ਗਉੜੀ ਮਹਲਾ ੫)

ਇਸ ਸ਼ਬਦ ਵਿਚ 'ਜੋ ਚਾਹੇ ਸੋਈ ਪਾਏ' ਦਾ ਅਸੂਲ ਜਾਂ ਕਾਨੂੰਨ ਦੱਸਿਆ ਹੈ ਕਿ ਆਪਣੀ ਇਨਸਾਨੀ ਹਸਤੀ ਨੂੰ ਗੁਆ ਕੇ ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤ ਵਿਚ ਸਾਰੇ ਕੰਮ ਕਰਦਾ ਵੇਖੇ। ਭੈੜੀਆਂ ਖ਼ਾਹਸ਼ਾਂ ਪੈਦਾ ਨਹੀਂ ਹੋਣਗੀਆਂ। ਚੰਗੀਆਂ ਸਭ ਪੂਰੀਆਂ ਹੋਣੀਆਂ ਜ਼ਰੂਰੀ ਹਨ ਤੇ ਸਥਿਰ (ਪੱਕੀਆਂ) ਤੌਰ ਤੇ ਪੂਰੀਆਂ ਹੋਣਗੀਆਂ। ਇਕ ਵਾਰੀ ਮਿਲ ਕੇ ਫੇਰ ਕਦੀ ਵੀ ਨਾਸ ਨਹੀਂ ਹੋਣਗੀਆਂ।

ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ।
ਮਨਿ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
(ਆਸਾ ਮਹਲਾ ੩)

ਜੋ ਦੁਨੀਆਂ ਵਿਚ ਵੇਖਣਾ ਚਾਹੁੰਦੇ ਹੋ ਪਹਿਲੇ ਆਪਣੇ ਅੰਦਰ ਪੈਦਾ ਕਰੋ

ਸਾਡੀ ਦੁਨੀਆਂ ਬੇਵਸੀ ਵਿਚ ਜੀ ਰਹੀ ਹੈ। ਅਸੀਂ ਚਾਹੁੰਦੇ ਕੁਝ ਹਾਂ ਅਤੇ ਹੁੰਦਾ ਕੁਝ ਹੈ। ਬੜੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਪਰ ਕਾਮਯਾਬੀ ਥੋੜ੍ਹੀ ਤੇ ਨਾ-ਕਾਮਯਾਬੀ ਬਹੁਤੀ ਵਾਰ ਦੇਖਣੀ ਪੈਂਦੀ ਹੈ। ਬਾਵਜੂਦ ਪਰਹੇਜ਼ ਨਾਲ ਤੇ ਸੁਥਰਾ ਖਾਣਾ ਖਾਣ ਦੇ ਤੇ ਸਾਫ ਹਵਾ ਵਿਚ ਰਹਿਣ ਦੇ ਬੀਮਾਰੀ ਆ ਹੀ ਜਾਂਦੀ ਹੈ। ਕਿਤਨਾ ਸੋਚ ਕੇ ਵਪਾਰ ਕਿਉਂ ਨਾ ਕਰੋ, ਬਾਜ਼ਾਰ ਦਾ ਮੁਕਾਬਲਾ ਤੇ ਕੀਮਤਾਂ ਦਾ ਉਤਰਾ ਚੜ੍ਹਾ ਘਾਟੇ ਦੀ ਸੂਰਤ ਪੈਦਾ ਕਰ ਦੇਂਦਾ ਹੈ। ਉਮੀਦ ਕੁਝ ਹੁੰਦੀ ਹੈ ਪਰ ਬਣ ਕੁਝ ਜਾਂਦਾ ਹੈ। ਆਪਣੀ ਦੁਨੀਆਂ ਨੂੰ ਆਪਣੇ ਵੱਸ ਵਿਚ ਚਲਾਣਾ ਕਿਸੇ ਨੂੰ ਵੀ ਹਾਸਲ ਨਹੀਂ ਹੁੰਦਾ ਤੇ ਜਦ ਤਕ ਇਹ ਹਾਸਲ ਨਾ ਹੋਵੇ, ਸੁਖੀ ਵਾਸਾ ਕਿਸ ਤਰ੍ਹਾਂ ਹੋ ਸਕਦਾ ਹੈ ?

ਜਦ ਸੋਚ ਕੀਤੀ ਜਾਂਦੀ ਹੈ ਤਦ ਪਤਾ ਲਗਦਾ ਹੈ ਕਿ ਕੁਲ ਦੁਨੀਆਂ ਸੁਰਤ ਦੀ ਬਣੀ ਹੋਈ ਹੈ। ਆਪਣੇ ਹੀ ਖ਼ਿਆਲ ਸ਼ਕਲ ਬਣਾ ਕੇ ਸਾਹਮਣੇ ਚੀਜ਼ਾਂ ਦੀ ਸੂਰਤ ਵਿਚ ਆ ਖਲੋਂਦੇ ਹਨ। ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਿ ਮੇਰੇ ਹੀ ਖ਼ਿਆਲ ਮੇਰੀ ਦੁਨੀਆਂ ਰਚ ਰਹੇ ਹਨ। ਉਹ ਆਪਣੀ ਦੁਨੀਆਂ ਨੂੰ ਇਰਦ-ਗਿਰਦ ਦੀਆਂ ਹਾਲਤਾਂ ਦਾ ਬਣਿਆ ਹੋਇਆ ਦੇਖਦਾ ਹੈ ਜਾਂ ਦੂਜਿਆਂ ਦੇ ਖ਼ਿਆਲ ਦੇ ਵੱਸ ਸਮਝ ਕੇ ਆਪ ਲਾਚਾਰ ਹੋਇਆ ਰਹਿੰਦਾ ਹੈ।

ਹਰ ਰਾਤ ਮਨੁੱਖ ਸੁਪਨਾ ਦੇਖਦਾ ਹੈ। ਇਕ ਦੁਨੀਆਂ ਰਚੀ ਹੋਈ ਦਿਸਦੀ ਹੈ ਜਿਹੜੀ ਕਿ ਉਹਦੇ ਆਪਣੇ ਵੱਸ ਤੋਂ ਬਾਹਰ ਕੰਮ ਕਰਦੀ ਹੋਈ ਭਾਸਦੀ ਹੈ। ਆਪਣੇ ਆਪ ਨੂੰ ਉਹਦੇ ਵਿਚ ਲਾਚਾਰ ਦੇਖਦਾ ਹੈ। ਹਾਲਾਂਕਿ ਦੁਨੀਆਂ ਨਿਰੋਲ ਉਹਦੀ ਆਪਣੇ ਖ਼ਿਆਲ ਦੀ ਬਣੀ ਹੋਈ ਹੈ। ਇਸ ਤਰ੍ਹਾਂ ਜਾਗਦੀ ਦੁਨੀਆਂ ਵੀ ਆਪਣੇ ਹੀ ਖ਼ਿਆਲਾਂ ਦਾ ਇਕੱਠ ਹੈ ਤੇ ਆਪਣੇ ਹੀ ਵੱਸ ਵਿਚ ਹੋਣੀ ਚਾਹੀਦੀ ਹੈ।

ਕਿਉਂਕਿ ਦੁਨੀਆਂ ਨੂੰ ਆਪਣੇ ਖ਼ਿਆਲਾਂ ਦੀ ਬਣੀ ਹੋਈ ਨਹੀਂ ਸਮਝਦੇ, ਇਸ ਵਾਸਤੇ ਅਸੀਂ ਨਾ-ਕਾਮਯਾਬ ਕੰਮਾਂ ਤੇ ਭੈੜੇ ਨਜ਼ਾਰਿਆਂ ਨੂੰ ਆਪਣੇ ਮਨ ਵਿਚ ਦਰੁਸਤੀ ਕਰ ਕੇ ਬਦਲਣ ਦੀ ਕੋਸ਼ਿਸ਼ ਨਹੀਂ ਕਰਦੇ, ਬਲਕਿ ਬਾਹਰ ਆਪਣੇ ਇਰਦ-ਗਿਰਦ ਦੀ ਹਾਲਤ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ, ਕਿਉਂਕਿ ਸਾਡਾ ਨਿਸਚਾ ਇਹ ਹੈ ਕਿ ਇਹ ਨਾ-ਕਾਮਯਾਬੀ ਜਾਂ ਭੈੜਾ ਨਜ਼ਾਰਾ ਇਰਦ-ਗਿਰਦ ਦੀਆਂ ਹਾਲਤਾਂ ਤੋਂ ਪੈਦਾ ਹੋਇਆ ਹੈ ਤੇ ਇਹਨਾਂ ਹਾਲਤਾਂ ਨੂੰ ਬਦਲਿਆਂ ਉਹ ਵੀ ਬਦਲ ਜਾਣਗੇ। ਇਹ ਬਾਹਰਲੀ ਕੋਸ਼ਿਸ਼ ਕਦੀ-ਕਦੀ ਥੋੜ੍ਹੀ ਕਾਮਯਾਬ ਹੁੰਦੀ ਹੈ ਪਰ ਬਹੁਤ ਵਾਰੀ ਨਾ-ਕਾਮਯਾਬ ਰਹਿੰਦੀ ਹੈ। ਸਾਡਾ ਇਹ ਦਰੁਸਤੀ ਦਾ ਤਰੀਕਾ ਗਲਤ ਹੈ ਤੇ ਨਾਲੇ ਸਾਰਾ ਸਹਾਰਾ ਇਨਸਾਨੀ ਅਕਲ ਤੇ ਹੈ, ਜਿਹੜੀ ਹਮੇਸ਼ਾ ਨੁਕਸਦਾਰ ਹੈ, ਕਦੀ ਵੀ ਪੂਰਨ ਨਹੀਂ।

ਜੇ ਸਾਡਾ ਸਰੀਰ ਬੀਮਾਰ ਹੋ ਜਾਵੇ, ਬੁਖ਼ਾਰ ਚੜ੍ਹ ਜਾਵੇ, ਤਾਂ ਅਸੀਂ ਬੁਖ਼ਾਰ ਨੂੰ ਮੌਸਮ ਦੀ ਗਰਮੀ ਜਾਂ ਖਾਣ-ਪੀਣ ਦੀ ਬਦ-ਪਰਹੇਜ਼ੀ ਦਾ ਨਤੀਜਾ ਸਮਝਾਂਗੇ। ਡਾਕਟਰ ਕੋਲ ਜਾਵਾਂਗੇ ਅਤੇ ਦਵਾਈਆਂ ਨਾਲ ਬੁਖ਼ਾਰ ਹਟਾਣ ਦੀ ਕੋਸ਼ਿਸ਼ ਕਰਾਂਗੇ। ਇਹ ਸਾਨੂੰ ਕਦੀ ਵੀ ਖ਼ਿਆਲ ਨਹੀਂ ਆਉਂਦਾ ਕਿ ਬੀਮਾਰੀ ਮਨ ਵਿਚ ਪਾਪਾਂ ਵਾਲੇ ਤੇ ਡਰੌਣੇ ਖ਼ਿਆਲ ਬਿਠਾਣ ਦਾ ਨਤੀਜਾ ਹੈ। ਮਨ ਨੂੰ ਚੈਨ ਵਿਚ ਲਿਆਂਦਿਆਂ ਸਰੀਰ ਚੈਨ ਵਿਚ ਆ ਜਾਵੇਗਾ। ਮਨ ਜਿਹੜਾ ਕੁਲ ਚੰਗੀਆਂ ਤੇ ਮੰਦੀਆਂ ਤਸਵੀਰਾਂ ਘੜ-ਘੜ ਕੇ ਸੁਰਤ ਦੀ ਰਾਹੀਂ ਸਾਡੀ ਦੁਨੀਆਂ ਵਿਚ ਫੈਲ ਰਿਹਾ ਹੈ, ਉਸ ਨੂੰ ਦਰੁਸਤ ਕਰਨ ਦੀ ਥਾਂ ਤੇ ਤਸਵੀਰਾਂ ਨੂੰ ਦਰੁਸਤ ਕਰਨ ਦੇ ਮਗਰ ਪਏ ਹੋਏ ਹਾਂ। ਜੇਕਰ ਤਸਵੀਰਾਂ ਘੜਨ ਵਾਲੀ ਮਸ਼ੀਨ ਨੂੰ ਦਰੁਸਤ ਨਾ ਕੀਤਾ ਤੇ ਇਹ ਭੈੜੀਆਂ ਤਸਵੀਰਾਂ ਬਣਾਂਦੀ ਰਹੀ, ਤਦ ਅਸੀਂ ਕਿੰਨੀਆਂ ਤਸਵੀਰਾਂ ਠੀਕ ਕਰਾਂਗੇ ? ਹਫ ਜਾਵਾਂਗੇ। ਅਸਲ ਇਲਾਜ ਮਨ ਦੀ ਦਰੁਸਤੀ ਹੈ। ਪਰ ਸਾਨੂੰ ਇਸ ਸਚੇ ਤੇ ਪੱਕੇ ਕਾਨੂੰਨ ਦੀ ਖ਼ਬਰ ਹੀ ਨਹੀਂ ਕਿ ਜੇਕਰ ਮਨ ਸੋਹਣੇ ਤੇ ਚੈਨ ਭਰੇ ਖਿਆਲ ਪੈਦਾ ਕਰੇ ਤਾਂ ਉਹਨਾਂ ਖ਼ਿਆਲਾਂ ਦੀਆਂ ਤਸਵੀਰਾਂ ਸ਼ਕਲ ਢਾਲ ਕੇ ਤੇ ਸਿਹਤ ਦੀ ਸ਼ਕਲ ਵਿਚ ਜ਼ਾਹਿਰ ਹੋਣਗੀਆਂ ਤੇ ਉਹੋ ਹੀ ਸਾਡੀ ਬਾਹਰ ਦੀ ਦੁਨੀਆਂ ਵਿਚ ਕਾਮਯਾਬੀ, ਮੁਨਾਫ਼ਾ ਤੇ ਖੁਸ਼ੀ ਦੀ ਸ਼ਕਲ ਬਣਾਉਣਗੀਆਂ। ਇਹ ਇਕ ਕੁਦਰਤ ਦਾ ਕਦੀ ਨਾ ਬਦਲਣ ਵਾਲਾ ਕਾਨੂੰਨ ਹੈ।

ਅਸਾਂ ਹੁਣ ਇਸ ਕਾਨੂੰਨ ਨੂੰ ਵਰਤ ਕੇ ਵੇਖਣਾ ਹੈ। ਜ਼ਬਾਨੀ ਜਮ੍ਹਾਂ-ਖ਼ਰਚ ਨਹੀਂ ਕਰਨਾ। ਨਾਲੇ ਇਹ ਵੇਖਣਾ ਹੈ ਕਿ ਸਾਨੂੰ ਆਪਣੇ ਮੌਜੂਦਾ ਤਰੀਕਿਆਂ ਨਾਲੋਂ ਬਾਹਰਲੀਆਂ ਸ਼ਕਲਾਂ ਬਦਲਣ ਵਿਚ ਸਹੂਲਤ ਤੇ ਫ਼ਾਇਦਾ ਹੈ ਕਿ ਆਤਮਕ ਤਰੀਕੇ ਨਾਲ ਅੰਦਰ ਦਰੁਸਤ ਕਰਨ ਵਿਚ ਫ਼ਾਇਦਾ ਹੈ।

ਇਸ ਕਾਨੂੰਨ ਨੂੰ ਵਰਤਣ ਤੋਂ ਪਹਿਲਾਂ ਆਪਣੇ ਮਨ ਦੀ ਖ਼ੁਰਾਕ ਨੂੰ ਸਾਨੂੰ ਬਦਲਣਾ ਜ਼ਰੂਰੀ ਹੈ। ਇਹਦੀਆਂ ਜ਼ਹਿਰੀਲੀਆਂ ਖ਼ੁਰਾਕਾਂ (ਗੁੱਸਾ, ਖ਼ੁਦਗਰਜ਼ੀ, ਡਰ, ਬਦਲਾ, ਬੇਈਮਾਨੀ, ਹਕਾਰਤ, ਦੁਸ਼ਮਣੀ, ਝੂਠ ਆਦਿ) ਬੰਦ ਕਰ ਦਿਤੀਆਂ ਜਾਣ। ਇਹ ਸਾਰੀਆਂ ਬਦੀਆਂ ਜੋ ਦੋਸਤੀ ਦੀ ਸ਼ਕਲ ਵਿਚ ਭਾਰੇ ਡਾਕੂ ਅੰਦਰ ਬਿਠਾਏ ਹੋਏ ਹਨ, ਇਹਨਾਂ ਨੂੰ ਬਾਹਰ ਕੱਢਣਾ ਜ਼ਰੂਰੀ ਹੈ ਤੇ ਇਹਨਾਂ ਦੀ ਥਾਂ ਨੇਕੀਆਂ (ਇਨਸਾਫ, ਹਮਦਰਦੀ, ਪਿਆਰ, ਈਮਾਨਦਾਰੀ, ਖ਼ੈਰਾਤ, ਰਹਿਮ, ਨਿਰਵੈਰਤਾ, ਸੱਚ ਆਦਿ) ਜੋ ਮਨ ਨੂੰ ਸਿਹਤ ਵਿਚ ਰੱਖਣ ਵਾਲੀਆਂ ਖ਼ੁਰਾਕਾਂ ਹਨ, ਦੇਣੀਆਂ ਜ਼ਰੂਰੀ ਹਨ।

ਮਨ ਜਦ ਇਸ ਤਰ੍ਹਾਂ ਚੈਨ ਵਿਚ ਹੋ ਜਾਵੇਗਾ ਤਾਂ ਜ਼ਰੂਰੀ ਹੈ ਕਿ ਇਹ ਸੁਹਣੇ ਚੈਨ ਭਰੇ ਖ਼ਿਆਲ ਪੈਦਾ ਕਰੇ, ਜਿਨ੍ਹਾਂ ਖ਼ਿਆਲਾਂ ਦੀਆਂ ਸ਼ਕਲਾਂ ਸਰੀਰ ਉਤੇ ਸਿਹਤ ਤੇ ਕਾਰੋਬਾਰ ਵਿਚ ਵਾਧਾ, ਖ਼ੁਸ਼ੀ ਤੇ ਅਨੰਦ ਪੈਦਾ ਕਰਨ।

ਆਤਮਕ ਕਾਨੂੰਨ ਪਕੇ ਤੇ ਨਾ ਬਦਲਣ ਵਾਲੇ ਹਨ। ਸਮਝ ਕੇ ਵਰਤੇ ਜਾਣ ਤਾਂ ਅੱਛਾ ਨਤੀਜਾ ਜ਼ਰੂਰ ਪੈਦਾ ਕਰਨਗੇ। ਤੰਦਰੁਸਤੀ ਤੇ ਖੁਲ੍ਹਾ ਰਿਜ਼ਕ ਵਾਹਿਗੁਰੂ ਵਲੋਂ ਵਿਰਸੇ ਵਿਚ ਮਿਲਿਆ ਹੋਇਆ ਹੈ। ਆਤਮਕ ਅਸੂਲ ਵਰਤਿਆਂ ਦੁਨੀਆਂ ਦੀ ਕੋਈ ਤਾਕਤ ਇਨਸਾਨ ਨੂੰ ਇਸ ਵਿਰਸੇ ਤੋਂ ਵਾਂਝਿਆਂ ਨਹੀਂ ਰਖ ਸਕਦੀ। ਪਰ ਮਨੁੱਖ ਵਾਸਤੇ ਜ਼ਰੂਰੀ ਹੈ ਕਿ ਵਿਰਾਸਤ ਦਾ ਹੱਕ ਲੈਣ ਵਾਸਤੇ ਵਾਹਿਗੁਰੂ ਨੂੰ ਮਾਤਾ ਤੇ ਪਿਤਾ ਵਾਲੇ ਪ੍ਰੇਮ ਵਿਚ ਵੇਖੇ, ਲੜ ਕਦੀ ਨਾ ਛਡੇ। ਸਪੁੱਤਰਾਂ ਵਾਲੀ ਤਾਬੇਦਾਰੀ ਕਰੇ। ਕੁਲ ਬੀਮਾਰੀਆਂ ਹਟਾਣ ਤੇ ਰਿਜ਼ਕ ਦੇ ਵਾਧੇ ਵਾਸਤੇ ਇਕੋ ਹੀ ਨੁਸਖਾ ਹੈ ਜੋ ਕਦੀ ਫੇਲ੍ਹ ਨਹੀਂ ਹੁੰਦਾ।

ਮਨੁੱਖ ਦਾ ਮਨ, ਜਦ ਇਖ਼ਲਾਕੀ ਤੇ ਧਾਰਮਕ ਖ਼ਿਆਲਾਂ ਤੋਂ ਖ਼ਾਲੀ ਹੋਵੇ ਤਾਂ ਹੈਵਾਨੀ, ਖ਼ੁਦਗਰਜ਼ੀ ਤੇ ਪਾਪਾਂ ਦੀਆਂ ਭਰੀਆਂ ਤਸਵੀਰਾਂ ਘੜਦਾ ਰਹਿੰਦਾ ਹੈ। ਇਹੋ ਹੀ ਇਸ ਨੂੰ ਅੱਛੀਆਂ ਤੇ ਫਲਦਾਇਕ ਭਾਸਦੀਆਂ ਹਨ। ਕਦੀ ਕੋਈ ਝੂਠੀ ਕਾਮਯਾਬੀ ਵੀ ਹੋ ਜਾਂਦੀ ਹੈ ਪਰ ਆਪਣੇ ਕਰਮਾਂ ਦਾ ਫਲ ਇਸ ਨੇ ਅਵੱਸ਼ ਭੋਗਣਾ ਹੈ। ਸੁਖ ਨਾਲੋਂ ਕਈ ਦਰਜੇ ਜ਼ਿਆਦਾ ਦੁਖ ਪ੍ਰਾਪਤ ਹੁੰਦਾ ਹੈ, ਤਕਲੀਫਾਂ ਤੇ ਮਾਯੂਸੀ ਹਰ ਵੇਲੇ ਅਗੇ ਰਹਿੰਦੀ ਹੈ। ਠੋਕਰਾਂ ਲੱਗਣ ਨਾਲ ਪਾਸੇ ਭਜਦੇ ਹਨ ਤਾਂ ਫਿਰ ਹੋਸ਼ ਕਦੀ ਨਾ ਕਦੀ ਆ ਜਾਂਦੀ ਹੈ ਤੇ ਉਚੇ ਪਾਸੇ ਵਲ ਤਰੱਕੀ ਦਾ ਰੁਖ ਕਰਦਾ ਹੈ।

ਜੇ ਇਹਦੇ ਮਨ ਵਿਚ ਇਖ਼ਲਾਕੀ ਖ਼ਿਆਲ ਵੀ ਮੌਜੂਦ ਹਨ ਤਾਂ ਬਹੁਤ ਹਦ ਤਕ ਉਹਦੀ ਜ਼ਿੰਦਗੀ ਸੁਖੀ ਹੋ ਜਾਵੇਗੀ। ਪਾਪ ਘਟ ਜਾਣਗੇ, ਦੁਖਾਂ ਤੇ ਭੁਖਾਂ ਦੀ ਪੀੜਾ ਅਤੇ ਮਾਯੂਸੀ ਘੱਟ ਹੋਣ ਲਗ ਜਾਵੇਗੀ ਪਰ ਮਨੁੱਖ ਦੀ ਦੁਨੀਆਂ

ਬੇਵਸੀ ਹੀ ਰਹੇਗੀ। ਚੰਗੇ ਨਤੀਜਿਆਂ ਨਾਲ ਮਾੜੇ ਵੀ ਆਉਣਗੇ। ਮਨੁੱਖ ਨੂੰ ਮਾੜੇ ਨਤੀਜਿਆਂ ਨੂੰ ਬਦਲ ਦੇਣ ਦਾ ਜਾਂ ਰੋਕ ਦੇਣ ਦਾ ਕੋਈ ਅਖ਼ਤਿਆਰ ਨਹੀਂ ਹੋਵੇਗਾ।

ਜੇ ਮਨ ਵਿਚ ਆਤਮਕ ਖ਼ਿਆਲਾਂ ਦੀ ਸਮਝ ਆ ਗਈ ਹੈ ਤੇ ਕੁਝ ਅਭਿਆਸ ਨਾਲ ਆਤਮਕ ਸ਼ਕਤੀ ਵੀ ਹੋ ਗਈ ਹੈ ਤਾਂ ਮਨੁੱਖ ਦੀ ਆਪਣੀ ਜ਼ਿੰਦਗੀ ਤੇ ਆਪਣੀ ਹਕੂਮਤ ਹੋਵੇਗੀ। ਜਦ ਮਨੁੱਖ ਨੂੰ ਗਿਆਨ ਹੋ ਜਾਵੇਗਾ ਕਿ ਵਾਹਿਗੁਰੂ ਸਰਬ-ਵਿਆਪੀ ਹਰ ਵੇਲੇ ਮੇਰੇ ਕੋਲ ਮੌਜੂਦ ਹੈ, ਮੈਂ ਉਹਦਾ ਇਕ ਖ਼ਿਆਲ ਹਾਂ, ਉਹਦੀ ਜੋਤ ਹਾਂ, ਉਹਦਾ ਬੱਚਾ ਹਾਂ, ਉਹਦੀ ਮਾਤਾ-ਪਿਤਾ ਵਾਲੀ ਮੁਹੱਬਤ ਮੇਰਾ ਸਾਰਾ ਧਿਆਨ ਕਰ ਰਹੀ ਹੈ। ਵਾਹਿਗੁਰੂ ਸਰਬ-ਸ਼ਕਤੀਵਾਨ ਹੈ। ਮੈਂ ਉਹਦਾ ਪੂਰਾ ਪ੍ਰਕਾਸ਼ ਹਾਂ, ਸੂਰਜ ਤੇ ਕਿਰਨ ਵਾਲਾ ਸਬੰਧ ਹੈ। ਮੈਂ ਪਾਪ ਨਹੀਂ ਕਰ ਸਕਦਾ, ਬੀਮਾਰੀ ਤੇ ਮੌਤ ਮੈਨੂੰ ਨਹੀਂ ਹੈ। ਪਿਤਾ ਦੇ ਭਰਪੂਰ ਘਰ ਵਿਚ ਮੈਂ ਪੁੱਤਰ ਵਾਂਗ ਹਰ ਚੀਜ਼ ਮੁਫਤ ਲੈਣ ਦਾ ਹੱਕਦਾਰ ਹਾਂ, ਵਾਰਸ ਹਾਂ। ਹਰ ਚੀਜ਼ ਅਗੇ ਮੌਜੂਦ ਹੈ, ਪੈਦਾ ਕਰਨ ਦੀ ਕੋਈ ਲੋੜ ਨਹੀਂ। ਮੈਂ ਬਦਨ ਤੋਂ ਅਲਹਿਦਾ ਹਾਂ। ਬਦਨ ਨਾਸ ਹੋਣ ਵਾਲੀ ਵਸਤੂ ਹੈ, ਮੈਂ ਕਦੀ ਨਾਸ ਨਹੀਂ ਹੋਣਾ। ਸਰੀਰ ਮੇਰੇ ਅਸਲੀ ਆਪ ਦੀ ਨਕਲੀ ਤਸਵੀਰ ਹੈ, ਜੋ ਝੂਠੀ ਦੁਨੀਆਂ ਵਿਚ ਦਿਸ ਰਹੀ ਹੈ। ਬਦਨ ਮੇਰੇ ਵਸ ਵਿਚ ਹੈ। ਇਸ ਨੇ ਉਹ ਜ਼ਾਹਿਰ ਕਰਨਾ ਹੈ ਜੋ ਮੇਰੇ ਅਸਲ (ਜੋਤ) ਵਿਚ ਹੈ।

ਇਸ ਤਰ੍ਹਾਂ ਦੇ ਧਾਰਮਕ ਖਿਆਲ (ਕਾਨੂੰਨ) ਸਮਝ ਕੇ ਵਰਤਣ ਨਾਲ ਪੂਰਾ ਤੇ ਠੀਕ ਨਤੀਜਾ ਪੈਦਾ ਹੋਣਾ ਅਵੱਸ਼ ਹੈ। ਜਿਸ ਤਰ੍ਹਾਂ ਰੇਡੀਓ ਕੁਦਰਤੀ ਕਾਨੂੰਨ ਸਮਝ ਕੇ ਵਰਤਣ ਨਾਲ ਆਵਾਜ਼ਾਂ ਤੇ ਹਕੂਮਤ ਹੋ ਜਾਂਦੀ ਹੈ, ਇਸ ਤਰ੍ਹਾਂ ਇਨਸਾਨੀ ਜ਼ਿੰਦਗੀ ਦੇ ਕੁਦਰਤੀ ਕਾਨੂੰਨ ਵਰਤਣ ਨਾਲ ਜ਼ਿੰਦਗੀ ਤੇ ਹਕੂਮਤ ਹੋ ਜਾਂਦੀ ਹੈ। ਭੈੜੇ ਖ਼ਿਆਲ ਪੈਦਾ ਹੀ ਨਹੀਂ ਹੁੰਦੇ ਤੇ ਚੰਗੇ ਖ਼ਿਆਲ ਪੈਦਾ ਹੁੰਦਿਆਂ ਸਾਰ ਪੂਰੇ ਹੁੰਦੇ ਹਨ। ਦੁਖਾਂ ਤੇ ਭੁਖਾਂ ਦਾ ਹਮੇਸ਼ਾਂ ਵਾਸਤੇ ਨਾਸ। ਸੁਖਾਂ ਤੇ ਭਰਪੂਰਤਾ ਦਾ ਹਮੇਸ਼ਾਂ ਵਾਸਤੇ ਵਾਸਾ, ਅਵੱਸ਼ ਫਲ ਮਿਲਦੇ ਹਨ।

ਗੁਰੂ ਗ੍ਰੰਥ ਸਾਹਿਬ ਆਤਮਕ ਕਾਨੂੰਨ ਦਾ ਭਰਪੂਰ ਖ਼ਜ਼ਾਨਾ ਹੈ। ਸਮਝ ਕੇ ਪਾਠ ਕਰਨ ਨਾਲ ਤੇ ਕਾਨੂੰਨਾਂ ਦੀ ਤਾਬੇਦਾਰੀ ਕਰਨ ਨਾਲ ਫਲ ਜ਼ਰੂਰ ਤੇ ਪੂਰਾ ਮਿਲਦਾ ਹੈ। ਕੋਸ਼ਿਸ਼ ਕਰਨੀ ਜ਼ਰੂਰੀ ਹੈ।

ਜ਼ਰੂਰੀ ਗੱਲਾਂ :- ਪਾਪ ਨਾ ਕਰੋ। ਲੋਕਾਂ ਨਾਲ ਉਹ ਸਲੂਕ ਕਰੋ, ਜੋ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਪਹਿਲਾਂ ਆਪਣੇ ਆਪ ਨਾਲ ਸੱਚੇ ਵਰਤੋ, ਫਿਰ ਦੁਨੀਆਂ ਨਾਲ ਸੱਚੇ ਵਰਤੋ।

ਪਾਪ

ਪਾਪ, ਦੁਨੀਆਂ ਵਿਚ ਮਨੁੱਖ ਵਾਸਤੇ ਇਕ ਬੜੀ ਖ਼ਤਰਨਾਕ ਬਲਾ ਹੈ, ਜੋ ਬਿਲਕੁਲ ਝੂਠ ਤੇ ਧੋਖੇ ਦਾ ਬਣਿਆ ਹੋਇਆ ਹੈ। ਇਹ ਦੋਸਤੀ ਦੀ ਸ਼ਕਲ ਵਿਚ ਆਉਂਦਾ ਹੈ ਤੇ ਬੜੇ ਸੁਆਦਲੇ ਖੁਸ਼ੀ ਦੇ ਸੁਨੇਹੇ ਲਿਆ ਕੇ ਦੇਂਦਾ ਹੈ। ਮਨੁੱਖ ਨੂੰ ਬੜਾ ਭਰਮਾ ਕੇ ਆਪਣੇ ਵੱਸ ਵਿਚ ਕਰ ਕੇ ਮਗਰ ਲਾ ਲੈਂਦਾ ਹੈ। ਇਹਦੇ ਝੂਠੇ ਦਾਅਵਿਆਂ ਵਿਚ ਪਹਿਲਾਂ ਸਬਜ਼-ਬਾਗ ਦੀ ਸੈਰ ਤੇ ਪਿਛੋਂ ਆਪਣੇ ਬਚਾਉ ਦੀਆਂ ਉਮੀਦਾਂ ਭਰੀਆਂ ਹੁੰਦੀਆਂ ਹਨ ਪਰ ਵਿਚੋਂ ਪੋਲੀਆਂ। ਪਾਪ ਕਰਨ ਦੀਆਂ ਤਸਵੀਰਾਂ ਪੂਰੀ ਕਾਮਯਾਬੀ ਦੇ ਰੰਗ ਵਿਚ ਪੇਸ਼ ਕਰਦਾ ਹੈ ਤੇ ਸਜ਼ਾ ਤੋਂ ਬਚਣ ਦੇ ਰਸਤੇ ਭੀ ਦਸਦਾ ਹੈ। ਮਨੁੱਖ ਨੂੰ ਪਾਪ ਕਰਨ ਲਈ ਤਿਆਰ ਕਰ ਦਿੰਦਾ ਹੈ। ਪਾਪ ਨੂੰ ਆਪਣੀਆਂ ਕਮਜ਼ੋਰੀਆਂ ਦਾ ਪੂਰਾ ਪਤਾ ਹੁੰਦਾ ਹੈ, ਇਸ ਵਾਸਤੇ ਇਹ ਹਮੇਸ਼ਾ ਆਪਣਾ ਕੰਮ ਹਨੇਰੇ ਵਿਚ, ਰਾਤ ਵੇਲੇ ਜਾਂ ਲੁਕਾ-ਛਿਪਾ ਕੇ ਇਕੱਲੀ ਥਾਂ ਤੇ ਕਰੇਗਾ। ਇਹ ਜਾਣਦਾ ਹੈ ਕਿ ਖੁਲ੍ਹਮ-ਖੁਲ੍ਹਾ ਦਿਸਦੀ ਕਾਮਯਾਬੀ ਨਹੀਂ ਬਲਕਿ ਬਰਬਾਦੀ ਹੈ। ਪਾਪ ਵਿਚ ਆਪਣੇ ਅੰਦਰ ਇਕ ਨਾਸ਼ ਹੋਣ ਵਾਲੀ ਚਿੰਗਾੜੀ ਹੁੰਦੀ ਹੈ ਜੋ ਕਦੀ ਜਲਦੀ ਤੇ ਕਦੀ ਦੇਰ ਨਾਲ ਪਾਪ ਦਾ ਵੀ ਨਾਸ ਕਰ ਦੇਂਦੀ ਹੈ ਅਤੇ ਪਾਪ ਕਰਨ ਵਾਲੇ ਮਨੁੱਖ ਦਾ ਵੀ ਸਤਿਆਨਾਸ ਕਰਦੀ ਹੈ। ਪਾਪ ਦੀ ਸਜ਼ਾ ਭੋਗਣੀ ਅਵਸ਼ ਹੈ ਜੋ ਕਿ ਪਾਪ ਦੇ ਸਵਾਦ ਨਾਲੋਂ ਕਈ ਗੁਣਾਂ ਜ਼ਿਆਦਾ ਹੁੰਦੀ ਹੈ। ਪਾਪ ਧੋਖਾ ਹੀ ਧੋਖਾ ਹੈ ਤੇ ਇਹਦੇ ਇਕਰਾਰ ਛਲਾਵਾ ਹੀ ਛਲਾਵਾ ਹਨ, ਇਨ੍ਹਾਂ ਵਿਚ ਕੁਛ ਅਸਲੀਅਤ ਨਹੀਂ ਹੁੰਦੀ। ਪਾਪ ਦੀ ਸਜ਼ਾ ਦੀ ਮੁਆਫ਼ੀ ਵੀ ਹੋ ਸਕਦੀ ਹੈ, ਇਹ ਜ਼ਿਕਰ ਇਸੇ ਲੇਖ ਦੇ ਅਖੀਰ ਵਿਚ ਕੀਤਾ ਗਿਆ ਹੈ।

ਪਾਪ ਪਹਿਲਾਂ ਖ਼ਿਆਲ ਵਿਚ ਦਾਖ਼ਲ ਹੁੰਦਾ ਹੈ ਤੇ ਐਸਾ ਚੁਪ ਕੀਤਾ ਆਉਂਦਾ ਹੈ ਕਿ ਪਤਾ ਨਹੀਂ ਲਗਦਾ। ਜਿਹੜਾ ਮਨੁੱਖ ਚੌਕੰਨਾ ਹੋ ਜਾਂਦਾ ਹੈ ਤੇ ਇਹਨੂੰ ਕਢ ਦੇਂਦਾ ਹੈ ਉਹ ਤਾਂ ਕਾਮਯਾਬ ਹੋ ਜਾਂਦਾ ਹੈ। ਜਿਹੜਾ ਇਹਨੂੰ ਆਪਣੇ ਅੰਦਰ ਜਾਣ ਕੇ ਜਾਂ ਅਨਭੋਲ ਬਿਠਾ ਲੈਂਦਾ ਹੈ, ਫਿਰ ਇਹ ਔਡੀ ਬਲਾ ਬਣ ਜਾਂਦਾ

ਹੈ ਕਿ ਇਸ ਦਾ ਕਢਣਾ ਬੜਾ ਮੁਸ਼ਕਲ ਹੋ ਜਾਂਦਾ ਹੈ।

ਜੇ ਪਾਪ ਨੂੰ ਕੁਝ ਚਿਰ ਅੰਦਰ ਰਹਿਣ ਦਿਤਾ ਜਾਵੇ ਤਾਂ ਇਹ ਵਧ ਕੇ ਬੜੇ ਭੈੜੇ ਮਨਸੂਬੇ ਤਿਆਰ ਕਰਦਾ ਹੈ, ਜਿਨ੍ਹਾਂ ਦਾ ਨਤੀਜਾ ਬੜਾ ਖ਼ਤਰਨਾਕ ਹੁੰਦਾ ਹੈ। ਮਨ ਨੂੰ ਅਸ਼ਾਂਤ ਕਰ ਦੇਂਦਾ ਹੈ। ਸਰੀਰ ਤੇ ਬੀਮਾਰੀ ਦੀ ਸ਼ਕਲ ਵਿਚ ਫੁਟ ਨਿਕਲਦਾ ਹੈ। ਮਨੁੱਖ ਦੇ ਇਰਦ-ਗਿਰਦ ਦੀਆਂ ਹਾਲਤਾਂ ਵਿਚ ਖ਼ਲਲ ਪੈਦਾ ਕਰ ਕੇ ਮਨੁੱਖ ਦੀ ਦੁਨੀਆਂ ਕਾਲੀ, ਘਾਟੇ ਤੇ ਖ਼ਤਰਿਆਂ ਨਾਲ ਭਰੀ ਕਰ ਦੇਂਦਾ ਹੈ। ਆਤਮ ਸਾਇੰਸ ਦੀ ਖੋਜ ਦਾ ਇਹ ਫੈਸਲਾ ਹੈ ਕਿ ਬੀਮਾਰੀਆਂ, ਥੁੜ੍ਹਾਂ, ਘਾਟੇ, ਬੇ-ਹਸੀ, ਲੜਾਈ, ਝਗੜੇ ਆਦਿ ਬਹੁਤ ਦਰਜੇ ਤਕ ਪਾਪ ਦਾ ਹੀ ਪ੍ਰਕਾਸ਼ਨ ਹਨ।

ਬਹੁਤ ਸਾਰੇ ਪਾਪ ਅਜਿਹੇ ਹਨ ਜੋ ਅਸੀਂ ਕਰਦੇ ਹਾਂ ਪਰ ਉਨ੍ਹਾਂ ਨੂੰ ਪਾਪ ਨਹੀਂ ਸਮਝਦੇ। ਮਿਸਾਲ ਦੇ ਤੌਰ ਤੇ :-

੧. ਕਿਸੇ ਕੋਲੋਂ ਚੀਜ਼ਾਂ ਮੰਗਾ ਲਈਆਂ ਹਨ, ਉਹਨੂੰ ਬਿਲ ਭੇਜਣਾ ਯਾਦ ਨਹੀਂ ਰਿਹਾ, ਉਹਨੂੰ ਆਪੇ ਯਾਦ ਕਰਾ ਕੇ ਅਸੀਂ ਮੁੱਲ ਨਹੀਂ ਘਲਦੇ। ਮਨ ਨੂੰ ਇਹ ਕਹਿ ਕੇ ਤਸੱਲੀ ਦੇਂਦੇ ਹਾਂ ਕਿ ਜੇਕਰ ਦੁਕਾਨਦਾਰ ਬਿਲ ਨਾ ਭੇਜੇ ਤਾਂ ਉਹਦੀ ਗਲਤੀ ਹੈ ਤੇ ਉਹ ਆਪਣੀ ਗਲਤੀ ਦਾ ਨਤੀਜਾ ਭੁਗਤੇ।

੨. ਨੌਕਰਾਂ ਤੇ ਆਪਣੇ ਮਹਿਕਮੇ ਦੇ ਮਾਤਹਿਤਾਂ ਨੂੰ ਹਰ ਕਸੂਰ ਤੇ ਸਖ਼ਤ ਸਜ਼ਾ ਦੇਣੀ। ਮੁਆਫ਼ੀ ਕਦੀ ਵੀ ਨਾ ਦੇਣੀ ਤੇ ਆਪਣੇ ਮਨ ਨੂੰ ਤਸੱਲੀ ਦੇਣੀ ਕਿ ਮੇਰਾ ਰੋਅਬ ਤਦ ਹੀ ਰਹਿ ਸਕਦਾ ਹੈ, ਜਦ ਮੈਂ ਨੌਕਰਾਂ ਤੇ ਡਰ ਰਖਾਂ ਤੇ ਸਜ਼ਾ ਦੇ ਕੇ ਉਨ੍ਹਾਂ ਨੂੰ ਖ਼ਬਰਦਾਰ ਕਰੀ ਰਖਾਂ। ਇਸ ਤਰ੍ਹਾਂ ਮਨੁੱਖ ਜਦ ਆਪਣੀਆਂ ਗਲਤੀਆਂ, ਭੁਲਾਂ ਤੇ ਪਾਪਾ ਦੀ ਮੁਆਫ਼ੀ ਵਾਸਤੇ ਵਾਹਿਗੁਰੂ ਅਗੇ ਝੋਲੀ ਅੱਡਦਾ ਹੈ, ਤਾਂ ਉਥੋਂ ਜਵਾਬ ਆਉਂਦਾ ਹੈ ਕਿ ਤੂੰ ਕਿੰਨੀਆਂ ਕੁ ਨੂੰ ਮੁਆਫ਼ੀ ਦਿਤੀ ਹੈ ਜੋ ਹੁਣ ਆਪ ਮੁਆਫ਼ੀ ਲੈਣ ਆ ਗਿਆ ਹੈਂ ? ਜਾਹ ਤੇਰੇ ਵਾਸਤੇ ਦਰਵਾਜ਼ਾ ਬੰਦ ਹੈ। ਵਾਹਿਗੁਰੂ ਪ੍ਰੇਮ ਹੀ ਪ੍ਰੇਮ ਹੈ। ਜਿਸ ਦੇ ਮਨ ਵਿਚ ਪ੍ਰੇਮ ਨਹੀਂ, ਉਸ ਦੇ ਮਨ ਵਿਚ ਵਾਹਿਗੁਰੂ ਨਹੀਂ। ਜਿਹੜਾ ਮੁਆਫ਼ੀ ਦੇਣਾ ਨਹੀਂ ਜਾਣਦਾ, ਉਸ ਨੂੰ ਮੁਆਫ਼ੀ ਲੈਣ ਦਾ ਵੀ ਹੱਕ ਨਹੀਂ। ਸਜ਼ਾ ਦੇਣੀ ਕਿਸੇ ਵੇਲੇ ਜ਼ਰੂਰੀ ਹੁੰਦੀ ਹੈ, ਪਰ ਉਤਨੀ ਜਿਸ ਨਾਲ ਕਸੂਰਵਾਰ ਦਾ ਸੁਧਾਰ ਹੋਵੇ। ਸਜ਼ਾ ਦੇਣ ਵੇਲੇ ਸਜ਼ਾ ਦੇਣ ਵਾਲੇ ਦੇ ਦਿਲ ਵਿਚ ਹਮਦਰਦੀ ਹੋਣੀ ਜ਼ਰੂਰੀ ਹੈ।

੩. ਆਪਣੀ ਨੌਕਰੀ ਵਿਚ ਅੱਛੀ ਵੱਡੀ ਤਨਖ਼ਾਹ ਲੈਂਦਿਆਂ ਤੇ ਵਪਾਰ ਵਿਚ ਰੱਜਵਾਂ ਮੁਨਾਫ਼ਾ ਹੁੰਦਿਆਂ, ਹੋਰ ਮੁਨਾਫ਼ੇ ਵਾਸਤੇ ਖ਼ਾਹਿਸ਼ ਤੇ ਕੋਸ਼ਿਸ਼ ਕਰਨੀ। ਦੂਜੇ

ਮਨੁੱਖਾਂ ਦੀ ਵਾਰੀ ਇਹ ਕਹਿਣਾ ਕਿ ਇਹਨੂੰ ਕੰਮ ਮੁਜਬ ਕਾਫੀ ਤਨਖਾਹ ਮਿਲ ਰਹੀ ਹੈ, ਤਰੱਕੀ ਦੀ ਲੋੜ ਨਹੀਂ। ਦੂਜੇ ਵਪਾਰੀ ਦੇ ਵਾਧੂ ਮੁਨਾਫਾ ਲੈਣ ਦੇ ਰਸਤੇ ਵਿਚ ਰੁਕਾਵਟਾਂ ਪਾਉਣੀਆਂ ਅਤੇ ਈਰਖਾ ਕਰਨੀ।

੪. ਹੋਰ ਇਸੇ ਤਰ੍ਹਾਂ ਹਿਕਾਰਤ ਕਰਨੀ, ਚੁਗਲੀ ਕਰਨੀ, ਤੋਹਮਤ ਲਾਉਣੀ ਆਦਿ ਪਾਪਾਂ ਤੋਂ ਬਚਣਾ ਚਾਹੀਦਾ ਹੈ।

੫. ਪਾਪ ਦੀ ਆਤਮ ਸਾਇੰਸ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਇਹ ਉਮੀਦ ਦਿਲਾਂਦਾ ਹੈ ਕਿ ਪਾਪ ਦੀ ਮੁਆਫੀ ਸਜ਼ਾ ਭੁਗਤਣ ਤੋਂ ਬਿਨਾਂ ਵੀ ਹੋ ਸਕਦੀ ਹੈ। ਇਹਦਾ ਪੱਕਾ ਤੇ ਨਾ ਬਦਲਣ ਵਾਲਾ ਕੁਦਰਤੀ ਅਸੂਲ ਇਹ ਹੈ ਕਿ ਪਾਪ ਕਰਨ ਵਾਲਾ ਜੇਕਰ ਦਿਲੋਂ ਪਾਪ ਦਾ ਪਸਚਾਤਾਪ ਕਰੇ ਤੇ ਅਗੋਂ ਤੋਂ ਪਾਪ ਕਰਨ ਦੀ ਰੁਚੀ ਉਹਦੀ ਮਰ ਜਾਵੇ ਤੇ ਮਨ ਬਿਲਕੁਲ ਸਾਫ ਹੋ ਜਾਵੇ ਤਾਂ ਪਾਪ ਦੀ ਸਜ਼ਾ ਨਹੀਂ ਮਿਲੇਗੀ। ਜਦ ਉਸ ਮਨੁੱਖ ਦੇ ਅੰਦਰ ਪਾਪ ਦੀ ਕੋਈ ਮੈਲ ਨਹੀਂ ਰਹੀ, ਜਿਸ ਨੂੰ ਸਜ਼ਾ ਨਾਲ ਧੋਣਾ ਹੈ, ਤਦ ਫਿਰ ਸਜ਼ਾ ਕਿਸ ਚੀਜ਼ ਨੂੰ ਦੇਣੀ ਹੈ ? ਇਹਦੇ ਉਲਟ ਜੇਕਰ ਕੋਈ ਚੋਰ ਚੋਰੀ ਕਰ ਕੇ, ਉਸ ਦੀ ਕੈਦ ਦੀ ਸਜ਼ਾ ਭੁਗਤ ਆਇਆ ਹੈ, ਪਰ ਚੋਰੀ ਦੀ ਵਾਦੀ ਨਹੀਂ ਗਵਾਈ ਤਾਂ ਉਹਦੀ ਸਜ਼ਾ ਕਾਇਮ ਹੈ। ਕਦੀ ਵੀ ਸਜ਼ਾ ਭੁਗਤੀ ਨਹੀਂ ਗਈ। ਉਸ ਨੂੰ ਕੁਦਰਤ ਵਲੋਂ ਸਜ਼ਾ ਕਿਸੇ ਨਾ ਕਿਸੇ ਸ਼ਕਲ ਵਿਚ ਮਿਲਦੀ ਰਹੇਗੀ। ਭਾਵੇਂ ਬੀਮਾਰੀ ਦੀ ਸ਼ਕਲ ਵਿਚ ਆਵੇ, ਭਾਵੇਂ ਕਿਸੇ ਹੋਰ ਤਕਲੀਫ ਦੀ ਸ਼ਕਲ ਵਿਚ, ਆਵੇਗੀ ਜ਼ਰੂਰ ਤੇ ਟਲ ਨਹੀਂ ਸਕਦੀ। ਇਹ ਯਾਦ ਰਹੇ ਕਿ ਕੁਦਰਤ ਦਾ ਮਤਲਬ ਸਜ਼ਾ ਦੇ ਕੇ ਸੁਧਾਰ ਕਰਨ ਦਾ ਹੁੰਦਾ ਹੈ, ਬਦਲਾ ਲੈਣ ਦੀ ਕਦੀ ਵੀ ਮਨਸ਼ਾ ਨਹੀਂ ਹੁੰਦੀ।

੬. ਪਾਪ ਨੂੰ ਦਿਲੋਂ ਕਢਣ ਵਾਸਤੇ ਇਨਸਾਨੀ ਕੋਸ਼ਿਸ਼ਾਂ ਆਮ ਤੌਰ ਤੇ ਨਾ-ਕਾਮਯਾਬ ਰਹਿੰਦੀਆਂ ਹਨ। ਮਨ ਨੂੰ ਪਾਪ ਦੀਆਂ ਸਜ਼ਾ ਦੀਆਂ ਠੋਕਰਾਂ ਲਗਦੀਆਂ ਹਨ ਤਾਂ ਮਨੁੱਖ ਪਾਪ ਤਿਆਗ ਕਰਨ ਤੇ ਤਿਆਰ ਹੋ ਜਾਂਦਾ ਹੈ, ਪਰ ਜਦ ਪਾਪ ਦਾ ਸੁਆਦ ਯਾਦ ਆਉਂਦਾ ਹੈ, ਇਨਸਾਨੀ ਕਮਜ਼ੋਰੀ ਫੇਰ ਪਾਪ ਕਰਾ ਦੇਂਦੀ ਹੈ, ਇਸ ਤਰ੍ਹਾਂ ਮਨੁੱਖ ਹਮੇਸ਼ਾਂ ਦੀ ਦੌੜ-ਭੱਜ ਵਿਚ ਰਹਿੰਦਾ ਹੈ ਤੇ ਪੱਕੀ ਕਾਮਯਾਬੀ ਸ਼ੱਕ ਵਿਚ ਰਹਿੰਦੀ ਹੈ। ਕਾਮਯਾਬੀ ਦਾ ਇਕੋ ਹੀ ਰਸਤਾ ਹੈ ਅਤੇ ਉਸ ਰਸਤੇ ਵਲ ਆਤਮ ਸਾਇੰਸ ਇਕ ਉਚੀ ਤੇ ਯਕੀਨੀ ਆਵਾਜ਼ ਨਾਲ ਪੁਕਾਰ ਰਹੀ ਹੈ। ਇਥੇ ਆਓ ਤੇ ਸਦਾ ਦਾ ਆਰਾਮ ਪਾਓ। ਵਾਹਿਗੁਰੂ ਦੀ ਸ਼ਰਨ ਵਿਚ ਹੀ ਤੁਹਾਡਾ ਸੁਧਾਰ ਹੈ।

੭. ਸ੍ਰੀ ਗੁਰੂ ਗ੍ਰੰਥ ਸਾਹਿਬ ਸੰਤਾਂ ਦੇ ਅਸਲੀ ਤੇ ਸੱਚੇ ਤਜਰਬੇ ਨਾਲ ਇਕ

ਪਾਸੇ ਦੀ ਪੂਰੀ ਗਵਾਹੀ ਦੇ ਰਿਹਾ ਹੈ। ਸ਼ੱਕ ਤੋਂ ਬਿਨਾਂ ਤੇ ਪੱਕਾ ਕੁਦਰਤ ਦਾ ਕਾਨੂੰਨ ਇਹ ਪਾਸਾ ਦੱਸਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨਾ ਤੇ ਵਾਹਿਗੁਰੂ ਸਰਬ-ਵਿਆਪੀ ਨੂੰ ਆਪਣੇ ਕੋਲ ਹਰ ਵੇਲੇ ਮੌਜੂਦ ਦੇਖਣਾ ਇਕ ਹੈਰਤ ਵਾਲੇ ਨਤੀਜੇ ਪੈਦਾ ਕਰਦਾ ਹੈ। ਵਾਹਿਗੁਰੂ ਕੋਲ ਹੋਣ ਨਾਲ ਉਹਦੇ ਕੁਲ ਗੁਣ ਮਨੁੱਖ ਵਿਚ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਉਸ ਮਹਾਂ-ਸ਼ਕਤੀ ਨੂੰ ਕੋਈ ਦੁਨਿਆਵੀ ਤਾਕਤ ਨਹੀਂ ਰੋਕ ਸਕਦੀ। ਉਹ ਆਪਣਾ ਕੰਮ ਕਰ ਕੇ ਰਹੇਗੀ। ਵਾਹਿਗੁਰੂ ਦੀ ਮਨੁੱਖ ਅੰਦਰ ਮੌਜੂਦਗੀ ਆਪੇ ਹੀ ਕੁਲ ਪਾਪਾਂ ਨੂੰ ਧੋ ਕੇ ਕੱਢ ਦੇਂਦੀ ਹੈ।

ਪਿਆਰੇ ਪਾਠਕੋ ! ਚੁਣੋ, ਤੁਹਾਨੂੰ ਕਿਹੜਾ ਰਸਤਾ ਪਸੰਦ ਹੈ ?

(ੳ) ਪਾਪ ਕਰਨੇ ਤੇ ਉਨ੍ਹਾਂ ਦੀਆਂ ਅਵੱਸ਼ ਭੁਗਤਣ ਵਾਲੀਆਂ ਸਜ਼ਾਵਾਂ ਵਿਚ, ਤਕਲੀਫਾਂ ਭਰੀ ਜ਼ਿੰਦਗੀ ਗੁਜ਼ਾਰਨੀ ਤੇ ਉਥੋਂ ਮਜਬੂਰ ਹੋ ਕੇ ਮੌਤ ਸਿਖਣੀ। ਜਾਂ :-

(ਅ) ਵਾਹਿਗੁਰੂ ਦਾ ਸਿਮਰਨ ਕਰ ਕੇ ਇਕ ਠੰਢੇ ਤੇ ਆਰਾਮ ਦੇ ਤਰੀਕੇ ਨਾਲ ਪਾਪਾਂ ਦੀ ਮੈਲ ਧੋ ਕੇ ਆਪਣਾ ਆਪ ਨਿਰਮਲ ਕਰਨਾ ਤੇ ਸਜ਼ਾ ਤੋਂ ਛੁਟਕਾਰਾ ਹਾਸਲ ਕਰਨਾ ? ਦੋਹਾਂ ਵਿਚੋਂ ਜਿਹੜਾ ਪਸੰਦ ਹੈ ਕਰ ਲਵੋ।

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।
ਦੂਤਹ ਦਹਨੁ ਭਇਆ ਗੋਵਿੰਦ ਪ੍ਰਗਟਾਇਆ।

ਅਨਿਕ ਪਾਪ ਮੇਰੇ ਪਰਹਰਿਆ
ਬੰਧਨ ਕਾਟੇ ਮੁਕਤ ਭਏ।
ਅੰਧ ਕੂਪ ਮਹਾ ਘੋਰ ਤੇ
ਬਾਹ ਪਕਰਿ ਗੁਰਿ ਕਾਢਿ ਲੀਏ।

ਮੋਟਰਕਾਰ

ਅਸੀਂ ਆਪਣੇ ਸਾਹਮਣੇ ਇਕ ਮੋਟਰ ਦੇਖਦੇ ਹਾਂ। ਇਹ ਇਕ ਬੇਜਾਨ ਚੀਜ਼ ਹੈ। ਪਰ ਜਦ ਇਹ ਚਲਦੀ ਹੈ ਤਾਂ ਜਾਨਦਾਰ ਚੀਜ਼ ਮਲੂਮ ਹੁੰਦੀ ਹੈ। ਦੌੜਦੀ ਹੈ, ਹੌਲੀ ਚਲਣ ਲਗ ਜਾਂਦੀ ਹੈ, ਆਵਾਜ਼ ਦੇਂਦੀ ਹੈ। ਇਸ ਦੇ ਲੈਂਪ ਦੋ ਅੱਖਾਂ ਵਾਂਗ ਇਹਦੇ ਧੜ ਵਿਚ ਲਗੇ ਹੋਏ ਦਿਸਦੇ ਹਨ। ਭਾਵੇਂ ਇਹ ਬੇਜਾਨ ਹੈ ਪਰ ਠੀਕ ਨਕਸ਼ਾ ਇਕ ਜਾਨਦਾਰ ਵਾਲਾ ਦਿਸ ਰਿਹਾ ਹੈ।

ਇਹ ਬੇਜਾਨ ਹੈ ਤੇ ਜਾਨ ਇਹਦੇ ਵਿਚ ਮਨੁੱਖ ਪਾਂਦਾ ਹੈ, ਜਿਹੜਾ ਇਸ ਦੇ ਅੰਦਰ ਬੈਠਾ ਹੋਇਆ ਸਾਰਾ ਕੰਮ ਕਰ ਰਿਹਾ ਹੈ। ਮੋਟਰ ਨੂੰ ਮਨੁੱਖ ਨੇ ਹੀ ਬਣਾਇਆ ਹੈ, ਇਸ ਦੀ ਖ਼ੁਰਾਕ ਪੈਟਰੋਲ ਵੀ ਮਨੁੱਖ ਹੀ ਪਾਂਦਾ ਹੈ। ਵਿਗੜ ਜਾਵੇ ਤਾਂ ਵੀ ਮਨੁੱਖ ਹੀ ਇਹਨੂੰ ਸੰਵਾਰ ਲੈਂਦਾ ਹੈ। ਹਰ ਕੰਮ ਤੇ ਹਰ ਗਲ ਵਾਸਤੇ ਇਹਦਾ ਸਹਾਰਾ ਮਨੁੱਖ ਤੇ ਹੈ।

ਮਨੁੱਖ ਜੇਕਰ ਅਨਜਾਣ ਹੈ ਤਾਂ ਮੋਟਰ ਕਦੀ ਵੀ ਅੱਛੀ ਹਾਲਤ ਵਿਚ ਨਹੀਂ ਰਹਿ ਸਕਦੀ ਤੇ ਨਾ ਹੀ ਪੂਰਾ ਕੰਮ ਦੇ ਸਕਦੀ ਹੈ। ਹਰ ਹਿੱਸੇ ਵਿਚ ਨੁਕਸ ਪੈਦਾ ਹੋ ਜਾਣ ਦਾ ਖ਼ਤਰਾ ਹੈ। ਜੇਕਰ ਮਨੁੱਖ ਸਿਆਣਾ ਤੇ ਮੋਟਰ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਵਾਲਾ ਹੈ, ਤਦ ਮੋਟਰ ਹਰ ਵਕਤ ਅੱਛੀ ਹਾਲਤ ਵਿਚ ਰਹੇਗੀ ਅਤੇ ਪੂਰਾ-ਪੂਰਾ ਕੰਮ ਦੇਵੇਗੀ।

ਜੋ ਹਾਲ ਮੋਟਰ ਦਾ ਹੈ ਸੋਈ ਹਾਲ ਮਨੁੱਖ ਦੇ ਸਰੀਰ ਦਾ ਹੈ। ਸਰੀਰ ਵੀ ਬੇਜਾਨ ਹੈ ਤੇ ਇਸ ਨੂੰ ਚਲਾਉਣ ਵਾਲੀ ਸ਼ਕਤੀ ਹੋਰ ਹੈ। ਜਦ ਮੌਤ ਆ ਜਾਂਦੀ ਹੈ, ਸਰੀਰ ਤਾਂ ਜ਼ਮੀਨ ਤੇ ਪਿਆ ਹੁੰਦਾ ਹੈ—ਹੱਥ, ਪੈਰ, ਅੱਖਾਂ ਸਾਰੇ ਅੰਗ ਮੌਜੂਦ ਹੁੰਦੇ ਹਨ ਪਰ ਕੰਮ ਕੋਈ ਵੀ ਨਹੀਂ ਕਰ ਸਕਦਾ। ਕਿਉਂਕਿ ਜਿਹੜੀ ਚੀਜ਼ ਸਰੀਰ ਤੋਂ ਕੰਮ ਕਰਾਂਦੀ ਹੈ, ਉਹ ਹੁਣ ਨਹੀਂ ਹੈ। ਮੋਟਰ ਵਾਂਗ ਸਰੀਰ ਨੂੰ ਚਲਾਣ ਵਾਸਤੇ ਹੋਰ ਸ਼ਕਤੀ ਹੈ। ਸਰੀਰ ਵਿਚ ਆਪਣੀ ਕੋਈ ਜਾਨ ਨਹੀਂ।

ਨਾ ਹੀ ਸਰੀਰ ਦੇ ਬਣਾਣ ਵਿਚ ਮਨੁੱਖ ਦਾ ਕੋਈ ਹੱਥ ਹੈ। ਮਾਤਾ ਦੇ ਗਰਭ ਵਿਚ ਜੋ ਕੁਝ ਹੋ ਰਿਹਾ ਹੈ ਤੇ ਸਰੀਰ ਬਣ ਰਿਹਾ ਹੈ, ਉਹਦੇ ਵਿਚ

ਮਨੁੱਖ ਦਾ ਕੋਈ ਦਖ਼ਲ ਨਹੀਂ। ਸਰੀਰ ਨੂੰ ਬਨਾਣ ਵਾਲੀ ਸ਼ਕਤੀ ਕੋਈ ਹੋਰ ਹੈ ਤੇ ਸਰੀਰ ਨੂੰ ਪਾਲਣ ਵਾਲਾ ਵੀ ਮਨੁੱਖ ਆਪ ਨਹੀਂ ਹੈ। ਜੰਮਦਿਆਂ ਹੀ ਦੁੱਧ ਦੀ ਖ਼ੁਰਾਕ ਕੌਣ ਮੁਕੱਰਰ ਕਰਦਾ ਹੈ ਤੇ ਮਾਤਾ ਦੀ ਛਾਤੀ ਵਿਚ ਦੁੱਧ ਕੌਣ ਪੈਦਾ ਕਰਦਾ ਹੈ ? ਵੱਡੇ ਹੋਣ ਤੇ ਦੰਦ ਕੌਣ ਦੇਂਦਾ ਹੈ ? ਰੋਟੀ, ਫਲ ਆਦਿ ਖ਼ੁਰਾਕ ਨੂੰ ਅੰਦਰ ਹਜ਼ਮ ਕਰ ਕੇ, ਉਹਦਾ ਖ਼ੂਨ ਬਣਾ ਕੇ ਸਾਰੇ ਸਰੀਰ ਦੇ ਅੰਗਾਂ ਨੂੰ ਤਾਕਤ ਦੇਣੀ ਕਿਸ ਦਾ ਕੰਮ ਹੈ ? ਆਪਣੇ ਅੰਦਰ ਦੀ ਮਸ਼ੀਨ ਨੂੰ ਚਲਾਣ ਵਾਲਾ ਮਨੁੱਖ ਖ਼ੁਦ ਨਹੀਂ, ਕੋਈ ਹੋਰ ਸ਼ਕਤੀ ਹੈ। ਮਨੁੱਖ ਨੂੰ ਐਨਾ ਵੀ ਪਤਾ ਨਹੀਂ ਕਿ ਖਾਣਾ ਖਾਣ ਦੇ ਮਗਰੋਂ ਮਿਹਦਾ, ਜਿਗਰ ਤੇ ਹੋਰ ਅੰਗ ਕਿਸ ਤਰ੍ਹਾਂ ਕੰਮ ਕਰਦੇ ਹਨ ਤੇ ਸਰੀਰ ਦੀਆਂ ਅਣਗਿਣਤ ਨਾੜਾਂ ਵਿਚ ਖ਼ੂਨ ਕਿਸ ਤਰ੍ਹਾਂ ਪਹੁੰਚਦਾ ਹੈ ਤੇ ਕੀ ਅਸਰ ਕਰਦਾ ਹੈ ?

ਇਸ ਸਰੀਰ ਨੂੰ ਚਲਾਉਣ ਵਾਸਤੇ ਜੇਕਰ ਇਕ ਖ਼ੁਦ-ਪਸੰਦ, ਖ਼ੁਦਗਰਜ਼, ਹੈਵਾਨੀ ਮੱਤ ਵਾਲਾ ਅਗਿਆਨੀ ਮਨੁੱਖ ਆਪ ਅੰਦਰ ਬੈਠ ਜਾਵੇ ਤਾਂ ਅਨਜਾਣ ਮੋਟਰ ਚਲਾਉਣ ਵਾਲੇ ਵਾਂਗ ਕਦਮ-ਕਦਮ ਤੇ ਠੋਕਰ, ਰਸਤਾ ਸਾਫ਼ ਨਾ ਦਿਸਣਾ, ਮੁਸ਼ਕਲਾਂ ਤੇ ਗਲਤੀਆਂ ਨਾਲ ਮੁਕਾਬਲਾ, ਰੋਜ਼ ਨਵੀਆਂ ਤਜਵੀਜ਼ਾਂ ਦਾ ਸੋਚਣਾ, ਮਨ ਦੀ ਬੇਚੈਨੀ, ਇਸ ਤਰ੍ਹਾਂ ਦੀਆਂ ਮੁਸ਼ਕਲਾਂ ਨਾਲ ਲੜਦੇ-ਭਿੜਦੇ ਜ਼ਿੰਦਗੀ ਗੁਜ਼ਾਰਨੀ ਪਵੇਗੀ। ਕਾਮਯਾਬੀ ਤੇ ਖ਼ੁਸ਼ੀ ਬਹੁਤ ਥੋੜ੍ਹੀ ਤੇ ਨਾਕਾਮਯਾਬੀ ਤੇ ਅਫ਼ਸੋਸ ਜ਼ਿਆਦਾ ਦੇਖਣਾ ਪਵੇਗਾ।

ਇਹ ਗੱਲ ਮੰਨੀ ਹੋਈ ਹੈ ਕਿ ਇਨਸਾਨੀ ਵੱਸ ਤੋਂ ਬਾਹਰ ਇਕ ਅਕਲ ਤੇ ਇੰਤਜ਼ਾਮ ਇਸ ਦੁਨੀਆਂ ਵਿਚ ਕੰਮ ਕਰ ਰਿਹਾ ਹੈ ਤੇ ਉਹ ਇਤਨਾ ਪਰਬਲ ਹੈ ਕਿ ਇਨਸਾਨੀ ਤਾਕਤ ਉਸ ਦੇ ਸਾਹਮਣੇ ਕੁਝ ਵੀ ਹੈਸੀਅਤ ਨਹੀਂ ਰਖਦੀ, ਨਾ ਹੀ ਰੋਕ ਸਕਦੀ ਹੈ। ਜਿਹੜੇ ਮਨੁੱਖ ਇਸ ਜ਼ਬਰਦਸਤ ਸ਼ਕਤੀ ਨੂੰ ਸਮਝਣ ਤੇ ਉਹਦੇ ਅਨੁਸਾਰ ਕੰਮ ਕਰਨ ਦੀ ਪ੍ਰਵਾਹ ਨਹੀਂ ਕਰਦੇ ਤੇ ਆਪਣੇ ਆਪ ਨੂੰ ਹਰ ਗੱਲ ਦਾ ਕਰਤਾ ਸਮਝਦੇ ਹਨ ਤੇ ਹੈਵਾਨੀ ਅਕਲ ਅਤੇ ਖ਼ੁਦਗਰਜ਼ੀ ਨੂੰ ਮੁਖ ਰਖਦੇ ਹਨ, ਉਹਨਾਂ ਨੂੰ ਅਖ਼ੀਰ ਵਿਚ ਮਾਯੂਸੀ ਦੇਖਣੀ ਪੈਂਦੀ ਹੈ। ਜਿਹੜੇ ਇਸ ਮਹਾਂ-ਸ਼ਕਤੀ ਨੂੰ ਪੂਰਾ ਸਮਝਦੇ ਤਾਂ ਭਾਵੇਂ ਨਹੀਂ ਪਰ ਦੁਨੀਆਂ ਦੇ ਤਜਰਬੇ ਤੋਂ ਫ਼ਾਇਦਾ ਉਠਾ ਕੇ ਇਸ ਸ਼ਕਤੀ ਦੇ ਬਣਾਏ ਹੋਏ ਇਖ਼ਲਾਕੀ ਤੇ ਧਾਰਮਕ ਅਸੂਲਾਂ 'ਤੇ ਚਲਦੇ ਹਨ, ਉਹ ਕੁਝ ਦਰਜੇ ਤਕ ਕਾਮਯਾਬ ਰਹਿੰਦੇ ਹਨ। ਆਪਣੇ ਸਰੀਰ ਦੀ ਮੋਟਰ ਨੂੰ ਬਹੁਤ ਦਰਜੇ ਤਕ ਠੋਕਰਾਂ ਤੋਂ ਬਚਾ ਕੇ ਸਿਧੇ ਰਸਤੇ ਤੇ ਚਲਾ ਸਕਦੇ ਹਨ।

ਜਿਸ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਇਸ ਮਹਾਂ-ਸ਼ਕਤੀ ਦੇ

ਅਨੁਸਾਰ ਚਲਣ ਤੋਂ ਬਿਨਾਂ ਦੁਨੀਆਂ ਸੌਖੀ ਨਹੀਂ ਲੰਘੀ ਜਾਂਦੀ, ਉਹ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਸਮਝ ਕੇ ਪੜ੍ਹਦਾ ਹੈ ਤੇ ਉਥੇ ਦੱਸੇ ਹੋਏ ਅਸੂਲਾਂ ਤੇ ਅਮਲ ਕਰਦਾ ਹੈ। ਫਿਰ ਇਹ ਜ਼ਰੂਰੀ ਹੈ ਕਿ ਉਥੇ ਲਿਖੇ ਹੋਏ ਸੁਖ ਦੇਣ ਵਾਲੇ ਇਕਰਾਰ ਪੂਰੇ ਹੋਣ। ਉਹ ਆਪਣੇ ਅੰਦਰ ਹਰ ਵੇਲੇ ਤੇ ਹਰ ਕੰਮ ਵਾਸਤੇ ਜੋਤ ਨੂੰ ਮੌਜੂਦ ਵੇਖਦਾ ਹੈ। ਉਸੇ ਦੀ ਸ਼ਕਤੀ ਸਰੀਰ ਨੂੰ ਚਲਾ ਰਹੀ ਹੈ। ਉਹੀ ਹਰ ਕੰਮ ਵਾਸਤੇ ਰਸਤਾ ਦਸ ਰਹੀ ਹੈ। ਕਿਉਂਕਿ ਵਾਹਿਗੁਰੂ ਵਿਚ ਨਾਕਾਮਯਾਬੀ, ਪੀੜਾ, ਸਰੀਰਕ ਦੁਖ, ਗਲਤੀ, ਥੁੜ ਆਦਿ ਨਹੀਂ, ਇਸ ਵਾਸਤੇ ਉਸ ਮਨੁੱਖ ਨੂੰ ਸਰੀਰਕ ਬੀਮਾਰੀ ਨਹੀਂ ਹੋ ਸਕਦੀ। ਜੇ ਬੀਮਾਰੀ ਆਵੇ ਵੀ, ਤਾਂ ਪੀੜਾ ਤੋਂ ਬਿਨਾਂ ਜਲਦੀ ਗੁੰਮ ਹੋ ਜਾਵੇਗੀ। ਬੀਮਾਰੀ ਦਾ ਡਰ ਦਿਲ ਵਿਚੋਂ ਨਿਕਲ ਜਾਵੇਗਾ ਤੇ ਕਿਸੇ ਚੀਜ਼ ਦੀ ਕਦੀ ਥੁੜ ਨਹੀਂ ਆਵੇਗੀ। ਵਾਹਿਗੁਰੂ ਅਮਿਤਾ ਹੈ, ਇਸ ਵਾਸਤੇ ਥੁੜ੍ਹ ਕਦੀ ਵੀ ਨਹੀਂ ਆ ਸਕਦੀ। ਕੁਲ ਲੋੜਾਂ ਅਮਿੱਤੀਆਂ ਪੂਰੀਆਂ ਹੋਣ। ਹੋਰ-ਹੋਰ ਦੀ ਮੰਗ ਹਟ ਜਾਵੇ। ਹਰ ਮੌਕੇ ਤੇ ਹਰ ਜ਼ਰੂਰਤ ਪੂਰੀ ਹੋਣ ਨਾਲ ਆਪਣੇ ਕੋਲ ਦੌਲਤ ਜਮ੍ਹਾ ਰਖਣ ਦੀ ਲੋੜ ਖ਼ਤਮ ਹੋ ਜਾਵੇ। ਸਚਖੰਡ ਦੇ ਅਤੁਟ ਬੈਂਕ ਵਿਚੋਂ ਹਿਸਾਬੋਂ ਬਿਨਾਂ ਰੁਪਿਆ ਮਿਲੇ। ਮਨ ਨੂੰ ਹਰ ਵੇਲੇ ਦਾ ਚੈਨ ਮਿਲੇ, ਕਿਉਂਕਿ ਵਾਹਿਗੁਰੂ ਹਰ ਵੇਲੇ ਅੰਦਰ ਵਸ ਰਿਹਾ ਹੈ। ਦੁਨੀਆਂ ਦੇ ਕੁਲ ਕੰਮ ਸੌਰਨ। ਵਾਹਿਗੁਰੂ ਦੇ ਚਰਨਾਂ ਨਾਲ ਪਿਤਾ-ਮਾਤਾ ਵਾਲੀ ਅਸਲੀ ਪ੍ਰੀਤ ਹੋਵੇ। ਲੋਕ-ਪਰਲੋਕ ਦੋਵੇਂ ਸੰਵਰਨ। ਇਸ ਤੋਂ ਵਧ ਹੋਰ ਦੁਨੀਆਂ ਵਿਚ ਕੀ ਲੈਣਾ ਹੈ ?

ਵਾਹਿਗੁਰੂ ਹੈ ਵੀ ਕਿ ਨਹੀਂ

ਦੁਨੀਆਂ ਵਿਚ ਨਾਸਤਕ ਥੋੜ੍ਹੇ ਹਨ ਜੋ ਕਿ ਵਾਹਿਗੁਰੂ ਦੀ ਹਸਤੀ ਨੂੰ ਨਹੀਂ ਮੰਨਦੇ ਪਰ ਬਹੁਤ ਸਾਰੇ ਆਸਤਕ ਹਨ ਜੋ ਵਾਹਿਗੁਰੂ ਦੀ ਹਸਤੀ ਮੰਨਦੇ ਹਨ। ਇਹ ਇਸ ਵਾਸਤੇ ਮੰਨਦੇ ਹਨ ਕਿ ਜਿਸ ਕੌਮ ਵਿਚ ਇਹ ਪੈਦਾ ਹੋਏ ਹਨ, ਉਸ ਕੌਮ ਦੇ ਧਾਰਮਕ ਆਗੂਆਂ ਨੇ ਵਾਹਿਗੁਰੂ ਦੀ ਹਸਤੀ ਮੰਨ ਕੇ ਕੌਮਾਂ ਵਿਚ ਪ੍ਰਚਾਰ ਕੀਤਾ। ਇਸ ਵਾਸਤੇ ਜਿਹੜੇ ਮਨੁੱਖ ਵਾਹਿਗੁਰੂ ਦੀ ਹਸਤੀ ਨੂੰ ਮੰਨਦੇ ਹਨ, ਉਹ ਧਾਰਮਕ ਨਿਸਚੇ ਮੁਜਬ ਮੰਨਦੇ ਹਨ। ਵਾਹਿਗੁਰੂ ਨੂੰ ਦਿਲੋਂ ਸਮਝ ਕੇ ਪਛਾਨਣ ਵਾਲੇ ਤੇ ਮੰਨਣ ਵਾਲੇ ਵਿਰਲੇ ਮਨੁੱਖ ਹਨ। ਨਤੀਜਾ ਇਹ ਹੈ ਕਿ ਵਾਹਿਗੁਰੂ ਮਨੁੱਖਾਂ ਨੂੰ ਇਕ ਦੂਰ ਦੀ ਖ਼ਿਆਲੀ ਹਸਤੀ ਭਾਸਣ ਲਗ ਗਈ ਹੈ ਤੇ ਮਨੁੱਖ ਹਰ ਗਲ ਤੇ ਚੀਜ਼ ਦਾ ਕਰਤਾ ਖ਼ੁਦ ਬਣ ਬੈਠਾ ਹੈ। ਭਾਵੇਂ ਠੋਕਰਾਂ ਖਾਂਦਾ ਹੈ ਤੇ ਬੜੀਆਂ-ਬੜੀਆਂ ਮੁਸੀਬਤਾਂ ਵਿਚ ਫਸਦਾ ਹੈ, ਪਰ ਵਾਹਿਗੁਰੂ ਵਲੋਂ ਅਗਿਆਨਤਾ ਹੋਣ ਕਰਕੇ ਹੋਰ ਸਾਰੇ ਦੁਨਿਆਵੀ ਵਸੀਲਿਆਂ ਦੇ ਰਾਹੀਂ ਕੋਸ਼ਿਸ਼ ਕਰਦਾ ਹੈ, ਪਰ ਵਾਹਿਗੁਰੂ ਦੀ ਪੂਰੀ ਸ਼ਰਨ ਆ ਕੇ ਮਦਦ ਹਾਸਲ ਨਹੀਂ ਕਰਦਾ। ਇਹਨੂੰ ਪਤਾ ਹੀ ਨਹੀਂ ਕਿ ਵਾਹਿਗੁਰੂ ਦੀ ਪਰਬਲ ਸ਼ਕਤੀ ਕੋਈ ਚੀਜ਼ ਵੀ ਹੈ ਕਿ ਨਹੀਂ ਤੇ ਇਹ ਸ਼ਕਤੀ ਕਿਸ ਤਰ੍ਹਾਂ ਕੰਮ ਕਰਦੀ ਹੈ ?

ਮਨੁੱਖ ਮਾਇਆ ਦੇ ਨਸ਼ੇ ਵਿਚ ਕਿਤਨਾ ਮਸਤ ਹੋਇਆ ਤੇ ਭੁਲਿਆ ਹੋਇਆ ਹੈ ਕਿ ਇਹ ਹਰ ਵਕਤ ਵਾਹਿਗੁਰੂ ਦੀ ਸ਼ਕਤੀ ਨੂੰ ਆਪਣੇ ਕੋਲ ਕੰਮ ਕਰਦਿਆਂ ਵੇਖ ਕੇ ਵੀ ਵਾਹਿਗੁਰੂ ਨੂੰ ਨਹੀਂ ਮੰਨਦਾ। ਬੱਚੇ ਦੀ ਪੈਦਾਇਸ਼ ਵਲ ਜ਼ਰਾ ਧਿਆਨ ਕਰੋ। ਗਰਭ ਵਿਚ ਕਿਸ ਤਰ੍ਹਾਂ ਪਾਣੀ ਦੀਆਂ ਬੂੰਦਾਂ ਬਦਲ ਕੇ ਮਾਸ ਬਣਦਾ ਹੈ। ਹੱਥ, ਪੈਰ, ਲੱਤਾਂ, ਬਾਹਵਾਂ, ਬਦਨ ਕੌਣ ਤੇ ਕਿਸ ਤਰ੍ਹਾਂ ਬਣਾ ਰਿਹਾ ਹੈ ? ਉਸ ਦੇ ਅੰਦਰ ਹੱਡੀ ਜਿਹੀ ਸਖ਼ਤ ਚੀਜ਼ ਕਿਸ ਤਰ੍ਹਾਂ ਬਣਦੀ ਹੈ ? ਅੱਖਾਂ ਦੇ ਚਮਕਦਾਰ ਸ਼ੀਸ਼ੇ ਕੌਣ ਬਣਾਂਦਾ ਹੈ ? ਅਣਗਿਣਤ ਨਾੜਾਂ, ਦਿਲ, ਜਿਗਰ, ਫੇਫੜੇ ਕਿਸ ਦੇ ਹੱਥ ਦੀ ਕਾਰੀਗਰੀ ਹੈ ? ਫਿਰ ਇਹਨਾਂ ਬਦਨ ਦੇ ਸਾਰਿਆਂ ਹਿੱਸਿਆਂ ਨੂੰ ਮਿਲਾ ਕੇ ਇਕ ਐਸੀ ਸ਼ਾਨਦਾਰ ਚੀਜ਼, ਮਨੁੱਖ ਬਣਾ ਦੇਂਦਾ ਹੈ,

ਕਿ ਅਕਲ ਹੈਰਾਨ ਰਹਿ ਜਾਂਦੀ ਹੈ। ਮਾਤਾ, ਪਿਤਾ, ਡਾਕਟਰ ਕਿਸੇ ਦਾ ਇਸ ਸਾਰੀ ਬਨਾਵਟ ਵਿਚ ਤੇ ਉਸ ਦੇ ਵਿਚ ਜਾਨ ਪਾ ਕੇ ਉਸ ਨੂੰ ਅਸਚਰਜ ਚੀਜ਼ ਬਨਾਣ ਵਿਚ ਕੋਈ ਹੱਥ ਨਹੀਂ। ਇਹ ਸਾਰੀ ਸ਼ਕਤੀ ਵਾਹਿਗੁਰੂ ਦੀ ਹੀ ਹੈ।

ਪੁੱਤਰ ਜੰਮਣ ਤੋਂ ਮਨੁੱਖ, ਇਸ ਨੌਂ ਮਹੀਨੇ ਕੰਮ ਕਰਨ ਵਾਲੀ ਸ਼ਕਤੀ ਦਾ ਸ਼ੁਕਰੀਆ ਕਰਦਾ ਹੀ ਨਹੀਂ। ਧਾਰਮਕ ਖ਼ਿਆਲ ਪੂਰਾ ਕਰਨ ਮੂਜਬ ਅਖੰਡ ਪਾਠ ਰਖਾ ਕੇ, ਭੋਗ ਪਵਾ ਕੇ ਮੱਥਾ ਟੇਕਦਾ ਹੈ, ਪਰ ਸਾਰੀ ਬਣਤ ਬਨਾਣ ਵਾਲੇ ਦਾ ਸਾਥ-ਸਾਥ ਸ਼ੁਕਰੀਆ ਇਕ ਛਿੰਨ ਵੀ ਨਹੀਂ ਕਰਦਾ।

ਮਨੁੱਖ ਆਪਣੇ ਆਪ ਨੂੰ ਬੱਚੇ ਦਾ ਕਰਤਾ ਸਮਝਦਾ ਹੈ ਤੇ ਹੁਣ ਉਹਦੇ ਪਾਲਣ ਦੀਆਂ ਤਜਵੀਜ਼ਾਂ ਸੋਚਦਾ ਹੈ। ਇਸ ਨੂੰ ਪਤਾ ਹੈ ਕਿ ਮਾਤਾ ਦੀ ਛਾਤੀ ਵਿਚ ਦੁੱਧ ਵਾਹਿਗੁਰੂ ਦੀ ਸ਼ਕਤੀ ਨਾਲ ਹੀ ਆਇਆ ਸੀ ਤੇ ਪਾਲਣਾ ਵੀ ਉਸੇ ਨੇ ਹੈ, ਪਰ ਸਭ ਕੁਝ ਭੁਲਾ ਕੇ ਆਪ ਹੀ ਕਰਤਾ ਬਣਦਾ ਹੈ। ਜਦ ਬੱਚੇ ਨੂੰ ਵਾਹਿਗੁਰੂ ਦੰਦ ਦੇਂਦਾ ਹੈ ਤੇ ਦੁੱਧ ਨਾਲੋਂ ਠੋਸ ਖ਼ੁਰਾਕ ਖਾਣ ਤੇ ਹਜ਼ਮ ਕਰਨ ਦੇ ਲਾਇਕ ਕਰਦਾ ਹੈ, ਤਦ ਵੀ ਪਿਤਾ-ਮਾਤਾ ਕਦੀ ਵੀ ਵਾਹਿਗੁਰੂ ਦੀ ਕੁਦਰਤ ਨੂੰ ਨਹੀਂ ਪਛਾਣਦੇ ਤੇ ਨਾ ਹੀ ਯਾਦ ਕਰਦੇ ਹਨ। ਬੱਚੇ ਦੀ ਖ਼ੁਰਾਕ ਦਾ ਪ੍ਰੋਗਰਾਮ ਬਣਾ ਕੇ ਉਹਨੂੰ ਤਾਕਤਵਰ ਚੀਜ਼ਾਂ ਨਾਲ ਪਾਲਣ ਦਾ ਪ੍ਰਬੰਧ ਕਰਦੇ ਹਨ। ਇਹ ਕਦੀ ਵੀ ਨਹੀਂ ਸੋਚਿਆ ਕਿ ਖ਼ੁਰਾਕ ਮੂੰਹ ਵਿਚ ਪਾਣ ਤੋਂ ਮਗਰੋਂ ਕੀ ਹੁੰਦਾ ਹੈ ? ਕਿਸ ਤਰ੍ਹਾਂ ਖ਼ੁਰਾਕ ਮਿਹਦੇ ਵਿਚ ਜਾਂਦੀ ਹੈ, ਉਥੇ ਰਿਝਦੀ ਹੈ। ਸੂਖਸ਼ਮ ਹਿੱਸਾ ਜਿਗਰ ਵਿਚ ਚਲਾ ਜਾਂਦਾ ਹੈ ਤੇ ਫ਼ਜ਼ੂਲ ਹਿਸਾ ਮੱਲ ਰਸਤੇ ਬਾਹਰ ਨਿਕਲ ਜਾਂਦਾ ਹੈ। ਜਿਗਰ ਵਿਚ ਛਾਣ ਕੇ ਚੰਗਾ ਹਿੱਸਾ ਬਦਨ ਦੀ ਪਾਲਨਾ ਵਾਸਤੇ ਖ਼ੂਨ ਆਦਿ ਬਣ ਕੇ ਕੁਲ ਬਦਨ ਵਿਚ ਫਿਰਦਾ ਹੈ ਤੇ ਫਾਲਤੂ ਪਿਸ਼ਾਬ ਦੇ ਰਸਤੇ ਬਾਹਰ ਨਿਕਲ ਜਾਂਦਾ ਹੈ। ਇਹ ਸਾਰੇ ਇੰਤਜ਼ਾਮ ਵਿਚ ਮਾਤਾ ਜਾਂ ਪਿਤਾ ਦਾ ਕੋਈ ਦਖ਼ਲ ਨਹੀਂ। ਇਹ ਜਾਣਦੇ ਹੋਏ ਵੀ ਕਦੀ ਅਸਲ ਕੰਮ ਕਰਨ ਵਾਲੀ ਸ਼ਕਤੀ ਵਲ ਧਿਆਨ ਹੀ ਨਹੀਂ ਜਾਂਦਾ। ਆਪਣੇ ਖ਼ੁਰਾਕ ਦੇ ਪ੍ਰੋਗਰਾਮ ਤੇ ਇੰਤਜ਼ਾਮ ਨੂੰ ਸ਼ਾਬਾਸ਼ ਦੇ ਰਹੇ ਹਾਂ। ਜੇ ਬੱਚਾ ਬੀਮਾਰ ਹੋ ਜਾਵੇ ਤਦ ਵੀ ਉਸ ਨੂੰ ਪਾਲਣ ਵਾਲੀ ਸ਼ਕਤੀ ਵਲ ਬਿਲਕੁਲ ਧਿਆਨ ਨਹੀਂ ਕਰਦੇ। ਡਾਕਟਰਾਂ ਵਲ ਦੌੜਨਾ ਤੇ ਦਵਾਈਆਂ ਦਾ ਸਹਾਰਾ ਲੈਣਾ ਹੀ ਬੀਮਾਰੀ ਨੂੰ ਦੂਰ ਕਰਨ ਦਾ ਇਕੋ ਰਸਤਾ ਸਮਝਿਆ ਗਿਆ ਹੈ। ਮਨੁੱਖ ਦਾ ਇਹੀ ਆਮ ਖ਼ਿਆਲ ਹੈ ਕਿ ਭਾਵੇਂ ਬਦਨ ਦਾ ਅੰਦਰਲਾ ਇੰਤਜ਼ਾਮ ਵਾਹਿਗੁਰੂ ਹੀ ਕਰੇ ਪਰ ਜੇ ਉਹਦੇ ਵਿਚ ਵਿਘਨ ਪਏ ਤਾਂ ਵਾਹਿਗੁਰੂ ਦੇ ਕੋਲ ਰਾਜ਼ੀ ਕਰਨ ਦੀ ਕੋਈ ਅਕਲ ਜਾਂ ਸ਼ਕਤੀ ਨਹੀਂ।

ਇਹ ਭੁੱਲ ਮਨੁੱਖ ਦੇ ਬਦਨ ਤੇ ਸਿਹਤ ਤਕ ਹੀ ਖ਼ਤਮ ਨਹੀਂ ਹੁੰਦੀ, ਬਲਕਿ ਸਾਰੇ ਕੰਮਾਂ-ਕਾਜਾਂ ਵਿਚ ਚਲ ਰਹੀ ਹੈ। ਇਕ ਕਿਸਾਨ ਆਪਣੀ ਫਸਲ ਦੀ ਤਰੱਕੀ ਏਸ ਗੱਲ ਵਿਚ ਵੇਖ ਰਿਹਾ ਹੈ ਕਿ ਜ਼ਮੀਨ ਵਿਚ ਹਲ ਚੰਗੀ ਤਰ੍ਹਾਂ ਚਲਾਵੇ। ਬੀਜ ਪਾ ਕੇ ਪਾਣੀ ਦੇਵੇ। ਉਸ ਦਾ ਸਾਰਾ ਧਿਆਨ ਏਸੇ ਵਿਚ ਹੀ ਰਹਿੰਦਾ ਹੈ। ਜਿਹੜੀ ਅਸਲ ਚੀਜ਼ ਹੈ, ਉਹਦੇ ਵੱਲ ਉਹਦਾ ਧਿਆਨ ਹੀ ਨਹੀਂ। ਉਹ ਕਦੀ ਵੀ ਵਾਹਿਗੁਰੂ ਦੀ ਅਰਾਧਨਾ ਨਹੀਂ ਕਰਦਾ, ਜੋ ਕਿ ਬੀਜ ਤੋਂ ਬੂਟੇ ਪੈਦਾ ਕਰਦਾ ਹੈ, ਵਧਾਂਦਾ ਹੈ, ਫੁਲ ਪੈਦਾ ਕਰਦਾ ਹੈ ਤੇ ਅਖ਼ੀਰ ਵਿਚ ਫਲ ਲਿਆਉਂਦਾ ਹੈ।

ਇਸੇ ਤਰ੍ਹਾਂ ਵਾਹਿਗੁਰੂ ਦੀ ਸ਼ਕਤੀ ਹਰ ਕੰਮ ਨੂੰ ਚਲਾ ਰਹੀ ਹੈ। ਜ਼ਮੀਨ ਦਾ ਸੂਰਜ ਦੇ ਗਿਰਦ ਭੌਣਾ, ਦਿਨ-ਰਾਤ ਦਾ ਪੈਦਾ ਹੋਣਾ, ਸਰਦੀ-ਗਰਮੀ, ਬਰਸਾਤ, ਮੌਸਮਾਂ ਦੀ ਅਦਲਾ-ਬਦਲੀ, ਅਨਾਜ ਤੇ ਫਲਾਂ ਦੀ ਪੈਦਾਇਸ਼ ਆਦਿ ਸਾਰੇ ਕੰਮ ਵਾਹਿਗੁਰੂ ਦੀ ਸ਼ਕਤੀ ਦਾ ਪ੍ਰਕਾਸ਼ ਹਨ। ਇਨਸਾਨ ਕਦੀ ਵੀ ਨਹੀਂ ਕਹਿ ਸਕਦਾ ਕਿ ਵਾਹਿਗੁਰੂ ਨਹੀਂ ਹੈ, ਜਾਂ ਉਹ ਇਕ ਪ੍ਰਬਲ ਸ਼ਕਤੀ ਨਹੀਂ, ਜਾਂ ਦੁਨੀਆਂ ਦੇ ਕਿਸੇ ਕੰਮ ਵਿਚ ਉਸ ਦਾ ਪੂਰਾ ਹੱਥ ਤੇ ਹਕੂਮਤ ਨਹੀਂ ਹੈ।

ਅੱਛਾ ! ਇਹ ਗੱਲ ਤਾਂ ਹੁਣ ਮੰਨਣ ਵਿਚ ਆ ਗਈ ਹੈ ਕਿ ਵਾਹਿਗੁਰੂ ਦੀ ਹਸਤੀ ਹੈ ਤੇ ਉਸ ਦੀ ਪ੍ਰਬਲ ਸ਼ਕਤੀ ਕੁਲ ਕੰਮਾਂ ਨੂੰ ਇਕ ਪੂਰਨ ਇੰਤਜ਼ਾਮ ਵਿਚ ਚਲਾ ਰਹੀ ਹੈ। ਸੋਚ ਇਹ ਪੈਦਾ ਹੁੰਦੀ ਹੈ ਕਿ ਜਦ ਵਾਹਿਗੁਰੂ ਦੀ ਸ਼ਕਤੀ ਇਕ ਪੂਰੇ ਨਾ-ਬਦਲਣ ਵਾਲੇ ਇੰਤਜ਼ਾਮ ਵਿਚ ਕੰਮ ਕਰ ਰਹੀ ਹੈ ਤੇ ਮਨੁੱਖ ਉਹਦੇ ਵਿਚ ਦਖ਼ਲ ਨਹੀਂ ਦੇ ਸਕਦਾ, ਫਿਰ ਸਿਵਾਏ ਚੁਪ ਹੋ ਕੇ ਦੇਖਣ ਦੇ ਹੋਰ ਕੀ ਕਰੀਏ ? ਸਾਇੰਸ ਦੀ ਖੋਜ ਇਹ ਦਸਦੀ ਹੈ ਕਿ ਭਾਵੇਂ ਵਾਹਿਗੁਰੂ ਦੇ ਕਾਨੂੰਨ ਪੱਕੇ ਤੇ ਕਦੀ ਨਾ ਬਦਲਣ ਵਾਲੇ ਹਨ, ਭਾਵੇਂ ਅਸੀਂ ਉਨ੍ਹਾਂ ਵਿਚ ਦਖ਼ਲ ਨਹੀਂ ਦੇ ਸਕਦੇ, ਪਰ ਇਕ ਰਸਤਾ ਸਾਡੇ ਲਈ ਖੁਲ੍ਹਾ ਹੈ—ਜਿਥੇ ਬੈਠ ਕੇ ਅਸੀਂ ਵਾਹਿਗੁਰੂ ਦੇ ਕਾਨੂੰਨਾਂ ਤੋਂ ਫਾਇਦਾ ਉਠਾ ਸਕਦੇ ਹਾਂ। ਉਹ ਰਸਤਾ ਇਹ ਹੈ ਕਿ ਅਸੀਂ ਵਾਹਿਗੁਰੂ ਦੇ ਕਾਨੂੰਨਾਂ ਨੂੰ ਸਮਝੀਏ, ਉਨ੍ਹਾਂ ਦੀ ਪੂਰੀ ਤਾਬੇਦਾਰੀ ਕਰੀਏ ਤੇ ਉਨ੍ਹਾਂ ਕਾਨੂੰਨਾਂ ਦੇ ਵਿਚ ਬੈਠ ਕੇ ਉਨ੍ਹਾਂ ਦੀ ਸ਼ਕਤੀ ਤੇ ਕੰਮ ਤੋਂ ਫਾਇਦਾ ਉਠਾਈਏ। ਜਿਸ ਤਰ੍ਹਾਂ ਬਿਜਲੀ, ਰੇਡੀਓ ਤੇ ਭਾਫ ਆਦਿ ਦੇ ਕਾਨੂੰਨਾਂ ਨੂੰ ਸਮਝ ਕੇ ਉਨ੍ਹਾਂ ਕੁਦਰਤ ਦੀਆਂ ਸ਼ਕਤੀਆਂ ਦਾ ਫਾਇਦਾ ਹਾਸਲ ਕਰ ਰਹੇ ਹਾਂ, ਇਸ ਤਰ੍ਹਾਂ ਅਸੀਂ ਆਪਣੇ ਬਦਨ ਦੀਆਂ ਬੀਮਾਰੀਆਂ, ਮੌਤ, ਬੁਢ਼, ਮੁਫਲਸੀ, ਬੇਚੈਨੀ, ਵੈਰ, ਗੁੱਸਾ, ਡਰ, ਖ਼ੁਦਗਰਜ਼ੀ, ਪਾਪ ਆਦਿ ਵਿਘਨਾਂ ਨੂੰ ਦੂਰ ਕਰਨ ਵਾਸਤੇ ਵਾਹਿਗੁਰੂ ਦੇ ਕਾਨੂੰਨ ਸਮਝੀਏ ਤੇ

ਉਨ੍ਹਾਂ ਦੀ ਤਾਬੇਦਾਰੀ ਕਰ ਕੇ ਵਰਤੋਂ ਵਿਚ ਲਿਆਈਏ ਤਾਕਿ ਸਾਡੀਆਂ ਜ਼ਿੰਦਗੀਆਂ ਪੂਰੇ ਸੁਖਾਂ ਵਿਚ ਹੋ ਜਾਣ।

ਇਸ ਪਾਸੇ ਦੀ ਖੋਜ ਸਿਰਫ ਸੰਤਾਂ ਨੇ ਹੀ ਕੀਤੀ ਹੈ, ਉਨ੍ਹਾਂ ਦੇ ਤਜਰਬਿਆਂ ਦੇ ਨਤੀਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਜ਼ਿਆਦਾ ਦਰਜ ਹਨ। ਸਾਡੇ ਧਿਆਨ ਦੀ ਸਿਰਫ ਲੋੜ ਹੈ।

ਰੇਡੀਓ ਤੇ ਬਿਜਲੀ ਦੇ ਸਾਇੰਸਦਾਨਾਂ ਅਤੇ ਸੰਤਾਂ ਦੀ ਖੋਜ ਵਿਚ ਇਕ ਬੜਾ ਭਾਰਾ ਫਰਕ ਹੈ। ਸਾਇੰਸਦਾਨਾਂ ਨੇ ਵਾਹਿਗੁਰੂ ਦੇ ਕਾਨੂੰਨ ਦੀ ਪੂਰੀ ਤਾਬੇਦਾਰੀ ਕਰ ਕੇ ਨਤੀਜੇ ਤਾਂ ਪੂਰੇ ਹਾਸਲ ਕਰ ਲਏ, ਪਰ ਉਹਨਾਂ ਦੇ ਕੰਮਾਂ ਵਿਚ ਪੂਰਨਤਾ ਅਜੇ ਤਕ ਨਹੀਂ ਆਈ। ਗਲਤੀਆਂ ਦੇ ਹਾਦਸੇ ਹਰ ਰੋਜ਼ ਦੇਖਣ ਵਿਚ ਆਉਂਦੇ ਹਨ। ਇਸ ਦੀ ਵਜ੍ਹਾ ਇਹ ਹੈ ਕਿ ਸਾਇੰਸਦਾਨਾਂ ਨੇ ਵਾਹਿਗੁਰੂ ਨੂੰ ਬਿਲਕੁਲ ਭੁਲਾ ਦਿਤਾ ਹੈ ਤੇ ਵਾਹਿਗੁਰੂ ਦੇ ਕਾਨੂੰਨ ਨੂੰ ਹੀ ਸਭ ਕੁਝ ਸਮਝਿਆ ਹੈ। ਉਹਨਾਂ ਕੋਲ ਕਾਨੂੰਨ ਤੋਂ ਉਤੇ ਕੋਈ ਵਾਹਿਗੁਰੂ ਨਹੀਂ। ਇਸ ਦਾ ਨਤੀਜਾ ਇਹ ਹੈ ਕਿ ਉਨ੍ਹਾਂ ਦਾ ਵਾਹਿਗੁਰੂ ਨਾਲ ਮਾਲਕ ਤੇ ਨੌਕਰ ਦਾ ਸੰਬੰਧ ਹੈ। ਜਿਤਨਾ ਕੰਮ ਕੀਤਾ, ਉਤਨੀ ਉਸ ਦੀ ਮਜ਼ੂਰੀ ਲੈ ਲਈ। ਗਲਤੀ ਕੀਤੀ ਤਾਂ ਸਜ਼ਾ ਭੁਗਤ ਲਈ।

ਸੰਤਾਂ ਦੀ ਖੋਜ ਇਸ ਤੋਂ ਨਿਰਾਲੀ ਹੈ। ਉਨ੍ਹਾਂ ਨੇ ਵਾਹਿਗੁਰੂ ਦਾ ਪ੍ਰੇਮ ਦੇ ਰਸਤਿਆਂ ਵਿਚੋਂ ਪਾਇਆ ਹੈ। ਉਨ੍ਹਾਂ ਦੀ ਖੋਜ ਇਹ ਹੈ ਕਿ ਵਾਹਿਗੁਰੂ ਨਿਰਾ ਕਾਨੂੰਨ ਤੇ ਇੰਤਜ਼ਾਮ ਹੀ ਨਹੀਂ ਬਲਕਿ ਪ੍ਰੇਮ ਉਹਦਾ ਇਕ ਬੜਾ ਭਾਰਾ ਗੁਣ ਹੈ, ਇਸ ਵਾਸਤੇ ਸੰਤਾਂ ਦਾ ਸਬੰਧ ਵਾਹਿਗੁਰੂ ਨਾਲ ਪੁੱਤਰ ਤੇ ਪਿਤਾ-ਮਾਤਾ ਵਾਲਾ ਹੈ। ਪੁੱਤਰ ਵੀ ਕਾਨੂੰਨ ਤੇ ਇੰਤਜ਼ਾਮ ਤੋਂ ਬਾਹਰ ਨਹੀਂ ਜਾ ਸਕਦਾ ਪਰ ਪੁੱਤਰ ਹੋਣ ਕਰ ਕੇ ਵਾਹਿਗੁਰੂ ਦੇ ਕੁਲ ਗੁਣ ਤੇ ਸਹੂਲਤਾਂ ਵਿਰਸੇ ਵਿਚ ਲੈਂਦਾ ਹੈ ਤੇ ਪ੍ਰੇਮ ਵਿਚ ਗਲਤੀਆਂ ਦੀ ਮੁਆਫੀ ਹੁੰਦੀ ਹੈ। ਵਾਹਿਗੁਰੂ ਆਪ ਰਸਤੇ ਤੇ ਪਾ ਕੇ ਗਲਤੀ ਤੋਂ ਬਚਾ ਦੇਂਦਾ ਹੈ। ਕੰਮ-ਕਾਜ ਵਿਚ ਕੋਈ ਵਿਘਨ ਨਹੀਂ ਪੈਂਦਾ। ਪਿਤਾ ਦੇ ਪਿਆਰ ਦੀਆਂ ਕੁਲ ਬਖ਼ਸ਼ਸ਼ਾਂ ਸੰਤਾਂ ਨੂੰ ਹੁੰਦੀਆਂ ਹਨ ਤੇ ਸਾਇੰਸਦਾਨ ਇਸ ਤੋਂ ਵਾਂਝੇ ਰਹਿੰਦੇ ਹਨ। ਸੰਤਾਂ ਨੂੰ ਸਭ ਤੋਂ ਵੱਡੀ ਬਖ਼ਸ਼ਿਸ਼ ਫਿਰ ਵਾਹਿਗੁਰੂ ਨਾਲ ਏਕਤਾ ਦੀ ਹੁੰਦੀ ਹੈ।

ਪਿਆਰੇ ਪਾਠਕੋ ! ਤੁਸੀਂ ਹੁਣ ਕਿਹੜਾ ਰਸਤਾ ਮਲਣਾ ਜੇ ? ਕੀ ਤੁਸੀਂ ਪਸੰਦ ਕਰਦੇ ਹੋ ਕਿ ਵਾਹਿਗੁਰੂ ਨੂੰ ਭੁਲਾ ਕੇ ਦੁਨੀਆਂ ਦੀਆ ਲਹਿਰਾਂ ਦੇ ਥਪੇੜੇ ਖਾਂਦੇ ਹੋਏ ਇਕ ਬੇਚੈਨੀ ਦੀ ਜ਼ਿੰਦਗੀ ਗੁਜ਼ਾਰੋ ? ਬੀਮਾਰੀ, ਘਾਟੇ, ਥੁੜਾਂ, ਫਿਕਰ ਤੇ ਤਕਲੀਫਾਂ ਪਿਛਾ ਹੀ ਨਾ ਛੱਡਣ ? ਜਾਂ ਤੁਸੀਂ ਵਾਹਿਗੁਰੂ ਦੀ ਸ਼ਰਨ

ਆ ਕੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਅਨੁਸਾਰ ਆਪਣਾ ਜੀਵਨ ਬਣਾਓ ? ਜਿਥੇ ਪੱਕੇ ਯਕੀਨੀ ਤੌਰ ਤੇ ਪਾਪ, ਬੀਮਾਰੀ, ਮੌਤ, ਬੁਢ੍ਹ, ਬੇਚੈਨੀ ਆਦਿ ਵਿਘਨ ਕਦੀ ਸ਼ਕਲ ਹੀ ਨਾ ਦਿਖਾਣ। ਵਾਹਿਗੁਰੂ ਦੀ ਸ਼ਰਨ ਵਿਚ ਹਮੇਸ਼ਾ ਦੀ ਖੁਸ਼ੀ, ਚੈਨ, ਸਾਰੇ ਕੰਮ ਰਾਸ, ਸਦਾ ਦੀ ਸਿਹਤ, ਅਮਿੱਤਾ ਰਿਜ਼ਕ ਆਦਿ ਬਿਨਾਂ ਮੰਗਿਆਂ ਦੇ ਮਿਲਦੇ ਹਨ। ਤੁਸੀਂ ਆਪਣੀ ਪਸੰਦ ਕਰ ਕੇ ਚੁਣੋ, ਕਿਹੜਾ ਰਸਤਾ ਅਖ਼ਤਿਆਰ ਕਰਨਾ ਹੈ ?

ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੁ ਉਤਰੇ ਪਾਰਿ

ਅਸੀਂ ਗੁਰਦੁਆਰਿਆਂ ਵਿਚ ਹਰ ਰੋਜ਼ ਭੋਗ, ਪਾਉਣ ਲਗੇ ਇਹ ਸ਼ਬਦ ਸੁਣਦੇ ਹਾਂ ਤੇ ਸੰਗਤ ਦੇ ਨਾਲ ਮਿਲ ਕੇ ਬੋਲਦੇ ਵੀ ਹਾਂ, ਪਰ ਸ਼ਬਦ ਨੂੰ ਗੁਰਦੁਆਰੇ ਦੀਆਂ ਦਲੀਜ਼ਾਂ ਦੇ ਅੰਦਰ ਹੀ ਛੱਡ ਆਉਂਦੇ ਹਾਂ। ਕਦੀ ਵੀ ਆਪਣੇ ਨਾਲ ਨਹੀਂ ਲਿਆਂਦਾ ਤੇ ਨਾ ਕਦੀ ਸੋਚਿਆ ਹੈ ਕਿ ਜੋ ਸੁਨੇਹਾ ਹਰ ਰੋਜ਼ ਹੀ ਮਿਲਦਾ ਹੈ ਇਹ ਕੀ ਹੈ ? ਇਕ ਸੱਚਾ ਬਚਨ ਤੇ ਸੱਚਾ ਵਾਇਦਾ ਹੈ ਕਿ ਐਵੇਂ ਦਿਲ ਨੂੰ ਤਸੱਲੀ ਦੇਣ ਵਾਸਤੇ ਕਿਹਾ ਜਾਂਦਾ ਹੈ। ਅਸੀਂ ਇਸ ਸ਼ਬਦ ਨਾਲ ਹੀ ਇਹ ਬੇਪ੍ਰਵਾਹੀ ਨਹੀਂ ਕਰਦੇ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ ਸ਼ਬਦਾਂ ਨਾਲ ਹੀ ਇਸੇ ਤਰ੍ਹਾਂ ਦੀ ਅਲਗਰਜ਼ੀ ਕਰਦੇ ਹਾਂ। ਅਸੀਂ ਸ਼ਬਦਾਂ ਨੂੰ ਨਿਰਾ ਸੁਣਨਾ ਜਾਂ ਪੜ੍ਹਨਾ ਹੀ ਆਪਣਾ ਸਿੱਖੀ ਧਰਮ ਸਮਝਦੇ ਹਾਂ, ਇਸ ਤੋਂ ਉਪਰ ਨਹੀਂ ਜਾਂਦੇ। ਜਦ ਕਦੀ ਕੋਈ ਔਕੜ ਆਣ ਬਣਦੀ ਹੈ ਤਾਂ ਮੂੰਹ ਉੱਚਾ ਕਰ ਕੇ, ਹੱਥ ਜੋੜ ਕੇ ਵਾਹਿਗੁਰੂ ਤੋਂ ਮਦਦ ਵਾਸਤੇ ਅਰਦਾਸ ਕਰਦੇ ਹਾਂ ਤੇ ਜੇ ਅਰਦਾਸ ਦਾ ਨਤੀਜਾ ਮਤਲਬ ਦਾ ਨਹੀਂ ਨਿਕਲਦਾ, ਤਦ ਨਿਰਾਸ ਹੋ ਕੇ ਸ਼ਬਦਾਂ ਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਰੋਸਾ ਢਿੱਲਾ ਕਰਨਾ ਸ਼ੁਰੂ ਕਰ ਦੇਂਦੇ ਹਾਂ। ਇਹ ਸਾਡਾ ਆਮ ਤੌਰ ਤੇ ਹਾਲ ਹੈ।

ਪਿਆਰੇ ਗੁਰਸਿਖੋ ! ਜ਼ਰਾ ਮਨ ਵਿਚ ਵਿਚਾਰ ਤਾਂ ਕਰੋ ਕਿ ਕੀ ਗੁਰੂ ਮਹਾਰਾਜ ਨੂੰ ਖ਼ੁਸ਼ ਕਰਨ ਵਾਸਤੇ ਸਾਡੇ ਉਪਰਲੇ ਤਰੀਕੇ ਕਾਫ਼ੀ ਹੋ ਸਕਦੇ ਹਨ ? ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲਾਂ ਵਿਚ ਲਪੇਟੀਏ, ਕੜਾਹ ਪ੍ਰਸ਼ਾਦ ਦਾ ਭੋਗ ਲਵਾਈਏ, ਨਿਮਰਤਾਈ ਤੇ ਅਦਬ ਨਾਲ ਮੱਥਾ ਟੇਕੀਏ, ਪਰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿਣ, ਉਹ ਨਾ ਸੁਣੀਏ, ਨਾ ਹੀ ਉਸ ਤੇ ਅਮਲ ਕਰੀਏ ਅਤੇ ਫਿਰ ਕਹੀਏ ਕਿ ਅਸੀਂ ਪੂਰੇ ਗੁਰਸਿੱਖ ਹਾਂ, ਕਿਉਂਕਿ ਪਾਠ ਰੋਜ਼ ਕਰਦੇ ਹਾਂ, ਕੀ ਇਹ ਕਾਫ਼ੀ ਹੋ ਸਕਦਾ ਹੈ ? ਕੀ ਇਸਤਰ੍ਹਾਂ ਅਸੀਂ ਵਾਹਿਗੁਰੂ ਦੀਆਂ ਮਿਹਰਾਂ ਲੈਣ ਦੇ ਹੱਕਦਾਰ ਹੋ ਗਏ ਹਾਂ ? ਜ਼ਰਾ ਸੋਚੋ ਤੁਹਾਡਾ ਮਨ ਕੀ ਜਵਾਬ ਦੇਂਦਾ ਹੈ ?

ਔਕੜਾਂ ਦੇ ਵੇਲੇ ਜੇ ਵਾਹਿਗੁਰੂ ਵਲ ਮਦਦ ਵਾਸਤੇ ਤਕੀਏ ਤਾਂ ਕੀ ਉਮੀਦ ਹੋ ਸਕਦੀ ਹੈ ?

ਇਕ ਪੁੱਤਰ ਸਵੇਰੇ ਉਠ ਕੇ ਮਾਤਾ-ਪਿਤਾ ਦੇ ਚਰਨਾਂ ਤੇ ਸੀਸ ਨਿਵਾ ਕੇ ਮੱਥਾ ਟੇਕ ਜਾਂਦਾ ਹੈ ਪਰ ਮਾਤਾ-ਪਿਤਾ ਦੇ ਦਸੇ ਹੋਏ ਕੰਮਾਂ ਤੇ ਹੁਕਮਾਂ ਵਲ ਖ਼ਿਆਲ ਨਹੀਂ ਕਰਦਾ। ਆਪਣੀ ਮਨਮਾਨੀ ਕਰਦਾ ਹੈ। ਦੂਜਾ ਪੁੱਤਰ ਸਵੇਰੇ ਉਠ ਕੇ ਮਾਤਾ-ਪਿਤਾ ਦਾ ਅਦਬ ਭੀ ਕਰਦਾ ਹੈ ਤੇ ਸਾਰੇ ਦਿਨ ਦੇ ਕੰਮ ਸੁਣ ਕੇ ਸ਼ਾਮ ਨੂੰ ਪੂਰੇ ਕਰ ਕੇ ਰੀਪੋਰਟ ਸੁਣਾਂਦਾ ਹੈ। ਇਹਨਾਂ ਦੋਹਾਂ ਵਿਚੋਂ ਮਾਪਿਆਂ ਨੂੰ ਪਿਆਰਾ ਕੌਣ ਹੋ ਸਕਦਾ ਹੈ ? ਪੁੱਤਰ ਤੇ ਕਪੁੱਤਰ ਦਾ ਦਰਜਾ ਕਿਸ ਨੂੰ ਮਿਲੇਗਾ ? ਤੁਸੀਂ ਹੀ ਸੋਚ ਲਵੋ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਤੇ ਅਦਬ ਕਰਨਾ, ਮਰਯਾਦਾ ਪੂਰੀ ਕਰਨੀ ਵੀ ਫਲ ਦੇਂਦੀ ਹੈ ਪਰ ਜੇ ਚਾਹੁੰਦੇ ਹੋ ਕਿ ਵਾਹਿਗੁਰੂ ਅਗੇ ਸਾਡੀ ਅਰਦਾਸ ਖ਼ਾਲੀ ਨਾ ਜਾਵੇ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਹੋਏ ਹੁਕਮ (ਕਾਨੂੰਨ, ਨਿਯਮ) ਦੀ ਪੂਰੀ ਤਾਬੇਦਾਰੀ ਕਰੋ। ਪਾਠ ਕਰਨਾ ਪਹਿਲੀ ਮੰਜ਼ਿਲ ਹੈ, ਆਖ਼ਰੀ ਮੰਜ਼ਿਲ ਨਹੀਂ, ਇਸ ਵਾਸਤੇ ਇਸ ਤੋਂ ਅਗੇ ਚਲਣਾ ਉਚਿਤ ਹੈ।

ਸਾਨੂੰ ਜ਼ਰੂਰੀ ਹੈ ਕਿ ਸ਼ਬਦਾਂ ਤੇ ਵਿਚਾਰ ਕਰੀਏ, ਅਮਲ ਕਰੀਏ ਤੇ ਸ਼ਬਦ ਵਿਚ ਵਾਇਦਾ ਕੀਤਾ ਹੋਇਆ ਫਲ ਪਾਈਏ। ਉਪਰਲੇ ਸ਼ਬਦ ਵਿਚ 'ਵਾਹਿਗੁਰੂ ਨਾਮ ਜਹਾਜ਼' ਕਿਹੜਾ ਹੈ ? ਕਿਥੇ ਹੈ ? ਕਿਵੇਂ ਇਸ ਦੇ ਵਿਚ ਚੜ੍ਹੀਏ ਤੇ ਕਿਸ ਦਰਿਆ ਜਾਂ ਸਮੁੰਦਰ ਦੇ ਪਾਰ ਜਾਈਏ ?

ਇਹ ਮਾਇਆ ਦੀ ਦੁਨੀਆਂ, ਜਿਸ ਵਿਚ ਅਸੀਂ ਵਸ ਰਹੇ ਹਾਂ, ਨਿਰਾ ਤਕਲੀਫ਼ਾਂ ਦਾ ਹੀ ਘਰ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਨੂੰ ਅਗਨ ਸਾਗਰ ਯਾਨੀ ਅੱਗ ਦਾ ਸਮੁੰਦਰ ਕਿਹਾ ਗਿਆ ਹੈ। ਅਸੀਂ ਸਾਰੇ ਇਸ ਦੀਆਂ ਤਕਲੀਫ਼ਾਂ ਦੀ ਅਗਨ ਵਿਚ ਜਲ ਰਹੇ ਹਾਂ ਤੇ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਸ਼ਬਦ ਹੀ ਇਸ ਸਾਗਰ ਨੂੰ ਸੌਖੇ ਪਾਰ ਲੰਘਣ ਦਾ ਤਰੀਕਾ ਦਸ ਰਿਹਾ ਹੈ।

ਇਸ ਜਹਾਜ਼ ਵਿਚ ਚੜ੍ਹਨ ਵਾਲੇ ਨੂੰ ਪਹਿਲਾਂ ਵਾਹਿਗੁਰੂ, ਜਿਸ ਨੂੰ ਅਸੀਂ ਹਮੇਸ਼ਾਂ ਕੋਈ ਦੂਰ ਦੀ ਚੀਜ਼ ਜਾਂ ਗੈਰ-ਹਾਜ਼ਰ ਸਮਝਦੇ ਹਾਂ, ਉਸ ਨੂੰ ਸਰਬ-ਵਿਆਪੀ ਦੇਖਣ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਘਟਿ ਘਟਿ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ।

(ਗੁਰੂ ਅਰਜਨ ਦੇਵ ਜੀ)

ਜਿਤਨਾ-ਜਿਤਨਾ ਅਸੀਂ ਅਭਿਆਸ ਕਰ ਕੇ ਵਾਹਿਗੁਰੂ ਨੂੰ ਹਰ ਚੀਜ਼ ਵਿਚ ਤੇ ਹਰ ਵੇਲੇ ਮੌਜੂਦ ਦੇਖਾਂਗੇ, ਉਤਨਾ-ਉਤਨਾ ਹੀ ਮਾਇਆ ਦੇ ਦੁਖਾਂ ਦਾ ਨਾਸ

ਹੋਵੇਗਾ ਤੇ ਚੈਨ, ਅਨੰਦ ਤੇ ਸੁਖ ਪੈਦਾ ਹੋਵੇਗਾ। ਮਾਇਆ (ਹਨੇਰਾ) ਵਾਹਿਗੁਰੂ ਦੀ ਗੈਰ-ਹਾਜ਼ਰੀ ਦਾ ਨਾਮ ਹੈ। ਜਦ ਅਸੀਂ ਵਾਹਿਗੁਰੂ ਨੂੰ ਹਾਜ਼ਰ ਦੇਖੀਏ ਤਾਂ ਜ਼ਰੂਰੀ ਹੈ ਕਿ ਗੈਰ-ਹਾਜ਼ਰੀ ਖ਼ੁਦ-ਬਖ਼ੁਦ ਬਿਨਾਂ ਕਿਸੇ ਯਤਨ ਦੇ ਅਲੋਪ ਹੋ ਜਾਵੇ। ਵਾਹਿਗੁਰੂ ਦੇ ਨੂਰ ਦੇ ਹੜ੍ਹ ਅਗੇ ਹਨੇਰਾ ਕਿਸ ਤਰ੍ਹਾਂ ਠਹਿਰ ਸਕਦਾ ਹੈ ? ਚਾਨਣ ਆਇਆ ਤੇ ਹਨੇਰਾ ਫੌਰਨ ਗਾਇਬ ਹੋ ਗਿਆ। ਸਾਨੂੰ ਮਾਇਆ ਜਾਂ ਹਨੇਰੇ ਨੂੰ ਹਟਾਣ ਵਾਸਤੇ ਜਤਨ ਨਹੀਂ ਕਰਨਾ ਪਵੇਗਾ ਤੇ ਇਹ ਆਪਣੀਆਂ ਕੁਲ ਤਕਲੀਫਾਂ (ਪਾਪ, ਬੀਮਾਰੀ, ਮੌਤ, ਥੁੜ, ਬੇਚੈਨੀ, ਹਾਦਸੇ ਆਦਿ) ਸਮੇਤ ਖ਼ੁਦ ਹੀ ਅਲੋਪ ਹੋ ਜਾਵੇਗਾ। ਅਸਾਂ ਕੋਸ਼ਿਸ਼ ਇਹ ਕਰਨੀ ਹੈ ਕਿ ਵਾਹਿਗੁਰੂ ਨੂੰ ਹਾਜ਼ਰ ਦੇਖੀਏ। ਵਾਹਿਗੁਰੂ ਨੂੰ ਵੀ ਅਸਾਂ ਕੋਸ਼ਿਸ਼ ਨਾਲ ਹਾਜ਼ਰ ਨਹੀਂ ਕਰਨਾ, ਬਲਕਿ ਜਿਹੜੀ ਭੁਲ ਹੈ ਕਿ ਹਾਜ਼ਰ ਨੂੰ ਗੈਰ-ਹਾਜ਼ਰ ਦੇਖਦੇ ਹਾਂ, ਇਹ ਭੁਲ ਦੂਰ ਕਰਨੀ ਹੈ।

ਜਦ ਸਾਨੂੰ ਮਾਇਆ ਦੀ ਥਾਂ ਵਾਹਿਗੁਰੂ ਹਰ ਜਗ੍ਹਾ ਤੇ ਹਰ ਵੇਲੇ ਭਾਸਣ ਲਗ ਜਾਵੇਗਾ ਤਾਂ ਸਾਨੂੰ ਮਾਇਆ ਦੀਆਂ ਡਰਾਉਣੀਆਂ ਤਸਵੀਰਾਂ ਦੀ ਥਾਂ ਤੇ ਵਾਹਿਗੁਰੂ ਦੀ ਹਾਜ਼ਰੀ ਵਾਲੇ ਖ਼ੁਸ਼ਗਵਾਰ ਨਜ਼ਾਰੇ ਦਿਸਣਗੇ। ਪਾਪ ਦਾ ਸਤਿਆਨਾਸ, ਬੀਮਾਰੀ ਤੇ ਪਾਪ ਹੈ ਹੀ ਨਹੀਂ। ਪੂਰੀ ਸਿਹਤ, ਹਮੇਸ਼ਾਂ ਦੀ ਜ਼ਿੰਦਗੀ, ਹਰ ਚੀਜ਼ ਲੋੜ ਦੀ ਅਮਿਤੀ, ਸਭ ਪਾਸੇ ਪ੍ਰੇਮ, ਅਨੰਦ, ਚੈਨ, ਕੁਲ ਕੰਮ ਸੌਰੇ ਹੋਏ—ਇਹ ਹਾਲਤ ਨਜ਼ਰ ਆਉਣੀ ਜ਼ਰੂਰੀ ਹੈ।


ਇਸ ਮਾਇਆ ਦੇ ਅਗਨ ਸਾਗਰ ਨੂੰ ਪਾਰ ਲੰਘਣ ਦਾ ਇਸ ਤੋਂ ਸੌਖਾ ਤੇ ਪੱਕਾ ਰਸਤਾ ਹੋਰ ਕੀ ਹੋ ਸਕਦਾ ਹੈ ? ਗੁਰੂ ਮਹਾਰਾਜ ਨੇ ਇਹ ਸੌਖਾ ਰਸਤਾ ਦਸਿਆ ਹੈ। ਅਸੀਂ ਇਸ ਤੇ ਚਲੀਏ ਤੇ ਲਾਭ ਉਠਾਈਏ। ਜੇ ਨਾ ਚਲਾਂਗੇ ਤਾਂ ਦੁਨੀਆਂ ਦੀਆਂ ਤਕਲੀਫਾਂ ਵਿਚ ਗੋਤੇ ਖਾਂਦੇ ਰਹਾਂਗੇ।

'ਵਾਹਿਗੁਰੂ ਨਾਮ ਜਹਾਜ਼' ਵਿਚ ਚੜ੍ਹਨ ਵਾਸਤੇ ਕਿਸੇ ਜਗ੍ਹਾ ਦੀ ਤਬਦੀਲੀ ਦੀ ਲੋੜ ਨਹੀਂ। ਸਿਰਫ ਮਨ ਦੀ ਤਬਦੀਲੀ ਦੀ ਲੋੜ ਹੈ। ਵਾਹਿਗੁਰੂ ਨੂੰ ਹਰ ਵੇਲੇ ਕੋਲ ਦੇਖਣਾ ਤੇ ਆਪਣੇ ਆਪ ਨੂੰ ਉਸ ਦੀ ਜੋਤ ਦੇਖਣਾ, ਕਿਉਂਕਿ 'ਵਾਹਿਗੁਰੂ ਨਾਮ ਜਹਾਜ਼' ਵਿਚ ਚੜ੍ਹਨਾ ਹੈ। ਸਰੀਰ ਉਥੇ ਨਹੀਂ ਦਿਸੇਗਾ, ਵਾਹਿਗੁਰੂ ਤੇ ਉਸ ਦੀਆਂ ਜੋਤਾਂ ਦਿਸਣਗੀਆਂ। ਆਪਣੇ ਸਰੀਰ ਤੋਂ ਅਲਹਿਦਾ ਤੇ ਉਚਾ ਵਾਹਿਗੁਰੂ ਨਾਲ ਜੋਤ ਦੇ ਜ਼ਰੀਏ ਮਿਲਿਆ ਹੋਇਆ ਆਪਣੇ ਆਪ ਨੂੰ ਦੇਖਣਾ 'ਵਾਹਿਗੁਰੂ ਨਾਮ ਜਹਾਜ਼' ਵਿਚ ਚੜ੍ਹਨਾ ਹੈ। ਸੋ ਇਸ ਨਜ਼ਾਰੇ ਨੂੰ ਬਾਰ-ਬਾਰ ਮਨ ਅਗੇ ਲਿਆਉਣਾ ਸਿਮਰਨ ਹੈ। ਇਸ ਨਜ਼ਾਰੇ ਵਿਚ ਬੈਠ ਕੇ ਕੁਲ ਦੁਨੀਆਂ ਦੇ ਕੰਮ ਕਰਨ ਦਾ ਮਤਲਬ ਦੁਨੀਆਂ ਨੂੰ ਜਹਾਜ਼ ਵਿਚ ਬੈਠ ਕੇ ਲੰਘਣਾ ਹੈ। ਜਾਂ ਇਸ

ਤਰ੍ਹਾਂ ਕਹੋ ਕਿ ਵਾਹਿਗੁਰੂ ਨੂੰ ਜੋਤ ਦੇ ਜ਼ਰੀਏ ਆਪਣੇ ਆਪ ਵਿਚ ਪ੍ਰਗਟ ਹੋਇਆ ਦੇਖ ਕੇ ਜੋਤ ਨੂੰ ਕੁਲ ਕੰਮ ਕਰਦਾ ਦੇਖੀਏ ਤਾਂ ਅਸੀਂ ਜ਼ਹਾਜ ਵਿਚ ਬੈਠ ਕੇ ਦੁਨੀਆਂ ਨੂੰ ਲੰਘ ਰਹੇ ਹਾਂ। ਹਰ ਕੰਮ ਦਾ ਰਾਸ ਹੋਣਾ, ਮਹਾਂ-ਅਨੰਦ ਆਉਣਾ, ਪੂਰੀ ਸਿਹਤ ਹੋਣੀ, ਹਰ ਜ਼ਰੂਰਤ ਦੀ ਚੀਜ਼ ਅਮਿਤੀ ਮਿਲਣੀ, ਸਭ ਪਾਸੇ ਸੁਖ ਤੇ ਚੈਨ ਦਿਸਣਾ—ਇਹ ਇਸ ਅਵਸਥਾ ਦੀਆਂ ਨਿਸ਼ਾਨੀਆਂ ਹਨ ਜੋ ਦਸਦੀਆਂ ਹਨ ਕਿ ਮਨੁੱਖ ਠੀਕ ਰਸਤੇ ਤੇ ਚਲ ਰਿਹਾ ਹੈ। ਇਹ ਨਿਸ਼ਾਨੀਆਂ ਪੈਦਾ ਹੋਣੀਆਂ ਜ਼ਰੂਰੀ ਹਨ। ਯਤਨ ਤੋਂ ਬਿਨਾਂ ਪੈਦਾ ਹੁੰਦੀਆਂ ਹਨ। ਜਹਾਜ਼ ਵਿਚੋਂ ਉਤਰਨਾ ਮਨ੍ਹਾ ਹੈ ਤੇ ਇਹਦੇ ਵਿਚ ਬੈਠ ਕੇ ਤੇ ਨਿਡਰ ਹੋ ਕੇ ਦੁਨੀਆਂ ਵਿਚੋਂ ਲੰਘੋ। ਦੁਨੀਆਂ ਦੀਆਂ ਖ਼ਰਾਬੀਆਂ ਤੁਹਾਡੇ ਤੇ ਅਸਰ ਨਹੀਂ ਕਰਨਗੀਆਂ, ਕਿਉਂਕਿ ਤੁਸੀਂ ਜਹਾਜ਼ ਵਿਚ ਹੋ।

ਪਾਪ ਨਾ ਕਰੋ। ਵਾਹਿਗੁਰੂ ਨੂੰ ਹਰ ਚੀਜ਼ ਵਿਚ ਦੇਖੋ ਤੇ ਹਰ ਚੀਜ਼ ਵਿਚ ਵਾਹਿਗੁਰੂ ਨੂੰ ਦੇਖੋ। ਕੁਲ ਦਾਤਾਂ ਦਾ ਮਾਲਕ ਉਹੀ ਹੈ। ਲੋਕਾਂ ਨਾਲ ਉਹੀ ਸਲੂਕ ਕਰੋ ਜੋ ਤੁਸੀਂ ਚਾਹੁੰਦੇ ਹੋ ਕਿ ਲੋਕ ਤੁਹਾਡੇ ਨਾਲ ਕਰਨ।

●



ਭਾਈ ਸਾਹਿਬ ਭਾਈ ਰਘਬੀਰ ਸਿੰਘ ਜੀ 'ਬੀਰ' ਦੇ ਪਿਤਾ ਭਾਈ ਲਹਿਣਾ ਸਿੰਘ ਜੀ ਨੂੰ ਆਤਮਿਕ ਸ਼ੌਕ ਆਪਣੇ ਸ਼ਰੀਰ ਦੇ ਜੋੜਾਂ ਦੀਆਂ ਦਰਦਾਂ (ਗੰਠੀਆਂ) ਕਾਰਨ ਲੱਗਾ। ਜੋ ਗੁਰਮੁਖ, ਗੁਰਸ਼ਬਦ ਦੀ ਕਮਾਈ ਕਰਕੇ ਜੀਵਨ ਮੁਕਤ ਹੋਇਆ ਹੋਵੇ, ਉਸਦੀ ਕਥਨੀ ਦਾ ਅਸਰ ਕੁਝ ਨਿਰਾਲਾ ਹੀ ਹੁੰਦਾ ਹੈ। ਭਾਈ ਲਹਿਣਾ ਸਿੰਘ ਜੀ ਦੀ ਲਿਖਤ ਦੇ ਗਹਿਰੇ ਪ੍ਰਭਾਵ ਦਾ ਕਾਰਨ ਉਨ੍ਹਾਂ ਦੀ ਨਿਜੀ ਉਚੀ ਆਤਮਕ ਅਵਸਥਾ ਹੀ ਸੀ। ਭਾਈ ਸਾਹਿਬ ਨੇ ਆਤਮ ਸਾਇੰਸ ਲਹਿਰ ਦਾ ਪਰਚਾਰ ਬਹੁਤ ਹੀ ਸਰਲ ਤੇ ਪ੍ਰਭਾਵਕ ਢੰਗ ਨਾਲ ਕੀਤਾ। ਆਪ ਜੀ ਨੇ 13 ਜੂਨ 1959 ਵਾਲੇ ਦਿਨ ਕਪੂਰਥਲੇ ਵਿਖੇ ਆਪਣਾ ਪੰਜ ਭੂਤਕ ਸਰੀਰ ਉਸੇ ਤਰ੍ਹਾਂ ਖੁਸ਼ੀ ਨਾਲ ਤਿਆਗਿਆ ਜਿਵੇਂ ਪੁਰਾਣੇ ਕਪੜੇ ਨੂੰ ਬੇਲੋੜਾ ਸਮਝ ਕੇ ਖੁਸ਼ੀ ਨਾਲ ਤਿਆਗਿਆ ਜਾਂਦਾ ਹੈ।

ਜਿਸ ਨੂੰ ਨਾਮ ਦਾ ਆਧਾਰ ਹੋਵੇ ਉਸ ਵਿੱਚ ਨਾਮੀ (ਵਾਹਿਗੁਰੂ) ਦੀ ਸ਼ਕਤੀ ਆ ਜਾਂਦੀ ਹੈ-- ਉਹ ਸਦਾ 25 ਸਾਲ ਦੀ ਉਮਰ ਦੀ ਜਵਾਨੀ ਵਾਲੀ ਸ਼ਕਤੀ ਰਖੇਗਾ, ਕਦੀ ਬੁਢਾ ਨਹੀਂ ਹੋਏਗਾ ਅਤੇ ਕਦੀ ਨਹੀਂ ਮਰੇਗਾ। ਸਰੀਰ ਤਿਆਗੇਗਾ ਪਰ ਆਪ ਨਹੀਂ ਮਰੇਗਾ, ਜਿਉਂ ਕਾ ਤਿਉਂ ਸਾਹਿਬ ਨਾਲ ਮਿਲੇਗਾ। (ਪੰਨਾ 8)

ਮਨ ਵਿੱਚ ਵਾਹਿਗੁਰੂ ਵਸਾਣ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਸਮਝ ਕੇ ਪਾਠ ਕਰਨਾ ਤੇ ਉਥੇ ਦਸੇ ਹੋਏ ਅਸੂਲਾਂ ਅਤੇ ਹੁਕਮਾਂ ਦੀ ਤਾਬੇਦਾਰੀ ਕਰਨੀ ਜ਼ਰੂਰੀ ਹੈ। ਵਾਹਿਗੁਰੂ ਨੂੰ ਹਰ ਵੇਲੇ ਤੇ ਹਰ ਕੰਮ ਵਿੱਚ ਚੇਤੇ ਰਖਣਾ ਗ੍ਰਿਹਸਤੀ ਦਾ ਸਿਮਰਨ ਹੈ।

(ਪੰਨਾ 159)

ਕੁਝ ਅਭਿਆਸ ਕਰਨ ਦੇ ਬਾਅਦ ਮਨੁੱਖ ਨੂੰ ਪਤਾ ਲਗ ਜਾਵੇਗਾ ਕਿ ਉਸਦੀ ਸਾਰੀ ਅਕਲ, ਹਿੰਮਤ, ਸੋਚ ਵਾਹਿਗੁਰੂ ਦੀ ਹੈ। ਜਦ ਇਹ ਅਵਸਥਾ ਹੋ ਜਾਵੇਗੀ ਤਾਂ ਫਿਰ ਇਸ ਅਵਸਥਾ ਵਿੱਚ ਬੈਠਿਆਂ ਕੁਲ ਕੰਮ ਰਾਸ ਹੋਣਗੇ। (ਪੰਨਾ 176)

ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065